ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਮੁਕਤੀ ਦਾਤਾ

ਲਖਵਿੰਦਰ ਸਿੰਘ ਬਾਜਵਾ



. Sri Satguru Jagjit Singh Ji eLibrary NamdhariElibrary@gmail.com .

. Sri Satguru Jagjit Singh Ji eLibrary NamdhariElibrary@gmail.com .

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

https://archive.org/details/namdhari

# ਮੁਕਤੀ ਦਾਤਾ

ਲੇਖਕ :

ਲਖਵਿੰਦਰ ਸਿੰਘ ਬਾਜਵਾ

ਪਿੰਡ ਤੇ ਡਾਕ. ਜਗਜੀਤ ਨਗਰ (ਹਰੀਪੁਰਾ)

ਸਿਰਸਾ (ਹਰਿਆਣਾ)-੧੨੫੦੭੫

ਸੰਪਰਕ : ੦੯੪੧੬੭੩੪੫੦੬, ੦੭੦੮੨੦੬੩੫੮੧, ੦੧੬੯੮-੨੭੪੦੫੭



Sri Satguru Jagjit Singh Ji eLibrary NamdhariElibrary@gmail.com

**ਲੇਖਕ ਦੀਆਂ ਹੋਰ ਪੁਸਤਕਾਂ :**

੧. ਦੁਨੀਆਂ ਜੀਹਦਾ ਪੀਠਾ ਖਾਂਦੀ (ਗ਼ਜ਼ਲ ਸੰਗ੍ਰਹਿ)

੨. ਸੁਗੰਧ ਲੋਚਦੀ ਸਮੀਰ (ਕਾਵਿ ਸੰਗ੍ਰਹਿ) (ਹ. ਪੰ. ਸਾ. ਅਕਾਦਮੀ ਦੁਆਰਾ ਪੁਰਸਕ੍ਰਿਤ)

੩. ਰੁੱਤਾਂ ਦਾ ਸਿਰਨਾਵਾਂ (ਕਾਵਿ ਸੰਗ੍ਰਹਿ)

੪. ਦੁਰਗਾ (ਕਹਾਣੀ ਸੰਗ੍ਰਹਿ)

੫. ਕੈਸੀ ਕੂੰਜ ਉਡਾਰੀ (ਮਹਾਂ ਕਾਵਿ)

੬. ਸੁਹਾਣੇ ਸਫ਼ਰ (ਸਫ਼ਰਨਾਮਾ)

੭. ਮਰੂਏ ਦੀ ਖੁਸ਼ਬੂ (ਗੀਤ ਸੰਗ੍ਰਹਿ)

੮. ਬਿਜੜੇ ਦਾ ਆਹਲਣਾ (ਕਹਾਣੀ ਸੰਗ੍ਰਹਿ)

੯. ਦਰਿਆ ਬਨਾਮ ਸਮੁੰਦਰ (ਕਾਵਿ ਸੰਗ੍ਰਹਿ)

੧੦. ਟੱਪਿਆਂ ਦੇ ਟਾਪੂ (ਟੱਪਾ ਸੰਗ੍ਰਹਿ)

੧੧. ਸਾਚਾ ਸਾਹਿਬ (ਪ੍ਰਬੰਧ ਕਾਵਿ)

੧੨. ਪੀਰ ਬਤੰਗੜ (ਹਾਸ ਵਿਅੰਗ ਲਘੂ ਨਾਟਕ)

੧੩. ਕੈਦੋਂ (ਮਹਾਂ ਕਾਵਿ)

੧੪. ਨਿੱਕੀ ਗੱਲ ਵੱਡਾ ਅਰਥ – (ਮਿੰਨੀ ਕਹਾਣੀ ਸੰਗ੍ਰਹਿ)

੧੫. ਕਲਮਾਂ ਦਾ ਕਾਫਲਾ –ਸੰਪਾਦਿਤ (ਕਾਵਿ ਸੰਗ੍ਰਹਿ)

੧੬. ਬਿੰਦਾਸ (ਕਾਵਿ ਸੰਗ੍ਰਹਿ) ਅਨੁਵਾਦ

ਮਰਾਠੀ ਲੇਖਕ ਬਲ ਭੀਮ ਰਾਜ ਗੋਰੇ ਦੀ ਹਿੰਦੀ ਪੁਸਤਕ ਦਾ ਪੰਜਾਬੀ ਅਨੁਵਾਦ।



. Sri Satguru Jagjit Singh Ji eLibrary NamdhariElibrary@gmail.com .

# ਕੂਕਾ ਸੰਗਰਾਮ ਬਾਰੇ ਮਹਾਂ-ਕਾਵਿ

ਨਾਮਧਾਰੀ ਸੰਤ ਖਾਲਸਾ ਦੇ ਸੰਸਥਾਪਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਯੁੱਗ ਦੀ ਇੱਕ ਅਦੁੱਤੀ ਸ਼ਖਸੀਅਤ ਹੋਏ ਹਨ। ਉਹਨਾਂ ਨੇ ਭਾਰਤ ਭੂਮੀ ਦੀ ਅੰਗਰੇਜ਼ ਬਸਤੀਵਾਦੀਆਂ ਤੋਂ ਬੰਦ ਖਲਾਸੀ ਦਾ ਮੁੱਢ ਵੀ ਬੰਨ੍ਹਿਆਂ ਅਤੇ ਗੁਰੂ ਸਾਹਿਬਾਨ ਦੀ ਅਲੋਪ ਹੋ ਰਹੀ ਸਿੱਖ ਜੀਵਨ ਜਾਚ ਨੂੰ ਵੀ ਮੁੜ ਸੁਰਜੀਤ ਕੀਤਾ। ਆਪ ਦੁਆਰਾ ਚਲਾਇਆ ਕੂਕਾ ਅੰਦੋਲਨ ਇਤਨਾ ਵਿਆਪਕ ਸੀ ਕਿ ਇਸ ਨੇ ਨਾ ਸਿਰਫ ਸਮੁੱਚੇ ਪੰਜਾਬ ਨੂੰ ਆਪਣੇ ਕਲੇਵਰ ਵਿੱਚ ਲਿਆ ਸਗੋਂ ਆਂਢ-ਗੁਆਂਢ ਦੀਆਂ ਦੇਸੀ ਰਿਆਸਤਾਂ ਵਿੱਚ ਵੀ ਕੂਕਾ ਸਰਗਰਮੀਆਂ ਜੋਰ ਫੜ ਗਈਆਂ। ਭਾਰਤ ਦੀਆਂ ਦੁਰੇਡੀਆਂ ਰਿਆਸਤਾਂ ਅਤੇ ਗੁਆਂਢੀ ਮੁਲਕਾਂ ਤੱਕ ਵੀ ਆਪ ਦਾ ਪਰਚਾਰ ਪੁੱਜਿਆ। ਵਿਦੇਸ਼ੀ ਸ਼ਕਤੀਆਂ ਆਪ ਨੂੰ ਭਾਰਤ ਦੇ ਭਾਵੀ ਮੁਕਤੀ ਦਾਤਾ ਦੇ ਰੂਪ ਵਿੱਚ ਵੇਖ ਕੇ ਆਪ ਨਾਲ, ਆਪ ਦੇ ਮਿਸ਼ਨ ਨਾਲ, ਸੰਬੰਧ ਸਥਾਪਿਤ ਕਰਨ ਨੂੰ ਧੰਨ ਭਾਗ ਸਮਝਦੀਆਂ ਸਨ। ਪੰਜਾਬ ਵਿੱਚ ਆਪ ਨੂੰ ੧੪-੧੫ ਸਾਲ ਹੀ ਵਿਚਰਨ ਦਾ ਅਵਸਰ ਮਿਲਿਆ, ਨਾਮਧਾਰੀ ਪੰਥ ਸਾਜਣ ਮਗਰੋਂ, ਇਸ ਵਿੱਚੋਂ ਵੀ ੩-੪ ਸਾਲ ਭੈਣੀ ਸਾਹਿਬ ਨਜ਼ਰਬੰਦ ਰਹੇ। ਪਰ ਇਤਨੇ ਅਰਸੇ ਵਿੱਚ ਪੰਜਾਬ ਦੇ ਕੂਕਿਆਂ ਦੀ ਗਿਣਤੀ, ਸਰਕਾਰੀ ਅੰਦਾਜ਼ੇ ਮੁਤਾਬਿਕ ਤਿੰਨ ਲੱਖ ਨੂੰ ਪੁੱਜ ਗਈ। ਗਿਆਨੀ ਗਿਆਨ ਸਿੰਘ ਸੱਤ ਲੱਖ ਦੀ ਗਿਣਤੀ ਦੱਸਦੇ ਹਨ। ਕੁਝ ਵੀ ਹੋਵੇ ਪੰਜਾਬ ਦੀ ਸਿੱਖ ਵੱਸੋਂ ਦਾ ਵੱਡਾ ਭਾਗ ਆਪ ਦੇ ਕਾਜ਼ ਨਾਲ ਹਮਦਰਦੀ ਰੱਖਣ ਲੱਗ ਪਿਆ ਸੀ। ਇਹੋ ਵਜ੍ਹਾ ਸੀ ਕਿ ਬਦੇਸ਼ੀ ਸਰਕਾਰ ਨੇ ਆਪ ਨੂੰ ਪਰਮੁੱਖ ਸੂਬਿਆਂ ਸਮੇਤ ਜਲਾਵਤਨ ਕਰ ਦਿੱਤਾ। ਨਾਮਧਾਰੀ ਸਿੰਘਾਂ ਦੀਆਂ ਥੋਕ ਵਿੱਚ ਸ਼ਹੀਦੀਆਂ ਦੁਆਰਾ, ਉਹਨਾਂ ਤੇ ਅੱਧੀ ਸਦੀ ਤੱਕ ਅਕਹਿ ਦਮਨ ਚੱਕਰ



Sri Satguru Jagjit Singh Ji eLibrary NamdhariElibrary@gmail.com

ਜਾਰੀ ਰਿਹਾ। ਇਸੇ ਕਾਰਨ ਆਪ ਦੁਆਰਾ ਚਲਾਈ ਕੂਕਾ ਲਹਿਰ ਪੰਜਾਬ ਵਿੱਚ ਮਗਰਲੀਆਂ ਆਜ਼ਾਦੀ ਲਈ ਚੱਲਣ ਵਾਲੀਆਂ ਲੋਕ ਲਹਿਰਾਂ ਦੀ ਰਾਹ ਵਿਖਾਵਾ ਬਣੀ। ਦਰਅਸਲ ਸਤਿਗੁਰੂ ਜੀ ਦਾ ਮਿਸ਼ਨ, ਬਦੀ ਦੀਆਂ ਸਮੂਹ ਤਾਕਤਾਂ ਵਿਰੁੱਧ ਸੰਗਰਾਮ ਵਿੱਢਣਾ ਸੀ, ਭਾਵੇਂ ਉਹ ਵਿਅਕਤੀਗਤ ਸਨ, ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਸੱਭਿਆਚਾਰਕ ਜਾਂ ਦੇਸੀ, ਵਿਦੇਸ਼ੀ। ਉਹਨਾਂ ਦਾ ਅਟੱਲ ਵਿਸ਼ਵਾਸ਼ ਇਸ ਗੱਲ ਵਿੱਚ ਹੈ ਕਿ ਅੰਤਿਮ ਫਤਹਿ ਨੇਕੀ ਦੀ ਹੁੰਦੀ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਦਰਸ਼ਨ ਉਪਰ ਅਨੇਕ ਨਾਮਧਾਰੀ ਅਤੇ ਗ਼ੈਰ ਨਾਮਧਾਰੀ ਲੇਖਕਾਂ ਨੇ ਸਮੇਂ ਸਮੇਂ ਆਪਣੀਆਂ ਲੇਖਣੀਆਂ ਦੁਆਰਾ ਨਸਰ ਨਜ਼ਮ ਵਿੱਚ ਬਹੁਤ ਕੁਝ ਲਿਖਿਆ ਹੈ। ਇਸ ਸਾਹਿਤ ਵਿੱਚ ਜ਼ਿਕਰਯੋਗ ਵਾਧਾ ਸਾਡੇ ਮਿੱਤਰ ਲਖਵਿੰਦਰ ਸਿੰਘ ਬਾਜਵਾ, ਸਤਿਗੁਰੂ ਜੀ ਬਾਰੇ ਇੱਕ ਮਹਾਂ ਕਾਵਿ ਰਚਕੇ ਕਰ ਰਹੇ ਹਨ। ਬਾਜਵਾ ਜੀ ਬਹੁ ਵਿਧਾਈ ਲੇਖਕ ਹਨ। ਉਹਨਾਂ ਵਭਿੰਨ ਸਾਹਿਤ ਰੂਪਾਂ ਉਪਰ ਕਲਮ ਚਲਾਈ ਹੈ ਪਰ ਕਵਿਤਾ ਨਾਲ ਉਹਨਾਂ ਦਾ ਨਾਤਾ ਬੜਾ ਗੂੜ੍ਹਾ ਹੈ। ਉਹਨਾਂ ਦੀਆਂ ਦਰਜਨ ਤੋਂ ਵੱਧ ਪੁਸਤਕਾਂ ਵਿੱਚੋਂ ਜ਼ਿਆਦਾ ਕਵਿਤਾ ਨਾਲ ਸੰਬੰਧਿਤ ਹਨ। ਉਹ ਕਰੀਬ ਚਾਰ ਦਹਾਕਿਆਂ ਤੋਂ ਕਾਵਿ ਸਿਰਜਨਾ ਵਿੱਚ ਕਿਰਿਆਸ਼ੀਲ ਹਨ। ਅਜੇ ਦੋ ਕੁ ਵਰ੍ਹੇ ਪਹਿਲਾਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਉਹਨਾਂ ਦੀ ਕਾਵਿ ਰਚਨਾ 'ਸਾਚਾ ਸਾਹਿਬ' ਛਪ ਕੇ ਪਾਠਕਾਂ ਦੇ ਹੱਥਾਂ ਵਿੱਚ ਆਈ ਹੈ। ਜਿਸ ਨੂੰ ਸਤਿਗੁਰੂ ਜੀ ਬਾਰੇ ਕਵਿਤਾ ਵਿੱਚ ਲਿਖੀ ਗਈ ਇੱਕ ਸ਼ਾਨਦਾਰ ਪੁਸਤਕ ਦੇ ਤੌਰ ਤੇ, ਮਕਬੂਲੀਅਤ ਹਾਸਲ ਹੋਈ ਹੈ। ਹੁਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੋ ਸੌ ਸਾਲਾ ਪ੍ਰਕਾਸ਼ ਪੁਰਬ ਤੇ ਭੇਟ ਕਰਨ ਲਈ, ਉਹਨਾਂ ਨੇ ਹੱਥਲੇ ਮਹਾਂ ਕਾਵਿ ਦੀ ਰਚਨਾ ਕੀਤੀ ਹੈ।



Sri Satguru Jagjit Singh Ji eLibrary NamdhariElibrary@gmail.com

ਬਾਜਵਾ ਜੀ ਕਵਿਤਾ ਦੀ ਰੂਹ ਦੇ ਵੀ ਡਾਢੇ ਜਾਣੂ ਹਨ ਅਤੇ ਇਸ ਦੇ ਛੰਦ-ਵਿਧਾਨ, ਰਸ-ਸ਼ਾਸ਼ਤਰ, ਬਿੰਬ, ਅਲੰਕਾਰਾਂ ਦੀ ਸੁਚੱਜੀ ਸਙ੍ਰਤ ਦੇ ਮਾਹਿਰ ਹਨ। ਮਹਾਂ ਕਾਵਿ ਵਰਗੀ ਵਿਧਾ ਵਿੱਚ ਲਿਖਣਾ ਹਾਰੀ ਸਾਰੀ ਦੇ ਵੱਸ ਵਿੱਚ ਨਹੀਂ ਹੁੰਦਾ। ਉਹਨਾਂ ਦੇ ਖਰੜੇ ਦਾ ਪਾਠ ਕਰਦਿਆਂ ਮੈਂ ਅਨੁਭਵ ਕੀਤਾ ਹੈ ਕਿ ਉਹਨਾਂ ਆਪਣੇ ਵਿਸ਼ੇ ਨਾਲ ਪੂਰਾ ਨਿਆਂ ਕੀਤਾ ਹੈ। ਉਹਨਾਂ ਦੀ ਕਵਿਤਾ ਦਾ ਨਿਭਾਅ ਵੀ ਸ਼ਲਾਘਾਯੋਗ ਹੈ। ਇਤਿਹਾਸਿਕ ਹਸਤੀ ਦੇ ਜੀਵਨ ਦੇ ਸਾਰੇ ਪਹਿਲੂਆਂ ਉਪਰ ਭਰਪੂਰ ਰੋਸ਼ਨੀ ਪਾਈ ਗਈ ਹੈ। ਸਤਿਗੁਰੂ ਜੀ ਦੀਆਂ ਸਿਖਿਆਵਾਂ ਨੂੰ ਸਰਲ, ਸੁਖੈਨ ਅਤੇ ਸੁਚੱਜੇ ਢੰਗ ਨਾਲ ਬਿਆਨਿਆ ਗਿਆ ਹੈ-

"ਮੜ੍ਹੀ ਸਮਾਣੀ ਪੂਜਣੋਂ ਸਭ ਦਿੱਤੇ ਹਟਕਾ।

ਪੂਜਾ ਇੱਕ ਅਕਾਲ ਦੀ ਕਹਿਣ ਕਰੋ ਚਿੱਤ ਲਾ।

ਕੀਤੀ ਭੈੜੀ ਬਲੀ ਦੀ ਉਹਨਾਂ ਰੀਤੀ ਬੰਦ।

ਨਾਮ ਜਪਣ ਦੇ ਨਾਲ ਹੀ ਹੋਵੇ ਸਦਾ ਅਨੰਦ।

ਜੂਠ ਝੂਠ ਦੋਏ ਛੱਡ ਕੇ ਵਹਿਮ ਭਰਮ ਸਭ ਤਿਆਗ।

ਜਨਮ ਜੰਜ਼ਾਲ ਤੋੜਕੇ ਲਾ ਸਿੱਖੀ ਦੀ ਜਾਗ।

..........................................

ਜੂਆ, ਮੁੰਡਾ, ਵੇਸਵਾ ਨਾਲੇ ਮਾਸ ਸ਼ਰਾਬ।

ਹਰਦੇ ਜੋਬਨ, ਮਾਨ, ਧਨ, ਖਾਨਾ ਕਰਨ ਖਰਾਬ।

ਕਦੇ ਕਿਸੇ ਤੋਂ ਭੁੱਲ ਕੇ ਲੈਣਾ ਨਹੀਂ ਵਿਆਜ।

ਏਦਾਂ ਲਕਵੇ ਮਾਰਿਆ ਰਹਿੰਦਾ ਸਦਾ ਸਮਾਜ।

.......................................

ਦੱਸਣ ਲੜਕੀ ਮਾਰਿਆਂ ਹੁੰਦਾ ਬਹੁਤ ਅਜ਼ਾਬ।

ਵੱਟਾ ਕਰਨਾ, ਵੇਚਣਾ, ਇਹ ਵੀ ਕੰਮ ਖਰਾਬ।"

ਮਹਾਂ ਕਾਵਿ ਵਿੱਚ ਪ੍ਰਕਿਰਤੀ ਚਿਤਰਣ ਦੀ ਵਿਸ਼ੇਸ਼ ਮਹੱਤਤਾ ਹੁੰਦੀ ਹੈ। ਸਤਿਗੁਰੂ ਜੀ ਦਾ ਅਵਤਾਰ ਦਿਵਸ ਬਸੰਤ ਪੰਚਮੀ ਵਾਲਾ ਹੀ ਹੈ। ਇਸ ਲਈ ਸਾਡਾ ਕਵੀ ਇਹਨਾਂ ਦਿਨਾਂ ਦਾ ਦ੍ਰਿਸ਼ ਵਰਣਨ ਅਨੂਠੇ ਰੰਗ ਵਿੱਚ ਕਰਦਾ ਹੈ-

"ਟਿੱਬੇ ਮੋਟੀ ਰੇਤ ਦੇ, ਉੱਚੇ ਨੀਵੇਂ ਜਾਣ।

ਉੱਤੇ ਫਸਲਾਂ ਸੋਹਣੀਆਂ, ਛੱਡੇ ਤੰਬੂ ਤਾਣ।

ਸਰ੍ਹੋਂ ਖਿੜੀ ਵਿੱਚ ਜੂਹ ਦੇ, ਬੰਨ੍ਹੇ ਸੋਹਣਾ ਰੰਗ।

ਪੀਲੀਆਂ ਪੱਗਾਂ ਬੰਨ੍ਹ ਕੇ, ਚਾੜ੍ਹਨ ਲੋਕ ਪਤੰਗ।

ਪੀਲੇ ਭੋਸ਼ਣ ਪਾ ਕੇ, ਕੁੜੀਆਂ ਕਿਕਲੀ ਪਾਉਣ।

ਆਈ ਅੱਜ ਬਸੰਤ ਹੈ, ਸਾਡੇ ਵਿਹੜੇ ਗਾਉਣ।

ਨਿੰਮ ਧਰੇਕਾਂ ਫੁੱਲੀਆਂ, ਖਿੜੇ ਬਸੰਤੀ ਫੁੱਲ।

ਵਗੇ ਸਮੀਰ ਸੁਹਾਵਣੀ, ਮਹਿਕੀ ਖ਼ਲਕਤ ਕੁੱਲ।

ਭਿੰਨੀ ਭਿੰਨੀ ਮਹਿਕ ਹੈ, ਜਾਪੇ ਲੋ ਮਲਿਆਨ।

ਕਿਸ ਦੀ ਕਰਦੀ ਆਰਤੀ, ਸ਼ੈਲ ਬਸੰਤ ਜਵਾਨ।

ਬਾਗੀਂ ਬੋਲਣ ਬੁਲਬੁਲਾਂ, ਭੌਰੇ ਗਾਉਣ ਹਿੰਡੋਲ।



. Sri Satguru Jagjit Singh Ji eLibrary NamdhariElibrary@gmail.com .

ਫੁੱਲਾਂ ਦੇ ਸੰਗ ਤਿਤਲੀਆਂ, ਕਰਦੀਆਂ ਫਿਰਨ ਕਲੋਲ।

ਨੂਰ ਬਰਸਿਆ ਜ਼ਿਮੀਂ ਤੇ, ਖਿੜਿਆ ਪਿਆ ਅਕਾਸ਼।

ਓਹੋ ਭਰੇ ਸੁਗੰਧੀਆਂ, ਜਿਹੜਾ ਆਏ ਸੁਆਸ।"

ਮਹਾਂ ਕਾਵਿ ਦਾ ਨਾਇਕ ਐਸਾ ਵਿਅਕਤੀਤਵ ਹੁੰਦਾ ਹੈ ਜਿਸ ਦੇ ਕਾਰਜ ਦੀ ਛਾਪ ਸਦੀਆਂ ਤੱਕ, ਲੋਕ ਮਨਾਂ ਤੇ ਉੱਕਰੀ ਰਹਿੰਦੀ ਹੈ। ਕਿੱਸਾ ਸਾਹਿਤ ਵਿੱਚ ਵੀ ਨਾਇਕ ਦੇ ਨਕਸ਼ ਵਰਣਨ ਤੇ ਕਾਫ਼ੀ ਜ਼ੋਰ ਦਿੱਤਾ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਨਖਸ਼ਿਖ ਵਰਣਨ ਵਿੱਚ ਵੀ ਕਵੀ ਆਪਣੀ ਕਾਵਿ ਕਲਾ ਦਾ ਸੁਚੱਜਾ ਸਬੂਤ ਪੇਸ਼ ਕਰਦਾ ਹੈ–

"ਦਿਨ ਦਿਨ ਆਵੇ ਨਿੱਖਰਦਾ ਸੁੰਦਰ ਖ਼ਰਾ ਸਰੀਰ।

ਚੜ੍ਹਦਾ ਜੋਬਨ ਆਂਵਦਾ ਜਿਵੇਂ ਹੜ੍ਹਾਂ ਦਾ ਨੀਰ।

ਵਧਿਆ ਅੰਦਰ ਦਿਨਾਂ ਦੇ ਵਾਂਗ ਸਰੂ ਦੇ ਕੱਦ।

ਮੋਟੇ ਨੇਤਰ ਨਿੱਤਰੇ ਸੁੰਦਰਤਾ ਦੀ ਹੱਦ।

ਏਦਾਂ ਤਿੱਖਾ ਨੱਕ ਹੈ ਜਿੱਦਾਂ ਤੇਜ਼ ਕਟਾਰ।

ਉੱਤੇ ਸਾਣ ਸਵਾਰ ਕੇ ਤਿੱਖੀ ਕੀਤੀ ਧਾਰ।

ਚਮਕਣ ਗੋਰੇ ਮੁੱਖ ਤੇ ਕੁਝ ਮਾਤਾ ਦੇ ਦਾਗ।

ਕਰਦਾ ਚੰਦਾ ਈਰਖਾ ਤੱਕ ਮਸਤਕ ਦੇ ਭਾਗ।

ਬਾਹਵਾਂ ਤੀਕਰ ਗੋਡਿਆਂ ਆਖਣ ਭੁਜਾ ਅਜਾਨ।



Sri Satguru Jagjit Singh Ji eLibrary NamdhariElibrary@gmail.com

ਜੋੜ ਨਾ ਦਿਸਦੇ ਵੇਖ ਕੇ ਹੋਵਣ ਲੋਕ ਹੈਰਾਨ।

ਮੁੱਖੜੇ ਉੱਤੇ ਫੈਲਿਆ ਸਿਆਣਪ ਦਾ ਪ੍ਰਕਾਸ਼।

ਚਾਨਣ ਜਿਵੇਂ ਸਵੇਰ ਦਾ ਕਰਦਾ ਲਾਲ ਅਕਾਸ਼।

ਚੁਸਤੀ ਫੁਰਤੀ ਇਸ ਤਰ੍ਹਾਂ ਜਿਉਂ ਚੀਤੇ ਦੀ ਤੋਰ।

ਫਿਰ ਵੀ ਮਸਤੀ ਨਾਮ ਦੀ ਚਾੜ੍ਹੀ ਰੱਖੇ ਲੋਰ।"

ਮਹਾਂ ਕਾਵਿ ਦੀ ਲੋੜ ਹੈ ਉਸ ਵਿੱਚ ਰਸਾਂ ਦਾ ਹੋਣਾ। ਬਾਜਵਾ ਹੋਰਾਂ ਦੇ ਇਸ ਮਹਾਂ ਕਾਵਿ ਵਿੱਚ ਸ਼ਾਂਤ ਰਸ, ਵੀਭਤਸ ਰਸ, ਬੀਰ ਰਸ, ਕਰੁਣਾ ਰਸ, ਰੌਦਰ ਰਸ, ਅਦਭੁੱਤ ਰਸ ਆਦਿਕ ਰਸਾਂ ਦਾ ਥਾਂ ਥਾਂ ਤੇ ਰੰਗ ਮਾਣਿਆ ਜਾ ਸਕਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਦਾ ਫੌਰੀ ਕਾਰਨ ਸਾਕਾ ਮਲੇਰਕੋਟਲਾ ਬਣਿਆ। ਕੂਕਾ ਮਸਤਾਨਾ ਦਲ ਨੇ, ਅੰਗਰੇਜ਼ ਸਰਕਾਰ ਦੀਆਂ ਬੁੱਚੜਖਾਨੇ ਖੋਹਲ ਕੇ, ਗਊ ਘਾਤ ਕਰਵਾਉਣ ਅਤੇ ਪੰਜਾਬ ਵਾਸੀਆਂ ਵਿੱਚ ਫਿਰਕੂ ਦੰਗੇ ਭੜਕਾਉਣ ਦੀਆਂ ਕਾਰਵਾਈਆਂ ਦਾ ਵਿਰੋਧ ਕਰਨ ਲਈ ਹੀ ਬੁੱਚੜਖਾਨਿਆਂ ਤੇ ਹਮਲੇ ਕੀਤੇ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਐਲ. ਕਾਵਨ ਨੇ ਇਸ ਨੂੰ ਆਪਣੀ ਸੱਤਾ ਦੀ ਸਿੱਧੀ ਨਾਬਰੀ ਸਮਝਿਆ। ਇਸੇ ਲਈ ਬਿਨਾ ਮੁਕੱਦਮਾ ਚਲਾਏ, ੪੯ ਕੂਕਿਆਂ ਨੂੰ ਤੋਪਾਂ ਨਾਲ ਅਤੇ ਇੱਕ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ। ਸ਼ੇਰਗੜ੍ਹ ਕਿਲੇ ਤੋਂ ਕੂਕਿਆਂ ਦਾ ਮਲੇਰਕੋਟਲੇ ਦੇ ਰੱਕੜ ਵਿੱਚ ਸ਼ਹੀਦ ਹੋਣ ਜਾਣਾ, ਕਵੀ ਨੂੰ ਉਸ ਤਰ੍ਹਾਂ ਦਾ ਦ੍ਰਿਸ਼ ਮਾਲੂਮ ਹੁੰਦਾ ਹੈ

ਜਿਹੋ ਜਿਹਾ ਬੰਦਾ ਬਹਾਦਰ, ਮਹਾਨ ਸਿੱਖ ਜਰਨੈਲ ਅਤੇ ਉਸਦੇ ਸਾਥੀਆਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਦਿੱਲੀ ਲਿਜਾਏ ਜਾਣ ਵੇਲੇ ਘਟਿਤ ਹੋਇਆ ਸੀ। ਹੇਠਲੀ ਟੂਕ ਵਿੱਚ ਕਰੁਣਾ ਰਸ, ਬੀਰ ਰਸ ਅਤੇ ਵਿਭਤਸ ਰਸ ਦਾ ਮਿਲਵਾਂ ਪ੍ਰਭਾਵ ਵੇਖਣ ਵਿੱਚ ਆਉਂਦਾ ਹੈ–

"ਆਈ ਸਤਾਰਾਂ ਜਨਵਰੀ ਲੈ ਕੇ ਕਹਿਰੀ ਸੀਤ।

ਕੂਕੇ ਤੁਰੇ ਪੁਗਾਉਣ ਨੇ ਸੂਰਮਿਆਂ ਦੀ ਰੀਤ।

ਵੇਖ ਜ਼ੁਲਮ ਅੰਗਰੇਜ਼ ਦਾ ਅੰਬਰ ਰੋਇਆ ਰਾਤ।

ਰਾਹ ਰੋਕ ਲਏ ਓਸ ਨੇ ਕਰ ਭਾਰੀ ਬਰਸਾਤ।

ਏਸੇ ਕਰਕੇ ਆਖਦੇ ਹੋਈ ਬਹੁਤ ਅਵੇਰ।

ਹੋ ਬੇਚੈਨ ਉਡੀਕਦਾ ਕਾਵਨ ਨਜ਼ਰਾਂ ਫੇਰ।

ਨਾਜ਼ਮ ਤੁਰਿਆ ਲੈ ਕੇ ਗੱਡੇ ਬਲਦ ਵੰਗਾਰ।

ਸ਼ੇਰਪੁਰੇ ਦੇ ਥਾਣਿਓਂ ਕੱਚੇ ਰਾਹ ਮੰਝਾਰ।

ਦੋ ਦਿਨਾਂ ਤੋਂ ਖਾਲਸੇ ਖੁਧਾ ਸਕੇ ਨਾ ਮੇਟ।

ਐਪਰ ਨਾਲ ਸਬੂਰੀਆਂ ਭਰਿਆ ਉਹਨਾਂ ਪੇਟ।

ਗਾਉਂਦੇ ਜਾਵਣ ਬਾਣੀਆਂ ਲਾਉਂਦੇ ਜਾਣ ਦੀਵਾਨ।

ਵੇਖਣ ਵਾਲੇ ਆਖਦੇ ਵਾਹ ਕੈਸੇ ਇਨਸਾਨ।

ਅੱਗੇ ਖੜ੍ਹੀ ਉਡੀਕਦੀ ਖੋਹਲ ਵਰਾਛਾਂ ਮੌਤ।

ਐਪਰ ਰੰਚਕ ਰੰਜ ਨਾ ਕਰਨ ਹੋਣ ਦਾ ਫੌਤ।

ਵੇਖੋ ਜਾਵੇ ਕਾਫ਼ਲਾ ਦੁਹਰਾਉਂਦਾ ਇਤਿਹਾਸ।

'ਬੰਦੇ' ਦੀ ਵੀ ਗਈ ਸੀ, ਏਦਾਂ ਹੀ ਬਰਾਤ।"

'ਸਾਕਾ ਮਲੇਰਕੋਟਲਾ' ਦੀ ਅਗਲੀ ਕੜੀ 'ਸਾਕਾ ਪਰਦੇਸ ਗਵਨ' ਹੈ। ੧੭ ਜਨਵਰੀ, ੧੮੭੨ ਨੂੰ ਦੋਪਹਿਰ ਬਾਅਦ ਮਲੇਰਕੋਟਲੇ ਦੇ ਰੱਕੜ ਵਿੱਚ, ਅੱਧਾ ਸੈਂਕੜਾ ਕੂਕਿਆਂ ਨੇ ਜਾਮੇ ਸ਼ਹਾਦਤ ਨੋਸ਼ ਕੀਤਾ। ਤੋਪਾਂ ਦੀ ਅਵਾਜ਼ ਸੁਣ ਕੇ, ਤਸੱਲੀ ਕਰਕੇ ਕਿ ਮੇਰੇ ਲਾਡਲਿਆਂ ਤੇ ਹੀ ਚੱਲ ਰਹੀਆਂ ਹਨ, ਸਤਿਗੁਰੂ ਜੀ ਸਿਆਹੜ ਪਿੰਡ, ਜਿੱਥੇ ਉਹ ਪਿਛਲੇ ਦਿਨ ਸ਼ਾਮੀਂ ਪੁੱਜ ਗਏ ਸਨ। ਉਥੋਂ ਸ੍ਰੀ ਭੈਣੀ ਸਾਹਿਬ ਨੂੰ ਕੂਚ ਕੀਤਾ। ਕਾਵਨ ਨੇ ਆਪ ਨੂੰ ਮਲੌਦ ਦੇ ਸਾਕੇ ਬਾਰੇ ਉੱਥੇ ਸੱਦਿਆ ਸੀ, ਜਿੱਥੇ ਆਪ ੧੬ ਜਨਵਰੀ ਨੂੰ ਪੁੱਜੇ। ਪਰ ਹੁਣ ਕਾਵਨ ਮਲੌਦ ਤੋਂ ਕੋਟਲੇ ਜਾ ਕੇ, ਸ਼ਹੀਦੀ ਸਾਕਾ ਵਰਤਾਉਣ ਲਈ ਕਾਹਲਾ ਸੀ, ਇਸ ਲਈ ਉਸ ਕਹਿ ਦਿੱਤਾ– "ਬਾਬਾ ਸਾਹਿਬ ਹੁਣ ਜਾਉ, ਫਿਰ ਸੱਦ ਲਵਾਂਗੇ।" ਉਸ ਦੇ ਸੱਦੇ ਦੀ ਉਡੀਕ ਵਿੱਚ, ਸਤਿਗੁਰੂ ਜੀ ਨੇੜਲੇ ਪਿੰਡ ਸਿਆਹੜ ਜਾ ਰਹੇ ਸਨ। ਹੁਣ ਉਹ ਸਿਆਹੜ ਤੋਂ ਭੈਣੀ ਸਾਹਿਬ ਇਸ ਰਾਤ ਦੇ ਪਹਿਲੇ ਪਹਿਰ ਹੀ ਪੁੱਜੇ ਸਨ ਕਿ ਦੇਸ਼ ਨਿਕਾਲੇ ਦਾ ਸੱਦਾ ਆ ਗਿਆ। ਘੋੜੀਆਂ ਸਫਰ ਵਿੱਚੋਂ ਆਈਆਂ ਸਨ। ਹੁਣ ਗੱਡੇ ਦੀ ਅਸਵਾਰੀ ਕੀਤੀ। ਗਾਡੀ ਗੁਰਦਿੱਤ ਸਿੰਘ ਮੋਰੋਂ ਨੂੰ ਅੰਤਿਮ ਸਫ਼ਰ ਦਾ ਸਾਰਥੀ ਹੋਣ ਦਾ ਮਾਣ ਬਖਸ਼ਿਆ। ਇਸ ਸਮੇਂ ਭਾਈ ਬੁੱਧ ਸਿੰਘ ਜੀ, ਪਿਤਾ ਜੱਸਾ ਸਿੰਘ, ਪੁੱਤਰੀ ਨੰਦਾ ਅਤੇ ਸੈਂਕੜੇ ਸਿੱਖ ਸੰਗਤਾਂ ਡੌਰ ਭੌਰ ਹੋਈਆਂ, ਡੂੰਘੇ ਗ਼ਮ ਦੇ ਸਮੁੰਦਰ ਵਿੱਚ ਲੱਥੀਆਂ ਇਸ ਭਿਆਨਕ ਸਾਕੇ ਦੇ ਸਾਹਵੇਂ ਬੇਬਸੀ ਦੇ ਹੰਝੂ ਕੇਰ ਰਹੀਆਂ ਸਨ। ਜਾਨ ਤੋਂ ਪਿਆਰੇ ਸਤਿਗੁਰੂ ਜੀ ਦਾ ਵਿਛੋੜਾ ਕਿਹੋ



Sri Satguru Jagjit Singh Ji eLibrary NamdhariElibrary@gmail.com

ਜਿਹਾ ਹੈ। ਹੇਠਲੇ ਦ੍ਰਿਸ਼ ਵਿੱਚ ਕਵੀ ਦੀ ਕਲਮ ਕਰੁਣਾ ਰਸ ਵਿੱਚ ਤਾਰੀਆਂ ਲਾ ਰਹੀ ਹੈ–

"ਗੱਡਾ ਤੁਰਿਆ ਵੇਖ ਕੇ ਪਈ ਦਿਲਾਂ ਵਿੱਚ ਧੂਹ।

ਟੋਟੇ ਟੋਟੇ ਹੋ ਗਈ ਅੱਜ ਭੈਣੀ ਦੀ ਰੂਹ।

ਚੀਨੀ ਸੁਰਖੀ ਰੋਂਦੀਆਂ ਡਾਢੇ ਵਿੱਚ ਵੈਰਾਗ।

ਹੋਏ ਨਾ ਅਸਵਾਰ ਗੁਰ ਜਾਪਣ ਮੰਦੇ ਭਾਗ।

ਜਿਸ ਚੀਨੀ ਦੇ ਬਿਨਾਂ ਨਾ ਸਤਿਗੁਰ ਕਿਧਰੇ ਜਾਣ।

ਵਿੱਚ ਤਬੇਲੇ ਛੱਡ ਉਹ ਗੱਡੇ ਚੜ੍ਹ ਗਏ ਆਣ।

ਰੋਵਣ ਗਊਆਂ ਵੱਛੀਆਂ ਮੁੱਖੋਂ ਛੁੱਟਾ ਘਾਹ।

ਆਖਣ ਵਾਂਗਰ ਕਾਹਨ ਦੇ ਨਾ ਗੋਕੁਲ ਤੋਂ ਜਾਹ।

ਚੁੱਪ ਚੁੱਪ ਹੰਝੂ ਕੇਰਦੇ ਹੋਏ ਰੁੱਖ ਉਦਾਸ।

ਸੋਗ ਚੁਫੇਰੇ ਵਰਤਿਆ ਕੌਣ ਦਵੇ ਧਰਵਾਸ।

ਜਾਏ ਕਲੇਜਾ ਚੀਰਦਾ ਨੰਦਾਂ ਦਾ ਵਿਰਲਾਪ।

ਜਿਸ ਦਾ ਵਿਛੜ ਚੱਲਿਆ  ਬਿਨ ਤਕਸੀਰੋਂ ਬਾਪ।

ਬਾਪੂ* ਨੂੰ ਹਟਕੋਰਿਓਂ ਕੌਣ ਲਿਆਵੇ ਬਾਹਰ।

ਹੋਇਆ ਜਿਸ ਦੇ ਵਾਸਤੇ ਇਹ ਧੁੰਧਲਾ ਸੰਸਾਰ।

ਪਾਈ ਬ੍ਰਿਹੋਂ ਕੁੱਠਿਆਂ ਕੇਸਾਂ ਅੰਦਰ ਖ਼ਾਕ।

ਪ੍ਰੀਤਮ ਤੁਰਦਾ ਵੇਖ ਕੇ ਸੀਨੇ ਹੋਏ ਚਾਕ।"

* ਬਾਬਾ ਜੱਸਾ ਸਿੰਘ

ਮਲੇਰਕੋਟਲੇ ਦੇ ਸ਼ਹੀਦਾਂ ਦੇ ਅਵਸ਼ੇਸ਼ਾਂ ਦਾ ਉਸ ਸਮੇਂ ਸਰਕਾਰੀ ਜਬਰ ਦੇ ਚੱਲਦਿਆਂ ਸਸਕਾਰ ਨਹੀਂ ਹੋ ਸੱਕਿਆ ਸੀ। ਨੇੜੇ ਇੱਕ ਖੂਹ ਸੀ, ਉਸ ਵਿੱਚ ਹੀ ਜਿਹੋ ਜਿਹੇ ਸਰੀਰ ਸਨ ਟੁਕੜਾ ਕਿਤੇ ਬੋਟੀ ਕਿਤੇ, ਲੱਭ ਕੇ ਇਕੱਠੇ ਕਰਕੇ ਵਿੱਚ ਸੁੱਟ ਕੇ, ਖੂਹ ਮਿੱਟੀ ਨਾਲ ਪੂਰ ਦਿੱਤਾ ਗਿਆ ਸੀ। ਜਦੋਂ ਭਾਈ ਦਰਬਾਰਾ ਸਿੰਘ ਜੀ ਰਾਇਪੁਰੀਆ, ਰੰਗੂਨ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਂਦਾ ਹੈ, ਸਤਿਗੁਰੂ ਜੀ ਪੰਜਾਬ ਅਤੇ ਆਪਣੀ ਸੰਗਤ ਦਾ ਹਾਲ ਪੁੱਛਦੇ ਹਨ ਤਾਂ ਦਰਬਾਰਾ ਸਿੰਘ ਦੱਸਦਾ ਹੋਇਆ ਕਹਿੰਦਾ ਹੈ ਕਿ ਜੀ ਬਹੁਤ ਉੱਚਾ ਨੀਵਾਂ ਵੀ ਬੋਲਦੇ ਹਨ ਜਿਹਾ ਕਿ–

"ਧਰਕੇ ਤੋਪ ਉਡਾਉਣਗੇ ਮੜ੍ਹੀ ਮਿਲੇ ਨਾ ਗੋਰ।

ਆਖਣ ਯਾਰੋ ਵੇਖ ਲਉ ਬਣਕੇ ਕੂਕੇ ਹੋਰ।"

ਲਖਵਿੰਦਰ ਸਿੰਘ ਬਾਜਵਾ ਦੀ ਬੋਲੀ ਕੇਂਦਰੀ ਪੰਜਾਬੀ ਹੈ। ਸਰਸ, ਸਰਲ ਭਾਸ਼ਾ ਵਿੱਚ ਮੁਹਾਵਰਿਆਂ ਲੋਕ ਅਖਾਣਾਂ ਅਤੇ ਗੁਰਬਾਣੀ ਦੀਆਂ ਤੁਕਾਂ ਨੂੰ ਨਗੀਨਿਆਂ ਜਿਉਂ ਜੜਿਆ ਹੈ। ਮੁੱਖ ਛੰਦ ਬੇਸ਼ੱਕ ਦਵੱਈਆ ਵਰਤਿਆ ਹੈ ਪਰ ਇਸਦੇ ਨਾਲ ਨਾਲ ਕਲੀ, ਪਉੜੀ, ਸਿਰਖੰਡੀ, ਬੈਂਤ, ਕਬਿੱਤ, ਡਿਓਢ, ਕੋਰੜਾ ਆਦਿ ਛੰਦਾਂ ਦੀ ਵਰਤੋਂ ਸਫਲਤਾ ਪੂਰਵਕ ਕੀਤੀ ਹੈ। ਮਹਾਂ ਕਾਵਿ ਦੇ ਵਿਸ਼ਾ ਨਿਰੂਪਣ ਵਿੱਚ, ਇਤਿਹਾਸ ਦੇ ਵਿਭਿੰਨ ਭਾਗਾਂ ਨੂੰ ਆਪਣੇ ਕਲੇਵਰ ਵਿੱਚ ਲੈਣ



Sri Satguru Jagjit Singh Ji eLibrary NamdhariElibrary@gmail.com

ਲਈ, ਉਸ ਨੇ ਨਾਮਧਾਰੀ ਇਤਿਹਾਸ ਦੇ ਪ੍ਰਮਾਣੀਕ ਹਸਤਾਖਰਾਂ ਦੀਆਂ ਕਿਰਤਾਂ ਦਾ ਭਰਪੂਰ ਉਪਯੋਗ ਕੀਤਾ ਹੈ। ਰਚਨਾ ਦੇ ਅਖੀਰ ਵਿੱਚ ਕਵੀ ਇਹਨਾਂ ਸਾਰੀਆਂ ਹੀ ਸਤਿਕਾਰਿਤ ਹਸਤੀਆਂ ਨੂੰ ਬੜੀ ਕ੍ਰਿਤੱਗਤਾ ਨਾਲ ਯਾਦ ਕਰਦਾ ਹੈ। ਇਤਿਹਾਸ ਦੇ ਇਹ ਸਿਰਨਾਵੇਂ ਹਨ, ਸਰਵ ਸ੍ਰੀ ਭਾਈ ਸੰਤੋਖ ਸਿੰਘ ਜੀ ਬਾਹੋਵਾਲ, ਗਿਆਨੀ ਕਾਹਲਾ ਸਿੰਘ ਜੀ ਨੰਗਲ, ਹਰਨਾਮ ਸਿੰਘ ਬਗੁਲੀ ਕਲਾਂ ਕਰਤਾ ਸੰਤ ਖਾਲਸ਼ਾ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕਰਵਰਤੀ, ਪੰਥ ਪ੍ਰਕਾਸ਼ ਵਾਲੇ ਗਿਆਨੀ ਗਿਆਨ ਸਿੰਘ, 'ਤਵਾਰੀਖ ਸੰਤ ਖਾਲਸਾ' ਵਾਲੇ ਮਾਣਯੋਗ ਪ੍ਰੋ. ਕ੍ਰਿਪਾਲ ਸਿੰਘ ਕਸੇਲ ਡੀ. ਲਿਟ, ਜਸਵਿੰਦਰ ਸਿੰਘ ਹਿਸਟੋਰੀਅਨ, ਤਾਰਾ ਸਿੰਘ ਅਨਜਾਣ, ਹਰਪਾਲ ਸਿੰਘ ਸੇਵਕ ਆਦਿ। ਸਤਿਜੁਗ ਅਤੇ ਵਰਿਆਮ ਦੇ ਅੰਕਾਂ ਦਾ ਵੀ ਇਹਨਾਂ ਚੋਖਾ ਅਧਿਐਨ ਕੀਤਾ ਹੈ। ਇਸ ਤਰ੍ਹਾਂ ਦੀ ਪ੍ਰਮਾਣੀਕ ਜਾਣਕਾਰੀ ਤੇ ਅਧਾਰਿਤ ਪੁਸਤਕ ਦੀ ਇਤਿਹਾਸਿਕਤਾ ਸ਼ੱਕੀ ਨਹੀਂ ਰਹਿੰਦੀ।

ਇਸ ਰਚਨਾ ਦੀ ਵੱਡੀ ਖੂਬੀ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਪੰਥ ਨਾਲ ਜੁੜੇ ਚੰਦੋਵਾਲ (ਸਿਆਲਕੋਟ, ਹੁਣ ਪਾਕਿਸਤਾਨ) ਪਿੰਡ ਦੇ ਇੱਕ ਮਸ਼ਹੂਰ ਨਾਮਧਾਰੀ ਘਰਾਣੇ ਦੇ ਰੁਕਨ, ਲਖਵਿੰਦਰ ਸਿੰਘ ਬਾਜਵਾ ਹੋਰਾਂ ਆਪਣੇ ਇਸ਼ਟ ਪ੍ਰਤੀ ਸ਼ਰਧਾ ਮਈ ਅੰਦਾਜ਼ ਵਿੱਚ ਇਸ ਦੀ ਰਚਨਾ ਕੀਤੀ ਹੈ। ਇਸ ਦੇ ਪਾਠ ਤੋਂ ਅਨੇਕ ਗੁਰੂ ਪਿਆਰੇ ਲਾਭ ਵੰਤ ਹੋਣਗੇ ਹੀ। ਪੰਜਾਬੀ ਸਾਹਿਤ ਵਿੱਚ ਮਹਾਂ ਕਾਵਿ ਦੇ ਪਰਸੰਗ ਵਿੱਚ ਵੀ ਇਹ ਰਚਨਾ ਆਪਣਾ ਮੁੱਲ ਪੁਆਏਗੀ। ਇਸ ਮਹਾਂ ਕਾਵਿ ਦੀ ਰਚਨਾ ਦੁਆਰਾ ਸਾਡਾ ਕਵੀ ਲਾਲਾ ਕ੍ਰਿਪਾ ਸਾਗਰ, ਵਿਧਾਤਾ ਸਿੰਘ ਤੀਰ, ਅਵਤਾਰ ਸਿੰਘ ਆਜ਼ਾਦ, ਸੰਤ ਇੰਦਰ ਸਿੰਘ ਚੱਕਰਵਰਤੀ, ਪ੍ਰੋ. ਮੋਹਨ ਸਿੰਘ, ਇੰਦਰਜੀਤ ਸਿੰਘ ਤੁਲਸੀ ਆਦਿ ਦੀ ਪਾਲ ਵਿੱਚ ਖਲੋਤਾ ਨਜ਼ਰ ਆਉਂਦਾ ਹੈ।

ਕਵੀ ਦੇ ਸ਼ਬਦਾਂ ਵਿੱਚ, ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨ ਕੀਰਤੀ ਨੂੰ ਇਹ ਕਾਵਿ ਢੋਆ ਪੇਸ਼ ਕਰਨ ਦੀ ਖੁਸ਼ੀ ਲੈਂਦਾ ਹਾਂ-

"ਆਪਣੇ ਲਈ ਵਕਤ ਨੇ ਰਾਹਬਰ ਹਮੇਸ਼ਾਂ ਥਾਪਿਆ।

ਪਰ ਵੱਧ ਤੈਥੋਂ ਸਤਿਗੁਰੂ ਮੈਨੂੰ ਨਾ ਕੋਈ ਜਾਪਿਆ।

ਵਕਤ ਦੇ ਹਰ ਮੋੜ ਤੇ ਤੈਨੂੰ ਮਸੀਹਾ ਕਹਿਣਗੇ।

ਤੇਰੇ ਅਹਿਸਾਨ ਬਾਜਵਾ ਸਿਰ ਤੇ ਹਮੇਸ਼ਾਂ ਰਹਿਣਗੇ।"

ਮਿਤੀ : ੨੩-੮-੨੦੧੬ ਸੁਵਰਨ ਸਿੰਘ ਵਿਰਕ

ਸਥਾਨ : ਕਰੀਵਾਲਾ (ਸਿਰਸਾ) ਮੋ. : ੯੯੯੬੩-੭੧੭੧੬



. Sri Satguru Jagjit Singh Ji eLibrary NamdhariElibrary@gmail.com .

## ਆਪਣੇ ਵਲੋਂ

ਯੁੱਗ ਪੁਰਸ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਉਨੀਵੀਂ ਸਦੀ ਦੀ ਇੱਕ ਮਹੱਤਵਪੂਰਨ ਘਟਨਾ ਸੀ। ਜਦੋਂ ਸਾਰਾ ਭਾਰਤ ਵਰਸ਼ ਗੁਲਾਮੀ ਦੀ ਗੂੜ੍ਹੀ ਨੀਂਦ ਸੁੱਤਾ ਪਿਆ ਸੁਪਨੇ ਵਿੱਚ ਵੀ ਬਿਗਾਨੀ ਹਕੂਮਤ ਦਾ ਗੁਣਗਾਨ ਕਰ ਰਿਹਾ ਸੀ।

'ਪਰ ਅਧੀਨ ਸੁਪਨੇ ਸੁਖ ਨਾਹੀ' ਵਾਲੀ ਤੁਕ ਕਿਸੇ ਵਿਰਲੇ ਦੇ ਜਿਹਨ ਵਿੱਚੋਂ ਉਭਰਦੀ ਸੀ। ਅੰਗਰੇਜ਼ਾਂ ਨੇ ਪੂਰਨ ਤੌਰ ਤੇ ਸਾਡੇ ਜਿਹਨ ਉੱਤੇ ਕਬਜ਼ਾ ਕਰ ਲਿਆ ਹੋਇਆ ਸੀ। ਦੇਸ਼ ਵਿੱਚ ਗ਼ੁਲਾਮੀ ਦੀ ਗਰਦ ਇੰਜ ਫੈਲ ਚੁੱਕੀ ਸੀ ਕਿ ਆਜ਼ਾਦੀ ਦਾ ਸੂਰਜ ਨਜ਼ਰ ਆਉਣ ਦੇ ਕਿਆਸ ਲਾਉਣਾ ਵੀ ਮੂਰਖਤਾ ਵਾਲੀ ਗੱਲ ਸਮਝੀ ਜਾਂਦੀ ਸੀ। ਕੌਮਾਂ ਦੇ ਪ੍ਰਮੁੱਖ ਆਗੂ ਖਰੀਦ ਲਏ ਗਏ ਸਨ। ਆਮ ਲੋਕਾਂ ਦਾ ਧਿਆਨ ਲੋਕਾਂ ਦੇ ਨਿਜੀ ਧਾਰਮਿਕ ਮਸਲਿਆਂ ਜਾਤੀਵਾਦ ਆਦਿ ਵਿੱਚ ਉਲਝਾ ਕੇ ਗੋਰਾ ਨਿਸ਼ਚਿੰਤ ਹੋ ਬੈਠਾ ਸੀ। ਅਜਿਹੇ ਸਮੇਂ ਲੋਕਾਂ ਦੇ ਧਾਰਮਿਕ ਅਤੇ ਸਮਾਜਿਕ ਆਗੂ ਵੀ ਹਕੂਮਤ ਦੇ ਇਸ਼ਾਰਿਆਂ ਤੇ ਨੱਚ ਰਹੇ ਸਨ। ਉਹ ਆਪਣੇ ਹੀ ਭਰਾਵਾਂ ਤੇ ਜ਼ੁਲਮ ਕਰ ਕੇ ਅੰਗਰੇਜ਼ ਨੂੰ ਖ਼ੁਸ਼ ਕਰਕੇ ਐਸ਼ ਪ੍ਰਸਤ ਜੀਵਨ ਜੀਣਾ ਆਪਣਾ ਹੱਕ ਸਮਝਣ ਲੱਗ ਪਏ ਸਨ।

ਦੱਬੀ ਕੁਚਲੀ ਜਨਤਾ ਕਰਮਕਾਂਡਾਂ ਵਿੱਚ ਉਲਝਾ ਦਿੱਤੀ ਗਈ ਸੀ। ਅਜਿਹੀ ਹਾਲਤ ਵਿੱਚ ਸਮਾਜਿਕ ਕੁਰੀਤੀਆਂ ਦਾ ਬੋਲ-ਬਾਲਾ ਅਣਹੋਣੀ ਗੱਲ ਨਹੀਂ ਸੀ ਰਹੀ। ਦਸਮੇਸ਼ ਜੀ ਦੀ ਦਿੱਤੀ ਅਣਖ ਤੇ ਬੀਰਤਾ ਪੰਜਾਬੀਆਂ ਦੇ ਦਿਲਾਂ ਵਿੱਚੋਂ ਗਾਇਬ ਹੋ ਗਈ ਸੀ। ਲੋਕ ਏਨੇ ਬੁਜ਼ਦਿਲ ਹੋ ਗਏ ਸਨ ਕਿ ਇੱਕ



Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ ਅਫ਼ਸਰ ਸੈਂਕੜੇ ਭਾਰਤੀਆਂ ਨੂੰ ਭੇਡਾਂ ਵਾਂਗ ਹਿੱਕ ਸਕਦਾ ਸੀ। ਗੁਰੂਆਂ ਦੀ ਬਾਣੀ, 'ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ' ਦੇ ਅਰਥ ਲੋਕ ਭੁੱਲ ਚੁੱਕੇ ਸਨ। ਲੋਕਾਂ ਨੂੰ ਭੁਲੇਖਿਆਂ ਵਿੱਚ ਪਾ ਕੇ ਅਸਲ ਧਾਰਮਿਕ ਪੱਖ ਤੋਂ ਵਾਂਝੇ ਕੀਤਾ ਜਾ ਰਿਹਾ ਸੀ। ਇਤਿਹਾਸ ਵਿਗਾੜੇ ਜਾ ਰਹੇ ਸਨ ਤਾਂ ਕਿ ਲੋਕਾਂ ਵਿੱਚ ਮਤਭੇਦ ਉਤਪੰਨ ਕਰ ਦਿੱਤੇ ਜਾਣ ਅਤੇ ਲੋਕ ਆਪੋ ਵਿੱਚ ਉਲਝ ਕੇ ਆਜ਼ਾਦੀ ਦਾ ਖਿਆਲ ਹੀ ਭੁੱਲ ਜਾਣ। ਆਮ ਜਨਤਾ ਕਿਸਮਤ ਦੇ ਸਹਾਰੇ ਜੀਅ ਰਹੀ ਸੀ। ਪੰਜਾਬ ਦੇ ਅਣਖੀ ਸੂਰਬੀਰ ਸਰਦਾਰ ਜਾਂ ਤਾਂ ਮਾਰ ਦਿੱਤੇ ਗਏ ਸਨ ਜਾਂ ਕੈਦ ਕਰ ਲਏ ਸਨ, ਜਿਹੜੇ ਬਚੇ ਸਨ ਉਹ ਰੂ-ਪੋਸ਼ ਹੋ ਕੇ ਕਿਸੇ ਢੁਕਵੇਂ ਸਮੇਂ ਦੀ ਉਡੀਕ ਕਰ ਰਹੇ ਸਨ। ਗਦਾਰ ਸਿੱਖਾਂ ਨੂੰ ਰਾਹਬਰ ਬਣਾ ਦਿੱਤਾ ਗਿਆ ਸੀ, ਤੇ ਉਹਨਾਂ ਕੋਲੋਂ 'ਯੁੱਗ ਯੁੱਗ ਰਾਜ ਸਵਾਇਆ ਟੋਪੀ ਵਾਲੇ ਦਾ' ਨਗਮਾ ਅਣਭੋਲ ਹੀ ਗਵਾਇਆ ਜਾ ਰਿਹਾ ਸੀ।

ਅੰਗਰੇਜ਼ ਵਪਾਰ ਕਰਨ ਦੀ ਨੀਯਤ ਨਾਲ ਭਾਰਤ ਆਇਆ ਸੀ। ਉਸ ਦਾ ਮਨੋਰਥ ਵੱਧ ਤੋਂ ਵੱਧ ਪੈਸਾ ਲੁੱਟਣਾ ਸੀ। ਭਾਰਤ ਕੱਚੇ ਮਾਲ ਦਾ ਭੰਡਾਰ ਸੀ। ਹਿੰਦ ਵਿੱਚੋਂ ਸਾਡਾ ਕੱਚਾ ਮਾਲ ਵਿਦੇਸ਼ੀ ਮੰਡੀਆਂ ਨੂੰ ਭੋ ਦੇ ਭਾਅ ਜਾਂਦਾ ਸੀ ਅਤੇ ਵਿਦੇਸ਼ੀ ਮੋਹਰ ਲਵਾ ਕੇ ਸਾਨੂੰ ਮਨ ਮਰਜ਼ੀ ਦੇ ਭਾਅ ਵੇਚਿਆ ਜਾਂਦਾ ਸੀ।

ਅੰਗਰੇਜ਼ ਗਊ ਭੱਖੀ ਸੀ ਤੇ ਭਾਰਤ ਵਿੱਚ ਗਊਆਂ ਦੀ ਬਹੁਤਾਤ ਹੋਣ ਕਰਕੇ ਉਹ ਇਸ ਨੂੰ ਆਪਣੇ ਮਕਸਦ ਲਈ ਵਰਤਣਾ ਚਾਹੁੰਦਾ ਸੀ। ਚਮੜੇ ਦੇ ਵਪਾਰ ਦੀਆਂ ਸੰਭਾਵਨਾਵਾਂ ਨੂੰ ਵੇਖਦਿਆਂ ਉਸ ਨੇ ਬੁੱਚੜਖਾਨੇ ਖੋਹਲ ਕੇ ਇੱਕ ਤੀਰ ਨਾਲ ਦੋ ਸ਼ਿਕਾਰ ਕਰ ਲਏ ਸਨ। ਆਪਣੀ ਮਲੇਸ਼ ਭਾਖਿਆ ਦੀ ਪੂਰਤੀ ਅਤੇ ਹਿੰਦੂ ਮੁਸਲਮਾਨ ਵਿੱਚ ਪਾਟਕ।

ਇਤਿਹਾਸ ਵਿਗਾੜ ਕੇ ਭਾਰਤੀਆਂ ਨੂੰ ਭੁੰਬਲਭੂਸੇ ਵਿੱਚ ਪਾ ਦਿੱਤਾ ਗਿਆ ਸੀ ਤਾਕਿ ਉਹ ਆਪਣੇ ਵੱਡਿਆਂ ਦੀਆਂ ਬੀਰ ਗਾਥਾਵਾਂ ਸੁਣ ਕੇ ਪੜ੍ਹ ਕੇ



Sri Satguru Jagjit Singh Ji eLibrary NamdhariElibrary@gmail.com

ਜਾਗ ਨਾ ਪੈਣ। ਆਮ ਜਨਤਾ ਦੀ ਹਾਲਤ ਦਿਨੋਂ ਦਿਨ ਨਿੱਘਰਦੀ ਜਾ ਰਹੀ ਸੀ। ਕਿਸਾਨੀ ਮਾਮਲਾ ਤੱਕ ਦੇਣ ਦੇ ਸਮਰੱਥ ਨਹੀਂ ਸੀ। ਮਜ਼ਬੂਰ ਗਰੀਬਾਂ ਨੂੰ ਸਬਜ਼ਬਾਗ ਵਿਖਾ ਕੇ ਉਹਨਾਂ ਦਾ ਧਰਮ ਤਬਦੀਲ ਕੀਤਾ ਜਾ ਰਿਹਾ ਸੀ। ਈਸਾਈ ਮਿਸ਼ਨਰੀਆਂ  ਖੁੱਲ੍ਹ ਰਹੀਆਂ ਸਨ। ਵਿਦਿਆਕ ਢਾਂਚਾ ਹਕੂਮਤ ਆਪਣੇ ਅਨੁਸਾਰ ਉਸਾਰ ਰਹੀ ਸੀ। ਨਿਆਂ ਪ੍ਰਣਾਲੀ ਦਾ ਬੁਰਾ ਹਾਲ ਸੀ। ਫੈਸਲੇ ਸਚਾਈ ਤੇ ਨਹੀਂ ਵਕੀਲਾਂ ਦੀਆਂ ਦਲੀਲਾਂ ਤੇ ਕੀਤੇ ਜਾਂਦੇ ਸਨ।

ਅਮੀਰ ਐਸ਼ਪ੍ਰਸਤ ਹੋ ਕੇ ਨਸ਼ਿਆਂ ਅਤੇ ਐਬਾਂ ਵਿੱਚ ਗਲਤਾਨ ਹੋ ਗਏ ਸਨ। ਗਰੀਬ ਅੱਤ ਦੀ ਗਰੀਬੀ ਵਿੱਚ ਫਸਿਆ ਦਲਦਲ ਅੰਦਰ ਧਸੇ ਮਨੁੱਖ ਵਾਂਗ ਹੱਥ ਪੈਰ ਮਾਰ ਰਿਹਾ ਸੀ। ਮਧ ਵਰਗ ਜੀ ਤੋੜ ਮਿਹਨਤ ਕਰਕੇ ਆਪਣਾ ਪੇਟ ਪਾਲਣ ਦੇ ਕਾਬਲ ਨਹੀਂ ਸੀ। ਧਰਮ ਦੇ ਅਖਉਤੀ ਠੇਕੇਦਾਰ ਪੰਡਤ ਮੁਲਾਣੇ ਉਹਨਾਂ ਨੂੰ ਭਰਮਾਂ ਦੇ ਜਾਲ ਵਿੱਚ ਫਸਾ ਕੇ ਲੁੱਟ ਰਹੇ ਸਨ। ਸਮਾਜਿਕ ਕੁਰੀਤੀਆਂ ਛਾਲਾਂ ਮਾਰ ਮਾਰ ਕੇ ਆ ਵੜੀਆਂ ਸਨ।

ਨਾਰੀ ਜਾਤੀ ਭਾਰੀ ਅਪਮਾਨ ਵਾਲੀ ਜ਼ਿੰਦਗੀ ਜੀ ਰਹੀ ਸੀ। ਜੰਮਦੀਆਂ ਲੜਕੀਆਂ ਨੂੰ ਮਾਰ ਦਿੱਤਾ ਜਾਂਦਾ ਸੀ। ਇਸ ਕਾਰਨ ਲੜਕੀਆਂ ਨੂੰ ਵੇਚਣਾ, ਵੱਟਾ ਕਰਨਾ ਪ੍ਰਚਲਤ ਹੋ ਗਿਆ ਸੀ, ਜਿਸ ਦੇ ਘਾਤਕ ਨਤੀਜੇ ਆ ਰਹੇ ਸਨ। ਵਿਧਵਾ ਨੂੰ ਵਿਆਹ ਦਾ ਅਧਿਕਾਰ ਨਹੀਂ ਸੀ। ਮਾਈ ਭਾਗੋ ਤੇ ਝਾਂਸੀ ਦੀ ਰਾਣੀ ਵਾਲੀ ਸੋਚ ਮਰ ਚੁੱਕੀ ਸੀ।

ਸਿੱਖ ਰਾਜ ਦਾ ਪਤਨ ਆਮ ਜਨਤਾ ਲਈ ਸਿਰਫ ਗ਼ੁਲਾਮੀ ਲੈ ਕੇ ਨਹੀਂ ਸੀ ਆਇਆ। ਕੁਰੀਤੀਆਂ ਦੀ ਪੰਡ ਵੀ ਖੋਹਲ ਗਿਆ ਸੀ। ਹਰ ਪਾਸੇ ਅਨੈਤਿਕ ਕਾਰਜ ਹੋ ਰਹੇ ਸਨ। ਲੋਕਾਂ ਦਾ ਧਿਆਨ ਅੰਧ ਵਿਸ਼ਵਾਸਾਂ ਵਿੱਚ ਭਟਕਿਆ ਹੋਇਆ ਸੀ। ਉਹ ਕਿਸੇ ਗੈਬੀ ਚਮਤਕਾਰ ਦੀ ਆਸ ਨਾਲ ਮੜ੍ਹੀਆਂ ਮਸਾਣਾਂ ਪੂਜੀ ਜਾ ਰਹੇ ਸਨ।

ਅਜਿਹੀ ਨਿੱਘਰਦੀ ਜਾ ਰਹੀ ਸਮਾਜਿਕ, ਆਰਥਿਕ ਹਾਲ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਹੋਣਾ ਇੱਕ ਚਮਤਕਾਰ ਹੀ ਤਾਂ ਸੀ। ਉਹਨਾਂ ਨੇ ਸਿੱਖ ਰਾਜ ਦੀ ਢਹਿੰਦੀ ਕਲਾ ਆਪਣੇ ਅੱਖੀਂ ਵੇਖੀ ਸੀ। ਪੰਜਾਬ ਦੀ ਸ਼ਾਨ ਨੂੰ ਅੰਗਰੇਜ਼ਾਂ ਦੁਆਰਾ ਮਲੀਆਮੇਟ ਹੁੰਦਾ ਡਿੱਠਾ ਸੀ। ਦਸਮੇਸ਼ ਜੀ ਦੀ ਸਿੱਖੀ ਦਮ ਤੋੜ ਰਹੀ ਸੀ। ਗੁਰਬਾਣੀ ਪੜ੍ਹਨਾ ਵੀਚਾਰਨਾ ਲੋਕ ਭੁੱਲ ਚੁੱਕੇ ਸਨ। ਸ੍ਰੀ ਆਦਿ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਨੂੰ ਆਲਿਆਂ ਵਿੱਚ ਦੀਮਕ ਚੱਟ ਰਹੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਸਾਰੇ ਕਾਸੇ ਵਿਰੁੱਧ ਬੀੜਾ ਚੁੱਕਿਆ। ਸਮਾਜਿਕ, ਧਾਰਮਿਕ ਤੇ ਇਖਲਾਕੀ ਗਿਰਾਵਟ ਨੂੰ ਸਹਾਰਾ ਦੇ ਕੇ ਪੁੰਨ ਖੜ੍ਹਾ ਕੀਤਾ। ਸਿੱਖੀ ਮਾਣ ਮਰਿਯਾਦਾ ਫਿਰ ਤੋਂ ਸਥਾਪਤ ਕੀਤੀ। ਮਰ ਚੁੱਕੀ ਅਣਖ ਨੂੰ ਗੈਰਤ ਦੀ ਪਾਣ ਲਾਈ। ਸਮਾਜ ਦੀ ਬੰਦ ਸੋਚ ਦੇ ਜੰਦਰੇ ਖੋਹਲ ਕੇ ਸਵਤੰਤਰਤਾ ਦਾ ਬਿਗਲ ਫੂਕ ਦਿੱਤਾ। ਜੋ ਸਮਾਜਿਕ ਕੁਰੀਤੀਆਂ ਗ਼ੁਲਾਮ ਜ਼ਹਿਨੀਅਤ ਅਤੇ ਧਾਰਮਿਕ ਗਿਰਾਵਟ ਦੇ ਹੁੰਦਿਆਂ ਸੰਭਵ ਨਹੀਂ ਸੀ।

ਉਹਨਾਂ ਨੇ ੧੨ ਅਪਰੈਲ ੧੮੫੭ ਦੀ ਵੈਸਾਖੀ ਵਾਲੇ ਸ਼ੁਭ ਦਿਹਾੜੇ ਸੰਤ ਖਾਲਸਾ ਸਾਜ ਕੇ ਦਸਮੇਸ਼ ਪਿਤਾ ਦੀ ਸਿੱਖੀ ਨੂੰ ਪੁਨਰ ਸਥਾਪਤ ਕੀਤਾ। ਅੰਮ੍ਰਿਤ ਛਕਾ ਕੇ ਪੰਜ ਪਿਆਰੇ ਸਾਜੇ ਗਏ। ਸਿੱਖਾਂ ਨੂੰ ਕਰਮਕਾਂਡਾਂ ਵਿੱਚੋਂ ਕੱਢਿਆ ਗਿਆ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਉਪਦੇਸ਼ ਤੇ ਪੂਰਨੇ ਪਾਉਂਦੇ ਹੋਏ ਸਿੱਖੀ ਨੂੰ ਨਵ ਜੀਵਨ ਦਿੱਤਾ।

ਦੇਸ਼ ਆਜ਼ਾਦੀ ਦੀ ਪਹਿਲੀ ਜੰਗ ਦਾ ਬਿਗੁਲ ਫੂਕ ਦਿੱਤਾ। ਅੰਗਰੇਜ਼ ਸਰਕਾਰ ਦੇ ਸਮਾਨਅੰਤਰ ਆਪਣੀ ਸਰਕਾਰ ਕਾਇਮ ਕਰ ਲਈ। ਸਾਰੇ ਪੰਜਾਬ ਵਿੱਚ ਬਾਈ ਸੂਬੇ ਥਾਪ ਦਿੱਤੇ ਗਏ। ਅੰਗਰੇਜ਼ ਦੀ ਹਰ ਵਸਤੂ ਦਾ ਸੰਪੂਰਨ ਬਾਈਕਾਟ ਕਰ ਦਿੱਤਾ। ਇਹ ਪਹਿਲਾ ਅਸਹਿਯੋਗ ਅੰਦੋਲਨ ਸੀ ਜਿਸ ਨੂੰ



Sri Satguru Jagjit Singh Ji eLibrary NamdhariElibrary@gmail.com

ਬਾਅਦ ਵਿੱਚ ਮਹਾਤਮਾ ਗਾਂਧੀ ਨੇ ਅਪਣਾਇਆ। ਹਰ ਪ੍ਰਕਾਰ ਦੇ ਨਸ਼ੇ ਤੋਂ ਮੁਕਤ ਕਰਕੇ ਵੱਡੇ ਵੱਡੇ ਰਾਖਸ਼ ਬੁੱਧੀ ਵਾਲੇ ਲੋਕ ਦੇਵਤੇ ਕਰ ਦਿੱਤੇ, ਤੇ ਫਿਰ ਇਸ ਧਰਮ ਤੇ ਸਵਤੰਤਰਤਾ ਸੰਗਰਾਮ ਵਿੱਚ ਜੂਝਦਿਆਂ ਹੋਇਆਂ ਅੰਗਰੇਜ਼ ਦੇ ਅਕਹਿ ਤੇ ਅਸਹਿ ਜ਼ੁਲਮ ਝੱਲਦੇ ਹੋਏ ਖਿੜੇ ਮੱਥੇ ਉਹਨਾਂ ਨੇ ਤੇ ਉਹਨਾਂ ਦੇ ਮਰਜੀਵੜੇ ਪਰਵਾਨਿਆਂ ਨੇ ਅਜ਼ਾਦੀ ਦੀ ਬਲੀ ਵੇਦੀ ਉੱਤੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।

ਅੰਗਰੇਜ਼ ਨੂੰ ਆਪਣਾ ਤਖਤ ਹਿੱਲਦਾ ਦਿਸਿਆ। ਉਸ ਨੇ ਆਪ ਜੀ ਨੂੰ ਸੂਬਿਆਂ ਸਮੇਤ ਦੇਸ ਬਦਰ ਕਰ ਦਿੱਤਾ। ਆਪ ਦੇ ਸੰਤ ਸਿਪਾਹੀਆਂ ਨੂੰ ਫਾਂਸੀਆਂ, ਕਾਲੇ ਪਾਣੀ ਅਤੇ ਸਖਤ ਮੁਸ਼ਕਤੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ। ਪਰ ਉਹ ਅਜ਼ਾਦੀ ਦੀ ਲਾਟ ਨੂੰ ਬੁਝਾ ਨਾ ਸੱਕਿਆ।

ਅੱਜ ਅਸੀਂ ਜੋ ਅਜ਼ਾਦੀ ਮਾਣ ਰਹੇ ਹਾਂ ਉਸ ਦਾ ਮੁੱਢ ਸਤਿਗੁਰੂ ਰਾਮ ਸਿੰਘ ਜੀ ਨੇ ਬੱਧਾ ਸੀ। ਉਸ ਮਹਾਨ ਰਾਹਬਰ ਦਾ ਦੋ ਸੌ ਸਾਲਾ ਪ੍ਰਕਾਸ਼ ਵਰ੍ਹਾ ਅੱਜ ਸਾਰੇ ਭਾਰਤ ਹੀ ਨਹੀਂ ਸੰਸਾਰ ਭਰ ਵਿੱਚ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਹ ਵੇਖ ਕੇ ਮੇਰੇ ਮਨ ਵਿੱਚ ਵੀ ਉਮੰਗ ਜਾਗੀ ਕਿ ਏਨੀ ਮਹਾਨ ਕੀਰਤੀ ਵਾਲੇ ਸਤਿਗੁਰੂ ਦੀ ਮਹਿਮਾ ਦਾ ਬਖਾਨ ਕਰਕੇ ਮੈਂ ਵੀ ਏਸ ਜੱਗ ਵਿੱਚ ਆਪਣਾ ਹਿੱਸਾ ਪਾ ਲਵਾਂ। ਇਸ ਮੇਰੀ ਮਨੋ-ਬਿਰਤੀ ਉੱਤੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ ਸ. ਜਸਵਿੰਦਰ ਸਿੰਘ ਹਿਸਟੋਰੀਅਨ ਜੀ ਨੇ। ਉਹਨਾਂ ਨੇ ਮੇਰੀ ਪੁਸਤਕ ਸਾਚਾ ਸਾਹਿਬ (ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਤੇ ਅਧਾਰਿਤ ਕਾਵਿਕ ਰਚਨਾ ਹੈ) ਪੜ੍ਹੀ ਤੇ ਮੈਨੂੰ ਫੋਨ ਕੀਤਾ ਕਿ ਤੁਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਮਹਾਂ ਕਾਵਿ ਲਿਖੋ। ਮਨ ਨੂੰ ਦਿਸ਼ਾ ਮਿਲ ਗਈ। ਸ੍ਰ. ਸੁਵਰਨ ਸਿੰਘ ਵਿਰਕ ਜੀ ਨਾਲ ਆਪਣੀ ਰਾਇ ਸਾਂਝੀ ਕੀਤੀ, ਤੇ ਕੰਮ ਅਰੰਭ ਦਿੱਤਾ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਕੰਮ ਬੜਾ ਔਖਾ ਹੈ,

ਇਸ ਘਾਟੀ ਵਿੱਚੋਂ ਪਾਰ ਕਰਨ ਵਾਲਾ ਤੂੰ ਹੀ ਹੈਂ। ਸੋ ਕੁਝ ਹੀ ਮਹੀਨਿਆਂ ਵਿੱਚ ਗ੍ਰੰਥ ਸੰਪੂਰਨ ਹੋ ਗਿਆ।

ਮੈਂ ਧੰਨਵਾਦੀ ਹਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਜਿਨ੍ਹਾਂ ਨੇ ਮੇਰੇ ਅੰਦਰ ਵੱਸ ਕੇ ਮੈਥੋਂ ਇਹ ਮੁਸ਼ਕਿਲ ਕਾਰਜ ਹੀ ਨਹੀਂ ਕਰਵਾਇਆ, ਇਸਦੀ ਮਨਜ਼ੂਰੀ ਵੀ ਦਿੱਤੀ।

ਧੰਨਵਾਦੀ ਹਾਂ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਜੀ ਦਾ ਜਿਨ੍ਹਾਂ ਨੇ ਬਾਰ ਬਾਰ ਫੋਨ ਕਰਕੇ ਲਿਖਣ ਲਈ ਪ੍ਰੇਰਿਆ। ਧੰਨਵਾਦੀ ਹਾਂ ਸ੍ਰ. ਸਵਰਨ ਸਿੰਘ ਵਿਰਕ ਜੀ ਦਾ ਜਿਨ੍ਹਾਂ ਨੇ ਸਮੇਂ ਸਮੇਂ ਸਿਰ ਆਪਣੀ ਅਨਮੋਲ ਰਾਇ ਦਿੱਤੀ ਤੇ ਮੇਰਾ ਖਰੜਾ ਪੜ੍ਹਕੇ ਸੁਧਾਰਨ ਦੀ ਵੀ ਕਿਰਪਾ ਕੀਤੀ, ਤੇ ਇਸ ਪੁਸਤਕ ਲਈ ਆਪਣਾ ਕੀਮਤੀ ਸਮਾਂ ਕੱਢ ਕੇ ਦੋ ਸ਼ਬਦ ਵੀ ਲਿਖੇ। ਸੰਤ ਨਿਸ਼ਾਨ ਸਿੰਘ ਜੀ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਸਮੇਂ ਸਮੇਂ ਸੇਧ ਦਿੱਤੀ ਅਤੇ ਸੰਬੰਧਤ ਸਮਗਰੀ ਵੀ ਮੁਹੱਈਆ ਕਰਵਾਈ। ਖਰੜੇ ਨੂੰ ਪੜ੍ਹ ਕੇ ਸੁਧਾਰਿਆ ਤੇ ਗੁਰਬਾਣੀ ਦੀਆਂ ਤੁਕਾਂ ਨੂੰ ਸ਼ੁੱਧ ਕੀਤਾ ਅਤੇ ਮੇਰੀਆਂ ਇਤਿਹਾਸਕ ਭੁੱਲਾਂ ਨੂੰ ਦਰੁਸਤ ਕੀਤਾ।

ਧੰਨਵਾਦੀ ਹਾਂ ਮੇਰੇ ਉਸਤਾਦ ਮਾ. ਅਮਰੀਕ ਸਿੰਘ ਜੀ ਦਾ ਜਿਨ੍ਹਾਂ ਨੇ ਹਮੇਸ਼ਾ ਹੱਲਾਸ਼ੇਰੀ ਦੇ ਕੇ ਤੋਰੀ ਰੱਖਿਆ। ਜਸਵਿੰਦਰ ਸਿੰਘ ਭਿੰਡਰ ਜਿਨ੍ਹਾਂ ਨੇ ਮੈਨੂੰ ਸੰਬੰਧਤ ਪੁਸਤਕਾਂ ਭੇਜੀਆਂ, ਤੇ ਹੋਰ ਬਹੁਤ ਸਾਰੇ ਮਿੱਤਰ ਪਿਆਰਿਆਂ ਦਾ ਜਿਨ੍ਹਾਂ ਦੇ ਸਹਿਯੋਗ ਨਾਲ ਮੈਂ ਇਹ ਕਾਰਜ ਨੇਪਰੇ ਚਾੜ੍ਹ ਸਕਿਆ ਹਾਂ। ਭਾਈ ਸਾਹਿਬ ਹਰਭਜਨ ਸਿੰਘ ਜੀ ਮੈਨੂੰ ਆਪਣੇ ਕੀਮਤੀ ਸੁਝਾਅ ਦਿੰਦੇ ਰਹੇ। ਮੈਂ ਧੰਨਵਾਦੀ ਆਪਣੇ ਪਰਿਵਾਰਕ ਮੈਂਬਰਾਂ ਪਤਨੀ ਜਸਬੀਰ ਕੌਰ, ਪੁੱਤਰ ਕੁਲਦੀਪ ਸਿੰਘ ਤੇ ਨੂੰਹ ਦਵਿੰਦਰ ਕੌਰ ਦਾ ਜਿਨ੍ਹਾਂ ਨੇ ਮੈਨੂੰ ਕਦੇ ਡਿਸਟਰਬ ਨਹੀਂ ਕੀਤਾ ਅਤੇ ਹਮੇਸ਼ਾ ਸਹਿਯੋਗ ਦਿੱਤਾ। ਸਮੁੱਚੀ ਨਾਮਧਾਰੀ ਸਾਹਿਬ ਸਭਾ ਦਾ ਤਾਂ



Sri Satguru Jagjit Singh Ji eLibrary NamdhariElibrary@gmail.com

ਸ਼ੁਕਰਗੁਜ਼ਾਰ ਹਾਂ ਹੀ, ਜਿਨ੍ਹਾਂ ਨੇ ਮੈਨੂੰ ਘੜਿਆ ਤਰਾਸ਼ਿਆ ਅਤੇ ਇਸ ਯੋਗ ਬਣਾਇਆ ਹੈ।

ਇਹ ਮਹਾਂ ਕਾਵਿ ਵਰਗੀ ਔਖੀ ਤੇ ਕਠਿਨ ਘਾਟੀ ਨੂੰ ਸਤਿਗੁਰੂ ਦੇ ਸਹਾਰੇ ਤੋਂ ਬਿਨਾਂ ਪਾਰ ਨਹੀਂ ਕੀਤਾ ਜਾ ਸਕਦਾ, ਦੁਬਾਰਾ ਧੰਨਵਾਦੀ ਹਾਂ। ਤੇ ਆਸ ਕਰਦਾ ਹਾਂ ਕਿ ਉਹ ਮੇਰੀਆਂ ਭੁੱਲਾਂ ਨੂੰ ਨਾ ਚਿਤਾਰਦੇ ਹੋਏ ਏਸੇ ਤਰ੍ਹਾਂ ਮਿਹਰ ਭਰਿਆ ਹੱਥ ਦਾਸ ਦੇ ਸਿਰ ਤੇ ਰੱਖਦੇ ਰਹਿਣਗੇ।


ਲਖਵਿੰਦਰ ਸਿੰਘ ਬਾਜਵਾ

ਪਿੰਡ ਤੇ ਡਾਕ. ਜਗਜੀਤ ਨਗਰ (ਹਰੀਪੁਰਾ)

ਸਿਰਸਾ (ਹਰਿਆਣਾ)-੧੨੫੦੭੫

ਫੋਨ : ੦੯੪੧੬੭੩੪੫੦੬, ੦੭੦੮੨੦੬੩੫੮੧,

੦੧੬੯੮-੨੭੪੦੫੭




. Sri Satguru Jagjit Singh Ji eLibrary NamdhariElibrary@gmail.com .

ਭੁੱਲ ਗਿਆ ਜਾਂ ਨਾਅਰਾ ਸਾਨੂੰ ਜੋ ਅੜਿਆ ਸੋ ਝੜਿਆ।

ਜਦੋਂ ਜ਼ੁਬਾਨ ਅਸਾਡੀ ਉੱਤੇ ਕੁਫ਼ਲ ਵਿਦੇਸ਼ੀ ਜੜਿਆ।

ਜਦੋਂ ਏਕਤਾ ਦੀ ਅੱਡੀ ਤੇ ਚਿੱਟਾ ਬਿਸ਼ੀਅਰ ਲੜਿਆ।

ਬੁਰਿਆਈਆਂ ਦਾ ਭਰ ਦਰਿਆ ਜਦ ਗਲ ਗਲ ਤੀਕਰ ਹੜ੍ਹਿਆ।

ਜਦੋਂ ਅਣਖ ਤੇ ਗੈਰਤ ਵਾਲਾ ਗਿਆ ਮਰਸੀਆ ਪੜ੍ਹਿਆ।

ਜਦੋਂ ਗੁਲਾਮੀ ਦੇ ਖੁੱਡ ਵਿੱਚ ਹਿੰਦੀ ਕੁੱਕੜ ਦੜਿਆ।

ਤੂੰ ਸਵਤੰਤਰਤਾ ਦੀ ਸੋਹਣੀ ਲਾਟ ਬਾਲ ਕੇ ਅੜਿਆ।

ਭਾਰਤ ਦਾ ਇਖਲਾਕ ਦੁਬਾਰਾ ਮੁੱਢੋਂ ਭੰਨ ਕੇ ਘੜਿਆ।



. Sri Satguru Jagjit Singh Ji eLibrary NamdhariElibrary@gmail.com .

## ਅਰਦਾਸ

ਪਹਿਲਾਂ ਇੱਕ ਓਂਕਾਰ ਧਿਆ ਕੇ,

ਫਿਰ ਫਤਹਿ ਵਾਹਿਗੁਰੂ ਬੋਲ।

ਪ੍ਰਿਥਮ ਭਗਉਤੀ ਸਿਮਰ ਦਾ,

ਜੋ ਸ਼ਕਤੀ ਜਾਣ ਅਤੋਲ।

ਫਿਰ ਨਾਨਕ ਨਾਮ ਧਿਆਂਵਦਾ,

ਜਿਸ ਦੱਸਿਆ ਧਰਮ ਅਮੋਲ।

ਗੁਰ ਅੰਗਦ ਦੇਵ ਅਰਾਧੀਏ,

ਜਿਸ ਮੰਨਿਆਂ ਬਚਨ ਕਮਾਲ।

ਲਹਿਣੇ ਤੋਂ ਅੰਗਦ ਕਰ ਲਿਆ,

ਲਾ ਨਾਨਕ ਛਾਤੀ ਨਾਲ।

ਫਿਰ ਅਮਰਦਾਸ ਗੁਰ ਤੀਸਰੇ,

ਨੂੰ ਆਣ ਝੁਕਾਵਾਂ ਸੀਸ।

ਸੇਵਾ 'ਚੋਂ ਮੇਵਾ ਪਾ ਲਿਆ,

ਲੈ ਸਤਿਗੁਰ ਤੋਂ ਬਖਸ਼ੀਸ਼।

ਰਾਮ ਦਾਸ ਗੁਰ ਸਿਮਰੀਏ,

ਹੈ ਉੱਚੀ ਜਿਸ ਦੀ ਸ਼ਾਨ।



. Sri Satguru Jagjit Singh Ji eLibrary NamdhariElibrary@gmail.com .

ਉਸ ਸੁਧਾ ਸਰੋਵਰ ਸਾਜ ਕੇ,

ਬਹੁ ਕੀਤਾ ਕਾਜ ਮਹਾਨ।

ਫਿਰ ਸਿਮਰਾਂ ਅਰਜਨ ਦੇਵ ਗੁਰ,

ਸਿਰਤਾਜ ਸ਼ਹੀਦਾਂ ਜਾਣ।

ਗੁਰ ਬਾਣੀ ਕਰ ਸੰਪਾਦਨਾ,

ਜਿਸ ਬੜਾ ਪਵਾਇਆ ਮਾਣ।

ਵਾਹ ਮੀਰੀ ਪੀਰੀ ਵਾਲੜੇ,

ਗੁਰ ਛੇਵੇਂ ਹਰਗੋਬਿੰਦ।

ਜੋ ਜ਼ਾਲਮ ਖਾਤਰ ਸੂਰਮੇ,

ਤੇ ਭਗਤਾਂ ਲਈ ਬਖਸ਼ਿੰਦ।

ਵਿੱਚ ਸਦਾ ਵਸਾਈਏ ਦਿਲਾਂ ਦੇ,

ਗੁਰ ਹਰ ਰਾਇ ਦੀ ਯਾਦ।

ਕਿ ਜਿਸ ਦਾ ਨਾਮ ਅਰਾਧਿਆਂ,

ਸਦ ਰਹੀਏ ਸ਼ਾਦ ਅਬਾਦ।

ਗੁਰੂ ਹਰਕ੍ਰਿਸ਼ਨ ਧਿਆਈਏ,

ਜਿਸ ਡਿੱਠੇ ਸਭ ਦੁੱਖ ਜਾਏ।

ਜੋ ਗੁੰਗੇ ਦੇ ਸਿਰ ਛਟੀ ਧਰ,

ਗੀਤਾ ਦੇ ਅਰਥ ਕਰਾਏ।

ਗੁਰ ਤੇਗ ਬਹਾਦਰ ਸਿਮਰੀਏ,

ਘਰ ਨੌਂ ਨਿਧ ਆਵੇ ਧਾਇ।

ਉਸ ਚਾਦਰ ਹੋ ਕੇ ਹਿੰਦ ਦੀ,

ਸੀ ਲੀਤਾ ਧਰਮ ਬਚਾਇ।

ਫਿਰ ਯਾਦ ਕਰਾਂ ਦਸਮੇਸ਼ ਨੂੰ,

ਜੋ ਸੂਰਾ ਮਰਦ ਦਲੇਰ।

ਜਿਸ ਪਾਹੁਲ ਪਿਆ ਕੇ ਬਾਟਿਓਂ,

ਕੁੱਲ ਗੀਦੀ ਕੀਤੀ ਸ਼ੇਰ।

ਫਿਰ ਬਾਲਕ ਸਿੰਘ ਗੁਰ ਸਿਮਰੀਏ,

ਜਿਸ ਹਜਰੋਂ ਕੀਤਾ ਧਾਮ।

ਉਸ ਰਾਹ ਵਖਾਇਆ ਧਰਮ ਦਾ,

ਹੱਥ ਜੋੜ ਕਰਾਂ ਪ੍ਰਣਾਮ।

ਫਿਰ ਸਿਮਰਾਂ ਜਾਮਾ ਬਾਹਰਵਾਂ,

ਗੁਰੂ ਰਾਮ ਸਿੰਘ ਸਿਰਮੌਰ।

ਕਲਜੁਗ ਵਿੱਚ ਸਤਜੁਗ ਸਾਜਿਆ,

ਜਾਂ ਉਲਟਾ ਆਇਆ ਦੌਰ।

ਫਿਰ ਹਰੀ ਸਿੰਘ ਸਤਿਗੁਰੂ ਨੂੰ,

ਕੁਝ ਏਦਾਂ ਕਰੀਏ ਯਾਦ।



. Sri Satguru Jagjit Singh Ji eLibrary NamdhariElibrary@gmail.com .

ਜਿਸ ਸਿੱਖੀ ਸੰਕਟ ਵਿੱਚ ਵੀ,

ਸਦ ਰੱਖੀ ਸ਼ਾਦ ਅਬਾਦ।

ਫਿਰ ਵੱਡ ਪ੍ਰਤਾਪੀ ਸਿਮਰੀਏ,

ਜਿਸ ਦਾ ਸੀ ਵਡ ਪ੍ਰਤਾਪ।

ਜਿਸ ਨਾਮ ਜਪਾਇਆ ਰੱਜ ਕੇ,

ਸਭ ਲਾਹੇ ਤਾਪ ਸਰਾਪ।

ਫਿਰ ਸਿਮਰਾਂ ਗੁਰ ਜਗਜੀਤ ਨੂੰ,

ਜੋ ਸਰਬ ਕਲਾ ਸਮਰੱਥ।

ਉਹ ਸਾਚਾ ਸਾਹਿਬ ਸਭਸ ਦਾ,

ਹੈ ਕਥਨੀ ਜਿਦ੍ਹੀ ਅਕੱਥ।

ਨੇ ਧੰਨ ਧੰਨ ਸਤਿਗੁਰ ਉਦੇ ਸਿੰਘ,

ਜੋ ਹਾਜ਼ਰ ਰਹਿਣ ਹਜ਼ੂਰ।

ਅੱਜ ਉਹਨਾਂ ਵਿੱਚੋਂ ਵੇਖੀਏ,

ਸਭ ਗੁਰੂਆਂ ਵਾਲਾ ਨੂਰ।

ਫਿਰ ਸਾਹਿਬਜ਼ਾਦੇ ਸਿਮਰਦਾ,

ਭਰ ਕਲਗੀਧਰ ਦੀ ਫੀਸ।

ਸਨ ਦੇਸ਼ ਕੌਮ ਦੇ ਵਾਸਤੇ,

ਜਿਨ੍ਹਾਂ ਹੱਸ ਹੱਸ ਵਾਰੇ ਸੀਸ।



. Sri Satguru Jagjit Singh Ji eLibrary NamdhariElibrary@gmail.com .

ਫਿਰ ਯਾਦ ਕਰਾਂ ਕੁੱਲ ਸੂਰਮੇ,

ਜੋ ਤੁਰੇ ਤੇਗ ਦੀ ਧਾਰ।

ਹੱਸ ਹੱਸ ਸ਼ਹੀਦੀ ਪਾ ਗਏ,

ਉਹ ਜਾਨ ਧਰਮ ਤੋਂ ਵਾਰ।

ਕਰ ਕਲਮ ਉਠਾਵਾਂ ਨਮਨ ਕਰ,

ਹੱਥ ਰੱਖਣਾ ਉਪਰ ਸੀਸ।

ਲਿਖ ਗੁਰ ਇਤਿਹਾਸ ਸਵਾਰਸਾਂ,

ਗੁਰ ਦੇਵੋ ਸਦ ਬਖਸ਼ੀਸ਼।

ਹੁਣ ਲਾਵਾਂ ਸੋਚ ਉਡਾਰੀਆਂ,

ਹੇ ਸਰਸਵਤੀ ਗੁਣਵਾਨ।

ਹੈ ਤੇਰੇ ਅੱਗੇ ਬੇਨਤੀ,

ਦੇ ਵਿਦਿਆ ਦਾ ਵਰਦਾਨ।

ਦੇ ਤਿੱਖੀ ਰਿਸ਼ਮ ਗਿਆਨ ਦੀ,

ਕਰ ਮਨ ਅੰਦਰ ਪ੍ਰਕਾਸ਼।

ਤੂੰ ਸੱਚੀ ਸੁੱਚੀ ਸੋਚ ਨੂੰ,

ਦੇ ਮਸਤਕ ਵਿੱਚ ਨਿਵਾਸ।

ਬਹੁ ਵੱਡੀ ਤੇਰੀ ਕੀਰਤੀ,



. Sri Satguru Jagjit Singh Ji eLibrary NamdhariElibrary@gmail.com .

ਹੈ ਮਹਾਂ ਭਾਰਤ ਵਿਚਕਾਰ।

ਉਹ ਗੀਤਾ ਬਾਣੀ ਅਮਰ ਦੀ,

ਜਿਸ ਅੰਦਰ ਗਿਆਨ ਭੰਡਾਰ।

ਤੂੰ ਵਿੱਚ ਰਸਾਇਣ ਸਮਾ ਗਈ,

ਬਣ ਸ਼ਰਧਾ ਭਿੱਜੇ ਬੋਲ।

ਉਹ ਚੱਖਣ ਅਮੀਂ ਬਬੇਕ ਦਾ,

ਜੋ ਵਰਕੇ ਲੈਣ ਫਰੋਲ।

ਤੂੰ ਵੇਦਾਂ ਅੰਦਰ ਰਮ ਰਹੀ,

ਜਿਉਂ ਮੱਖਣ ਦੁੱਧ ਵਿਚਕਾਰ।

ਲੈ ਰਿੜਕੇ ਸੋਚ ਮਧਾਣੀਆਂ,

ਫਿਰ ਕੱਢੇ ਤੇਰਾ ਸਾਰ।

ਤੂੰ ਅੰਦਰ ਗੁਰੂ ਗ੍ਰੰਥ ਦੇ,

ਕੁਝ ਏਦਾਂ ਕਰਦੀ ਵਾਸ।

ਹਰ ਰੌਸ਼ਨ ਅੱਖਰ ਕਰ ਦਵੇ,

"ਅਗਿਆਨ ਅੰਧੇਰ ਬਿਨਾਸ"।

ਤੂੰ ਨੀਤੀ ਚਾਣਕਿਆ ਦੀ,

ਤੂੰ ਉਪਨਿਸ਼ਦਾਂ ਦਾ ਸਾਰ।

ਤੂੰ ਨੁਖਸਾ ਆਯੁਰਵੇਦ ਦਾ,



Sri Satguru Jagjit Singh Ji eLibrary NamdhariElibrary@gmail.com

ਹੈਂ ਸਭ ਦੀ ਪ੍ਰਾਣ ਅਧਾਰ।

ਤੂੰ ਨਾਟਕ ਕਾਲੀਦਾਸ ਦੇ,

ਵਿੱਚ ਰੱਚ ਗਈ ਵਾਂਗੂੰ ਨੀਰ।

ਤੂੰ ਸੱਸੀ ਹਾਸ਼ਮ ਸ਼ਾਹ ਦੀ,

ਤੂੰ ਸ਼ਾਹ ਵਾਰਸ ਦੀ ਹੀਰ।

ਤੂੰ ਬਾਈਬਲ ਬਣੀ ਮਸੀਹ ਦੀ,

ਤੂੰ ਪਾਵਨ ਆਇਤ ਕੁਰਾਨ।

ਤੂੰ ਪੈਦਾ ਕਰਦੀ ਸੂਰਮੇ,

ਜਾਂ ਭਗਤ ਸਖੀ ਇਨਸਾਨ।

ਤੂੰ ਬਾਣੀ ਦਸਮ ਗ੍ਰੰਥ ਦੀ,

ਤੂੰ ਹੈਂ ਚੰਡੀ ਦੀ ਵਾਰ।

ਤੂੰ ਸੋਹਣੀ ਰਿਸ਼ਮ ਸਵੇਰ ਦੀ,

ਜੋ ਦੇਂਦੀ ਫਿਜ਼ਾ ਨਿਖਾਰ।

ਤੂੰ ਪੱਕਾ ਕਰੇਂ ਵੀਚਾਰ ਨੂੰ,

ਲਾ ਜ਼ਜਬਾਤਾਂ ਦੀ ਪਾਣ।

ਮਿੱਟੀ ਦਾ ਸੋਨਾ ਕਰਨ ਲਈ,

ਤੂੰ ਅਕਲ ਚੜ੍ਹਾਵੇਂ ਸਾਣ।

ਤੂੰ ਖੋਹਲੇਂ ਗੁੱਝੀਆਂ ਗੁੰਝਲਾਂ।



. Sri Satguru Jagjit Singh Ji eLibrary NamdhariElibrary@gmail.com .

ਫੜ੍ਹ ਉਲਝੀ ਜ਼ੁਲਫ਼ ਸਵਾਰ।

ਤੂੰ ਨੂਰ ਮੁਨਾਰੇ ਵਾਂਗਰਾਂ,

ਕਰਵਾਉਂਦੀ ਭਵ ਜਲ ਪਾਰ।

ਤੂੰ ਖੋਹਲੇਂ ਭੇਦ ਅਗੰਮ ਦੇ,

ਤੂੰ ਦੱਸੇਂ ਜੀਵਨ ਜਾਚ।

ਤੇਰੇ ਹੀ ਛਣਕਣ ਘੁੰਘਰੂ,

ਜਦ ਨੱਚੇ ਕੋਈ ਨਾਚ।

ਤੂੰ ਵਿੱਚ ਕਿਤਾਬਾਂ ਵੱਸਦੀ,

ਤੂੰ ਰਹਿੰਦੀ ਗੁਰੂਆਂ ਕੋਲ।

ਜੋ ਮਿਲ ਕੇ ਨਹੀਂ ਗਵਾਚਦਾ,

ਤੂੰ ਉਹ ਹੀਰਾ ਅਨਮੋਲ।

ਤੂੰ ਤੀਜਾ ਨੇਤਰ ਖੋਹਲਦੀ,

ਜੋ ਕਰਦਾ ਅੰਦਰ ਲੋਅ।

ਤੂੰ ਮਨੋ ਵਿਕਾਰਾਂ ਵਾਲੜੇ,

ਸਭ ਬੂਹੇ ਦੇਂਦੀ ਢੋਅ।

ਤੂੰ ਅੱਖਰ ਇੱਕ ਓਂਕਾਰ ਦਾ,

ਤੂੰ ਹੈਂ ਕਲਮਾਂ ਦੀ ਜਾਨ।

ਇਹ ਵੱਸੇ ਤੇਰੇ ਆਸਰੇ,

ਅੱਜ ਸੋਹਣਾ ਜਾਨ ਜਹਾਨ।

ਪਾ ਅੱਖੀਂ ਅੰਜਨ ਅਕਲ ਦਾ,

ਕੁਝ ਲੱਭਾਂ ਰਿਸ਼ਮ ਗਿਆਨ।

ਦੇ ਸ਼ਕਤ ਇਕਾਗਰਤਾ ਦੀ,

ਨਾ ਭਟਕੇ ਜਰਾ ਧਿਆਨ।

ਮੈਂ ਤੇਰੇ ਏਸ ਖਜ਼ਾਨਿਓਂ,

ਕੁਝ ਟੋਲ ਕੀਮਤੀ ਲਾਲ।

ਲੈ ਸੁੰਦਰ ਹਾਰ ਪ੍ਰੋ ਦਿਆਂ,

ਕੁਝ ਐਸੀ ਕਰੀਂ ਕਮਾਲ।

ਕੁਝ ਜੋੜਾਂ ਲਫ਼ਜ਼ ਸੁਚੱਜੜੇ,

ਸਭ ਹੋਵਣ ਹੱਲ ਸੁਆਲ।

ਜੋ ਵੰਡਣ ਚਾਨਣ 'ਬਾਜਵਾ'।

ਨਾ ਬ੍ਰਿਥਾ ਜਾਏ ਘਾਲ।

# ਪੰਜਾਬ ਦੀ ਧਰਤ

ਇਹ ਸੋਹਣੀ ਧਰਤ ਪੰਜਾਬ ਦੀ, ਹੈ ਸਰਬ ਗੁਣਾਂ ਦੀ ਖਾਣ।

ਨੇ ਚਰਨ ਛੁਹਾਏ ਸਤਿਗੁਰਾਂ, ਤੇ ਫੂਕੇ ਆਪ ਪ੍ਰਾਣ।

ਏਥੇ ਰਿਸ਼ੀ ਮੁਨੀ ਤਪੱਸਵੀ, ਨੇ ਗਏ ਸਾਧਨਾ ਸਾਧ।

ਪਾ ਨਦੀਆਂ ਕੰਢੇ ਆਸ਼ਰਮ, ਬਹਿ ਸੱਚਾ ਸਾਹਿਬ ਅਰਾਧ।

ਇਸ ਧਰਤੀ ਉੱਤੇ ਕ੍ਰਿਸ਼ਨ ਜੀ, ਬਹੁ ਕੀਤਾ ਕਾਜ ਅਗਾਧ।

ਰਚ ਗੀਤਾ ਬਾਣੀ ਅਮਰ ਦੀ, ਕਰ ਅਰਜਨ ਸੰਗ ਸੰਵਾਦ।

ਸੀ ਏਥੇ ਹੀ ਉਹ ਤਕਸ਼ਿਲਾ, ਜੋ ਵਿਦਿਆ ਲਈ ਵਿਸ਼ੇਸ਼।

ਸੀ ਧੁੰਮ ਧੁਮਾਈ ਇਲਮ ਦੀ, ਉਸ ਅੰਦਰ ਦੇਸ਼ ਵਿਦੇਸ਼।

ਇਹ ਸਰਸਵਤੀ ਤੋਂ ਲੈ ਕੇ, ਤੇ ਸਿੰਧ ਨਦੀ ਵਿਚਕਾਰ।

ਜੋ ਆਖਣ ਧਰਤ ਪੰਜਾਬ ਦੀ, ਹੈ ਉੱਘੀ ਵਿੱਚ ਸੰਸਾਰ।

ਨਿੱਤ ਗਾਵਣ ਗੀਤ ਸਵਾਣੀਆਂ, ਇਹ ਰੰਗਲਾ ਦੇਸ਼ ਪੰਜਾਬ।

ਜਿਓਂ ਫੁੱਲਾਂ ਵਿੱਚੋਂ ਸੋਂਵ੍ਹਦਾ, ਹੈ ਸੁੰਦਰ ਫੁੱਲ ਗੁਲਾਬ।

ਬਹੁ ਜਰਖੇਜ਼ ਜ਼ਮੀਨ ਇਹ, ਅੰਨ ਧਨ ਦੇ ਭਰੇ ਭੰਡਾਰ।

ਹੈ ਚੱਪਾ ਚੱਪਾ ਟਹਿਕਦਾ, ਤੇ ਥਾਂ ਥਾਂ ਖਿੜੀ ਬਹਾਰ।

ਨੇ ਮੱਝਾਂ ਕੁੰਢੀਆਂ  ਬੂਰੀਆਂ, ਹੈ ਦੁੱਧ ਘਿਓ ਦੀ ਖਾਣ।

ਸੌ ਦਾਰੂ ਤੇ ਇੱਕ ਘਿਓ, ਬਣਿਆ ਹੈ ਤਦੇ ਅਖਾਣ।

ਮਾਂ ਬਰਾਬਰ ਗਊ ਨੂੰ, ਹੈ ਮਿਲਦਾ ਜਿੱਥੇ ਮਾਣ।



. Sri Satguru Jagjit Singh Ji eLibrary NamdhariElibrary@gmail.com .

ਕਾਮਧੇਨ ਦੀਆ ਬੱਚੀਆਂ, ਨੂੰ ਪੂਜੇ ਹਿੰਦੋਸਤਾਨ।

ਹੈ ਪਾਣੀ ਪੰਜ ਦਰਿਆ ਦਾ, ਇਹ ਅਮੀਓਂ ਤੇ ਅਕਸੀਰ।

ਪੀ ਪੈਦਾ ਹੋਵਣ ਸੂਰਮੇ, ਹੈ ਇਸ ਦੀ ਖਾਸ ਤਾਸੀਰ।

ਜਿੱਥੇ ਪੋਰਸ ਰਾਜੇ ਹਾਰ ਕੇ, ਵੀ ਲਿਆ ਸਿਕੰਦਰ ਜਿੱਤ।

ਨੇ ਡੌਲੇ ਲੋਹੇ ਵਾਂਗਰਾਂ, ਤੇ ਸ਼ੀਸ਼ੇ ਵਰਗੇ ਚਿੱਤ।

ਜਦ ਬਾਬਰ ਧਾਇਆ ਕਾਬਲੋਂ, ਤੇ ਆਇਆ ਹਿੰਦੋਸਤਾਨ।

ਬਾਬਰ ਬਾਣੀ ਫਿਰ ਗਈ, ਉਸ ਕੀਤਾ ਮੁਲਕ ਵੈਰਾਨ।

ਗੁਰ ਨਾਨਕ ਨਾਹਰਾ ਮਾਰਿਆ, ਜਾਂ ਪੈਂਦੀ ਵੇਖੀ ਮਾਰ।

ਆਇਆ ਤੈਂ ਕੀ ਦਰਦ ਨਾ, ਉਸ ਪੁੱਛਿਆ ਹੇ ਕਰਤਾਰ?

ਬਾਬਰ ਦੇ ਸੰਗ ਓਸ ਨੇ, ਕਰ ਕਰ ਕੇ ਤਰਕ ਵਿਸ਼ੇਸ਼।

ਦੱਸਿਆ ਰਸਤਾ ਧਰਮ ਦਾ, ਤੂੰ ਇਸ ਤੇ ਚੱਲ ਹਮੇਸ਼।

ਬਣਿਆ ਰਹੁ ਤੂੰ ਬਾਦਸ਼ਾਹ, ਭਾਵੇਂ ਮੁਸਲਮਾਨ।

ਕਿੰਨਾ ਚੰਗੈ ਵਹਿਸ਼ੀਓਂ, ਬਣ ਜਾਵੇਂ ਇਨਸਾਨ।

ਬਾਦਸ਼ਾਹਾਂ ਸੰਗ ਸੋਭਦਾ, ਬਾਦਸ਼ਾਹਾਂ ਦਾ ਵੈਰ।

ਬੇ-ਦੋਸ਼ਾਂ ਨੂੰ ਮਾਰ ਕੇ, ਬੁਰਾ ਕਮਾਉਣਾ ਕਹਿਰ।

ਬੀਜ ਬੀਜਿਆ ਫੁੱਟ ਦਾ, ਹੋ ਜੈ ਚੰਦ ਜਦੋਂ ਗਦਾਰ।

ਫਿਰ ਗੜਾ ਜ਼ੁਲਮ ਦਾ ਵੱਸਿਆ, ਭਾਰਤ ਤੇ ਮੋਹਲੇ ਧਾਰ।

ਜੜ੍ਹਾਂ ਅਜ਼ਾਦੀ ਦੀਆਂ ਵਿੱਚ, ਖੁਦ ਦੇਵਣ ਲੱਗਾ ਤੇਲ।

ਉਸ ਆਪ ਪਵਾਈ ਸੱਦ ਕੇ, ਸੀ ਆਪਣੇ ਨੱਕ ਨੁਕੇਲ।

ਫਿਰ ਗਜਨੀ ਚੜ੍ਹਿਆ ਗੱਜ ਕੇ, ਉਸ ਮੁਲਕ ਕੀਤਾ ਵੈਰਾਨ।

ਕਲ ਨਾਰਦ ਡੌਰੂ ਵਾਹਿਆ, ਪਿਆ ਖੌਰੂ ਪਾਏ ਸ਼ੈਤਾਨ।

ਜਦ ਰਾਜ ਪਿਆਰੇ ਰਾਜਿਆਂ, ਤੇ ਦੁਪਰਿਆਰੇ ਵੀਰ।

ਓਥੇ ਗ਼ੈਰਾਂ ਦਾ ਦਾਅ ਲੱਗਦਾ, ਤੇ ਉਲਟਾ ਵਹਿੰਦਾ ਨੀਰ।

ਫਿਰ ਮੁਗ਼ਲਾਂ ਅੰਦਰ ਹਿੰਦ ਦੇ, ਜਾਂ ਲੀਤੇ ਪੈਰ ਜਮਾ।

ਉਹ ਸੱਤ ਪੀੜ੍ਹੀਆਂ ਆਖਦੇ, ਇੰਜ ਚੱਲੇ ਰਾਜ ਕਮਾ।

ਪਰ ਫੇਰ ਔਰੰਗਾ ਜੰਮਿਆਂ, ਲੈ ਗੁੜ੍ਹਤੀ ਜ਼ੁਲਮੀ ਕਾਰ।

ਉਸ ਦਿੱਤੇ ਭਾਈ ਆਪਣੇ ਸਨ, ਸਣੇ ਪਿਓ ਦੇ ਮਾਰ।

ਉਸ ਕਾਂਗ ਜ਼ੁਲਮ ਦੀ ਚਾੜ੍ਹ ਕੇ, ਕੁੱਲ ਹਿੰਦੂ ਦਿੱਤੇ ਰੋੜ੍ਹ।

ਫਿਰ ਭਾਰਤ ਦੇ ਹਰ ਅੰਗ ਤੇ, ਆ ਫਿਰਕੂ ਪਲਿਆ ਕੋੜ੍ਹ।

ਉਸ ਝੋਈ ਚੱਕੀ ਜ਼ੁਲਮ ਦੀ, ਸਭ ਹਿੰਦੂ ਦਿੱਤੇ ਪੀਸ।

ਤਾਂ ਤੇਗ ਬਹਾਦਰ ਸਤਿਗੁਰੂ ਨੂੰ, ਪਿਆ ਚੜ੍ਹਾਉਣਾ ਸੀਸ।

ਫਿਰ ਉੱਠਿਆ ਪੁਰੀ ਅਨੰਦ 'ਚੋਂ, ਇੱਕ ਸੂਰਾ ਮਰਦ ਮਹਾਨ।

ਉਸ ਹੱਥ ਫੜੀ ਸ਼ਮਸ਼ੀਰ ਸੀ, ਧਰ ਮੋਢੇ ਤੀਰ ਕਮਾਨ।

ਉਸ ਵੱਡਾ ਜੱਗ ਅਰੰਭਿਆ, ਮੇਟਣ ਲਈ ਪਾਪਾਚਾਰ।

ਜਿਸ ਵਿੱਚ ਅਹੂਤੀ ਪਾ ਕੇ, ਉਸ ਵਾਰ ਦਿੱਤਾ ਪ੍ਰੀਵਾਰ।

ਫਿਰ ਉਸ ਦਾ ਅੰਮ੍ਰਿਤ ਪੀ ਕੇ, ਦੋ ਉੱਠੇ ਮਰਦ ਦਲੇਰ।

ਇੱਕ ਮਹਾਰਾਜਾ ਰਣਜੀਤ ਸਿੰਘ, ਤੇ ਦੂਜਾ ਨਲੂਆ ਸ਼ੇਰ।

ਫਿਰ ਉਹਨਾਂ ਪਕੜ ਪੰਜਾਬ ’ਚੋਂ, ਜਰਵਾਣੇ ਕੱਢੇ ਬਾਹਰ।

ਲੈ ਦਿੱਤਾ ਰਾਜ ਪੰਜਾਬੀਆਂ, ਤਾਈਂ ਤੇਗਾਂ ਮਾਰ।

ਘਟ ਗਿਆ ਰਣਜੀਤ ਦਾ, ਇੰਜ ਘਟਦਾ ਘਟਦਾ ਤੇਜ।

ਤੇ ਆਖਰ ਦੇ ਵਿੱਚ ਸੌਂ ਗਿਆ, ਉਹ ਜਦੋਂ ਮੌਤ ਦੀ ਸੇਜ।

ਫਿਰ ਉਸੇ ਦੇ ਦਰਬਾਰੀਆਂ, ਨੇ ਛੇੜੀ ਖਾਨਾ ਜੰਗ।

ਤੇ ਫਿੱਕੇ ਹੋਣ ਪੰਜਾਬ ਦੇ, ਕੁਝ ਲੱਗੇ ਏਦਾਂ ਰੰਗ।

ਜਿਸ ਕੀਤਾ ਹਿਤ ਰਣਜੀਤ ਦਾ, ਉਹ ਝੱਟ ਬੁਲਾਇਆ ਪਾਰ।

ਜਾ ਭੇਟ ਚੜ੍ਹਾਇਆ ਤੇਗ ਦੀ, ਫਿਰ ਉਸੇ ਦਾ ਪ੍ਰੀਵਾਰ।

ਹੋ ਤਾਜ ਤਖਤ ਦੇ ਲਾਲਚੀ, ਨੇ ਭੁੱਲੇ ਫ਼ਰਜ਼ ਤਮਾਮ।

ਕਿੰਜ ਉਸੇ ਦੇ ਸਰਦਾਰ ਹੀ, ਕੁਝ ਹੋਏ ਨਮਕ ਹਰਾਮ।

ਖਾਧਾ ਜਿਹੜੇ ਥਾਲ ਵਿੱਚ, ਉਸੇ ਵਿੱਚ ਕੀਤਾ ਛੇਕ।

ਤੇ ਝੁੱਗਾ ਉਹਦਾ ਸਾੜਿਆ, ਉਸੇ ਦੀ ਧੂਣੀ ਸੇਕ।

ਪਰ ਦੁਨੀਆਂ ਉੱਤੇ ਇਹ ਨਾ, ਅੱਜ ਹੋਇਆ ਪਹਿਲੀ ਵੇਰ।

ਸਭ ਗਿੱਦੜ ਪੂਛਾਂ ਚੁੱਕਦੇ, ਜਦ ਮਰ ਜਾਂਦਾ ਏ ਸ਼ੇਰ।

ਤੇ ਉਦੋਂ ਭੁੱਖੇ ਨੀਤ ਦੇ ਕੁਝ ਪੈਦਾ ਹੋਣ ਗਦਾਰ।

ਜੋ ਨਿਜੀ ਸਵਾਰਥ ਸਾਧਦੇ ਨੇ, ਫੁੱਟ ਦੇ ਬੀਜ ਖਿਲਾਰ।

ਫਿਰ ਘਰ ਦੇ ਭੇਤੀ ਦੋਸਤੋ ਖੁਦ ਲੰਕਾ ਕਰਨ ਤਬਾਹ।

ਪਾ ਵੈਰੀ ਦੇ ਸੰਗ ਦੋਸਤੀ ਸਭ ਦੱਸਣ ਘਰ ਦੇ ਰਾਹ।

ਇਸ ਸੋਨ ਚਿੜੀ ਨੂੰ ਆਣਕੇ ਫੜ੍ਹ ਲੈਂਦੇ ਭੁੱਖੇ ਬਾਜ।

ਫਿਰ ਆਪਣਿਆਂ ਤੋਂ ਖੋਹ ਕੇ ਸਿਰ ਗੈਰ ਸਜਾਵਣ ਤਾਜ।

ਫਿਰ ਖੂਨ ਪੀਣ ਕਲਜੋਗਣਾਂ ਰੱਜ ਖਾਵਣ ਮਾਨਸ ਮਾਸ।

ਰੂਹ ਧਰਤੀ ਮਾਂ ਦੀ ਕੰਬਦੀ ਕੁਝ ਐਸਾ ਵਧੇ ਤ੍ਰਾਸ।

ਅੰਬਰ ਨੂੰ ਜਾਂਦੀ ਚੀਰਦੀ ਜਾਂ ਮਜ਼ਲੂਮਾਂ ਦੀ ਚੀਕ।

ਮੁੜ ਜੰਮਦਾ ਕੋਈ ਸੂਰਮਾ ਲੈ ਅੰਬਰੋਂ ਸ਼ਕਤ ਵਧੀਕ।

ਉਹ ਕੰਡੇ ਕੁੱਖ ਬੁਹਾਰ ਕੇ ਸਭ ਨਵੇਂ ਸਜਾਉਂਦਾ ਰਾਹ।

ਉਹ ਪੈਦਾ ਕਰਦਾ ਦਿਲਾਂ ਵਿੱਚ ਮੁੜ ਨਵ ਜੀਵਨ ਦੀ ਚਾਹ।

ਉਹ ਦੱਬੀ ਕੁਚਲੀ ਅਣਖ ਨੂੰ ਕੁਝ ਏਦਾਂ ਦੇਂਦਾ ਪਾਣ।

ਉਹ ਖੁੰਡੀ ਹੋਈ ਜ਼ਮੀਰ ਨੂੰ ਮੁੜ ਲਾ ਦੇਂਦਾ ਏ ਸਾਣ।

ਉਹ ਭੁੱਲੇ ਹੋਏ ਸਮਾਜ ਨੂੰ ਮੁੜ ਦੱਸਦਾ ਜੀਵਨ ਜਾਚ।

ਕਰ ਪੈਦਾ ਕਦਰਾਂ ਕੀਮਤਾਂ ਜੋ ਗਈਆਂ ਕਦੇ ਗਵਾਚ।

ਉਹ ਫੇਰ ਸੁਤੰਤਰ ਜੀਣ ਦੀ ਚਾਹ ਕਰਦਾ ਦਿਲੀਂ ਅਬਾਦ।

ਉਹ ਮੰਤਰ ਜਾਂਦਾ ਦੱਸ ਕੇ ਕਿੰਜ ਹੁੰਦਾ ਦੇਸ਼ ਅਜ਼ਾਦ।

ਇੰਜ ਭੈਣੀ ਅੰਦਰ ਭੇਜਿਆ ਕਾਦਰ ਇੱਕ ਮਰਦ ਵਿਸ਼ੇਸ਼।

ਜਿਸ ਕੱਟੇ ਆ ਕੇ 'ਬਾਜਵਾ' ਧਰਤੀ ਦੇ ਕੁੱਲ ਕਲੇਸ਼।



. Sri Satguru Jagjit Singh Ji eLibrary NamdhariElibrary@gmail.com .

## ਕਾਂਡ - ੧

ਟਿੱਬੇ ਮੋਟੀ ਰੇਤ ਦੇ, ਉੱਚੇ ਨੀਵੇਂ ਜਾਣ।

ਉੱਤੇ ਫਸਲਾਂ ਸੋਹਣੀਆਂ, ਛੱਡੇ ਤੰਬੂ ਤਾਣ।

ਸਰੋਂ ਖਿੜੀ ਵਿੱਚ ਜੂਹ ਦੇ, ਬੰਨ੍ਹੇ ਸੋਹਣਾ ਰੰਗ।

ਪੀਲੀਆਂ ਪੱਗਾਂ ਬੰਨ੍ਹ ਕੇ, ਚਾੜ੍ਹਨ ਲੋਕ ਪਤੰਗ।

ਪੀਲੇ ਭੋਸ਼ਣ ਪਾ ਕੇ, ਕੁੜੀਆਂ ਕਿਕਲੀ ਪਾਉਣ।

ਆਈ ਅੱਜ ਬਸੰਤ ਹੈ, ਸਾਡੇ ਵਿਹੜੇ ਗਾਉਣ।

ਨਿੰਮ ਧਰੇਕਾਂ ਫੁੱਲੀਆਂ, ਖਿੜੇ ਬਸੰਤੀ ਫੁੱਲ।

ਵਗੇ ਸਮੀਰ ਸੁਹਾਵਣੀ, ਮਹਿਕੀ ਖ਼ਲਕਤ ਕੁੱਲ।

ਭਿੰਨੀ ਭਿੰਨੀ ਮਹਿਕ ਹੈ, ਜਾਪੇ ਲੋ ਮਲਿਆਨ।

ਕਿਸ ਦੀ ਕਰਦੀ ਆਰਤੀ, ਸ਼ੈਲ ਬਸੰਤ ਜਵਾਨ।

ਬਾਗੀਂ ਬੋਲਣ ਬੁਲਬੁਲਾਂ, ਭੌਰੇ ਗਾਉਣ ਹਿੰਡੋਲ।

ਫੁੱਲਾਂ ਦੇ ਸੰਗ ਤਿਤਲੀਆਂ, ਕਰਦੀਆਂ ਫਿਰਨ ਕਲੋਲ।

ਗੇਂਦਾ ਦਾਊਦੀ ਫੁੱਲਿਆ, ਖਿੜੀ ਚਮੇਲੀ ਆਬ।

ਮਹਿਕਾਂ ਫਿਰੇ ਬਿਖੇਰਦਾ, ਚੰਬਾ ਅਤੇ ਗੁਲਾਬ।

ਖੇੜੇ ਲੱਦੀਆਂ ਡਾਲੀਆਂ, ਚਮਕਣ ਸੋਨੇ ਵਾਂਗ।

ਕਾਮਦੇਵ ਤੇ ਰੱਤੀ ਨੇ, ਧਰਿਆ ਸੋਹਣਾ ਸਾਂਗ।



. Sri Satguru Jagjit Singh Ji eLibrary NamdhariElibrary@gmail.com .

ਨੂਰ ਬਰਸਿਆ ਜ਼ਿਮੀਂ ਤੇ, ਖਿੜਿਆ ਪਿਆ ਅਕਾਸ਼।

ਓਹੋ ਭਰੇ ਸੁਗੰਧੀਆਂ, ਜਿਹੜਾ ਆਏ ਸਵਾਸ।

ਨਾਲ ਹੈਰਾਨੀ ਵੇਖਦੇ, ਕੈਸਾ ਚੜ੍ਹੇ ਸਰੂਰ।

ਖਲਕਤ ਡਿੱਠਾ ਆਂਵਦਾ, ਕਿਤੋਂ ਅਨੋਖਾ ਨੂਰ।

ਛੋਟਾ ਜਿਹਾ ਗ੍ਰਾਮ ਹੈ, ਘਰ ਕੱਚੇ ਖਪਰੈਲ।

ਐਪਰ ਸਭ ਲਿੱਪੇ ਪੁੱਤੇ, ਕਰਕੇ ਬੜਾ ਖਿਆਲ।

ਪੁੱਛਣ ਹਰੀਆਂ ਡਾਲੀਆਂ, ਕਿ ਘਰ ਆਇਐ ਕੌਣ?

ਖੁਸ਼ਬੂਆਂ ਪਈ ਵੰਡਦੀ, ਫਿਰੇ ਅਨੋਖੀ ਪੌਣ।

ਵਿਹੜਾ ਕਿਰਤੀ ਇੱਕ ਦਾ, ਅੱਜ ਅਨੋਖਾ ਜਾਣ।

ਭਰਿਆ ਚਾਨਣ ਨਾਲ ਹੈ, ਰਿਸ਼ਮਾਂ ਅੰਦਰੋਂ ਆਣ।

ਮਾਲਕ ਏਸੇ ਘਰ ਦਾ, ਕਰੇ ਲੋਹਾਰਾ ਕਾਰ।

ਸ਼ਾਇਦ ਭੱਠੀ ਤਾਅ ਕੇ, ਤਿੱਖੇ ਕਰੇ ਔਜਾਰ।

ਪਰ ਇਹ ਉਹ ਨਾ ਰੌਸ਼ਨੀ, ਇਹ ਤਾਂ ਰੱਬੀ ਨੂਰ।

ਮੂਸਾ ਨੇ ਜੋ ਵੇਖਿਆ, ਸੀ ਉੱਤੇ ਕੋਹਤੂਰ।

ਪਾਪ ਧਰਤ ਦੇ ਮੇਟਣੇ, ਵਧੇ ਧਰਮ ਦੀ ਸ਼ਾਨ।

ਆਪ ਜਿਮੀਂ ਤੇ ਆ ਗਿਆ, ਰੂਪ ਧਾਰ ਭਗਵਾਨ।

ਮਿਲਣ ਵਧਾਈਆਂ ਲੱਗੀਆਂ, ਲਾਗੀ ਆ ਆ ਬਹਿਣ।

ਜੱਸੇ ਦੇ ਘਰ ਵੱਸਿਆ, ਮੀਂਹ ਖੁਸ਼ੀਆਂ ਦਾ ਕਹਿਣ।

ਸਦਾ ਕੌਰ ਦੀ ਗੋਦ ਵਿੱਚ, ਹੈ ਹੀਰਾ ਕੋਹਨੂਰ।

ਜਿਸ ਦੇ ਉੱਤੇ ਜੱਗ ਤੋਂ, ਵੱਖਰਾ ਆਖਣ ਨੂਰ।

ਹਰ ਕੋਈ ਇਹ ਆਖਦਾ, ਜਿਹੜਾ ਲਵੇ ਨਿਹਾਰ।

ਚੰਨ ਚੌਧਵੀਂ ਰਾਤ ਦਾ, ਰਿਸ਼ਮਾਂ ਰਿਹੈ ਖਿਲਾਰ।

ਅੱਜ ਬਸੰਤ ਪੰਚਵੀਂ, ਲੋਕੀਂ ਪਏ ਮਨਾਉਣ।

ਰਾਗੀ ਰਾਗ ਬਸੰਤ ਵਿੱਚ, ਗੁਰਬਾਣੀ ਸ਼ੁਭ ਗਾਉਣ।

ਅਠਾਰਾਂ ਸੌਂ ਬਹੱਤਰਾ, ਵੀਰਵਾਰ ਦਾ ਵਾਰ।

ਮਾਘ ਸੁਦੀ ਸੀ ਪੰਚਵੀਂ, ਧਾਰ ਲਿਆ ਅਵਤਾਰ।

ਚਾਰ ਚੁਫੇਰੇ 'ਬਾਜਵਾ', ਲੈ ਫੁੱਲਾਂ ਦੇ ਹਾਰ।

ਕੁਦਰਤ ਕਰਦੀ ਆਰਤੀ, ਸੋਹਣਾ ਥਾਲ ਸਵਾਰ।

## ਬਚਪਨ

ਹੋਣ ਹਾਰ ਬ੍ਰਿਵਾਨ ਦੇ, ਚਿਕਨੇ ਚਿਕਨੇ ਪਾਤ।

ਚੱਕਰ ਚਿਹਨ ਵੇਖ ਕੇ, ਹਰਸ਼ੇ ਮਾਤਾ ਤਾਤ।

ਸੱਚੇ ਦੇ ਵਿੱਚ ਢਾਲਿਆ, ਜੁੱਸਾ ਹੁੰਦੜ ਹੇਲ।

ਵਿਹੜੇ ਦੇ ਵਿੱਚ ਵਿਚਰਦੇ, ਕਰਨ ਅਨੋਖੇ ਖੇਲ।

ਸੁਣ ਪਿਆਰੇ ਤੋਤਲੇ, ਬੋਲ ਨਾ ਰੱਜਣ ਕੰਨ।

ਮਸਤਕ ਉੱਤੇ ਡਲ੍ਹਕਦਾ, ਜਾਪੇ ਪੂਰਾ ਚੰਨ।

ਜਿਓਂ ਲੋਹੇ ਦੇ ਕਣਾਂ ਨੂੰ, ਖਿੱਚੇ ਮਿਕਨਾਤੀਸ।

ਏਦਾਂ ਨਿਗਾਹ ਹਰੇਕ ਦੀ, ਕੀਲ ਲਵੇ ਜਗਦੀਸ਼।

ਅੱਖਾਂ ਰੱਜਣ ਵੇਖ ਨਾ, ਉਹ ਸੋਹਣੀ ਤਸਵੀਰ।

ਨੈਣ ਸਰੋਵਰ ਨਿੱਤਰੇ, ਜਿੱਦਾਂ ਨਿਰਮਲ ਨੀਰ।

ਖੁੱਲ੍ਹੀਆਂ ਕੋਮਲ ਬੁੱਲ੍ਹੀਆਂ, ਕੰਵਲ ਜਿਵੇਂ ਵਿੱਚ ਤਾਲ।

ਸੁੰਦਰ ਵੱਧ ਗੁਲਾਬ ਤੋਂ, ਕਿਸ ਦੀ ਦਿਆਂ ਮਿਸਾਲ।

ਵਾਂਗ ਸੇਬ ਕਸ਼ਮੀਰ ਦੇ, ਲਾਲ ਨਿਸ਼ੋਹ ਰੁਖ਼ਸਾਰ।

ਸ਼ਰਮ ਨਾਲ ਸ਼ਰਮਾ ਗਈ, ਨੱਕ ਵੇਖ ਤਲਵਾਰ।

ਚਮਕ ਗਵਾਈ ਦਾਮਨੀ, ਤੱਕ ਮਸਤਕ ਦਾ ਨੂਰ।

ਤੇਜ ਇਲਾਹੀ ਵੇਖ ਕੇ, ਮਾਤ ਪਿਆ ਕੋਹਤੂਰ।

ਸੌ ਸੌ ਕੁੰਡਲ ਮਾਰਦੇ, ਸਿਰ ਤੇ ਕਾਲੇ ਕੇਸ।

ਪਏ ਕਰਨ ਅਠਖੇਲੀਆਂ, ਅੰਦਰ ਬਾਲ ਵਰੇਸ।

ਠੋਡੀ ਕਿੰਗਰਾ ਸਵਰਗ ਦਾ, ਵਾਂਗ ਸੁਰਾਹੀ ਧੌਣ।

ਜਾਪਣ ਨਾਲੀ ਕਮਲ ਦੀ, ਬਾਹਾਂ ਜਾਂ ਲਮਕੌਣ।

ਵੱਖੀ ਦੇ ਵਿੱਚ ਚਮਕਦਾ, ਭ੍ਰਿਗੁਲਤਾ ਦਾ ਦਾਗ।

ਚਰਨ ਕਮਲ ਵਿੱਚ ਪਦਮ ਹੈ, ਉੱਤਮ ਦੱਸੇ ਭਾਗ।

ਜਾਪੇ ਵਿਹੜੇ ਨੰਦ ਦੇ, ਖੇਡੇ ਨੰਦ ਕਿਸ਼ੋਰ।

ਜਾਂ ਦਸ਼ਰਥ ਦੇ ਅੰਗਣੇ, ਰਾਮ ਜਿਹਾ ਚਿੱਤ ਚੋਰ।
ਵੇਖ ਤ੍ਰਿਪਤੇ ਆਤਮਾ, ਜਿਹੜਾ ਲਵੇ ਨਿਹਾਰ।
ਅੱਖਾਂ ਹੋਵਣ ਠੰਡੀਆਂ, ਰੂਹ ਹੋਵੇ ਸਰਸ਼ਾਰ।

ਪੰਜ ਸਾਲ ਦੀ ਅਜੇ ਸੀ, ਬਾਲੀ ਉਮਰ ਅੰਞਾਣ।
ਕਰ ਦਿੱਤੀ ਸੀ ਮੰਗਣੀ, ਕਰ ਥੋੜ੍ਹੀ ਪੁਣ ਛਾਣ।
ਸਾਹਿਬ ਸਿੰਘ ਦੀ ਪੁੱਤਰੀ, ਜੱਸਾਂ ਜੀ ਦੇ ਨਾਲ।
ਜਿਵੇਂ ਰਿਵਾਜ ਸਮਾਜ ਦਾ, ਕਰ ਦਿੱਤੀ ਤਤਕਾਲ।
ਸੱਤ ਸਾਲ ਦੀ ਉਮਰ ਵਿੱਚ, ਕੀਤਾ ਬਾਲ ਵਿਆਹ।
ਬੰਧਨ ਵਿੱਚ ਗ੍ਰਿਹਸਤ ਦੇ, ਬੱਝੇ ਬੇਪਰਵਾਹ।
ਹੈ ਸੀ ਵਿੱਚ ਕੁਰੀਤੀਆਂ, ਫਸਿਆ ਬੜਾ ਸਮਾਜ।
ਮੁਗਲ ਕਾਲ ਦੇ ਵਿੱਚ ਸਭ, ਉਲਟੇ ਬਣੇ ਰਿਵਾਜ।
ਇੱਜ਼ਤ ਬਹੂਆਂ ਬੇਟੀਆਂ, ਦੀ ਨਹੀਂ ਸੀ ਮਹਿਫੂਜ।
ਕਰਦੇ ਬਾਲ ਵਿਆਹ ਸਨ, ਮੱਤ ਲੱਗੇ ਕੋਈ ਊਜ।
ਏਸੇ ਕਰਕੇ ਘੁੰਢ ਦਾ, ਪੈ ਗਿਆ ਗਲਤ ਰਿਵਾਜ।
ਮਤ ਸੁੰਦਰਤਾ ਕਿਸੇ ਦੀ, ਲਿਆਵੇ ਵਖਤ ਵਿਹਾਜ।
ਲੀਹਾਂ ਪਈਆਂ ਪੱਕੀਆਂ, ਕਿਹੜਾ ਸੱਕੇ ਤੋੜ।
ਹੋਏ ਅਸੂਲ ਸਮਾਜ ਦੇ, ਨਾਲ ਸਮੇਂ ਪਕਰੋੜ।

ਸਿੱਖ ਰਾਜ ਦੇ ਅੰਤ ਵਿੱਚ, ਵੀ ਤਾਂ ਸਿੱਖ ਸਰਦਾਰ।

ਹਰਮ ਸ਼ਿੰਗਾਰਨ ਲੱਗ ਪਏ, ਲੱਭ ਲੱਭ ਸੁੰਦਰ ਨਾਰ।

---o---

ਬਾਲ ਉਮਰ ਦੇ ਵਿੱਚ ਹੀ, ਬਹਿ ਮਾਤਾ ਜੀ ਪਾਸ।

ਅੱਖਰ ਸਿੱਖੇ ਗੁਰਮੁਖੀ, ਦਿਲ ਵਿੱਚ ਧਾਰ ਉਲਾਸ।

ਅੱਠ ਸਾਲ ਦੀ ਉਮਰ ਵਿੱਚ, ਕਰਨ ਜ਼ੁਬਾਨੀ ਯਾਦ।

ਆਖਣ ਬਾਣੀ ਪੜ੍ਹਦਿਆਂ, ਆਵੇ ਬੜਾ ਸੁਆਦ।

ਬੈਠ ਸਵੇਰੇ ਸ਼ਾਮ ਹੀ, ਨਾਲ ਬੜੇ ਨਿਤਨੇਮ।

ਪੜ੍ਹਨ ਪਏ ਗੁਰਬਾਣੀਆਂ, ਡਾਢੇ ਨਾਲ ਪ੍ਰੇਮ।

---o---

ਨੌਂ ਸਾਲ ਦੀ ਉਮਰ ਵਿੱਚ, ਲੱਗੇ ਹੱਥ ਵਟਾਉਣ।

ਵਾਂਗ ਸ਼ਾਮ ਦੇ ਰਾਮ ਜੀ, ਗਊਆਂ ਪਏ ਚਰਾਉਣ।

ਅੰਦਰ ਜੂਹਾਂ ਖੁੱਲ੍ਹੀਆਂ, ਗਊਆਂ ਚੁਗਣ ਅਡੋਲ।

ਰਲ ਕੇ ਸੰਗੀ ਸਾਥੀਆਂ, ਸਾਜਣ ਅਜਬ ਮਹੌਲ।

ਕਦੇ ਕਬੱਡੀ ਖੇਡਦੇ, ਕੁਸ਼ਤੀ ਕਦੇ ਵਖਾਉਣ।

ਖੇਡਾਂ ਬਚਪਨ ਵਾਲੀਆਂ, ਖੇਡਣ ਮਨ ਪਰਚਾਉਣ।

ਰੰਬਾ ਮਾਰਨ ਡਾਂਗ ਤੇ, ਕੱਢਣ ਤਾਲ ਅਮੋਲ।

ਗੁਰਬਾਣੀ ਦੇ ਸ਼ਬਦ ਇੰਜ, ਪੜ੍ਹਦੇ ਰਹਿਣ ਅਡੋਲ।

ਢੰਗ ਅਨੋਖਾ ਵੇਖ ਕੇ, ਸਾਥੀ ਕਰਨ ਮਖੌਲ।

ਐਪਰ ਪਾਵਣ ਖਿੱਚ ਵੀ, ਬੜੇ ਰਸੀਲੇ ਬੋਲ।

ਕਿਉਂਕਿ ਵਾਗੀ ਹੋਰ ਜੋ, ਲੋਕ ਗੀਤ ਪਏ ਗਾਉਣ।

ਢੋਲੇ ਮਾਹੀਏ ਗਾ ਕੇ, ਸਾਰੇ ਮਨ ਪਰਚਾਉਣ।

ਕੋਈ ਮਿਰਜ਼ਾ ਗਾਂਵਦਾ, ਕੋਈ ਗਾਵੇ ਹੀਰ।

ਕੋਈ ਬਾਲੋ ਮਾਹੀਏ, ਦੀ ਖਿੱਚੇ ਤਸਵੀਰ।

ਕੋਈ ਗਾਵੇ ਸੋਹਣੀ, ਉੱਚੀ ਲਾ ਕੇ ਹੇਕ।

ਸੱਸੀ ਪੁੰਨੂੰ ਗਾਂਵਦਾ, ਓਥੇ ਫਿਰੇ ਹਰੇਕ।

ਐਪਰ ਮੁੰਡੇ ਏਸ ਦੇ, ਸੁਣ ਬਾਣੀ ਦੇ ਬੋਲ।

ਜਾਣ ਦਿਲਾਂ ਵਿੱਚ ਵੱਸਦੇ, ਆਖਣ ਖੋਹਲ ਕਪੋਲ।

ਉਂਗਲ ਬੁੱਲ੍ਹੀਂ ਰੱਖ ਕੇ, ਹੋ ਹੋ ਕਹਿਣ ਹੈਰਾਨ।

ਰਾਮਾ ਜੋ ਜੋ ਗਾਂਵਦੈ, ਵੱਖਰੀ ਇਸ ਦੀ ਸ਼ਾਨ।

ਭਾਵੇਂ ਸਮਝਣ ਅਰਥ ਨਾ, ਬੁੱਢੇ ਨੱਢੇ ਬਾਲ।

ਫਿਰ ਵੀ ਆਖਣ ਏਸ ਵਿੱਚ, ਮਸਤੀ ਬੜੀ ਕਮਾਲ।

ਬ੍ਰਿਹਾ ਇਸ਼ਕ ਮਿਜਾਜ ਦਾ, ਇੱਕ ਨਾ ਇਹਦੇ ਤੁੱਲ।

ਬੋਲ ਨਹੀਂ ਇਹ ਸ਼ਹਿਦ ਦਾ, ਪਿਆ ਪਿਆਲਾ ਡੁੱਲ੍ਹ।

ਸੁਣ ਗੁਰਬਾਣੀ ਗੁਰਾਂ ਦੀ, ਮੂਲ ਨਾ ਰੱਜਣ ਕੰਨ।

ਸੁਣ ਅੰਮ੍ਰਿਤ ਮਈ ਗਾਵਣਾ, ਹੋਵਣ ਮਨ ਪ੍ਰਸੰਨ।

ਏਦਾਂ ਵਾਗੀ ਆਣ ਕੇ, ਆਦਰ ਨਾਲ ਬਹਾਉਣ।

ਵਾਰੋ ਵਾਰੀ 'ਬਾਜਵਾ', ਮੋੜੇ ਆਪ ਲਗਾਉਣ।

---o---

ਦਿਨ ਦਿਨ ਆਵੇ ਨਿੱਖਰਦਾ, ਸੁੰਦਰ ਖ਼ਰਾ ਸਰੀਰ।

ਚੜ੍ਹਦਾ ਜੋਬਨ ਆਂਵਦਾ, ਜਿਵੇਂ ਹੜ੍ਹਾਂ ਦਾ ਨੀਰ।

ਵਧਿਆ ਅੰਦਰ ਦਿਨਾਂ ਦੇ, ਵਾਂਗ ਸਰੂ ਦੇ ਕੱਦ।

ਮੋਟੇ ਨੇਤਰ ਨਿੱਤਰੇ, ਸੁੰਦਰਤਾ ਦੀ ਹੱਦ।

ਏਦਾਂ ਤਿੱਖਾ ਨੱਕ ਹੈ, ਜਿੱਦਾਂ ਤੇਜ਼ ਕਟਾਰ।

ਉੱਤੇ ਸਾਣ ਸਵਾਰ ਕੇ, ਤਿੱਖੀ ਕੀਤੀ ਧਾਰ।

ਚਮਕਣ ਗੋਰੇ ਮੁੱਖ ਤੇ, ਕੁਝ ਮਾਤਾ ਦੇ ਦਾਗ਼।

ਕਰਦਾ ਚੰਦਾ ਈਰਖਾ, ਤੱਕ ਮਸਤਕ ਦੇ ਭਾਗ।

ਬਾਹਵਾਂ ਤੀਕਰ ਗੋਡਿਆਂ, ਆਖਣ ਭੁਜਾ ਅਜਾਨ।

ਜੋੜ ਨਾ ਦਿਸਦੇ ਵੇਖ ਕੇ, ਹੋਵਣ ਲੋਕ ਹੈਰਾਨ।

ਮੁੱਖੜੇ ਉੱਤੇ ਫੈਲਿਆ, ਸਿਆਣਪ ਦਾ ਪ੍ਰਕਾਸ਼।

ਚਾਨਣ ਜਿਵੇਂ ਸਵੇਰ ਦਾ, ਕਰਦਾ ਲਾਲ ਅਕਾਸ਼।

ਚੁਸਤੀ ਫੁਰਤੀ ਇਸ ਤਰ੍ਹਾਂ, ਜਿਉਂ ਚੀਤੇ ਦੀ ਤੋਰ।



Sri Satguru Jagjit Singh Ji eLibrary NamdhariElibrary@gmail.com

ਫਿਰ ਵੀ ਮਸਤੀ ਨਾਮ ਦੀ, ਚਾੜ੍ਹੀ ਰੱਖੇ ਲੋਰ।

ਕਾਮ ਦੇਣ ਦੇ ਵਾਂਗਰਾਂ, ਲੱਗੇ ਰੂਪ ਅਪਾਰ।

ਜਤ ਸਤ ਸ਼ਰਮ ਹਯਾ ਦਾ, ਚਿਹਰੇ ਤੇ ਲਿਸ਼ਕਾਰ।

ਸਾਦਾ ਬਾਣਾ ਗੁਰਮੁਖੀ, ਨਹੀਂ ਵਿਖਾਵਾ ਟੌਹਰ।

ਸ਼ੇਰਾਂ ਵਰਗੀ ਫੇਰ ਵੀ, ਅਣਖੀ ਅਣਖੀ ਤੋਰ।

ਏਨਾਂ ਜੋਬਨ ਹੁੰਦਿਆਂ, ਫਿਰ ਵੀ ਸਿਦਕ ਅਡੋਲ।

ਚਿੱਤ ਜਰਾ ਨਾ ਵਿਚਲਦਾ, ਸੁਣ ਦੁਨਿਆਵੀ ਢੋਲ।

ਮਾਤਾ ਸਦਾ ਕੌਰ ਸੀ, ਸੁਘੜ ਸਿਆਣੀ ਜਾਣ।

ਧਰਮੀ ਦੇਵੀ ਕੁਲਵਾਨ, ਸਰਬ ਗੁਣਾਂ ਦੀ ਖਾਣ।

ਦੇਵੇ ਨੈਤਿਕ ਸਿਖਿਆ, ਸਦਾ ਬਹਾ ਕੇ ਕੋਲ।

ਨਾਲ ਪ੍ਰੇਰਕ ਸਾਖੀਆਂ, ਬਚਨ ਬੜੇ ਅਨਮੋਲ।

ਸੁਹਣਾ ਜੀਵਨ ਢਾਲਣਾ, ਬਾਣੀ ਦੇ ਅਨੁਸਾਰ।

ਜੀਵਨ ਐਸਾ ਜੀਵਨਾ, ਜਿਸ ਦਾ ਧਰਮ ਅਧਾਰ।

ਜਤ ਸਤ ਸੰਜਮ ਸਾਦਗੀ, ਬੰਨ੍ਹੀ ਪੱਲੇ ਨਾਲ।

ਗੁੜ੍ਹਤੀ ਦਿੱਤੀ ਅਣਖ ਦੀ, ਵਿੱਚ ਅਹਿੰਸਾ ਢਾਲ।

ਪੁਰਸ਼ਾਰਥ ਹਿਤ ਜੀਵਣਾ, ਸਭ ਦਾ ਦਰਦ ਵੰਡਾ।

ਡਿੱਗੇ ਢੱਠੇ ਪਕੜ ਕੇ, ਲੈਣੇ ਗਲੇ ਲਗਾ।

ਸੋਹਣਾ ਦੇਸ਼ ਪਿਆਰ ਦਾ, ਪਾਠ ਪੜ੍ਹਾਇਆ ਆਪ।

ਜਾਨ ਵਤਨ ਤੋਂ ਵਰਨੀ, ਸਿਰ ਸਹਿਣਾ ਸੰਤਾਪ।

ਸੂਰਮਿਆਂ ਦੀਆਂ ਸਾਖੀਆਂ, ਗੁਰੂਆਂ ਦੇ ਉਪਦੇਸ਼।

ਦੱਸਣ ਜਾਚ ਜੀਊਣ ਦੀ, ਮੇਟਣ ਕੁੱਲ ਕਲੇਸ਼।

ਮਾਤਾ ਜੀ ਸ਼ੁਭ ਸਿਖਿਆ, ਦੇਂਦੇ ਰਹੇ ਹਮੇਸ਼।

ਲੋਕੋ ਸਿਖਿਆ ਮਾਂ ਦੀ, ਦਏ ਨਾ ਲੱਗਣ ਲੇਸ਼।

ਜਿਉਂ ਇੱਛਰਾਂ ਨੇ ਸਾਜਿਆ, ਪੁੱਤਰ ਜਤੀ ਸੁਜਾਨ।

ਦਿੱਤਾ ਸਾਜ ਕੌਸ਼ਲਿਆ, ਜਿਵੇਂ ਰਾਮ ਭਗਵਾਨ।

ਜਿਵੇਂ ਯਸ਼ੋਧਾ ਮਾਂ ਨੇ, ਕੀਤਾ ਕ੍ਰਿਸ਼ਨ ਮਹਾਨ।

ਜਿਵੇਂ ਤ੍ਰਿਪਤਾ ਸਾਜਿਆ, ਨਾਨਕ ਗੁਰੂ ਸੁਜਾਨ।

ਜਿੱਦਾਂ ਕੀਤਾ ਅੰਜਨੀ, ਹਨੂਮਾਨ ਬਲਵਾਨ।

ਮੈਰੀ ਦਿੱਤਾ ਯੀਸ਼ੂ ਨੂੰ, ਜਿੱਦਾਂ ਅਮਰ ਗਿਆਨ।

ਦਿੱਤੇ ਸਤਿਆਵਤੀ ਨੇ, ਭੀਸ਼ਮ ਦੇ ਸੁਰ ਸਾਜ।

ਇੱਛਾ ਮ੍ਰਿਤੂ ਵਾਲੜੇ, ਵਰ ਦੇ ਨਾਲ ਨਿਵਾਜ।

ਮਾਤਾ ਗੁਜਰੀ ਨੇ ਜਿਵੇਂ, ਦੇ ਦੇ ਕੇ ਉਪਦੇਸ਼।

ਸਾਜਣ ਹਾਰਾ ਪੰਥ ਦਾ, ਕਰ ਦਿੱਤਾ ਦਸਮੇਸ਼।

ਮਾਤਾ ਜਿਵੇਂ ਫ਼ਰੀਦ ਦੀ, ਨੇ ਬਦਲੀ ਤਕਦੀਰ।

ਮਾਤਾ ਗੋਪੀ ਚੰਦ ਦੀ, ਦਿੱਤਾ ਸਾਜ ਫ਼ਕੀਰ।



Sri Satguru Jagjit Singh Ji eLibrary NamdhariElibrary@gmail.com

ਏਦਾਂ ਮਾਤਾ ਸਦਾ ਕੌਰ, ਉੱਤਮ ਸਿੱਖ ਸਿਖਾ।

ਰਾਮ ਸਿੰਘ ਨੂੰ ਮਹਾਂਪੁਰਖ, ਦਿੱਤਾ ਆਪ ਬਣਾ।

ਪਾ ਕੇ ਸਿਖਿਆ ਮਾਂ ਦੀ, ਕੁੱਲ ਧਰਮਾਂ ਦਾ ਸਾਰ।

ਡਿੱਠਾ ਝਾਤੀ ਮਾਰ ਕੇ, ਫਿਰ ਸੜਦਾ ਸੰਸਾਰ।

---o---



. Sri Satguru Jagjit Singh Ji eLibrary NamdhariElibrary@gmail.com .

## ਕਾਂਡ – ੨

## ਫੌਜ ਵਿੱਚ ਭਰਤੀ ਹੋਣਾ

ਰਾਇਪੁਰ ਸੀ ਪਿੰਡ ਦਾ, ਕਾਬਲ ਸਿੰਘ ਪਛਾਣ।

ਭੈਣ ਵਿਆਹੀ ਆਪ ਦੀ, ਸੰਗ ਉਸ ਦੇ ਜਾਣ।

ਤੋਪ ਖਾਨਿਆਂ ਵਿੱਚ ਉਹ, ਚੰਗਾ ਗੋਲ ਅੰਦਾਜ਼।

ਵਿੱਚ ਖਾਲਸਾ ਫੌਜ ਦੇ, ਕਰਦਾ ਸੋਹਣਾ ਕਾਜ।

ਆਇਆ ਛੁੱਟੀ ਫੌਜ 'ਚੋਂ, ਕੀਤਾ ਓਸ ਧਿਆਨ।

ਵਿੱਚ  ਫੌਜ ਦੇ ਚਾਹੀਦੈ, ਏਹੋ ਜਿਹਾ ਜਵਾਨ।

ਵਿੱਚ ਖਾਲਸਾ ਫੌਜ ਦੇ, ਜੋ ਹੋਵੇ ਪ੍ਰਵਾਨ।

ਸਮਝੀ ਜਾਂਦੀ ਓਸ ਦੀ, ਉਦੋਂ ਵੱਡੀ ਸ਼ਾਨ।

ਇਹ ਮਸਲਾਇਤ ਜੋੜ ਕੇ, ਕੀਤੀ ਬੈਠ ਵੀਚਾਰ।

ਰਾਮ ਸਿੰਘ ਨੂੰ ਉਸ ਨੇ, ਕੀਤਾ ਨਾਲ ਤਿਆਰ।

ਜਾ ਕੇ ਵਿੱਚ ਲਾਹੌਰ ਦੇ, ਨਾਲ ਬੜੇ ਉਤਸ਼ਾਹ।

ਭਰਤੀ ਉਸ ਕਰਵਾ ਕੇ, ਨਵਾਂ ਵਖਾਇਆ ਰਾਹ।

ਵੱਡੇ ਚੱਕ ਦਾ ਉਸ ਥਾਂ, ਕਾਹਨ ਸਿੰਘ ਸਰਦਾਰ।

ਹੌਲਦਾਰ ਵਿੱਚ ਫੌਜ ਦੇ, ਹੋਇਆ ਜਿਗਰੀ ਯਾਰ।

ਸੈਨਾ ਅੰਦਰ ਰਹਿੰਦਿਆਂ, ਪਾ ਸਿੱਖਿਆ ਅਨਮੋਲ।



Sri Satguru Jagjit Singh Ji eLibrary NamdhariElibrary@gmail.com

ਜੀਵਨ ਸੱਚੇ ਢਾਲਿਆ, ਪੂਰਾ ਪੂਰਾ ਤੋਲ।

ਸੈਨਿਕ ਜੀਵਨ ਦੇ ਨੇ, ਹੁੰਦੇ ਪਾਕ ਅਸੂਲ।

ਇਹਨਾਂ ਬਾਝੋਂ ਸਮਝਿਓ, ਸਭ ਗੱਲਾਂ ਨਿਰਮੂਲ।

ਲਕਸ਼ ਪੂਰਤੀ, ਨਿਡਰਤਾ, ਕਦਰ ਸਮੇਂ ਦੀ ਸਾਰ।

ਬਾਤ ਸੋਚਣਾ ਸਾਰਥਕ, ਏਕਾ ਅਤੇ ਪਿਆਰ।

ਸਖਤ ਡਸਿਪਲਨ ਰੱਖਣਾ, ਆਲਸ ਮੂਲ ਤਿਆਗ।

ਜੀਵਨ ਸਿਸ਼ਟਾਚਾਰ ਦਾ, ਠੰਡਾ ਰੱਖ ਦਿਮਾਗ਼।

ਮੱਥੇ ਵੱਟ ਨਾ ਪਾਵਣਾ, ਸੁਣ ਕੇ ਬੋਲ ਕਬੋਲ।

ਸਖ਼ਤ ਮੁਸੀਬਤ ਵਿੱਚ ਵੀ, ਰਹਿਣਾ ਸਦਾ ਅਡੋਲ।

ਐਪਰ ਹੁੰਦੇ ਫੌਜ ਵਿੱਚ, ਹਰ ਬਿਰਤੀ ਦੇ ਲੋਕ।

ਕਰਨ ਭੈੜੀਆਂ ਵਹਿਬਤਾਂ, ਰੱਖਣ ਹਿਰਖ ਨਾ ਸ਼ੋਕ।

ਕੁਝ ਹੁੰਦੇ ਧਰਮਾਤਮਾ, ਸਭਨਾਂ ਦੇ ਹਿਤਕਾਰ।

ਦੇਸ਼ ਕੌਮ ਦੇ ਨਾਲ ਜੋ, ਸੱਚਾ ਕਰਨ ਪਿਆਰ।

ਕਾਹਨ ਸਿੰਘ ਵੀ ਇੱਕ ਸੀ, ਉਹਨਾਂ ਵਿੱਚੋਂ ਜਾਣ।

ਉੱਚਾ ਅਹੁਦਾ ਫੌਜ ਵਿੱਚ, ਅਫ਼ਸਰ ਬੜਾ ਪਛਾਣ।

ਬਹੁਤ ਨੇਕ ਇਨਸਾਨ ਉਹ, ਪਿੰਡ ਸੀ ਵੱਡਾ ਚੱਕ।

ਵਿੱਚ ਮਲੇਰਕੋਟਲੇ* ਇਸ, ਵਿੱਚ ਜਰਾ ਨਾ ਸ਼ੱਕ।

ਸਤਿਗੁਰ ਜੀ ਤੋਂ ਹੋ ਕੇ, ਉਹ ਪ੍ਰਭਾਵਿਤ ਢੇਰ।

ਬੜੀ ਵਧਾਈ ਨੇੜਤਾ, ਪ੍ਰੀਤ ਰੀਤ ਬਿਨ ਦੇਰ।

ਫੇਰ ਸਿਪਾਹੀ ਸਾਥੀਆਂ, ਵੇਖ ਅਨੋਖੀ ਕਾਰ।

ਉੱਚ ਆਦਰਸ਼ ਜੀਣ ਦਾ, ਲਿਆ ਦਿਲਾਂ ਵਿੱਚ ਧਾਰ।

ਪਲਟਣ ਭਗਤਾਂ ਵਾਲੜੀ, ਤਾਹੀਓਂ ਪੈ ਗਿਆ ਨਾਮ।

ਗੁਰਮਤ ਦੇ ਅਨੁਸਾਰ ਹੀ, ਕਰਦੇ ਕਾਜ ਤਮਾਮ।

ਆਖਣ ਭਾਈ ਰਾਮ ਸਿੰਘ, ਲੱਗੇ ਸਾਥੀ ਫੇਰ।

ਇਹ ਚਾਨਣ ਪ੍ਰਭਾਤ ਦਾ, ਕਰਸੀ ਦੂਰ ਹਨੇਰ।

ਇੱਕ ਦਿਹਾੜੇ ਸਾਥੀਆਂ, ਡਿੱਠਾ ਅਜਬ ਵਿਹਾਰ।

ਮੂੰਹ ਵਿੱਚ ਉਂਗਲਾਂ ਪਾਂਵਦੇ, ਵੇਖ ਅਨੋਖੀ ਕਾਰ।

ਡੇਰੇ ਲਾਏ ਫੌਜੀਆਂ, ਛਾਉਣੀ ਦੇ ਵਿਚਕਾਰ।

ਕਿਸੇ ਕਿਹਾ ਔਹ ਵੇਖਿਓ, ਹੋ ਕੇ ਬਹੁਤ ਹੈਰਾਨ।

ਬਿਨ ਖੰਭਾਂ ਤੋਂ ਉੱਡਦਾ, ਜਾਵੇ ਕੋਈ ਜਵਾਨ।

* ਰਿਆਸਤ ਮਲੇਰਕੋਟਲਾ

---o---

## ਤੰਬੂ ਟੱਪਣੇ

ਇਹ ਸਿਰਖੰਡੀ ਛੰਦ ਅਚਾਨਕ ਉੱਤਰਿਆ,

ਉੱਤਰੇ ਜਿਵੇਂ ਤਰੇਲ ਭਿੰਨੀ ਰੈਣ ਵਿੱਚ।



Sri Satguru Jagjit Singh Ji eLibrary NamdhariElibrary@gmail.com

ਲਿਖੇ ਬਿਨਾ ਹੁਣ ਇਹ ਨਾ ਖਹਿੜਾ ਛੱਡ ਦਾ,

ਆਇਆ ਜੰਗਲ ਬੇਲੇ ਜੂਹਾਂ ਚੀਰ ਕੇ।

ਸਤਿਗੁਰ ਜੀ ਦੀ ਲਿਖੀ ਅਨੋਖੀ ਵਾਰਤਾ,

ਸੁੱਤੇ ਪਿਆਂ ਜਗਾ ਕੇ ਮੈਨੂੰ ਆਖਦਾ।

ਜਿਹੜਾ ਕੀਤਾ ਕੌਤਕ ਅੰਦਰ ਫੌਜ ਦੇ,

ਟੱਪੇ ਤੰਬੂ ਸੱਤੇ ਛਾਲਾਂ ਮਾਰ ਕੇ।

ਇੱਕ ਦਿਹਾੜੇ ਮਸਤੀ ਅੰਦਰ ਮਸਤ ਹੋ,

ਰਸਨਾ ਉੱਤੇ ਜਪਦੇ ਨਾਮ ਅਕਾਲ ਦਾ।

ਉੱਚੀ ਬੋਲੇ ਨਾਹਰਾ ਫਤਹਿ ਗਜਾਇ ਕੇ,

ਬੋਲਾ ਕੀਤਾ ਬੋਲੇ ਸੋ ਨਿਹਾਲ ਦਾ।

ਲੱਗੇ ਡਿੱਠੇ ਤੰਬੂ ਇੱਕ ਕਤਾਰ ਵਿੱਚ,

ਛਾਉਣੀ ਲੱਥੀ ਏਥੇ ਰੈਜਮੈਂਟ ਸਿੱਖ ਦੀ।

ਤੰਬੂ ਦੂਰੋਂ ਤੱਕਿਆ ਏਦਾਂ ਭਾਸਦੇ,

ਜਿਉਂ ਕਰਵਾਨਾ ਊਠ ਖਲ੍ਹਾਰੇ ਪਾਲ ਬੰਨ੍ਹ।

ਟੱਪਣ ਲੱਗੇ ਤੰਬੂ ਛਾਲਾਂ ਮਾਰ ਕੇ,

ਉੱਛਲ ਵੱਲ ਅਕਾਸ਼ ਹੇਠਾਂ ਆਂਵਦੇ।

ਥੱਲੇ ਆ ਕੇ ਜਾਂਦੇ ਫੇਰ ਉਤਾਂਹ ਨੂੰ,

ਜਿੱਦਾਂ ਮਿਰਗ ਉਭਾਰੇ ਚੁੰਗੀ ਜੂਹ ਵਿੱਚ।

ਜਿਉਂ ਚਿੜੀਆਂ ਦਾ ਚੰਬਾ ਉੱਡ ਅਕਾਸ਼ ਨੂੰ,

ਵੱਲ ਜ਼ਿਮੀਂ ਦੇ ਆਵੇ ਗੋਤਾ ਮਾਰ ਕੇ।

ਹੇਠਾਂ ਆ ਕੇ ਉੱਡੇ ਫੇਰ ਅਕਾਸ਼ ਨੂੰ,

ਜਾਪੇ ਬੜਾ ਮਨੋਹਰ ਕੌਤਕ ਗੁਰਾਂ ਦਾ।

ਪੌੜੀ ਉੱਤੇ ਉੱਚੀ ਮੰਜੀ ਬੰਨ੍ਹ ਕੇ,

ਜਿਉਂ ਬਾਜ਼ੀਗਰ ਪਟਕੇ ਛਾਲ ਲਗਾਂਵਦਾ।

ਉੱਤਰੇ ਜਿੱਦਾਂ ਨਦੀ ਪਹਾੜੋਂ ਅੱਥਰੀ,

ਆਵੇ ਵੱਲ ਨਿਵਾਣਾਂ ਛੱਲਾਂ ਮਾਰਦੀ।

ਲੰਬਾ ਚੁਸਤ ਸਰੀਰ ਪੁਲਾਂਘਾਂ ਵੱਡੀਆਂ,

ਜਿੱਦਾਂ ਘੋੜਾ ਲੰਘੇ ਉੱਛਲ ਝਾੜ ਤੋਂ।

ਅੱਡੇ ਮੂੰਹਾਂ ਅੰਦਰ ਉਂਗਲਾਂ ਘੱਤ ਕੇ,

ਫੌਜੀ ਵੇਖਣ ਅੰਦਰ ਆ ਵਿਸਮਾਦ ਦੇ।

ਇਸ ਵਿੱਚ ਸ਼ਕਤ ਇਲਾਹੀ ਇਹ ਨਾ ਆਦਮੀ,

ਇਹ ਤਾਂ ਜਾਪੇ ਵਲੀ ਪੈਗੰਬਰ ਔਲੀਆ।

ਕੋਈ ਆਖੇ ਚੰਬੜੇ ਇਹਨੂੰ ਭੂਤਨੇ,

ਬੰਦਾ ਏਨਾਂ ਕੁੱਦੇ ਉਹਦੇ ਵੱਸ ਨਾ।

ਬਿਨ ਖੰਭਾਂ ਤੋਂ ਉਡਦਾ ਜਾਵੇ ਆਦਮੀ,

ਪੰਛੀ ਪਏ ਅਕਾਸ਼ੋਂ ਰੁਕ ਰੁਕ ਵੇਖਦੇ।

ਵਾਪਸ ਆ ਕੇ ਬੈਠੇ ਜਾਂ ਵਿੱਚ ਸਾਥੀਆਂ,

ਆਖਣ ਭਾਈ ਜੀ ਤੈਂ ਕਰੀ ਕਮਾਲ ਹੈ।

ਸ਼ਕਤ ਅਨੋਖੀ ਕਿੱਥੋਂ ਪਾਈ ਪੁੱਛਦੇ,

ਆਖਣ ਲੱਗੇ ਇਹ ਕਮਾਲ ਨਾਮ ਦੈ।

ਸਤਿਗੁਰ ਨਾਨਕ ਦੇਵ ਤਰੀਕਾ ਦੱਸਿਆ,

ਗੁਰਬਾਣੀ ਪਈ ਖੋਹਲੇ ਭੇਦ ਅਨੋਖੜੇ।

ਲੈ ਕੇ ਦਇਆ ਕਪਾਹ ਮੋਮ ਹੋ ਜਾਵਣਾ,

ਫੇਰ ਸੂਤ ਸੰਤੋਖ ਬਣਾ ਕੇ ਕੱਤਣਾ।

ਜਤ ਦੀਆਂ ਗੰਢਾਂ ਮਾਰ ਵੱਟ ਦੇ ਸਤ ਦਾ,

ਫੇਰ ਜਨੇਊ ਸੱਚਾ ਜਿਹੜਾ ਪਹਿਰਦਾ।

ਧਾਰ ਗਲੇ ਵਿੱਚ ਜਪਣਾ ਨਾਮ ਅਕਾਲ ਦਾ,

ਇੱਕ ਮਨ ਹੋ ਇੱਕ ਚਿੱਤ ਨਫ਼ਸ ਨੂੰ ਮਾਰ ਕੇ।

ਸ਼ਕਤੀ ਫੇਰ ਅਕਾਲ ਅਮੁੱਲੀ ਬਖਸ਼ਦਾ,

ਸੱਚੇ ਮਨ ਤੋਂ ਵੇਖ ਲਵੋ ਅਜਮਾਏ ਕੇ।

ਪਾਈ ਵਿੱਚ ਤ੍ਰੇਤੇ ਏਦਾਂ ਰਾਮ ਜੀ,

ਲਛਮਣ ਪਾਈ ਮਨ ਤੋਂ ਜਤ ਸਤ ਸਾਧ ਕੇ।

ਮੇਘ ਨਾਥ ਨੂੰ ਉਹਨੇ ਸੀ ਤਦ ਮਾਰਿਆ,

ਪੁੱਛਦੀ ਸਖੀਆਂ ਤਾਈਂ ਸੋ ਸਲੋਚਨਾ।



Sri Satguru Jagjit Singh Ji eLibrary NamdhariElibrary@gmail.com

ਦੱਸੋ ਕਿਸ ਭੁੱਖ ਨਾਰੀ ਨੀਂਦ ਤਿਆਗੀਆਂ,

ਕੀਤਾ ਤਪ ਅਨੋਖਾ ਬਾਰਾਂ ਸਾਲ ਤੋਂ।

ਭਗਤੀ ਵਿੱਚੋਂ ਸ਼ਕਤੀ ਪਾ ਅਕਾਲ ਦੀ,

ਹਨੂੰਮਾਨ ਸੀ ਪਰਬਤ ਜੜ੍ਹੋਂ ਉਖਾੜਦਾ।

ਵੇਖੇ ਕੋਈ ਮਨ ਮੰਦਰ ਨੂੰ ਸਾਧ ਕੇ,

ਕਿੱਦਾਂ ਹੁੰਦਾ ਸ਼ਕਤੀ ਦਾ ਸੰਚਾਰ ਹੈ।

ਪਾ ਨਫ਼ਸ ਨੂੰ ਨੱਥ ਰੋਕ ਕੇ ਰੱਖਣਾ,

ਐਬਾਂ ਵਾਲੀ ਉੱਲੀ ਕੁੱਲ ਉਤਾਰ ਕੇ।

ਜਿਵੇਂ ਕੂਚ ਕੇ ਚਾਟੀ ਧਰਨ ਸਵਾਣੀਆਂ,

ਸ਼ੁੱਧ ਕਰਦੀਆਂ ਦੇ ਕੇ ਪਹਿਲਾਂ ਧੂਪ ਨੂੰ।

ਫੇਰ ਪਾਉਂਦੀਆਂ ਦੁੱਧ ਜਰਾ ਨਾ ਵਿਗੜਦਾ,

ਭਾਂਡਾ ਸਮਝ ਸਰੀਰ ਬਾਤ ਅਜਮਾ ਲਵੋ।

---o---

ਸੁਣ ਕੇ ਬਚਨ ਅਮੋਲੜੇ, ਸਭਨਾ ਸ਼ਰਧਾ ਧਾਰ।

ਨਾਲ ਬੜੇ ਸਤਿਕਾਰ ਦੇ, ਕੀਤੀ ਨਿਮਸਕਾਰ।

ਆਖਣ ਇਹ ਕੋਈ ਆਤਮਾ, ਹੈ ਪਵਿੱਤਰ ਪਾਕ।

ਜਾਂ ਭਗਤਾਂ ਦੀ ਰੂਹ ਇਹ, ਆਈ ਕਰ ਇਤਫ਼ਾਕ।



Sri Satguru Jagjit Singh Ji eLibrary NamdhariElibrary@gmail.com

ਦੇਵ ਲੋਕ 'ਚੋਂ ਉੱਤਰੀ, ਘੱਲੀ ਉਸ ਭਗਵਾਨ।
ਸ਼ਾਇਦ ਸਾਡੇ ਵਾਸਤੇ, ਦੇ ਕੇ ਅਮਰ ਗਿਆਨ।

---o---

## ਸਿੱਖ ਰਾਜ ਦਾ ਪਤਨ

ਸੰਨ ਅਠਾਰਾਂ ਸੌ ਸੀ, ਤੇ ਉਨਤਾਲੀ ਜਾਣ।
ਪਲਟਾ ਖਾਧਾ ਸਮੇਂ ਨੇ, ਵੇਖੋ ਕੈਸਾ ਆਣ।
ਆਖਰ ਸ਼ੇਰ ਪੰਜਾਬ ਦਾ, ਸੁੱਤਾ ਲੰਮੀਆਂ ਤਾਣ।
ਜਿਸ ਦੇ ਉੱਤੇ ਸਦਾ ਹੀ, ਕਰਨ ਪੰਜਾਬੀ ਮਾਣ।
ਕੀਤਾ ਮਹਾਂ ਪੰਜਾਬ ਦਾ, ਨਕਸ਼ਾ ਉਸ ਤਿਆਰ।
ਦਿੱਤਾ ਧਰਮੀ ਰਾਜ ਸੀ, ਸਾਂਝਾ ਸਰਬ ਵੀਚਾਰ।
ਚਮਕੀ ਜਾ ਤਲਵਾਰ ਸੀ, ਉਹਦੀ ਖੈਬਰ ਪਾਰ।
ਭਾਂਜ ਪਠਾਣਾਂ ਨੂੰ ਪਈ, ਝੱਲ ਨਾ ਸੱਕੇ ਵਾਰ।
ਜਿੱਤ ਕੇ ਜੰਮੂ ਕਾਂਗੜਾ, ਕੀਤਾ ਵਿੱਚ ਸ਼ੁਮਾਰ।
ਬਾਹਵਾਂ ਲਈਆਂ ਉਸ ਨੇ, ਚਾਰੋਂ ਤਰਫ ਪਸਾਰ।
ਸਤਲੁਜ ਤੀਕਰ ਜਿੱਤਿਆ, ਦੱਖਣ ਵੱਲੋਂ ਅੱਡ।
ਓਧਰ ਅਟਕੋਂ ਪਾਰ ਵੀ, ਝੰਡੇ ਦਿੱਤੇ ਗੱਡ।
ਭਾਵੇਂ ਅਹੁਦੇਦਾਰ ਸਨ, ਬਹੁਤੇ ਸਿੱਖ ਸਰਦਾਰ।


Sri Satguru Jagjit Singh Ji eLibrary NamdhariElibrary@gmail.com

ਫਿਰ ਵੀ ਰਾਜ ਪੰਜਾਬੀਆਂ, ਦਾ ਕਹਿਣਾ ਦਰਕਾਰ।

ਆਖਣ ਨਲੂਆ ਹਰੀ ਸਿੰਘ, ਆਣ ਚੜ੍ਹੇ ਜਿਉਂ ਕਾਂਗ।

ਅੱਗੇ ਨਿਵਣ ਨਵਾਬੀਆਂ, ਛੂਈ ਮੂਈ ਵਾਂਗ।

ਫੂਲਾ ਸਿੰਘ ਅਕਾਲੀਆ, ਸ਼ਾਮ ਸਿੰਘ ਸਰਦਾਰ।

ਕਹਿਣ ਅਟਾਰੀ ਵਾਲੜਾ, ਕਦੇ ਨਾ ਮੰਨੇ ਹਾਰ।

ਧੰਨਾ ਸਿੰਘ ਮਲਵਈ ਨੇ, ਸੂਬਾ ਵਿੱਚ ਮੁਲਤਾਨ।

ਧਰਮ ਯੁੱਧ ਕਰ ਮਾਰਿਆ, ਉੱਚੀ ਕੀਤੀ ਸ਼ਾਨ।

ਜਿੱਤੇ ਸਿੱਖਾਂ ਸੂਰਿਆਂ, ਵੱਡੇ ਵੱਡੇ ਕੋਟ।

ਸਾਇਆ ਸਿਰ ਰਣਜੀਤ ਦਾ, ਤੇ ਸਤਿਗੁਰ ਦੀ ਓਟ।

ਮਹਾਰਾਜਾ ਰਣਜੀਤ ਸਿੰਘ, ਜਿਸ ਦਾ ਵੱਡ ਇਕਬਾਲ।

ਲੈ ਗਿਆ ਅਣਖ ਪੰਜਾਬ ਦੀ, ਜਾਂਦਾ ਹੋਇਆ ਨਾਲ।

ਫੇਰ ਉਸ ਦੇ ਰਾਖਿਆਂ, ਦਿੱਤਾ ਬਾਗ ਉਜਾੜ।

ਭੁੰਨੀ ਰੂਹ ਪੰਜਾਬ ਦੀ, ਉਹਨਾਂ ਸੀਖੇ ਚਾੜ੍ਹ।

ਵਿੱਚ ਦਰਬਾਰ ਲਹੌਰ ਦੇ, ਜਿੱਥੇ ਡੁਲ੍ਹਦੇ ਰੰਗ।

ਆਪਣਿਆਂ ਦੇ ਖੂਨ ਦੀ, ਵਗਦੀ ਵੇਖੀ ਗੰਗ।

ਨਾਲ ਲਹੂ ਦੇ ਖੇਡਦੇ, ਹੋਲੀ ਰਹੇ ਗਦਾਰ।

ਚੁਣ ਚੁਣ ਉਹਨਾਂ ਮਾਰਿਆ, ਰਾਜੇ ਦਾ ਪ੍ਰੀਵਾਰ।

ਚੇਤ ਸਿੰਘ ਸਰਦਾਰ ਦੇ, ਵਰਗੇ ਜਿਗਰੀ ਯਾਰ।

ਵੀਰ ਸਿੰਘ ਜਿਹੇ ਸੰਤ ਵੀ, ਦਿੱਤੇ ਪਾਰ ਉਤਾਰ।
ਸੱਤਾਂ ਵਿੱਚੋਂ ਛੇ ਪੁੱਤ, ਮਾਰੇ ਮੰਦੀ ਮਾਰ।
ਨਮਕ ਹਰਾਮੀ ਡੋਗਰੇ, ਲੱਗੇ ਉਲਟੀ ਕਾਰ।
ਆਖਰ ਦੇ ਵਿੱਚ ਰਹਿ ਗਿਆ, ਇੱਕੋ ਇੱਕ ਦਲੀਪ।
ਵਾਰਸ ਤਖਤ ਲਹੌਰ ਦਾ, ਬਾਲੀ ਉਮਰ ਮਹੀਪ।
ਨਾਲ ਫਰੰਗੀ ਮੇਲ ਕੇ, ਆਪਣਿਆਂ ਸੁਰ ਸਾਜ।
ਲਈ ਗ਼ੁਲਾਮੀ ਆਪ ਹੀ, ਵਤਨਾਂ ਲਈ ਵਿਹਾਜ।
ਮਰਿਯਾਦਾ ਦਸਮੇਸ਼ ਦੀ, ਉਹ ਸਿੱਖੀ ਦੀ ਰੀਤ।
ਪੀ ਪੀ ਕੇ ਮਦ ਰਾਜ ਦਾ, ਹੋਈ ਨੀਤ ਅਨੀਤ।
ਜਿਹੜੇ ਕਰਦੇ ਰਹੇ ਸਨ, ਸਿੱਖੀ ਦਾ ਪ੍ਰਚਾਰ।
ਮਾਇਆ ਮਾਰੀ ਮੱਤ ਜਾਂ, ਲੱਗੇ ਉਲਟੀ ਕਾਰ।
ਹੁਣ ਉਹਨਾਂ ਦੇ ਹੋ ਗਏ, ਮੁਗਲਾਂ ਵਾਲੇ ਤੌਰ।
ਸੁਰਾ ਪਾਨ ਤੇ ਵੇਸਵਾ ਦਾ, ਮੁੜ ਆਇਆ ਦੌਰ।
ਘਰੀਂ ਵਸਾਵਣ ਰੰਡੀਆਂ, ਬਹੁਤੇ ਕਰਨ ਵਿਆਹ।
ਕੁੜੀਆਂ ਕੰਜਕਾਂ ਮਾਰਦੇ, ਹੋ ਕੇ ਬੇ ਪ੍ਰਵਾਹ।
ਰੋੜ੍ਹੀ ਵਿੱਚ ਸ਼ਰਾਬ ਦੇ, ਸਿੱਖ ਸਰਦਾਰਾਂ ਆਨ।
ਆਈ ਆਮ ਸਮਾਜ ਦੀ, ਮੁੱਠੀ ਦੇ ਵਿੱਚ ਜਾਨ।
ਕਰਦੇ ਸਨ ਜੋ ਉਸ ਵਕਤ, ਸਿੱਖੀ ਦਾ ਪ੍ਰਚਾਰ।



Sri Satguru Jagjit Singh Ji eLibrary NamdhariElibrary@gmail.com

ਸੋਢੀ ਬੇਦੀ ਨਿਰਮਲੇ, ਅਤੇ ਮਹੰਤ ਵੀਚਾਰ।

ਲੈ ਜਗੀਰਾਂ ਆਫਰੇ, ਹੋਏ ਐਸ਼ ਪ੍ਰਸਤ।

ਉਹਨਾਂ ਅੱਗੇ ਜਾਪਦੀ, ਸਿੱਖੀ ਹੋਈ ਪਸਤ।

ਕਲਗੀਧਰ ਦੀ ਸਿਖਿਆ, ਸਾਰੀ ਭੁੱਲ ਭੁੱਲਾ।

ਲੱਗੇ ਜਨਤਾ ਆਮ ਨੂੰ, ਰਾਹੋਂ ਪਾਉਣ ਕੁਰਾਹ।

ਲੋਕਾਂ ਦੀ ਛਿੱਲ ਲਾਹੁਣ ਨੂੰ, ਬੈਠੇ ਧਾਰ ਪਾਖੰਡ।

ਹੋਈ ਅਗਨੀ ਇਸ ਤਰ੍ਹਾਂ, ਪਾਪਾਂ ਦੀ ਪ੍ਰਚੰਡ।

ਸਭਨਾਂ ਆਪੋ ਆਪਣੇ, ਵਾੜੇ ਵਲੇ ਚੁਫੇਰ।

ਰੌਸ਼ਨ ਰਸਤਾ ਛੱਡ ਕੇ, ਧੱਕਣ ਵੱਲ ਹਨੇਰ।

ਪੂਜਣ ਮੜ੍ਹੀਆਂ ਖਾਨਗਾਹ, ਆਮ ਸਧਾਰਨ ਲੋਕ।

ਸਰਵਰ ਸਖੀ ਧਰੋਂਕਲਾ, ਪੀਰ ਨਗਾਹੀਆ ਥੋਕ।

ਹੈਦਰ ਸ਼ੇਖ ਤੇ ਬੱਕਰੇ, ਲੱਗੇ ਲੋਕ ਚੜ੍ਹਾਉਣ।

ਕਬਰਾਂ ਉੱਤੇ ਜਾ ਕੇ, ਮੰਨਤ ਪਏ ਮਨਾਉਣ।

ਕਿਤੇ ਚੜ੍ਹਾਵਣ ਚੂਰਮੇ, ਕਿਧਰੇ ਸੁੱਖਣ ਰੋਟ।

ਦਰ ਦਰ ਜਨਤਾ ਭਟਕਦੀ, ਥਾਂ ਥਾਂ ਮੰਨਣ ਓਟ।

ਜੋ ਗੁਰੂਆਂ ਨੇ ਕੱਢੀਆਂ, ਆ ਗਈਆਂ ਉਹ ਫੇਰ।

ਛਾਲਾਂ ਮਾਰ ਕੁਰੀਤੀਆਂ, ਲਿਆ ਚੁਫੇਰਾ ਘੇਰ।

ਸਿੱਖ ਰਸਾਤਲ ਵੱਲ ਹੀ, ਇੰਜ ਗਰਕਦੇ ਜਾਣ।

ਸਾਗਰ ਵਿੱਚ ਅਧਰਮ ਦੇ, ਲੱਗੇ ਗੋਤੇ ਖਾਣ।

ਰਾਜਨੀਤਕਾਂ ਵਿੱਚ ਵੀ, ਹੋਇਆ ਪਤਨ ਅਪਾਰ।

ਗਰਕ ਸਮਾਜਕ ਤੌਰ ਤੇ, ਚੱਲੇ ਸਿੰਘ ਸਰਦਾਰ।

---o---

ਇੱਕ ਸਮਾਂ ਸੀ ਜਦੋਂ ਜਹਾਨ ਅੰਦਰ।,

ਭਰ ਭਰ ਡੁੱਲ੍ਹਦਾ ਨੂਰ ਪੰਜਾਬ ਦਾ ਸੀ।

ਸਿੱਖ ਰਾਜ ਦੀ ਚੜ੍ਹਤ ਸੀ ਸਿਖਰ ਉੱਤੇ,

ਰੂਪ ਟਹਿਕਿਆ ਫੁੱਲ ਗੁਲਾਬ ਦਾ ਸੀ।

ਧਾਂਕ ਨਲੂਏ ਦੀ ਪਈ ਜਮਰੌਦ ਤੀਕਰ,

ਵੈਰੀ ਚੁੰਧਾ ਰਣਜੀਤ ਦੀ ਤਾਬ ਦਾ ਸੀ।

ਸੋਹਣਾ ਸੋਂਹਵਦਾ ਰਾਜ ਪੰਜਾਬੀਆਂ ਦਾ,

ਹਰ ਗੱਭਰੂ ਪੁੱਤ ਨਵਾਬ ਦਾ ਸੀ।

ਜਦੋਂ ਸ਼ੇਰ ਪੰਜਾਬ ਦੀ ਛੋਹ ਪਾਇਆਂ,

ਬੂਹਾ ਬਰਕਤਾਂ ਦਾ ਡਿੱਠਾ ਖੁੱਲ੍ਹਦਾ ਸੀ।

ਚੰਬੇ ਕਾਂਗੜੇ ਜੰਮੂ ਜਮਰੌਦ ਉੱਤੇ,

ਝੰਡਾ ਖਾਲਸੇ ਦਾ ਸੋਹਣਾ ਝੁੱਲਦਾ ਸੀ।



Sri Satguru Jagjit Singh Ji eLibrary NamdhariElibrary@gmail.com

ਭਬਕ ਸੁਣ ਕੇ ਸ਼ੇਰ ਪੰਜਾਬੀਆਂ ਸੀ,
ਸਾਹ ਵੈਰੀਆਂ ਦਾ ਡਿੱਠਾ ਫੁੱਲਦਾ ਸੀ।
ਰਕਤ ਬੀਜ ਵਾਂਗੂੰ ਸੂਰੇ ਹੋਣ ਪੈਦਾ,
ਜਿੱਥੇ ਖੂੰਨ ਪੰਜਾਬੀ ਦਾ ਡੁੱਲ੍ਹਦਾ ਸੀ।

ਜਜ਼ਬਾ ਦੇਸ਼ ਪ੍ਰੇਮ ਦਾ ਦਿਲਾਂ ਅੰਦਰ,
ਹਿੰਦੂ ਸਿੱਖ ਮੋਮਨ ਸੁਖੀ ਵੱਸਦੇ।
ਮਿਲੇ ਸਾਰਿਆਂ ਤਾਈਂ ਨਿਆਂ ਸੋਹਣਾ,
ਸਾਰੇ ਫ਼ਿਕਰ ਸੰਸੇ ਦਿਲੋਂ ਨੱਸਦੇ ਨੇ।
ਹਰ ਜੂਹ ਰਾਜੀ ਹਰ ਰੂਹ ਰਾਜੀ,
ਮੱਥੇ ਖਿੜੇ ਹੋਏ ਚਿਹਰੇ ਹੱਸਦੇ ਨੇ।
ਪੂਜਣ ਲੋਕ ਰਣਜੀਤ ਨੂੰ ਵਾਂਗ ਪੀਰਾਂ,
ਵਰਕੇ ਅਜੇ ਇਤਿਹਾਸ ਦੇ ਦੱਸਦੇ ਨੇ।

ਦਰਰੇ ਖੈਬਰ ਤੇ ਛਾਤੀਆਂ ਤਾਣ ਇਹਨਾਂ,
ਰੋਕ ਦਿਤਾ ਸੀ ਜੋਰ ਜਰਵਾਣਿਆਂ ਦਾ।
ਸਤਲੁਜ ਨਦੀ ਫਰੰਗੀ ਲਈ ਬੈ-ਤਰਨੀ,
ਵੱਸ ਚੱਲੇ ਨਾ ਗੋਰੇ ਮੁਹਾਣਿਆਂ ਦਾ।


. Sri Satguru Jagjit Singh Ji eLibrary NamdhariElibrary@gmail.com .

ਜਦੋਂ ਏਕਤਾ ਦਾ ਤਾਲਾ ਟੁੱਟ ਜਾਵੇ,

ਵੱਸ ਚੱਲੇ ਨਾ ਰਾਜਿਆਂ ਰਾਣਿਆਂ ਦਾ।

ਪਿੱਛੋਂ ਆਖਦੇ 'ਬਾਜਵਾ' ਪਤਾ ਲੱਗੇ,

ਖਾਧਾ ਔਲੇ ਦਾ ਤੇ ਕਿਹਾ ਸਿਆਣਿਆਂ ਦਾ।

ਗਿਆ ਸ਼ੇਰ ਪੰਜਾਬ ਦਾ ਮੀਟ ਅੱਖਾਂ,

ਕਿਸਮਤ ਲੈ ਗਿਆ ਨਾਲ ਪੰਜਾਬੀਆਂ ਦੀ।

ਉਸੇ ਨਾਲ ਹੀ ਸਾੜਿਆ ਆਪ ਝੁੱਗਾ,

ਡੱਬੀ ਦੇ ਗਿਆ ਜਿਹੜੀ ਮਤਾਬੀਆਂ ਦੀ।

ਵਿਭਚਾਰ ਦੇ ਵਿੱਚ ਸਰਦਾਰ ਫਾਥੇ,

ਮੱਲੀ ਥਾਂ ਨਚਾਰਾਂ ਰਬਾਬੀਆਂ ਦੀ।

ਅੰਮ੍ਰਿਤ ਛੱਡ ਕੇ ਬੋਤਲਾਂ ਹੱਥ ਫੜ੍ਹੀਆਂ,

ਹੋਈ ਖਾਲਸਾ ਫੌਜ ਸ਼ਰਾਬੀਆਂ ਦੀ।

ਰੱਤ ਡੋਹਲ ਪੰਜਾਬੀ ਪੰਜਾਬੀਆਂ ਦੀ,

ਨਦੀ ਖ਼ੂਨ ਦੀ ਵੇਖ ਲਉ ਤਰਨ ਚੱਲੇ।

ਪਹਿਲਾਂ ਡੋਬ ਰਣਜੀਤ ਦੇ ਕੋੜਮੇ ਨੂੰ,

ਫੇਰ ਗਰਕ ਪੰਜਾਬ ਨੂੰ ਕਰਨ ਚੱਲੇ।



. Sri Satguru Jagjit Singh Ji eLibrary NamdhariElibrary@gmail.com .

ਵੇਚ ਦਿੱਤੀ ਜ਼ਮੀਰ ਅੰਗ੍ਰੇਜ਼ ਅੱਗੇ,
ਜ਼ੇਬ ਆਪਣੀ ਡੋਗਰੇ ਭਰਨ ਚੱਲੇ।
ਉੱਤੋਂ ਖੇਡ ਵਖਾਵੇ ਦੀ ਖੇਡਦੇ ਨੇ,
ਐਪਰ ਅੰਦਰੋਂ ਬਾਜੀਆਂ ਹਰਨ ਚੱਲੇ।

ਗੁੱਝੀ ਰਹੀ ਨਾ ਸਤਿਗੁਰੂ ਰਾਮ ਸਿੰਘ ਤੋਂ,
ਫਿੱਟੀ ਨੀਤ ਗਦਾਰਾਂ ਵਪਾਰੀਆਂ ਦੀ।
ਸੁੱਟ ਆਏ ਬੰਦੂਕ ਦਰਿਆ ਅੰਦਰ,
ਡਿੱਠੀ ਰੇਖ ਜਾਂ ਕਿਸਮਤਾਂ ਹਾਰੀਆਂ ਦੀ।
ਮੈਂ ਅੱਜ ਸੁੱਟੀ ਤੁਸੀਂ ਕੱਲ ਸੁੱਟੋ,
ਏਥੇ ਚੱਲਣੀ ਖੇਡ ਮੱਕਾਰੀਆਂ ਦੀ।
ਹੀਲਾ ਕਰਾਂਗੇ ਡੋਰ ਪ੍ਰੋਣ ਖਾਤਰ,
ਸਿੱਖ ਸੰਗਤਾਂ ਆਪ ਮੁਹਾਰੀਆਂ ਦੀ।

ਏਨਾ ਆਖ ਬੁਲਾ ਕੇ ਫਤੇ ਸਭ ਨੂੰ,
ਭੈਣੀ ਸਾਹਿਬ ਦੇ ਵੱਲ ਰਵਾਨ ਹੋਏ।
ਕਿੱਦਾਂ ਗਰਕਦਾ ਵਤਨ ਉਭਾਰ ਲਈਏ,
ਏਸੇ ਸੋਚ ਦੇ ਵਿੱਚ ਗਲਤਾਨ ਹੋਏ।

ਪਹਿਲਾਂ ਜਾ ਜਗਾਈਏ ਲੋਕ ਸੁੱਤੇ,

ਨੀਂਦ ਗ਼ਫ਼ਲਤ ਦੇ ਵਿੱਚ ਗਲਤਾਨ ਹੋਏ।

ਚੜ੍ਹੀ ਵੇਖ ਹਨੇਰੀ ਫਰੰਗੀਆਂ ਦੀ,

ਰੋਕਣ ਵਾਸਤੇ ਆਪ ਚਟਾਨ ਹੋਏ।

ਛੰਨਾਂ ਦੁੱਧ ਦਾ ਵੇਖ ਪੰਜਾਬ ਸੋਹਣਾ,

ਛਾਤਰ ਬਿੱਲਾ ਹੁਣ ਮੁੱਛਾਂ ਸਵਾਰਦਾ ਹੈ।

ਭਾਰਤ ਵਰਸ਼ ਦੇ ਸਾਰੇ ਰਜਵਾੜਿਆਂ ਨੂੰ,

ਕੱਲੇ ਕੱਲੇ ਨੂੰ ਆਇਆ ਡਕਾਰਦਾ ਹੈ।

ਸਤਲੁਜ ਪਾਰ ਬੈਠਾ ਆਣ ਸ਼ਹਿ ਲਾਈ,

ਕੈਸੀ ਕਹਿਰ ਦੀ ਨਜ਼ਰ ਨਿਹਾਰਦਾ ਹੈ।

ਜਾਲ ਸੁੱਟ ਫਰੇਬ ਦਾ 'ਬਾਜਵਾ ਜੀ',

ਉੱਤੇ ਚਾਂਦੀ ਦੀ ਚੋਗ ਖਿਲਾਰਦਾ ਹੈ।

---o---

ਇਹ ਡਿੱਠਾ ਜਾਂ ਆਪ ਨੇ, ਕੀਤਾ ਆਣ ਐਲਾਨ।

ਹੋਣੀ ਤੋਂ ਬੇ-ਖ਼ੌਫ਼ ਹੋ, ਵਾਂਗ ਨੇਕ ਇਨਸਾਨ।

ਸੁਣਿਓਂ ਲੋਕੋ ਖਾਲਸਾ, ਹੋਇਆ ਅੱਜ ਮਲੇਯ।

ਹੋਊ ਹੁਣ ਪੰਜਾਬ ਦੇ, ਅੰਦਰ ਬੜਾ ਕਲੇਸ਼।

ਡਿੱਗ ਪਏ ਕਿਰਦਾਰ ਤੋਂ, ਬਹੁਤੇ ਸਿੱਖ ਸਰਦਾਰ।

ਵੱਧ ਮਲੇਛਾਂ ਤੋਂ ਇਹ, ਕਰਦੇ ਬੁਰਾ ਵਿਹਾਰ।

ਫਾਥੇ ਵਿੱਚ ਕੁਰੀਤੀਆਂ, ਗੱਲ ਗੱਲ ਮਰਨ ਜਵਾਨ।

ਡੁੱਬਣ ਬਾਹਮਣ ਆਪ ਵੀ, ਗਾਲ ਦੇਣ ਜਜ਼ਮਾਨ।

ਤੌਂਕ ਗ਼ੁਲਾਮੀ ਦਾ ਇਹ, ਸਭ ਦੇ ਗਲੀਂ ਪਵਾਉਣ।

ਖੇਵਟ ਡੋਬੇ ਬੇੜੀਆਂ, ਬੰਨੇ ਲਾਊ ਕੌਣ।

ਖਰੀਆਂ ਖਰੀਆਂ ਸੁਣ ਕੇ, ਸੱਕਣ ਕਿਵੇਂ ਸਹਾਰ।

ਅਫ਼ਸਰ ਔਖੇ ਹੋ ਕੇ, ਦੇਵਣ ਦੰਡ ਵੀਚਾਰ।

ਫਿਰ ਵੀ ਹਟਣ ਨਾ ਆਖਣੋਂ, ਉੱਚੀ ਕਰਨ ਪੁਕਾਰ।

ਗਰਕ ਗਏ ਛੱਡ ਆਚਰਣ, ਸਾਡੇ ਸਿੱਖ ਸਰਦਾਰ।

ਸਿੱਖ ਰਾਜ ਦਾ ਅੰਤ ਹੁਣ, ਆਉਂਦਾ ਦਿਸੇ ਸਮੀਪ।

ਇਸ ਨੂੰ ਸਮਝੋ ਝੂਠ ਨਾ, ਬੁਝ ਜਾਣੇ ਇਹ ਦੀਪ।

ਇਹ ਰੱਬੀ ਫੁਰਮਾਨ ਸੀ, ਜਾਂ ਜਾਣੋ ਅਲਿਹਾਮ।

ਹਿਰਦਿਓਂ ਉੱਠੀ ਹੂਕ ਦਾ, ਦੁੱਖ ਭਰਿਆ ਪੈਗ਼ਾਮ।

ਧਰਮੀਂ ਕਰਮੀਂ ਬੰਦਿਆਂ, ਸਮਝ ਲਿਆ ਇਹ ਸੱਚ।

ਕਾਰ ਅਪੁੱਠੀ ਵਰਤਣੀ, ਇਸ ਵਿੱਚ ਜਾਣਨਾ ਸੱਚ।

ਬੈਠ ਸਿਆਣੇ ਸੂਝਵਾਨ, ਲੱਗੇ ਕਰਨ ਵੀਚਾਰ।

ਭੇਦ ਅਨੋਖੇ ਖੋਹਲਣੇ, ਸੋਚਣ ਬਾਰੰਬਾਰ।

ਐਪਰ ਜਿਨ੍ਹਾਂ ਤੇ ਸੀ, ਚੜ੍ਹਿਆ ਮੈਲਾ ਰੰਗ।

ਉਹ ਸਮਝਣ ਵਿੱਚ ਰੰਗ ਦੇ, ਆਏ ਪਾਏ ਅਸਾਡੇ ਭੰਗ।

ਕਮਲਾ ਕਮਲਾ ਆਖ ਕੇ, ਲੱਗੇ ਰੌਲਾ ਪਾਉਣ।

ਕਾਬਲ ਸਿੰਘ ਨੂੰ ਆਖ ਕੇ, ਤੋਪ ਨਾਲ ਬੰਨਵਾਉਣ।

ਐਪਰ ਉਹ ਨਾ ਜਾਣਦਾ, ਇਸ ਦੇ ਬਚਨ ਅਟੱਲ।

ਰਹਿਣੇ ਪੂਟੇ ਹੋ ਕੇ, ਅੱਜ ਨਹੀਂ ਤੇ ਕੱਲ।

ਦੇਣ ਸਰਾਪ ਉਸ ਨੂੰ, ਕਾਬਲ ਸਿੰਘ ਅੰਞਾਣ।

ਏਹੋ ਤੋਪ ਉਡਾ ਕੇ, ਤੇਰੇ ਲਊ ਪ੍ਰਾਣ।

## ਅਸਤੀਫਾ ਦੇਣਾ

ਕੀਤੀ ਉਹਨਾਂ ਜਾ ਫਿਰ, ਰਾਜੇ ਕੋਲ ਸ਼ਿਕਾਇਤ।

ਇਹ ਤਾਂ ਤੇਰੇ ਰਾਜ ਦੀ, ਮੰਗੇ ਨਹੀਂ ਇਨਾਇਤ।

ਰਾਜੇ ਸ਼ੇਰ ਸਿੰਘ ਨੇ, ਦਿੱਤਾ ਹੁਕਮ ਸੁਣਾ।

ਤਾੜੋ ਅੰਦਰ ਕੋਠੜੀ, ਦਿਓ ਬੇੜੀਆਂ ਲਾ।

ਗੁਰ ਜੀ ਅੱਗੋਂ ਬੋਲਦੇ, ਨਾਵਾਂ ਦੇਵੋ ਕੱਟ।

ਅਸਾਂ ਨਾ ਕਰਨੀ ਨੌਕਰੀ, ਆਖਣ ਲੱਗੇ ਝੱਟ।

ਅੱਗੋਂ ਰਾਜਾ ਸ਼ੇਰ ਸਿੰਘ, ਦੇਵੇ ਮੋੜ ਜਵਾਬ।

ਨਾਮ ਨਹੀਂ ਹੈ ਕੱਟਣਾ, ਹਾਲੇ ਕਿਸੇ ਹਿਸਾਬ।

ਤਿੰਨ ਵਾਰ ਜਾਂ ਆਖਿਆ, ਜਦੋਂ ਨਾ ਮੰਨਿਆਂ ਫੇਰ।

ਆਖਣ ਵਿੱਚ ਰਜਿਸਟਰਾਂ, ਵੇਖ ਲਵੋ ਇੱਕ ਵੇਰ।

ਨਾਮ ਅਸਾਡਾ ਨਹੀਂ ਹੈ, ਵਿੱਚ ਦਫ਼ਤਰ ਸਰਕਾਰ।

ਅਸੀਂ ਤਾਂ ਕਰਦੇ ਆਪਣੀ, ਮਰਜ਼ੀ ਸੰਦੀ ਕਾਰ।

ਦਫ਼ਤਰ ਡਿੱਠਾ ਫੋਲ ਜਾਂ, ਕਿਤੇ ਨਾ ਮਿਲਿਆ ਨਾਮ।

ਸਾਰੇ ਛਿੱਥੇ ਪੈ ਗਏ, ਜੋ ਕਰਦੇ ਬਦਨਾਮ।

ਮਹਾਰਾਜਾ ਸ਼ੇਰ ਸਿੰਘ, ਚਰਨੀਂ ਡਿੱਗਾ ਆਣ।

ਆਖਣ ਲੱਗਾ ਇਸ ਤਰ੍ਹਾਂ, ਅਜੇ ਨਾ ਦੇਣਾ ਜਾਣ।

## ਹਜ਼ਰੋਂ ਜਾਣਾ

ਸੰਨ ਅਠਾਰਾਂ ਸੌ ਸੀ, ਤੇ ਇਕਤਾਲੀ ਹੋਰ।

ਫੌਜ ਪੇਸ਼ਾਵਰ ਵੱਲ ਇੱਕ, ਤੋਰੀ ਤਿੱਖੀ ਤੋਰ।

ਲੈਣ ਖਜ਼ਾਨਾ ਜਾਂਵਦੇ, ਐਪਰ ਰਾਹ ਵਿਚਕਾਰ।

ਵਾੜ ਖੇਤ ਨੂੰ ਖਾ ਰਹੀ, ਹੋਈ ਉਲਟੀ ਕਾਰ।

ਬਦ ਅਮਨੀ ਦਾ ਰਾਜ ਵਿੱਚ, ਰਿਹਾ ਫੈਲ ਅਕਰੋਸ਼।

ਲੋਕਾਂ ਅੰਦਰ ਪਨਪਿਆ, ਡਾਢਾ ਭਾਰਾ ਰੋਸ।

ਲੰਘਣ ਫੌਜਾਂ ਜਿੱਧਰੋਂ, ਲੁੱਟੀ ਖੋਹੀ ਜਾਣ।

ਫਸਲਾਂ ਜਾਣ ਉਜਾੜਦੇ, ਤਰਸ ਜਰਾ ਨਾ ਖਾਣ।

ਜਿੱਥੋਂ ਜਾਵਣ ਲੰਘਦੇ, ਮੱਚੇ ਹਾਹਾ ਕਾਰ।

ਵੇਖੋ ਰਾਖੇ ਦੇਸ਼ ਦੇ, ਬਣ ਬੈਠੇ ਬਟਵਾਰ।

ਜੋ ਵੀ ਆਉਂਦਾ ਟੱਕਰੇ, ਰਸਤੇ ਦੇ ਵਿਚਕਾਰ।

ਮਾਲ ਤਾਲ ਸਭ ਖੋਹ ਕੇ, ਕੱਪੜੇ ਲੈਣ ਉਤਾਰ।

ਕੁਝ ਅਰਸੇ ਤੋਂ ਫੌਜ ਦੀ, ਰੁਕੀ ਹੋਈ ਤਨਖਾਹ।

ਜਨਤਾ ਸਿਰੋਂ ਮੁਆਵਜਾ, ਕਿੰਜ ਰਹੇ ਉਗਰਾਹ।

ਬੁਰਛਾ ਗਰਦੀ ਏਸ ਨੇ, ਪਾਇਆ ਮਾਤ ਪਛਾਣ।

ਮੁਗਲ ਕਾਲ ਦਾ ਜ਼ੁਲਮ, ਜੋ ਥੋੜ੍ਹਾ ਹੋਇਆ ਆਣ।

ਚੀਕ ਚਿਹਾੜਾ ਮੱਚਦਾ, ਸੁਣ ਫੌਜਾਂ ਦੀ ਸੋਅ।

ਭੱਜਣ ਬੀਆਬਾਨ ਨੂੰ, ਬੂਹੇ ਚੰਨੇ ਢੋਅ।

ਅੰਨ ਧਨ ਬਹੂਆਂ ਬੇਟੀਆਂ, ਕਿੱਥੇ ਲੋਕ ਲੁਕਾਉਣ।

ਸਭ ਕੁਝ ਖੁੱਸਦਾ ਵੇਖ ਕੇ, ਰੋਵਣ ਤੇ ਕੁਰਲਾਉਣ।

ਐਪਰ ਕਰਦੇ ਤਰਸ ਨਾ, ਦੇਂਦੇ ਪਿੰਡ ਉਜਾੜ।

ਭੇਡਾਂ ਵਾੜੇ ਆ ਵੜੇ, ਜਿਉਂ ਭੁੱਖਾਂ ਬਘਿਆੜ।

ਰਾਖਾ ਮਾਰੇ ਆਪ ਜੇ, ਫੇਰ ਬਚਾਵੇ ਕੌਣ।

ਆਪ ਰਿਆਇਆ ਲੁੱਟ ਕੇ, ਪਏ ਜੈਕਾਰੇ ਲਾਉਣ।

ਦਇਆ ਧਰਮ ਸਭ ਉੱਡ ਗਏ, ਉੱਡ ਗਿਆ ਸੰਤੋਖ।

ਸਤਿਗੁਰ ਦੀ ਸ਼ੁਭ ਸਿਖਿਆ, ਅੱਖੋਂ ਕਰੀ ਪਰੋਖ।

ਮਜ਼ਲੂਮਾਂ ਦੀ ਰੱਖਿਆ, ਕਾਰਨ ਨਿਸਚਾ ਧਾਰ।

ਬਖਸ਼ੀ ਬਾਜਾਂ ਵਾਲੜੇ, ਨੇ ਜਿਹੜੀ ਤਲਵਾਰ।

ਜਾਂ ਉਹ ਬੱਕਰੇ ਵੱਢਦੀ, ਜਾਂ ਮਾਰੇ ਮਜ਼ਲੂਮ।

ਮਾਰਨ ਬੱਚੇ ਔਰਤਾਂ, ਲਾਹ ਕੇ ਟੱਲਾ ਟੂਮ।

ਏਸ ਫੌਜ ਦੇ ਵਿੱਚ ਹੀ, ਜਾਂਦਾ ਗੁਰ ਦਾਤਾਰ।

ਪਾ ਰਿਹਾ ਸੀ ਫੌਜ ਨੂੰ, ਵਾਰ ਵਾਰ ਧ੍ਰਿਕਾਰ।

ਉਹਨਾਂ ਦੀ ਪਰ ਟੁਕੜੀ, ਜਰਾ ਨਾ ਕਰੇ ਵਿਗਾੜ।

ਰਸਨਾ ਰੌਣਕ ਨਾਮ ਦੀ, ਘੜਨ ਸਚਾਈ ਘਾੜ।

ਏਦਾਂ ਪਹੁੰਚੀ ਫੌਜ ਜਾਂ, ਅੰਦਰ ਪੋਠੋਹਾਰ।

ਸੇਕ ਉਸ ਦਾ ਪਹੁੰਚਿਆ, ਹਜ਼ਰੋਂ ਤੀਕ ਵੀਚਾਰ।

ਸੰਗਤ ਹਜ਼ਰੋਂ ਵੱਲ ਦੀ, ਭਾਰੀ ਮੇਲ ਬਣਾ।

ਸਤਿਗੁਰ ਬਾਲਕ ਸਿੰਘ ਨੂੰ, ਅਰਜ਼ ਸੁਣਾਵੇ ਜਾ।

ਤੂੰ ਹੀ ਰੱਖਣਹਾਰ ਹੈਂ, ਰੱਖ ਲਵੇਂ ਜੇ ਅੱਜ।

ਆਖਣ ਲੱਗੇ ਫੌਜ ਤੋਂ, ਨਹੀਂ ਬਚਣ ਦਾ ਹੱਜ।

ਵਾਂਗ ਕਾਂਗ ਦਰਿਆ ਦੀ, ਜਿੱਥੋਂ ਜਾਵੇ ਲੰਘ।

ਕਰਮਾਂ ਮਾਰੇ ਰੋਣ ਪਏ, ਪਾੜ ਪਾੜ ਕੇ ਸੰਘ।

ਏਸ ਬਲਾ ਤੋਂ ਬਚਣ ਦਾ, ਹੀਲਾ ਦਿਸੇ ਨਾ ਹੋਰ।

ਤੇਰੀ ਓਟ ਤਕਾ ਲਈ, ਸੁੱਟ ਕਿਸਮਤ ਤੇ ਡੋਰ।

ਸਤਿਗੁਰ ਬਾਲਕ ਸਿੰਘ ਜੀ, ਬੋਲੇ ਸਹਿਜ ਸੁਭਾਅ।

ਹੋ ਜਾਏਗਾ ਠੀਕ ਸਭ, ਸਤਿਗੁਰ ਕਰੇ ਬਚਾਅ।

ਭਾਵੇਂ ਫੌਜ ਪੰਜਾਬ ਦੀ, ਕਰਦੀ ਬੁਰਾ ਵਿਹਾਰ।

ਐਪਰ ਰੱਖੋ ਹੌਸਲਾ, ਨਹੀਂ ਕਰਨਗੇ ਰਾਰ।

ਏਸੇ ਅੰਦਰ ਫੌਜ ਦੇ, ਨੇ ਕੁਝ ਨੇਕ ਮਨੁੱਖ।

ਦੇਂਦੇ ਨਹੀਂ ਵੰਡਾਵਦੇ, ਜੋ ਮਾੜੇ ਦਾ ਦੁੱਖ।

ਲੋਕੀਂ ਕਰਕੇ ਹੌਸਲਾ, ਲੱਗੇ ਕਾਰ ਵਿਹਾਰ।

ਫਿਰ ਵੀ ਮੁੜ ਮੁੜ ਦਿਲਾਂ 'ਚੋਂ, ਉੱਠਣ ਉਲਟ ਵੀਚਾਰ।

ਅਜੇ ਅਟਕ ਦਰਿਆ ਨੂੰ, ਕੀਤਾ ਨਹੀਂ ਸੀ ਪਾਰ।

ਫੌਜ ਪਿਸ਼ਾਵਰ ਵੱਲ ਦੀ, ਆਈ ਲੰਘ ਉਰਾਰ।

ਸੌਂਪ ਖਜ਼ਾਨਾ ਮੁੜ ਗਈ, ਆ ਬੌਲੀ ਨਜ਼ਦੀਕ।

ਪਰਤੀ ਫੌਜ ਲਹੌਰ ਦੀ, ਵੱਲ ਕਿਲੇ ਦੇ ਠੀਕ।

ਹਜ਼ਰੋਂ ਦੇ ਜਾ ਕਿਲੇ ਵਿੱਚ, ਡੇਰਾ ਲਿਆ ਜਮਾ।

ਕਰਕੇ ਅਮਨ ਅਮਾਨ ਦੀ, ਸੀ ਡਾਢੀ ਪ੍ਰਵਾਹ।

ਓਥੋਂ ਦੇ ਵਸਨੀਕ ਜੋ, ਸ਼ਰਧਾ ਦਿਲ ਵਿੱਚ ਧਾਰ।

ਸਤਿਗੁਰ ਬਾਲਕ ਸਿੰਘ ਦੇ, ਹੋਏ ਸ਼ੁਕਰ ਗੁਜ਼ਾਰ।

ਸ੍ਰੀ ਸਤਿਗੁਰੂ ਬਾਲਕ ਸਿੰਘ ਦੀ ਮਹਿਮਾ ਸੁਣਨੀ

ਸਤਿਗੁਰ ਬਾਲਕ ਸਿੰਘ ਜੀ, ਹਜ਼ਰੋਂ ਵਿੱਚ ਨਿਵਾਸ।

ਜੋ ਬਖਸ਼ਸ਼ ਦਸਮੇਸ਼ ਦੀ, ਸਾਂਭੀ ਬੈਠੇ ਖਾਸ।

ਗੁਪਤ ਗਿਆਰਵਾਂ ਖੇਡਦਾ, ਕਿਸੇ ਨਾ ਪਾਈ ਪਾਰ।

ਗਏ ਅਮਾਨਤ ਸੌਂਪ ਕੇ, ਕਲਗੀਧਰ ਦਾਤਾਰ।

ਨਾਮ ਜਪਾਵਣ ਰੱਬ ਦਾ, ਕੱਟਣ ਕਰਮ ਕਲੇਸ਼।

ਮੈਲ ਉਤਾਰਨ ਮਨਾਂ ਦੀ, ਦੇਂਦੇ ਸ਼ੁੱਭ ਉਪਦੇਸ਼।

ਦੂਰੋਂ ਦੂਰੋਂ ਸੰਗਤਾਂ, ਆ ਕੇ ਦਰਸ਼ਨ ਪਾਉਣ।

ਲੈ ਅਮੁੱਲੀ ਸਿਖਿਆ, ਜੀਵਨ ਸਫ਼ਲ ਬਣਾਉਣ।

ਵਾਂਗ ਕਥੂਰੀ ਖਿਲਰ, ਉਹਨਾਂ ਦੀ ਖੁਸ਼ਬੋ।

ਕੱਢ ਹਨੇਰਾ ਕੂੜ ਦਾ, ਕਰੇ ਮਨਾਂ ਵਿੱਚ ਲੋਅ।

ਪਹੁੰਚੀ ਅੰਦਰ ਫੌਜ ਦੇ, ਸੋਅ ਸੁਗੰਧ ਸਮਾਨ।

ਸੁਣਿਆ ਓਥੇ ਫੌਜੀਆਂ, ਉਹਨਾਂ ਦਾ ਗੁਣਗਾਨ।

ਬਾਬਾ ਗਿੱਲ ਜਮੀਤ ਸਿੰਘ, ਖਿੱਚੇ ਵਿੱਚ ਪ੍ਰੇਮ।

ਲੈ ਅਫ਼ਸਰ ਤੋਂ ਆਗਿਆ, ਜਿਵੇਂ ਫੌਜ ਦਾ ਨੇਮ।

ਸਤਿਗੁਰ ਬਾਲਕ ਸਿੰਘ ਦੇ, ਦਰਸ਼ਨ ਪਾਏ ਜਾ।

ਖੱਸ ਲਿਆ ਮਨ ਗੁਰਾਂ ਨੇ, ਪਹਿਲੀ ਨਜ਼ਰ ਟਿਕਾ।

ਗੁਰ ਮੰਤਰ ਦੀ ਕੰਨ ਵਿੱਚ, ਮਾਰੀ ਐਸੀ ਫੂਕ।

ਸਿੱਖੀ ਦਾ ਉਪਦੇਸ਼ ਦੇ, ਦਿੱਤੀ ਦੁਬਿਧਾ ਫੂਕ।

ਜਪਦੇ ਸੋਹੰ ਨਾਮ ਸੀ, ਸ਼ੰਕਾ ਮਨ ਵਿੱਚ ਧਾਰ।

ਸਤਿਗੁਰ ਬਾਲਕ ਸਿੰਘ ਨੇ, ਦਿੱਤਾ ਸ਼ੱਕ ਨਿਵਾਰ।

ਦਿੱਤਾ ਅੰਦਰ ਕੰਨ ਦੇ, ਜਦੋਂ ਚੌਅੱਖਰਾ ਮੰਤ।

ਰੰਗ ਮਜੀਠੀ ਰੰਗਿਆ, ਹੋਇਆ ਪੂਰਨ ਸੰਤ।

ਅੰਦਰ ਆਣ ਬਬੇਕ ਜਾਂ, ਵੜਿਆ ਭੰਨ ਕਵਾੜ।

ਤਸਕਰ ਪੰਜੇ ਅੰਦਰੋਂ, ਨੱਸੇ ਪੱਲੂ ਝਾੜ।

ਦਰਸ ਪਰਸ ਕੇ ਆਤਮਾ, ਹੋਈ ਮਾਲਾ ਮਾਲ।

ਆਣ ਸੁਣਾਇਆ ਫੌਜ ਨੂੰ, ਉਹਨਾਂ ਸਾਰਾ ਹਾਲ।

ਵਾਰੀ ਵਾਰੀ ਹੋਰ ਵੀ, ਫੌਜੀ ਦਰਸ਼ਨ ਪਾ।

ਲੈ ਗੁਰਮੰਤਰ ਗੁਰਾਂ ਤੋਂ, ਤੁਰੇ ਸੱਚ ਦੇ ਰਾਹ।

ਸ੍ਰੀ ਸਤਿਗੁਰੂ ਰਾਮ ਸਿੰਘ, ਲੈ ਕੇ ਸਾਥੀ ਨਾਲ।

ਪਹੁੰਚੇ ਗੁਰ ਦਰਬਾਰ ਵਿੱਚ, ਉਹ ਸਾਰੇ ਤਤਕਾਲ।

ਅੱਗੇ ਕੀ ਹਨ ਵੇਖਦੇ, ਗੁਰਬਾਣੀ ਪ੍ਰਕਾਸ਼।

ਬੈਠੇ ਉਪਰ ਤਾਬਿਆ, ਬਾਲਕ ਸਿੰਘ ਗੁਰ ਖਾਸ।

ਉਸ ਵਕਤ ਸੀ ਤੁਕ ਇਹ, ਪੜ੍ਹਦੇ ਨਾਲ ਵੀਚਾਰ।

ਅੰਦਰ ਸਾਰੰਗ ਰਾਗ ਦੇ, ਬੋਲਣ ਨਾਲ ਪਿਆਰ।

---o---

"ਠਾਕੁਰ ਤੁਮ ਸਰਣਾਈ ਆਇਆ॥
ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ॥"

---o---

ਏਧਰ ਮੱਥਾ ਟੇਕ ਕੇ, ਕੀਤਾ ਜਦੋਂ ਦੀਦਾਰ।
ਸਤਿਗੁਰ ਬਾਲਕ ਸਿੰਘ, ਵੀ ਡਿੱਠਾ ਨਾਲ ਪਿਆਰ।
ਸਾਰੇ ਮੱਥਾ ਟੇਕ ਕੇ, ਬੈਠੇ ਵਾਰੋ ਵਾਰ।
ਆਖਣ ਆਓ ਠਾਕਰੋ, ਹੁਣੇ ਸੰਭਾਲੋ ਕਾਰ।
ਭੈਣੀ ਵਾਲੇ ਆਖਿਆ, ਦਿਓ ਨਾਮ ਦੀ ਦਾਤ।
ਬਾਬੇ ਬਖਸ਼ੀ ਹੱਸ ਕੇ, ਉਹ ਰੱਬੀ ਸੌਗਾਤ।
ਭਜਨ ਚੌਅੱਖਰਾ 'ਵਾਹਿਗੁਰੂ', ਕੰਨਾਂ ਵਿੱਚ ਸੁਣਾ।
ਸ਼ਕਤੀ ਦਿੱਤੀ ਆਪਣੀ, ਉਹਨਾਂ ਅੰਦਰ ਪਾ।
ਗੁਰ ਬਾਲਕ ਸਿੰਘ ਤੱਕਿਆ, ਭਰ ਨੇਤਰ ਅਨਮੋਲ।
ਗਦ ਗਦ ਹੋਏ ਵੇਖ ਕੇ, ਬੋਲੇ ਸ਼ਬਦ ਅਡੋਲ।
ਬੈਠੇ ਵਿੱਚ ਉਡੀਕ ਦੇ, ਆਵੋ ਪਾਕ ਪੁਨੀਤ।

ਸਿੱਖੀ ਇਹ ਦਸਮੇਸ਼ ਦੀ, ਫੇਰ ਕਰੋ ਸੁਰਜੀਤ।

ਦੇ ਗੁਰਮੰਤਰ ਕੰਨ ਵਿੱਚ, ਕਰਕੇ ਨੇਕ ਖਿਆਲ।

ਗੱਦੀ ਉੱਤੋਂ ਉੱਠ ਕੇ, ਆਣ ਖੜ੍ਹੇ ਤਤਕਾਲ।

ਆਸਣ ਕੋਲ ਵਿਛਾ ਕੇ, ਅਤੇ ਬਹਾ ਕੇ ਕੋਲ।

ਆਖਣ ਸਾਂਭੋ ਠਾਕਰੋ, ਇਹ ਵਸਤੂ ਅਨਮੋਲ।

ਕਹਿਣ ਅਮਾਨਤ ਆਪਣੀ, ਸਾਂਭ ਲਵੋ ਸਰਕਾਰ।

ਭੇਟਾ ਅੱਗੇ ਰੱਖ ਕੇ, ਕਰ ਪੂਰਾ ਸਤਿਕਾਰ।

ਦਿੱਤੀ ਦਸਵੇਂ ਪਾਤਸ਼ਾਹ, ਸਾਂਭ ਲਵੋ ਸਭ ਰੀਤ।

ਕਰਿਓ ਵਿੱਚ ਪੰਜਾਬ ਜਾ, ਮੁੜ ਸਿੱਖੀ ਸੁਰਜੀਤ।

ਭਾਂਡਾ ਪੂਰਾ ਵੇਖਿਆ, ਤਾਂ ਪਾਈ ਵਿੱਚ ਵੱਥ।

ਭਰੀ ਬੁਖਾਰੀ ਨਿਹਮਤਾਂ, ਕੁੰਜੀ ਸਤਿਗੁਰ ਹੱਥ।

ਹੱਸ ਹਵਾਲੇ ਕਰਨ ਪਏ, ਆਖਣ ਸਾਂਭੋ ਆਪ।

ਅੱਜ ਤੋਂ ਏਸ ਸਮਾਜ ਦੇ, ਤੁਸੀਂ ਹਰੋ ਸੰਤਾਪ।

ਸਾਂਭ ਅਮਾਨਤ ਆਪਣੀ, ਜਾਵੋ ਦੇਸ਼ ਪੰਜਾਬ।

ਜਿਹੜਾ ਕੀਤਾ ਬੁਰਛਿਆਂ, ਹੱਦੋਂ ਵੱਧ ਖਰਾਬ।

ਪੰਜ ਪੈਸੇ ਤੇ ਨਾਰੀਅਲ, ਧਰ ਕੇ ਮੱਥਾ ਟੇਕ।

ਗੁਰ ਗੱਦੀ ਦਾ ਇਸ ਤਰ੍ਹਾਂ, ਕਰ ਦਿੱਤਾ ਅਭਿਸ਼ੇਕ।

ਅਸੀਂ ਸੰਭਾਲੀ ਹੋਈ ਸੀ, ਵਸਤ ਤੁਹਾਡੀ ਜਾਣ।



Sri Satguru Jagjit Singh Ji eLibrary NamdhariElibrary@gmail.com

ਸਾਂਭੋ ਵਸਤੂ ਆਪਣੀ, ਪਾਵੋ ਵੱਡਾ ਮਾਣ।

ਨਾਮ ਜਪਾਵੋ ਜਾ ਕੇ, ਅੰਦਰ ਸਾਰੇ ਦੇਸ਼।

ਜੋ ਆਏ ਸਿਰ ਕੌਮ ਦੇ, ਦੇਵੋ ਕੱਟ ਕਲੇਸ਼।

ਪੰਥ ਖਾਲਸਾ ਸਾਜਿਆ, ਜਿਹੜਾ ਸੀ ਦਸਮੇਸ਼।

ਵਿਸ਼ੇ ਵਿਕਾਰੀਂ ਫਸ ਕੇ, ਹੋਇਆ ਅੱਜ ਮਲੇਛ।

ਸੰਤ ਖਾਲਸਾ ਸਾਜ ਕੇ, ਧੋਵੋ ਇਹਦੇ ਦਾਗ਼।

ਸੁੱਤੇ ਦੇਸ਼ ਪੰਜਾਬ ਦੇ, ਫੇਰ ਜਗਾਵੋ ਭਾਗ।

ਗਿਰ ਜਾਵੇ ਇਖਲਾਕ ਤੋਂ, ਹੋਵੇ ਕੌਮ ਗ਼ੁਲਾਮ।

ਕਦੇ ਤਰੱਕੀ ਕਰੇ ਨਾ, ਜਾਨਣ ਲੋਕ ਤਮਾਮ।

ਆਪ ਉਭਾਰੋ ਜਤਨ ਕਰ, ਤਾਂ ਆਵੇ ਸਵਰਾਜ।

ਉੱਠਣ ਸੁੱਤੇ ਸੂਰਮੇ, ਐਸੀ ਦਿਓ ਅਵਾਜ਼।

ਪਤਝੜ ਪਾਈ ਗੋਰਿਆਂ, ਹੋਇਆ ਨੂਰ ਉਡੰਤ।

ਪਾਣੀ ਪਾਓ ਅਣਖ ਦਾ, ਆਵੇ ਪਰਤ ਬਸੰਤ।

ਆਪਣਿਆਂ ਨੂੰ ਖਾਣਗੇ, ਵਿਕੇ ਹੋਏ ਇਹ ਲੋਕ।

ਸ਼ੋਸ਼ਣ ਕਰਨ ਗਰੀਬ ਦਾ, ਇਸ ਤੇ ਲਾਓ ਰੋਕ।

ਵੜੀਆਂ ਆਣ ਕੁਰੀਤੀਆਂ, ਕਰ ਕਰ ਸੰਨਾਂ ਛੇਕ।

ਪਰਦਾ ਪੈ ਗਿਆ ਅਕਲ ਤੇ, ਭੁੱਲਾ ਗਿਆਨ ਬਿਬੇਕ।

ਭਾਗੋ ਪੈਦਾ ਕਰ ਰਹੀ, ਇਹ ਸਰਕਾਰ ਅਮੀਰ।

ਵੇਖੋ ਭੁੱਖੇ ਤੜਪਦੇ, ਉਹ ਲਾਲੋ ਦੇ ਵੀਰ।

ਝੂਠੇ ਰਾਹਬਰ ਵਕਤ ਦੇ, ਉਹਨਾਂ ਲਏ ਖਰੀਦ।

ਭੰਬਲਭੂਸੇ ਪਾ ਕੇ, ਝੂਠੀ ਦੇਣ ਉਮੀਦ।

ਹੋ ਚਾਕਰ ਅੰਗ੍ਰੇਜ਼ ਦੇ, ਕਰਦੇ ਉਲਟੀ ਕਾਰ।

ਆਗੂ ਕਰਨ ਸਵਾਰਥੀ, ਮਾਇਆ ਦਾ ਸਤਕਾਰ।

ਸਾਮਰਾਜ ਸਰਕਾਰ ਦੇ, ਬਣਕੇ ਟੁੱਕੜ ਬੋਚ।

ਤੋੜਨ ਖਾਵਣ ਬੋਟੀਆਂ, ਆਪਣਿਆਂ ਨੂੰ ਨੋਚ।

ਸਤਿਗੁਰ ਨਾਨਕ ਬਖਸ਼ਿਆ, ਜਾਣ ਚੌਅੱਖਰਾ ਮੰਤ।

ਦੇ ਦਿਓ ਛੱਟਾ ਦਿਲਾਂ ਵਿੱਚ, ਸਾਜੋ ਮੁੜ ਕੇ ਸੰਤ।

ਅਠਾਰਾਂ ਸੌ ਅਠਾਨਵੇਂ, ਸੰਮਤ ਲਵੋ ਪਛਾਣ।

ਅੱਸੂ ਦੀ ਸੰਗਰਾਂਦ ਸੀ, ਸ਼ੁੱਭ ਦਿਹਾੜਾ ਜਾਣ।

ਸਤਿਗੁਰ ਜੀ ਦੇ ਨਾਲ ਸਨ, ਪੱਚੀ ਹੋਰ ਸਰੀਰ।

ਪਹਿਲਾਂ ਸਨ ਮਨ ਜਿਨ੍ਹਾਂ ਦੇ, ਸਿੱਧੇ ਵਾਂਗੂ ਤੀਰ।

ਹੌਲਦਾਰ ਸੀ ਕਾਹਨ ਸਿੰਘ, ਵੱਡਾ ਚੱਕ ਗ੍ਰਾਮ।

ਦੂਜਾ ਗਿੱਲ ਜਮੀਤ ਸਿੰਘ, ਜਪਦਾ ਬਹੁਤਾ ਨਾਮ।

ਬੁੱਧ ਸਿੰਘ ਗੁਜਰਵਾਲ ਦਾ, ਸਿੰਘ ਮਤਾਬ ਹਠੂਰ।

ਹਰਸ਼ਾ ਸਿੰਘ ਕੰਗਣਪੁਰੋਂ, ਆਇਆ ਨਾਲ ਹਜ਼ੂਰ।

ਰਾਜਾ ਜੰਗ ਬਘੇਲ ਸਿੰਘ, ਉੱਬੋ ਕਿਉਂ ਮਤਾਬ।



Sri Satguru Jagjit Singh Ji eLibrary NamdhariElibrary@gmail.com

ਦੁੱਲਾ ਰਾਜੇ ਆਣੀਆਂ, ਆਇਆ ਲੈਣ ਸਵਾਬ।

ਅਨੋਖਾ ਸਿੰਘ ਦੁਆਬਿਓਂ, ਜਿਲਾ ਜਲੰਧਰ ਜਾਣ।

ਬਿੱਲੀਆਂ ਦਾ ਵਸਨੀਕ ਸੀ, ਉਹਦੀ ਭਲੀ ਪਛਾਣ।

ਇਤਿਆਦਿਕ ਸਿੰਘ ਹੋਰ ਵੀ, ਬੈਠੇ ਨਾਲ ਖਿਆਲ।

ਨੈਣੀ ਰੰਗਤ ਨਾਮ ਦੀ, ਮੱਥੇ ਅਜ਼ਬ ਜਲਾਲ।

ਦੇ ਗੁਰਮੰਤਰ ਗੁਰਾਂ ਨੇ, ਫਿਰ ਦਿੱਤਾ ਉਪਦੇਸ਼।

ਬਹਿੰਦੇ ਉੱਠਦੇ ਜਾਗਦੇ, ਆਖਣ ਜਪੋ ਹਮੇਸ਼।

ਅੰਮ੍ਰਿਤ ਵੇਲੇ ਜਾਗਣਾ, ਕਰ ਸ਼ੌਚ ਇਸ਼ਨਾਨ।

ਕਰਨਾ ਸਿਮਰਨ ਸਾਈਂ ਦਾ, ਪਿੱਛੋਂ ਨਾਲ ਧਿਆਨ।

ਜਤ ਸਤ ਧੀਰਜ ਸ਼ੀਲਤਾ, ਸੁੱਚ ਸੰਜਮ ਸੰਤੋਖ।

ਧਾਰੋ ਉੱਚ ਇਖਲਾਕ ਨੂੰ, ਆਵੇ ਕਦੇ  ਨਾ ਔਖ।

ਰਾਮ ਸਿੰਘ ਨੂੰ ਸਤਿਗੁਰੂ, ਮੰਨਿਓਂ ਪੂਰਾ ਜਾਣ।

ਇਹਦਾ ਹੁਕਮ ਅਕਾਲ ਦਾ, ਸੱਚੀ ਲਵੋ ਪਛਾਣ।

ਚੰਗਾ ਆਗੂ ਕੌਮ ਨੂੰ, ਮਿਲਦਾ ਕਿਸਮਤ ਨਾਲ।

ਲੋਚੇ ਭਲਾ ਹਰੇਕ ਦਾ, ਕੱਟੇ ਜਨਮ ਜੰਜਾਲ।

ਲੋਕ ਹਿਤਾਂ ਲਈ ਜੋ ਲੜੇ, ਸੁੱਖ ਦੀ ਸੇਜ ਵਿਸਾਰ।

ਐਸਾ ਆਗੂ ਜੇ ਮਿਲੇ, ਕਿਉਂ ਕਰਨਾ ਇਨਕਾਰ।

ਸੁੱਖ ਲੋਚੇ ਸੰਸਾਰ ਦਾ, ਸਿਰ ਤੇ ਸਹਿ ਕੇ ਦੁੱਖ।



Sri Satguru Jagjit Singh Ji eLibrary NamdhariElibrary@gmail.com

ਉਸਨੂੰ ਜਾਣੋ ਦੇਵਤਾ, ਉਹ ਨਾ ਆਮ ਮਨੁੱਖ।

ਜਿਹੜੇ ਖਾ ਖਾ ਆਫ਼ਰੇ, ਆਗੂ ਬਣ ਬਣ ਬਹਿਣ।

ਫਸ ਕੇ ਵਿੱਚ ਕੁਰੀਤੀਆਂ, ਸਦਾ ਕੁਰਾਹੇ ਪੈਣ।

ਨਿੱਜ ਸਵਾਰਥ ਵਾਸਤੇ, ਧ੍ਰਿਗ ਜੀਵਨ ਸੰਸਾਰ।

ਲੋਕ ਮਨਾਂ ਵਿੱਚ ਰੜਕਦਾ, ਵਾਂਗਰ ਤਿੱਖੇ ਖਾਰ।

ਦੇ ਕੇ ਸ਼ੁਭ ਉਪਦੇਸ਼ ਇਹ, ਕਰਨ ਆਗਿਆ ਫੇਰ।

ਜਾਵੋ ਧਰਤ ਪੰਜਾਬ ਨੂੰ, ਹੋਰ ਕਰੋ ਨਾ ਦੇਰ।

ਲੈ ਸਤਿਗੁਰ ਤੋਂ ਆਗਿਆ, ਵਾਪਸ ਪਰਤੀ ਫੌਜ।

ਆਈ ਵੱਲ ਲਹੌਰ ਦੇ, ਜਿਵੇਂ ਕਿਨਾਰੇ ਮੌਜ।

(ਹਿੰਦ ਪੰਜਾਬ ਦੇ ਪਹਿਲੇ ਜੰਗ ਦੀ ਤਿਆਰੀ)

**ਸਤਲੁਜ ਵਿੱਚ ਬੰਦੂਕ ਸੁੱਟਣੀ**

ਪਿੰਡ ਆਏ ਕੁਝ ਰੋਜ ਦੇ, ਛੁੱਟੀ ਆਪ ਮਨਾਉਣ।

ਪਿੱਛੋਂ ਲੱਗੀ ਲਾਮ ਸੀ, ਲੱਗੇ ਸੱਦੇ ਆਉਣ।

ਕਹਿਣ ਫਰੰਗੀ ਬੈਠਿਆ, ਸਤਲੁਜ ਕੰਢੇ ਆਣ।

ਜਾਪੇ ਹੱਲਾ ਬੋਲਣਾ, ਉਹਨੇ ਵਕਤ ਪਛਾਣ।

ਜਿਹੜੇ ਛੁੱਟੀ ਗਏ ਸਨ, ਫੌਜੀ ਲਏ ਬੁਲਾ।



Sri Satguru Jagjit Singh Ji eLibrary NamdhariElibrary@gmail.com

ਆਇਆ ਹੁਕਮ ਲਹੌਰ ਤੋਂ, ਵਾਪਸ ਜਾਵੋ ਆ।

ਹਾਜ਼ਰ ਹੋਏ ਜਾ ਕੇ, ਉਲਟੀ ਵੇਖੀ ਕਾਰ।

ਕਾਬਜ਼ ਹੋਏ ਫੌਜ ਤੇ, ਸਾਰੇ ਦੇਸ਼ ਗਦਾਰ।

ਵੇਖ ਖਾਲਸਾ ਫੌਜ ਦਾ, ਹੁੰਦਾ ਆਪ ਹਰਾਸ।

ਜਾਣ ਗਏ ਇਹ ਕਰਨਗੇ, ਦੇਸ਼ ਕੌਮ ਦਾ ਨਾਸ।

“ਹਾ ਹਾ ਰੇ ਕਿਉ ਗਾਫਲ ਸੋਇਆ”, ਉੱਚਾ ਬੋਲ ਉਚਾਰ।

ਫਿਰਨ ਜਗਾਉਂਦੇ ਸੁੱਤਿਆਂ, ਰਮਜ਼ ਤਨਜ ਦੀ ਮਾਰ।

ਐਪਰ ਨੀਂਦ ਸਵਾਰਥੀ, ਸੁੱਤੇ ਸਭ ਸਰਦਾਰ।

ਪੀਤੀ ਗ਼ਫ਼ਲਤ ਘੋਟ ਕੇ, ਬੈਠੇ ਫਰਜ਼ ਵਿਸਾਰ।

ਬਿਗਲ ਵਜਾਇਆ ਕੂਚ ਦਾ, ਸੋਧਣ ਲਈ ਅਰਦਾਸ।

ਕਰ ਕੜਾਹ ਪ੍ਰਸ਼ਾਦ ਵੀ, ਆਣ ਟਿਕਾਇਆ ਪਾਸ।

ਕਿਹਾ ਸਾਰਿਆਂ ਭਾਈ ਜੀ, ਆਪ ਕਰੋ ਅਰਦਾਸ।

ਹੋਵੇ ਜਿੱਤ ਲਹੌਰ ਦੀ, ਹੋਏ ਫਰੰਗੀ ਨਾਸ।

ਖੜ੍ਹੇ ਹੋਏ ਇੱਕ ਪੈਰ ਤੇ, ਲੱਗੇ ਗੁਰੂ ਧਿਆਉਣ।

ਇੱਕ ਮਨ ਤੇ ਇੱਕ ਚਿੱਤ ਹੋ, ਬਿਰਤੀ ਆਪ ਟਿਕਾਉਣ।

ਉਲਟੇ ਡਿੱਗੇ ਜਿਮੀਂ ਤੇ, ਹੋਏ ਜਾਣ ਅਚੇਤ।

ਉੱਠੇ ਦੋ ਪਲ ਠਹਿਰ ਕੇ, ਹੋਏ ਜਦੋਂ ਸੁਚੇਤ।

ਆਖਣ ਲੱਗੇ ਖਾਲਸਾ, ਇਹ ਹੋਇਐ ਦ੍ਰਿਸ਼ਟਾਂਤ।



Sri Satguru Jagjit Singh Ji eLibrary NamdhariElibrary@gmail.com

ਹਾਰ ਖਾਲਸੇ ਦੀ ਹੈ, ਹੋਣੀ ਭੈੜੀ ਭਾਂਤ।

ਲੜਨ ਨਹੀਂ ਮਰਵਾਉਣ, ਨੂੰ ਲੈ ਚੱਲੇ ਨੇ ਫੌਜ।

ਦਿੱਲੀ ਨੂੰ ਲੁਟਵਾ ਲਿਆ, ਜੈ ਚੰਦ ਜਿਵੇਂ ਕਨੌਜ।

ਫਿਰ ਵੀ ਪੱਤਣ ਹਰੀ ਕੇ, ਡੇਰੇ ਆਣ ਲਗਾਉਣ।

ਸਿੱਖਾਂ ਦੀ ਹੁਣ ਹਾਰ ਹੈ, ਬੋਲੇ ਪਏ ਸੁਣਾਉਣ।

ਮਰਦੇ ਕਿਉਂ ਹੋ ਸਾਥੀਓ, ਐਵੇਂ ਭਾੜੇ ਭੰਗ।

ਨੀਤੀ ਹੈ ਮਰਵਾਉਣ ਦੀ, ਇਹ ਨਾ ਧਰਮੀ ਜੰਗ।

ਸਾਡੇ ਆਗੂ ਮਿਲ ਗਏ, ਨਾਲ ਵੈਰੀਆਂ ਜਾ।

ਲੈਣ ਜਗੀਰਾਂ ਵੱਡੀਆਂ, ਫੌਜਾਂ ਨੂੰ ਮਰਵਾ।

ਸਾਜਿਸ਼ ਰਚੀ ਹਰਾਉਣ ਦੀ, ਤੇਜੂ ਤੇ ਗੁਲਾਬ।

ਵੇਚੀ ਬੈਠੇ ਡੋਗਰੇ, ਸੋਹਣਾ ਦੇਸ਼ ਪੰਜਾਬ।

ਹੋਵੇ ਲੜਨਾ ਵਤਨ ਲਈ, ਹੋ ਕੇ ਲੜੀਏ ਸ਼ੇਰ।

ਐਪਰ ਪਾਇਆ ਆਗੂਆਂ, ਏਥੇ ਬੜਾ ਹਨੇਰ।

ਪਰਤ ਜਾਓ ਵੱਲ ਘਰਾਂ ਦੇ, ਦਿਓ ਬੰਦੂਕਾਂ ਸੁੱਟ।

ਸੋਹਣੇ ਦੇਸ਼ ਪੰਜਾਬ ਦੇ, ਚੱਲੇ ਕਰਮ ਨਿਖੁੱਟ।

ਮਾਰੀ ਫੇਰ ਵਗਾਹ ਕੇ, ਸਤਲੁਜ ਵਿੱਚ ਬੰਦੂਕ।

ਜੈਸੇ ਕੇ ਸੰਗ ਦੋਸਤੋ, ਵੈਸਾ ਕਰੋ ਸਲੂਕ।

ਵਾਪਸ ਪਰਤੇ ਪਿੰਡ ਨੂੰ, ਚੱਲੇ ਥੋੜ੍ਹੀ ਵਾਟ।

ਡਿੱਠਾ ਅੱਗੇ ਬੰਦ ਸੀ, ਹਰੀ ਕਿਆਂ ਦਾ ਘਾਟ।

ਡਰਦੇ ਮਾਰੇ ਯੁੱਧ ਤੋਂ, ਚੱਲੇ ਖਿਸਕ ਮਲਾਹ।

ਸਾਨ੍ਹਾਂ ਦੇ ਕਿਉਂ ਭੇੜ ਵਿੱਚ, ਮਰੀਏ ਖਾਹਮਖਾਹ।

ਕੱਪੜੇ ਲਾਹ ਕੇ ਸੀਸ ਤੇ, ਲੀਤੇ ਆਪ ਟਿਕਾ।

ਰੋਕਣ ਕਦੇ ਨਾ ਧਰਮੀਆਂ, ਤਾਈਂ ਇਹ ਦਰਿਆ।

ਡਿੱਠਾ ਜਾਂ ਰਣਜੀਤ ਸਿੰਘ, ਚੜ੍ਹਿਆ ਅਟਕ ਹਨੇਰ।

ਘੋੜਾ ਦਿੱਤਾ ਠੇਲ ਸੀ, ਜਰਾ ਨਾ ਲਾਈ ਦੇਰ।

ਰਾਹ ਦਿੱਤਾ ਦਰਿਆ ਨੇ, ਫੌਜਾਂ ਹੋਈਆਂ ਪਾਰ।

ਬੋਲੇ ਸੋ ਨਿਹਾਲ ਦਾ, ਆਣ ਪਿਆ ਜੈ ਕਾਰ।

ਇੰਜ ਹੀ ਚੀਨੀ ਵਾਲੜੇ, ਚਰਨ ਸਪਰਸ਼ ਕਰਾ।

ਸਤਲੁਜ ਕੋਲੋਂ ਲੈ ਲਿਆ, ਵਾਂਗ ਅਟਕ ਦੇ ਰਾਹ।

ਆ ਲੁਧਿਆਣੇ ਅਪੜੇ, ਮਾਮਾ ਜੀ ਦੇ ਕੋਲ।

ਪਿੱਛੋਂ ਨਕਸ਼ਾ ਜੰਗ ਦਾ, ਦੱਸਾਂ ਕੁਝ ਫਰੋਲ।

ਮੁਦਕੀ ਦੀ ਜੰਗ ਤੇ ਸਿੱਘਾਂ ਦੀ ਹਾਰ

ਸਿੰਘ ਸੂਰਮੇ ਰਮਜ਼ ਨਾ ਸਮਝ ਸੱਕੇ, ਖੇਤ ਆਣ ਮੁਦਕੀ ਉਹਨਾਂ ਮੱਲਿਆ ਈ।

ਓਧਰ ਆਣ ਫਰੰਗੀਆਂ ਕੂਚ ਕੀਤਾ, ਜੈਕ ਯੂਨੀਅਨ ਫੌਜ ਦਾ ਹੱਲਿਆ ਈ।

ਲੱਗੀ ਆਣ ਕੇ ਚੋਟ ਨਗਾਰਿਆਂ ਤੇ, ਧਮਕਾਂ ਵੱਜੀਆਂ ਜੀ ਤਰਥੱਲਿਆ ਈ।

ਮਾਰੂ ਵੱਜਿਆ ਜੰਗ ਦਾ ਬਹੁਤਾ ਭਾਰਾ, ਤੇਜ ਫੌਜ ਦਾ ਜਾਏ ਨਾ ਝੱਲਿਆ ਈ।

ਤੇਜਾ ਸਿੰਘ ਨੇ ਫੌਜ ਦਾ ਭੇਦ ਸਾਰਾ, ਚੋਰੀ ਛਿਪੇ ਫਰੰਗੀ ਨੂੰ ਘੱਲਿਆ ਈ।

ਉਲਟਾ ਆਣ ਜਾਂ ਕਾਲ ਦਾ ਗੇੜ ਗਿੜਦਾ, ਇਹਨੂੰ ਕਿਸੇ ਨਾ 'ਬਾਜਵਾ' ਠੱਲ੍ਹਿਆ ਈ।

---o---

ਆਗੂ ਦੋਹਾਂ ਦਲਾਂ ਦੇ ਮਸਲਾਇਤ ਕਰਕੇ।

ਕਾਲੇ ਲੱਗੇ ਲਿਖਣ ਨੇ ਤਹਿਰੀਕੀ ਵਰਕੇ।

ਭੇਜੀ ਆਪ ਬਰੂਦ ਦੇ ਥਾਂ ਸਰੋਂ ਨਿਕਾਰੀ।

ਮੱਤ ਗਈ ਜਾਂ ਆਗੂਆਂ ਦੀ ਉੱਕਾ ਮਾਰੀ।

ਪਿੱਛੇ ਲਾਲੂ ਆਪਣੀ ਸੈਨਾ ਰੁਕਵਾਈ।

ਪਿੱਠ ਦਿਖਾ ਕੇ ਨੱਸਣਾ ਉਸ ਮਿਥਿਆ ਭਾਈ।

ਐਪਰ ਫਿਰ ਵੀ ਖਾਲਸੇ ਚੰਡੀ ਖੜਕਾਈ।

ਵੈਰੀ ਦੀ ਉਸ ਫੌਜ ਵਿੱਚ ਮੱਚ ਗਈ ਦੁਹਾਈ।

ਸਿੰਘ ਸ਼ਾਮ ਅਟਾਰੀ ਵਾਲਿਆਂ ਵਾਹ ਵਾਹ ਸਰਦਾਰਾ।



Sri Satguru Jagjit Singh Ji eLibrary NamdhariElibrary@gmail.com

ਤੂੰ ਵਫਾਦਾਰ ਰਣਜੀਤ ਦਾ ਜਿਗਰੇ ਦਾ ਭਾਰਾ।

ਚਿਹਰਾ ਭੱਖਦਾ ਲਾਲ ਜਿਉਂ ਭਖਦਾ ਅੰਗਿਆਰਾ।

ਖੰਡਾ ਹੱਥ ਸਵਾਰਿਆ ਉਹਨੇ ਦੋ ਧਾਰਾ।

ਉਹ ਜਾਪੇ ਵਾਂਗਰ ਦਾਮਨੀ ਮਾਰੇ ਚਮਕਾਰਾ।

ਉਹ ਵਿੱਚ ਹਵਾ ਦੇ ਸ਼ੂਕਿਆ ਜਿਉਂ ਨਾਗ ਫੁੰਕਾਰਾ।

ਉਹ ਵਰ੍ਹਿਆ ਉੱਤੇ ਵੈਰੀਆਂ ਕਰ ਵਾਰ ਕਰਾਰਾ।

ਪਿਆ ਸੀਸ ਉਡਾਵੇ ਧੜਾਂ ਤੋਂ ਰੱਤ ਪੀਵਨਹਾਰਾ।

ਜਿਉਂ ਟੋਟੇ ਕਰ ਕਰ ਸੁੱਟਦਾ ਰੁੱਖ ਲੱਕੜਹਾਰਾ।

ਉਹ ਬੋਲੇ ਸੋ ਨਿਹਾਲ ਦਾ ਕਰਕੇ ਜੈ ਕਾਰਾ।

ਜਾ ਵੈਰੀ ਉੱਤੇ ਝਪਟਦਾ ਲਾ ਕੇ ਲਲਕਾਰਾ।

ਉਸ ਅੱਗੇ ਲਾਇਆ ਗੋਰਿਆਂ ਦਾ ਲਸ਼ਕਰ ਭਾਰਾ।

ਉਸ ਆਣ ਮੈਦਾਨ ਮਾਰਿਆ ਕਰ ਜ਼ੋਰ ਕਰਾਰਾ।

ਪਰ ਹੋਇਆ ਮੱਥੇ ਲਿਖਿਆ ਅੱਜ ਲੇਖ ਨਕਾਰਾ।

ਵਾਹ ਜਿੱਤਿਆ ਹੋਇਆ ਖਾਲਸਾ ਹਰ ਗਿਆ ਵੀਚਾਰਾ।

ਅੱਜ ਉਸਦੇ ਨਾਲ ਪੰਜਾਬ ਦਾ ਡੁੱਬ ਗਿਆ ਸਿਤਾਰਾ।

ਉਹ ਨਮਕ ਹਲਾਲ ਲਹੌਰ ਦਾ ਕਰ ਤੁਰਿਆ ਸਾਰਾ।

ਪਾ ਗਿਆ ਸ਼ਹੀਦੀ 'ਬਾਜਵਾ' ਇੰਜ ਯੋਧਾ ਭਾਰਾ।

---o---

ਗੋਲਾ ਮੇਵਾ ਸਿੰਘ ਦਾ ਨਾ ਖਾਲੀ ਜਾਵੇ।

ਜਿੱਧਰ ਜਾ ਕੇ ਡਿਗਦਾ ਪਿਆ ਖੱਪੇ ਪਾਵੇ।

ਉਹ ਤੂਸ ਉਡਾਵੇ ਗੋਰਿਆਂ ਨਾ ਜਾਵੇ ਫੜਿਆ।

ਜੋ ਉਹਦੇ ਅੱਗੇ ਆ ਗਿਆ ਪੱਤੇ ਜਿਉਂ ਝੜਿਆ।

ਸਿੰਘ ਜੰਗਲ ਵਿੱਚ ਜਿਉਂ ਬੁੱਕਿਆ ਮਾਰੇ ਭਬਕਾਰਾਂ।

ਸਭ ਨੱਸੀਆਂ ਹੋ ਨਤਾਣੀਆਂ ਗਿੱਦੜਾਂ ਦੀਆਂ ਡਾਰਾਂ।

ਕਰ ਤੜ ਤੜ ਚੱਲਣ ਗੋਲੀਆਂ ਜਿਉਂ ਭੁੱਜਣ ਦਾਣੇ।

ਨੇ ਖਿੱਲਰੇ ਸਿਰ ਮੈਦਾਨ ਜਿਉਂ ਖੇਤੀਂ ਹਦਵਾਣੇ।

ਉਸ ਮਾਖੇ ਖਾਂ ਜਿਹੇ ਸੂਰਮੇ ਨੂੰ ਕਿਹੜਾ ਰੋਕੇ।

ਫੇਰ ਨਾ ਪਾਣੀ ਮੰਗਣਾ ਸਿਰ ਜਿਸ ਦੇ ਠੋਕੇ।

ਐਸਾ ਰਣ ਵਿੱਚ ਸੂਰਿਆਂ ਨੇ ਖੰਡਾ ਵਾਹਿਆ।

ਕੀਤਾ ਗੋਰੀ ਫੌਜ ਦਾ ਵਿੱਚ ਪਲਾਂ ਸਫ਼ਾਇਆ।

ਤਨ ਮਨ ਲੇਖੇ ਵਤਨ ਦੇ ਸੂਰਮਿਆਂ ਲਾਇਆ।

ਜਾਨ ਵਾਰ ਕੇ ਅਣਖੀਆਂ ਨੇ ਧਰਮ ਬਚਾਇਆ।

---o---

ਫਿਰ ਲਾਲ ਸਿੰਘ ਨੇ ਫੌਜ ਨੂੰ ਆ ਭਾਜੜ ਪਾਈ।



Sri Satguru Jagjit Singh Ji eLibrary NamdhariElibrary@gmail.com

ਉਹ ਲੈ ਕੇ ਪਿੱਛੇ ਭੱਜਿਆ ਨਾ ਦੇਵੇ ਡਾਹੀ।

ਉਸ ਪੁਲ ਦੇ ਉੱਤੋਂ ਆਪਣੇ ਗਦਾਰ ਲੰਘਾ ਕੇ।

ਫਿਰ ਵੱਢ ਦਿੱਤਾ ਪੁਲ ਬੇੜੀਆਂ ਦਾ ਦਗਾ ਕਮਾ ਕੇ।

ਜੋ ਖੈਰ ਖਵਾਹ ਰਣਜੀਤ ਦੇ ਉਹ ਮਾਰ ਖਪਾਈਏ।

ਤੇ ਰਲ ਕੇ ਫੇਰ ਫਰੰਗੀਆਂ ਸੰਗ ਰਾਜ ਕਮਾਈਏ।

---o---

ਭੱਜੇ ਗੋਰੇ ਛੱਡ ਕੇ ਓਧਰ ਰਣ ਸਾਰਾ।

ਸਿੰਘਾਂ ਤੋਂ ਘਬਰਾ ਕੇ ਕਰ ਗਏ ਕਿਨਾਰਾ।

ਆਣ ਪਹਾੜੇ ਵੇਖਿਆ ਜਾਂ ਨਕਸ਼ਾ ਸਾਰਾ।

ਸੂਲ ਪਿਆ ਸੂ ਢਿੱਡ ਵਿੱਚ ਫਿਰ ਉਹਨੂੰ ਭਾਰਾ।

ਝਟਪਟ ਓਥੋਂ ਦੌੜਿਆ ਵੈਰੀ ਵੱਲ ਧਾਇਆ।

ਉਸ ਗੁੱਝਾ ਭੇਤ ਨਿਤਾਰ ਕੇ ਸਾਰਾ ਸਮਝਾਇਆ।

ਤੇਜਾ ਸਿੰਘ ਨੇ ਲਾਟ ਨੂੰ ਫਿਰ ਸੈਨਤ ਮਾਰੀ।

ਗੱਲ ਇਸ਼ਾਰੇ ਨਾਲ ਹੀ ਸਮਝਾਈ ਸਾਰੀ।

ਝਟਪਟ ਫੌਜਾਂ ਪਰਤੀਆਂ ਆ ਪਾਇਆ ਘੇਰਾ।

ਬਿੱਲਾ ਬਣਿਆ ਸ਼ੇਰ ਸੀ ਕਰ ਜ਼ੋਰ ਵਧੇਰਾ।

ਉਹ ਕਿੱਥੇ ਜਾਵਣ ਭੱਜ ਕੇ ਇਹ ਸੂਰੇ ਸਾਰੇ।

ਰਲ ਕੇ ਗਿੱਦੜ ਬਿੱਲਿਆਂ ਚੁਣ ਚੁਣ ਕੇ ਮਾਰੇ।

ਜਾਂ ਮਰਵਾਵਣ ਆਪਣੇ ਫਿਰ ਕਿਹੜਾ ਰੋਕੇ।

ਅਕ੍ਰਿਤਘਣਾ ਦੇ ਹੋਂਵਦੇ ਸਭ ਦਾਅਵੇ ਫੋਕੇ।

ਮੇਵਾ ਸਿੰਘ ਤੇ ਮਾਖੇ ਖਾਂ ਪਾ ਗਏ ਸ਼ਹੀਦੀ।

ਸਭ ਕੁਝ ਚੱਲੇ ਹਾਰ ਕੇ ਰਹਿ ਫਿਰ ਵੀ ਮੀਦੀ।

ਸਦ ਫਿਟਕਾਰਾਂ ਲੈਣਗੇ ਇਹ ਗੀਦੀ ਸਾਰੇ।

ਜਿਨ੍ਹਾਂ ਹੱਥੀਂ ਆਪਣੇ ਘਰ ਆਪ ਉਜਾੜੇ।

ਜਦ ਤੱਕ ਦੁਨੀਆਂ ਰਹੂਗੀ ਥੁੱਕਣਗੇ ਸਾਰੇ।

ਸੁਣ ਕੇ ਥੂ ਥੂ ਹੋਏਗੀ ਏਹਨਾਂ ਦੇ ਕਾਰੇ।

ਬਚੇ ਹੋਏ ਸਨ ਆਖਦੇ ਫੱਟ ਖਾ ਕੇ ਭਾਰੀ।

ਰਾਮ ਸਿੰਘ ਦੀ ਬਾਤ ਤਾਂ ਸੱਚ ਨਿਕਲੀ ਸਾਰੀ।

ਵਕਤ ਗਿਆ ਜਦ ਬੀਤ ਰਹਿ ਗਿਆ ਪਛੋਤਾਣਾ।

ਚਿੜੀਆਂ ਚੁਗਿਆ ਖੇਤ ਦਾ ਜਾਂ ਦਾਨਾ ਦਾਣਾ।

ਝੂਲੇ ਕਿਲੇ ਲਹੌਰ ਤੇ ਬਰਤਾਨਵੀ ਝੰਡਾ।

ਐਪਰ ਜਿਸ ਤੇ ਝੂਲਦਾ ਵਿੱਚ ਸਾਡਾ ਡੰਡਾ।

ਸ਼ਰਮ ਘੋਟ ਕੇ ਪੀ ਲਈ ਨੇ ਵੇਚ ਜ਼ਮੀਰਾਂ।

ਸਾਰਿਆਂ ਹੀ ਸਿਰ ਕਰਦਿਆਂ ਤੇ ਖਾਸ ਵਜੀਰਾਂ।

ਝੂਠੇ ਧਨ ਦੇ ਲਾਲਚੀ ਕਰ ਗਏ ਗੱਦਾਰੀ।

ਮਰ ਗਏ ਮਰ ਗਏ ਆਖਦੀ ਸੀ ਖਲਕਤ ਸਾਰੀ।

ਜਿਹੜੇ ਮਰ ਗਏ ਅਣਖ ਤੇ ਉਹ ਅਜੇ ਜੀਉਂਦੇ।

ਮਰ ਕੇ ਵੀ ਨੇ ਦਿਲਾਂ ਤੇ ਉਹ ਰਾਜ ਕਮਾਉਂਦੇ।

ਖਾਤਰ ਜਿਹੜੇ ਵਤਨ ਦੇ ਕਰ ਗਏ ਕੁਰਬਾਨੀ।

ਯਾਦ ਰਹਿਣਗੇ 'ਬਾਜਵਾ' ਉਹ ਮਰਦ ਲਾਸਾਨੀ।

---o---

ਜੋ ਜੋ ਆਖਿਆ ਵਰਤਿਆ ਵਿੱਚ ਮੁਦਕੀ,

ਕਾਬਲ ਸਿੰਘ ਨੂੰ ਤੋਪ ਉਡਾਇਆ ਏ।

ਜਿੱਤ ਹੋਈ ਫਿਰੰਗੀ ਦੀ ਸਿੰਘ ਹਾਰੇ,

ਸਿੱਖ ਰਾਜ ਦਾ ਦੀਪ ਬੁਝਾਇਆ ਏ।

ਤੇਜਾ ਸਿੰਘ ਦੇ ਨਾਲ ਰਲ ਲਾਲ ਸਿੰਘ ਨੇ,

ਵੇਖੋ ਫੌਜ ਨੂੰ ਉਲਟ ਲੜਾਇਆ ਏ।

ਪਿੱਛੋਂ ਵੱਢ ਦਿੱਤਾ ਪੁਲ ਬੇੜੀਆਂ ਦਾ,

ਓਧਰ ਜਾ ਫਰੰਗੀ ਉਕਸਾਇਆ ਏ।

ਦੌੜੇ ਜਾਣ ਮੈਦਾਨ ਨੂੰ ਛੱਡ ਗੋਰੇ,

ਐਸਾ ਖਾਲਸੇ ਨੇ ਖੰਡਾ ਵਾਹਿਆ ਏ।

ਫੌਜ ਜਿੱਤਣ ਲਈ ਲੜੇ ਹਰਾਉਣ ਆਗੂ,



Sri Satguru Jagjit Singh Ji eLibrary NamdhariElibrary@gmail.com

ਕੈਸਾ ਵਕਤ ਕੁਲੱਛਣਾ ਆਇਆ ਏ।

ਵੇਖੋ ਸ਼ੇਰਾਂ ਨੂੰ ਭਾਂਜ ਪਵਾ ਦਿੱਤੀ।

ਦਾਅ ਗਿੱਦੜਾਂ ਨੇ ਐਸਾ ਲਾਇਆ ਏ।

ਪਹਾੜਾ ਸਿੰਘ ਫਰੀਦਕੋਟੀਏ ਨੇ,

ਨਾਲ ਕੌਮ ਦੇ ਦਗਾ ਕਮਾਇਆ ਏ।

ਸਾਰਾ ਜਾ ਫ਼ਰੰਗੀ ਨੂੰ ਭੇਦ ਦਿੱਤਾ,

ਵੈਰੀ ਹਾਰਦਾ ਉਸ ਜਿਤਾਇਆ ਏ।

ਸੋਚਣ 'ਬਾਜਵਾ' ਸਭ ਹੈਰਾਨ ਹੋਏ,

ਹੋਇਆ ਗੁਰਾਂ ਨੇ ਜੋ ਫੁਰਮਾਇਆ ਏ।

## ਕਾਂਡ - ੩

### ਘਰ ਵਾਪਸੀ ਤੇ ਧਰਮ ਪ੍ਰਚਾਰ

ਪੱਤਣ ਲੰਘੇ ਹਰੀ ਕੇ, ਪਰਤੇ ਵੱਲ ਪੁਆਧ।

ਆ ਲੁਧਿਆਣੇ ਅਪੜੇ, ਵਾਂਗ ਬਿਹੰਗਮ ਸਾਧ।

ਮਾਮੇ ਹਰੀ ਸਿੰਘ ਦਾ, ਆ ਖੜਕਾਇਆ ਬਾਰ।

ਰਾਜ ਗਿਰੀ ਦੇ ਉਸ ਥਾਂ, ਉਹ ਸਨ ਠੇਕੇਦਾਰ।

ਮਾਮੀ ਬੂਹਾ ਖੋਹਲਿਆ, ਜਾ ਕੇ ਸਹਿਜ ਸੁਭਾਅ।

ਵੇਖਦਿਆਂ ਹੀ ਚੜ੍ਹ ਗਿਆ, ਉਹਨੂੰ ਗਿੱਠ ਗਿੱਠ ਚਾਅ।

ਭਰ ਕੇ ਥਾਲ ਪਤਾਸਿਆਂ, ਦਾ ਲੈ ਆਈ ਆਪ।

ਖੁਸ਼ੀਆਂ ਫਿਰਦੀ ਵੰਡਦੀ, ਲੱਥਾ ਬ੍ਰਿਹਾ ਤਾਪ।

ਵੰਡਣ ਲੱਗੇ ਗੁਰੂ ਜੀ, ਅੰਦਰ ਬੜੇ ਪ੍ਰੇਮ।

ਨਾਲ ਦੇਣ ਸ਼ੁਭ ਸਿਖਿਆ ਜੋ ਸਤਿਗੁਰ ਦਾ ਨੇਮ।

ਮਾਮਾ ਜੀ ਦੀ ਨੂੰਹ ਸੀ, ਭੋਲੀ ਜਿਸ ਦਾ ਨਾਮ।

ਉਸਨੂੰ ਪ੍ਰਣ ਕਰਾ ਕੇ, ਬਿਨ ਲਾਲਚ ਬਿਨ ਦਾਮ।

ਸੇਵਾ ਸਹੁਰੇ ਸੱਸ ਦੀ, ਕਰਨੀ ਫਰਜ਼ ਪਛਾਣ।

ਨੇਕੀ ਨੂੰ ਫਲ ਲੱਗਦਾ, ਬਹੁਤਾ ਮਿੱਠਾ ਜਾਣ।

---o---



Sri Satguru Jagjit Singh Ji eLibrary NamdhariElibrary@gmail.com

ਪੀਹਣ ਪਿਹਾਵੇ ਸੱਸ ਤੋਂ, ਸਖਤ ਕਰਾਉਂਦੀ ਕਾਰ।
ਔਖਾ ਦੱਸੇ ਓਸ ਨੂੰ, ਸੌਖਾ ਆਪ ਵਿਹਾਰ।
ਕੋਲ ਬੈਠਾ ਕੇ ਓਸ ਨੂੰ, ਆਖਣ ਨਾਲ ਪਿਆਰ।
ਹੌਲਾ ਕਾਜ ਵਡੇਰਿਆਂ, ਭਾਰਾ ਆਪ ਸਵਾਰ।
ਮਾਤਾ ਸਮਝੋ ਸੱਸ ਨੂੰ, ਸਹੁਰਾ ਪਿਤਾ ਸਮਾਨ।
ਆਦਰ ਦਈਏ ਛੋਟਿਆਂ, ਵੱਡਿਆਂ ਦਾ ਸਨਮਾਨ।
ਰਿਸ਼ਤਾ ਸੱਸ ਤੇ ਨੂੰਹ ਦਾ, ਸਦੀਆਂ ਤੋਂ ਪ੍ਰਵਾਨ।
ਐਪਰ ਤਲਖੀ ਏਸ ਵਿੱਚ, ਘੋਲ ਬਹਿਣ ਅਨਜਾਣ।
ਨੋਕ ਝੋਕ ਨਿੱਤ ਕਰਦਿਆਂ, ਸ਼ਾਂਤੀ ਹੋਵੇ ਭੰਗ।
ਘਰ ਦਾ ਵਿਹੜਾ ਇਸ ਤਰ੍ਹਾਂ, ਬਣੇ ਮੈਦਾਨ ਏ ਜੰਗ।
ਜਿੱਥੇ ਪ੍ਰੇਮ ਪਿਆਰ ਹੈ, ਓਥੇ ਅਮਨ ਅਮਾਨ।
ਵੱਸਣ ਸੱਤੇ ਬਰਕਤਾਂ ਉਹ, ਘਰ ਸਵਰਗ ਸਮਾਨ।
ਸੁੱਚਾ ਸਾਫ਼ ਵਿਹਾਰ ਕਰ, ਮਨ ਵਿੱਚ ਰੱਖ ਨਾ ਖੋਟ।
ਸੋਭਾ ਪਾਵੇ ਜਗਤ ਤੇ, ਕਦੇ ਨਾ ਆਵੇ ਤੋਟ।
ਠੰਡਾ ਰਹੇ ਦਿਮਾਗ ਜੇ, ਚੰਗਾ ਹੋਏ ਵਿਹਾਰ।
ਕਦੇ ਦਰਿਦਰ ਓਸ ਘਰ, ਬਹੇ ਨਾ ਪੈਰ ਪਸਾਰ।
ਕਲਾ ਕਲੰਦਰ ਵੱਸਦਾ, ਲੋਕੀਂ ਜਿੱਥੇ ਕਹਿਣ।

ਘੜਿਓਂ ਪਾਣੀ ਨੱਸਦਾ, ਬੜੇ ਪੁਆੜੇ ਪੈਣ।

ਯਥਾ ਜੋਗ ਆਦਰ ਮਿਲੇ, ਵੱਡਿਆਂ ਦਾ ਸਤਿਕਾਰ।

ਅੰਨ ਧਨ ਖੁਸ਼ੀਆਂ ਉਸ ਥਾਂ, ਆਵਣ ਛਾਲਾਂ ਮਾਰ।

ਜਿੱਥੇ ਕਾਰਜ ਹੋਂਵਦੇ, ਕਰ ਕੇ ਨੇਕ ਵੀਚਾਰ।

ਆਪ ਉਸ ਘਰ ਵੱਸਦਾ, ਲੋਕ ਕਹਿਣ ਕਰਤਾਰ।

---o---

ਫਿਰ ਸਾਰੇ ਪ੍ਰੀਵਾਰ ਨੂੰ, ਆਦਰ ਨਾਲ ਬੈਠਾਲ।

ਦੇ ਦਿੱਤੀ ਸ਼ੁਭ ਸਿੱਖਿਆ, ਗੁਰ ਮੰਤਰ ਦੇ ਨਾਲ।

ਕਿਰਤ ਕਮਾਓ ਧਰਮ ਦੀ, ਛਕੋ ਛਕਾਓ ਵੰਡ।

ਝੂਠ ਤਿਆਗੋ ਸੱਚ ਨੂੰ, ਕਦੇ ਨਾ ਦੇਣੀ ਕੰਡ।

ਸਤਿਗੁਰ ਨਾਨਕ ਦੱਸਿਆ, ਸੋਹਣਾ ਸ਼ਬਦ ਸਵਾਰ।

ਬਾਣੀ ਰਸਤਾ ਦੱਸਦੀ, ਹੋਣ ਨਾ ਦਏ ਖਵਾਰ।

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"

ਵਿੱਚ ਲੁਧਿਆਣੇ ਮੌਲਵੀ, ਹਬੀਬ ਉਲਾ ਰਹਿਮਾਨ।

ਉਸਨੂੰ ਏਦਾਂ ਆਖਿਆ, ਜਾਣ ਨੇਕ ਇਨਸਾਨ।

ਬੰਦਗੀ ਕਰੋ ਖੁਦਾ ਦੀ, ਇੱਕ ਮਨ ਹੋ ਇੱਕ ਚਿੱਤ।



Sri Satguru Jagjit Singh Ji eLibrary NamdhariElibrary@gmail.com

ਐਪਰ ਕਦੇ ਫਰੰਗੀਆਂ ਨੂੰ, ਨਾ ਸਮਝੋ ਮਿੱਤ।

ਲੋਕਾਂ ਦੇ ਵਿੱਚ ਭਾਵਨਾ, ਭਰਿਓ ਦੇਸ਼ ਪਿਆਰ।

ਦੇਸ਼ ਭਗਤ ਪੈਦਾ ਕਰੋ, ਬਦਲੋ ਬੁਰੇ ਵੀਚਾਰ।

ਵਤਨ ਪ੍ਰਸਤੀ ਭਾਵਨਾ, ਏਕਾ ਅਤੇ ਪਿਆਰ।

ਕੱਟਣ ਦੇ ਲਈ ਬੇੜੀਆਂ, ਤਿੱਖੇ ਕਰੋ ਔਜ਼ਾਰ।

## ਢੰਡਾਰੀ ਪਿੰਡ ਜਾਣਾ

ਗਏ ਢੰਡਾਰੀ ਪਿੰਡ ਨੂੰ, ਓਥੋਂ ਅੱਗੇ ਚੱਲ।

ਤਾਏ ਦੀ ਧੀ ਵੱਸਦੀ, ਪਹੁੰਚੇ ਉਹਦੇ ਵੱਲ।

ਦਿੱਤਾ ਓਥੇ ਬੈਠ ਕੇ, ਫਿਰ ਗੁਰਮਤ ਉਪਦੇਸ਼।

ਜਿਨੂੰ ਸਮਝ ਸ਼ੈਤਾਨ ਵੀ, ਹੋ ਜਾਂਦੇ ਦਰਵੇਸ਼।

ਅੰਦਰ ਅੰਧ ਵਿਸ਼ਵਾਸ ਦੇ, ਫਸ ਓਥੋਂ ਦੇ ਲੋਕ।

ਵਿੱਚ ਜਹਾਲਤ ਜਾਲ ਦੇ, ਫਸੇ ਹੋਏ ਡਰਪੋਕ।

ਮੜ੍ਹੀ ਮਸਾਣੀ ਪੂਜਦੇ, ਰਾਹੋਂ ਪਏ ਕੁਰਾਹ।

ਉੱਤੇ ਇੱਟਾਂ ਪੱਥਰਾਂ, ਮੱਥੇ ਰਹੇ ਘਸਾ।

ਪੂਜਣ ਬਿਨ ਉਹ ਸਮਝਦੇ, ਚਿੰਬੜ ਜਾਊ ਭੂਤ।

ਮਾਰੇ ਫੋਕੇ ਵਹਿਮ ਦੇ, ਕਰਦੇ ਕੰਮ ਕਸੂਤ।

ਮੜ੍ਹੀਆਂ ਅੰਦਰ ਸੋਚਦੇ, ਹੈ ਭੂਤਾਂ ਦਾ ਵਾਸ।



Sri Satguru Jagjit Singh Ji eLibrary NamdhariElibrary@gmail.com

ਆਖਣ ਜੇ ਨਾ ਪੂਜੀਏ, ਕਰਦੇ ਸਤਿਆਨਾਸ।

ਐਪਰ ਭੈਣੀ ਵਾਲੜੇ ਤੋਂ, ਜਾਈਏ ਬਲਿਹਾਰ।

ਢਾਹ ਦਿੱਤਾ ਉਹ ਮਕਬਰਾ, ਇੱਟਾਂ ਦੂਰ ਖਿਲਾਰ।

ਦੱਸਣ ਇਹਦੇ ਵਿੱਚ ਨਾ, ਸ਼ਕਤੀ ਕੋਈ ਖਾਸ।

ਮੇਰਾ ਕੁਝ ਨਾ ਵਿਗੜਿਆ, ਵੇਖੋ ਕਰਕੇ ਨਾਸ।

ਲੋਕਾਂ ਅੱਖੀਂ ਵੇਖਿਆ, ਹੋਈ ਮਨਾ ਵਿੱਚ ਲੋ।

ਲਾ ਸਾਬਣ ਉਪਦੇਸ਼ ਦਾ, ਦਏ ਆਤਮਾ ਧੋ।

ਜਪੀਏ ਨਾਮ ਅਕਾਲ ਦਾ, ਜੇਕਰ ਉੱਚਾ ਜਾਣ।

ਆਧ ਬਿਆਧ ਵਿਆਪਦੀ, ਕਦੇ ਨਾ ਕੋਈ ਆਣ।

ਲੋਕ ਚੜ੍ਹਾਵੇ ਚਾੜ੍ਹਦੇ, ਉੱਤੇ ਮੜ੍ਹੀ ਮਸਾਣ।

ਪਹੁੰਚੇ ਨਹੀਂ ਜਠੇਰਿਆਂ, ਕਾਂ ਕੁੱਤੇ ਹੀ ਖਾਣ।

ਤੋੜਨ ਆਇਆ ਸਤਿਗੁਰੂ, ਵੇਖੋ ਭਰਮੀ ਜਾਲ।

ਭਰਮ ਘੜਾ ਪਲਟਾ ਕੇ, ਭਰਦਾ ਸੁਘੜ ਖਿਆਲ।

ਓਥੋਂ ਰਾਈਆਂ ਹੋ ਕੇ, ਆਏ ਭੈਣੀ ਸਾਹਿਬ।

ਆਣ ਦੇਣ ਪ੍ਰੀਵਾਰ ਨੂੰ, ਖੁਸ਼ੀਆਂ ਬੇ-ਹਿਸਾਬ।

## ਖੇਤੀ ਕਰਨੀ

ਆਖਣ ਵਿੱਚ ਕਰਤਾਰਪੁਰ, ਜਾ ਨਾਨਕ ਨਿਰੰਕਾਰ।



Sri Satguru Jagjit Singh Ji eLibrary NamdhariElibrary@gmail.com

ਦਸਾਂ ਨਹੁੰਆਂ ਦੀ ਕਿਰਤ ਨੂੰ, ਉੱਤਮ ਕਿਹਾ ਵਿਹਾਰ।

ਉੱਤਮ ਖੇਤੀ ਆਖਦੇ, ਮੱਧਮ ਕਹਿਣ ਵਪਾਰ।

ਹੋਏ ਨਖਿੱਧ ਚਾਕਰੀ, ਕਹਿੰਦੇ ਭੀਖ ਨਦਾਰ।

ਇੱਕ ਸਾਲ ਤੱਕ ਬੰਦਗੀ, ਕੀਤੀ ਨਿਸਚਾ ਧਾਰ।

ਫਿਰ ਖੇਤੀ ਦੇ ਆਣ ਕੇ, ਲੱਗੇ ਕਾਰ ਵਿਹਾਰ।

ਸੁਖੂ ਨੰਬਰਦਾਰ ਸੀ, ਭੈਣੀ ਦੇ ਵਿਚਕਾਰ।

ਖੇਤੀ ਸਾਂਝੀ ਉਸ ਦੇ, ਕੀਤੀ ਨਾਲ ਵੀਚਾਰ।

ਕਰੇ ਕਿਸਾਨੀ ਉਹ ਹੀ, ਜਿਸ ਵਿੱਚ ਗੁਣ ਵਿਸ਼ੇਸ਼।

ਆਲਸ ਦੂਰ ਵਗਾਹ ਕੇ, ਉੱਦਮ ਕਰੇ ਹਮੇਸ਼।

ਕਿਰਤ ਕਿਸਾਨੀ ਵਾਸਤੇ, ਕਹਿਬਤ ਲੋਕ ਸੁਣਾਉਣ।

"ਉੱਦਮ ਅੱਗੇ ਲੱਛਮੀ, ਜਿਉਂ ਪੱਖੇ ਅੱਗੇ ਪੌਣ।"

ਖੇਤੀ ਖਾਤਰ ਚਾਹੀਦਾ, ਹੈ ਬਲਵਾਨ ਸਰੀਰ।

ਉੱਚਾ ਰੱਖੇ ਮਨੋਬਲ, ਕਦੇ ਨਾ ਹੋਏ ਅਧੀਰ।

ਦੁੱਧ ਘਿਉ ਦੇ ਵਾਸਤੇ, ਮੱਝ ਗਊ ਦੀ ਲੋੜ।

ਸਖਤ ਮਿਹਨਤਾਂ ਵਾਸਤੇ, ਹੈ ਗਜਾ ਬੇਜੋੜ।

ਬਲਦਾਂ ਦੀ ਜੋੜੀ ਜੁੜੇ ਹੱਲ ਪੰਜਾਲੀ ਨਾਲ।

ਕਹੀ, ਸੁਹਾਗਾ, ਜਿੰਦਰਾ, ਰੰਬਾ, ਦਾਤੀ ਭਾਲ।

ਹੋਰ ਦੁਸਾਂਗਾ, ਤੰਗਲੀ, ਮੁੰਨੇ ਦੇ ਸੰਗ ਪੋਰ।



. Sri Satguru Jagjit Singh Ji eLibrary NamdhariElibrary@gmail.com .

ਗੱਡਾ ਜਿਣਸਾਂ ਢੋਣ ਨੂੰ, ਨਾਲੇ ਨਿਕ ਸੁਕ ਹੋਰ।

ਕਹਿਣ ਸਿਆਣੇ ਚਾਹੀਦੀ, ਸੁਘੜ ਸਿਆਣੀ ਨਾਰ।

ਸਤ ਬਚਨ ਦੀ ਧਾਰਨੀ, ਹੋਏ ਅਗਿਆਕਾਰ।

ਖੇਤੀਂ ਸੁਘੜ ਕਿਸਾਨ ਜੇ, ਘਰੇ ਸੁਲਖਣੀ ਨਾਰ।

ਸਿਰਜਣ ਵਿਹੜੇ ਆਪਣੇ, ਸੁਰਗ ਜਿਹਾ ਸੰਸਾਰ।

ਇੱਕ ਦੂਜੇ ਤੋਂ ਜਾਨ ਜੇ, ਕਰਨ ਨਿਛਾਵਰ ਵੀਰ।

ਚਾਦਰ ਏਕੇ ਵਾਲੜੀ, ਕਦੇ ਨਾ ਹੋਏ ਲੀਰ।

ਆਦਰ ਮਾਤਾ ਪਿਤਾ ਦਾ ਸਮਝਣ ਫਰਜ਼ ਮਹਾਨ।

ਐਸੇ ਘਰ ਦੀ ਹੋਂਵਦੀ, ਵੱਧ ਸੁਰਗ ਤੋਂ ਸ਼ਾਨ।

ਹੱਥੋਂ ਦੇਣਾ ਦਇਆ ਕਰ, ਵੰਡ ਛਕਣ ਦੀ ਬਾਣ।

ਦਰਦ ਵੰਡਉਣਾ ਦੀਨ ਦਾ, ਕਰਨਾ ਆਦਰ  ਮਾਣ।

ਛੋਟੇ ਭਾਈ ਬੁੱਧ ਸਿੰਘ, ਲੱਗੇ ਕਰਨ ਵਿਹਾਰ।

ਗੱਡਾ ਲੱਗੇ ਵਾਹੁਣ ਉਹ, ਕਰਨ ਧਰਮ ਦੀ ਕਾਰ।*

ਗੱਡੇ ਉੱਤੇ ਲੱਦ ਕੇ, ਢੋਵਣ ਜਿਨਸ ਅਨਾਜ।

ਖੇਤੀ ਕਰਦੇ ਆਪ ਜੀ, ਪਿਤਾ ਲੁਹਾਰਾ ਕਾਜ।

ਹੱਥੀਂ ਮਿਹਨਤ ਕੀਤਿਆਂ, ਕਦੇ ਨਾ ਆਵੇ ਤੋਟ।

ਨੀਯਤ ਹੋਵੇ ਸਾਫ ਜੇ, ਮਨ ਅੰਦਰ ਨਾ ਖੋਟ।

ਹੱਥ ਕਾਰ ਦੇ ਵੱਲ ਨੇ, ਚਿੱਤ ਯਾਰ ਦੇ ਨਾਲ।



Sri Satguru Jagjit Singh Ji eLibrary NamdhariElibrary@gmail.com

ਸੱਚ ਧਰਮ ਦੇ ਧਾਰਨੀ, ਮੱਥੇ ਅਜਬ ਜਲਾਲ।

ਹੱਟ ਪ੍ਰਭੂ ਦੇ ਨਾਮ ਦੀ, ਸਿਦਕ ਸਬੂਰੀ ਰਾਸ।

ਸਾਦਾ ਖਾਣਾ ਪਹਿਰਣਾ, ਹੋਰ ਨਾ ਰੱਖਣੀ ਆਸ।

"ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥

ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ॥"

ਐਪਰ ਜਿੱਥੇ ਈਰਖਾ, ਡੇਰੇ ਲਾਏ ਆਣ।

ਪੈਂਦੀ ਉਪਜ ਵਿਰੋਧਤਾ, ਇਹ ਕੁਦਰਤ ਦੀ ਬਾਣ।

ਭੈਣੀ ਦੇ ਉਹ ਜਿਮੀਂਦਾਰ, ਲੱਗੇ ਕਰਨ ਕਲੇਸ਼।

ਉਹ ਮੂਰਖ ਨਾ ਜਾਣਦੇ, ਇਹ ਹੈ ਪੁਰਖ ਵਿਸ਼ੇਸ਼।

ਉਹ ਤਾਂ ਸਮਝਣ ਆਪ ਨੂੰ, ਇੱਕ ਕੰਮੀ ਤਰਖਾਣ।

ਚੁੱਭਣ ਲੱਗਾ ਲੋਕ ਜਾਂ, ਕਰਦੇ ਆਦਰ ਮਾਣ।

ਚੌਧਰ ਸਾਡੀ ਸੋਚਦੇ, ਮਤੇ ਲਵੇ ਇਹ ਖੋਹ।

ਤੰਗ ਕਰੋ ਜੇ ਪਿੰਡ ਦਾ, ਤੋੜ ਲਵੇ ਇਹ ਮੋਹ।

ਡਿੱਠੀ ਰਾਈਆਂ ਵਾਲਿਆਂ, ਜਾਂ ਇਹ ਉਲਟੀ ਕਾਰ।

ਆਖਣ ਲੱਗੇ ਆਣ ਕੇ, ਰਾਈਆਂ ਕਰੋ ਵਿਹਾਰ।

ਜੀਵਨ ਸਿੰਘ ਸੀ ਜਿਮੀਂਦਾਰ, ਰਾਈਆਂ ਦਾ ਵਸਨੀਕ।

ਨੰਬਰਦਾਰ ਪਿੰਡ ਦਾ, ਆਖਣ ਬੰਦਾ ਠੀਕ।

ਖੇਤੀ ਸਾਂਝੀ ਕਰ ਲਈ, ਰਲ ਕੇ ਅਗਲੇ ਸਾਲ।

ਜੀਵਨ ਸਿੰਘ ਦੇ ਨਾਲ ਹੀ, ਰਲ ਗਏ ਨੇਕ ਖਿਆਲ।

ਕਾਮੇ ਰੱਖੇ ਦੋ ਸਨ, ਉਹਨਾਂ ਲੋੜ ਪਛਾਣ।

ਨਾਮ ਰਾਮ ਸਿੰਘ ਇੱਕ ਦਾ, ਦੂਜਾ ਪੰਡਤ ਜਾਣ।

ਭਲਾ ਪੁਰਸ਼ ਸੀ ਰਾਮ ਸਿੰਘ, ਪਰ ਪੰਡਤ ਕੰਮ ਚੋਰ।

ਦੱਸਣ ਉਹਨੂੰ ਕਾਰ ਜਾਂ, ਕਰਦਾ ਗੱਲਾਂ ਹੋਰ।

ਹੱਥੀਂ ਕਰਦਾ ਮਿਹਨਤਾਂ, ਜੋ ਮਾਲਕ ਜੀ ਤੋੜ।

ਕਾਮਾ ਹੋਵੇ ਕੰਮ ਚੋਰ, ਉਹਨਾਂ ਦਾ ਕੀ ਜੋੜ।

ਨਾਲ ਇਰਾਕੀ ਘੋੜਿਆਂ, ਗਧੇ ਕਰਨ ਕੀ ਰੀਸ।

ਨਮਕ ਹਲਾਲੀ ਜੋ ਕਰੇ, ਉਹੋ ਲਵੇ ਅਸੀਸ।

ਦਿਲ ਵਿੱਚ ਸੋਚੇ ਆਲਸੀ, ਯਾ ਰੱਬ ਹੋਵੇ ਕੂੜ।

ਹੱਡ ਹਰਾਮੀ ਕੰਮ ਨੂੰ, ਖਾਣ ਰੋਟੀਆਂ ਤੂੜ।

ਆਖਣ ਲੰਡਾ ਅਹੁਲਦਾ, ਜੇਕਰ ਟੁੱਟੇ ਮਾਹਲ।

ਹੋਵੇ ਖੁਸ਼ ਵਿਗਾੜ ਕੇ, ਫੇਰ ਵਖਾਵੇ ਚਾਲ।

ਰਾਮ ਸਿੰਘ ਸੀ ਆਪ ਦਾ, ਕਰਦਾ ਆਦਰ ਢੇਰ।

ਸਮਝ ਇਸ਼ਾਰਾ ਦੌੜਦਾ, ਕਦੇ ਨਾ ਲਾਵੇ ਦੇਰ।

ਜਾਣ ਸਵੇਰੇ ਖੇਤ ਨੂੰ, ਸੰਝ ਪਈ ਘਰ ਆਉਣ।

ਬਾਬਾ ਜੀ# ਦੇ ਨਾਲ ਆ, ਫਿਰ ਵੀ ਹੱਥ ਵਟਾਉਣ।

ਇੱਕ ਪਾਲਿਆ ਵਹਿੜਕਾ, ਜਿਸ ਦਾ ਨੇਕ ਸੁਭਾਗ।



Sri Satguru Jagjit Singh Ji eLibrary NamdhariElibrary@gmail.com

ਆਖਣ ਨਾਲ ਪਿਆਰ ਦੇ, ਉਹਨੂੰ ਤੱਖੀ ਨਾਗ।

ਜੱਸਾਂ ਮਾਤਾ ਸੁਆਰਦੀ, ਪਿੱਛੋਂ ਸਾਰੇ ਕਾਜ।

ਡੰਗਰ ਵੱਛਾ ਸਾਂਭਦੀ, ਠੰਡਾ ਰੱਖ ਮਿਜ਼ਾਜ।

ਅੰਮ੍ਰਿਤ ਵੇਲੇ ਉੱਠਦੀ, ਜਰਾ ਨਾ ਲਾਵੇ ਦੇਰ।

ਪਹਿਲਾਂ ਚੱਕੀ ਪੀਸ ਕੇ, ਦੁੱਧ ਰਿੜਕਦੀ ਫੇਰ।

ਵਿਹੜਾ ਸੁਥਰਾ ਰੱਖਦੀ, ਸਦਾ ਬੁਹਾਰੀ ਮਾਰ।

ਪੋਚਾ ਲੇਪਣ ਫੇਰ ਦੀ, ਚੌਂਕਾ ਚੁੱਲ੍ਹ ਸਵਾਰ।

ਪਿੱਛੋਂ ਆਟਾ ਗੁੰਨਦੀ, ਪਹਿਲਾਂ ਧਾਰਾਂ ਚੋਅ।

ਤਿਉਂ ਤਿਉਂ ਕਾਜ ਸਮੇਟਦੀ, ਜਿਉਂ ਜਿਉਂ ਲੱਗੇ ਲੋਅ।

ਜਪਦੀ ਜਪੁ ਜੀ ਸਾਹਿਬ ਨੂੰ, ਫੁਲਕੇ ਕਰੇ ਤਿਆਰ।

ਭੱਤਾ ਲੈ ਕੇ ਖੇਤ ਨੂੰ, ਜਾਵੇ ਨਾਲ ਪਿਆਰ।

ਹੱਥੀਂ ਚੱਕੀ ਪੀਸ ਕੇ, ਮਿੱਸਾ ਅੰਨ ਪਕਾ।

ਦਹੀਂ ਕਟੋਰਾ ਰੱਖ ਕੇ, ਮੱਖਣ ਪੇੜਾ ਪਾ।

ਕੁੱਜਾ ਲੱਸੀ ਵਾਲੜਾ, ਰੱਖੇ ਨਾਲ ਸੰਭਾਲ।

ਗੰਢਾ ਰੱਖੇ ਨਾਲ ਉਹ, ਕਰ ਕੇ ਬੜਾ ਖਿਆਲ।

ਸਿਰ ਤੇ ਭੱਤਾ ਸੋਂਹਵਦਾ, ਮਨ ਸਾਈਂ ਦੇ ਵੱਲ।

ਰਸਨਾ ਸਿਮਰਨ ਰਾਮ ਦਾ, ਕਰਦੀ ਏ ਹਰ ਪਲ।

ਰਾਧਾ ਜਿਵੇਂ ਕ੍ਰਿਸ਼ਨ ਨੂੰ, ਚਿਤਵੇ ਅੰਦਰ ਚਿੱਤ।



. Sri Satguru Jagjit Singh Ji eLibrary NamdhariElibrary@gmail.com .

ਸੀਤਾ ਕੀਤਾ ਜਿਸ ਤਰ੍ਹਾਂ, ਰਾਮ ਚੰਦਰ ਦਾ ਹਿੱਤ।

ਪਤੀ ਜਾਣ ਪਰਮੇਸ਼ਰ, ਦੁਬਿਧਾ ਹੋਰ ਤਿਆਗ।

ਸ਼ਰਧਾ ਭਗਤੀ ਪ੍ਰੇਮ ਰਸ, ਉਪਜੇ ਨਾਲ ਸੁਭਾਗ।

ਹਿਰਦੇ ਸੇਵਾ ਭਾਵਨਾ, ਉਮਡੇ ਪ੍ਰੇਮ ਤਰੰਗ।

ਸੋਹਣੀ ਰੀਤ ਪ੍ਰੀਤ ਦੀ, ਜਿੱਦਾਂ ਡੋਰ ਪਤੰਗ।

ਸਾਫ ਨਿਮਰ ਮਿੱਠਬੋਲੜੀ, ਆਗਿਆਕਾਰੀ ਨਾਰ।

ਕਿਉਂ ਨਾ ਹੋਵੇ ਓਸ ਦਾ, ਸੁਰਗ ਜਿਹਾ ਸੰਸਾਰ।

ਸਾਰੇ ਕਾਜ ਸਵਾਰਦੀ, ਜਪਦੀ ਸੱਚਾ ਨਾਮ।

ਬਹੁਤਾ ਕੰਮ ਨਬੇੜਦੀ, ਥੋੜ੍ਹਾ ਕਰੇ ਅਰਾਮ।

ਜਾਂ ਸਾਰੇ ਪ੍ਰੀਵਾਰ ਦਾ, ਹੋਵੇ ਨੇਕ ਵਿਹਾਰ।

ਆਵੇ ਕਿਉਂ ਨਾ ਲੱਛਮੀ, ਓਥੇ ਛਾਲਾਂ ਮਾਰ।

ਹੋਵੇ ਬਾਪੂ ਰਾਹਨੁਮਾ, ਮਾਤਾ ਉੱਚ ਅਚਾਰ।

ਇੱਕ ਦੂਜੇ ਤੋਂ ਜਾਨ ਜੇ, ਭਾਈ ਸੱਕਣ ਵਾਰ।

ਹੋਵੇ ਨਾਰ ਭਤਾਰ ਦਾ, ਇੱਕ ਰੂਹ ਦੋ ਕਲਬੂਤ।

ਵਫਾਦਾਰੀਆਂ ਪਾਲਦੇ, ਹਰ ਦਮ ਰਹਿਣ ਸਬੂਤ।

ਓਥੇ ਆ ਪ੍ਰਮਾਤਮਾ, ਕਰ ਲੈਂਦਾ ਏ ਵਾਸ।

ਜਿਹੜਾ ਫੇਰ ਅਰੰਭੀਏ, ਕਾਰਜ ਆਵੇ ਰਾਸ।

ਵਿਸ਼ਨੂੰ ਕਰਦਾ ਪਾਲਣਾ, ਲੱਛਮੀ ਕਰੇ ਨਿਵਾਸ।



Sri Satguru Jagjit Singh Ji eLibrary NamdhariElibrary@gmail.com

ਐਪਰ ਕਰੀਏ ਉਸ ਤੇ, ਜੇ ਪੂਰਨ ਵਿਸ਼ਵਾਸ।

ਭਾਗ ਲਗਾਏ ਰੱਬ ਨੇ, ਮਿਹਨਤ ਲਾਈ ਰੰਗ।

ਹੱਥ ਸੁਖਾਲਾ ਹੋ ਗਿਆ, ਵਗੀ ਸੁਖਾਂ ਦੀ ਗੰਗ।

* ਜਦੋਂ ਗੁਰੂ ਰਾਮ ਸਿੰਘ ਜੀ ਨੇ ਹੱਟੀ ਸ਼ੁਰੂ ਕੀਤੀ ਉਦੋਂ ਬੁੱਧ ਸਿੰਘ ਜੀ ਗੱਡਾ ਵਾਹੁੰਦੇ ਸਨ।

# ਬਾਬਾ ਜੱਸਾ ਸਿੰਘ ਜੀ

## ਫਿਰੋਜ਼ਪੁਰ ਜਾਣਾ

ਏਥੇ ਆ ਅੰਗ੍ਰੇਜ਼ ਨੇ, ਵਕਤੀ ਲੋੜ ਪਛਾਣ।

ਵਿੱਚ ਫਿਰੋਜ਼ਪੁਰ ਦੇ, ਛਾਉਣੀ ਲੱਗਾ ਪਾਣ।

ਕਿਲਾ ਉਸਾਰਨ ਵਾਸਤੇ, ਕੀਤਾ ਕਾਜ ਅਰੰਭ।

ਹੌਲੀ ਹੌਲੀ ਇਸ ਤਰ੍ਹਾਂ, ਪਏ ਖਿਲ਼ਾਰਨ ਖੰਭ।

ਸੜਕਾਂ ਚਾਹੁਣ  ਬਣਾਉਣੀਆਂ, ਜੋ ਫੌਜਾਂ ਦੀ ਲੋੜ।

ਪੱਕੇ ਪੈਰ ਪਸਾਰਦਾ, ਪਿਆ ਜੋੜਦਾ ਜੋੜ।

ਉਹਨਾਂ ਠੇਕੇ ਦੇਣ ਲਈ, ਸੱਦੇ ਠੇਕੇਦਾਰ।

ਜਲਦੀ ਠੇਕੇ ਚਾੜ੍ਹ ਕੇ, ਕੀਤੇ ਸ਼ੁਰੂ ਵਿਹਾਰ।

ਪੁੱਤਰ ਮਾਮਾ ਜੀ ਦਾ, ਆਖਣ ਸਿੰਘ ਖਜ਼ਾਨ।



Sri Satguru Jagjit Singh Ji eLibrary NamdhariElibrary@gmail.com

ਉਸਨੇ ਠੇਕਾ ਲੈ ਕੇ, ਸਾਂਭੀ ਆਪ ਕਮਾਨ।

ਏਸੇ ਕਾਰਜ ਵਾਸਤੇ, ਸੱਦੇ ਰਿਸ਼ਤੇਦਾਰ।

ਰੋਜੀ ਰੋਟੀ ਵਾਸਤੇ, ਲੱਗੇ ਕਰਨ ਵਿਹਾਰ।

ਸਤਿਗੁਰ ਜੀ ਨੂੰ ਸੱਦਿਆ, ਉਹਨੇ ਨਾਲ ਪ੍ਰੀਤ।

ਆਓ ਕਾਰਜ ਕਰਾਂਗੇ, ਰਲ ਕੇ ਭਾਈ ਮੀਤ।

ਅਠਾਰਾਂ ਸੌ ਇਕਵੰਜਵਾਂ, ਸੰਨ ਈਸਵੀ ਜਾਣ।

ਆਪ ਫਿਰੋਜ਼ਪੁਰ ਵਿੱਚ, ਪਹੁੰਚੇ ਵਕਤ ਪਛਾਣ।

ਘੱਟ ਫ਼ਿਕਰ ਰੁਜ਼ਗਾਰ ਦਾ, ਬਹੁਤੀ ਚਿੰਤਾ ਹੋਰ।

ਸਮਝ ਸਕਾਂਗੇ ਇਸ ਤਰ੍ਹਾਂ, ਕੁਝ ਗੋਰੇ ਦੀ ਤੋਰ।

ਕਮਰਾ ਇੱਕ ਨਵੇਕਲਾ, ਕਹਿਣ ਬਣਾਇਆ ਖਾਸ।

ਗੁਰਬਾਣੀ ਦਾ ਉਸ ਵਿੱਚ, ਕਰ ਦਿੱਤਾ ਪ੍ਰਕਾਸ਼।

ਸ਼ਾਮ ਸਵੇਰੇ ਕੀਰਤਨ, ਰਸਭਿੰਨਾਂ ਰਸ ਦਾਰ।

ਪੜ੍ਹਦੇ ਨਾਲ ਪ੍ਰੇਮ ਦੇ, ਰਲ ਆਸਾ ਦੀ ਵਾਰ।

ਬੰਦਗੀ ਕਰਦੇ ਬੈਠ ਕੇ, ਆਸਣ ਪਦਮ ਲਗਾ।

ਸ਼ਾਮ ਸਵੇਰ ਇਸ ਤਰ੍ਹਾਂ, ਲੈਂਦੇ ਰੱਬ ਧਿਆ।

ਲੰਗਰ ਸਾਂਝਾ ਪੱਕਦਾ, ਸੁੱਚ ਸੋਧ ਦੇ ਨਾਲ।

ਸ਼ੁੱਧ ਪਵਿੱਤਰਤਾ ਦਾ, ਰੱਖਦੇ ਸਦਾ ਖਿਆਲ।

ਬੰਦਗੀ ਵਾਲੇ ਜਾਣ ਕੇ, ਕਰਦੇ ਸਾਰੇ ਮਾਣ।



Sri Satguru Jagjit Singh Ji eLibrary NamdhariElibrary@gmail.com

ਨੇਕ ਸਲਾਹਵਾਂ ਪੁੱਛਦੇ, ਆਦਰ ਦੇ ਸੰਗ ਆਣ।

ਮੁਸ਼ਕਲ ਆਵੇ ਕਿਸੇ ਨੂੰ, ਜੇ ਕੋਈ ਦਰਪੇਸ਼।

ਅਰਜ਼ ਗੁਜ਼ਾਰਨ ਆਣਕੇ, ਚਰਨਾਂ ਵਿੱਚ ਹਮੇਸ਼।

ਜੋ ਵੀ ਮੁੱਖੋਂ ਭਾਖਦੇ, ਕਾਰਜ ਹੋਵੇ ਰਾਸ।

ਆਵਣ ਜੋ ਚਿੱਤ ਚਿਤਵਕੇ, ਪੂਰੀ ਹੋਵੇ ਆਸ।

ਫੈਲਣ ਲੱਗਾ ਆਖਦੇ, ਏਦਾਂ ਜੱਸ ਚੁਫੇਰ।

ਜਿੱਦਾਂ ਸੂਰਜ ਨਿਕਲ ਕੇ, ਕਰਦਾ ਦੂਰ ਹਨੇਰ।

ਮਾਮਾ ਜੀ ਨੇ ਆਪ ਨੂੰ, ਕਾਰਜ ਦਾ ਨਿਗਰਾਨ।

ਵੱਡਾ ਕਾਰਜ ਸੌਂਪਿਆ, ਕਰਕੇ ਬੜਾ ਧਿਆਨ।

ਡਗਰੂ ਵਾਲਾ ਬੰਗਲਾ, ਨਿਗਰਾਨੀ ਵਿਚਕਾਰ।

ਮੁਕਤਸਰ ਦੀ ਸਰਾਂ ਵੀ, ਨਾਲੇ ਹੋਈ ਤਿਆਰ।

ਮੁਕਤਸਰ ਇਤਿਹਾਸਕ, ਗੁਰਦੁਆਰੇ ਜਾਣ।

ਸੇਵਾ ਕੀਤੀ ਉਸ ਥਾਂ, ਸਮਝੋ ਫਰਜ਼ ਪਛਾਣ।

ਪੱਲਿਓਂ ਪੈਸੇ ਖਰਚ ਕੇ, ਕਰਕੇ ਬਹੁਤ ਖਿਆਲ।

ਕਰ ਮੁਰੰਮਤ ਓਸ ਥਾਂ, ਕੀਤੀ ਸਾਂਭ ਸੰਭਾਲ।



. Sri Satguru Jagjit Singh Ji eLibrary NamdhariElibrary@gmail.com .

## ਹੱਟੀ ਪਾਉਣੀ

ਮਾਮੀ ਰਾਮ ਕੌਰ ਦਾ, ਪੁੱਤਰ ਨੇਕ ਵੀਚਾਰ।

ਹੋਈ ਕਰਨੀ ਰੱਬ ਦੀ, ਗੁਰਪੁਰ ਗਿਆ ਸਿਧਾਰ।

ਮਾਮਾ ਜੀ ਸਨ ਲੈ ਗਏ, ਗੰਗਾ ਫੁੱਲ ਤਰਾਣ।

ਉਹਨਾਂ ਦੇ ਵੀ ਛੁੱਟ ਗਏ, ਰਸਤੇ ਵਿੱਚ ਪ੍ਰਾਣ।

ਆਪ ਗਏ ਅਫਸੋਸ ਨੂੰ, ਮਾਮੀ ਜੋ ਦੇ ਕੋਲ।

ਮਾਮੀ ਜੀ ਦੇ ਨਾਲ ਜਾਂ, ਦੁੱਖ ਸੁੱਖ ਬੈਠੇ ਫੋਲ।

ਮਾਮੀ ਰਾਮ ਕੌਰ ਨੇ, ਦੇ ਦਿੱਤਾ ਉਤਸ਼ਾਹ।

ਮਾਇਆ ਦੇ ਕੇ ਪੱਲਿਓਂ, ਨਵਾਂ ਵਖਾਇਆ ਰਾਹ।

ਆਖਣ ਲੱਗੀ ਜਾ ਕੇ, ਖੋਹਲ ਲਵੋ ਇੱਕ ਹੱਟ।

ਮੇਰਾ ਤੇਰੇ ਆਸਰੇ, ਲੰਘੇ ਸੌਖਾ ਝੱਟ।

ਜੋ ਵੀ ਬੱਚਤ ਹੋਏਗੀ, ਅੱਧੋ ਅੱਧੀ ਵੰਡ।

ਮੇਰੇ ਤੂੰ ਪ੍ਰੀਵਾਰ ਦੀ, ਚੁੱਕ ਲਵੇਂ ਜੇ ਪੰਡ।

ਪੁੱਤ ਪਤੀ ਦੋਵੇਂ ਗਏ, ਤੋੜ ਕੁਵੇਲੇ ਲੱਕ।

ਦਿਲ ਦੇ ਟੁਕੜੇ ਹੋ ਗਏ, ਗਈ ਆਤਮਾ ਥੱਕ।

ਪਕੜ ਡੰਗੋਰੀ ਸੋਹਣਿਆਂ, ਕਰਦੇ ਭਵਜਲ ਪਾਰ।

ਬੰਨੇ ਲਾ ਦੇ ਡੋਲਦੀ, ਬੇੜੀ ਜੋ ਮੰਝਧਾਰ।

ਜੋ ਮਾਮੀ ਨੇ ਆਖਿਆ, ਬਚਨ ਲਿਆ ਸਿਰ ਧਾਰ।



. Sri Satguru Jagjit Singh Ji eLibrary NamdhariElibrary@gmail.com .

ਭੈਣੀ ਅੰਦਰ ਆਣ ਕੇ, ਲੱਗੇ ਕਰਨ ਵਿਹਾਰ।

ਮੋਟਾ ਠੁੱਲਾ ਕੱਪੜਾ, ਖਲ ਵੜੇਵੇਂ ਦਾਲ।

ਲੂਣ, ਤੇਲ ਹਲਦੀ, ਗੁੜ, ਮਿਰਚ ਮਸਾਲਾ ਨਾਲ।

ਪੇਂਡੂ ਲੋਕਾਂ ਵਾਲੜੀ, ਪੂਰੀ ਕਰਦੇ ਲੋੜ।

ਸੌਦਾ ਸਸਤਾ ਤੇ ਖਰਾ, ਜੋਗ ਮੁਨਾਫਾ ਜੋੜ।

ਗਾਲੇ ਚਾਗੇ ਪਿੰਡ ਦੇ, ਸੌਦਾ ਸਸਤਾ ਜਾਣ।

ਲੈ ਲੈ ਜਾਂਦੇ ਵਸਤੂਆਂ, ਘੱਤ ਵਹੀਰਾਂ ਆਣ।

ਆਏ ਸਵਾਲੀ ਆਸ ਕਰ, ਮੱਥੇ ਪਾਉਣ ਨਾ ਵੱਟ।

ਤੇਰਾ ਤੇਰਾ ਤੋਲਦਾ, ਬਾਬਾ ਓਸੇ ਹੱਟ।

ਵੇਖ ਜ਼ਰੂਰਤਮੰਦ ਨੂੰ, ਸੌਦਾ ਦੇਣ ਅਡੋਲ।

ਮੁਫਤੀ ਵਿੱਚ ਗਰੀਬ ਨੂੰ, ਦੇਵਣ ਵਸਤੂ ਤੋਲ।

ਭੁੱਖੇ ਨੂੰ ਰੋਟੀ ਮਿਲੇ, ਹੋਵਣ ਲੱਗਾ ਜੱਸ।

ਜੋ ਲੈ ਜਾਏ ਨਿਆਮਤਾਂ, ਅੱਗੇ ਦੇਂਦਾ ਦੱਸ।

ਚਾਰ ਚੁਫੇਰੇ ਖਿੱਲਰੀ, ਕਸਤੂਰੀ ਜਿਉਂ ਬਾਸ।

ਜਿੱਥੇ ਜਿੱਥੇ ਅੱਪੜੇ, ਖਿੱਚੇ ਆਵਣ ਪਾਸ।

ਕਿਰਤ ਕਮਾਈ ਧਰਮ ਦੀ, ਵੰਡ ਕੇ ਛਕਣ ਛਕਾਉਣ।

ਵਸਤ ਬੇਗਾਨੀ ਭੁੱਲ ਕੇ, ਕਦੇ ਨਾ ਘਰੀਂ ਲਿਆਉਣ।

"ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"

ਇੱਕ ਦਿਨ ਬੇਟੀ ਆਪ ਦੀ, ਕਰ ਸਖੀਆਂ ਸੰਗ ਜੋੜ।

ਚੜ੍ਹਤ ਸਿੰਘ ਦੇ ਖੇਤ 'ਚੋਂ, ਸਾਗ ਲਿਆਈ ਤੋੜ।

ਉਸੇ ਵੇਲੇ ਆਪ ਨੇ, ਵਾਪਿਸ ਦਿੱਤਾ ਮੋੜ।

ਵਸਤ ਬੇਗਾਨੀ ਨਾਲ ਨਾ, ਕਹਿਣ ਪੂਰਨੀ ਲੋੜ।

ਚੜ੍ਹਤ ਸਿੰਘ ਨੇ ਆਖਿਆ, ਕਰਕੇ ਬਹੁਤਾ ਹੇਤ।

ਲੈ ਆਉਣਾ ਬਿਨ ਪੁੱਛਿਆਂ, ਹੈਨ ਤੁਹਾਡੇ ਖੇਤ।

ਕਰਦਾ ਬੜਾ ਵਿਰੋਧ ਸੀ, ਕਦੇ ਹਮੀਰਾ ਜੱਟ।

ਕੋਹੜੀ ਹੋ ਕੇ ਮਰ ਗਿਆ, ਵਰ੍ਹਾ ਛਿਮਾਹੀ ਕੱਟ।

ਲੋਕੀਂ ਭੈਣੀ ਪਿੰਡ ਦੇ, ਸੋਚਣ ਨਾਲ ਖਿਆਲ।

ਲਿਆ ਸਰਾਪ ਗੁਰਾਂ ਤੋਂ, ਤਾਂ ਹੋਇਐ ਇਹ ਹਾਲ।

ਇਹ ਤਾਂ ਪੂਰਨ ਪੁਰਖ ਹੈ, ਆਓ ਲਿਆਈਏ ਮੋੜ।

ਜਾ ਕੇ ਅਰਜ਼ ਗੁਜ਼ਾਰੀਏ, ਪੱਲਾ ਪਾ ਹੱਥ ਜੋੜ।

ਪਿੰਡ ਦੇ ਬੰਦੇ ਮੋਹਤਬਰ, ਨਾਲੇ ਨੰਬਰਦਾਰ।

ਲਹਿਣਾ ਸਿੰਘ ਨੂੰ ਨਾਲ, ਲੈ ਪਹੁੰਚੇ ਗੁਰੂ ਦੁਆਰ।

ਲਹਿਣਾ ਸਿੰਘ ਲੰਗੋਟੀਆ, ਬਾਲ ਪੁਣੇ ਦਾ ਯਾਰ।

ਨਾਲ ਗੁਰਾਂ ਦੇ ਉਸਦਾ, ਹੱਦੋਂ ਵੱਧ ਪਿਆਰ।

ਬਚਪਨ ਸੋਹਣਾ ਬੀਤਿਆ, ਲਹਿਣਾ ਸਿੰਘ ਦੇ ਨਾਲ।

ਅੱਗੇ ਹੋ ਕੇ ਉਸ ਨੇ, ਪਾਇਆ ਇੰਜ ਸਵਾਲ।

ਆਵੋ ਭੈਣੀ ਚੱਲ ਕੇ, ਕੱਟੋ ਕੁੱਲ ਕਲੇਸ਼।

ਨਾਮ ਜਪੋ ਸੰਕਟ ਹਰੋ, ਵਰਤੇ ਸੁੱਖ ਹਮੇਸ਼।

ਲਹਿਣਾ ਸਿੰਘ ਨੂੰ ਹੱਸ ਕੇ, ਬੋਲੇ ਫਿਰ ਦਾਤਾਰ।

ਲਹਿਣਾ ਸਿਹਾਂ ਨਿਭਾਏਂਗਾ, ਗੱਲਾਂ ਨਾਲ ਨਾ ਸਾਰ।

ਅੱਗੋਂ ਉਸ ਆਖਿਆ, ਕਰਿਓ ਪਰਖ ਹਜ਼ੂਰ।

ਤਿੰਨਾਂ ਥਾਵਾਂ ਤੇ ਜਗਾ ਜੋ, ਸੋ ਕਰਿਓ ਮਨਜ਼ੂਰ।

ਬਾਕੀ ਰਹੀ ਨਿਬਾਹੁਣ ਦੀ, ਜਿਹੜੀ ਕੀਤੀ ਗੱਲ।

ਗੁਰ ਜੀ ਆਪ ਨਿਬਾਹੁਣੀ, ਦੇ ਕੇ ਕਿਰਪਾ ਫਲ।

ਜਿੱਥੇ ਹੈ ਦਿਲ ਮੰਨਦਾ, ਓਥੇ ਵੱਸੋ ਆਣ।

ਮੰਨੋ ਸਾਡੀ ਬੇਨਤੀ, ਪਾਓ ਆਣ ਮਕਾਨ।

ਮੰਨ ਬੇਨਤੀ ਆਪ ਜੀ, ਆਏ ਵਾਪਸ ਚੱਲ।

ਭੈਣੀ ਅੰਦਰ ਬੈਠ ਗਏ, ਜਗਾ ਸੁਹਾਣੀ ਮੱਲ।

ਸ਼ਾਮਲਾਟ ਜੋ ਥਾਂ ਸੀ, ਲਹਿਣਾ ਸਿੰਘ ਦੇ ਕੋਲ।

ਸਾਰੀ ਦਿੱਤੀ ਆਪ ਨੂੰ, ਕੀਤਾ ਮੋਲ ਨਾ ਤੋਲ।

ਓਥੋਂ ਵਾਪਸ ਆਣ ਕੇ, ਪਾਇਆ ਫੇਰ ਮਕਾਨ।

ਕੱਚੇ ਕੋਠੇ ਛੱਤ ਕੇ, ਛੱਤਿਆ ਨਾਲ ਦਾਲਾਨ।

ਭਾਈ ਬੁੱਧ ਸਿੰਘ ਨੂੰ, ਸੌਂਪ ਪੁਰਾਣਾ ਘਰ।

ਲੀਤਾ ਮਾਤਾ ਪਿਤਾ ਨੂੰ, ਨਾਲ ਆਪਣੇ ਕਰ।

ਕੀਤੀ ਮੋਟੇ ਤੌਰ ਤੇ, ਖੇਤੀ ਦੀ ਹੀ ਕਾਰ।

ਥੋੜ੍ਹਾ ਬਹੁਤਾ ਹੋਰ ਵੀ, ਕਰਦੇ ਰਹੇ ਵਿਹਾਰ।

ਨੰਦ ਕੌਰ ਤੇ ਦਇਆ ਕੌਰ, ਦੋ ਪੁੱਤਰੀਆਂ ਜਾਣ।

ਕੀਤੇ ਕਾਰਜ ਦੋਹਾਂ ਦੇ, ਉਹਨਾਂ ਏਥੇ ਆਣ।

ਬੀਬੀ ਨੰਦਾਂ ਖੱਟੜੀਂ, ਜਿਵੇਂ ਕਾਰ ਸੰਸਾਰ।

ਦਇਆ ਕੌਰ ਨਾਰੰਗਵਾਲ, ਵੇਦ ਰੀਤ ਅਨੁਸਾਰ।

ਪੁੱਤਰ ਸੀ ਇੱਕ ਜਨਮਿਆ, ਜਦੋਂ ਫੌਜ ਵਿਚਕਾਰ।

ਪਹਿਲਾਂ ਵਾਪਸ ਆਉਣ ਤੋਂ, ਗਿਆ ਉਡਾਰੀ ਮਾਰ।

ਕਰਕੇ ਦੋਵੇਂ ਸ਼ਾਦੀਆਂ, ਹੋਏ ਸੁਰਖਰੂ ਫੇਰ।

ਕਰੀਏ ਕਿਵੇਂ ਸਮਾਜ ਦਾ, ਸੋਚਣ ਦੂਰ ਹਨੇਰ।

## ਨਿੱਤ ਕਰਮ

ਅੰਮ੍ਰਿਤ ਵੇਲੇ ਉੱਠ ਕੇ, ਕਰ ਸ਼ੌਚ ਇਸ਼ਨਾਨ।

ਮਾਰ ਚੌਕੜਾ ਬੈਠਦੇ, ਸਭ ਸੰਕੋਚ ਧਿਆਨ।

ਕਰਦੇ ਸਿਮਰਨ ਸਾਈਂ ਦਾ, ਇੱਕ ਮਨ ਹੋ ਇੱਕ ਚਿੱਤ।

ਮਨ ਬਿਰਤੀ ਸੰਕੋਚ ਕੇ, ਸਭ ਇੰਦਰੀਆਂ ਜਿੱਤ।



. Sri Satguru Jagjit Singh Ji eLibrary NamdhariElibrary@gmail.com .

ਐਪਰ ਲਾਗੇ ਗਲੀ ਦੇ, ਹੈ ਸੀ ਉਹ ਮਕਾਨ।

ਲੰਘਣ ਜਾਂ ਹਰਨਾਲੀਆਂ, ਹੋਵੇ ਭੰਗ ਧਿਆਨ।

ਬਲਦਾਂ ਦੇ ਗਲ ਘੁੰਘਰੂ, ਟੱਲੀਆਂ ਪਾਵਣ ਸ਼ੋਰ।

ਲੰਘਦੇ ਲੋਕੀਂ ਲਾਗਿਓਂ, ਆਉਣ ਆਵਾਜ਼ਾਂ ਹੋਰ।

ਦੱਸੀ ਲਹਿਣਾ ਸਿੰਘ ਨੂੰ, ਇਹ ਮੁਸ਼ਕਿਲ ਜਾਂ ਆਪ।

ਉਹਨੇ ਹੋਰ ਜ਼ਮੀਨ ਸੀ, ਦਿੱਤੀ ਜਲਦੀ ਨਾਪ।

ਤੂਤਾਂ ਵਾਲਾ ਖੂਹ ਸੀ, ਜਿਹੜਾ ਦੱਖਣ ਵੱਲ।

ਵਿੱਘੇ ਚਾਰ ਜ਼ਮੀਨ ਦੇ, ਦਿੱਤੇ ਉਸੇ ਪਲ।

ਉਥੇ ਕੋਠਾ ਪਾ ਕੇ, ਅੰਦਰ ਥੜਾ ਬਣਾ।

ਚੌਗਿਰਦੇ ਖਾਲ਼ੀ ਬਣਾ, ਲੈਂਦੇ ਪਾਣੀ ਪਾ।

ਤਾ ਕਿ ਸਿਮਰਨ ਕਰਦਿਆਂ, ਆ ਕੇ ਕੀਟ ਪਤੰਗ।

ਮਨ ਬਿਰਤੀ ਉਕਤਾ ਕੇ, ਕਦੇ ਕਰੇ ਨਾ ਤੰਗ।

ਜਦੋਂ ਗਏ ਪ੍ਰਦੇਸ ਨੂੰ, ਜਾਣੋ ਉਦੋਂ ਤੀਕ।

ਏਥੇ ਹੀ ਬਹਿ ਬੰਦਗੀ, ਕੀਤੀ ਉਹਨਾਂ ਠੀਕ।

ਲੋਕੀਂ ਪੂਜਣ ਉਹ ਥਾਂ, ਬੁੰਗਾ ਆਖ ਅਕਾਲ।

ਯਾਦਗਾਰ ਦੇ ਤੌਰ ਤੇ, ਸੋਹਣਾ ਲਿਆ ਸੰਭਾਲ।

ਅੱਜ ਵੀ ਸ਼ਰਧਾ ਧਾਰ ਕੇ, ਲੋਕੀਂ ਸੀਸ ਨਿਵਾਣ।

ਵਤਨ ਪ੍ਰਸਤੀ ਵਾਲੜੀ, ਏਥੋਂ ਸ਼ਕਤੀ ਪਾਣ।

## ਈਸਟ ਇੰਡੀਆ ਕੰਪਨੀ ਦਾ ਪੰਜਾਬ ਤੇ ਕਬਜ਼ਾ

ਮੱਲਿਆ ਤਖਤ ਲਹੌਰ ਦਾ, ਕੂਟ ਨੀਤੀਆਂ ਨਾਲ।
ਈਸਟ ਇੰਡੀਆ ਕੰਪਨੀ, ਲੀਤਾ ਆਣ ਸੰਭਾਲ।
ਫੇਰ ਫਰੰਗੀ ਏਸ ਥਾਂ, ਲੱਗੇ ਪੈਰ ਜਮਾਉਣ।
ਆਵਣ ਦੇਸ਼ ਗਦਾਰ ਜੋ, ਨੇਕ ਨਾਮੀਆਂ ਪਾਉਣ।
ਫੌਜ ਖਾਲਸਾ ਰਾਜ ਦੀ, ਉਹਨਾਂ ਦਿੱਤੀ ਤੋੜ।
ਵਤਨ ਪ੍ਰਸਤਾਂ ਵਾਲੜੀ, ਨਾ ਉਹਨਾਂ ਨੂੰ ਲੋੜ।
ਕਰਨ ਚੁਫੇਰੇ ਆਪਣੇ, ਕੱਠੇ ਟੁੱਕੜ ਬੋਚ।
ਕਰਦੇ ਜੀ ਹਜ਼ੂਰੀਆਂ, ਉਲਟੀ ਰੱਖਣ ਸੋਚ।
ਦੇਣ ਜਗੀਰਾਂ ਵੱਡੀਆਂ, ਅਹੁਦੇ ਅਤੇ ਇਨਾਮ।
ਲਏ ਖਰੀਦ ਗਦਾਰ ਸਭ, ਝੁਕ ਝੁਕ ਕਰਨ ਸਲਾਮ।
ਖੈਰ ਖਵਾਹ ਪੰਜਾਬ ਦੇ, ਸੁੱਟੇ ਅੰਦਰ ਜੇਲ੍ਹ।
ਸਾਮਰਾਜ ਦੀਆਂ ਜੜ੍ਹਾਂ ਵਿੱਚ, ਮਤ ਦੇ ਦੇਵਣ ਤੇਲ।
ਜਨਤਾ ਨੂੰ ਭੜਕਾ ਕੇ, ਨਾ ਕਰ ਦੇਣ ਖਿਲਾਫ਼।
ਦੇਸ਼ ਪੰਜਾਬੋਂ ਅਣਖ ਦਾ, ਪੱਤਾ ਕਰ ਦਿਓ ਸਾਫ਼।
ਫਿਰਕਾ ਇੱਕ ਦਬਾ ਕੇ, ਦੂਜਾ ਦੇਣ ਉਭਾਰ।


Sri Satguru Jagjit Singh Ji eLibrary NamdhariElibrary@gmail.com

ਸੌਣ ਗੁਲਾਮੀ ਨੀਂਦਰੇ, ਐਸੀ ਮਾਰੋ ਮਾਰ।

ਭਾਰਤੀਆਂ ਸੰਗ ਭਾਰਤੀ, ਰੱਖੋ ਸਦਾ ਲੜਾ।

ਰਾਜ ਕਰੋ ਫੁੱਟ ਪਾ ਕੇ, ਇਹ ਨੀਤੀ ਅਪਨਾ।

ਸਾਮਰਾਜ ਦੀ ਨੀਂਹ ਵਿੱਚ, ਦੇਸ਼ ਭਗਤ ਚਿਣਵਾ।

ਦੇਸ਼ ਗਦਾਰ ਅਰਦਲੀ, ਦਿੱਤੇ ਓਸ ਲਗਾ।

ਲੱਗੇ ਭਾਈਆਂ ਤੋਂ ਹੀ, ਭਾਈਆਂ ਨੂੰ ਮਰਵਾਉਣ।

ਨਾਲ ਚੈਨ ਦੇ ਬੈਠ ਕੇ, ਦੇਖੋ ਰਾਜ ਕਮਾਉਣ।

ਮਹਾਰਾਜਾ ਰਣਜੀਤ ਸਿੰਘ, ਦੇ ਭੈੜੇ ਚਟੁਕਾਰ।

ਬੈਠੇ ਤਖਤ ਲਹੌਰ ਦਾ, ਨਿਜ ਹਿਤਾਂ ਤੋਂ ਵਾਰ।

ਉਹੋ ਹੁਣ ਅੰਗ੍ਰੇਜ਼ ਦੇ, ਹੋਏ ਖੈਰ ਖਵਾਹ।

ਚੰਗੇ ਸੱਭਿਆਚਾਰ ਤੇ, ਧੂੜਨ ਪਏ ਸੁਆਹ।

ਚਿੱਚੜ ਵਾਂਗ ਸਵਾਰਥੀ, ਚੰਬੜੇ ਰਹਿਣ ਹਮੇਸ਼।

ਹੋਵੇ ਹਰ ਸਰਕਾਰ ਦਾ, ਇਹ ਇੱਕ ਵਰਗ ਵਿਸ਼ੇਸ਼।

ਪੈਦਾ ਕਰ ਕਰ ਭਰਮ ਉਹ, ਲੋਕਾਂ ਨੂੰ ਭਰਮਾਉਣ।

ਲਿਖ ਲਿਖ ਨਕਲੀ ਸਾਖੀਆਂ, ਲੋਕਾਂ ਵਿੱਚ ਸੁਣਾਉਣ।

ਆਖਣ ਗੁਰੂਆਂ ਪਿਛਲਿਆਂ, ਇਹ ਕੀਤਾ ਇਲਹਾਮ।

ਟੋਪੀ ਵਾਲੇ ਸਿੱਖ ਦਾ, ਲਿਖਿਆ ਇਹ ਤਮਾਮ।

ਲੈਣ ਜਗੀਰਾਂ ਵੱਡੀਆਂ, ਉਹ ਇਤਿਹਾਸ ਵਿਗਾੜ।



Sri Satguru Jagjit Singh Ji eLibrary NamdhariElibrary@gmail.com

ਪੰਨੇ ਗੌਰਵ ਮਈ ਜੋ, ਦਿੱਤੇ ਵਿੱਚੋਂ ਪਾੜ।

ਤਾਹੀਓਂ ਹੋਏ ਦੇਸ਼ ਭਗਤ, ਸਾਰੇ ਹੀ ਰੂਪੋਸ਼।

ਮਾਰੇ ਮਾਰੇ ਵਿਚਰਦੇ, ਫਿਰਨ ਗਵਾਈ ਹੋਸ਼।

ਕੋਈ ਮਸੀਹਾ ਭਾਲਦੇ, ਜਿਹੜਾ ਲਵੇ ਉਭਾਰ।

ਬਲਦੀ ਅੱਗ ਅੰਗ੍ਰੇਜ਼ ਦੀ, ਸੱਕੇ ਜਿਹੜਾ ਠਾਰ।

ਜੋ ਗ਼ੁਲਾਮੀ ਵਾਲੜੇ, ਦੇਵੇ ਬੰਧਨ ਕੱਟ।

ਟੁੱਟਣ ਕੜੀਆਂ ਬੇੜੀਆਂ, ਮਾਰੇ ਐਸੀ ਸੱਟ।

ਚਾਹੁੰਦੇ ਸਨ ਉਹ ਖ਼ੂਨ ਦਾ, ਇੱਕ ਇੱਕ ਕਤਰਾ ਡੋਲ੍ਹ।

ਸੰਗਲ ਭਾਰਤ ਮਾਂ ਦੇ, ਪੈਰੋਂ ਦਈਏ ਖੋਹਲ।

ਜੌਨ ਲਾਰੰਸ ਆ ਗਿਆ, ਬਣ ਕੇ ਚੀਫ਼* ਪੰਜਾਬ।

ਖੋਹ ਸਿੱਖਾਂ ਤੋਂ ਨੌਕਰੀ, ਕੀਤਾ ਕੰਮ ਖਰਾਬ।

ਸਿੱਖਾਂ ਤੋਂ ਸੁਟਵਾ ਕੇ, ਸਾਰੇ ਹੀ  ਹਥਿਆਰ।

ਮੁਸਲਮਾਨ ਤੇ ਗੋਰਖੇ, ਕੀਤੇ ਆਪ ਤਿਆਰ।

ਅਸਤਰ ਸ਼ਸਤਰ ਕੋਈ ਨਾ, ਰੱਖੇ ਅੰਦਰ ਦੇਸ਼।

ਲਾਗੂ ਕਰ ਪਾਬੰਦੀਆਂ, ਦਿੱਤਾ ਹੁਕਮ ਵਿਸ਼ੇਸ਼।

ਕੋਈ ਕਿਧਰੇ ਫਿਰੇ ਨਾ, ਹੱਥ ਪਕੜ ਤਲਵਾਰ।

ਬਿਨਾ ਡਾਂਗ ਤੋਂ ਹੋਰ ਨਾ, ਰੱਖੇ ਕੋਈ ਹਥਿਆਰ।

ਉਦੋਂ ਆਈ ਹੋਂਦ ਵਿੱਚ, ਛੇ ਇੰਚੀ ਕਿਰਪਾਨ।



Sri Satguru Jagjit Singh Ji eLibrary NamdhariElibrary@gmail.com

ਸਿੱਖੀ ਦਾ ਇੰਜ ਸਾਂਭਿਆ, ਸਿੱਖਾਂ ਫੇਰ ਨਿਸ਼ਾਨ।

ਏਧਰ ਸਤਿਗੁਰ ਜੀ ਨੇ, ਹਾਲ ਲਿਆ ਸਭ ਜਾਣ।

ਨੀਤੀ ਜੋ ਅੰਗ੍ਰੇਜ਼ ਨੇ, ਲਾਗੂ ਕੀਤੀ ਆਣ।

ਹਾਨੀਕਾਰਕ ਜਾਣ ਕੇ, ਇਹ ਗ਼ੈਰਾਂ ਦਾ ਰਾਜ।

ਸੋਚਣ ਲੱਗੇ ਕਿਸ ਤਰ੍ਹਾਂ, ਲੈ ਆਈਏ ਸਵਰਾਜ।

* ਚੀਫ਼ ਕਮਿਸ਼ਨਰ

## ਦੂਰ ਦੂਰ ਤੱਕ ਸੋਅ ਫੈਲਣੀ

ਸੱਚੀ ਸੁੱਚੀ ਕਿਰਤ ਤੱਕ, ਸੁੱਚਾ ਕਾਰ ਵਿਹਾਰ।

ਚਾਰ ਚੁਫੇਰੇ ਖਿੱਲਰੀ, ਸੋਭਾ ਅਪਰ ਅਪਾਰ।

ਵੇਖ ਗੁਲਾਬ ਮਹਿਕਦਾ, ਖਿੱਚੇ ਆਵਣ ਭੌਰ।

ਫਿਰ ਹੋ ਜਾਵਣ ਓਸ ਦੇ, ਨਾ ਦਰ ਢੂੰਡਣ ਹੋਰ।

ਬਾਸਾਂ ਅੰਦਰ ਜਾ ਵੜੇ, ਜਿਉਂ ਚੰਦਨ ਦੀ ਬਾਸ।

"ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥"

ਆਣ ਕੁਕਰਮੀ ਦਰਸ ਕਰ ਬਣਦੇ ਜਾਵਣ ਸਾਧ।

ਝੂਠੀ ਰੰਗਤ ਉੱਤਰੇ, ਲੱਥੇ ਆਧ ਬਿਆਧ।

ਆਇਆ ਗੋਂਦਾ ਖੱਤਰੀ, ਸੁਣ ਸੁਣ ਸੋਹਣੀ ਸੋ।

ਵਾਪਸ ਫਿਰ ਨਾ ਪਰਤਿਆ, ਗਿਆ ਓਸਦਾ ਹੋ।

ਸਾਥੀ ਜੋ ਸਨ ਫੌਜ ਦੇ, ਵਿੱਚ ਦਰਬਾਰ ਲਹੌਰ।

ਢੂੰਡ ਢੂੰਡ ਕੇ ਆ ਮਿਲੇ, ਕਰਕੇ ਬਹੁਤੀ ਗੌਰ।

ਕਾਹਨ ਸਿੰਘ ਸੀ ਚੱਕ ਦਾ, ਜਿਹੜਾ ਸੂਬੇਦਾਰ।

ਸੰਤ ਦਿਆਲ ਦਾਸ ਵੀ, ਆ ਬੈਠਾ ਵਿਚਕਾਰ।

ਦੁਰਗਾਪੁਰ ਦਾ ਸੁੱਧ ਸਿੰਘ, ਵੱਸੇ ਪਿੰਡ ਮੰਡੌਰ।

ਝੋਰੜ ਦਾ ਵਰਿਆਮ ਸਿੰਘ, ਬਣ ਚਰਨਾਂ ਦਾ ਭੌਰ।

ਪਿੰਡ ਰੱਖੜ ਮਰੋੜ ਵਿੱਚ, ਵੱਸੇ ਸਿੰਘ ਗੋਪਾਲ।

ਜੁੜ ਗਿਆ ਸੀ ਆਣਕੇ, ਗੁਰ ਚਰਨਾਂ ਦੇ ਨਾਲ।

ਭੈਣੀ ਸਾਹਿਬ ਆਣ ਕੇ, ਗਏ ਗੁਰਾਂ ਦੇ ਹੋ।

ਪਾ ਗੁਰ ਅੰਜਨ ਗਿਆਨ ਦਾ, ਕੀਤੀ ਮਸਤਕ ਲੋ।

ਰਾਗੀ ਲਾਭ ਸਿੰਘ ਸੀ, ਸਿੰਘ ਸੂਰਮਾ ਜਾਣ।

ਸਤਿਗੁਰ ਬਾਲਕ ਸਿੰਘ ਦੇ, ਪਹੁੰਚਾ ਪਾਸ ਸਿਆਣ।

ਹਜ਼ਰੋਂ ਵਾਲੇ ਆਖਿਆ, ਬਹੁਤੇ ਧੀਰਜ ਨਾਲ।

ਵਸਤੂ ਜਿਸਦੀ ਹੈ ਸੀ, ਲੀਤੀ ਉਸ ਸੰਭਾਲ।

ਜਾਓ ਭੈਣੀ ਸਾਹਿਬ ਨੂੰ, ਓਥੋਂ ਪਾਓ ਵੱਥ।

ਅੱਜ ਕੱਲ ਕੁੰਜੀ ਨਾਮ ਦੀ, ਠਾਕਰ ਜੀ ਦੇ ਹੱਥ।

ਆ ਉਸ ਭੈਣੀ ਸਾਹਿਬ ਵਿੱਚ, ਡੇਰਾ ਲਿਆ ਜਮਾ।

ਤਨ ਮਨ ਗੁਰ ਨੂੰ ਸੌਂਪਿਆ, ਹੋ ਕੇ ਬੇਪ੍ਰਵਾਹ।

ਆਵਣ ਖਿੱਚੇ ਇਸ ਤਰ੍ਹਾਂ, ਜਿੱਦਾਂ ਸ਼ਮਾਂ ਪਤੰਗ।

ਚੜ੍ਹਦਾ ਆਉਂਦੇ ਸਾਰ ਹੀ, ਪ੍ਰੇਮ ਪ੍ਰਭੂ ਦਾ ਰੰਗ।

ਨਾਲੇ ਜਿਵੇਂ ਭਗੀਰਥੀ, ਅੰਦਰ ਆਣ ਸਮਾਣ।

ਗੰਗਾ ਵਿੱਚ ਸਮਾ ਕੇ, ਗੰਗਾ ਹੀ ਹੋ ਜਾਣ।

ਤੁਰਦੇ ਜਿਹੜੇ ਦੋਸਤੋ, ਨਦੀਆਂ ਵਾਲੀ ਤੋਰ।

ਨਹੀਂ ਨਿਸ਼ਾਨਾ ਰੱਖਦੇ, ਬਿਨ ਸਾਗਰ ਦੇ ਹੋਰ।

ਜਿਨ੍ਹਾਂ ਕੋਲੋਂ ਖੋਹ ਲਵੇ, ਕੋਈ ਸੋਨ ਸਵੇਰ।

ਫਿਰਨ ਮਸ਼ਾਲਾਂ ਬਾਲ ਕੇ, ਕਰਦੇ ਦੂਰ ਹਨੇਰ।

ਝੰਬੇ ਸਾਰੇ ਪੰਖਣੂ ਸਹਿ, ਝੱਖੜ ਦੀ ਚੋਟ।

ਖੰਭ ਸਵਾਰਨ ਵਾਸਤੇ, ਫਿਰਨ ਭਾਲਦੇ ਓਟ।

ਨੂਰ ਮੁਨਾਰਾ ਜਿਸ ਤਰ੍ਹਾਂ, ਕਰਦਾ ਭਵਜਲ ਪਾਰ।

ਰਾਹ ਦਸੇਰਾ ਵੇਖਿਆ, ਭੈਣੀ ਦੇ ਵਿਚਕਾਰ।

ਬਹਿੰਦੇ ਮਸਲਤ ਜੋੜ ਕੇ, ਦੇਸ਼ ਭਗਤ ਵਰਿਆਮ।

ਛਾਇਆ ਬਾਬੇ ਬੋਹੜ ਦੀ, ਹੇਠਾਂ ਮਿਲੇ ਅਰਾਮ।

ਅਗਨ ਗ਼ੁਲਾਮੀ ਸਾੜ ਕੇ, ਸੀਨੇ ਕਰੇ ਮਨੂਰ।

ਪਏ ਫੁਹਾਰ ਮਿਹਰ ਦੀ, ਹੋਵਣ ਤਪਸ਼ਾਂ ਦੂਰ।

ਮਾਲਾ ਪਕੜ ਅਠੋਤਰੀ, ਜਪਦੇ ਸੱਚਾ ਨਾਮ।

ਲੈ ਕੇ ਓਟ ਅਕਾਲ ਦੀ, ਪੀਂਦੇ ਅਣਖੀ ਜਾਮ।

ਭੈਣੀ ਆ ਕੇ ਹੋਂਵਦੀ, ਮਨ ਦੀ ਭਟਕਣ ਦੂਰ।

ਸਤਿਗੁਰ ਬੇੜਾ ਬੰਨ੍ਹਿਆਂ, ਭਰਦਾ ਜਾਵੇ ਪੂਰ।

ਦੇਸ਼ ਹਿਤਾਂ ਦਿਆਂ ਰਾਖਿਆਂ, ਦਾ ਤੀਰਥ ਅਸਥਾਨ।

ਸ਼ਾਂਤੀ ਮਿਲਦੀ ਮਨਾਂ ਦੀ, ਇਹ ਵੀ ਰਾਜ ਮਹਾਨ।

ਸਦਾ ਵਰਤ ਇਹ ਸੋਚ ਕੇ, ਲੰਗਰ ਲਿਆ ਚਲਾ।

ਭੁੱਖਾ ਪਰਤੇ ਕੋਈ ਨਾ, ਇਸ ਦਰਵਾਜ਼ੇ ਆ।

ਕਥਾ ਕੀਰਤਨ ਨਾਮ ਰਸ, ਲੱਗਣ ਖ਼ੂਬ ਦੀਵਾਨ।

ਆਉਂਦੇ ਹੁੰਮ ਹੁਮਾ ਕੇ, ਲੋਕ ਕਰਨ ਸਨਮਾਨ।

ਜਿਹੜਾ ਦਰਸ਼ਨ ਆ ਕਰੇ, ਉਹਦਾ ਜਾਵੇ ਹੋ।

ਵਾਂਗ ਕਥੂਰੀ ਖਿੱਲਰੀ, ਸਤਿਗੁਰ ਦੀ ਖ਼ੁਸ਼ਬੋ।

---o---

ਈਸਟ ਇੰਡੀਆ ਕੰਪਨੀ, ਭਾਰਤ ਨੂੰ ਕਬਜ਼ਾ।

ਸਲਤਨਤ ਬਰਤਾਨੀਆ, ਦਿੱਤਾ ਵਿੱਚ ਰਲਾ।

ਫਿਰ ਮਲਕਾ ਵਿਕਟੋਰੀਆ, ਨੂੰ ਸੌਂਪਿਆ ਰਾਜ।

ਸਿੱਕਾ ਚੌਲਿਆ ਓਸ ਦਾ, ਹਿੰਦ ਹੋਈ ਮੋਹਤਾਜ।

ਵਿੱਚ ਪੰਜਾਬ ਫਰੰਗੀਆਂ, ਲੀਤੇ ਪੈਰ ਪਸਾਰ।

ਲੱਗੇ ਧਰਮ ਈਸਾਈ ਦਾ, ਫੇਰ ਕਰਨ ਪ੍ਰਚਾਰ।

ਧਰਮ ਕਰਨ ਤਬਦੀਲ ਪਏ, ਸਾਮ ਦਾਮ ਦੇ ਨਾਲ।

ਪਾਦਰੀਆਂ ਨੇ ਸੁੱਟਿਆ, ਆਣ ਫਰੇਬੀ ਜਾਲ।

ਥਾਂ ਥਾਂ ਖੋਲ੍ਹਣ ਮਿਸ਼ਨਰੀ, ਥਾਂ ਥਾਂ ਉਸਰੇ ਚਰਚ।

ਰਾਜ ਧਰਮ ਅਪਨਾ ਕੇ, ਗਈ ਗਰੀਬੀ ਪਰਚ।

ਮਿੱਠਾ ਮਹੁਰਾ ਦੇ ਕੇ, ਮਾਰਨ ਪਏ ਜ਼ਮੀਰ।

ਦੇਣ ਖਿਤਾਬ ਕਿਸੇ ਨੂੰ, ਲਾਲਚ ਕਿਸੇ ਜਗੀਰ।

ਨਾ ਡਰਨ ਜੋ ਮਰਨਗੇ, ਡਰ ਦੇ ਮਾਰੇ ਜੀਣ।

ਕਰਦੇ ਭਾਰਤ ਵਰਸ਼ ਨੂੰ, ਏਦਾਂ ਸਾਹ ਸਤ ਹੀਣ।

### ਚਿੰਤਨ ਕਰਨਾ

ਕਰਦੇ ਸਿਮਰਨ ਸਾਹਿਬ, ਦਾ ਬੁੰਗੇ ਬੈਠ ਅਕਾਲ।

ਤੌਕ ਗ਼ੁਲਾਮੀ ਲਾਹੁਣ ਦਾ, ਕਰਦੇ ਨਾਲ ਖਿਆਲ।

ਹਰ ਦਮ ਸੋਚਾਂ ਸੋਚਦੇ, ਵਿੱਚ ਗ਼ੁਲਾਮੀ ਨੂਹ।

ਡੁੱਬੀ ਕਿਵੇਂ ਉਭਾਰੀਏ, ਭਾਰਤੀਆਂ ਦੀ ਰੂਹ।

ਨਵੇਂ ਜੋਸ਼ ਦਾ ਕਿਸ, ਤਰ੍ਹਾਂ ਹੋ ਜਾਵੇ ਸੰਚਾਰ।

ਸੁੱਤੇ ਲੋਕੀਂ ਜਾਗ ਕੇ, ਮਾਰਨ ਨਵੀਂ ਉਡਾਰ।

ਜਜ਼ਬਾ ਦੇਸ਼ ਪ੍ਰੇਮ ਦਾ, ਫਿਰ ਹੋਵੇ ਸੁਰਜੀਤ।

ਆਪਣਿਆਂ ਤੇ ਆਪਣੇ, ਕਰਨ ਫੇਰ ਪ੍ਰਤੀਤ।

ਫੋਕੇ ਵਹਿਮ ਤਿਆਗ ਕੇ, ਤੋੜਨ ਲੋਟੂ ਜਾਲ।

ਹੱਥੋਂ ਲੋਕ ਪਖੰਡੀਆਂ, ਹੋਰ ਨਾ ਹੋਣ ਕੰਗਾਲ।

ਦੇਸ਼ ਕੌਮ ਤੇ ਧਰਮ ਲਈ, ਕਰ ਆਪਾ ਕੁਰਬਾਨ।

ਸਿੱਖਣ ਲੋਕੀਂ ਵਤਨ ਦੀ, ਉੱਚੀ ਕਰਨੀ ਸ਼ਾਨ।

ਸਿੱਖੀ ਜੋ ਦਸਮੇਸ਼ ਦੀ, ਬੈਠੇ ਸਿੱਖ ਵਿਸਾਰ।

ਮੁੜ ਕਰਕੇ ਸੁਰਜੀਤ ਉਹ, ਕਰੀਏ ਸੋਹਣੀ  ਕਾਰ।

ਅਣਖ ਜਗਾਈਏ ਟੁੰਬ ਕੇ, ਧਰਮੀ ਆਏ ਤੂਫ਼ਾਨ।

ਲੱਥੇ ਸਾਮਰਾਜ ਦਾ, ਯੂਨੀਅਨ ਜੈਕ ਨਿਸ਼ਾਨ।

---o---

ਓਧਰ ਆ ਅੰਗਰੇਜ਼ ਨੇ ਖੋਹਲੇ ਫੇਰ ਸਕੂਲ।

ਅੰਗ੍ਰੇਜ਼ ਭਗਤ ਪੈਦਾ ਕਰੋ, ਪਹਿਲਾ ਜਾਣ ਅਸੂਲ।

ਲੈ ਜਾਵਣ ਇੰਗਲੈਂਡ ਨੂੰ, ਸਾਡਾ ਕੱਚਾ ਮਾਲ।

ਮੋਹਰ ਲਗਾਵਣ ਆਪਣੀ, ਨਾਲ ਮਸ਼ੀਨਾਂ ਢਾਲ।

ਭਾਰਤ ਆ ਕੇ ਵੇਚਦੇ, ਲੈਣ ਮੁਨਾਫ਼ਾ ਢੇਰ।

ਧਨ ਸਾਰਾ ਇੰਗਲੈਂਡ ਨੂੰ, ਜਾਵੇ ਦੇਰ ਸਵੇਰ।

ਦਸਤਕਾਰੀਆਂ ਸਾਡੀਆਂ, ਹੁੰਦੀਆਂ ਜਾਵਣ ਬੰਦ।

ਕਈਆਂ ਦਾ ਰੁਜ਼ਗਾਰ ਹੀ, ਕਰ ਦਿੱਤਾ ਗੁਲਕੰਦ।

ਐਪਰ ਜੋ ਅੰਗ੍ਰੇਜ਼ ਦੇ, ਵਫ਼ਾਦਾਰ ਚਾਟੂਕਾਰ।

ਆਵੇ ਉਹਨਾਂ ਵਾਸਤੇ, ਨਿੱਤ ਨਿੱਤ ਨਵੀਂ ਬਹਾਰ।

ਵਣਜ ਵਪਾਰ ਵਧਾਉਣ ਦੀ, ਮਨਸ਼ਾ ਕਰਕੇ ਜਾਣ।

ਰੇਲਾਂ ਉਹਨਾਂ ਏਸ ਲਈ, ਫੇਰ ਵਿਛਾਈਆਂ ਆਣ।

ਭੋਲੇ ਭਾਲੇ ਲੋਕ ਜੋ, ਗਾਵਣ ਲੱਗੇ ਜੱਸ।

ਜਿਹੜੇ ਬੁੱਧੀ ਹੀਣ ਨੇ, ਕੀ ਉਹਨਾਂ ਦੇ ਵੱਸ।

ਭਾਵੇਂ ਲੁੱਟਣ ਵਾਸਤੇ, ਆਏ ਸਾਡੇ ਪਾਸ।

ਫਿਰ ਵੀ ਰਾਜ ਕਮਾਉਣ ਦੀ, ਦੱਸਦੇ ਜਾਵਣ ਜਾਚ।

ਕਿੱਦਾਂ ਰਾਜ ਗਵਾਚਦਾ, ਕਿੱਦਾਂ ਮਿਲਦਾ ਫੇਰ।

ਬੁੱਧੀਵਾਨ ਵੀਚਾਰਦੇ, ਜਾਵੇ ਕਿਵੇਂ ਹਨੇਰ।

ਤਾਜੀਰਾਤ-ਏ-ਹਿੰਦ ਫਿਰ, ਲਾਗੂ ਕੀਤਾ ਆਣ।

ਨਾਨਕ ਸ਼ਾਹੀ ਬਦਲਿਆ, ਸਿੱਕਾ ਵਕਤ ਪਛਾਣ।

ਚੱਲੀ ਸਾਰੇ ਦੇਸ਼ ਤੇ, ਆ ਮਲਕਾ ਦੀ ਮੋਹਰ।

ਸਾਡੇ ਸੱਭਿਆਚਾਰ ਨੂੰ, ਦਿਨੇ ਆਣ ਪਏ ਚੋਰ।

ਖੋਹਲਣ ਪਏ ਕਚਹਿਰੀਆਂ, ਢੰਗ ਵਲੈਤੀ ਨਾਲ।

ਢਾਹ ਲਾਵਣ ਇਖਲਾਕ ਨੂੰ, ਐਸੀ ਚੱਲਣ ਚਾਲ।

ਵੱਡੇ ਅਹੁਦੇਦਾਰ ਸਭ, ਬਣ ਬੈਠੇ ਅੰਗਰੇਜ਼।

ਮਨ ਤਨ ਨਾਲ ਸਵਾਰਥਾਂ, ਜਿਨ੍ਹਾਂ ਦੇ ਲਬਰੇਜ਼।



Sri Satguru Jagjit Singh Ji eLibrary NamdhariElibrary@gmail.com

ਨੀਵੇਂ ਪੱਧਰ ਵਾਲੀਆਂ, ਨੌਕਰੀਆਂ ਤੇ ਜਾਣ।

ਭਾਰਤੀਆਂ ਨੂੰ ਲਾ ਕੇ, ਬੈਠੇ ਹੁਕਮ ਚਲਾਣ।

ਢੰਗ ਵਿਦੇਸ਼ੀ ਤੋਰਿਆ, ਮਨ ਮਰਜ਼ੀ ਦੇ ਨਾਲ।

ਨੱਚਣ ਲੱਗੇ ਭਾਰਤੀ, ਵੇਖ ਵਿਦੇਸ਼ੀ ਤਾਲ।

ਮਨ ਬਿਰਤੀ ਬਦਲਾ ਕੇ, ਪਏ ਬਣਾਉਂਦੇ ਦਾਸ।

ਡਰਨ ਬਹਾਦਰ ਕੌਮ ਤੋਂ, ਮਤ ਕੋਈ ਕਰਨ ਵਿਨਾਸ਼।

---o---

ਭਾਵੇਂ ਉੱਗੇ ਦੋਸਤੋ, ਗੰਢਿਆਂ ਵਿੱਚ ਗੰਢੇਲ।

ਐਪਰ ਅਣਖੀ ਆਦਮੀ, ਕਰਨ ਕਦੇ ਨਾ ਮੇਲ।

ਉਹਨਾਂ ਨੂੰ ਭਰਮਾਂਵਦਾ, ਨਾ ਕੋਈ ਭਰਮੀ ਜਾਲ।

ਲੋਕ ਹਿਤਾਂ ਲਈ ਰੱਖਦੇ, ਜਿਹੜੇ ਨੇਕ ਖਿਆਲ।

ਐਪਰ ਸਮਾਂ ਵੀਚਾਰਦੇ, ਚੱਲਣ ਖਾਤਰ ਚਾਲ।

ਸਿੱਧੀ ਪੁੱਠੀ ਪੈਣ ਦਾ, ਰੱਖਦੇ ਨਹੀਂ ਖਿਆਲ।

ਅਣਖ ਮਰੇ ਨਾ ਕਦੇ, ਵੀ ਹੋਵੇ ਮੱਠਾ ਸੇਕ।

ਹਵਾ ਵਗੇ ਸਵਰਾਜ ਦੀ, ਭਾਂਬੜ ਬਲਣ ਅਨੇਕ।

ਦੇਸ਼ ਕੌਮ ਦੇ ਵਾਸਤੇ, ਹੋ ਜਾਵਣ ਕੁਰਬਾਨ।

ਖੁੰਭਾਂ ਵਾਗੂੰ ਉੱਗਦੇ, ਮੌਸਮ ਠੀਕ ਪਛਾਣ।



Sri Satguru Jagjit Singh Ji eLibrary NamdhariElibrary@gmail.com

ਮਿੱਟੀ ਭਾਰਤ ਵਰਸ਼ ਦੀ, ਨੂੰ ਹੈ ਇਹ ਵਰਦਾਨ।

ਸੱਚੇ ਪੁਰਸ਼ ਮਹਾਨ ਦਾ, ਸਦਾ ਕਰਨ ਸਨਮਾਨ।

ਪੱਲੇ ਨੇਕੀ ਨਿਮਰਤਾ, ਜਤ ਸਤ ਦੇਸ਼ ਪਿਆਰ।

ਐਸੇ ਧਰਮੀ ਪੁਰਸ਼ ਤੋਂ, ਆਪਾ ਦੇਵਣ ਵਾਰ।

ਜਿਹੜੇ ਮਸਤਕ ਡਲ੍ਹਕਦਾ, ਵੇਖਣ ਰੱਬੀ ਨੂਰ।

ਵਾਂਗ ਚਕੋਰ ਦੀਵਾਨੜੇ, ਹਾਜ਼ਰ ਰਹਿਣ ਹਜ਼ੂਰ।

ਜਿਸ ਮਸੀਹੇ ਵਾਲੜਾ, ਪਰਖ ਲੈਣ ਜਤ ਸਤ।

ਉਹਦੇ ਖਾਤਰ ਮਾਰਦੇ, ਬਾਦਸ਼ਾਹੀ ਨੂੰ ਲੱਤ।

ਨਫਰਤ ਉਹਨਾਂ ਵਾਸਤੇ, ਪਲਦੀ ਰਹੇ ਹਮੇਸ਼।

ਨੇਕ ਪੁਰਸ਼ ਦੇ ਨਾਲ ਜੋ, ਰੱਖਣ ਸਦਾ ਕਲੇਸ਼।

ਦਇਆ ਜਿਨ੍ਹਾਂ ਮਨ ਵੱਸਦੀ, ਉਹਨਾਂ ਤੋਂ ਕੁਝ ਆਸ।

ਕਦੇ ਸ਼ੈਤਾਨ ਮਨੁੱਖ ਦੇ, ਉਹ ਨਾ ਫਟਕਣ ਪਾਸ।

ਪਹੁੰਚੇ ਜੋ ਅਧਿਆਤਮਕ, ਵਾਲੇ ਉੱਚ ਅਸਥਾਨ।

ਉਹੋ ਹੀ ਦੇ ਸਕਦੈ, ਪੂਰਨ ਸਮਝ ਗਿਆਨ।

ਏਥੇ ਸਦਾ ਤਪਸਵੀ, ਪਾਉਂਦੇ ਰਹੇ ਪਿਆਰ।

ਭਾਰਤੀਆਂ ਦੇ ਜੀਣ ਦਾ, ਏਹੋ ਰਿਹਾ ਅਧਾਰ।



Sri Satguru Jagjit Singh Ji eLibrary NamdhariElibrary@gmail.com

## ਕਾਂਡ – ੪

ਦੁਬਾਰਾ ਸਿੱਖੀ ਸੁਰਜੀਤ ਕਰਨੀ (ਸੰਤ ਖਾਲਸਾ ਸਾਜਣਾ)

ਇੰਜ ਸਤਿਗੁਰੂ ਰਾਮ ਸਿੰਘ, ਜੀ ਦਾ ਨੂਰ ਚੁਫੇਰ।

ਜਿਉਂ ਜਿਉਂ ਫੈਲਣ ਲੱਗਿਆ, ਲੱਗਾ ਹਟਣ ਹਨੇਰ।

ਲੋਕੀਂ ਦਰਸ਼ਨ ਵਾਸਤੇ, ਆਵਣ ਘੱਤ ਵਹੀਰ।

ਚੰਗੀ ਦੇ ਕੇ ਸਿੱਖਿਆ, ਬਦਲ ਦੇਣ ਤਕਦੀਰ।

ਬਾਣੀ ਦੇ ਸੰਗ ਜੋੜ ਕੇ, ਕੱਢਣ ਮਨੋਂ ਸ਼ੈਤਾਨ।

ਕਰਨ ਹੈਵਾਨੋਂ ਦੇਵਤੇ, ਦੇ ਉਪਦੇਸ਼ ਮਹਾਨ।

ਸਾਬਣ ਲਾ ਕੇ ਨਾਮ ਦਾ, ਧੋਣ ਮਨਾਂ ਦੇ ਪਾਪ।

ਕੱਢਣ ਬਾਹਰ ਕੁਰੀਤੀਆਂ, ਹਰਨ ਸਭੀ ਸੰਤਾਪ।

ਲੱਗਾ ਆਣ ਸਮਾਜ ਨੂੰ, ਅਨਪੜ੍ਹਤਾ ਦਾ ਕੋਹੜ।

ਸਿੱਖੋ ਆਖਣ ਗੁਰਮੁਖੀ, ਵੇਖ ਸਮੇਂ ਦੀ ਲੋੜ।

ਸਿੱਖੀ ਗੁਰ ਦਸਮੇਸ਼ ਦੀ, ਲੋਕੀਂ ਬੈਠੇ ਛੱਡ।

ਮੜ੍ਹੀ ਮਸਾਣੀ ਪੂਜਦੇ, ਹੋ ਕੇ ਅੱਡੋ ਅੱਡ।

ਲੱਗੇ ਫੇਰ ਫੈਲਾਉਣ ਉਹ, ਸਿੱਖੀ ਦਾ ਪ੍ਰਕਾਸ਼।

ਮੇਟਣ ਧੁੰਧ ਸਮਾਜ ਦੀ, ਕਰਕੇ ਸਾਫ਼ ਅਕਾਸ਼।

ਬਾਣੀ ਆਦਿ ਗ੍ਰੰਥ ਦੀ, ਬੈਠੇ ਲੋਕ ਭੁਲਾ।



Sri Satguru Jagjit Singh Ji eLibrary NamdhariElibrary@gmail.com

ਪਾਂਧੇ ਰਾਵਲ ਸੌਰੀਏ, ਕਰਨ ਪਏ ਗੁੰਮਰਾਹ।

ਲੁੱਟਣ ਲੋਟੂ ਪਾ ਕੇ, ਝੂਠੇ ਸੱਚੇ ਫਾਲ।

ਠੱਗਣ ਮਾਲ ਹਰਾਮ ਦਾ, ਬੜੀ ਚਲਾਕੀ ਨਾਲ।

ਅਣਖ ਜ਼ਮੀਰ ਮਰ ਗਈ, ਭੁੱਲੀ ਅੰਮ੍ਰਿਤ ਰੀਤ।

ਬੈਠੇ ਲੋਕ ਵਿਸਾਰ ਸਨ, ਸਤਿਗੁਰ ਤੇ ਪ੍ਰਤੀਤ।

ਬਾਣੀ ਦਸਮ ਗ੍ਰੰਥ ਦੀ, ਉਹ ਚੰਡੀ ਦੀ ਵਾਰ।

ਪੜ੍ਹ ਕੇ ਡੌਲੇ ਫ਼ਰਕਦੇ, ਚੜ੍ਹਦਾ ਜੋਸ਼ ਅਪਾਰ।

ਛੱਡ ਪੁਰਾਣੀ ਰੀਤ ਸਭ, ਗੀਦੀ ਹੋਏ ਸ਼ੇਰ।

ਗਰਕੇ ਵਿੱਚ ਕੁਰੀਤੀਆਂ, ਐਬਾਂ ਲਿਆ ਪ੍ਰੇਰ।

ਝੂਠੇ ਨਸ਼ੇ ਲਗਾ ਕੇ, ਹੁੰਦੇ ਜਾਣ ਤਬਾਹ।

ਅੰਨ੍ਹੇ ਆਗੂ ਮਤਲਬੀ, ਰਾਹੋਂ ਪਾਉਣ ਕੁਰਾਹ।

ਸੋਚਣ ਘਰ ਘਰ ਜਾ ਕੇ, ਜੇ ਕਰੀਏ ਪ੍ਰਚਾਰ।

ਡਿੱਠੇ ਢੱਠੇ ਲੋਕ ਜੋ, ਲਈਏ ਪਕੜ ਉਭਾਰ।

ਗੁਰ ਅਰਜਨ ਨੇ ਬਖਸ਼ਿਆ, ਗੁਰਬਾਣੀ ਦਾ ਨੂਰ।

ਚਾਨਣ ਕਰਦਾ ਮਨਾਂ ਵਿੱਚ, ਕਰੇ ਹਨੇਰਾ ਦੂਰ।

ਐਪਰ ਪਹਿਲਾਂ ਏਸ ਤੋਂ, ਬੜੀ ਜ਼ਰੂਰੀ ਕਾਰ।

ਫੇਰ ਦੁਬਾਰਾ ਸਾਜੀਏ, ਸਿੱਖੀ ਖੰਡੇ ਧਾਰ।

ਕਲਗੀਧਰ ਦਾ ਖਾਲਸਾ, ਹੋਇਆ ਜਾਣ ਮਲੇਛ।

ਅੰਮ੍ਰਿਤ ਫੇਰ ਛਕਾ ਕੇ, ਕਰੀਏ ਦੂਰ ਕਲੇਸ਼।

ਦੇ ਮਰਿਆਦਾ ਗੁਰਾਂ ਦੀ, ਜਿਹੜੀ ਪਾਕ ਪੁਨੀਤ।

ਧੋ ਦਈਏ ਮਨ ਮੈਲੜੇ, ਜਿਹੜੇ ਹੋਏ ਪਲੀਤ।

ਪਹਿਲਾਂ ਘਰ ਤੋਂ ਆਪਣੇ, ਜੇ ਚਲਾਈਏ ਕਾਰ।

ਮੰਨੇ ਚੰਗੇ ਕਰਮ ਨੂੰ, ਇਹ ਸਾਰਾ ਸੰਸਾਰ।

### ਅੰਮ੍ਰਿਤ ਦੀ ਦਾਤ ਦੇਣੀ

ਵੇਚਣ ਲੋਹਾ ਕੱਪੜਾ, ਬਹਿ ਕੇ ਵਿੱਚ ਦੁਕਾਨ।

ਯੋਗ ਮੁਨਾਫ਼ਾ ਲੈ ਕੇ, ਚੰਗਾ ਦੇਣ ਸਮਾਨ।

ਓਸੇ 'ਚੋਂ ਪ੍ਰੀਵਾਰ ਦਾ, ਲੈਣ ਗੁਜ਼ਾਰਾ ਤੋਰ।

ਮੂਲ ਨਾ ਵਰਤਣ ਓਸ ਦਾ, ਚੜ੍ਹੇ ਚੜ੍ਹਾਵਾ ਹੋਰ।

ਜੋ ਵੀ ਮੱਥਾ ਟੇਕਦਾ, ਵਾਪਸ ਦੇਂਦੇ ਮੋੜ।

ਇੱਕ ਰੁਪਈਆ ਰੱਖਦੇ, ਵੇਖ ਸਮੇਂ ਦੀ ਲੋੜ।

ਲੰਗਰ ਅੰਦਰ ਪਾਉਣ ਉਹ, ਲੈ ਕੇ ਨਾਲ ਪਿਆਰ।

ਭੁੱਖਾ ਜਾਵੇ ਕੋਈ ਨਾ, ਆਵੇ ਮੰਜ਼ਲ ਮਾਰ।

ਅਮਰਦਾਸ ਗੁਰ ਸਾਜਿਆ, ਵੇਖੋ ਲੰਗਰ ਆਪ।

ਏਸੇ ਕਰਕੇ ਫੈਲਿਆ, ਚਹੁੰ ਕੁੰਟੀ ਪ੍ਰਤਾਪ।



. Sri Satguru Jagjit Singh Ji eLibrary NamdhariElibrary@gmail.com .

ਸਾਰੀ ਸੰਗਤ ਬੈਠ ਕੇ, ਪੰਗਤ ਅੰਦਰ ਜਾਣ।

ਛਕਣ ਬਿਨਾ ਉਹ ਵਿਤਕਰੇ, ਜਿੰਨਾ ਮਰਜ਼ੀ ਖਾਣ।

ਉਸਤਤ ਕਰਦੇ ਗੁਰਾਂ ਦੀ, ਉਹ ਦੋਵੇਂ ਹੱਥ ਜੋੜ।

ਸਤਿਗੁਰ ਦੇ ਦਰ ਆਣ ਕੇ, ਪੂਰੀ ਹੋਵੇ ਲੋੜ।

"ਭੂਖੇ ਭਗਤਿ ਨ ਕੀਜੈ, ਇਹ ਕਹਿ ਗਏ ਕਬੀਰ।

ਪੇਟ ਨਾ ਪਾਈਆਂ ਰੋਟੀਆਂ, ਦਿਲ ਹੋਵੇ ਦਿਲਗੀਰ।

ਭੈਣੀ ਵਾਲੇ ਸਾਜਿਆ, ਫਿਰ ਉਹੋ ਸੰਵਿਧਾਨ।

ਜੋ ਦਰ ਆਵੇ ਆਸ ਕਰ, ਵਰਤੇ ਇੱਕ ਸਮਾਨ।

ਲੰਗਰ ਪਹਿਲਾਂ ਸਾਜ ਕੇ, ਦੂਜਾ ਹੋਰ ਅਸੂਲ।

ਕਲਗੀਧਰ ਜੋ ਖੋਲ੍ਹਿਆ, ਸਿੱਖੀ ਲਈ ਸਕੂਲ।

ਫੀਸ ਤਾਰ ਕੇ ਸਿਰਾਂ ਦੀ, ਬਣੇ ਜਮਾਤੀ ਫੇਰ।

ਪਿੱਛੋਂ ਅੰਮ੍ਰਿਤ ਪੀ ਕੇ, ਗੀਦੀ ਹੋਣ ਸ਼ੇਰ।

ਕਿਰਤੀ ਕਾਮੇ ਵੈਸ਼ ਸਭ, ਕਰ ਦਿੱਤੇ ਸਰਦਾਰ।

ਜ਼ਬਰ ਜ਼ੁਲਮ ਨੂੰ ਰੋਕਣਾ, ਹੱਥ ਪਕੜ ਤਲਵਾਰ।

ਗੁਰਬਾਣੀ ਨੇ ਦੱਸਿਆ, ਇਹ ਜੀਵਨ ਦਾ ਢੰਗ।

ਦਿੱਤਿਆਂ ਬਾਝੋਂ ਖ਼ੂਨ ਨਾ, ਗੂਹੜੇ ਹੋਵਣ ਰੰਗ।

"ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ॥

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥"

ਮੜੀ ਮਸਾਣੀ ਪੂਜਣੋਂ, ਸਭ ਦਿੱਤੇ ਹਟਕਾ।

ਪੂਜਾ ਇੱਕ ਅਕਾਲ ਦੀ, ਕਹਿਣ ਕਰੋ ਚਿੱਤ ਲਾ।

ਕੀਤੀ ਭੈੜੀ ਬਲੀ ਦੀ, ਉਹਨਾਂ ਰੀਤੀ ਬੰਦ।

ਨਾਮ ਜਪਣ ਦੇ ਨਾਲ ਹੀ, ਹੋਵੇ ਸਦਾ ਅਨੰਦ।

ਜੂਠ ਝੂਠ  ਦੋਏ ਛੱਡ ਕੇ, ਵਹਿਮ ਭਰਮ ਸਭ ਤਿਆਗ।

ਜਨਮ ਜੰਜਾਲ ਤੋੜ ਕੇ, ਲਾ ਸਿੱਖੀ ਦੀ ਜਾਗ।

ਐਪਰ ਲੋਕਾਂ ਭੁੱਲਿਆਂ, ਕੀਤਾ ਬੰਦ ਸਕੂਲ।

ਦਿੱਤੇ ਜੋ ਦਸਮੇਸ਼ ਨੇ, ਬੈਠੇ ਛੱਡ ਅਸੂਲ।

ਮੜ੍ਹੀ ਮਸਾਣੀ ਪੂਜਦੇ, ਵਿੱਚ ਜਹਾਲਤ ਆ।

ਸਰਵਰ ਸਖੀ ਧਰੌਂਕਲੇ, ਬੱਕਰੇ ਦੇਂਦੇ ਜਾ।

ਅੰਨ੍ਹਾ ਰਾਜਾ ਹੋ ਗਿਆ, ਨਗਰ ਹੋਏ ਬੇ-ਦਾਦ।

ਸੁਣਦਾ ਨਹੀਂ ਗਰੀਬ ਦੀ, ਕੋਈ ਦਾਦ ਫ਼ਰਿਆਦ।

ਫੋਕਟ ਧਰਮਾਂ ਵਾਲੜੇ, ਸੁੱਟੀ ਬੈਠੇ ਜਾਲ।

ਮਤਲਬ ਕੱਢਣ ਆਪਣਾ, ਚੱਲਣ ਉਲਟੀ ਚਾਲ।

ਲੁੱਟਣ ਮਾਲ ਗਰੀਬ ਦਾ, ਬੈਠੇ ਐਸ਼ ਉਡਾਉਣ।

ਭਰਮਾਂ  ਵਿੱਚ ਭਰਮਾ ਕੇ, ਭੰਬਲਭੂਸੇ ਪਾਉਣ।

ਇਹ ਕਹਾਵਤ ਹੋ ਗਈ, ਚਰਚਾ ਦਾ ਆਧਾਰ।

'ਸੱਪੋਂ, ਸੀਹੋਂ, ਸੋਢੀਓਂ, ਬਖਸ਼ ਲਵੀਂ ਕਰਤਾਰ।'

ਫਿਰ ਸਿੱਖੀ ਦਸਮੇਸ਼ ਦੀ, ਕਰਨ ਲਈ ਸੁਰਜੀਤ।

ਅੰਮ੍ਰਿਤ ਆਪ ਛਕਾਉਣ ਦੀ, ਫੇਰ ਚਲਾਈ ਰੀਤ।

ਦਿਵਸ ਵੈਸਾਖੀ ਵਾਲੜਾ, ਸ਼ੁਭ ਦਿਹਾੜਾ ਜਾਣ।

ਉਨੀਂ ਸੌ ਤੇ ਚੌਧਵੀਂ, ਸੰਮਤ ਲਵੋ ਪਛਾਣ।

ਅਠਾਰਾਂ ਸੌ ਸਤਵੰਜਾ, ਸਮਝ ਈਸਵੀ ਸੰਨ।

ਲੱਗਾ ਕਾਂਗ ਵਿਕਾਰ ਨੂੰ, ਸਤਿਗੁਰ ਮਾਰਨ ਬੰਨ੍ਹ।

ਸਤਿਗੁਰ ਬਾਲਕ ਸਿੰਘ ਦਾ, ਉਹ ਪਾਵਨ ਉਪਦੇਸ਼।

ਰਹੇ ਮੂਰਤੀ ਮਾਨ ਉਹ, ਨਜ਼ਰਾਂ ਵਿੱਚ ਹਮੇਸ਼।

ਦੇਸ਼ ਕੌਮ ਦੀ ਦੁਰਦਸ਼ਾ, ਅੱਖੀਂ ਵੇਖੀ ਆਪ।

ਲਾਹੁਣ ਵਾਸਤੇ ਤੁਰ ਪਏ, ਕੌਮ ਸਿਰੋਂ ਸੰਤਾਪ।

ਸਭ ਤੋਂ ਪਹਿਲਾਂ ਆਪ ਜੀ, ਅੰਮ੍ਰਿਤ ਕਰ ਕੇ ਤਿਆਰ।

ਪੰਜ ਪਿਆਰੇ ਫੇਰ ਸਨ, ਸਾਜੇ ਨਿਸਚਾ ਧਾਰ।

ਪੰਜਾਂ ਤਾਈਂ ਛਕਾ ਕੇ, ਪਿੱਛੋਂ ਛਕਿਆ ਫੇਰ।

ਦਸਮ ਪਿਤਾ ਦੀ ਰੀਤ ਉਹ, ਵਾਂਗਰ ਸੋਨ ਸਵੇਰ।

ਕਾਹਨ ਸਿੰਘ ਨਿਹੰਗ ਨੂੰ, ਪਹਿਲਾਂ ਇੰਜ ਪਛਾਣ।

ਚੱਕ ਕਲਾਂ ਜੋ ਪਿੰਡ ਦਾ, ਬਖਸ਼ਣ ਬਹੁਤਾ ਮਾਣ।

ਸਤਿਗੁਰ ਜੀ ਦੇ ਨਾਲ ਹੀ, ਸਿੱਖ ਫੌਜ ਵਿਚਕਾਰ।

ਪਲਟਣ ਅੰਦਰ ਹੌਲਦਾਰ, ਨਾਲ ਗੁਰਾਂ ਦੇ ਪਿਆਰ।

ਮੁਦਕੀ ਵਾਲੀ ਜੰਗ ਤੋਂ, ਆਏ ਪਿੱਛੋਂ ਚੱਲ।

ਭੈਣੀ ਅੰਦਰ ਬੈਠ ਗਏ, ਸਤਿਗੁਰ ਦਾ ਦਰ ਮੱਲ।

ਅੰਮ੍ਰਿਤ ਛਕ ਕੇ ਪੰਥ ਦਾ, ਉੱਚਾ ਕੀਤਾ ਨਾਮ।

ਸਤਿਗੁਰ ਜੀ ਦੇ ਹੁਕਮ ਵਿੱਚ, ਬੀਤੀ ਉਮਰ ਤਮਾਮ।

ਦੂਜਾ ਰਾਗੀ ਲਾਭ ਸਿੰਘ, ਅੰਮ੍ਰਿਤਸਰ ਤੋਂ ਆ।

ਇਹ ਸੂਰਮਾ ਸਿੰਘ ਸੀ, ਬੈਠਾ ਸੀਸ ਨਿਵਾ।

ਰਾਗੀ ਬੜੇ ਕਮਾਲ ਦਾ, ਦਾਤੇ ਨਾਲ ਪਿਆਰ।

ਅੰਮ੍ਰਿਤ ਛਕ ਕੇ ਓਸ ਵੀ, ਲੀਤਾ ਜਨਮ ਸਵਾਰ।

ਆਲੋ ਮੁਹਾਰ ਪਿੰਡ ਸੀ, ਜ਼ਿਲ੍ਹਾ ਸਿਆਲਕੋਟ।

ਲਈ ਆਤਮਾ ਸਿੰਘ ਨੇ, ਸਤਿਗੁਰ ਵਾਲੀ ਓਟ।

ਮਨ ਦੀ ਸ਼ਾਂਤੀ ਭਾਲਦੇ, ਫਿਰਦੇ ਅੰਦਰ ਦੇਸ਼।

ਪੂਰੇ ਸਤਿਗੁਰ ਬਾਝ ਪਰ, ਕੱਟੇ ਕੌਣ ਕਲੇਸ਼।

ਪਿੱਛੋਂ ਭੈਣੀ ਸਾਹਿਬ ਆ, ਲੱਥਾ ਮਨ ਤੋਂ ਭਾਰ।

ਅੰਮ੍ਰਿਤ ਗੁਰਾਂ ਛਕਾ ਕੇ, ਕੀਤਾ ਬੇੜਾ ਪਾਰ।

ਸੰਤ ਆਤਮਾ ਸਿੰਘ ਜੀ, ਬਹੁਤ ਬੜੇ ਵਿਦਵਾਨ।

ਲੋਕੀਂ ਕਰਦੇ ਅੱਜ ਵੀ, ਯਾਦ ਨਾਲ ਸਨਮਾਨ।

ਚੌਥੇ ਨੈਣਾ ਸਿੰਘ ਜੀ, ਸੁਣ ਸਤਿਗੁਰ ਦੀ ਸੋਅ।

ਆਏ ਭੈਣੀ ਸਾਹਿਬ ਜਾਂ, ਗਏ ਗੁਰਾਂ ਦੇ ਹੋ।

ਅੰਮ੍ਰਿਤ ਛਕਿਆ ਆਪ ਜੀ, ਬਚਨ ਗੁਰਾਂ ਦਾ ਪਾਲ।

ਕੀਤਾ ਚੀਨੀ ਵਾਲੜੇ, ਨਦਰੀ ਨਦਰ ਨਿਹਾਲ।

ਅੰਮ੍ਰਿਤਸਰ ਦੇ ਜ਼ਿਲ੍ਹੇ ਦਾ, ਪਿੰਡ ਜਾਣ ਵਰਿਆਂਹ।

ਭਵ ਸਾਗਰ ਨੂੰ ਤਰੇ ਜੋ, ਪਕੜ ਗੁਰਾਂ ਦੀ ਬਾਂਹ।

ਪੰਜਵੇਂ ਬਾਬਾ ਸੁੱਧ ਸਿੰਘ, ਬਿਰਤੀ ਕੀਤੀ ਸ਼ੁੱਧ।

ਅੰਮ੍ਰਿਤ ਛਕ ਕੇ ਪਏ ਸਨ, ਧਰਮ ਯੁੱਧ ਵਿੱਚ ਕੁੱਦ।

ਇਹ ਦੁਰਗਾ ਪੁਰ ਪਿੰਡ ਦੇ, ਜਾਣ ਲਵੋ ਵਸਨੀਕ।

ਜ਼ਿਲ੍ਹਾ ਜਲੰਧਰ ਆਪ ਦਾ, ਲਿਖਿਆ ਕਰ ਵਸਨੀਕ।

ਬੰਨ੍ਹਣ ਬੇੜਾ ਸੱਚ ਦਾ, ਸਤਿਗੁਰ ਆਪ ਮਲਾਹ।

ਸਾਗਰ ਭਰਿਆ ਕੂੜ ਦਾ, ਪਾਰ ਕਰਨ ਅਸਗਾਹ।

ਸਿੱਖੀ ਜੋ ਦਸਮੇਸ਼ ਦੀ, ਵਿੱਚੋਂ ਕਹਿਣ ਵਿਸ਼ੇਸ਼।

ਲੱਭੇ ਢਾਈ ਸਿੱਖ ਹੀ, ਅੰਦਰ ਸਾਰੇ ਦੇਸ਼।

ਸਿੰਘ ਜਮੀਅਤ ਭਾਈ ਸੀ, ਕਾਹਨਾ ਕਾਛਾ ਗਰਾਮ।

ਕੀਤਾ ਜ਼ਿਲ੍ਹੇ ਲਾਹੌਰ ਦਾ, ਉਸਨੇ ਉੱਚਾ ਨਾਮ।

ਲਹਿਣਾ ਸਿੰਘ ਘਰਜਾਖ ਦਾ, ਗੁੱਜਰਾਂਵਾਲਾ ਸ਼ਹਿਰ।

ਜਿਸਦੇ ਹਿਰਦੇ ਉੱਠਦੀ, ਸਦਾ ਨਾਮ ਦੀ ਲਹਿਰ।

ਦਿਆ ਧਰਮ ਦੀ ਮੂਰਤੀ, ਇਸ ਦੀ ਭਲੀ ਪਛਾਣ।

ਨਲੂਏ ਹਰੀ ਸਿੰਘ ਦਾ, ਇਹ ਜਵਾਈ ਜਾਣ।

ਜੋ ਰਾਜੇ ਰਣਜੀਤ ਸਿੰਘ, ਵੇਲੇ ਅੰਦਰ ਰਾਜ।

ਸੈਨਾਪਤੀ ਫੌਜ ਦਾ, ਜਿਸ ਤੇ ਸਭ ਨੂੰ ਨਾਜ।

ਦੋਵੇਂ ਪੂਰਨ ਸਿੰਘ ਇਹ, ਆਖੇ ਵੇਖ ਵਿਸ਼ੇਸ਼।

ਨਾਮ ਖੁਮਾਰੀ ਜਿਨ੍ਹਾਂ ਨੂੰ, ਰਹਿੰਦੀ ਚੜ੍ਹੀ ਹਮੇਸ਼।

ਲੱਭੇ ਸਤਿਗੁਰ ਜੀ ਨੂੰ, ਪਹਿਲੇ ਪੂਰਨ ਸਿੱਖ।

ਪੂਰਨ ਗੁਰ ਮਰਿਯਾਦ ਵਿੱਚ, ਸੰਤਾਂ ਵਰਗੀ ਦਿੱਖ।

ਬਾਬਾ ਗਿੱਲ ਜਮੀਤ ਸਿੰਘ, ਜ਼ਿਲ੍ਹਾ ਸਿਆਲਕੋਟ।

ਪੱਕਾ ਬੜਾ ਅਸੂਲ ਦਾ, ਕਦੇ ਨਾ ਕਰੇ ਕਲੋਟ।

ਐਪਰ ਲੈਂਦਾ ਸੀ ਇਹ, ਲੋਕੀਂ ਕਹਿਣ ਵਿਆਜ।

ਅੱਧਾ ਪਹਿਲਾਂ ਵੇਖ ਕੇ, ਪੂਰਨ ਦਿੱਤਾ ਸਾਜ।

ਕੁੱਲ ਲੋਕਾਈ ਹੋਰ ਸੀ, ਸਿੱਖੀ ਭੁੱਲ ਭੁੱਲਾ।

ਅੰਦਰ ਅੰਧ ਗੁਬਾਰ ਦੇ, ਭਟਕ ਰਹੀ ਸੀ ਰਾਹ।

ਸੰਤ ਖਾਲਸਾ ਸਾਜ ਕੇ, ਨਾਦ ਇਲਾਹੀ ਫੂਕ।

ਮਾਰੀ ਦੇਸ਼ ਪਿਆਰ ਦੀ, ਰਲ ਸਭਨਾ ਨੇ ਕੂਕ।

ਕੂਕੇ ਆਖਣ ਲੱਗ ਪਏ, ਏਸੇ ਕਰਕੇ ਲੋਕ।

ਆਖਣ ਕੁੱਲ ਕੁਰੀਤੀਆਂ, ਤੇ ਲਾ ਦੇਣੀ ਰੋਕ।

ਨਾਮ ਜਪਾਵੋ ਤੇ ਜਪੋ, ਇਹ ਦਿੱਤਾ ਉਪਦੇਸ਼।

ਨਾਮਧਾਰੀਏ ਏਸ ਲਈ, ਹੋਇਆ ਨਾਮ ਵਿਸ਼ੇਸ਼।



Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਜੀ ਨੇ ਬੰਨ੍ਹਿਆ, ਮਰਿਯਾਦਾ ਸੰਵਿਧਾਨ।
ਭੁੱਲ ਗਏ ਸਨ ਲੋਕ ਜੋ, ਹੋ ਐਬੀਂ ਗਲਤਾਨ।
ਦਿੱਤੀ ਉਹ ਦਸਮੇਸ਼ ਦੀ, ਭੁੱਲ ਭੁਲਾ ਕੇ ਰੀਤ।
ਗੁਰਬਾਣੀ ਤੇ ਗੁਰੂ ਦੀ, ਛੱਡ ਬੈਠੇ ਪ੍ਰਤੀਤ।
ਹੋਰ ਸਤਿਗੁਰੂ ਰਾਮ ਸਿੰਘ, ਜੋੜੇ ਨਾਲ ਅਸੂਲ।
ਦੇਸੋਂ ਆਪ ਫਰੰਗੀਆਂ ਦੀ, ਪੁੱਟਣ ਲਈ ਮੂਲ।
ਸੱਚੇ ਸਤਿਗੁਰ ਇਸ ਤਰ੍ਹਾਂ, ਕਰਨ ਪਏ ਉਪਦੇਸ਼।
ਮਰਿਆਦਾ ਜੇ ਧਾਰੀਏ, ਕੱਟੇ ਜਾਣ ਕਲੇਸ਼।
ਨਾਲੇ ਜਾਵੇ ਸਾਜਿਆ, ਸੁਥਰਾ ਸਾਫ਼ ਸਮਾਜ।
ਨਾਲੇ ਭਾਰਤ ਵਰਸ਼ ਨੂੰ, ਲੈ ਦਈਏ ਸਵਰਾਜ।
ਸਦਾਚਾਰ ਦੀ ਲਾ ਕੇ, ਸਿੱਖ ਕੌਮ ਨੂੰ ਜਾਗ।
ਚੋਰੀ ਯਾਰੀ ਝੂਠ ਦਾ, ਆਖਣ ਕਰੋ ਤਿਆਗ।
ਜੂਆ, ਮੁੰਡਾ, ਵੇਸਵਾ, ਨਾਲੇ ਮਾਸ ਸ਼ਰਾਬ।
ਹਰਦੇ ਜੋਬਨ ਮਾਲ ਧਨ, ਖਾਨਾ ਕਰਨ ਖ਼ਰਾਬ।
ਕਦੇ ਕਿਸੇ ਤੋਂ ਭੁੱਲ ਕੇ, ਲੈਣਾ ਨਹੀਂ ਵਿਆਜ।
ਏਦਾਂ ਲਕਵੇ ਮਾਰਿਆ, ਰਹਿੰਦਾ ਸਦਾ ਸਮਾਜ।
ਜਿਣਸ ਸਵਾਈ ਡਿਓਢੀ, ਲੈ ਲੈਂਦੇ ਜੋ ਸ਼ਾਹ।
ਵਿੱਚ ਗਰੀਬੀ ਡੋਬ ਕੇ, ਕਰਨ ਸਮਾਜ ਤਬਾਹ।


Sri Satguru Jagjit Singh Ji eLibrary NamdhariElibrary@gmail.com

ਨਾਲ ਸੁਧਾਰਨ ਵਾਸਤੇ, ਕਹਿਣ ਸਮਾਜਕ ਪੱਖ।

ਪੱਲੇ ਕਦੇ ਕੁਰੀਤੀਆਂ, ਰਹਿਣ ਨਾ ਦੇਵਣ ਕੱਖ।

ਦੱਸਣ ਲੜਕੀ ਮਾਰਿਆਂ, ਹੁੰਦਾ ਬਹੁਤ ਅਜ਼ਾਬ।

ਵੱਟਾ ਕਰਨਾ, ਵੇਚਣਾ, ਇਹ ਵੀ ਕੰਮ ਖ਼ਰਾਬ।

ਏਦਾਂ ਮਿਲਦਾ ਵਰ ਨਾ, ਕਹਿਣ ਹਾਣ ਪ੍ਰਵਾਣ।

ਹੋ ਵਿਭਚਾਰਨ ਔਰਤਾਂ, ਘਰ ਨੂੰ ਨਰਕ ਬਣਾਣ।

ਕਾਜ ਅਨੈਤਕ ਹੋਣ ਜੇ, ਜਾਵੇ ਗਰਕ ਸਮਾਜ।

ਬੰਦ ਕਰਾਏ ਸਤਿਗੁਰਾਂ, ਭੈੜੇ ਰਸਮ ਰਿਵਾਜ।

ਰੀਤੀ ਬਾਲ ਵਿਆਹ ਦੀ, ਉੱਕਾ ਕਰ ਦਿਓ ਬੰਦ।

ਕੱਚੀ ਉਮਰਾ ਹੋਂਵਦੀ, ਵਾਂਗਰ ਕੱਚੀ ਤੰਦ।

ਬਾਲਾਂ ਉੱਤੇ ਜ਼ੁਲਮ ਹੈ, ਦਿਓ ਏਸ ਨੂੰ ਰੋਕ।

ਜੋ ਕੁਰਾਹੇ ਜਾ ਰਹੇ, ਵਰਜ ਦਿਓ ਸਭ ਲੋਕ।

ਪੰਦਰਾਂ ਸੋਲਾਂ ਸਾਲ ਤੋਂ, ਘੱਟ ਉਮਰ ਦਾ ਬਾਲ।

ਹੁੰਦਾ ਸ਼ਾਦੀ ਯੋਗ ਨਾ, ਸਾਰੇ ਕਰੋ ਖਿਆਲ।

ਰੀਤ ਗ੍ਰਿਹਸਥੀ ਧਰਮ ਦੀ, ਨਹੀਂ ਨਿਭਾਵਣ ਯੋਗ।

ਮਾਂ ਪਿਉ ਸੰਤਾਨ ਸਭ, ਸਦਾ ਸਹੇੜਨ ਰੋਗ।

ਮਾਲੀ ਚੰਗੇ ਸੂਝਵਾਨ, ਸਦਾ ਸਿਆਣੇ ਕਹਿਣ।

ਭੁੱਲ ਕੇ ਕੱਚੇ ਰੁੱਖ ਤੋਂ, ਫਲ ਕਦੇ ਨਾ ਲੈਣ।



. Sri Satguru Jagjit Singh Ji eLibrary NamdhariElibrary@gmail.com .

ਕੱਚੀਆਂ ਕਲੀਆਂ ਖੇੜੀਏ, ਜੇਕਰ ਧੱਕੇ ਨਾਲ।
ਖੁਸ਼ਬੂ ਕਦੇ ਨਾ ਆਂਵਦੀ, ਹੁੰਦਾ ਮੰਦਾ ਹਾਲ।
ਉਹਨਾਂ ਵਿਧਵਾ ਵਿਆਹ ਦੀ, ਮੁੜ ਚਲਾਈ ਰੀਤ।
ਕਿਉਂ ਪਵਿੱਤਰ ਔਰਤਾਂ, ਤਾਈਂ ਕਰੋ ਪਲੀਤ।
ਕੁਦਰਤ ਕੀਤਾ ਕਹਿਰ ਜੇ, ਇਹਨਾਂ ਦਾ ਕੀ ਦੋਸ਼।
ਕਿਉਂ ਆਖੋ ਬਦ ਸ਼ਗਨੀਆਂ, ਕਰੇ ਲੋਕਾਈ ਹੋਸ਼।
ਵਾਂਗ ਤੁਹਾਡੇ ਜੀਣ ਦਾ, ਇਹਨਾਂ ਨੂੰ ਵੀ ਹੱਕ।
ਬਿਨਾਂ ਗੁਨਾਹੋਂ ਕੈਦ ਕਿਉਂ, ਰੱਖੋ ਕਰੀ ਨਿਹੱਕ।
ਭੁੱਲ ਕੇ ਜਾਇਆ ਗਊ ਦਾ, ਖੱਸੀ ਨਾ ਕਰਵਾਣ।
ਲੱਗੇ ਗਊ ਗਰੀਬ ਦੇ, ਗਲ ਤੋਂ ਛੁਰੀ ਲਹਾਉਣ।
ਕੁਝ ਅਸੂਲ ਧਾਰਮਿਕ, ਥਾਪੇ ਨਾਲ ਦਲੀਲ।
ਰੱਖੋ ਉੱਚਾ ਆਚਰਣ, ਕਦੇ ਨਾ ਬਣੋ ਬਖੀਲ।
ਸਤਿਗੁਰ ਨਾਨਕ ਦੱਸਿਆ, ਸੋਹਣਾ ਸ਼ਬਦ ਉਚਾਰ।
"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥"
ਕਰਨਾ ਤੜਕੇ ਉੱਠ ਕੇ, ਸਣ ਕੇਸੀਂ ਇਸ਼ਨਾਨ।
ਜਪਣਾ ਨਾਮ ਅਕਾਲ ਦਾ, ਲਾ ਕੇ ਫੇਰ ਧਿਆਨ।
ਜਲ ਦਾ ਗੜਵਾ ਲੈ ਕੇ, ਪਹਿਲਾਂ ਜਾਓ ਮੈਦਾਨ।
ਦਾਤਣ ਕਰਨੀ ਆਣ ਕੇ, ਜੋ ਦੰਦਾਂ ਦੀ ਸ਼ਾਨ।

ਦੰਦ ਗਏ ਤਾਂ ਆਖਦੇ, ਨਾਲੇ ਗਿਆ ਸਵਾਦ।

ਨਿਹਮਤ ਸੱਚੇ ਸਾਹਿਬ ਦੀ, ਸਾਂਭੋ ਕਰਕੇ ਯਾਦ।

ਕਾਇਆ ਸੁਥਰੀ ਰੱਖੀਏ, ਮਨ ਤਨ ਭਏ ਅਰੋਗ।

ਰੋਗ ਨਾ ਨੇੜੇ ਢੁੱਕਦਾ, ਵਿਹੜੇ ਵੜੇ ਨਾ ਸੋਗ।

ਨਾਲ ਨਿਯਮ ਦੇ ਬੈਠ ਕੇ, ਬਾਣੀ ਪੜ੍ਹੀਏ ਫੇਰ।

ਰੌਸ਼ਨ ਕਰਦੀ ਆਤਮਾ, ਕਰਕੇ ਦੂਰ ਹਨੇਰ।

ਬਾਣੀ ਰਹਿੰਦੀ ਵਰਜਦੀ, ਲਾ ਲਾ ਚੋਭ ਗਿਆਨ।

ਬਾਣੀ ਦੇਵੇ ਜਾਣ ਨਾ, ਵਿਸ਼ਿਆ ਵੱਲ ਧਿਆਨ।

ਏਸੇ ਕਰਕੇ ਰੋਜ ਹੈ, ਗੁਰਬਾਣੀ ਦੀ ਲੋੜ।

ਵਾਗਾਂ ਰੱਖੇ ਕੱਸ ਕੇ, ਮਨ ਘੋੜਾ ਅਨਮੋੜ।

ਬਾਣੀ ਅੰਮ੍ਰਿਤ ਮਈ ਹੈ, ਪੜ੍ਹਿਆਂ ਆਏ ਸਵਾਦ।

ਕਰੋ ਜ਼ੁਬਾਨੀ ਹਰ ਕੋਈ, ਪੰਜ ਬਾਣੀਆਂ ਯਾਦ।

ਸ਼ਾਕਾਹਾਰੀ ਸ਼ੁੱਧ ਤੇ, ਸਾਦੀ ਖਾਓ ਖੁਰਾਕ।

ਮਨ ਪਾਪਾਂ ਤੋਂ ਵਰਜ ਕੇ, ਰਹੋ ਪਵਿੱਤਰ ਪਾਕ।

ਸਾਦਾ ਬਾਣਾ ਸਤਿਜੁਗੀ, ਪਹਿਰੋ ਉਜਲਾ ਵੇਸ।

ਗੁਰਮੁਖ ਵਾਂਗਰ ਦੇਵਤੇ, ਆਵਣ ਨਜ਼ਰ ਹਮੇਸ਼।

ਬੈਠੋ ਸਿਮਰਨ ਵਾਸਤੇ, ਆਸਣ ਹੇਠ ਵਿਛਾ।

ਚਿੱਟੀ ਮਾਲਾ ਉੱਨ ਦੀ, ਨਾਮ ਜਪੋ ਚਿੱਤ ਲਾ।



. Sri Satguru Jagjit Singh Ji eLibrary NamdhariElibrary@gmail.com .

ਸਦਾ ਨਿਮਰਤਾ ਪਾਲਣੀ, ਕਰਨਾ ਨੇਕ ਵਿਹਾਰ।

ਰਹਿਣਾ ਸਾਫ਼ ਸਵੱਛ ਹੀ, ਸੁੱਚ ਸੰਜਮ ਨੂੰ ਧਾਰ।

ਕਰਨਾ ਸਦਾ ਅਤਿਥੀ ਦਾ, ਯਥਾ ਯੋਗ ਸਤਿਕਾਰ।

ਜੀ ਆਇਆਂ ਨੂੰ ਆਖਣਾ, ਮਨੋਂ ਮਾਰ ਹੰਕਾਰ।

ਰੱਖਿਆ ਗਊ ਗਰੀਬ ਦੀ, ਸਮਝੋ ਫ਼ਰਜ਼ ਮਹਾਨ।

ਪਕੜ ਉਭਾਰੋ ਮਾੜਿਆਂ, ਦਿਓ ਦੀਨ ਨੂੰ ਦਾਨ।

ਕਲਗੀ ਵਾਲੇ ਖਾਲਸਾ, ਬਖਸ਼ੇ ਪੰਜ ਕਕਾਰ।

ਧਾਰਨ ਕਰਨੇ ਸਦਾ ਹੀ, ਰੱਖੋ ਸਾਂਭ ਸੁਆਰ।

ਓਸ ਵਕਤ ਅੰਗ੍ਰੇਜ਼ ਨੇ, ਉੱਤੇ ਹਰ ਹਥਿਆਰ।

ਲਾ ਪੂਰਨ ਪਾਬੰਦੀਆਂ, ਸਖਤੀ ਕਰੀ ਅਪਾਰ।

ਆਖਣ ਰੱਖੇ ਕੋਈ ਨਾ, ਖੰਡਾਂ ਜਾਂ ਕ੍ਰਿਪਾਨ।

ਗੈਰ ਕਾਨੂੰਨੀ ਹੋ ਗਿਆ, ਜੰਗੀ ਹੋਰ ਸਮਾਨ।

ਵੇਖ ਨਜ਼ਾਕਤ ਸਮੇਂ ਦੀ, ਸਤਿਗੁਰ ਦੀਨ ਦਿਆਲ।

ਸਭ ਨੂੰ ਏਦਾਂ ਆਖਿਆ, ਕਰਕੇ ਨੇਕ ਖਿਆਲ।

ਆਖਣ ਰੱਖੋ ਹੱਥ ਵਿੱਚ, ਸੰਮਾਂ ਵਾਲੀ ਡਾਂਗ।

ਜਾਂ ਛੋਟਾ ਜਿਹਾ ਸਫਾਜੰਗ, ਆਮ ਕਿਸਾਨਾਂ ਵਾਂਗ।

ਵਾਂਗ ਨਿਸ਼ਾਨੀ ਲਾ ਲਵੋ, ਕੰਘੇ ਤੇ ਕ੍ਰਿਪਾਨ।

ਰੱਖੀਏ ਸਦਾ ਸੰਭਾਲ ਕੇ, ਇਹ ਸਿੱਖੀ ਦੀ ਸ਼ਾਨ।

ਡਾਂਗਾਂ ਲੈ ਕੇ ਜੰਗ ਦਾ, ਕਰੋ ਸਭੀ ਅਭਿਆਸ।

ਕਰਦੇ ਗੁਪਤ ਤਿਆਰੀਆਂ, ਕੱਢੋ ਨਹੀਂ ਭੜਾਸ।

ਹਵਨ ਯੱਗ ਦੇ ਨਾਲ ਇਹ, ਹੋਏ ਪਵਿੱਤਰ ਪੌਣ।

ਅੰਨ ਧਨ ਬਰਸੇ ਲੱਛਮੀ, ਬੱਦਲ ਛਹਿਬਰ ਲਾਉਣ।

ਧਰਮ ਅਹਿੰਸਾ ਪਾਲਣਾ, ਕਰਕੇ ਬੜਾ ਖਿਆਲ।

ਪੰਛੀ ਪਸ਼ੂ ਮਾਸੂਮ ਦੀ, ਬਣ ਕੇ ਰਹਿਣਾ ਢਾਲ।

ਇਸ ਧਰਤੀ ਤੇ ਜੀਣ ਦਾ, ਸਭ ਜੀਵਾਂ ਨੂੰ ਹੱਕ।

ਸਾਰੇ ਸਿਰਜੇ ਓਸ ਨੇ, ਇਸ ਵਿੱਚ ਕਾਹਦਾ ਸ਼ੱਕ।

ਜੀਵਨ ਰੰਗਾਂ ਰੰਗ ਦਾ, ਧਰਤੀ ਦਾ ਸ਼ਿੰਗਾਰ।

ਕਿਉਂ ਸਵਾਰਥ ਵਾਸਤੇ, ਐਵੇਂ ਦਈਏ ਮਾਰ।

ਜਾਨ ਕਿਸੇ ਦੀ ਲੈਣ ਦਾ, ਨਾ ਸਾਨੂੰ ਕੋਈ ਹੱਕ।

ਮੈਲ ਮਨੀਂ ਪਾ ਕੂੜ ਦੀ, ਦਏ ਨਰਕ ਨੂੰ ਧੱਕ।

ਸੋਹਣਾ ਇਹ ਸੰਸਾਰ ਹੈ, ਨਾ ਪਾਓ ਪਏ ਬੋੜ।

ਉਹ ਜ਼ਾਲਮ ਅਖਵਾਂਵਦਾ, ਲਏ ਜੋ ਖ਼ੂਨ ਨਿਚੋੜ।

ਐ ਮਾਨਵ ਕਾਇਨਾਤ ਦਾ, ਤੈਨੂੰ ਕਰ ਸਰਦਾਰ।

ਓਸ ਬਣਾ ਕੇ ਘੱਲਿਆ, ਸਭ ਦਾ ਪਹਿਰੇਦਾਰ।

ਤੈਨੂੰ ਸਭ ਤੋਂ ਵੱਧ ਹੈ, ਬਖਸ਼ੀ ਅਕਲ ਬਿਬੇਕ।

ਹਰ ਬੰਦੇ ਦਾ ਫ਼ਰਜ਼ ਹੈ, ਸਦਾ ਕਹਾਵੇ ਨੇਕ।

ਤੈਨੂੰ ਕਾਦਰ ਸਾਜਿਆ, ਸਭ ਜੀਵਾਂ ਤੋਂ ਅੱਡ।

ਜੇ ਇਨਸਾਨ ਕਹਾਵਣਾ, ਪਸ਼ੂ ਬਿਰਤੀਆਂ ਛੱਡ।

## ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਜਾਣਾ

ਮਨ ਦੇ ਅੰਦਰ ਜਾਗਿਆ, ਮੁੜ ਕੇ ਆਣ ਵੈਰਾਗ।

ਦਰਸ਼ਨ ਪਰਸਣ ਵਾਸਤੇ, ਸਿੱਕ ਪਈ ਫਿਰ ਜਾਗ।

ਸਤਿਗੁਰੂ ਬਾਲਕ ਸਿੰਘ ਦੇ, ਪਹੁੰਚੇ ਜਾ ਕੇ ਪਾਸ।

ਜਿਹੜੇ ਹਜ਼ਰੋਂ ਸਾਹਿਬ ਦੇ, ਅੰਦਰ ਕਰਨ ਨਿਵਾਸ।

ਦਰਸ਼ਨ ਕੀਤੇ ਜਾ ਕੇ, ਲੈ ਸਾਥੀ ਕੁਝ ਸਾਥ।

ਹੋਏ ਬਹੁ ਪ੍ਰਸੰਨ ਸਨ, ਤੱਕ ਕੇ ਦੀਨਾ ਨਾਥ।

ਉਹਨਾਂ ਵਾਪਸ ਮੁੜਨ ਤੇ, ਕੀਤੀ ਖ਼ੂਬ ਤਾਗੀਦ।

ਖੁੱਲ੍ਹਾ ਛੱਟਾ ਨਾਮ ਦਾ, ਦੇਵੋ ਨਾਲ ਉਮੀਦ।

ਵਤਨ ਪ੍ਰਸਤੀ ਭਾਵਨਾ, ਸੁੱਤੀ ਦਿਓ ਜਗਾ।

ਵਿੱਚ ਸਮਾਜ ਕੁਰੀਤੀਆਂ, ਮਾਰੋ ਦੂਰ ਵਗਾਹ।

ਮਰਦੀ ਜਾਂਦੀ ਅਣਖ ਨੂੰ, ਜਾ ਕੇ ਫੂਕੋ ਜਾਨ।

ਦੇਸ਼ ਅਜ਼ਾਦੀ ਵਾਸਤੇ, ਤਾਂ ਹੋਵਣ ਕੁਰਬਾਨ।

ਭਟਕ ਰਹੇ ਜੋ ਭਾਰਤੀ, ਰਾਹੋਂ ਪਏ ਕੁਰਾਹ।

ਗਿਰ ਚੱਲੇ ਇਖਲਾਕ ਤੋਂ, ਹੋਇਆ ਸੱਚ ਸਵਾਹ।

ਸਮਝ ਸਮਾਜਕ ਪੱਖ ਤੋਂ, ਹਿੰਦੀ ਗਰਕੇ ਖੂਹ।

ਹੋ ਦੁਖੀ ਕੁਰਲਾਂਵਦੀ, ਭਾਰਤ ਮਾਂ ਦੀ ਰੂਹ।

ਵੜੀਆਂ ਆਣ ਕੁਰੀਤੀਆਂ, ਬੂਹੇ ਚੰਨੇ ਭੰਨ।

ਪੰਜੇ ਤਸਕਰ ਦਿਨੇ ਹੀ, ਲਾਉਂਦੇ ਫਿਰਦੇ ਸੰਨ੍ਹ।

ਸਿੱਖੀ ਗੋਬਿੰਦ ਗੁਰੂ ਦੀ, ਫੇਰ ਕਰੋ ਸੁਰਜੀਤ।

ਵਿਰਸਾ ਸਾਡਾ ਕੀਮਤੀ, ਮਨ ਹੋ ਜਾਏ ਅਤੀਤ।

ਓਥੋਂ ਵਾਪਸ ਤੋਰਿਆ, ਕਰਕੇ ਨੇਕ ਵੀਚਾਰ।

ਫੇਰ ਸਿਖਾਓ ਜਾ ਕੇ, ਭੁੱਲਿਆ ਚੱਜ ਅਚਾਰ।

ਮਾਈਆਂ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ

ਸਤਿਗੁਰ ਜੀ ਨੇ ਰਹਿਮ ਦੀ, ਮਾਰੀ ਨਜ਼ਰ ਚੁਫੇਰ।

ਡਿੱਠਾ ਔਰਤ ਜਾਤ ਦੇ, ਉੱਤੇ ਜ਼ੁਲਮ ਹਨੇਰ।

ਮਰਦਾਂ ਪਿੱਛੇ ਛੱਡਿਆ, ਨਾਰੀ ਤਾਈਂ ਧੱਕ।

ਨਹੀਂ ਸੀ ਔਰਤ ਜਾਤ ਨੂੰ, ਕੋਈ ਬਰਾਬਰ ਹੱਕ।

ਲੜਕੀ ਮਾਰਨ ਵੇਚ ਦੇਣ, ਵੱਟਾ ਕਰਨ ਕਰਾਉਣ।

ਭੇਡਾਂ ਵਾਗੂੰ ਔਰਤਾਂ, ਲੋਕ ਖਰੀਦ ਲਿਆਉਣ।

ਮੁਗਲ ਕਾਲ ਦੇ ਵਿੱਚ ਹੀ, ਡਰਦਾ ਹਾਰ ਸਮਾਜ।

ਔਰਤ ਢੱਕੀ ਪਰਦਿਆਂ, ਐਸਾ ਪਿਆ ਰਿਵਾਜ।

ਕਿਉਂਕਿ ਨਾਰਾਂ ਚੰਗੀਆਂ, ਲੈ ਜਰਵਾਣੇ ਜਾਣ।

ਜੀਵਨ ਪਈਆਂ ਔਰਤਾਂ, ਕੈਦੀ ਵਾਂਗ ਹੰਢਾਣ।

ਹੋਵਣ ਲੱਗੇ ਏਸ ਲਈ, ਏਥੇ ਬਾਲ ਵਿਆਹ।

ਲੜਕੀ ਨੂੰ ਪਰਨਾ ਕੇ, ਗਲੋਂ ਲੁਹਾਵਣ ਫਾਹ।

ਏਸੇ ਕਰਕੇ ਘੁੰਡ ਦਾ, ਪੈ ਗਿਆ ਗਲਤ ਰਿਵਾਜ।

ਰਹਿ ਗਈ ਔਰਤ ਮਰਦ ਦੀ, ਬੱਸ ਹੋ ਕੇ ਮੁਹਤਾਜ।

ਐਪਰ ਇੱਜ਼ਤ ਫੇਰ ਵੀ, ਰਹਿੰਦੀ ਨਾ ਮਹਿਫੂਜ਼।

ਅੰਦਰ ਰੱਖਣ ਡੱਕ ਕੇ, ਮਤ ਲੱਗੇ ਕੋਈ ਊਜ।

ਚੀਨੀ ਵਾਲੇ ਆਖਿਆ, ਦੇਵੋ ਬੰਧਨ ਕੱਟ।

ਨਾਰੀ ਉੱਤੋਂ ਲਾਹ ਦਿਓ, ਇਹ ਬੇਲੋੜੀ ਛੱਟ।

ਉਦੋਂ ਜਾਣ ਜਨਾਨੀਆਂ, ਬੁਜ਼ਦਿਲ ਹੋ ਕੇ ਜੀਣ।

ਵਿੱਚ ਮਨਾਂ ਦੇ ਵੱਸਦੀ, ਜਦੋਂ ਭਾਵਨਾ ਹੀਣ।

ਕਿੱਦਾਂ ਪੈਦਾ ਹੋਣਗੇ, ਸੂਰੇ ਮਰਦ ਦਲੇਰ।

ਜੀਵਨ ਜਦੋਂ ਜੀਉਂਦੀਆਂ, ਮਾਵਾਂ ਬਣ ਕੇ ਜੇਰ।

ਆਖਣ ਪਰਦਾ ਲਾਹ ਕੇ, ਦੇਵੋ ਖੌਫ਼ ਉਤਾਰ।

ਐਪਰ ਸ਼ਰਮ ਹਯਾ ਦਾ, ਨੈਣੀਂ ਕਰੋ ਸ਼ਿੰਗਾਰ।

ਮਰਦਾਂ ਦੇ ਸੰਗ ਉੱਠ ਕੇ, ਮੋਢਾ ਦੇਵੋ ਜੋੜ।

ਨਾਰਾਂ ਹੋਵਣ ਸ਼ੀਹਣੀਆਂ, ਅੱਜ ਸਮੇਂ ਦੀ ਲੋੜ।

ਵੇਸ ਕਰੋ ਨਾ ਰੰਗਲੇ, ਵਾਂਗਰ ਨਾਰ ਛਿਨਾਰ।

ਸਾਦਾ ਬਾਣਾ ਗੁਰਮੁਖੀ, ਪਹਿਰੋ ਚੂੜੀਦਾਰ।

ਮਾਨ ਜਪਾਵੋ ਤੇ ਜਪੋ, ਉੱਚਾ ਰੱਖ ਲਿਲਾਟ।

ਦੁਰਗਾ ਦੇਵੀ ਵਾਂਗਰਾਂ, ਧਾਰੋ ਰੂਪ ਵਿਰਾਟ।

ਮਰਨਾ ਸਿੱਖੋ ਜੀਣ ਲਈ, ਤਾਂ ਆਉਣਾ ਸਵਰਾਜ।

ਭਾਜੀ ਪਾਪੀ ਦੈਂਤ ਦੀ, ਮੋੜੋ ਸਣੇ ਵਿਆਜ।

ਭੁੱਲ ਕੇ ਇੱਜ਼ਤ ਆਬਰੂ, ਨੂੰ ਪਾਵੇ ਕੋਈ ਹੱਥ।

ਜ਼ਾਲਮ ਰਿੱਛ ਨਚਾ ਦਿਓ, ਨੱਕੀਂ ਪਾ ਕੇ ਨੱਥ।

ਇਹ ਦਿੱਤਾ ਉਪਦੇਸ਼ ਫਿਰ, ਕਰਕੇ ਲੰਮੀ ਬਾਂਹ।

ਸੁਧਾ ਛਕਣ ਲਈ ਨਾਰੀਆਂ,  ਰੱਖੋ ਕਦਮ ਅਗਾਂਹ।

ਆਖਣ ਸਾਰੇ ਲਾਹ ਕੇ, ਝੂਠੇ ਹਾਰ ਸ਼ਿੰਗਾਰ।

ਪਹਿਰੋ ਬਾਜਾਂ ਵਾਲੜੇ, ਬਖਸ਼ੇ ਪੰਜ ਕਕਾਰ।

ਸੁੱਟੋ ਮੈਲ ਪਰਾਂਦੀਆਂ, ਜੂੜਾ ਸਿਰ ਤੇ ਧਾਰ।

ਸੁੱਚ ਸੋਧ ਦੀ ਧਾਰਨੀ, ਸੁਘੜ ਸਿਆਣੀ ਨਾਰ।

ਮੜ੍ਹੀ ਮਸਾਣੀ ਪੂਜਣੀ, ਕਰਕੇ ਅੰਧ ਵਿਸ਼ਵਾਸ।

ਮਨੀਂ ਜਹਾਲਤ ਵੱਸਦੀ, ਅੰਨ ਧਨ ਹੋਵੇ ਨਾਸ਼।

ਛੱਡੋ ਭੈਰੋਂ ਭੂਤਨੇ, ਗੁੱਗੇ ਮੜ੍ਹੀਆਂ ਗੋਰ।

ਪੂਜੋ ਇੱਕ ਅਕਾਲ ਦੇ, ਬਾਝ ਕੋਈ ਨਾ ਹੋਰ।

ਪਾਂਧੇ ਰਾਵਲ ਜੋਤਸ਼ੀ, ਬੜੇ ਵਿਕਾਰੀ ਠੱਗ।

ਫਿਰਨ ਅਘੋਰੀ ਜਟਾਧਾਰ, ਠੱਗਣ ਖਾਤਰ ਜੱਗ।

ਨਾਮ ਜਪੋ ਬਾਣੀ ਪੜ੍ਹੋ, ਲੈ ਕਾਦਰ ਦੀ ਓਟ।

ਸਾਦਾ ਖਾਣਾ ਪਹਿਰਣਾ, ਕਦੇ ਨਾ ਆਵੇ ਤੋਟ।

ਦੂਰ ਵਗਾਓ ਲਾਹ ਕੇ, ਧਾਗੇ ਅਤੇ ਤਵੀਤ।

ਰੱਖੋ ਕੇਵਲ ਨਾਮ ਦੇ, ਉੱਤੇ ਹੀ ਪ੍ਰਤੀਤ।

ਕਿਹਾ ਕਰੋ ਨਾ ਭੁੱਲ ਕੇ, ਕਦੇ ਅਨੈਤਕ ਕਾਲ।

ਮਰਦਾਂ ਨੂੰ ਵਿਸ਼ਵਾਸ ਦਾ, ਸੋਹਣਾ ਪਾਤਰ ਸਾਜ।

ਰੱਖੋ ਸਦ ਪਤਨੀ ਪਤੀ, ਆਪਸ ਵਿੱਚ ਵਿਸ਼ਵਾਸ।

ਸ਼ੱਕ ਕਲਾ ਦਾ ਮੂਲ ਹੈ, ਕਰੇ ਸੁਖਾਂ ਦਾ ਨਾਸ।

ਮਿੱਠਾ ਬੋਲਣ ਨਿਮਰਤਾ, ਰੱਖੋ ਸਾਫ਼ ਵਿਹਾਰ।

ਝੂਠ ਬਖੀਲੀ ਨਿੰਦਿਆ, ਰਹਿਣ ਨਾ ਦੇਣ ਪਿਆਰ।

ਵਿੱਚ ਮਨਾਂ ਨਾ ਈਰਖਾ, ਕਦੇ ਜਮਾਵੇ ਪੈਰ।

ਖੁਸ਼ਹਾਲੀ ਦੇ ਨਾਲ ਹੈ, ਇਸਦਾ ਡਾਢਾ ਵੈਰ।

ਜਿਸ ਭਾਂਡੇ ਵਿੱਚ ਈਰਖਾ, ਡੇਰਾ ਲਵੇ ਜਮਾ।

ਹਰਕਤ ਬਰਕਤ ਓਸਦੀ, ਦੇਵੇ ਜਲਦ ਉਡਾ।

ਘਰ ਘਰ ਫਿਰਨਾ ਨਾਰ ਨੂੰ, ਦਏ ਨਾ ਸ਼ੋਭਾ ਮੂਲ।

ਔਰਤ ਤੋਂ ਦੇਵੀ ਬਣੋ, ਚੰਗੇ ਧਾਰ ਅਸੂਲ।

ਅਨਪੜ੍ਹ ਬੰਦਾ ਆਖਦੇ, ਹੋਏ ਜਿਉਂਦੀ ਲਾਸ਼।

ਮਨੋਂ ਜਹਾਲਤ ਕੱਢਦਾ, ਵਿਦਿਆ ਦਾ ਪ੍ਰਕਾਸ਼।

ਅੱਖਰ ਸਿਖੋ ਗੁਰਮੁਖੀ, ਬੁੱਢੇ ਨੱਢੇ ਬਾਲ।

ਲਾਹੋ ਪੈਰੋਂ ਬੇੜੀਆਂ, ਬਦਲ ਦਿਓ ਹੁਣ ਚਾਲ।

ਨਹੀਂ ਸੀ ਵਿਦਿਆ ਲੈਣ ਦਾ, ਔਰਤ ਨੂੰ ਅਧਿਕਾਰ।

ਮਰਦਾਂ ਜੁੱਤੀ ਪੈਰ ਦੀ, ਕਰਕੇ ਰੱਖੀ ਨਾਰ।

ਰੱਖੋ ਮਨੀਂ ਵਸਾ ਕੇ, ਬਾਣੀ ਦਾ ਫੁਰਮਾਨ।

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਏਥੇ ਪਿੰਡ ਸਿਆੜ੍ਹ ਵਿੱਚ, ਚੰਗਾ ਵਕਤ ਪਛਾਣ।

ਲੱਗੇ ਅੰਮ੍ਰਿਤ ਦਾਤ ਉਹ, ਮਾਈਆਂ ਨੂੰ ਵਰਤਾਣ।

ਕਰਕੇ ਆਓ ਆਖਿਆ, ਸਣ ਕੇਸੀਂ ਇਸ਼ਨਾਨ।

ਪਹਿਨ ਕਛਹਿਰੇ ਕਰ ਲਵੋ, ਸਿੱਖ ਰਹਿਤ ਪ੍ਰਵਾਨ।

ਇੱਕ ਪੌਂਚੇ ਨੂੰ ਲਾਹ ਕੇ, ਦੂਜਾ ਪਾਉਣਾ ਫੇਰ।

ਕਰਨ ਲਈ ਇਸ਼ਨਾਨ ਜਾਂ, ਉੱਠਣਾ ਤੜਕ ਸਵੇਰ।

ਇੱਕ ਜੂਨ ਤੇ ਸੰਨ ਸੀ, ਅਠਾਰਾਂ ਸੌ ਤਰੇਹਟ।

ਉੱਨੀ ਸੌ ਵੀਹ ਬਿਕਰਮੀ, ਜਾਣ ਮਹੀਨਾ ਜੇਠ।

ਪੂਰਨਮਾਸ਼ੀ ਓਸ ਦਿਨ, ਸੋਮਵਾਰ ਦਾ ਵਾਰ।

ਦੇ ਕੇ ਅੰਮ੍ਰਿਤ ਦਾਤ ਗੁਰ, ਦਿੱਤਾ ਜਨਮ ਸਵਾਰ।

ਬੀਬੀ ਕਰਮ ਕੌਰ ਸੀ, ਗੁੱਜਰਵਾਲ ਗ੍ਰਾਮ।

ਮਾਲਾ ਪਕੜ ਅਠੋਤਰੀ, ਜਪੇ ਹਮੇਸ਼ਾਂ ਨਾਮ।

ਦਇਆ ਕੌਰ* ਤੇ ਉੱਤਮੀ, ਦੇਸ ਰਾਜ ਦਾ ਚੱਕ#।

ਤਿੰਨਾਂ ਅੱਗੇ ਹੋ ਕੇ, ਕੀਤੀ ਅਰਜ਼ ਨਿਝੱਕ।

ਆਖਣ ਸੱਚੇ ਪਾਤਸ਼ਾਹ, ਦੇਵੋ ਬੰਧਨ ਕੱਟ।

ਖੋਹਲੋ ਮਾਈਆਂ ਵਾਸਤੇ, ਵੀ ਅੰਮ੍ਰਿਤ ਹੱਟ।

ਇਹਨਾਂ ਕੀਤੀ ਬੇਨਤੀ, ਜੋ ਹੋਈ ਪ੍ਰਵਾਨ।

ਸਤਿਗੁਰੂ ਜੀ ਤੋਂ ਬੀਬੀਆਂ, ਅੰਮ੍ਰਿਤ ਕੀਤਾ ਪਾਨ।

ਇਸ ਤੋਂ ਪਹਿਲਾਂ ਚੱਲਦੀ, ਨਾ ਸੀ ਏਸੇ ਭਾਤ।

ਕੇਵਲ ਮਰਦਾਂ ਵਾਸਤੇ, ਸੀ ਅੰਮ੍ਰਿਤ ਦੀ ਦਾਤ।

ਸ੍ਰੀ ਗੁਰੂ ਗੋਬਿੰਦ ਸਿੰਘ, ਚਾੜ੍ਹ ਅਣਖ ਦੀ ਪਾਣ।

ਕੀਤੀ ਅੰਮ੍ਰਿਤ ਦਾਤ ਸੀ, ਮਰਦਾਂ ਲਈ ਪ੍ਰਵਾਨ।

ਕੱਢਣ ਖਾਤਰ ਮਨਾਂ ’ਚੋਂ, ਉਹਨਾਂ ਡਰੂ ਵੀਚਾਰ।

ਦਾਤ ਅਮੁੱਲੀ ਬਖਸ਼ ਕੇ, ਲੀਤਾ ਆਪ ਉਭਾਰ।

ਹੀਣ ਭਾਵਨਾ ਆਖਿਆ, ਦੇਵੋ ਤੁਸੀਂ ਤਿਆਗ।

ਉੱਠੋ ਬਣ ਕੇ ਸ਼ੀਹਣੀਆਂ, ਪਕੜ ਸਮੇਂ ਦੀ ਵਾਗ।

ਅਵੇਗਾ ਸਵਰਾਜ ਤਾਂ, ਜੇ ਰਲ ਕੇ ਨਰ ਨਾਰ।

ਨੱਠਣ ਸ਼ੇਰਾਂ ਵਾਂਗਰਾਂ, ਉੱਠਣ ਹੰਭਲਾ ਮਾਰ।

ਜਿਓਂ ਸਾਗਰ ਦੀ ਹਿੱਕ ਤੇ, ਵਧਦੀ ਜਾਵੇ ਲਹਿਰ।

ਬਿਨਾ ਕਿਨਾਰੇ ਰੁਕੇ ਨਾ, ਪਾਰ ਕਰੇ ਸਭ ਬਹਿਰ।

ਲੱਗੀ ਦੇਸ਼ ਪ੍ਰੇਮ ਦੀ, ਜਿਨ੍ਹਾਂ ਦੇ ਮਨ ਚਾਟ।

ਤੁਰਨਾ ਵੱਲ ਸਲੀਬ ਦੇ, ਜਾਨਣ ਸੁਥਰੀ ਵਾਟ।

* ਦਇਆ ਕੌਰ ਸਤਿਗੁਰੂ ਜੀ ਦੀ ਛੋਟੀ ਪੁੱਤਰੀ।

# ਅੰਨ੍ਹਿਆਂ ਦਾ ਚੱਕ ਵੀ ਕਹਿੰਦੇ ਸਨ।

## ਅੰਮ੍ਰਿਤਸਰ ਦੀ ਵੈਸਾਖੀ

ਪਹੁੰਚੇ ਅੰਮ੍ਰਿਤਸਰ ਸਨ, ਲੈ ਸੇਵਕ ਪ੍ਰਮੁੱਖ।

ਟਾਹਣ ਖਿਲਾਰਨ ਲੱਗਿਆ, ਵੇਖੋ ਧਰਮੀ ਰੁੱਖ।

ਅਠਾਰਾਂ ਸੌ ਤ੍ਰੇਹਠ ਦੀ, ਸੀ ਗਿਆਰਾਂ ਅਪ੍ਰੈਲ।

ਆਏ ਅੰਮ੍ਰਿਤਸਰ ਨੂੰ, ਕੂਕੇ ਪਾਉਂਦੇ ਪੈਲ।

ਕਥਾ ਕੀਰਤਨ ਬੰਦਗੀ, ਮਰਿਆਦਾ ਅਨੁਸਾਰ।

ਲਾਉਣ ਦੀਵਾਨ ਰਸ ਭਰੇ, ਸੁਣਨ ਮਸਤ ਨਰ ਨਾਰ।

ਲਾਰਡ ਫੇਰ ਪੰਜਾਬ ਦੇ, ਕਰਨ ਲਈ ਤਫਤੀਸ਼।

ਡਿਪਟੀ ਇੰਸਪੈਕਟਰ, ਜਨਰਲ ਜਾਣ ਪੁਲੀਸ।



Sri Satguru Jagjit Singh Ji eLibrary NamdhariElibrary@gmail.com

ਮੇਜਰ ਮਰਸਰ ਸਾਹਿਬ, ਨੂੰ ਸੌਂਪੇ ਸਾਰੇ ਕਾਜ।

ਆਖੇ ਨਾਮਧਾਰੀਆਂ, ਵਾਲੇ ਖੋਹਲੋ ਰਾਜ।

ਐਪਰ ਮਰਸਰ ਸਾਹਿਬ ਨੂੰ, ਲੱਗਾ ਸ਼ਾਂਤ ਮਹੌਲ।

ਬਾਗੀਆਨਾ ਪੇਚ ਉਹ, ਸੱਕਿਆ ਨਹੀਂ ਫਰੋਲ।

ਉਹਨੂੰ ਸਾਰਾ ਜਾਪਿਆ, ਕਾਰਜ ਅਮਨ ਪਸੰਦ।

ਨਹੀਂ ਬਹਾਨਾ ਲੱਭਿਆ, ਉਹਨੂੰ ਮਾਤਰ ਤੰਦ।

ਫਿਰ ਵੀ ਵੇਖ ਇਕੱਠ ਉਹ, ਬਹੁ ਹੋਇਆ ਭੈ ਮਾਨ।

ਲਾਏ ਉਹਨੇ ਗੁਪਤਚਰ, ਰੱਖਣ ਲਈ ਧਿਆਨ।

ਜਥੇਬੰਦੀਆਂ ਹੋਣ ਜੇ, ਰਾਜ ਵਿੱਚ ਪਰਪੱਕ।

ਬਸਤੀਵਾਦੀ ਰੁੱਖ ਦਾ ਸਮਝੋ, ਲਹਿ ਗਿਆ ਸੱਕ।

ਭਾਵੇਂ ਵਿੱਚ ਵਿਦਰੋਹ ਦੀ, ਜਰਾ ਨਾ ਆਈ ਗੰਧ।

ਫਿਰ ਵੀ ਚਾਹੇ ਰੋਕਣਾ, ਲਾ ਕੇ ਸਾਰੇ ਫੰਧ।

ਸੋਚੇ ਗੋਰਾ ਤੋੜੀਏ, ਇਹਦਾ ਘੁੰਮਣ ਘੇਰ।

ਸਿਰਦਰਦੀ ਸਰਕਾਰ ਦੀ, ਮਤੇ ਬਣੇ ਇਹ ਫੇਰ।

ਏਸ ਲਈ ਅੰਗ੍ਰੇਜ਼ ਸੀ, ਹੋ ਕੇ ਬੜਾ ਸੁਚੇਤ।

ਫਿਰਦਾ ਜੂਹਾਂ ਸੁੰਘਦਾ, ਅਤੇ ਟੋਲਦਾ ਭੇਤ।

## ਅਨੰਦ ਮਰਿਆਦਾ ਅਰੰਭਣੀ

ਧੂੜਕੋਟ ਨੂੰ ਤੁਰੇ ਜਾਂ, ਠਹਿਰੇ ਆਣ ਸਿਆੜ੍ਹ।
ਹੋਈ ਅਖੀਰ ਜੇਠ ਦੀ, ਅੱਗੇ ਆਉਂਦਾ ਹਾੜ੍ਹ।
ਏਥੇ ਆਖਣ ਤੋਰਨੀ, ਰੀਤ ਨਹੀਂ ਸਵਛੰਦ।
ਬੇਟੀ ਜੋਗਾ ਸਿੰਘ ਦੀ, ਜਿਸ ਦਾ ਕਾਜ ਅਨੰਦ।
ਐਪਰ ਏਥੇ ਵਾਪਰੀ, ਘਟਨਾ ਇੱਕ ਅਚੇਤ।
ਖੋਹਲ ਰਹੀ ਅਗਿਆਨਤਾ, ਵਾਲੇ ਜਿਹੜੀ ਭੇਤ।
ਏਥੇ ਸਤਿਗੁਰ ਜੀ ਜਾਂ, ਮਾਰਨ ਗਏ ਮੈਦਾਨ।
ਜਲ ਮੰਗਵਾਇਆ ਸਤਿਗੁਰਾਂ, ਛੱਪੜ ਵੱਡਾ ਜਾਣ।
ਗਿਆ ਖੁਸ਼ਾਲ ਸਿੰਘ ਜਾਂ, ਵਾਪਸ ਪਰਤ ਅਦੇਰ।
ਆਖੇ ਆ ਕੇ ਗੁਰੂ ਜੀ, ਡਿੱਠਾ ਬੜਾ ਹਨੇਰ।
ਨਗਨ ਨਹਾਉਣ ਜਨਾਨੀਆਂ, ਬਹਿ ਛੱਪੜ ਦੇ ਕੋਲ।
ਜਲ ਲਿਆਵਾਂ ਕਿੰਜ ਮੈਂ, ਆਖਣ ਲੱਗਾ ਬੋਲ।
ਸੁਣ ਕੇ ਸੱਚੇ ਪਾਤਸ਼ਾਹ, ਹੋਏ ਬਹੁਤ ਹੈਰਾਨ।
ਸੋਚਣ ਲੱਗੇ ਇਸ ਤਰ੍ਹਾਂ, ਘਟੇ ਮਨੁੱਖੀ ਸ਼ਾਨ।
ਉਸ ਨੂੰ ਆਖਣ ਇਸ ਤਰ੍ਹਾਂ, ਮੂੰਹ ਤੇ ਕੱਪੜਾ ਪਾ।
ਜਲ ਲੈ ਆਵੋ ਜਾ ਕੇ, ਰੱਖੋ ਸ਼ਰਮ ਹਯਾ।

ਹੀਲਾ ਕਰੀਏ ਹੋਰ ਜਾਂ, ਦਈਏ ਇਹਨੂੰ ਰੋਕ।

ਛੱਡਣ ਬੁਰੀਆਂ ਆਦਤਾਂ, ਇਹ ਅਗਿਆਨੀ ਲੋਕ।

ਨਗਨ ਨਹਾਇਆਂ ਹੋਂਵਦਾ, ਜਲ ਦਾ ਵੀ ਅਪਮਾਨ।

ਜਲ ਹੀ ਜੀਵਨ ਜਗਤ ਦਾ, ਇਹ ਹੈ ਦੇਵ ਸਮਾਨ।

ਕੋਲੋਂ ਕਿਹਾ ਗਿਆਨ ਸਿੰਘ, ਲਿਖਿਆ ਬਿਸ਼ਨ ਪੁਰਾਣ।

ਪਰਨਾ ਢਾਈ ਹੱਥ ਦਾ, ਸਦਾ ਪਹਿਰ ਕੇ ਨਾਣੁ।

ਨਗਨ ਨਹਾਵਣ ਗੋਪੀਆਂ, ਤੱਕਿਆ ਕ੍ਰਿਸ਼ਨ ਮੁਰਾਰ।

ਕੀਤੀ ਖ਼ੂਬ ਹਿਦਾਇਤ ਸੀ, ਨਾਲ ਤਰਕ ਤਕਰਾਰ।

ਐਪਰ ਵਿੱਚ ਅਸ਼ਲੀਲਤਾ, ਲਿਖਣ ਵਾਲਿਆਂ ਜੋੜ।

ਅਸਲੀ ਬਾਤ ਵਿਗਾੜ ਕੇ, ਦਿੱਤੀ ਤੋੜ ਮਰੋੜ।

ਬਾਬਾ ਲੱਖਾ ਸਿੰਘ ਜੀ, ਆਖਣ ਸੋਚ ਵੀਚਾਰ।

ਦਾਤਾ ਕਾਜ ਸਵਾਰੀਏ, ਵੇਲਾ ਸੂਤਰ ਧਾਰ।

ਅੰਮ੍ਰਿਤ ਖੰਡੇ ਧਾਰ ਦਾ, ਨਾਲੇ ਪੰਜ ਕਕਾਰ।

ਮਾਈਆਂ ਨੂੰ ਪ੍ਰਦਾਨ ਕਰ, ਦੇਵੋ ਜਨਮ ਸਵਾਰ।

ਪਹਿਲਾਂ ਵਿੱਚ ਸਿਆੜ੍ਹ ਦੇ, ਦੇ ਮਾਈਆਂ ਨੂੰ ਦਾਤ।

ਚੱਲੇ ਧੂੜਕੋਟ ਨੂੰ, ਵੰਡਣ ਹੋਰ ਸੁਗਾਤ।

---o---



. Sri Satguru Jagjit Singh Ji eLibrary NamdhariElibrary@gmail.com .

ਕਰਨਾ ਕਾਰਜ ਏਸ ਥਾਂ, ਐਪਰ ਸਮਾਂ ਵੀਚਾਰ।

ਆਏ ਖੋਟੇ ਪਿੰਡ ਨੂੰ, ਨਿਹਮਤ ਬਖਸ਼ਣਹਾਰ।

ਮਰਿਆਦਾ ਅੱਜ ਨਵੀਂ ਹੈ, ਕਰਨੀ ਕਹਿਣ ਅਰੰਭ।

ਦੇਣੇ ਜੋੜ ਸਮਾਜ ਦੇ, ਟੁੱਟੇ ਹੋਏ ਖੰਭ।

ਕੇਵਲ ਜੋਗਾ ਸਿੰਘ ਦਾ, ਇੱਕੋ ਇੱਕ ਪ੍ਰੀਵਾਰ।

ਹੋਰ ਨਾ ਨਾਮਧਾਰੀਏ, ਉਹਦੇ ਪਿੰਡ ਵਿਚਕਾਰ।

ਏਸੇ ਕਰਕੇ ਆ ਗਏ, ਏਥੋਂ ਖੋਟੇ ਚੱਲ।

ਦੋਖੀ ਕਰਨ ਫਸਾਦ ਜੇ, ਵਿਗੜ ਨਾ ਜਾਵੇ ਗੱਲ।

ਕਰਨ ਬ੍ਰਾਹਮਣ ਸ਼ਾਦੀਆਂ, ਪਹਿਲਾਂ ਵਿੱਚ ਪੰਜਾਬ।

ਉਹਨਾਂ ਡਿੱਠਾ ਆਪਣਾ, ਹੁੰਦਾ ਕੰਮ ਖ਼ਰਾਬ।

ਹੋਏ ਇਕੱਠੇ ਆਣ ਕੇ, ਪਏ ਡਰਾਵੇ ਪਾਣ।

ਹੋਣ ਨਾ ਦੇਣਾ ਕਾਜ ਇਹ, ਅੱਖਣ ਲੱਗੇ ਆਣ।

ਰੀਤੀ ਤੋੜੋ ਤੁਸੀਂ ਜੇ, ਇੱਕ ਚਿਖਾ ਬਣਵਾ।

ਸਾਰੇ ਸੜ ਕੇ ਮਰਾਂਗੇ, ਜਿੰਮੇ ਤੇਰੇ ਲਾ।

ਓਥੋਂ ਵੇਖ ਵਿਰੋਧਤਾ ਖੋਟੀਂ ਆਏ ਚੱਲ।

ਬਹੁ ਗਿਣਤੀ ਦੇ ਲੋਕ ਇਹ, ਮਤੇ ਖਿਲਾਰਨ ਝੱਲ।

ਐਪਰ ਏਥੇ ਬਾਹਮਣਾਂ, ਪਾਇਆ ਫੇਰ ਕਲੇਸ਼।

ਦੇਣ ਡਰਾਵੇ ਰਾਜ ਦੇ, ਅੰਦਰ ਧਾਰ ਦਵੇਸ਼।

ਉਨੀਂ ਸੌ ਵੀਹ ਬਿਕਰਮੀ, ਤਿੰਨ ਜੂਨ ਵਿਚਕਾਰ।

ਉਨੀਂ ਸੌ ਤਰੇਹਠ ਸੰਨ, ਸੋਮਵਾਰ ਦਾ ਵਾਰ।

ਏਥੇ ਆ ਫਿਰ ਆਖਦੇ, ਹੋਣ ਨਾ ਦੇਣੀ ਕਾਰ।

ਵੱਡੀ ਚਿਖਾ ਚਿਣਾ ਕੇ, ਬੈਠੇ ਰੋਸਾ ਧਾਰ।

ਕਾਜ ਵਿਗਾੜੋ ਅਸਾਂ ਦਾ, ਕਰੀਏ ਆਤਮਘਾਤ।

ਚੜ੍ਹ ਚਿਖਾ ਤੇ ਸੜਾਂਗੇ, ਜੇ ਮੰਨੋ ਨਾ ਬਾਤ।

ਸਤਿਗੁਰ ਜੀ ਨੇ ਆਖਿਆ, ਦੇ ਕੇ ਬੜਾ ਸਰਾਪ।

ਜੇ ਨਾ ਡਿੱਗਣ ਚਿਖਾ ਵਿੱਚ, ਫੜ੍ਹ ਫੜ੍ਹ ਸੁੱਟੋ ਆਪ।

ਡਰਦੇ ਮਾਰੇ ਬਾਤ ਸੁਣ, ਪੰਡਤ ਚੱਲੇ ਦੌੜ।

ਆਖਣ ਕੀਤਾ ਏਸ ਨੇ, ਸਾਡਾ ਝੁੱਗਾ ਚੌੜ।

ਫੜ੍ਹ ਹੱਥਾਂ ਵਿੱਚ ਧੋਤੀਆਂ, ਭੱਜੇ ਨੰਗੇ ਪੈਰ।

ਹਿੱਲਣ ਸਿਰ ਤੇ ਬੋਦੀਆਂ, ਤਪਦੀ ਕਹਿਰ ਦੁਪਹਿਰ।

ਖਾ ਖਾ ਸਨ ਜੋ ਆਫ਼ਰੇ, ਹਿੱਲਣ ਭਾਰੇ ਪੇਟ।

ਸਾਹ ਨਾ ਆਵੇ ਸ਼ੁਕਦੇ, ਪੁੱਛ ਅਵੱਲਾ ਰੇਟ।

ਫਿਰ ਨਾ ਪਿੱਛੇ ਭੌਂ ਕੇ, ਉਹਨਾਂ ਡਿੱਠਾ ਮੂਲ।

ਪਰ ਨਾ ਭੱਜਣ ਜਾਣਦੇ, ਬੜੇ ਸਰੀਰ ਸਥੂਲ।

ਵਿਹਲੜ ਝੋਟੇ ਪਲੇ ਉਹ, ਕਦੇ ਨਾ ਕੀਤੀ ਕਾਰ।

ਬਿਪਤਾ ਕਿਵੇਂ ਨਜਿੱਠਣੀ, ਨਾ ਉਹਨਾਂ ਨੂੰ ਸਾਰ।



Sri Satguru Jagjit Singh Ji eLibrary NamdhariElibrary@gmail.com

ਉਹ ਤਾਂ ਕੇਵਲ ਜਾਣਦੇ, ਖਾਣਾ ਖੀਰ ਕੜਾਹ।

ਗੱਲਾਂ ਬਾਤਾਂ ਨਾਲ ਹੀ, ਕਰਦੇ ਦੁੱਖ ਸਵਾਹ।

ਲੁੱਟਣ ਮਾਲ ਹਰਾਮ ਦਾ, ਮਾਰ ਮਾਰ ਕੇ ਕੂੜ।

ਫਿਰਦੇ ਘਰ ਘਰ ਗਹਿਕਦੇ, ਪਏ ਕਰਾਉਂਦੇ ਸੂੜ੍ਹ।

ਲੋਕਾਂ ਨੂੰ ਅਗਿਆਨਤਾ, ਵਾਲੇ ਟੋਏ ਸੁੱਟ।

ਉੱਤੇ ਭਰਮਾਂ ਵਾਲੜੀ, ਮਿੱਟੀ ਪਾਉਂਦੇ ਪੁੱਟ।

ਭੱਜ ਭੱਜ ਡਿੱਗ ਡਿੱਗ ਉੱਠਦੇ ਨਾਨੀ ਆਈ ਯਾਦ।

ਖੱਖਰ ਖਹੀਆ ਛੇੜ ਕੇ, ਚੰਗਾ ਲਿਆ ਸਵਾਦ।

---o---

ਲਾਵਾਂ ਆਦਿ ਗ੍ਰੰਥ ’ਚੋਂ, ਕਰ ਕੇ ਸੁਹਣਾ ਪਾਠ।

ਪਹਿਲਾਂ ਵੇਦੀ ਗੱਡ ਕੇ, ਬਾਲ ਹਵਨ ਦੀ ਲਾਟ।

ਪੜ੍ਹ ਓਥੇ ਪੰਜ ਬਾਣੀਆਂ, ਹਵਨ ਕਰਾਇਆ ਫੇਰ।

ਦੇਸੀ ਘਿਓ ਸਮਗਰੀ, ਪਾ ਸੁਗੰਧ ਬਖੇਰ।

ਜਪੁ ਜਾਪ ਤੇ ਚੌਪਈ, ਉਸਤਤ ਨਾਲ ਅਕਾਲ।

ਚੰਡੀ ਚਰਿਤ੍ਰ ਦੂਸਰਾ, ਪੜ੍ਹਿਆ ਸ਼ਰਧਾ ਨਾਲ।

ਛੇ ਅਨੰਦ ਪੜ੍ਹਾ ਕੇ, ਸੋਧ ਲਈ ਅਰਦਾਸ।

ਦੇ ਪਿੱਛੋਂ ਸ਼ੁਭ ਸਿਖਿਆ, ਮੇਟੇ ਕੁੱਲ ਤਰਾਸ।



. Sri Satguru Jagjit Singh Ji eLibrary NamdhariElibrary@gmail.com .

ਅੰਤਰਜਾਤੀ ਸ਼ਾਦੀਆਂ, ਕਰ ਕੇ ਪਹਿਲੀ ਵਾਰ।

ਰੀਤਾਂ ਤੋੜ ਪੁਰਾਣੀਆਂ, ਨਵੀਂ ਚਲਾਈ ਕਾਰ।

ਰੀਤੀ ਦਾਜ ਦਹੇਜ ਦੀ, ਉੱਕਾ ਕੀਤੀ ਬੰਦ।

ਸਵਾ ਰੁਪਈਏ ਵਿੱਚ ਹੀ, ਕੀਤੇ ਕਾਜ ਅਨੰਦ।

ਪਾਇਆ ਲੋਟੂ ਪਾਂਡਿਆਂ, ਜੋ ਭਰਮਾਂ ਦਾ ਜਾਲ।

ਤੋੜ ਵਗਾਹਿਆ ਦੂਰ ਉਹ, ਲੋਕ ਹੋਏ ਖੁਸ਼ਹਾਲ।

ਸਾਹ ਸੁਖਾਲਾ ਹੋ ਗਿਆ, ਵੇਖ ਸੁਖਾਲੀ ਰੀਤ।

ਕਿਉਂ ਨਾ ਸਤਿਗੁਰ ਨਾਲ, ਫਿਰ ਕਰਦੇ ਲੋਕ ਪ੍ਰੀਤ।

ਚੁੱਕ ਚੁੱਕ ਕਰਜ਼ੇ ਸਿਰੀਂ ਜੋ, ਲੈਂਦੇ ਕਾਜ ਸਵਾਰ।

ਉਮਰਾਂ ਤੀਕਰ ਫੇਰ ਨਾ, ਸੱਕਣ ਕਦੇ ਉਤਾਰ।

ਚਿੱਕੜ ਵਿੱਚ ਵਿਕਾਰ ਦੇ, ਫਾਥੇ ਗਲ ਗਲ ਤੀਕ।

ਕੋਈ ਉਭਾਰੇ ਏਸ 'ਚੋਂ, ਲੋਕੀਂ ਰਹੇ ਉਡੀਕ।

ਡਿੱਠੀ ਭੈਣੀ ਵਾਲੜੇ, ਨਵੀਂ ਚਲਾਈ ਕਾਰ।

ਬੇੜਾ ਬੱਧਾ ਸੱਚ ਦਾ, ਸੌਖਾ ਲਾਵੇ ਪਾਰ।

ਭਰਿਆ ਕੂੜ ਕੁਰੀਤੀਆਂ, ਦਾ ਸਾਗਰ ਅਸਗਾਹ।

ਸਤਿਗੁਰ ਬੇੜਾ ਬੰਨ੍ਹ ਕੇ, ਹੋਇਆ ਆਪ ਮਲਾਹ।

ਕੂਕੇ ਕੂਕਾਂ ਮਾਰਦੇ, ਦੇਂਦੇ ਪਾਕ ਦਲੀਲ।

ਜਿਉਂ ਕਾਹਨ ਦੀ ਬੰਸਰੀ, ਮ੍ਰਿਗ ਲਿਆਵੇ ਕੀਲ।

ਆਵਣ ਭੈਣੀ ਸਾਹਿਬ ਨੂੰ, ਪਏ ਮਨਾਂ ਵਿੱਚ ਖਿੱਚ।
ਜਿੱਦਾਂ ਮਿਕਨਾਤੀਸ ਦੀ, ਹੋਵੇ ਲੋਹੇ ਵਿੱਚ।

## ਬ੍ਰਾਹਮਣਾਂ ਨੇ ਅਰਜ਼ੀ ਦੇਣੀ

ਖੋਟੇ ਦਿਆਂ ਬ੍ਰਾਹਮਣਾਂ, ਖੋਟੀ ਕੀਤੀ ਕਾਰ।
ਅਰਜ਼ੀ ਦਿੱਤੀ ਜਾ ਕੇ, ਕਰੋ ਨਿਆਂ ਸਰਕਾਰ।
ਨਵਾਂ ਪੰਥ ਇੱਕ ਚੱਲਿਐ, ਉੱਚੀ ਮਾਰਨ ਕੂਕ।
ਆਪੋ ਦੇ ਵਿੱਚ ਰੱਖਦੇ, ਐਪਰ ਬੜਾ ਸਲੂਕ।
ਕੀਤੀ ਰੀਤੀ ਵੇਦ ਦੀ, ਉਹਨਾਂ ਉੱਕੀ ਬੰਦ।
ਰੋਜੀ ਸਾਡੀ ਖੋਹ ਕੇ, ਕਾਜ ਕਰਨ ਗੁਲਕੰਦ।
ਜੇ ਰੋਕੋ ਤਾਂ ਮਾਰਦੇ, ਝੁੱਗਾ ਹੋਇਆ ਚੌੜ।
ਮਸਾਂ ਬਚਾਈ ਜਾਨ ਹੈ, ਉਹਨਾਂ ਕੋਲੋਂ ਦੌੜ।
ਤੁਮ ਰਖਵਾਲੇ ਅਸਾਂ ਦੇ, ਤੁਮ ਹੋ ਮਾਈ ਬਾਪ।
ਕਰੋ ਨਿਆਂ ਨਿਤਾਰ ਕੇ, ਦੂਰ ਕਰੋ ਸੰਤਾਪ।
ਇਹਨਾਂ ਨੇ ਭਰਮਾ ਕੇ, ਦਿੱਤਾ ਦੇਸ਼ ਵਿਗਾੜ।
ਆਖਣ ਪਕੜ ਬ੍ਰਾਹਮਣਾਂ, ਤਾਈਂ ਦੇਵੋ ਸਾੜ।
ਫੇਰ ਫਰੰਗੀ ਘੱਲ ਕੇ, ਓਥੇ ਥਾਣੇਦਾਰ।


Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਜੀ ਨੂੰ ਸੱਦਿਆ, ਬਾਘੇ ਨਾਲ ਵੀਚਾਰ।

ਆਖਣ ਲੱਗਾ ਖੋਹ ਰਹੇ, ਤੁਸੀਂ ਕਿਉਂ ਇਹ ਰੀਤ।

ਸਦੀਆਂ ਤੋਂ ਜੋ ਚੱਲਦੀ, ਆਈ ਨਾਲ ਪ੍ਰੀਤ।

ਇਹਨਾਂ ਨੂੰ ਹੀ ਖਾਲਸਾ, ਦੇਵੋ ਕਰਨ ਵਿਹਾਰ।

ਏਸੇ ਉੱਤੇ ਚੱਲਦਾ, ਇਹਨਾਂ ਦਾ ਰੁਜ਼ਗਾਰ।

ਸਤਿਗੁਰ ਜੀ ਨੇ ਆਖਿਆ, ਇਹ ਮਰਿਆਦਾ ਠੀਕ।

ਐਪਰ ਖੋਹੀ ਅਸਾਂ ਨਾ, ਇਹਨਾਂ ਦੀ ਤਕਨੀਕ।

ਸੁੱਟੀ ਉੱਤੇ ਰੂੜੀਆਂ, ਇਹਨਾਂ ਪਰੇ ਵਗਾਹ।

ਜੋ ਮਰਿਆਦਾ ਵੇਦ ਦੀ, ਕੀਤੀ ਜਾਣ ਤਬਾਹ।

ਚਿੱਕੜ ਕੀਤੀ ਪੰਡਤਾਂ, ਰੀਤੀ ਨਿਰਮਲ ਨੀਰ।

ਇਹਨਾਂ ਪਾਪ ਪਖੰਡ ਦੀ, ਕੀਤੀ ਜਾਣ ਅਖੀਰ।

ਆਈ ਰਾਮ ਚੰਦ ਤੋਂ, ਚੱਲਦੀ ਸੋਹਣੀ ਕਾਰ।

ਵਿੱਚ ਰਲਾਏ ਬਾਹਮਣਾਂ, ਬਹੁਤੇ ਕੂੜ ਵਿਕਾਰ।

ਇਹਨਾਂ ਤੋਂ ਹੁਣ ਟੁੱਟਿਆ, ਲੋਕਾਂ ਦਾ ਵਿਸ਼ਵਾਸ਼।

ਜਾਣ ਗਏ ਨੇ ਲੋਕ ਇਹ, ਪਰਦਾ ਹੋਇਆ ਫਾਸ਼।

ਇਹਨਾਂ ਭੈੜੇ ਮਾਰ ਕੇ, ਕੂੜ ਕਪਟ ਦੇ ਤੀਰ।

ਛਲਣੀ ਕੀਤਾ ਧਰਮ ਦਾ, ਵੇਖੋ ਸੋਹਲ ਸਰੀਰ।

ਸੁੱਟੀ ਹੋਈ ਕੀਮਤੀ, ਇਹ ਮਰਿਆਦਾ ਭਾਲ।

ਕੂੜੇ ਵਿੱਚੋਂ ਕੱਢ ਕੇ, ਲੀਤੀ ਅਸਾਂ ਸੰਭਾਲ।

ਫੇਰ ਫਿਰੰਗੀ ਆਖਿਆ, ਸੁਣ ਕੇ ਸਾਰੀ ਬਾਤ।

ਦੇਵੋ ਕੁਝ ਬਾਹਮਣਾਂ ਨੂੰ, ਵੀ ਤੁਸੀਂ ਸੌਗਾਤ।

ਜੋਗਾ ਸਿੰਘ ਨੇ ਆਖਿਆ, ਦਿਓ ਮਾਮਲਾ ਛੱਡ।

ਇਹਨਾਂ ਨੂੰ ਮੈਂ ਦੇ ਦਿਆਂ, ਹੁਣ ਜੇਬ 'ਚੋਂ ਕੱਢ।

ਤੰਗ ਦਸਤੀ ਦੇ ਅਸੀਂ ਹਾਂ, ਮੁੱਢੋਂ ਜਾਣ ਸ਼ਿਕਾਰ।

ਇਹ ਤਾਂ ਸਤਿਗੁਰ ਜੀ ਨੇ, ਕੀਤੈ ਪਰਉਪਕਾਰ।

ਫਿਰ ਪੰਡਤਾਂ ਨੂੰ ਆਖਦਾ, ਦੇਵੋ ਵਹੀ ਵਿਖਾ।

ਲੇਖਾ ਲੈਣ ਦੇਣ ਦਾ, ਜੋ ਰੱਖਿਆ ਲਿਖਵਾ।

ਅੱਗੋਂ ਕਿਹਾ ਬ੍ਰਾਹਮਣਾਂ, ਵਹੀ ਨਹੀਂ ਹੈ ਸਾਬ੍ਹ।

ਸਾਡਾ ਤਾਂ ਹੈ ਪੁੰਨ ਦਾ, ਸਾਰਾ ਕੰਮ ਜਨਾਬ।

ਫੇਰ ਫਿਰੰਗੀ ਆਖਿਆ, ਵਿੱਚ ਅਦਾਲਤ ਠੀਕ।

ਨਹੀਂ ਪੁੰਨ ਦੇ ਵਾਸਤੇ, ਕੋਈ ਵੀ ਤਸਦੀਕ।

ਅਰਜ਼ੀ ਖਾਰਜ਼ ਕਰਕੇ, ਫੇਰ ਆਖਿਆ ਬੋਲ।

ਜਾਓ ਬਾਬਾ ਸਾਹਿਬ ਹੁਣ, ਭੈਣੀ ਤੁਸੀਂ ਅਡੋਲ।

ਛਾਈਂ ਮਾਈਂ ਹੋ ਗਏ, ਦੋਖੀ ਖਾ ਕੇ ਹਾਰ।

ਦਾਲ ਗਲੀ ਨਾ ਕਿਤੇ ਵੀ, ਬੈਠ ਗਏ ਝੱਖ ਮਾਰ।

ਫਿਰ ਬਾਘੇ ਦੇ ਥਾਣਿਓਂ, ਥਾਣੋਂ ਥਾਣੀਂ ਤੋਰ।



Sri Satguru Jagjit Singh Ji eLibrary NamdhariElibrary@gmail.com

ਪਹੁੰਚਾਏ ਗੁਰਧਾਮ ਵਿੱਚ, ਸਭਹਨ ਕੇ ਸਿਰਮੌਰ।

ਦਿਵਸ ਅਠਾਈ ਲਗਾਤਾਰ, ਪੈਂਦੀ ਰਹੀ ਤਰੀਕ।

ਕੂਕਿਆਂ ਦਾ ਇਤਿਹਾਸ ਇਹ, ਕਰਦਾ ਹੈ ਤਸਦੀਕ।

ਚੌਤਰਫੀ ਹੀ ਗੁਰਾਂ ਦੀ, ਹੋਈ ਜੈ ਜੈ ਕਾਰ।

ਦੂਣਾ ਚੌਣਾ ਪੰਥ ਦਾ, ਹੋਣ ਲੱਗਾ ਪ੍ਰਸਾਰ।

## ਗੁਰਮਤ ਪ੍ਰਚਾਰ ਦੀ ਲੋੜ

ਗ਼ੈਰ ਕਿਸੇ ਦੇ ਆਂਵਦੀ, ਜਦੋਂ ਹਕੂਮਤ ਹੱਥ।

ਚਾਹੁੰਦਾ ਉਹ ਚਲਵਾ ਦਿਆਂ, ਸਾਰੇ ਆਪਣੀ ਮੱਤ।

ਧਰਮ ਮਿਟਾ ਕੇ ਦੂਸਰਾ, ਨਿੱਜ ਦਾ ਧਰਮ ਚਲਾਉਣ।

ਸਾਮ ਦਾਮ ਦੰਡ ਭੇਦ ਦੀ, ਉਹ ਨੀਤੀ ਅਪਨਾਉਣ।

ਕੀਤਾ ਮੁਗਲਾਂ ਆਖਦੇ, ਸੱਤ ਪੀੜ੍ਹੀਆਂ ਰਾਜ।

ਲਾਗੂ ਕੀਤੇ ਆਪਣੇ, ਉਹਨਾਂ ਰੀਤ ਰਿਵਾਜ।

ਮੰਦਰਾਂ ਅੰਦਰ ਮਸਜ਼ਿਦਾਂ, ਦਿੱਤੀਆਂ ਫੇਰ ਉਸਾਰ।

ਰਸਤਾ ਸੌਖਾ ਲੱਭਿਆ, ਕਰਨ ਲਈ ਪ੍ਰਚਾਰ।

ਮੰਦਰ ਅੰਦਰ ਆਉਂਦਿਆਂ, ਨੂੰ ਲਈਏ ਭਰਮਾ।

ਲਾਲਚ ਦੇ ਕੇ ਕਿਸੇ ਨੂੰ, ਕਿਸੇ ਡਰਾਵਾ ਪਾ।



Sri Satguru Jagjit Singh Ji eLibrary NamdhariElibrary@gmail.com

ਪਰ ਔਰੰਗਜ਼ੇਬ ਨੇ, ਤਾਂ ਕਰ ਦਿੱਤੀ ਹੱਦ।
ਹਿੰਦੂ ਮੁਸਲਿਮ ਓਸ ਨੇ, ਕੀਤੇ ਹੱਦੋਂ ਵੱਧ।
ਹਿੰਦੂਆਂ ਉੱਤੇ ਓਸ ਨੇ, ਜਜ਼ੀਆ ਦਿੱਤਾ ਲਾ।
ਪਾ ਪਾ ਭਾਰ ਲਤਾੜਿਆ, ਧਰਮ ਲੈਣ ਬਦਲਾ।
ਧਰਮ ਕਰੇ ਤਬਦੀਲ ਉਹ, ਜ਼ਬਰ ਜ਼ੁਲਮ ਦੇ ਨਾਲ।
ਹਿੰਦੂਆਂ ਦਾ ਵਿੱਚ ਹਿੰਦ ਦੇ, ਕੀਤਾ ਜੀਣਾ ਮੁਹਾਲ।
ਤੇਗ ਬਹਾਦਰ ਸਤਿਗੁਰੂ, ਕੀਤੇ ਓਸ ਸ਼ਹੀਦ।
ਜ਼ਾਲਮ ਜ਼ੁਲਮ ਕਮਾ ਕੇ, ਹੋਇਆ ਜਾਣ ਪਲੀਦ।
ਕਲਗੀਧਰ ਨੂੰ ਪਕੜਨੀ, ਫੇਰ ਪਈ ਤਲਵਾਰ।
ਹੱਦੋਂ ਵੱਧ ਜਾਂ ਜ਼ਾਲਮਾਂ, ਦਿੱਤੇ ਕਹਿਰ ਗੁਜ਼ਾਰ।
ਹਿੰਦੀਆਂ ਅੰਦਰ ਅਣਖ ਦੀ, ਲਾਈ ਉਹਨਾਂ ਜਾਗ।
ਦੱਸੀ ਜਾਚ ਜੀਊਣ ਦੀ, ਧੋ ਦਿੱਤੇ ਸਭ ਦਾਗ।
ਡੁੱਬਦਾ ਧਰਮ ਬਚਾਉਣ, ਲਈ ਵਾਰ ਓਸ ਪ੍ਰੀਵਾਰ।
ਯਾਰੋ ਅੱਗੇ ਜ਼ੁਲਮ ਦੇ, ਕਦੇ ਨਾ ਮੰਨੀ ਹਾਰ।
ਏਦਾਂ ਜੀ ਅੰਗ੍ਰੇਜ਼ ਨੇ, ਤਖਤ ਸੰਭਾਲਣ ਸਾਰ।
ਸ਼ੁਰੂ ਇਸਾਈ ਮਿਸ਼ਨਰੀ, ਕਰ ਦਿੱਤਾ ਪ੍ਰਚਾਰ।
ਪੈਦਾ ਹੋਣ ਹਿਮਾਇਤੀ, ਸਾਮਰਾਜ ਦੇ ਯਾਰ।
ਉੱਚ ਪੱਧਰੀ ਛੇੜਿਆ, ਉਹਨਾਂ ਨੇ ਪ੍ਰਚਾਰ।



Sri Satguru Jagjit Singh Ji eLibrary NamdhariElibrary@gmail.com

ਧਰਮ ਹਕੂਮਤ ਵਾਲੜਾ, ਜਿਵੇਂ ਲੋਕ ਅਪਨਾਉਣ।

ਸਮਝੋ ਬਸਤੀਵਾਦ ਦੀ, ਨੀਂਹ ਮਜ਼ਬੂਤ ਬਣਾਉਣ।

ਕੁੱਲ ਮਸੀਹੇ ਹਿੰਦ ਦੇ, ਚੱਲਣ ਚਾਲ ਕੁਚਾਲ।

ਉੱਪਰ ਲੇਬਲ ਧਰਮ ਦੇ, ਮੋਹ ਮਾਇਆ ਦੇ ਨਾਲ।

ਵੇਖੇ ਲੋਕਾਂ ਸਾਰਿਆਂ, ਢੋਲਾਂ ਅੰਦਰ ਪੋਲ।

ਫਿਰੇ ਲੋਕਾਈ ਹੋ ਕੇ, ਏਥੇ ਡਾਵਾਂਡੋਲ।

ਦੁਸ਼ਮਣ ਖਾਤਰ ਸਮਾਂ ਸੀ, ਮਨ ਬਦਲਾਣੇ ਯੋਗ।

ਦੋਹਰੀ ਮਾਨਸਿਕਤਾ, ਲੋਕ ਰਹੇ ਸਨ ਭੋਗ।

ਫਿਰਨ ਕਿਨਾਰਾ ਭਾਲਦੇ, ਫੜ੍ਹ ਫੜ੍ਹ ਕੱਖ ਪਰਾਲ।

ਮਨ ਦੀ ਬਿਰਤੀ ਉਲਝ ਕੇ, ਭਟਕੇ ਖਾਬ ਖਿਆਲ।

ਰੌਸ਼ਨ ਨੈਣਾਂ ਨਾਲ ਪਰ ਜੋ, ਸੱਕਦੈ ਅਵਲੋਕ।

ਫਿਰਨ ਮਸੀਹਾ ਭਾਲਦੇ, ਨਿੰਮੋਝੂਣੇ ਲੋਕ।

## ਗੁਰਮਤ ਪ੍ਰਚਾਰ

ਪਹਿਲਾਂ ਲੋਹਾ ਲਾਲ ਕਰ, ਮਾਰੇ ਸੱਟ ਲੋਹਾਰ।

ਮਨ ਮਰਜ਼ੀ ਦੇ ਨਾਲ ਫਿਰ, ਢਾਲ ਲਵੇ ਹਥਿਆਰ।



. Sri Satguru Jagjit Singh Ji eLibrary NamdhariElibrary@gmail.com .

ਏਦਾਂ ਚੀਨੀ ਵਾਲੜੇ, ਬਾਲ ਅਣਖ ਦੀ ਲਾਟ।

ਵਿੰਗੇ ਟੇਢੇ ਮਨਾਂ ਨੂੰ, ਲੱਗਾ ਕਰਨ ਸਪਾਟ।

ਗ਼ੈਰ ਧਰਮ ਦਾ ਫੈਲਣਾ, ਖਤਰਾ ਵੱਡਾ ਜਾਣ।

ਮੁਰਦਾ ਕਰੇ ਜ਼ਮੀਰ ਨੂੰ, ਇਹ ਜ਼ਹਿਰੀਲਾ ਬਾਣ।

ਮੱਤ ਈਸਾਈ ਫੈਲਦਾ, ਜਿਉਂ ਜਿਉਂ ਅੰਦਰ ਦੇਸ਼।

ਮਰੇ ਅਜ਼ਾਦੀ ਆਉਣ ਦੀ, ਓਨੀ ਤਾਂਘ ਵਿਸ਼ੇਸ਼।

ਹੋਵਣ ਦੇਸੀ ਧਰਮ ਦੇ, ਅੰਦਰ ਪੱਕੇ ਲੋਕ।

ਧਰਮ ਵਿਦੇਸ਼ੀ ਵੱਲ ਨਾ, ਭੱਜ ਭੱਜ ਜਾਵਣ ਥੋਕ।

ਧਰਮ ਪਰਾਏ ਵੱਲ ਨਾ, ਲੱਗਣ ਦੇਵੋ ਚਿੱਤ।

ਲੋਕ ਮਤੇ ਸਰਕਾਰ ਦੇ, ਹੋ ਜਾਵਣ ਇਹ ਮਿੱਤ।

ਧਰਮਾਂ ਅੰਦਰ ਆ ਰਲੇ, ਬੁਰਿਆਈਆਂ ਦੇ ਰੋੜ।

ਕੌਮਾਂ ਜਾਵਣ ਖੁਰਦੀਆਂ, ਲੱਗਾ ਕਿਸਮਤ ਕੋੜ੍ਹ।

ਸਤਿਗੁਰ ਫੇਰ ਗਿਆਨ ਦਾ, ਆਪ ਛਾਨਣਾ ਮਾਰ।

ਖਾਲਸ ਮੁੜ ਕੇ ਖਾਲਸਾ, ਲੱਗੇ ਕਰਨ ਤਿਆਰ।

ਧਰਮ ਆਪਣੇ ਵਾਸਤੇ, ਹੋਵਣ ਨਿਸ਼ਚਾਵਾਨ।

ਫੇਰ ਅਜ਼ਾਦੀ ਵਾਸਤੇ, ਲੜ ਹੋਵਣ ਕੁਰਬਾਨ।

ਦੇਸ਼ ਧਰਮ ਦੇ ਵਾਸਤੇ, ਸੱਕਣ ਆਪਾ ਵਾਰ।

ਫੇਰ ਫਿਰੰਗੀ ਦੇਸ਼ ’ਚੋਂ, ਕਰ ਸਕਾਂਗੇ ਬਾਹਰ।

ਕਰਨ ਪਏ ਇਹ ਸੋਚ ਕੇ, ਸਿੱਖੀ ਨੂੰ ਸੁਰਜੀਤ।

ਵਿਰਸਾ ਸਾਡਾ ਕੀਮਤੀ, ਰੱਖੋ ਯਾਦ ਅਤੀਤ।

ਅੰਮ੍ਰਿਤ ਆਪ ਛਕਾ ਕੇ, ਇਹ ਦੇਵਣ ਸੰਦੇਸ਼।

ਥਾਪੇ ਨਿਯਮ ਅਮੋਲ ਨੇ, ਸਾਰੇ ਸਮਝ ਵਿਸ਼ੇਸ਼।

ਅੰਮ੍ਰਿਤ ਵੇਲੇ ਜਾਗਣਾ, ਨਿੱਤ ਨੇਮ ਦੇ ਨਾਲ।

ਕਰੋ ਸਾਕਾਰ ਸਮੇਂ ਨੂੰ, ਕਰਕੇ ਸਦਾ ਖਿਆਲ।

ਆਲਸ ਛੱਡਣ ਵਾਸਤੇ, ਕਹਿਬਤ ਲੋਕ ਸੁਣਾਉਣ।

'ਉੱਦਮ ਅੱਗੇ ਲੱਛਮੀ, ਜਿਉਂ ਪੱਖੇ ਅੱਗੇ ਪੌਣ।'

ਗੜਵਾ ਜਲ ਦਾ ਲੈ ਕੇ, ਜਾਵੋ ਫੇਰ ਮਦਾਨ।

ਦਾਤਣ ਕੁਰਲਾ ਕਰਕੇ, ਫੇਰ ਕਰੋ ਇਸ਼ਨਾਨ।

ਬੈਠ ਚੌਂਕੜਾ ਮਾਰ ਕੇ, ਮਸਤਕ ਧਰੋ ਧਿਆਨ।

ਮਾਲਾ ਪਕੜ ਅਠੋਤਰੀ, ਨਾਮ ਜਪੋ ਪ੍ਰਵਾਨ।

ਜਾਪੁ ਸਾਹਿਬ ਤੇ ਜਪੁ ਜੀ, ਦੋਹਾਂ ਦਾ ਕਰ ਪਾਠ।

ਸ਼ਬਦ ਹਜ਼ਾਰੇ ਦੋਹਾਂ ਦੇ, ਪੜ੍ਹਿਆਂ ਆਵੇ ਠਾਠ।

ਪਰ ਚੰਡੀ ਦੀ ਵਾਰ ਨੂੰ, ਏਦਾਂ ਪੜ੍ਹਨਾ ਯੋਗ।

ਸੂਰਜ ਟਿੱਕੀ ਨਿਕਲਦੇ, ਚਾਹੀਏ ਪਾਉਣਾ ਭੋਗ।

ਪਿੱਛੋਂ ਕਰਨਾ ਕੀਰਤਨ, ਲਾ ਆਸਾ ਦੀ ਵਾਰ।

ਚੇਤੇ ਰੱਖੋ ਰਾਮ ਨੂੰ, ਕਰਦੇ ਕਾਰ ਵਿਹਾਰ।

ਲੋਕੋ ਪੂਜੋ ਮੂਲ ਨਾ, ਭੈਰੋਂ ਗੁੱਗੇ ਗੌਰ।
ਕਬਰਾਂ ਮੜ੍ਹੀਆਂ ਪੂਜਣਾ, ਮੂਰਖਤਾ ਹੈ ਘੋਰ।
ਮੜ੍ਹੀ ਮਸਾਣੀ ਟੇਕਣਾ, ਮੱਥਾ ਕਹਿਣ ਅਯੋਗ।
ਚਾੜ੍ਹ ਚੂਰਮੇ ਮੰਨਣੀ, ਮੰਨਤ ਵੀ ਨਾ ਯੋਗ।
ਬਾਣੀ ਆਦਿ ਗ੍ਰੰਥ ਦੀ, ਪੜ੍ਹੋ ਸਦਾ ਚਿੱਤ ਲਾ।
ਏਹੋ ਸੋਮਾ ਗਿਆਨ ਦਾ, ਸਦਾ ਵਖਾਵੇ ਰਾਹ।
ਦੂਜਾ ਦਸਮ ਗ੍ਰੰਥ ਦਾ, ਪਾਠ ਕਰਨ ਦੀ ਰੀਤ।
ਕਰ ਕੇ ਪਾਠ ਪਵਾਵਣੇ, ਭੋਗ ਧਾਰ ਪ੍ਰਤੀਤ।
ਲੰਗਰ ਕਰਨਾ ਸਦਾ ਹੀ, ਸੁੱਚ ਸੋਧ ਦੇ ਨਾਲ।
ਗੜਵਾ ਡੋਰੀ ਰੱਖਣਾ, ਕਰ ਕੇ ਸਦਾ ਖਿਆਲ।
ਜੇਕਰ ਰੱਖੇ ਰਹਿਤ ਨਾ, ਖਾਵੇ ਮਾਸ ਸ਼ਰਾਬ।
ਹੋਏ ਤੰਬਾਕੂ ਵਰਤਦਾ, ਵਹਿਬਤ ਪਈ ਖ਼ਰਾਬ।
ਗੁਰਮਤ ਵਾਲੀ ਰਹਿਤ ਨਾ, ਜਿਸ ਨੇ ਧਾਰੀ ਮੂਲ।
ਜਲ ਵੀ ਛਕਣਾ ਓਸ ਤੋਂ, ਚੰਗਾ ਨਹੀਂ ਅਸੂਲ।
ਧਾਰਨ ਕਰ ਕੇ ਸਦਾ ਹੀ, ਰੱਖੋ ਪੰਜ ਕਕਾਰ।
ਸਫਾ ਜੰਗ ਇੱਕ ਰੱਖਣਾ, ਹਰ ਦਮ ਨਾਲ ਵੀਚਾਰ।
ਕਿਉਂਕਿ ਇਸ ਹਥਿਆਰ, ਤੇ ਨਾ ਸਰਕਾਰੀ ਰੋਕ।
ਇਹ ਕ੍ਰਿਸਾਨੀ ਵਾਸਤੇ, ਰੱਖਣ ਸਾਰੇ ਲੋਕ।

ਏਸੇ ਕਰਕੇ ਰੱਖਦੇ, ਸੁਹਣਾ ਮਾਂਜ ਸਵਾਰ।

ਬਦਲ ਕੁਹਾੜੀ ਹੋ ਗਿਆ, ਇਹ ਜੰਗੀ ਹਥਿਆਰ।

ਦਾਤਣ ਲਾਹੁਣੀ ਰੁੱਖ ਤੋਂ, ਇਸ ਦੇ ਨਾਲ ਅਸਾਨ।

ਦੂਜਾ ਸੋਹਵੇ ਏਸ ਤੋਂ, ਸੂਰਮਿਆਂ ਦੀ ਸ਼ਾਨ।

ਜੇਕਰ ਦੁਸ਼ਮਣ ਹੋ ਗਿਆ, ਆ ਸਿਰ ਤੇ ਅਸਵਾਰ।

ਖਾਲੀ ਜਾਵੇ ਮੂਲ ਨਾ, ਇਸ ਦਾ ਕੀਤਾ ਵਾਰ।

ਕਰੋ ਪਵਿੱਤਰ ਪਵਨ ਨੂੰ, ਹਵਨ ਯੱਗ ਕਰਵਾ।

ਬੇਰੀ ਅਤੇ ਪਲਾਹ ਦੀ, ਲੱਕੜ ਇਸ ਵਿੱਚ ਪਾ।

ਪਾ ਸੁਗੰਧ ਸਮੱਗਰੀ, ਦੇਸੀ ਘਿਓ ਕਮਾਲ।

ਪੰਜ ਬਾਣੀਆਂ ਪੜ੍ਹਨੀਆਂ, ਲੈ ਕੇ ਓਟ ਅਕਾਲ।

ਕੂਕੇ ਕੱਠੇ ਹੋ ਕੇ, ਢੋਲਕ ਛੈਣੇ ਨਾਲ।

ਕਰੋ ਕੀਰਤਨ ਆਖਿਆ, ਰੀਤੀ ਲਵੋ ਸੰਭਾਲ।

ਗੁਰਬਾਣੀ ਦਾ ਕੀਰਤਨ, ਕਰਨਾ ਵਿੱਚ ਦੀਵਾਨ।

ਨਾਲੇ ਕਰਨ ਵਿਆਖਿਆ, ਜਥੇਦਾਰ ਵਿਦਵਾਨ।

ਸਤਿਗੁਰ ਜੀ ਜਦ ਲਾਂਵਦੇ, ਮਸਤੀ ਵਿੱਚ ਦੀਵਾਨ।

ਚੜ੍ਹੇ ਖੁਮਾਰੀ ਨਾਮ ਦੀ, ਹੋਵੇ ਮਸਤ ਜਹਾਨ।

ਲੋਕ ਸੁਣਨ ਸਾਹ ਰੋਕ ਕੇ, ਹਿੱਲੇ ਮੂਲ ਨਾ ਪੱਤ।

ਔਖਧ ਬਣਨ ਵਿਕਾਰ ਦੀ, ਗੁਰਬਾਣੀ ਦੇ ਤੱਤ।

ਵਿੱਚ ਹਵਾ ਦੇ ਆ ਘੁਲੇ, ਸੁਰ ਸੋਹਣੀ ਰਸਦਾਰ।
ਖੰਡ ਘੁਲੇ ਵਿੱਵ ਨੀਰ ਜਿਉਂ, ਸ਼ਰਬਤ ਹੋਏ ਤਿਆਰ।
ਪੰਚਵਟੀ ਜਿਉਂ ਰਾਮ ਦੇ, ਸੁਣਕੇ ਬਚਨ ਮਹਾਨ।
ਜੰਗਲ ਦੇ ਪੰਛੀ ਪਸ਼ੂ, ਪਾਉਂਦੇ ਪਰਮ ਗਿਆਨ।
ਗਿਰਝਾਂ, ਬਾਂਦਰ, ਰਿੱਛ ਵੀ, ਪਸ਼ੂ ਬਿਰਤੀਆਂ ਛੱਡ।
ਬਣਦੇ ਜਾਵਣ ਗਿਆਨਵਾਨ, ਮੂਰਖ ਅਤੇ ਉਜੱਡ।
ਜਾਪੇ ਸੁਰਾਂ ਅਲਾਪਦਾ, ਗੋਕਲ ਅੰਦਰ ਕਾਹਨ।
ਰਾਸ ਰਚਾਵਣ ਗੋਪੀਆਂ, ਸੁਣ ਸੁਣ ਮਿੱਠੜੀ ਤਾਨ।
ਆਖਣ ਬਾਗ ਮੁਹੰਮਦੀ, ਸੁਣਦੀ ਜਿੱਥੋਂ ਤੀਕ।
ਵਿੱਚ ਸ਼ਰ੍ਹਾ ਦੇ ਆਦਮੀ, ਲਿਆਵੇ ਖਿੱਚ ਧ੍ਰੀਕ।
ਇੰਜ ਲਿਆਵੇ ਕੀਲ ਕੇ, ਦਿਲ ਨੂੰ ਧੂਹਾਂ ਪਾ।
ਵਿੱਚ ਕਿਨਾਰੇ ਲਹਿਰ ਆ, ਜਿੱਦਾਂ ਜਾਏ ਸਮਾ।
ਜਾਪੇ ਨਾਨਕ ਦੇਣ ਦੀ, ਉਹੋ ਸੁਹਣੀ ਸ਼ਾਨ।
ਛੇੜ ਰਬਾਬ ਪ੍ਰੇਮ ਦੀ, ਕਰਦਾ ਮਸਤ ਜਹਾਨ।
ਬਾਬਰ ਵਰਗੇ ਏਸ ਨੇ, ਕੀਤੇ ਜ਼ਾਬਰ ਜੇਰ।
ਸੱਜਣ, ਕੌਡੇ, ਦੇਵ ਲੂਤ, ਕਰੇ ਦੇਵਤੇ ਫੇਰ।
ਰਾਹਜਨ, ਕਾਰੂ ਭੂਮੀਏ, ਦੇਣ ਬੁਰਾਈਆਂ ਛੱਡ।
ਚਿੱਟਾ ਝੰਡਾ ਸਤਿਜੁਗੀ, ਐਸਾ ਦਿੱਤਾ ਗੱਡ।



Sri Satguru Jagjit Singh Ji eLibrary NamdhariElibrary@gmail.com

ਫਿਰਨ ਫਰੇਬੀ ਸੌਰੀਏ, ਵੰਡਣ ਪਏ ਅਜ਼ਾਬ।

ਬੁਰਾ ਤਲਿਸਮ ਤੋੜ ਕੇ, ਕੀਤੇ ਬੇ-ਨਕਾਬ।

ਮਸਤੀ ਝਲਕੇ ਮਸਤਕੋਂ, ਨੈਣੋਂ ਡਲ੍ਹਕੇ ਨੂਰ।

ਬਾਣੀ ਅੰਮ੍ਰਿਤ ਬਰਸਦਾ, ਮਨ ਕਰਦਾ ਮਖਮੂਰ।

ਇੱਕ ਦਿਨ ਦਰਸ਼ਨ ਪਾ ਕੇ, ਕਾਲਾ ਹੋਇਆ ਤੂਰ।

ਐਪਰ ਏਥੇ ਰੋਜ਼ ਹੀ, ਵਰ੍ਹੇ ਸਵਾਇਆ ਨੂਰ।

ਐਸਾ ਡਿੱਠਾ ਏਸ ਦਾ, ਓਦੂੰ ਉਲਟ ਵਿਹਾਰ।

ਕਰ ਕਾਲੇ ਤੋਂ ਉੱਜਲੇ, ਕਰਦਾ ਸੋਹਣੀ ਕਾਰ।

ਕੀਤੇ ਚਿੱਟੇ ਏਸ ਨੇ, ਕਾਲੇ ਮਣੋ ਮਨੂਰ।

ਚਮਕਣ ਲੈ ਕੇ ਰੌਸ਼ਨੀ, ਹੋ ਹੀਰੇ ਕੋਹਿਨੂਰ।

ਮਾਨ ਸਰੋਵਰ ਸਾਜਿਆ, ਮਾਰੂਥਲ ਵਿਚਕਾਰ।

ਪੈਦਾ ਕੀਤੇ ਗਿਆਨ ਦੇ, ਮੋਤੀ ਬੇ-ਸ਼ੁਮਾਰ।

ਹੰਸ ਉਡੰਦੇ ਆਂਵਦੇ, ਵੇਖ ਅਮੁੱਲੀ ਚੋਗ।

ਮਨ ਤ੍ਰਿਪਤਣ ਰੂਹ ਰੱਜਦੀ, ਮਿਟੇ ਹਿਰਖ ਤੇ ਸੋਗ।

ਕਿਉਂ ਕਰ ਜਾਣ ਹਿਮਾਲਿਆ, ਘਰ ’ਚੋਂ ਲੱਭੀ ਚੀਜ਼।

ਨੈਣ ਨਜ਼ਾਰੇ ਵੱਸਦੇ, ਕਿਉਂ ਕਰ ਲਾਵਣ ਨੀਝ।

ਮੇਵੇ ਛੱਡ ਕੇ ਬੰਦਿਆ, ਚੱਬ ਨਾ ਐਵੇਂ ਰੋੜ।

ਸੱਚੀ ਕਹੀ ਫਰੀਦ ਜੀ, ਜੀਵਨ ਕੱਢ ਨਿਚੋੜ।

"ਫਰੀਦਾ ਸੋਈ ਸਰਵਰੁ ਢੂਡਿ ਲਹੁ ਜਿਥਹੁ ਲਭੀ ਵਥੁ॥
ਛਪੜਿ ਢੂਡੈ ਕਿਆ ਹੋਵੈ ਚਿਕੜਿ ਡੁਬੈ ਹਥੁ॥"

## ਨਾ ਮਿਲਵਰਤਨ ਕਰਨਾ

ਉਂਜ ਵੇਖਣ ਨੂੰ ਜਾਪਦੀ, ਨਿਰੀ ਧਾਰਮਿਕ ਲਹਿਰ।
ਜਿਉਂ ਜਿਉਂ ਗਹਿਰੇ ਪੈਠੀਏ, ਨਜ਼ਰੀਂ ਆਵੇ ਬਹਿਰ।
ਕਰਨ ਪਏ ਉਹ ਕੌਮ ਦਾ, ਪੱਖੀ ਸਰਬ ਵਿਕਾਸ।
ਕੋਹੜ ਬੁਰਾਈਆਂ ਵਾਲੜੇ, ਕਰ ਦਿੱਤੇ ਉਸ ਨਾਸ।
ਜੋਕਾਂ ਲਾਹ ਲਾਹ ਸੁੱਟਦੇ, ਅੰਦਰ ਰੜੇ ਮੈਦਾਨ।
ਪੀਵਣ ਲਹੂ ਸਮਾਜ ਦਾ, ਕਰ ਮਦਹੋਸ਼ ਜਹਾਨ।
ਵਿੱਚ ਜਹਾਲਤ ਚਿੱਕੜੀਂ, ਗਲ ਹਲ ਫਾਥੇ ਲੋਕ।
ਨਿਕਲਣ ਦੇਂਦੇ ਬਾਹਰ ਨਾ, ਵਿਹਲੜ ਕਾਲੇ ਬੋਕ।
ਦੇਣ ਡਰਾਵੇ ਵਹਿਮ ਪਾ, ਬੈਠੇ ਜਾਲ ਵਿਛਾ।
ਤੋਰੀ ਫੁਲਕਾ ਆਪਣਾ, ਚੰਗਾ ਲੈਣ ਚਲਾ।
ਰਸਤਾ ਨਵਾਂ ਵਖਾਲਿਆ, ਭਰਮ ਤਲਿਸਮ ਤੋੜ।
ਲੋਕੋ ਦੇ ਕੇ ਅਮਰ ਫਲ, ਕਿਉਂ ਖਰੀਦੋ ਰੋੜ।
ਮੂਲ ਪਛਾਣੋ ਆਪਣਾ, ਹੋਵੋ ਜਰਾ ਸੁਚੇਤ।

ਹੱਕ ਸੱਚ ਦੇ ਵਾਸਤੇ, ਲੜਨਾ ਸਿੱਖੋ ਖੇਤ।

ਜਦੋਂ ਤੁਸਾਂ ਦੀ ਆਤਮਾ, ਹੋ ਜਾਸੀ ਬਲਵਾਨ।

ਵਿੱਚ ਗ਼ੁਲਾਮੀ ਮੂਲ ਨਾ, ਸੱਕੇ ਰੱਖ ਸ਼ੈਤਾਨ।

ਫੇਰ ਆਰਥਿਕ ਤੌਰ ਤੇ, ਉਨਤੀ ਕਰੇ ਸਮਾਜ।

ਜੇਕਰ ਛੱਡ ਕੁਰੀਤੀਆਂ, ਲਈਏ ਸੱਚ ਵਿਹਾਜ।

ਰਾਜਨੀਤੀਆਂ ਸਮਝੀਏ, ਹੋ ਸਮਿਆਂ ਦੇ ਹਾਣ।

ਦੇਸ਼ ਅਜ਼ਾਦੀ ਵਾਸਤੇ, ਪਿੱਛੋਂ ਲਾਈਏ ਤਾਣ।

ਬਰਕਤ ਏਕੇ ਵਿੱਚ ਹੈ, ਜਾਣ ਲਵੋ ਸਭ ਲੋਕ।

ਕਿਣਕਾ ਕਿਣਕਾ ਰੇਤ ਦਾ, ਵਹਿਣ ਨਾ ਸੱਕੇ ਰੋਕ।

ਫੁੱਟ ਪਈ ਵਿੱਚ ਕੌਮ ਦੇ, ਹੋਇਆ ਦੇਸ਼ ਗ਼ੁਲਾਮ।

ਦੁਨੀਆਂ ਅੰਦਰ ਏਸ ਲਈ, ਹਾਂ ਚਿਰ ਤੋਂ ਬਦਨਾਮ।

ਕੋਈ ਗੱਦਾਰੀ ਕਰੇ ਨਾ, ਲਾਲਚ ਅੰਦਰ ਆ।

ਘਰ ਦਾ ਭੇਤੀ ਆਖਦੇ, ਲੰਕਾ ਕਰੇ ਤਬਾਹ।

ਵਫਾਦਾਰ ਹੋ ਕੌਮ ਦੇ, ਪੱਕੇ ਕਰੋ ਅਸੂਲ।

ਬੇਸ਼ੱਕ ਜਾਵੇ ਜਾਨ ਵੀ, ਭੇਦ ਨਾ ਖੁੱਲ੍ਹੇ ਮੂਲ।

ਸਾਮਰਾਜ ਦਾ ਫੈਲਿਆ, ਚਾਰੋਂ ਤਰਫ਼ ਸੈਲਾਬ।

ਬੇੜਾ ਬੰਨ੍ਹ ਵੀਚਾਰ ਦਾ, ਤਰੀਏ ਨਾਲ ਹਿਸਾਬ।

ਲੋਕ ਮਨਾਂ ਵਿੱਚ ਸੁਲਗਦਾ, ਭਾਵੇਂ ਪਿਆ ਵਿਰੋਧ।



Sri Satguru Jagjit Singh Ji eLibrary NamdhariElibrary@gmail.com

ਪਰ ਹਕੂਮਤ ਵਾਲੜਾ, ਝੱਲਣ ਕਿਵੇਂ ਕਰੋਧ।

ਸੋਚਣ ਪਾਵੇ ਕੌਣ ਜਾ, ਬਿੱਲੀ ਦੇ ਗਲ ਟੱਲ।

ਬਣ ਕੇ ਚੂਹੇ ਬੈਠ ਗਏ, ਹਿੰਦੀ ਖੁੱਡਾਂ ਮੱਲ।

ਗੱਲ ਬਗਾਵਤ ਦੂਰ ਦੀ, ਉੱਚੀ ਲੈਣ ਨਾ ਸਾਹ।

ਮਤੇ ਦੁਪਹਿਰਾ ਕੱਟਦੀ, ਗਲ ਪੈ ਜਾਏ ਬਲਾ।

ਰਾਜਾ ਹੋਵੇ ਕੋਈ ਵੀ, ਕੋਈ ਹੋਏ ਸਰਕਾਰ।

ਅਸਾਂ ਤੇ ਰਹਿਣਾ ਸੋਚਦੇ ਹੋ ਕੇ ਤਾਬੇਦਾਰ।

ਚਾਹਵਣ ਲਾਵਣ ਢਾਹ ਇਹ, ਚਾਹਵਣ ਪਾਉਣ ਹਨੇਰ।

"ਬਾਦਸ਼ਾਹਾਂ ਦੇ ਮਾਮਲੇ, ਦਰਿਆਵਾਂ ਦੇ ਫੇਰ।"

ਕਹਿਣ ਵਲੈਤੀ ਸਾਨ੍ਹ ਨੂੰ, ਕਿਉਂ ਕਰ ਪਾਈਏ ਰੋਕ।

ਲੱਤਾਂ ਅੰਦਰ ਪੂਛ ਦੇ, ਬਣੇ ਕਤੂਰੇ ਲੋਕ।

ਉਹ ਸਾਡੇ ਸਰਦਾਰ ਹੀ, ਆਣ ਡਰਾਵੇ ਪਾਉਣ।

ਜੁੱਗ ਜੁੱਗ ਟੋਪੀ ਵਾਲੜਾ, ਰਾਜ ਕਮਾਵੇ ਗਾਉਣ।

ਧਾਰਨ ਪਏ ਉਪਾਧੀਆਂ, ਵੇਖੋ ਵੇਚ ਜ਼ਮੀਰ।

ਪੂਛ ਹਿਲਾ ਕੇ ਬੂਟ ਚੱਟ, ਲੈਂਦੇ ਵੇਖ ਜਗੀਰ।

ਸਾਮਰਾਜੀਆਂ ਵਾਸਤੇ, ਕਰਦੇ ਯਤਨ ਵਿਸ਼ੇਸ਼।

ਨਾਲ ਮਲੇਸ਼ਾਂ ਜਾ ਰਲੇ, ਖੁਦ ਵੀ ਬਣੇ ਮਲੇਸ਼।

ਜੋ ਅਣਖੀ ਸਨ ਸੂਰਮੇ, ਜੋ ਨਲੂਏ ਦੇ ਯਾਰ।

ਜਿਹੜੇ ਦੇਸ਼ ਪੰਜਾਬ ਦਾ, ਹੈ ਸਨ ਕਦੇ ਅਧਾਰ।

ਫਿਰਨ ਮਸੀਹਾ ਭਾਲਦੇ, ਉਹ ਹੋ ਕੇ ਰੂਹਪੋਸ਼।

ਕਲਗੀਧਰ ਦੇ ਖਾਲਸੇ, 'ਚੋਂ ਖਾਲਸ ਨਿਰਦੋਸ਼।

ਕੱਲੇ ਕੱਲੇ ਖਿੱਲਰੇ ਹੋ, ਤਰਕਸ਼ ਦੇ ਤੀਰ।

ਉਹ ਸਾਥੀ ਰਣਜੀਤ ਦੇ, ਉਹ ਯੋਧੇ ਰਣਧੀਰ।

ਭੱਥਾ ਖਾਲੀ ਪਕੜ ਕੇ, ਲਿਆ ਮਲੇਸ਼ਾਂ ਸਾਂਭ।

ਬੱਚਾ ਜਾਣ ਦਿਲੀਪ ਨੂੰ, ਕੀਤਾ ਵਤਨੋਂ ਲਾਂਭ।

ਸਰਪ੍ਰਸਤੀ ਦੇਣ ਦਾ, ਝੂਠਾ ਵਾਅਦਾ ਧਾਰ।

ਨਾਲ ਬਹਾਨੇ ਲੈ ਗਏ, ਪਕੜ ਸਮੁੰਦਰੋਂ ਪਾਰ।

ਬੇਲੇ ਫਿਰੇ ਲਤਾੜਦੀ, ਜਿੰਦਾਂ ਭੇਸ ਵਿਗਾੜ।

ਪਹੁੰਚੀ ਵਿੱਚ ਨੇਪਾਲ ਦੇ, ਕੰਡੇ ਕੱਖ ਲਤਾੜ।

ਭੈਣੀ ਵਾਲੇ ਸਾਜਿਆ, ਭੱਥਾ ਫੇਰ ਸਵਾਰ।

ਉਹ ਅਣੀਆਲੇ ਤੀਰ ਮੁੜ, ਆਏ ਬੰਨ੍ਹ ਕਤਾਰ।

ਆਪ ਰਾਮ ਮ੍ਰਿਗੇਸ਼ ਨੇ, ਲੀਤੀ ਸਾਂਭ ਕਮਾਨ।

ਪਾਣ ਚੜ੍ਹਾਈ ਹੋਰ ਵੀ, ਲਾ ਗੈਰਤ ਦੀ ਸਾਣ।

ਜਿੱਦਾਂ ਦੇ ਕੇ ਕ੍ਰਿਸ਼ਨ ਨੇ, ਗੀਤਾ ਦਾ ਉਪਦੇਸ਼।

ਦੁਬਿਧਾ ਅਰਜਨ ਅੰਦਰੋਂ, ਕੀਤੀ ਦੂਰ ਵਿਸ਼ੇਸ਼।

ਇੱਕ ਅਨੋਖਾ ਸਾਜਿਆ, ਓਸ ਨਵਾਂ ਹਥਿਆਰ।



Sri Satguru Jagjit Singh Ji eLibrary NamdhariElibrary@gmail.com

ਜਿਹੜਾ ਦਿਸਦਾ ਮੂਲ ਨਾ, ਕਰੇ ਅਨੋਖੀ ਮਾਰ।

ਚੁੱਪ ਚਾਪ ਅੰਗ੍ਰੇਜ਼ ਦੇ, ਅੱਖੀਂ ਘੱਟਾ ਪਾ।

ਨਾਲ ਹਕੂਮਤ ਹਿਕਮਤਾਂ, ਲੀਤੀ ਓਸ ਚਲਾ।

ਆਖੇ ਇਸ ਸਰਕਾਰ ਦਾ, ਕਰਕੇ ਬਾਈਕਾਟ।

ਗੋਲ ਕਰ ਦਿਓ ਬਿਸਤਰਾ ਖੜ੍ਹੀ ਕਰ ਦਿਓ ਖਾਟ।

## ਨਾ ਮਿਲਵਰਤਨ ਦੇ ਅਸੂਲ

ਸਤਿਗੁਰ ਜੀ ਸਨ ਜਾਣਦੇ, ਬਿੱਲੇ ਦੀ ਹਰ ਨਾੜ।

ਹਰ ਕਮਜ਼ੋਰੀ ਓਸ ਦੀ, ਉੱਤੇ ਰੱਖਣ ਤਾੜ।

ਆ ਪਹੁੰਚਾ ਅੰਗ੍ਰੇਜ਼ ਸੀ, ਕਰਦਾ ਵਣਜ ਵਪਾਰ।

ਹੁੰਦਾ ਹੈ ਵਣਜਾਰਿਆਂ, ਦੌਲਤ ਨਾਲ ਪਿਆਰ।

ਟਿਕਣਾ ਔਖਾ ਏਸ ਨੂੰ, ਜੇਕਰ ਹੋਵੇ ਬੰਦ।

ਕੁੱਲ ਮੁਨਾਫ਼ਾ ਏਸ ਦਾ, ਹੋ ਜਾਵੇ ਗੁਲਕੰਦ।

ਸੋਚ ਵਪਾਰਕ ਪੱਖ ਨੂੰ, ਕਰਦਾ ਸੀ ਉਹ ਰਾਜ।

ਸੋਨ ਚਿੜੀ ਸੀ ਹਿੰਦ ਇਹ, ਉਹ ਸੀ ਭੁੱਖਾ ਬਾਜ਼।

ਵਸਤ ਵਿਦੇਸ਼ੀ ਆਂਵਦੀ, ਵਿਕਦੀ ਵਿੱਚ ਬਜ਼ਾਰ।

ਕੁੱਲ ਮੁਨਾਫ਼ਾ ਜਾਂਵਦਾ, ਐਪਰ ਸਾਗਰ ਪਾਰ।

ਸਤਿਗੁਰ ਜੀ ਨੇ ਆਖਿਆ, ਲਵੋ ਮਨਾਂ ਵਿੱਚ ਧਾਰ।

ਵਸਤ ਵਿਦੇਸ਼ੀ ਵਰਤਣੋਂ, ਕਰ ਦੇਵੋ ਇਨਕਾਰ।

ਉੱਚ ਗੁਣਵੱਤਾ ਵਾਲੀਆਂ, ਭਾਵੇਂ ਹੋਣ ਮਹਾਨ।

ਤਾਂ ਵੀ ਇਹਨੂੰ ਵਰਤਿਆਂ, ਭਾਰਤ ਦਾ ਅਪਮਾਨ।

ਇੱਕ ਤਾਂ ਸਾਡੀ ਸਨਅਤ ਨੂੰ, ਲਾਈ ਇਹਨੇ ਢਾਹ।

ਦੂਜਾ ਦੇਵੇ ਦਿਸਣ ਨਾ, ਆਜ਼ਾਦੀ ਦਾ ਰਾਹ।

ਪੈਸਾ ਸਾਥੋਂ ਲੁੱਟ ਕੇ, ਵੈਰੀ ਹੋਏ ਅਮੀਰ।

ਭਾਰਤ ਮਾਂ ਦੇ ਗਲੇ ਵਿੱਚ, ਲਮਕੇ ਪਾਟੀ ਲੀਰ।

ਰੱਖੋ ਸੰਜਮ ਸਾਦਗੀ, ਸਵਦੇਸ਼ੀ ਦੇ ਨਾਲ।

ਬਿੱਲੇ ਦੇ ਰਾਹ ਰੋਕ ਕੇ, ਜੀਣਾ ਕਰੋ ਮੁਹਾਲ।

ਅੰਗ੍ਰੇਜ਼ਾਂ ਨੇ ਆਣ ਕੇ, ਦਿੱਤੇ ਖੋਹਲ ਸਕੂਲ।

ਮੂਲ ਪੜ੍ਹਾਈ ਏਸ ਵਿੱਚ, ਕਰਨਾ ਨਾ ਅਨਕੂਲ।

ਇਹ ਵਿਦੇਸ਼ੀ ਢੰਗ ਦੀ, ਸਿਖਿਆ ਦਾ ਪ੍ਰਸਾਰ।

ਨਾਲ ਜੋਰ ਦੇ ਕਰ ਰਹੇ, ਹਨ ਏਹੋ ਪ੍ਰਚਾਰ।

ਵਫ਼ਾਦਾਰ ਅੰਗ੍ਰੇਜ਼ ਦੇ, ਪੈਦਾ ਕਰਨ ਕਰਾਉਣ।

ਐਸੇ ਸਾਜਣ ਚਾਟੜੇ, ਜੋ ਉਹਨਾਂ ਮਨ ਭਾਉਣ।

ਬਾਬੂ ਪਏ ਬਣਾਂਵਦੇ, ਲੋੜ ਸ਼ਰਤ ਅਨੁਸਾਰ।

ਤਾ ਕਿ ਸਾਡਾ ਹਿੰਦ ਵਿੱਚ, ਬਣਿਆ ਰਹੇ ਅਧਾਰ।

ਵਤਨ ਪ੍ਰਸਤੀ ਏਕਤਾ, ਸਾਡਾ ਸੱਭਿਆਚਾਰ।

ਮੂਲ ਨਾ ਭੁੱਲ ਸਿਖਾਂਵਦੇ, ਦੇਸੀ ਚੱਜ ਆਚਾਰ।

ਏਸੇ ਕਰਕੇ ਗੁਰੂ ਜੀ ਆਖਣ ਦੇ ਕੇ ਜ਼ੋਰ।

ਏਥੇ ਬੱਚੇ ਪੜ੍ਹਨ ਨਾ, ਕਰੋ ਵਸੀਲਾ ਹੋਰ।

ਸਦਾ ਪੜ੍ਹਾਓ ਆਪਣੇ, ਆਖਣ ਉੱਚ ਅਸੂਲ।

ਮੰਦਰ ਗੁਰੂ ਦਵਾਰਿਆਂ, ਅੰਦਰ ਖੋਹਲ ਸਕੂਲ।

ਸਭ ਸਰਕਾਰੀ ਨੌਕਰੀ, ਦੇਵੋ ਤੁਸੀਂ ਤਿਆਗ।

ਇਹ ਵੀ ਬਸਤੀਵਾਦ ਦੀ, ਹੀ ਲਾਉਂਦੀ ਹੈ ਜਾਗ।

ਹੀਣ ਗ਼ੁਲਾਮੀ ਭਾਵਨਾ, ਕਰਦੀ ਪੈਦਾ ਜਾਣ।

ਅਸੀਂ ਬਣਾਉਣੇ ਲੋਕ ਮਨ, ਆਜ਼ਾਦੀ ਦੇ ਹਾਣ।

ਜਾਣਾ ਵਿੱਚ ਕਚਹਿਰੀਆਂ, ਉੱਕਾ ਕਰ ਦਿਓ ਬੰਦ।

ਨਾਲ ਏਸ ਦੇ ਉਲਝਦੀ, ਮਾਨਵਤਾ ਦੀ ਤੰਦ।

ਵਕਤ ਅਮੁੱਲਾ ਮਾਨ ਧਨ, ਸਭ ਹੋਏ ਬਰਬਾਦ।

ਪਏ ਉਜਾੜਾ ਘਰਾਂ ਵਿੱਚ, ਵਧਦੀ ਰਹੇ ਬਖਾਦ।

ਇਹ ਬੇਗਾਨੇ ਲੋਕ ਨੇ, ਇਹਨਾਂ ਤੋਂ ਕੀ ਆਸ।

ਕਦੇ ਨਿਆਂ ਨਾ ਕਰਨਗੇ, ਹੈ ਫੋਕੀ ਧਰਵਾਸ।

ਇਹ ਅਨਿਆਂ ਹੀ ਦੇਣਗੇ, ਗਲਤ ਫੈਸਲਾ ਠੋਸ।

ਝੂਠੇ ਕੱਛਾਂ ਮਾਰਦੇ, ਸੱਚੇ ਨੂੰ ਅਫ਼ਸੋਸ।



Sri Satguru Jagjit Singh Ji eLibrary NamdhariElibrary@gmail.com

ਸਦਾ ਪਰ੍ਹੇ ਪੰਚਾਇਤ ਨੂੰ, ਪੂਰਾ ਹੋਏ ਗਿਆਨ।

ਸੱਚਾ ਸੁੱਚਾ ਫੈਸਲਾ, ਕਰਦੇ ਨਾਲ ਧਿਆਨ।

ਰਈ ਕਿਸੇ ਦੀ ਕਰੋ ਨਾ, ਭਾਵੇਂ ਰਿਸ਼ਤੇਦਾਰ।

ਸੱਚੋ ਸੱਚ ਨਿਬੇੜਨਾ, ਬੜੀ ਪਵਿੱਤਰ ਕਾਰ।

ਪੰਚਾਂ ਵਿੱਚ ਪਰਮੇਸ਼ਰ, ਕਰਦਾ ਸਦਾ ਨਿਵਾਸ।

ਦੁੱਧੋਂ ਨੀਰ ਨਿਖੇੜਦੇ, ਲੋਕ ਕਰਨ ਵਿਸ਼ਵਾਸ।

ਕਦੇ ਵਿਦੇਸ਼ੀ ਕੱਪੜਾ, ਭੁੱਲ ਨਾ ਲਾਉਣਾ ਅੰਗ।

ਮੋਟਾ ਠੁੱਲਾ ਪਹਿਰਣਾ, ਖੱਦਰ ਨਾਲ ਉਮੰਗ।

ਨਰਮਾ ਸਾਡਾ ਜਾ ਕੇ, ਅੰਦਰ ਵੇਖ ਵਿਦੇਸ਼।

ਬਣਕੇ ਆਵੇ ਬੋਸਕੀ, ਲੋਕੀਂ ਕਹਿਣ ਹਮੇਸ਼।

ਵੇਚਣ ਮਹਿੰਗੇ ਭਾਅ, ਉਹ ਭਾਰਤ ਵਿੱਚ ਲਿਆ।

ਸਾਡੇ ਕਿਰਤੀ ਕਾਮਿਆਂ, ਦੇ ਗਲ ਪਾਵਣ ਫਾਹ।

ਇਹਨੂੰ ਵੇਖ ਸਿਆਣਿਆਂ, ਘੜੇ ਵਕਤ ਦੇ ਗੀਤ।

ਪਏ ਸੁਣਾਉਣ ਸਮਾਜ ਨੂੰ, ਜੋ ਜੋ ਉਲਟੀ ਰੀਤ।

ਖੱਦਰ ਅਤੇ ਬੋਸਕੀ, ਕਰਨ ਸਵਾਲ ਜਵਾਬ।

ਲੋਕ ਸੁਣਨ ਚਿੱਤ ਲਾ ਕੇ, ਗਾਵਣ ਬਿਨਾ ਕਿਤਾਬ।

ਲੋਕ ਬੋਲੀਆਂ ਇਸ ਤਰ੍ਹਾਂ, ਹੋ ਗਈਆਂ ਮਸ਼ਹੂਰ।

ਹੱਸੇ ਠੱਠੇ ਪਾ ਕੇ, ਕਰਨ ਸੁਚੇਤ ਜ਼ਰੂਰ।



Sri Satguru Jagjit Singh Ji eLibrary NamdhariElibrary@gmail.com

**ਬੋਸਕੀ**

ਵੇ ਮੈਂ ਬਣ ਕੇ ਵਲੈਤੋਂ ਆਉਂਦੀ, ਖੱਡੀਆਂ 'ਚ ਤੂੰ ਰੁਲਦੈਂ, ਖੱਦਰਾ....

ਖੱਦਰਾ – ਵੇ ਦੇਸ਼ੋਂ ਕੱਢ ਦਿਆਂਗੀ ਹੋ ਜਾ ਪੱਧਰਾ।

**ਖੱਦਰ**

ਨੀ ਕਿਹੜੇ ਸ਼ਹਿਰ ਦੀ ਕਤੂਰੀ ਭੌਂਕੇ, ਨੀ ਪਿੰਡਾਂ ਵਿੱਚ ਸ਼ੇਰ ਬੁੱਕਦਾ, ਅੜੀਏ....

ਅੜੀਏ – ਨੀ ਤੂੰ ਮੇਰੀ ਨਾਰ ਲੱਗੇਂ ਨਾ ਲੜੀਏ।

**ਬੋਸਕੀ**

ਵੇ ਤੈਨੂੰ ਪਹਿਨਦੇ ਜੱਟਾਂ ਦੇ ਕਾਮੇ, ਵੇ ਮੈਨੂੰ ਨੇ ਸ਼ੁਕੀਨ ਪਹਿਨਦੇ, ਖੱਦਰਾ....

ਖੱਦਰਾ – ਵੇ ਦੇਸ਼ੋਂ ਕੱਢ ਦਿਆਂਗੀ ਹੋ ਜਾ ਪੱਧਰਾ।

**ਖੱਦਰ**

ਨੀ ਤੂੰ ਕਾਮਿਆਂ ਜੱਟਾਂ ਦੀ ਜਾਈ, ਵਲੈਤ ਜਾ ਕੇ ਮੂਲ ਭੁੱਲ ਗਈ, ਅੜੀਏ....

ਅੜੀਏ – ਨੀ ਤੂੰ ਮੇਰੀ ਨਾਰ ਲੱਗੇਂ ਨਾ ਲੜੀਏ।

---o---

ਦਸਤਕਾਰੀਆਂ ਸਾਡੀਆਂ, ਕਰਨ ਪਏ ਬਰਬਾਦ।



. Sri Satguru Jagjit Singh Ji eLibrary NamdhariElibrary@gmail.com .

ਬਿੱਲੇ ਸਾਡੇ ਵਾਸਤੇ, ਸਮਝੋ ਵਾਂਗ ਜਲਾਦ।

ਕਾਮੇ ਜੋ ਇੰਗਲੈਂਡ ਦੇ, ਹੋਏ ਮਾਲਾ ਮਾਲ।

ਬੈਠੇ ਮਾਇਆ ਹੂੰਝਦੇ, ਦੋਹਾਂ ਹੱਥਾਂ ਨਾਲ।

ਪੈਦਾ ਕਰਦੇ ਜਾਨ ਹੀਲ, ਭੁੱਖੇ ਮਰਨ ਕਿਸਾਨ।

ਲਾਭ ਵਿਦੇਸ਼ੀ ਵਾਸਤੇ, ਸਾਨੂੰ ਨਾ ਪ੍ਰਵਾਨ।

ਸਾਥੋਂ ਜਿਣਸਾਂ ਸਾਡੀਆਂ, ਭਾੜੇ ਭੰਗ ਖਰੀਦ।

ਚੁੱਕ ਲੈ ਜਾਣ ਵਲੈਤ ਨੂੰ, ਪੁੱਛੇ ਬਿਨਾ ਪਲੀਦ।

ਲੋਕੀਂ ਲੈਂਦੇ ਹੱਸ ਕੇ, ਆਖ ਵਲੈਤੀ ਮਾਲ।

ਇਸ ਦਾ ਅਸਲੀ ਰਾਜ ਕੀ, ਕਿਹੜਾ ਕਰੇ ਖਿਆਲ।

ਕਿਰਤੀ ਭਾਰਤ ਵਰਸ਼ ਦਾ, ਮਰਦਾ ਮੰਦੇ ਹਾਲ।

ਗੋਰਾ ਕਾਮਾ ਦਿਨੋ ਦਿਨ, ਹੋਏ ਪਿਆ ਖੁਸ਼ਹਾਲ।

ਸਫ਼ਰ ਏਸ ਦੀ ਰੇਲ ਤੇ, ਨਾ ਕਰਨਾ ਮਨਜ਼ੂਰ।

ਫਸੀਏ ਕਿਉਂ ਪ੍ਰਲੋਭਨਾ, ਇਸ ਲਈ ਰਹੀਏ ਦੂਰ।

ਨਫ਼ਰਤ ਪੈਦਾ ਕਰਨ ਲਈ, ਲੋਕ ਮਨਾਂ ਵਿਚਕਾਰ।

ਆਖਣ ਗੱਡੀ ਚੜ੍ਹਨ ਦਾ, ਦੇਵੋ ਛੱਡ ਵੀਚਾਰ।

ਚਿੱਠੀ ਪਾਉਣੀ ਮੂਲ ਨਾ, ਵਿੱਚ ਸਰਕਾਰੀ ਡਾਕ।

ਕਿਉਂ ਇਹਨਾਂ ਤੇ ਰੱਖੀਏ, ਆਖਣ ਕੁੱਤੇ ਝਾਕ।

ਸੂਬਾ ਸਾਹਿਬ ਸਿੰਘ ਦੇ, ਜ਼ਿੰਮੇਂ ਲਾਈ ਕਾਰ।



Sri Satguru Jagjit Singh Ji eLibrary NamdhariElibrary@gmail.com

ਨਾਲ ਬੜੀ ਹੀ ਯੋਗਤਾ, ਤੋਰੀ ਓਸ ਵੀਚਾਰ।

ਆਓ ਕਰੀਏ ਆਪਣਾ, ਆਪ ਡਾਕ ਪ੍ਰਬੰਧ।

ਸਾਨੂੰ ਸੌਖਾ ਜਾਪਦੈ, ਭਾਵੇਂ ਪੈਦਲ ਪੰਧ।

ਚਿੱਠੀ ਲੈ ਕੇ ਇੱਕ ਜਾਂ, ਜਾਵੇ ਅਗਲੇ ਪਿੰਡ।

ਦੇਵੇ ਜਾ ਕੇ ਕਿਸੇ ਨੂੰ, ਮੂਲ ਕਰਨ ਨਾ ਹਿੰਡ।

ਹੱਲ ਪੰਜਾਲੀ ਜੋਤਰਾ, ਵਿੱਚੇ ਦੇਵੋ ਛੱਡ।

ਕੂਕੇ ਹੋਵਣ ਕਦੀ ਨਾ, ਜਾਣ ਹਰਾਮੀ ਹੱਡ।

ਅਗਲਾ ਲੈ ਕੇ ਓਸ ਤੋਂ, ਅੱਗੇ ਜਾਵੇ ਦੌੜ।

ਵੇਖ ਕਰਨ ਪ੍ਰਵਾਹ ਨਾ, ਟੋਏ ਟਿੱਬੇ ਰੌੜ।

ਝਟਪਟ ਚਿੱਠੀ ਪਹੁੰਚਦੀ, ਝਟਪਟ ਸੌਰਨ ਕਾਜ।

ਨਾਲ ਗੁਪਤ ਹਰ ਗੱਲ ਦਾ, ਵੀ ਰਹਿ ਜਾਵੇ ਰਾਜ।

ਵਾਹ ਲਾਵੇ ਸਰਕਾਰ ਵੀ, ਭੇਦ ਨਾ ਖੁੱਲ੍ਹੇ ਮੂਲ।

ਥੋੜ੍ਹੀ ਖੇਚਲ ਖਰਚ ਬਿਨ, ਚੰਗਾ ਪਾਕ ਅਸੂਲ।

ਨਾਈ ਲਾਗੀ ਲੈ ਕੇ, ਜਾਣ ਸੁਨੇਹੇ ਹੋਰ।

ਕੁੜਮ ਕਬੀਲੇ ਵਾਸਤੇ, ਤੁਰੋ ਪੁਰਾਣੀ ਤੋਰ।

ਐਪਰ ਚਿੱਠੀ ਗੁਪਤ ਜੋ, ਲੈ ਕੇ ਜਾਵੋ ਆਪ।

ਜਿਕਰ ਕਰੋ ਨਾ ਮੂਲ ਵੀ, ਝੱਲ ਫ਼ਿਕਰ ਸੰਤਾਪ।

ਗੁਪਤ ਸੁਨੇਹੇ ਦੇਂਵਦੇ, ਨਾਲ ਖਾਸ ਸੰਕੇਤ।

ਸਮਝੇ ਨਾ ਕੋਈ ਦੂਸਰਾ, ਵਿਚਲਾ ਗੁੱਝਾ ਭੇਤ।

ਵਾਪਸ ਮੁੜਦੇ ਓਧਰੋਂ, ਲੈ ਆਵਣ ਸੰਦੇਸ਼।

ਇੰਜ ਚਲਾਈ ਡਾਕ ਸੀ, ਅੰਦਰ ਸਾਰੇ ਦੇਸ਼।

ਭਰਦਾ ਕੈਸੀ ਊਰਜਾ, ਸਤਿਗੁਰ ਬੜਾ ਸਰੋਤ।

ਜਿੱਦਾਂ ਭਾਂਬੜ ਬਾਲਦੀ, ਜਗਦੀ ਇੱਕੋ ਜੋਤ।

ਕਿੰਜ ਅਣਖ ਸਵੈਮਾਨ ਦੀ, ਚਾੜ੍ਹ ਚਾੜ੍ਹ ਕੇ ਪਾਣ।

ਖਾਸ ਬਣਾਏ ਓਸ ਨੇ, ਆਮ ਜਿਹੇ ਇਨਸਾਨ।

ਜੰਘੀ ਛੱਡ ਕੇ ਹਲ ਦੀ, ਔਹ ਗਿਆ ਕਿਰਸਾਨ।

ਜੁੜੇ ਜੁੜਾਏ ਹਲਟ ਦਾ, ਰਾਖਾ ਉਹ ਭਗਵਾਨ।

ਤੁਰਿਆ ਪੱਠੇ ਵੱਢਦਾ, ਦਾਤੀ ਵਿੱਚੇ ਛੱਡ।

ਖੜੀ ਖੜੋਤੀ ਰਹਿ ਗਈ, ਵਿੱਚ ਖੇਤ ਦੇ ਗੱਡ।

ਪਾਣੀ ਲਾਉਂਦੇ ਜੱਟ ਨੇ, ਮਾਰੀ ਕਹੀ ਵਗਾਹ।

ਚਿੱਠੀ ਫੜ੍ਹਕੇ ਦੌੜਿਆ, ਹੋ ਕੇ ਬੇ-ਪ੍ਰਵਾਹ।

ਵਾਢੀ ਕਰਦਾ ਨੱਸਿਆ, ਵਿੱਚੇ ਰਹਿ ਗਿਆ ਗਾਹ।

ਸਿੱਧੀ ਧਰਤੀ ਨਾਪ ਦਾ, ਰਾਹੋਂ ਗਿਆ ਕੁਰਾਹ।

ਡੰਗਰ ਵਾਗੀ ਛੱਡ ਕੇ, ਕੋਈ ਰੜੇ ਮੈਦਾਨ।

ਚਿੱਠੀ ਲੈ ਕੇ ਦੌੜਿਆ, ਬਾਕੀ ਛੱਡ ਧਿਆਨ।

ਅਹਿਰਨ ਭਖਦੀ ਛੱਡ ਕੇ, ਜਾਂਦਾ ਔਹ ਲੁਹਾਰ।

ਪਹਿਲਾ ਕਾਰਜ ਪੰਥ ਦਾ, ਪਿੱਛੋਂ ਨਿਜੀ ਵਿਹਾਰ।

ਤੇਸਾ ਸੁੱਟ ਤਰਖਾਣ ਨੇ, ਚਿੱਠੀ ਪਕੜੀ ਹੱਥ।

ਸੇਪੀ ਬੈਠੇ ਰਹਿ ਗਏ, ਅੰਦਰ ਉਸੇ ਸੱਥ।

ਭੱਤਾ ਲੈ ਕੇ ਕਿਸੇ ਨੇ, ਆਉਂਦੀ ਡਿੱਠੀ ਨਾਰ।

ਐਪਰ ਰੋਟੀ ਖਾਣ ਦਾ, ਦਿੱਤਾ ਛੱਡ ਵੀਚਾਰ।

ਤੁਰਿਆ ਜਾਂਦਾ ਮਿਲ ਪਿਆ, ਕੋਈ ਰਾਹ ਵਿਚਕਾਰ।

ਚਰਨੀਂ ਹੱਥ ਲਗਾ ਕੇ, ਮਿਲਿਆ ਨਾਲ ਪਿਆਰ।

ਇੱਕ ਦੂਜੇ ਦੇ ਨਾਲ ਨਾ, ਕੋਈ ਜਾਣ ਪਛਾਣ।

ਆਪੋ ਦੇ ਵਿੱਚ ਵਾਕਫ਼ੀ, ਵੀ ਨਾਹੀਂ ਕਰਵਾਣ।

ਐਪਰ ਮਿਲਦੇ ਫੇਰ ਵੀ, ਵਾਂਗਰ ਸੱਕੇ ਵੀਰ।

ਜਿੱਥੇ ਨਜ਼ਰੀਂ ਆ ਗਈ, ਕੂਕੇ ਦੀ ਤਸਵੀਰ।

ਇੱਕ ਦੂਜੇ ਤੋਂ ਪੁੱਛਿਆ, ਨਾ ਕੋਈ ਹਾਲ ਹਵਾਲ।

ਬੱਸ ਚਿੱਠੀ ਪਹੁੰਚਾਣ ਦਾ, ਇੱਕੋ ਇੱਕ ਖਿਆਲ।

ਜਿੱਥੇ ਚਿੱਠੀ ਪਹੁੰਚਦੀ, ਓਹੋ ਮੰਜ਼ਲ ਜਾਣ।

ਫ਼ਰਜ਼ ਸਮਝ ਕੇ ਆਪਣਾ, ਵੇਖੋ ਦੌੜਾਂ ਲਾਣ।

ਚਿਤਵਣ ਹਿੱਤ ਨਾ ਆਪਣਾ, ਨਾ ਲਾਲਚ ਦਾ ਚੋਰ।

ਇੱਕੋ ਕਾਰਜ ਕੌਮ ਦਾ, ਉਸ ਬਿਨ ਨਿਹਫਲ ਹੋਰ।

ਜਿੱਥੇ ਹੋਵੇ ਏਕਤਾ, ਤੇ ਆਤਮ ਵਿਸ਼ਵਾਸ਼।

ਆਖਣ ਨੀਵਾਂ ਹੋ ਕੇ, ਚੁੰਮੇ ਕਦਮ ਅਕਾਸ਼।

ਜਿਹੜਾ ਬੰਦਾ ਆਪਣੀ, ਕਰਦਾ ਮਦਦ ਵਿਸ਼ੇਸ਼।

ਰੱਬ ਸਹਾਇਤਾ ਓਸ ਦੀ, ਕਰਦਾ ਰਹੇ ਹਮੇਸ਼।

ਜਤ ਸਤ ਨੇਕੀ ਨਿਮਰਤਾ, ਦ੍ਰਿੜ ਸੰਕਲਪ ਵੀਚਾਰ।

ਕੌਣ ਲੁਕਾਵੇ ਓਸ ਨੂੰ, ਜੋ ਲੈਂਦਾ ਦਿਲ ਧਾਰ।

ਖਾਰਾਂ ਉੱਤੇ ਤੁਰਨ ਦੀ, ਜਿਨ੍ਹਾਂ ਸਿੱਖੀ ਜਾਚ।

ਉਹ ਖੰਡੇ ਦੀ ਧਾਰ ਤੇ, ਕਰਦੇ ਵੇਖੇ ਨਾਚ।

ਫੁੱਲਾਂ ਲੱਦੀ ਸੇਜ ਤੇ ਉਹ, ਨਾ ਪੈਰ ਟਿਕਾਉਣ।

ਘਸੀਆਂ ਡੰਡੀਆਂ ਛੱਡ ਕੇ, ਰਸਤੇ ਨਵੇਂ ਬਣਾਉਣ।

ਨੇਮ ਧਰਮ ਦੇ ਵਿੱਚ ਗੁਰਾਂ, ਕਰ ਕਰ ਕੇ ਪਰਪੱਕ।

ਸਿਰਜੇ ਅਣਖੀ ਸੂਰਮੇ, ਤੇ ਯੋਧੇ ਅਣਥੱਕ।

ਪੈਦਾ ਕੀਤੇ ਵੱਖਰੇ, ਦੇਸ਼ ਭਗਤ ਸਰਦਾਰ।

ਸੱਚੇ ਸੁੱਚੇ ਦਿਲਾਂ ਦੇ, ਸੁੱਚਾ ਸਾਫ਼ ਵਿਹਾਰ।

ਲਾਹ ਕੇ ਕੋਹੜ ਕੁਰੀਤੀਆਂ, ਕੰਚਨ ਹੋਏ ਸਰੀਰ।

ਸਦਾਚਾਰ ਦੀਆਂ ਦੌਲਤਾਂ, ਦੇ ਦੇ ਕਰੇ ਅਮੀਰ।

ਪਹਿਲਾਂ ਗੋਰੇ ਸੋਚਿਆ, ਇਹ ਮਸਤਾਨੇ ਲੋਕ।

ਦੁਨੀਆਂਦਾਰੀ ਵਾਲੜਾ, ਇਹਨਾਂ ਨੂੰ ਨਾ ਸ਼ੌਕ।

ਅੰਦਰ ਝਾਤੀ ਮਾਰ ਕੇ, ਹੋਇਆ ਬੜਾ ਗੰਭੀਰ।

ਉੱਤੋਂ ਜਾਪੇ ਪੇਤਲਾ, ਵਿੱਚੋਂ ਡੂੰਘਾ ਨੀਰ।

ਮਸਤੀ ਅੰਦਰ ਮਸਤ ਹੋ, ਕਰਦੇ ਇੰਜ ਵਿਹਾਰ।

ਲੋਕੀਂ ਕਮਲਾ ਆਖਦੇ, ਨਾ ਜਿਨ੍ਹਾਂ ਨੂੰ ਸਾਰ।

ਐਪਰ ਸਤਿਗੁਰ ਜੀ ਦੀ, ਨੀਤੀ ਬੜੀ ਵਿਸ਼ੇਸ਼।

ਅੱਖੀਂ ਘੱਟਾ ਵੈਰੀਆਂ, ਪਾਉਂਦੀ ਰਹੇ ਹਮੇਸ਼।

ਵੇਖ ਸੰਗਠਿਤ ਏਕਤਾ, ਹੋਇਆ ਚਿੰਤਾ ਲੀਨ।

ਪੈਰਾਂ ਹੇਠੋਂ ਖਿਸਕਦੀ, ਵੇਖੀ ਓਸ ਜ਼ਮੀਨ।

ਝੱਲ ਵਲੱਲੇ ਲੋਕ ਇਹ, ਵਿੱਚੋਂ ਬੜੇ ਜਹੀਨ।

ਮਨਸ਼ਾ ਰੱਖਣ ਹੋਰ ਹੀ, ਸੋਚਣ ਸੋਚ ਮਹੀਨ।

ਇਹਨਾਂ ਦੇ ਲਈ ਗੁਰੂ ਦਾ ਹਰ ਬਚਨ ਇਲਹਾਮ।

ਇੱਕ ਇਸ਼ਾਰਾ ਪਾ ਕੇ, ਵਾਰਨ ਜਾਨ ਤਮਾਮ।

ਬੀਜ ਫੁੱਟ ਦਾ ਮੌਲਦਾ, ਏਥੇ ਨਾਹੀ ਮੂਲ।

ਮਿੱਟੀ ਨਾਮਧਾਰੀਆਂ ਦੀ, ਨਾਹੀ ਅਨਕੂਲ।

ਵਫ਼ਾਦਾਰ ਸਰਕਾਰ ਦੇ, ਹੋਣ ਨਾ ਦੇਵੋ ਚੀਰ।

ਵੇਚਣ ਨਾ ਇਹ ਆਪਣੀ, ਉੱਕਾ ਪਾਕ ਜ਼ਮੀਰ।

ਨਾ ਦੌਲਤ ਤੇ ਡੋਲਦੇ, ਨਾ ਹੂਰਾਂ ਦਾ ਚਾਅ।

ਕਿਉਂਕਿ ਸਮਝਣ ਏਸ ਨੂੰ, ਉਹ ਨਰਕਾਂ ਦਾ ਰਾਹ।

ਪੀਣ ਸ਼ਰਾਬਾਂ ਇਹ ਨਾ, ਖਾਂਦੇ ਨਹੀਂ ਕਬਾਬ।

ਨਾ ਫੈਸ਼ਨ ਤੇ ਰੀਝਦੇ, ਸਮਝਣ ਰੀਤ ਖ਼ਰਾਬ।

ਧਨ ਜੋੜਨ ਦਾ ਚਾਅ ਨਾ, ਨਾ ਮੰਦਰ ਅਨਮੋਲ।

ਸੁਣ ਕੇ ਮੁਲ਼ ਨਾ ਵਿਚਲਦੇ, ਪ੍ਰਲੋਭਨ ਦੇ ਢੋਲ।

ਸੁਰਗੋਂ ਲਹਿਣ ਅਪਸਰਾਂ, ਹੁਸਨ ਕਾਮ ਦੇ ਜੰਗ।

ਇਹਨਾਂ ਦਾ ਤਪ ਉਹ ਵੀ, ਕਰ ਨਾ ਸੱਕਣ ਭੰਗ।

ਕਾਮਦੇਵ ਤੇ ਰਤੀ ਵੀ, ਜੇਕਰ ਬਾਣ ਚਲਾਉਣ।

ਜਾਵਣ ਏਥੋਂ ਹਾਰ ਕੇ, ਡਾਢੇ ਪਛੋਤਾਉਣ।

ਨਾ ਇਹ ਡਰਦੇ ਦੰਡ ਤੋਂ, ਨਾ ਇਹ ਲੈਂਦੇ ਦਾਮ।

ਭੇਦ ਨਾ ਦੇਂਦੇ ਮੂਲ ਇਹ, ਹੋਣ ਨਾ ਸਾਡੇ ਸਾਮ।

ਜਥੇਬੰਦੀਆਂ ਐਸੀਆਂ, ਜਿੱਥੇ ਪੈਦਾ ਹੋਣ।

ਓਥੇ ਤਖਤੇ ਪਲਟਦੇ, ਜਰਾ ਦੇਰ ਨਾ ਲਾਉਣ।

ਛੋਟੇ ਇੱਕ ਗ੍ਰਾਮ ਤੋਂ, ਕੰਬ ਰਿਹਾ ਸੰਸਾਰ।

ਜਿੱਥੋਂ ਤੱਕ ਅੰਗ੍ਰੇਜ਼ ਸੀ, ਬੈਠਾ ਪੈਰ ਪਸਾਰ।

ਵਾ ਵਰੋਲਾ ਉੱਠਿਆ, ਭੈਣੀ ਵਿੱਚੋਂ ਤੇਜ਼।

ਕੱਖਾਂ ਵਾਂਗੂ ਵੇਖ ਕੇ, ਕੰਬ ਗਿਆ ਅੰਗ੍ਰੇਜ਼।

---o---

ਭਾਵੇਂ ਜਿਗਰਾ ਸ਼ੇਰ ਦਾ, ਸ਼ੇਰਾਂ ਵਰਗੀ ਤੋਰ।



Sri Satguru Jagjit Singh Ji eLibrary NamdhariElibrary@gmail.com

ਸ਼ੇਰਾਂ ਵਰਗਾ ਹੌਸਲਾ, ਚਿਹਰੇ ਤੇ ਲਿਸ਼ਕੋਰ।

ਸ਼ੇਰਾਂ ਵਰਗੀ ਗਰਜਣਾ, ਸ਼ੇਰਾਂ ਜਿਹਾ ਸਰੀਰ।

ਫਿਰ ਵੀ ਜਾਪੇ ਧਰਮ ਦੀ, ਉਹ ਸੋਹਣੀ ਤਸਵੀਰ।

ਸ਼ੇਰਾ ਵਰਗੇ ਚਿਹਨ ਚੱਕਰ, ਸ਼ੇਰਾਂ ਵਰਗੀ ਡੀਲ।

ਸ਼ੇਰਾਂ ਵਾਂਗੂ ਬੇ–ਖ਼ੌਫ਼, ਸ਼ੇਰਾਂ ਜਿਹੀ ਦਲੀਲ।

ਦਏ ਨਿਮਾਣੇ ਜੀਆਂ ਨੂੰ, ਜੀਵਨ ਦਾਨ ਹਮੇਸ਼।

ਮਾਰੇ ਮਿਰਗ ਮਾਸੂਮ ਨਾ, ਤਾਂ ਕਹੀਏ ਮ੍ਰਿਗੇਸ਼।

ਐਪਰ ਮਾਰੇ ਓਸ ਨੇ, ਹਉਮੈ ਤੇ ਹੰਕਾਰ।

ਕਾਮ ਕਰੋਧ ਲੋਭ ਮੋਹ, ਪੰਜੇ ਜਾਣ ਵਿਕਾਰ।

ਮਾਰ ਮਾਰ ਕੇ ਮਨਾਂ ’ਚੋਂ, ਕੱਢੇ ਓਸ ਸ਼ੈਤਾਨ।

ਸੱਚ ਦੀ ਕੰਧ ਉਸਾਰ ਕੇ, ਰੋਕੇ ਝੂਠ ਤੂਫ਼ਾਨ।

ਉਹ ਮਾਰੇ ਭਬਕਾਰ ਜਾਂ, ਖੜ੍ਹਕੇ ਵਿੱਚ ਦੀਵਾਨ।

ਗਿੱਦੜ ਬਿੱਲੇ ਪਾਪ ਦੇ, ਫਿਰਨ ਲੁਕੌਂਦੇ ਜਾਨ।

ਉਸ ਦਾ ਸੀਨਾ ਵੇਖ ਕੇ, ਕੰਬ ਗਏ ਅੰਗ੍ਰੇਜ਼।

ਨੀਂਦਰ ਹੋਈ ਹਰਾਮ ਸੀ, ਤੜਪਣ ਉੱਤੇ ਸੇਜ।

ਜਿੱਥੋਂ ਜਾਵੇ ਲੰਘਦਾ, ਭੱਜਣ ਦੇਸ਼ ਗੱਦਾਰ।

ਦੇਂਦੇ ਸੂਹਾਂ ਜਾ ਕੇ, ਉਹ ਗੀਦੀ ਸਰਦਾਰ।

ਕੰਬੀ ਬੈਠੀ ਤਖਤ ਤੇ, ਮਲਕਾ ਦੀ ਸਰਕਾਰ।

ਧਮਕ ਪਈ ਇੰਗਲੈਂਡ ਜਾ, ਲੰਦਨ ਦੇ ਵਿਚਕਾਰ।

ਹੈਰਤ ਹੋਈ ਬਿੱਲਿਆਂ, ਇਹ ਕੈਸਾ ਇਨਸਾਨ।

ਰੂਪ ਧਾਰ ਕੇ ਸ਼ੇਰ ਦਾ, ਆਇਆ ਵਿੱਚ ਜਹਾਨ।

ਇੱਕ ਇਸ਼ਾਰਾ ਏਸ ਦਾ, ਰੱਬੀ ਹੁਕਮ ਸਮਾਨ।

ਖੁੰਬਾਂ ਵਾਂਗੂ ਉੱਠਦੇ, ਜਾਨ ਕਰਨ ਕੁਰਬਾਨ।

ਇਹਦੇ ਹੁੰਦਿਆਂ ਸੁੰਦਿਆਂ, ਪਾਈਏ ਕਿੱਦਾਂ ਫੁੱਟ।

ਵੇਖ ਡਸਿਪਲਨ ਕੂਕਿਆਂ, ਗਏ ਹੌਂਸਲੇ ਟੁੱਟ।

ਗਿੱਦੜ ਬਿੱਲੇ ਰਲ ਕੇ, ਲੱਗੇ ਬਣਤ ਬਣਾਉਣ।

ਧੋਖੇ ਅਤੇ ਫਰੇਬ ਦਾ, ਚੋਰੀ ਜਾਲ ਵਿਛਾਉਣ।

ਪਏ ਬਹਾਨੇ ਢੂੰਡਦੇ, ਕਰੀਏ ਕਿੱਦਾਂ ਵਾਰ।

ਸੋਚਣ ਲੱਗੇ ਏਸ ਨੂੰ, ਕੱਢੀਏ ਦੇਸ਼ੋਂ ਬਾਹਰ।



Sri Satguru Jagjit Singh Ji eLibrary NamdhariElibrary@gmail.com

## ਕਾਂਡ – ੫

## ਕਾਫ਼ਲੇ ਦਾ ਵਧਣਾ

ਵੱਡਾ ਹੋਇਆ ਕਾਫ਼ਲਾ, ਖੁੱਲ੍ਹਣ ਲੱਗੀ ਚਾਪ।

ਵਾਂਗਰ ਕੌੜੀ  ਵੇਲ ਦੇ, ਫੈਲ ਗਿਆ ਪ੍ਰਤਾਪ।

ਸਤਿਗੁਰ ਸਾਗਰ ਸੱਚ ਦਾ, ਹੁੰਦਾ ਜਾਏ ਵਿਸ਼ਾਲ।

ਨਦੀਆਂ ਨਾਲੇ ਵਾਂਗਰਾਂ, ਲੋਕ ਰਲਣ ਆ ਨਾਲ।

ਏਥੇ ਆ ਕੇ ਆਤਮਾ, ਹੁੰਦੀ ਚਿੰਤ ਵਹੀਣ।

ਸਤਿਗੁਰ ਸੁਧਾ ਸਰੋਵਰੋਂ, ਆ ਅੰਮ੍ਰਿਤ ਰਸ ਪੀਣ।

ਕਾਗੋਂ ਹੰਸ ਬਣਾਂਵਦਾ, ਉਸ ਦਾ ਸ਼ੁੱਭ ਉਪਦੇਸ਼।

ਛੱਡ ਆਚਰਣ ਹੀਣਤਾ, ਬਣ ਜਾਂਦੇ ਦਰਵੇਸ਼।

ਬਹੁਤੇ ਏਥੇ ਆਣ ਕੇ, ਐਸੇ ਹੋਏ ਨਿਹਾਲ।

ਏਥੋਂ ਦੇ ਹੀ ਹੋ ਗਏ, ਪਿਛਲਾ ਭੁੱਲ ਖਿਆਲ।

## ਮੰਗਲ ਸਿੰਘ ਬਿਸ਼ਨਪੁਰੀਏ ਨੇ ਚੀਨੀ ਘੋੜੀ ਭੇਟ ਕਰਨੀ

ਬਿਸ਼ਨਪੁਰੇ ਸੀ ਪਿੰਡ ਦਾ, ਮੰਗਲ ਸਿੰਘ ਸਰਦਾਰ।

ਮਹਾਰਾਜੇ ਪਟਿਆਲੀਏ, ਦਾ ਉਹ ਰਿਸ਼ਤੇਦਾਰ।

ਨੈਣੀ ਉਹਦੇ ਪਈ ਜਾਂ, ਸਤਿਗੁਰ ਦੀ ਲਸ਼ਕੋਰ।

ਫੁੱਟੀ ਸੀਨੇ ਅੰਦਰੋਂ, ਇੱਕ ਅਨੋਖੀ ਭੋਰ।

ਸਤਿਗੁਰ ਦੇ ਉਪਦੇਸ਼ ਨੇ, ਲੀਤਾ ਕੀਲ ਬਹਾ।

ਉੱਚ ਆਦਰਸ਼ ਵੇਖ ਕੇ, ਦਿੱਤਾ ਸੀਸ ਝੁਕਾ।

ਅੰਦਰ ਉਹਦੇ ਜਾਗਿਆ, ਸ਼ਰਧਾ ਅਤੇ ਬਿਬੇਕ।

ਘੋੜੀ ਚੀਨੀ ਰੰਗ ਦੀ, ਦਿੱਤੀ ਮੱਥਾ ਟੇਕ।

ਚਿੱਟੀ ਵਾਂਗਰ ਦੁੱਧ ਦੇ, ਧੁੱਪ ਜਿਹੀ ਲਿਸ਼ਕੋਰ।

ਆਖਣ ਅੱਥਰੀ ਬੜੀ ਉਹ, ਅੜੀਅਲ ਤੇ ਮੂੰਹ ਜੋਰ।

ਐਪਰ ਸਤਿਗੁਰ ਜੀ ਨੇ, ਐਸੀ ਲੀਤੀ ਕੀਲ।

ਹੱਥ ਫੇਰਿਆ ਕੰਡ ਤੇ, ਹੋਈ ਤੁਰਤ ਅਸੀਲ।

ਏਸੇ ਕਰਕੇ ਆਪ ਨੂੰ, ਚੀਨੀ ਤੇ ਅਵਲੋਕ।

ਚੀਨੀ ਵਾਲਾ ਪਾਤਸ਼ਾਹ, ਆਖਣ ਲੱਗੇ ਲੋਕ।

### ਬਾਬਾ ਜਵਾਹਰ ਸਿੰਘ ਦਾ ਮਿਲਾਪ

ਬਾਬਾ ਇੱਕ ਜਵਾਹਰ ਸਿੰਘ, ਸਾਧੂ ਨਿਰਮਲ ਰੀਤ।

ਭਗਵਾ ਬਾਣਾ ਪਹਿਨਦੇ, ਪਹਿਲਾਂ ਨਾਲ ਪ੍ਰੀਤ।

ਸੱਜੇ ਮਾਲਾ ਫੇਰਦੇ, ਚਿੱਪੀ ਖੱਬੇ ਹੱਥ।



Sri Satguru Jagjit Singh Ji eLibrary NamdhariElibrary@gmail.com

ਖਿੱਚੇ ਮਿਕਨਾਤੀਸੀ ਨੇ, ਕਥਨੀ ਸੁਣੀ ਅਕੱਥ।

ਲੋਪੋ ਬਧਨੀ* ਪਿੰਡ ਤੋਂ, ਆਏ ਭੈਣੀ ਚੱਲ।

ਅੱਖੀਂ ਵੇਖਣ ਆ ਗਏ, ਸੁਣੀ ਸੁਣਾਈ ਗੱਲ।

ਰਾਹੇ ਰਾਹੇ ਆਉਂਦਿਆਂ, ਭੈਣੀ ਤੋਂ ਕੁਝ ਬਾਹਰ।

ਸੋਚਣ ਰਸਤਾ ਪੁੱਛੀਏ, ਕਿਸੇ ਅਵਾਜ਼ਾ ਮਾਰ।

ਆਏ ਓਧਰ ਸਤਿਗੁਰੂ, ਬਾਹਰੋਂ ਮਾਰ ਮੈਦਾਨ।

ਹੱਥ ਵਿੱਚ ਗੜਵਾ ਪਕੜਕੇ, ਵਾਂਗ ਆਮ ਇਨਸਾਨ।

ਫਤਹਿ ਬੁਲਾਈ ਆਪ ਨੇ, ਬਾਬੇ ਨੂੰ ਤਤਕਾਲ।

ਸੁੱਖ ਸਾਂਦ ਸਭ ਪੁੱਛ ਕੇ, ਲੈ ਕੇ ਤੁਰ ਪਏ ਨਾਲ।

ਕੀਤੀ ਟਹਿਲ ਤਵਾਜਿਆ, ਨਾਲ ਬੜੇ ਸਤਿਕਾਰ।

ਹੱਥੀਂ ਸਤਿਗੁਰ ਜੀ ਨੇ, ਹਿਰਦੇ ਧਾਰ ਪਿਆਰ।

ਪਿੱਛੋਂ ਬਾਬੇ ਪੁੱਛਿਆ, ਕਰ ਪਹਿਲਾਂ ਜਲ ਪਾਨ।

ਪ੍ਰਭ ਜੀ ਕਿੱਥੇ ਮਿਲਣਗੇ, ਦੱਸੋ ਪਤਾ ਨਿਸ਼ਾਨ।

ਸਤਿਗੁਰ ਜੀ ਹੱਥ ਜੋੜ ਕੇ, ਹੋਏ ਨਿਮਰ ਵਿਚਾਰ।

ਹਾਜ਼ਰ ਹੋਇਆ ਦਾਸ ਹੈ, ਹੁਕਮ ਕਰੋ ਸਰਕਾਰ।

ਵੇਖ ਨਜ਼ਾਰਾ ਸਤਿਯੁਗੀ, ਮਨ ਹੋਇਆ ਵਿਸਮਾਦ।

ਸ਼ਾਂਤ ਆਈ ਚਿੱਤ ਤ੍ਰਿਪਤਿਆ, ਭਰਿਆ ਸੁਧਾ ਸਵਾਦ।

ਵੇਖੀ ਜਾਂ ਨਿਰਮਾਣਤਾ, ਨਿਰਛਲ ਨਿਰਮਲ ਬੁੱਧ।

ਤਾਤ ਪਰਾਈ ਵਿਸਰੀ, ਬਿਰਤੀ ਹੋਈ ਸ਼ੁੱਧ।

ਬੂੰਦ ਅਕਾਸ਼ੋਂ ਉੱਤਰੀ, ਅੰਦਰ ਸਿੱਧ ਸਮਾ।

ਸੁੱਚਾ ਮੋਤੀ ਹੋ ਗਈ, ਸਾਥ ਅਨੋਖਾ ਪਾ।

ਜਾਂ ਫਿਰ ਡਿੱਗੀ ਜਾਣਿਓਂ, ਜਾ ਸਾਗਰ ਦੇ ਨੀਰ।

ਸਾਗਰ ਵਿੱਚ ਸਮਾ ਕੇ, ਸਾਗਰ ਹੋਈ ਅਖੀਰ।

ਦੇ ਗੁਰਮੰਤਰ ਕੰਨ ਵਿੱਚ, ਦਾਤੇ ਲਾਈ ਜਾਗ।

ਖੁੱਲ੍ਹੇ ਕਰਮ ਕਪਾਟ ਸੁਣ, ਜਾਗੇ ਚੰਗੇ ਭਾਗ।

ਸੂਬਾ ਸਤਿਗੁਰ ਥਾਪਿਆ, ਜਾਣ ਬਹੁਤ ਵਿਦਵਾਨ।

ਲੱਕ ਬੰਨ੍ਹ ਕੇ ਲੱਗ ਪਏ, ਵੰਡਣ ਅਮਰ ਗਿਆਨ।

* ਪਿਛਲਾ ਪਿੰਡ ਸੋਹਲ (ਅੰਮ੍ਰਿਤਸਰ) ਨਾਨਕੇ ਪਿੰਡ ਬਚਪਨ ਵਿੱਚ ਆਏ, ਭਾਈ ਕੀ ਡਰੋਲੀ (ਮੋਗਾ) ਕਈ ਪਿੰਡਾਂ ਵਿੱਚ ਵਿਚਰਦੇ ਸਨ।

## ਬ੍ਰਹਮ ਸੁੱਧ ਦਾ ਮਿਲਾਪ

ਅੰਮ੍ਰਿਤਸਰ ਦੇ ਜ਼ਿਲ੍ਹੇ ਦਾ, ਇੱਕ ਉਦਾਸੀ ਸਾਧ।

ਨਾਮ ਬ੍ਰਹਮ ਸੁੱਧ ਸੀ, ਹੋਰ ਲਿਆ ਮਨ ਸਾਧ।

ਭੈਣੀ ਵਾਲੇ ਕੋਲ ਉਸ, ਤਨ ਮਨ ਦਿੱਤਾ ਵੇਚ।

ਨਾਮ ਗੁਰਾਂ ਨੇ ਸਾਹਬ ਸਿੰਘ, ਰੱਖਿਆ ਨਾਲ ਉਚੇਚ।



. Sri Satguru Jagjit Singh Ji eLibrary NamdhariElibrary@gmail.com .

ਇਹ ਵੀ ਸੂਬੇ ਥਾਪ ਕੇ, ਲਾਏ ਧਰਮੀ ਕਾਰ।
ਕੁੱਝ ਡਾਕ ਪ੍ਰਬੰਧ ਦੇ, ਕੀਤੇ ਜ਼ਿੰਮੇਵਾਰ।

## ਰਾਇ ਸਿੰਘ ਦਾ ਮਿਲਾਪ

ਜ਼ਿਲ੍ਹੇ ਫਿਰੋਜ਼ਪੁਰ ਦਾ, ਪਿੰਡ ਮਦੀਹਰ ਜਾਣ।
ਰਾਇ ਸਿੰਘ ਸਰਦਾਰ ਸੀ, ਚੰਗਾ ਵਿਦਿਆਵਾਨ।
ਉਹ ਪੰਜਾਬੀ ਹਿੰਦਵੀ, ਭਾਸ਼ਾ ਬ੍ਰਿਜ ਵੀਚਾਰ।
ਗੁਰਬਾਣੀ ਦੇ ਅਰਥ ਵੀ, ਨਾਲ ਕਰੇ ਸਤਿਕਾਰ।
ਸੰਸਕ੍ਰਿਤ ਦਾ ਓਸ ਨੂੰ, ਚੰਗਾ ਬੜਾ ਗਿਆਨ।
ਏਸੇ ਕਰਕੇ ਆਖਦੇ, ਲੋਕ ਬਹੁਤ ਵਿਦਵਾਨ।
ਉਹ ਵੀ ਭੈਣੀ ਆਣ ਕੇ, ਗਿਆ ਗੁਰਾਂ ਦਾ ਹੋ।
ਤਨ ਮਨ ਪਾਵਨ ਕਰ ਲਿਆ, ਮਿਲੀ ਅਗੰਮੀ ਲੋ।
ਵੇਖ ਨਿਡਰਤਾ ਓਸ ਦੀ, ਸਤਿਗੁਰ ਦੀਨ ਦਿਆਲ।
ਅਬਚਲ ਨਗਰੀ ਭੇਜਿਆ, ਕਰਕੇ ਨੇਕ ਖਿਆਲ।
ਮਰਿਆਦਾ ਦਸਮੇਸ਼ ਜੀ, ਜੋ ਚਲਵਾਈ ਰੀਤ।
ਆਖਣ ਲਿਖ ਲੈ ਆਵਣੀ, ਸਾਰੀ ਨਾਲ ਪ੍ਰੀਤ।
ਭੇਟਾ ਲੈਣੀ ਮੂਲ ਨਾ, ਨਾ ਮੰਗਣਾ ਹੱਥ ਅੱਡ।


Sri Satguru Jagjit Singh Ji eLibrary NamdhariElibrary@gmail.com

ਸੇਵਾ ਕਰਨੀ ਓਸ ਥਾਂ, ਮਨੋਂ ਤਕਬੱਰ ਛੱਡ।

ਉਹ ਪੈਂਡਾ ਅਣਵੇਖਿਆ, ਬਿਖੜਾ ਪੈਦਲ ਰਾਹ।

ਸੂਰਮਿਆਂ ਦੇ ਬਾਝ ਉਹ, ਕਿਹੜਾ ਸੱਕੇ ਗਾਹ।

ਪੰਧ ਬਾਰਾਂ ਸੌ ਮੀਲ ਦਾ, ਪ੍ਰਦੇਸਾਂ ਦੀ ਵਾਟ।*

ਕਮਰਕੱਸਾ ਕੱਸ ਕੇ, ਤੁਰਿਆ ਬਿਖੜੇ ਘਾਟ।

ਕਰ ਲੈਂਦਾ ਵਿਸ਼ਰਾਮ ਉਹ, ਜਿੱਥੇ ਪੈਂਦੀ ਰਾਤ।

ਅੰਮ੍ਰਿਤ ਵੇਲੇ ਉੱਠ ਕੇ, ਤੁਰ ਪੈਂਦਾ ਪ੍ਰਭਾਤ।

ਇੱਕ ਦਿਹਾੜੇ ਰਾਹ ਵਿੱਚ, ਮਿਲਿਆ ਸਾਥੀ ਹੋਰ।

ਪਤਾ ਨਹੀਂ ਉਹ ਸਾਧ ਸੀ, ਜਾਂ ਸੀ ਦਿਲ ਦਾ ਚੋਰ।

ਆਖਣ ਲੱਗਾ ਮੈਂ ਵੀ, ਜਾਣਾ ਏਸੇ ਵਾਟ।

ਭੇਤੀ ਹਾਂ ਮੈਂ ਰਾਹ ਦਾ, ਵੇਖੇ ਸਾਰੇ ਘਾਟ।

ਇੱਕ ਇੱਕ ਹੀ ਹੋਂਵਦੇ, ਹੋਣ ਗਿਆਰਾਂ ਦੋ।

ਚਿੰਤਾ ਮਨ ਤੋਂ ਉੱਤਰੇ, ਜਾਈਏ ਇੱਕ ਮਿਕ ਹੋ।

ਗੱਲਾਂ ਬਾਤਾਂ ਕਰਦਿਆਂ, ਹੋ ਕੇ ਬੇ-ਪ੍ਰਵਾਹ।

ਲੋਕੀਂ ਆਖਣ ਮੁੱਕਦਾ, ਜਲਦ ਲਮੇਰਾ ਰਾਹ।

ਆਇਆ ਬੇਲਾ ਸੰਘਣਾ, ਉੱਤੋਂ ਆਈ ਰਾਤ।

ਰਾਇ ਸਿੰਘ ਨੇ ਆਖਿਆ, ਜਰਾ ਬਦਲ ਕੇ ਬਾਤ।

ਦੱਸਿਆ ਪਾਂਧੀ ਕਿਸੇ ਨੇ, ਏਥੇ ਪੈਂਦਾ ਸ਼ੇਰ।

ਮਾਰ ਦਵੇ ਉਹ ਆਦਮੀ, ਜਰਾ ਨਾ ਲਾਵੇ ਦੇਰ।

ਚੌਂਕੀ ਜਾ ਕੇ ਕੱਟਣੀ, ਜੰਗਲ ਦੇ ਵਿੱਚ ਰਾਤ।

ਫੌਜੀ ਪਹਿਰੇਦਾਰ ਨੇ, ਸ਼ੇਰ ਨਾ ਪਾਵੇ ਝਾਤ।

ਆਓ ਚੌਂਕੀ ਲੱਭੀਏ, ਲਈਏ ਸੁੱਖ ਦਾ ਸਾਹ।

ਵਿੱਚ ਬੇਲਿਆਂ ਸ਼ੇਰ ਦਾ, ਕਰਨਾ ਬੁਰਾ ਵਸਾਹ।

ਸਾਥੀ ਸੁਣ ਕੇ ਬੋਲਿਆ, ਬਾਤ ਓਸ ਦੀ ਰੋਕ।

ਨਾਮ ਰਖਾਇਐ ਸਿੰਘ, ਤੂੰ ਉਂਜ ਬੜੈ ਡਰਪੋਕ।

ਕੱਛਾਂ ਵਾਲੇ ਆਖਦੇ, ਬੜੇ ਡਰਾਕਲ ਹੋਣ।

ਡਰਨ ਹਨੇਰੀ ਰਾਤ ਤੋਂ, ਗਿੱਦੜ ਵਾਂਗੂੰ ਰੋਣ।

ਐਥੇ ਥਾਂ ਨਿਵੇਕਲਾ, ਰਹੀਏ ਲੰਮੇ ਪੈ।

ਆਦਮੀਆਂ ਨੂੰ ਵੇਖ ਕੇ, ਦੂਰ ਹਟੇ ਹਰ ਸ਼ੈ।

ਗੱਲਾਂ ਬਾਤਾਂ ਕਰਦਿਆਂ, ਜਰਾ ਬੀਤਾਈਏ ਰਾਤ।

ਬਾਕੀ ਰਾਖੀ ਕਰਾਂਗਾ, ਮੈਂ ਤੀਕਰ ਪ੍ਰਭਾਤ।

ਜੇਕਰ ਤੂੰ ਹੈਂ ਥੱਕਿਆ, ਸੌਂ ਜਾ ਲੰਮੀਆਂ ਤਾਣ।

ਧਰ ਸਤਿਗੁਰ ਤੇ ਆਸਰਾ, ਉਸ ਨੂੰ ਸੌਂਪ ਪ੍ਰਾਣ।

ਇਹ ਆਖ ਕੇ ਓਸ ਨੇ, ਆਸਣ ਲਿਆ ਵਿਛਾ।

ਰਾਇ ਸਿੰਘ ਤੋਂ ਦਸ ਕਦਮ, ਜਰਾ ਦੁਰਾਡਾ ਜਾ।

ਰਾਇ ਸਿੰਘ ਵੀ ਬੈਠ ਕੇ, ਫੇਰ ਕਰੀ ਅਰਦਾਸ।



Sri Satguru Jagjit Singh Ji eLibrary NamdhariElibrary@gmail.com

ਪੜ੍ਹਿਆ ਸੋਹਿਲਾ ਕੀਰਤਨ, ਮਨ ਹੋਈ ਧਰਵਾਸ।

ਜਦ ਉਸ ਮੱਥਾ ਟੇਕ ਕੇ, ਜਰਾ ਉਠਾਇਆ ਸੀਸ।

ਵੇਖ ਦ੍ਰਿਸ਼ ਡਰਾਵਣਾ, ਅੰਦਰੋਂ ਉੱਠੀ ਚੀਸ।

ਬੇਲੇ ਵਿੱਚੋਂ ਨਿਕਲ ਕੇ, ਆਇਆ ਬੱਬਰ ਸ਼ੇਰ।

ਸਾਥੀ ਉੱਤੇ ਝਪਟਿਆ, ਜਰਾ ਨਾ ਲਾਈ ਦੇਰ।

ਅੱਖ ਪਲਕ ਵਿੱਚ ਚੀਰਿਆ, ਵਾਂਗਰ ਖੱਦੀ ਲੀਰ।

ਖ਼ੂਨ ਫਵਾਰਾ ਛੁੱਟਿਆ, ਹੋਇਆ ਸੀਤ ਸਰੀਰ।

ਉਹਦਾ ਕਾਮ ਤਮਾਮ, ਕਰ ਵੇਖੇ ਨਜ਼ਰਾਂ ਫੇਰ।

ਰਾਇ ਸਿੰਘ ਦੇ ਵੇਖ ਕੇ, ਨੈਣੀ ਪਿਆ ਹਨੇਰ।

ਪਕੜ ਝੰਜੋੜੇ ਲਾਸ਼ ਨੂੰ, ਖਿੱਚ ਖਿੱਚ ਤੋੜੇ ਮਾਸ।

ਵਿੱਚ ਵਿੱਚ ਸੁਣ ਕੇ ਗਰਜਦਾ, ਉੱਡਣ ਹੋਸ਼ ਹਵਾਸ।

ਰਾਇ ਸਿੰਘ ਨੇ ਸੋਚਿਆ, ਸੰਕਟ ਫਸੇ ਪ੍ਰਾਣ।

ਜੇਕਰ ਚਾਹਾਂ ਦੌੜਨਾ, ਤਾਂ ਵੀ ਦਏ ਨਾ ਜਾਣ।

ਆਖਰ ਜਾਪੀ ਓਸ ਨੂੰ, ਇਹ ਚੰਗੀ ਤਦਬੀਰ।

ਸੁੱਟਾਂ ਡੋਰੀ ਓਸ ਤੇ, ਜੋ ਘੜਦਾ ਤਕਦੀਰ।

ਗਲ ਵਿੱਚ ਪੱਲਾ ਪਾ ਕੇ, ਤੇ ਦੋਵੇਂ ਹੱਥ ਜੋੜ।

ਕਰਨ ਲੱਗਾ ਅਰਦਾਸ, ਉਹ ਮਨੋ ਵਿਸਵਸੇ ਤੋੜ।

ਆਖੇ ਅੱਖਾਂ ਮੀਟ ਕੇ, ਕਰੋ ਸਹਾਇਤਾ ਆਪ।

ਸੰਕਟ ਮੋਚਨ ਦੁੱਖ ਹਰੋ, ਦੂਰ ਕਰੋ ਸੰਤਾਪ।

ਤਾਰੋ ਜਿੱਦਾਂ ਤਾਰਿਆ, ਤੁਸੀਂ ਭਗਤ ਪ੍ਰਹਿਲਾਦ।

ਮਾਰੋ ਮੇਰੀ ਜਾਨ ਦਾ, ਵੈਰੀ ਸ਼ੇਰ ਜਲਾਦ।

ਜਿਉਂ ਗਜਰਾਜ ਉਭਾਰਿਆ, ਚੱਕਰ ਸੁਦਰਸ਼ਨ ਨਾਲ।

ਮਾਰੋ ਤੰਦੂਏ ਵਾਂਗਰਾਂ, ਇਹ ਜ਼ਾਲਮ ਵਿਕਰਾਲ।

ਇੱਕ ਮਨ ਤੇ ਇੱਕ ਚਿੱਤ ਹੋ, ਕਰਦਾ ਰੋਕ ਸਵਾਸ।

ਬ੍ਰਿਥਾ ਕਹਿਣ ਨਾ ਜਾਂਵਦੀ, ਇਹ ਜਨ ਕੀ ਅਰਦਾਸ।

ਆ ਜਾ ਚੀਨੀ ਵਾਲਿਆ, ਧਾਰੀ ਤੇਰੀ ਓਟ।

ਆਣ ਚੁਫੇਰ ਉਸਾਰ ਦੇ, ਰਾਮ ਨਾਮ ਦਾ ਕੋਟ।

ਨਹੀਂ ਤੇ ਕਾਰਜ ਪੰਥ ਦਾ, ਕਦੇ ਨਾ ਚੜ੍ਹਸੀ ਤੋੜ।

ਨਾ ਮਰਿਆਦਾ ਆਵਣੀ, ਜਿਸ ਦੀ ਡਾਢੀ ਲੋੜ।

ਫਿਰ ਅਰਦਾਸਾ ਸੋਧ ਕੇ, ਮਸਤਕ ਜਰਾ ਝੁਕਾ।

ਡਿੱਠਾ ਗਰਦਨ ਮੋੜ ਕੇ, ਕੌਤਕ ਅਜਬ ਭਿਆ।

ਦਿਸਿਆ ਚੀਨੀ ਵਾਲੜੇ, ਆਣ ਹਜ਼ਾਰਾਂ ਮੀਲ।

ਝੱਟ ਪਰਤਾਇਆ ਸ਼ੇਰ ਨੂੰ, ਐਸੀ ਕੀਤੀ ਕੀਲ।

ਬਿਨੈ ਕਰੀ ਜਾਂ ਰਾਇ ਸਿੰਘ, ਖੜਕੀ ਦਿਲ ਦੀ ਤਾਰ।

ਪਲ ਵਿੱਚ ਪਹੁੰਚੇ ਓਸ ਥਾਂ, ਹੋ ਵੀਨੀ ਅਸਵਾਰ।

ਰਾਇ ਸਿੰਘ ਤੇ ਸ਼ੇਰ ਦੇ, ਆਣ ਖੜ੍ਹੇ ਵਿਚਕਾਰ।

ਕੀਤਾ ਰਾਇ ਸਿੰਘ ਨੇ, ਫਿਰ ਪ੍ਰਤੱਖ ਦੀਦਾਰ।

ਵੱਲ ਸ਼ੇਰ ਦੇ ਵੇਖਿਆ, ਨਜ਼ਰ ਮਿਹਰ ਦੀ ਫੇਰ।

ਕਰਕੇ ਨਜ਼ਰਾਂ ਨੀਵੀਂਆਂ, ਪਰਤ ਗਿਆ ਉਹ ਸ਼ੇਰ।

ਸਹਿਜੇ ਸਹਿਜੇ ਹੋ ਗਿਆ, ਜੰਗਲ ਵਿੱਚ ਵਿਲੀਨ।

ਰਾਇ ਸਿੰਘ ਨੂੰ ਵੇਖ ਕੇ, ਹੋਇਆ ਫੇਰ ਯਕੀਨ।

ਛੱਡ ਚੀਥੜੇ ਤੁਰ ਗਿਆ, ਸਾਥੀ ਦੇ ਵਿਚਕਾਰ।

ਸੀਸ ਝੁਕਾ ਕੇ ਰਾਇ ਸਿੰਘ, ਹੋਇਆ ਸ਼ੁਕਰਗੁਜ਼ਾਰ।

ਸੁਪਨੇ ਵਿੱਚੋਂ ਜਾਗਿਅ,ਾ ਜਿਵੇਂ ਸੰਭਾਲੀ ਹੋਸ਼।

ਸਤਿਗੁਰ ਜੀ ਦੇ ਸਿੱਖ ਨੇ, ਸ਼ਬਦ ਸੁਣੇ ਵਿੱਚ ਗੋਸ਼।

ਹਿੰਮਤ ਕਰਕੇ ਉੱਠਿਆ, ਚਰਨੀਂ ਲੱਗਾ ਜਾ।

ਨੈਣੋਂ ਸਾਵਣ ਬਰਸਿਆ, ਉੱਠਿਆ ਦਿਲੋਂ ਉਮਾਹ।

ਜੋੜ ਖਲੋਤਾ ਹੱਥ ਉਹ, ਲੱਗ ਚੀਨੀ ਦੇ ਨਾਲ।

ਸ਼ੁਕਰ ਗੁਜ਼ਾਰੇ ਗੁਰਾਂ ਦਾ, ਉਹਦਾ ਇੱਕ ਇੱਕ ਵਾਲ।

ਸਤਿਗੁਰ ਜੀ ਨੇ ਆਖਿਆ, ਧਰ ਕੇ ਸਿਰ ਤੇ ਹੱਥ।

ਰਾਇ ਸਿੰਘਾ ਡਰ ਨਹੀਂ, ਨੱਥ ਖਸਮ ਦੇ ਹੱਥ।

ਰਾਗ ਬਿਲਾਵਲ ਵਿੱਚ ਫਿਰ, ਗੁਰ ਜੀ ਸ਼ਬਦ ਉਚਾਰ।

ਦਿੱਤਾ ਰਾਇ ਸਿੰਘ ਦੇ, ਮਨ ਤੋਂ ਭੈ ਉਤਾਰ।

"ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥

ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥"

ਸਾਰਾ ਸ਼ਬਦ ਸੁਣਾ ਕੇ, ਕੀਤਾ ਨਦਰ ਨਿਹਾਲ।

ਬਾਣੀ ਸੁਣ ਕੇ ਸਿੱਖ ਨੂੰ, ਸ਼ਾਂਤ ਆਈ ਤਤਕਾਲ।

ਜੇਕਰ ਉਹ ਵੀ ਸ਼ੇਰ ਹੈ, ਤੂੰ ਵੀ ਤੇ ਹੈਂ ਸ਼ੇਰ।

ਜਾਬਰ ਤੱਕ ਕੇ ਸਾਹਮਣੇ, ਹੋਈਏ ਕਦੇ ਨਾ ਜੇਰ।

ਰਾਇ ਸਿੰਘ ਨੇ ਆਖਿਆ, ਤੱਕ ਭਾਰੀ ਮ੍ਰਿਗਰਾਜ।

ਸਾਥੀ ਉੱਤੇ ਝਟਪਦਾ, ਡਿੱਠਾ ਵਾਂਗੂ ਗਾਜ।

ਹਾਲ ਵੇਖ ਮੈਂ ਡਰ ਗਿਆ, ਜਾਨ ਪਿਆਰੀ ਜਾਣ।

ਤਾਹੀਓਂ ਤੈਨੂੰ ਚਿਤਵਿਆ, ਹੋਓ ਸਹਾਈ ਆਣ।

ਮੇਰੇ ਵੇਖਦਿਆਂ ਹੀ, ਗੁਰ ਫੁਰਮਾਇਆ ਫੇਰ।

ਚੌਕੀ ਅੰਦਰ ਪਹੁੰਚ ਜਾ, ਤੂੰ ਕੀਤੇ ਬਿਨ ਦੇਰ।

ਜਾਵੋ ਨਿਰਭੈ ਹੋ ਕੇ, ਚਿੰਤਾ ਮਨੋ ਵਿਸਾਰ।

ਓਥੇ ਨਾਲ ਅਰਾਮ ਦੇ, ਲੈਣੀ ਰਾਤ ਗੁਜ਼ਾਰ।

ਸਾਥੀ ਦਾ ਤੇ ਸ਼ੇਰ ਦਾ, ਲੈਣਾ ਦੇਣਾ ਜਾਣ।

ਸੀ ਪੂਰਬਲੇ ਜਨਮ ਦਾ, ਏਦਾਂ ਲਵੋ ਪਛਾਣ।



. Sri Satguru Jagjit Singh Ji eLibrary NamdhariElibrary@gmail.com .

ਮਾਰ ਸ਼ੇਰ ਨੇ ਏਸ ਨੂੰ, ਬਦਲਾ ਲਿਆ ਚੁਕਾ।

ਲੀਤਾ ਪਾਪੀ ਓਸ ਨੇ, ਕੀਤੀ ਦਾ ਫਲ ਪਾ।

ਲੈਣਾ ਦੇਣਾ ਨਹੀਂ ਹੈ, ਤੇਰਾ ਇਸਦੇ ਨਾਲ।

ਫੇਰ ਕਿਉਂ ਇਹ ਕਰੇਗਾ, ਤੇਰਾ ਮੰਦਾ ਹਾਲ।

ਏਦਾਂ ਰਾਇ ਜਾਣ ਕੇ, ਤੁਰਿਆ ਚੌਂਕੀ ਵੱਲ।

ਕੋਲ ਸਿਪਾਹੀਆਂ ਜਾ ਕੇ, ਬਹੇ ਟਿਕਾਣਾ ਮੱਲ।

ਲਿਖਿਆ ਇੰਜ ਧਿਆਨ ਸਿੰਘ*, ਇਹ ਸੋਹਣਾ ਪ੍ਰਸੰਗ।

ਝਲਕਣ ਸ਼ਰਧਾ ਪ੍ਰੇਮ ਦੇ, ਉਸ ’ਚੋਂ ਗੂਹੜੇ ਰੰਗ।

ਉਸ ਲਿਖਿਆ ਹੈ ਉਸ ਵਕਤ, ਹੋਈ ਬੜੀ ਕਮਾਲ।

ਧਰਤੀ ਹਿੱਲੀ ਜ਼ੋਰ ਦੀ, ਆਇਆ ਜਿਵੇਂ ਭੂਚਾਲ।

ਗੁਰਾਂ ਤਣਾਵਾਂ ਖਿੱਚ ਕੇ, ਧਰਤ ਲਈ ਸੰਕੋਚ।

ਪਹੁੰਚੇ ਭੈਣੀ ਸਾਹਿਬ ਜਾ, ਪਲ ਵਿੱਚ ਪੈਂਡਾ ਬੋਚ।

ਵਿੱਚ ਤਬੇਲੇ ਬੰਨ੍ਹ ਕੇ, ਘੋੜੀ ਗਏ ਬਿਰਾਜ।

ਪਹਿਰੇਦਾਰਾਂ ਵਾਸਤੇ, ਛੱਡ ਗਏ ਇਹ ਰਾਜ।

ਵਿੱਚ ਪਸੀਨੇ ਨੁੱਚੜੀ, ਚੀਨੀ ਵੇਖ ਕਰੀਬ।

ਇੱਕ ਦੂਜੇ ਨੂੰ ਪੁੱਛਦੇ, ਕੌਤਕ ਭਇਆ ਅਜ਼ੀਬ।

ਪਏ ਨਿਸ਼ਾਨ ਜੀਨ ਦੇ, ਮੂੰਹੋਂ ਛੱਡੇ ਝੱਗ।

ਹੋ ਮੁਤਾਣੀ ਜਾਪਦੀ, ਨੱਸੀ ਵਾਂਗੂੰ ਅੱਗ।

ਪਹਿਰੇ ਉੱਤੇ ਅਸੀਂ ਸਾਂ, ਦਰਵਾਜ਼ਾ ਸੀ ਬੰਦ।

ਘੋੜੀ ਕਿਸੇ ਦੌੜਾਈ, ਜਾਪੇ ਲੰਮੇ ਪੰਧ।

ਸ਼ੰਕਾ ਮਨ ਵਿੱਚ ਲੈ ਕੇ, ਪਹੁੰਚੇ ਗੁਰ ਜੀ ਕੋਲ।

ਜਿਹੜਾ ਅਚਰਜ਼ ਵੇਖਿਆ, ਦੱਸਣ ਲੱਗੇ ਬੋਲ।

ਸਤਿਗੁਰ ਜੀ ਨੇ ਆਖਿਆ, ਬੜੇ ਸਹਿਜ ਦੇ ਨਾਲ।

ਇਸ ਦਾ ਰਾਇ ਸਿੰਘ ਹੀ, ਕੇਵਲ ਜਾਣੇ ਹਾਲ।

ਮੁੜਿਆ ਜਦੋਂ ਨਦੇੜ ਤੋਂ, ਉਹ ਦੱਸੇਗਾ ਆਣ।

ਹਾਲ ਤਮਾਮ ਓਸ ਤੋਂ, ਓਦੋਂ ਲੈਣਾ ਜਾਣ।

ਏਦਾਂ ਮੰਜ਼ਲ ਮਾਰਦਾ, ਧਰ ਹਿਰਦੇ ਵਿੱਚ ਧੀਰ।

ਪਹੁੰਚਾ ਜਾ ਹਜੂਰ ਸਾਹਿਬ, ਜੰਗਲ ਬੇਲੇ ਚੀਰ।

ਓਥੇ ਕੁਝ ਦਿਨ ਠਹਿਰ ਕੇ, ਲਿਖ ਸਾਰੀ ਮਰਿਆਦਾ।

ਨਾਲੇ ਕਰਦਾ ਕੀਰਤਨ, ਆ ਅੰਦਰ ਵਿਸਮਾਦ।

ਕਰਦਾ ਕਥਾ ਨਿਵੇਕਲੀ, ਰਸਭਿੰਨੀ ਰਸਦਾਰ।

ਸੰਗਤ ਅਬਚਲ ਨਗਰ ਦੀ, ਹੋਈ ਸ਼ੁਕਰਗੁਜ਼ਾਰ।

ਕਹਿਣ ਇਕੱਠੇ ਹੋ ਕੇ, ਉਹ ਸਾਰੇ ਹੱਥ ਜੋੜ।

ਹੁਣ ਤੁਹਾਡੀ ਏਸ ਥਾਂ, ਸਾਨੂੰ ਡਾਢੀ ਲੋੜ।

ਜਿੰਨੀ ਭੇਟਾ ਕਹੋਗੇ, ਹੈ ਸਾਨੂੰ ਪ੍ਰਵਾਨ।

ਤੁਸਾਂ ਜਿਹਾ ਨਾ ਵੇਖਣਾ, ਹੋਰ ਕੋਈ ਵਿਦਵਾਨ।



Sri Satguru Jagjit Singh Ji eLibrary NamdhariElibrary@gmail.com

ਰਾਇ ਸਿੰਘ ਨੇ ਆਖਿਆ, ਦਿੱਤਾ ਜੋ ਸਤਿਕਾਰ।

ਏਸ ਲਈ ਹਾਂ ਤੁਸਾਂ ਦਾ, ਡਾਢਾ ਸ਼ੁਕਰਗੁਜ਼ਾਰ।

ਐਪਰ ਬੱਧਾ ਹੁਕਮ ਦਾ, ਠਹਿਰ ਨਾ ਸੱਕਾਂ ਮੂਲ।

ਬਚਨ ਪਾਲਣਾ ਸਿੱਖ ਦਾ, ਪਹਿਲਾ ਜਾਣ ਅਸੂਲ।

ਅੰਦਰ ਦੇਸ ਪੰਜਾਬ ਦੇ, ਮੇਰੀ ਬੜੀ ਉਡੀਕ।

ਮੇਰਾ ਕਾਰਜ ਸੌਰਿਆ, ਵਾਪਸ ਜਾਣਾ ਠੀਕ।

ਰੁਖਸਤ ਲੈ ਕੇ ਤੁਰ ਪਿਆ, ਉਹ ਓਥੋਂ ਇਹ ਆਖ।

"ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ॥"

ਇੱਕ ਪੈਸੇ ਦੀ ਭੇਟ ਵੀ, ਨਾ ਉਸ ਕਰੀ ਕਬੂਲ।

ਬਚਨ ਪਾਲਿਆ ਗੁਰਾਂ ਦਾ, ਰੱਖਿਆ ਠੀਕ ਅਸੂਲ।

## ਰਾਇ ਸਿੰਘ ਦਾ ਥੈਲੀ ਵਾਲਾ ਪ੍ਰਸੰਗ

ਗ੍ਰੰਥ ਸਾਹਿਬ ਦਾ ਭੋਗ ਪਵਾਇਆ।

ਕਰਤੇ ਕਾਰਜ ਆਪ ਕਰਾਇਆ।

ਕਥਾ ਕੀਰਤਨ ਸੁਣ ਰਸਦਾਰ।

ਸੰਗਤ ਬਹੁਤ ਵਧਾਇਆ ਪਿਆਰ।

ਤਿੰਨ ਸੈ ਭੇਟਾ ਰੁਪਈਏ ਹੋਈ।



Sri Satguru Jagjit Singh Ji eLibrary NamdhariElibrary@gmail.com

ਰਾਇ ਸਿੰਘ ਨਾ ਲੀਤੀ ਕੋਈ।

ਸਿੰਘਾਂ ਕੀਤੇ ਜਤਨ ਵਧੇਰੇ।

ਭੇਟਾ ਧਰ ਕੇ ਕਹਿਣ ਅਗੇਰੇ।

ਇਹ ਮਾਇਆ ਤੁਮਰੀ ਲੈ ਜਾਵੋ।

ਇਸ ਤੋਂ ਸੁੱਖ ਦੁਨਿਆਵੀ ਪਾਵੋ।

ਰਾਇ ਸਿੰਘ ਨਾ ਦਮੜੀ ਲੀਤੀ।

ਦੋ ਕਰ ਜੋੜ ਬੇਨਤੀ ਕੀਤੀ।

ਹੇ ਗੁਰ ਭਾਈ ਮੀਤ ਪਿਆਰੇ।

ਇਸ ਦਰ ਦੇ ਚਾਕਰ ਹਾਂ ਸਾਰੇ।

ਸੇਵਕ ਹੋ ਕੇ ਸੇਵਾ ਕਰੀਏ।

ਸਦਾ ਗਰੀਬਾਂ ਦਾ ਦੁੱਖ ਹਰੀਏ।

ਇਹ ਗੁਰਧਾਮ ਗੁਰੂ ਦਾ ਆਲੀ।

ਪੰਥ ਖਾਲਸੇ ਦਾ ਹੋ ਵਾਲੀ।

ਚੁਣ ਚੁਣ ਦੁਸ਼ਟ ਤੁਰਕ ਜਿਸ ਮਾਰੇ।

ਦੀਨ ਦੁਖੀ ਦੇ ਹਾਥ ਉਭਾਰੇ।

ਧਰਮ ਹੇਤ ਜਿਸ ਤੇਗ ਚਲਾਈ।

ਪਾਪੀ ਦੰਡਿਤ ਕੀਤੇ ਭਾਈ।

ਜਬ ਜਬ ਹੋਤ ਅਰਿਸ਼ਟ ਅਪਾਰਾ।



. Sri Satguru Jagjit Singh Ji eLibrary NamdhariElibrary@gmail.com .

ਤਬ ਤਬ ਦੇਹ ਧਰਤ ਅਵਤਾਰਾ।

ਸਤਿਜੁਗ ਹੋ ਬਾਵਨ ਬਲ ਛਲਿਆ।

ਰਾਮ ਤ੍ਰੇਤੇ ਰਾਵਣ ਦਲਿਆ।

ਦੁਆਪਰ ਅੰਦਰ ਕ੍ਰਿਸ਼ਨ ਪਿਆਰਾ।

ਪਲ ਵਿੱਚ ਪਾਪੀ ਕੰਸ ਸੰਘਾਰਾ।

ਕਲਜੁਗ ਵਿੱਚ ਜੋਤ ਨਿਰੰਕਾਰੀ।

ਨਾਨਕ ਰੂਪ ਧਾਰ ਅਵਤਾਰੀ।

ਕਲਿ ਤਾਰਨ ਗੁਰ ਨਾਨਕ ਆਇਆ।

ਉੱਤਮ ਸਿੱਖ ਪੰਥ ਚਲਵਾਇਆ।

ਫੇਰ ਪ੍ਰਭੂ ਦਾ ਹੁਕਮ ਬਜਾਏ।

ਦੁਸ਼ਟ ਦਮਨ ਗੋਬਿੰਦ ਹੋ ਆਏ।

ਇਹ ਐਸਾ ਉੱਤਮ ਗੁਰਧਾਮਾ।

ਸੇਵਾ ਕਰਨੀ ਹੈ ਨਿਸ਼ਕਾਮਾ।

ਧਰਮ ਹੇਤ ਕੀਨੀ ਕੁਰਬਾਨੀ।

ਵਾਰ ਦੀਆ ਪਰਿਵਾਰ ਲਾਸਾਨੀ।

ਤਿਆਗ ਕਰਨ ਦੀ ਜਾਚ ਸਿਖਾਈ।

ਮੋਹ ਮਾਇਆ ਦੀ ਪ੍ਰੀਤ ਚੁਕਾਈ।

ਮੈਨੂੰ ਮੇਰੇ ਸਤਿਗੁਰ ਪੂਰੇ।

ਇਹ ਉਪਦੇਸ਼ ਦੀਆ ਗੁਰ ਸੂਰੇ।

ਬਚਨ ਗੁਰਾਂ ਦਾ ਨਾ ਉਲਟਾਵਾਂ।

ਮੈਂ ਮਾਇਆ ਨਾ ਲੈ ਕੇ ਜਾਵਾਂ।

ਇਹ ਕਹਿ ਸਿੰਘ ਸੋਧ ਅਰਦਾਸਾ।

ਤੁਰਿਆ ਕਰ ਗੁਰ ਤੇ ਭਰਵਾਸਾ।

---o---

ਸਿੰਘ ਹਜ਼ੂਰ ਸਾਹਿਬ ਦੇ, ਚਾਹੁੰਦੇ ਸਨ ਇਹ ਬਾਤ।

ਰਾਇ ਸਿੰਘ ਏਥੇ ਰਹੇ, ਕਥਾ ਕਰੇ ਦਿਨ ਰਾਤ।

ਆਖਣ ਵਿਆਹ ਕਰਵਾ ਲਵੋ, ਵੱਸੋ ਨਾਲ ਪ੍ਰੀਤ।

ਸਾਨੂੰ ਆਈ ਤੁਸਾਂ ਤੇ, ਹੈ ਡਾਢੀ ਪ੍ਰਤੀਤ।

ਐਪਰ ਰਾਇ ਸਿੰਘ ਨੇ, ਕੀਤਾ ਨਾ ਮਨਜ਼ੂਰ।

ਆਖਣ ਲੱਗਾ ਆ ਗਿਆ, ਮੈਨੂੰ ਹੁਕਮ ਹਜ਼ੂਰ।

ਬਿਨ ਸਤਿਗੁਰ ਦੇ ਹੁਕਮ ਤੋਂ, ਜੋ ਵੀ ਕਰੀਏ ਕਾਰ।

ਉਹ ਨਿਹਫਲ ਹੀ ਜਾਂਵਦੀ, ਪੈਦਾ ਕਰੇ ਵਿਕਾਰ।

---o---

ਫੜੇ ਬੁਲਾ ਲੈ ਆਗਿਆ, ਤੁਰਿਆ ਸਿੰਘ ਸੁਜਾਨ।



Sri Satguru Jagjit Singh Ji eLibrary NamdhariElibrary@gmail.com

ਬਿਖੜੇ ਮਾਰਗ ਪਰਤਿਆ, ਧਰ ਸਤਿਗੁਰ ਦਾ ਧਿਆਨ।

ਪੈਂਡਾ ਪੰਜ ਸੌ ਕੋਹ ਦਾ, ਉਹ ਆਇਆ ਜਾਂ ਮਾਰ।

ਖਰਚਾ ਜਿਹੜਾ ਕੋਲ ਸੀ, ਮੁੱਕਾ ਇਸ ਪ੍ਰਕਾਰ।

ਦਮੜੀ ਪੱਲੇ ਇੱਕ ਨਾ, ਨਾ ਆਟਾ ਨਾ ਦਾਲ।

ਪਰ ਨਾ ਰਾਇ ਸਿੰਘ ਨੇ, ਕੀਤੀ ਮੱਠੀ ਚਾਲ।

ਮਨ ਵਿੱਚ ਗਿਣਦਾ ਗੀਟੀਆਂ, ਭੇਟਾ ਆਇਆ ਮੋੜ।

ਪੰਥ ਲੰਮੇਰਾ ਬਹੁਤ ਹੈ, ਪਹੁੰਚਾਂਗਾ ਕਿੰਜ ਤੋੜ।

ਬਿਨ ਮਾਇਆ ਦੇ ਜਗਤ ਮੇਂ, ਏਹੋ ਚਲੇ ਰੀਤ।

ਬਿਨ ਮਾਇਆ ਦੇ ਆਖਦੇ, ਛੱਡਣ ਭਾਈ ਮੀਤ।

ਮੰਗਣ ਮਰਨ ਸਮਾਨ ਹੈ, ਗੁਰ ਕੀ ਰੀਤ ਨਾ ਮੂਲ।

ਸਿੱਖ ਸਹੇ ਸੰਤਾਪ ਸਿਰ, ਤੋੜੇ ਨਹੀਂ ਅਸੂਲ।

ਭੁੱਖਣ ਭਾਣਾ ਜਾ ਰਿਹੈ, ਦਿਲ ਹੋ ਰਿਹੈ ਉਦਾਸ।

ਗੁਰ ਚਰਨੀਂ ਚਿੱਤ ਜੋੜਦਾ, ਜੇ ਹੋਵੇ ਧਰਵਾਸ।

ਤੇਰਾ ਦਿੱਤਾ ਖਾਵਣਾ, ਤੂੰ ਦਾਤਾ ਦਾਤਾਰ।

ਇਸ ਸੰਕਟ ਦੀ ਘੜੀ ’ਚੋਂ, ਆਪੇ ਆਣ ਉਭਾਰ।

ਤਨ ਦਾ ਈਂਧਨ ਅੰਨ ਦੇ, ਦੁੱਖ ਭੁੱਖ ਦਾ ਮੇਟ।

ਸਭੇ ਗੱਲਾਂ ਖੋਟੀਆਂ, ਭੋਜਨ ਪਏ ਨਾ ਪੇਟ।

ਨਿਮੋਝੂਣਾ ਸੋਚਦਾ, ਪੰਧ ਲਮੇਰਾ ਦੂਰ।



Sri Satguru Jagjit Singh Ji eLibrary NamdhariElibrary@gmail.com

ਭੁੱਖ ਥਕੇਵੇਂ ਨਾਲ ਤਨ, ਥੱਕ ਥੱਕ ਹੋਵੇ ਚੂਰ।

ਰੱਖ ਸਕਾਂਗਾ ਦਾਤਿਆ, ਕਿੰਨਾ ਚਿਰ ਉਪਵਾਸ।

ਜਿਉਂ ਜਿਉਂ  ਕਦਮ ਵਧਾਂਵਦਾ, ਵਧਦਾ ਜਾਏ ਤ੍ਰਾਸ।

ਰਾਹੇ ਰਾਹੇ ਜਾਂਦਿਆਂ, ਨਜ਼ਰ ਪਿਆ ਇੱਕ ਕੂਪ।

ਉਪਜੀ ਵੇਖ ਪਿਆਸ ਜਾਂ, ਕੌਤਕ ਭਇਆ ਅਨੂਪ।

ਖੂਹੇ ਅੰਦਰ ਓਸ ਨੇ, ਜਾਂ ਲਟਕਾਇਆ ਡੋਲ।

ਵੇਖੀ ਉਸਨੇ ਵਾਂਸਲੀ, ਮਣ ਤੇ ਪਈ ਅਡੋਲ।

ਕੁਝ ਕੁ ਆਈ ਸ਼ਾਂਤ ਹੈ, ਛਕਿਆ ਠੰਡਾ ਨੀਰ।

ਮਾਇਆ ਸਾਹਵੇਂ ਵੇਖ ਕੇ, ਸੋਚੀਂ ਪਿਆ ਅਖੀਰ।

ਕੋਈ ਪਾਂਧੀ ਭੁੱਲਿਆ, ਰੱਖ ਬਾਵੜੀ ਤੀਰ।

ਜਾਪੇ ਅੱਗੇ ਤੁਰ ਗਿਆ, ਪੀ ਖੂਹੇ ਦਾ ਨੀਰ।

ਜੇ ਜਾਵਾਂ ਮੈਂ ਛੱਡ ਕੇ, ਲੈ ਜਾਵੇ ਕੋਈ ਚੋਰ।

ਮਾਲਕ ਆਵੇ ਲੱਭਦਾ, ਨਹੀਂ ਮਿਲੇ ਇਹ ਔਰ।

ਇਹ ਸੋਚ ਕੇ ਤੁਰ ਪਿਆ, ਥੈਲੀ ਹੱਥ ਲਟਕਾ।

ਸੋਚੇ ਮਾਲਕ ਏਸ ਦਾ, ਮਿਲ ਜਾਵੇ ਵਿੱਚ ਰਾਹ।

ਵਾਪਸ ਆਵੇ ਟੋਲਦਾ, ਮੈਨੂੰ ਮਿਲ ਪਏ ਆ।

ਪੈ ਜਾਵੇਗਾ ਆਪਣੀ, ਮਾਇਆ ਲੈ ਕੇ ਰਾਹ।

ਵੇਖ ਵਾਂਸਲੀ ਆਪਣੀ, ਕੋਈ ਲਵੇ ਪਛਾਣ।

ਲੈ ਜਾਵੇਗਾ ਵੇਖ ਕੇ, ਮਾਇਆ ਮੈਥੋਂ ਆਣ।

ਪੈਂਡਾ ਦੋ ਤਿੰਨ ਕੋਹ ਦਾ, ਕੀਤਾ ਇਸ ਪ੍ਰਕਾਰ।

ਪਰ ਨਾ ਮਿਲਿਆ ਓਸ ਦਾ, ਮਾਲਕ ਰਾਹ ਵਿਚਕਾਰ।

ਏਦਾਂ ਤੁਰਿਆਂ ਜਾਂਦਿਆਂ, ਇੰਜ ਹੋਇਆ ਇਲਹਾਮ।

ਉੱਚੀ ਸਤਿਗੁਰ ਬੋਲਿਆ, ਲੈ ਕੇ ਉਸਦਾ ਨਾਮ।

ਸਿੱਖਾਂ ਤੇਰੇ ਵਾਸਤੇ, ਭੇਜੀ ਹੈ ਇਹ ਖਾਸ।

ਜਿਸ ਕਾਰਜ ਦੇ ਵਾਸਤੇ, ਤੂੰ ਕੀਤੀ ਅਰਦਾਸ।

ਰਾਇ ਸਿੰਘ ਨੂੰ ਜਾਣ ਕੇ, ਹੋਈ ਖੁਸ਼ੀ ਅਪਾਰ।

ਮਸਤਕ ਓਸ ਨਿਵਾ ਕੇ, ਕਿਹਾ ਧੰਨ ਦਾਤਾਰ।

ਪਹਿਲਾਂ ਰੱਖਿਆ ਸ਼ੇਰ ਤੋਂ, ਆਣ ਬਚਾਈ ਜਾਨ।

ਹੁਣ ਭੁੱਖ ਦੇ ਦੁੱਖ ਤੋਂ, ਰੱਖੇ ਫੇਰ ਪ੍ਰਾਣ।

ਤੂੰ ਰਖਵਾਲਾ ਸਦਾ ਹੈਂ, ਮੈਂ ਹਾਂ ਭੁੱਲਣਹਾਰ।

"ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥'

ਸਤਿਗੁਰ ਬਾਝੋਂ ਸੋਚਦਾ, ਹੋਰ ਆਸਰੇ ਕੂੜ।

ਭੁੱਲ ਜਾਵਣ ਜੋ ਕੀਰਤੀ, ਉਹ ਨਰ ਜਾਣੋ ਮੂੜ।

ਫੇਰ ਰੁਪਈਏ ਓਸ ਨੇ, ਡਿੱਠੇ ਥੈਲੀ ਖੋਹਲ।

ਸੱਤ ਰੁਪਈਏ ਇੱਕ ਸੌ, ਗਿਣਤੀ ਕਰੀ ਅਡੋਲ।

ਚੌਰਸ ਸਿੱਕੇ ਚਾਰ ਸਨ, ਆਲਮਗੀਰੀ ਤਿੰਨ।

ਸੌ ਅੰਗ੍ਰੇਜ਼ੀ ਰਾਜ ਦੇ, ਉਹਨਾਂ ਨਾਲੋਂ ਭਿੰਨ।

ਲੈ ਕੇ ਸੀਧਾ ਹੱਟੀਓਂ, ਲੰਗਰ ਲੀਤਾ ਸਾਧ।

"ਅੰਨ ਮਿਲਿਆ ਪਰਮੇਸਰ ਮਿਲਿਆ" ਸੱਚਾ ਸਾਹਿਬ ਅਰਾਧ।

ਮਿੱਟੀ ਖੁਧਾ ਤਨ ਸੁਖ ਭਇਆ, ਮਨ ਹੋਇਆ ਆਰਾਮ।

ਫੇਰ ਓਸ ਨੇ ਬੈਠ ਕੇ, ਕੀਤਾ ਕੁਛ ਬਿਸਰਾਮ।

ਹੋਇਆ ਵਿੱਚ ਸਰੀਰ ਦੇ, ਸ਼ਕਤੀ ਦਾ ਸੰਚਾਰ।

ਤੁਰਿਆ ਅਗਲੇ ਪੰਧ ਤੇ, ਫੇਰ ਊਰਜਾ ਧਾਰ।

ਪੰਧ ਲੰਮੇਰਾ ਚੀਰ ਕੇ, ਆਇਆ ਦੇਸ ਮੰਝਾਰ।

ਭੈਣੀ ਨੇੜੇ ਪਹੁੰਚਿਆ, ਲੰਮੀ ਮੰਜ਼ਲ ਮਾਰ।

ਆਇਆ ਵਾਪਸ ਚੱਲ ਕੇ, ਸਤਿਗੁਰ ਜੀ ਦੇ ਕੋਲ।

ਫੇਰ ਸੁਣਾਈ ਖੋਹਲ ਕੇ, ਜੋ ਬੀਤੀ ਅਨਮੋਲ।

ਗੁਰੂ ਰਾਮ ਸਿੰਘ ਜੀ ਨੇ, ਉਹ ਚਲਵਾਈ ਫੇਰ।

ਸਭਨਾ ਧਾਰਨ ਕਰ ਲਈ, ਜਰਾ ਨਾ ਲਾਈ ਦੇਰ।

ਮਰਿਆਦਾ ਸੀ ਗੁੰਮ ਗਈ, ਅੰਦਰ ਦੇਸ਼ ਪੰਜਾਬ।

ਆਖਣ ਇਹਨੂੰ ਛੱਡ ਕੇ, ਭੋਗਣ ਲੋਕ ਅਜ਼ਾਬ।

## ਤਬੇਲਾ ਤੇ ਲੰਗਰ ਬਣਾਉਣਾ

ਲੋਕੀਂ ਹੁੰਮ ਹੁਮਾ ਕੇ, ਲੱਗੇ ਭੈਣੀ ਆਉਣ।

ਮਾਨ ਸਰੋਵਰ ਵਿੱਚ ਜਿਉਂ, ਹੰਸ ਡੁਬਕੀਆਂ ਲਾਉਣ।

ਸੰਗਤ ਵਧਦੀ ਵਧ ਗਈ, ਥਾਂ ਜਾਪੇ ਹੁਣ ਤੰਗ।

ਸੁਖੂ ਤਾਈਂ ਆਖਿਆ, ਵੇਖ ਵਕਤ ਦੀ ਮੰਗ।

ਧਰਤੀ ਥੋੜ੍ਹੀ ਨਾਪ ਦੇ, ਬਹੁਤਾ ਪੁੰਨ ਕਮਾ।

ਏਸ ਧਰਮ ਦੇ ਯੱਗ ਵਿੱਚ, ਤੂੰ ਵੀ ਹਿੱਸਾ ਪਾ।

ਆਖਣ ਲੱਗੇ ਓਸ ਨੇ, ਕਰ ਦਿੱਤਾ ਇਨਕਾਰ।

ਪਿੰਡੋਂ ਬਾਹਰ ਪਕੜ ਕੇ, ਕਰੀ ਸ਼ਹੀਦਾਂ ਮਾਰ।

ਵਿੱਚ ਦੀਵਾਨਾਂ ਵਾਰਤਾ, ਕੂਕੇ ਇੰਜ ਸੁਣਾਉਣ।

ਸਾਖੀ ਹਾਸ ਬਿਲਾਸ ਕਰ, ਹੱਸਣ ਤੇ ਹਸਾਉਣ।

ਭੂਮੀ ਮੰਗੀ ਸਤਿਗੁਰਾਂ, ਉਸ ਕੀਤਾ ਇਨਕਾਰ।

ਤੂੰ ਕੰਮੀਂ ਤਰਖਾਣ ਹੈਂ, ਮੈਂ ਹਾਂ ਨੰਬਰਦਾਰ।

ਦੱਸ ਮੈਂ ਤੈਨੂੰ ਦੇ ਦਿਆਂ, ਕਿੱਦਾਂ ਧਰਤੀ ਨਾਪ।

ਧਰਤੀ ਹੁੰਦੀ ਜੱਟ ਦੀ, ਵਾਂਗਰ ਮਾਈ ਬਾਪ।

ਅੰਮਾਂ ਜਾਏ ਵੀਰ ਵੀ, ਅੱਖਾਂ ਲੈਣ ਭਵਾ।

ਲੜ ਲੜ ਮਰਦੇ ਏਸ, ਤੋਂ ਵੇਖੇ ਸਕੇ ਭਰਾ।

ਇੱਕ ਸਰਸਾਹੀ ਵਾਸਤੇ, ਲੈਂਦੇ ਹੱਥ ਕਾਨੂੰਨ।

ਖਾਲਾਂ ਵੱਟਾਂ ਬੰਨਿਆਂ, ਤੋਂ ਹੋ ਜਾਂਦੇ ਖੂਨ।



Sri Satguru Jagjit Singh Ji eLibrary NamdhariElibrary@gmail.com

ਜਾਹ ਰਾਮਿਆਂ ਰਾਮ ਜਪ, ਹੋਰ ਵਿਓਂਤ ਬਣਾ।

ਮੈਥੋਂ ਧਰਤੀ ਲੈਣ ਦਾ, ਚੇਤਾ ਦਵੀਂ ਭੁਲਾ।

ਧਰਤੀ ਮੈਥੋਂ ਮੰਗਦਾ, ਕਿੱਥੋਂ ਦਾ ਓਲਿਆ।

ਜੰਮੀਂ ਏ ਕੱਲ੍ਹ ਗਿੱਦੜੀ, ਹੋਇਆ ਅੱਜ ਵਿਆਹ।

ਫਾਲੇ ਸਾਡੇ ਕੁੱਟਦਾ, ਵੇਖੋ ਪੁੱਤ ਲੋਹਾਰ।

ਕੰਮੀ ਦਾ ਪੁੱਤ ਰਾਮਿਆਂ, ਹੁੰਦਾ ਨਾ ਸਰਦਾਰ।

ਨਾ ਕੂਕੇ ਦਸ ਵੇਖ ਕੇ, ਬਹੁਤਾ ਰੋਅਬ ਵਖਾਲ।

ਤੇਰੇ ਚੇਲੇ ਚਾਟੜੇ, ਭੱਜ ਜਾਵਣ ਤਤਕਾਲ।

ਮੈਂ ਸਰਕਾਰੀ ਆਦਮੀ, ਵਿੱਚ ਕਚਹਿਰੀ ਮਾਣ।

ਆਖਾਂ ਜਾ ਅੰਗ੍ਰੇਜ਼ ਨੂੰ, ਝੱਟਪਟ ਦੌੜੇ ਆਣ।

ਜਾਹ ਚੁੱਪ ਕਰਕੇ ਪਰਤ ਜਾਹ, ਚੇਲੇ ਹਟਕ ਵੀਚਾਰ।

ਐਵੇਂ ਆਉਣ ਨਾ ਚੱਲ ਕੇ, ਏਥੇ ਬੰਨ੍ਹ ਕਤਾਰ।

ਜੇਕਰ ਤੇਰੇ ਵਿੱਚ ਨਾ, ਧਰਤ ਲੈਣ ਦਾ ਤਾਣ।

ਛੱਡ ਦੇ ਮੇਲੇ ਜੋੜਨੇ, ਆਖ ਘਰਾਂ ਨੂੰ ਜਾਣ।

ਇਹ ਆਖ ਕੇ ਓਸ ਨੇ, ਫੇਰ ਭਵਾਈ ਕੰਡ।

ਮੱਥੇ ਪਾਏ ਤਿਊੜੀਆਂ, ਕਰ ਗੁੱਸਾ ਪ੍ਰਚੰਡ।



. Sri Satguru Jagjit Singh Ji eLibrary NamdhariElibrary@gmail.com .

## ਸੁੱਖੂ ਨੂੰ ਸ਼ਹੀਦਾਂ ਨੇ ਸੋਧਣਾ

ਉੱਠ ਸਵੇਰੇ ਗਿਆ ਜਾਂ, ਖੇਤਾਂ ਵੱਲ ਮੈਦਾਨ।

ਪਕੜ ਸ਼ਹੀਦਾਂ ਓਸ ਦੀ, ਕਰੀ ਸ਼ਿਕੰਜੇ ਜਾਨ।

ਕਿੱਧਰੋਂ ਡੰਡਾ ਵੱਜਦਾ, ਕਿੱਧਰੋਂ ਵੱਜੇ ਹੁੱਜ।

ਵੱਜ ਚਪੇੜਾਂ ਓਸ ਦਾ, ਬੂਥਾ ਚੱਲਿਆ ਸੁੱਜ।

ਨਜ਼ਰੀਂ ਆਵੇ ਕੋਈ ਨਾ, ਮਾਰਨ ਕਰ ਕਰ ਜੋਸ਼।

ਮਾਰ ਮਾਰ ਕੇ ਓਸ ਨੂੰ, ਕੀਤਾ ਜਾਣ ਬੇਹੋਸ਼।

ਕਿੱਧਰੋਂ ਵੱਜਣ ਜੁੱਤੀਆਂ, ਕਿਧਰੋਂ ਵੱਜੇ ਲੱਤ।

ਪੈ ਗਏ ਨੀਲ ਸਰੀਰ ਤੇ, ਹੋਈ ਇਕੱਠੀ ਰੱਤ।

ਮਾਰੇ ਚੀਕਾਂ ਉੱਚੀਆਂ, ਬਹੁਤ ਕਰੇ ਵਿਰਲਾਪ।

ਬੜੀ ਦੁਹਾਈ ਪਾਂਵਦਾ, ਉੱਚੀ ਸੁਰਾਂ ਅਲਾਪ।

ਕੁੱਟ ਕੁੱਟ ਭੁੰਜੇ ਸੁੱਟਿਆ, ਦਿੱਤੀ ਮੁੰਜ ਬਣਾ।

ਨਜ਼ਰ ਨਾ ਆਵੇ ਮਾਰਦਾ, ਗੈਬੋਂ ਪਈ ਬਲਾ।

ਸੁਣ ਕੇ ਲਿਲਾਂ ਉਹਦੀਆਂ, ਦੌੜੇ ਆਏ ਲੋਕ।

ਮਾਰਨ ਵਾਲਾ ਕੋਈ ਵੀ, ਸੱਕੇ ਨਾ ਅਵਲੋਕ।

ਤਦੋਂ ਸ਼ਹੀਦਾਂ ਛੱਡਿਆ, ਟੁੱਟ ਗਿਆ ਜਾਂ ਤਾਣ।

ਕੇਵਲ ਵਿੱਚ ਸਰੀਰ ਦੇ, ਅਟਕੇ ਰਹੇ ਪ੍ਰਾਣ।

ਮੰਜੇ ਉੱਤੇ ਪਾ ਕੇ, ਘਰੀਂ ਲਿਆਏ ਚੁੱਕ।



Sri Satguru Jagjit Singh Ji eLibrary NamdhariElibrary@gmail.com

ਵੇਖਦਿਆਂ ਹੀ ਮਾਂ ਦੇ, ਸਾਹ ਗਏ ਸਭ ਸੁੱਕ।

ਮਨ ਦੇ ਅੰਦਰ ਖਟਕ ਗਈ, ਝਟਪਟ ਵਿਹੰਦੇ ਸਾਰ।

ਇਸ ਰਾਮੇ ਨੂੰ ਧਰਤ ਤੋਂ, ਕੀਤਾ ਸੀ ਇਨਕਾਰ।

ਏਸੇ ਕਰਕੇ ਏਸ ਦਾ, ਹੋਇਆ ਹਾਲ ਵੈਰਾਨ।

ਮੰਜੀ ਉਹਦੀ ਚੁੱਕ ਕੇ, ਜਲਦੀ ਹੋਈ ਰਵਾਨ।

ਰੱਖੀ ਉਹਨੇ ਆਣ ਕੇ, ਸਤਿਗੁਰ ਜੀ ਦੇ ਕੋਲ।

ਗਲ ਵਿੱਚ ਪੱਲਾ ਪਾ ਕੇ, ਆਖਣ ਲੱਗੀ ਬੋਲ।

ਧਰਤੀ ਲੈ ਲੈ ਰਾਮਿਆਂ, ਜਿੰਨੀ ਮਰਜ਼ੀ ਨਾਪ।

ਲਾਹ ਦੇ ਐਪਰ ਪੁੱਤ ਦੇ, ਸਾਰਾ ਸਿਰੋਂ ਸਰਾਪ।

ਪੁੱਤਾਂ ਬਾਝੋਂ ਮਾਪਿਆਂ ਦਾ, ਕਾਹਦਾ ਏ ਜੀਣ।

ਮਰ ਜਾਵਾਂਗੀ ਵਿਲਕਦੀ, ਮੈਂ ਕਰਮਾਂ ਦੀ ਹੀਣ।

ਨਜ਼ਰ ਕਰੀ ਜਾਂ ਮਿਹਰ ਦੀ, ਸਤਿਗੁਰ ਦੀਨ ਦਿਆਲ।

ਮਾਰੀ ਵਾਜ ਪ੍ਰੇਮ ਦੀ, ਉੱਠ ਬੈਠਾ ਤਤਕਾਲ।

ਚਰਨਾਂ ਉੱਤੇ ਡਿੱਗਿਆ, ਆਖੇ ਮਾਈ ਬਾਪ।

ਜਿੱਥੋਂ ਤੇਰਾ ਜੀ ਹੈ, ਲੈ ਲੈ ਧਰਤੀ ਨਾਪ।

ਲੰਗਰ ਫੇਰ ਉਸਾਰਿਆ, ਨਾਲ ਤਬੇਲਾ ਹੋਰ।

ਖੁਸ਼ੀ ਮਨਾਈ ਸੰਗਤਾਂ, ਚੜ੍ਹੀ ਸੁਖਾਂ ਦੀ ਭੋਰ।

ਭਾਵੇਂ ਬਹੁਤਾ ਵਧ ਗਿਆ, ਸਤਿਗੁਰ ਦਾ ਪ੍ਰਤਾਪ।

ਕਿਰਤ ਕਮਾਈ ਧਰਮ ਦੀ, ਕੇਵਲ ਛਕਦੇ ਆਪ।

ਹੱਟੀ ਵਿੱਚੋਂ ਲੈ ਕੇ, ਜੋੜ ਮੁਨਾਫ਼ਾ ਯੋਗ।

ਉਹਦਾ ਅੰਨ ਖਰੀਦ ਕੇ, ਕੁਣਬਾ ਲਾਵੇ ਭੋਗ।

## ਦੌਰੇ ਅਰੰਭਣੇ

ਉਨੀਂ ਸੌ ਤੇ ਪੰਦਰਾਂ, ਜਾਣ ਬਿਕਰਮੀ ਸਾਲ।

ਨਿਕਲ ਤੁਰੇ ਪ੍ਰਚਾਰ ਤੇ, ਸਤਿਗੁਰ ਦੀਨ ਦਿਆਲ।

ਪਹਿਲੇ ਦੌਰੇ ਉੱਤਰੇ, ਪਿੰਡ ਮੁਠੱਡੇ ਆਣ।

ਜ਼ਿਲ੍ਹੇ ਜਲੰਧਰ ਵਿੱਚ ਹੈ, ਏਦਾਂ ਲਵੋ ਪਛਾਣ।

ਨਿਰਮਲ ਬਾਣੀ ਬੋਲਦੇ, ਕੈਸੀ ਵੇਖ ਤਾਸੀਰ।

ਕੂਕੇ ਸਾਰੇ ਪਿੰਡ ਦੇ, ਹੋਏ ਲੋਕ ਅਖੀਰ।

ਆਸੀ, ਰੁੜਕਾ, ਰਾਇਪੁਰ, ਡੇਹਲੋਂ, ਜੱਸੋਵਾਲ।

ਜੜਤੌਲੀ ਤੇ ਲੋਹਗੜ੍ਹ, ਨੰਗਲ ਪੱਖੋਵਾਲ।

ਗੁਜਰਵਾਲ, ਨਾਰੰਗਵਾਲ, ਲੁਧਿਆਣੇ ਦੇ ਗਾਂਵ।

ਹੋਏ ਨਾਮਧਾਰੀਏ, ਏਥੇ ਲੋਕ ਤਮਾਮ।

ਲੋਹਗੜ੍ਹ ਅੰਦਰ ਵੱਸਦੇ, ਜਗੀਰਦਾਰ ਸਰਦਾਰ।

ਉਹ ਵੀ ਕੂਕੇ ਕਰ ਲਏ, ਬਾਣ ਬਾਣੀ ਦੇ ਮਾਰ।



Sri Satguru Jagjit Singh Ji eLibrary NamdhariElibrary@gmail.com

ਵੱਜਣ ਛੈਣੇ ਢੋਲਕੀ, ਗੁਰਬਾਣੀ ਪਏ ਗਾਉਣ।

ਮਸਤੀ ਚੜ੍ਹੇ ਹਵਾ ਨੂੰ, ਲੋਕੀਂ ਸੂਤਰ ਪਾਉਣ।

ਸੱਚੇ ਮਨ 'ਚੋਂ ਨਿਲਕਦੀ, ਸੱਚੀ ਜਦੋਂ ਅਵਾਜ਼।

ਜਾਪੇ ਜਾਂਦੀ ਖੋਹਲਦੀ, ਕੂੜ ਕਪਟ ਦੇ ਪਾਜ।

ਵਿੱਚ ਦਿਲਾਂ ਦੇ ਵੱਸਦੀ, ਜਿਉਂ ਫੁੱਲਾਂ ਦੀ ਬਾਸ।

ਝਟਪਟ ਚਰਨੀਂ ਗੁਰਾਂ ਦੇ, ਅਰਪਣ ਕਰਨ ਸੁਆਸ।

ਪਰਦੇ ਪੈ ਕੇ ਕੂੜ ਦੇ, ਚਾਨਣ ਗਿਆ ਗਵਾਚ।

ਗੁਰਬਾਣੀ ਕਿੰਜ ਲਾਹ ਦਵੇ, ਦੱਸਣ ਸੋਹਣੀ ਜਾਚ।

ਰਿਸ਼ਮਾਂ ਅੰਦਰ ਵੱਸੀਆਂ, ਨਜ਼ਰੀਂ ਆਇਆ ਨੂਰ।

ਕੂੜ ਹਨੇਰਾ ਉੱਡਿਆ, ਮਨ ਹੋਇਆ ਮਖਮੂਰ।

## ਦਰਬਾਰਾ ਸਿੰਘ ਨੂੰ ਸੁਧਾਰਨਾ

ਪਿੰਡ ਰਾਇਪੁਰ ਅਮਲੀਆਂ, ਦਾ ਕਰਕੇ ਮਸ਼ਹੂਰ।

ਨਸ਼ਿਆਂ ਦੇ ਦਰਿਆ ਵਿੱਚ, ਰੁੜ੍ਹਦਾ ਜਾਵੇ ਪੂਰ।

ਹੱਡਾਂ ਅੰਦਰ ਰਚ ਗਏ, ਪੋਸਤ ਭੰਗ ਅਫੀਮ।

ਪੀਣ ਸ਼ਰਾਬਾਂ ਕੱਢ ਕੇ, ਵੈਲੀ ਹੋਏ ਅਸੀਮ।

ਪਰ ਦਰਬਾਰਾ ਸਿੰਘ ਸੀ, ਉਹਨਾਂ ਦਾ ਸਰਦਾਰ।

ਨੁਸਖਾ ਕੈਸਾ ਪਾ ਕੇ ਕਰੇ, ਸ਼ਰਾਬ ਤਿਆਰ।

ਸੌ ਮੁਰਗਾ ਪੰਜ ਬੱਕਰੇ, ਚਿੜਾ ਪਾਂਚ ਸੌ ਮਾਰ।

ਮੱਟਾਂ ਅੰਦਰ ਪਾ ਕੇ, ਕਰਦਾ ਲਾਹਣ ਤਿਆਰ।

ਖਾਂਦਾ ਸੀ ਉਹ ਰੋਜ ਦੀ, ਤੋਲੇ ਤਿੰਨ ਅਫੀਮ।

ਅੰਦਰ ਸੁੱਟੇ ਵੱਟ ਕੇ, ਜਿੱਦਾਂ ਛੋਟੀ ਢੀਮ।

ਸੁੱਖਾ ਅੱਠ ਛਟਾਂਕ ਤੇ, ਪੋਸਤ ਪੱਕਾ ਸੇਰ।

ਪੀਂਦਾ ਸੀ ਜਾਂ ਰੱਜ ਕੇ, ਅੱਖਾਂ ਖੁੱਲ੍ਹਣ ਫੇਰ।

ਅਮਲ ਵਧਾਇਆ ਵਧ ਗਿਆ, ਘਟੇ ਨਾ ਉਸ ਤੋਂ ਮੂਲ।

ਚਿੰਤਾ ਹੋਈ ਜਾਨ ਦੀ, ਦਿਲ ਵਿੱਚ ਉੱਠਣ ਸੂਲ।

ਆਖਣ ਜੰਗਲ ਵੱਲ ਜਾਂ, ਜਾਵੇ ਕਦੇ ਸ਼ਿਕਾਰ।

ਖੋੜਾਂ ਅੰਦਰ ਫੀਮ ਉਹ, ਆਉਂਦਾ ਰੱਖ ਸਵਾਰ।

ਸੋਚੇ ਏਧਰ ਆਣ ਕੇ, ਖਬਰੇ ਜਾਵੇ ਮੁੱਕ।

ਜੀਣਾ ਮੁਸ਼ਕਲ ਇਸ ਬਿਨਾ, ਸਾਹ ਜਾਣਗੇ ਰੁਕ।

ਜਦੋਂ ਦੁਬਾਰਾ ਏਸ ਜੂਹ, ਫੇਰਾ ਪਾਵਾਂ ਆ।

ਕੱਢ ਕੇ ਖੋੜਾਂ ਅੰਦਰੋਂ, ਫੇਰ ਲਵਾਂਗਾ ਖਾ।

ਐਪਰ ਚੀਨੀ ਵਾਲੜੇ, ਲਾਇਆ ਜਦੋਂ ਦੀਵਾਨ।

ਉਹਨੇ ਵੇਖੀ ਆਣ ਕੇ, ਬੜੀ ਅਨੋਖੀ ਸ਼ਾਨ।

ਸਤਿਗੁਰ ਜੀ ਨੇ ਆਖਿਆ, ਨਾਲ ਬੜੇ ਅਨੁਰਾਗ।
ਦੇਵੋ ਦੁਨੀਆਂ ਵਾਲਿਓ, ਝੂਠੇ ਨਸ਼ੇ ਤਿਆਗ।
ਸੱਚਾ  ਦੇਸ਼ ਪਿਆਰ ਦਾ, ਨਸ਼ਾ ਲਗਾਓ ਆਪ।
ਚੜ੍ਹਿਆ ਜਿਹੜਾ ਕੌਮ ਨੂੰ, ਲਾਹੀਏ ਮਾਰੂ ਤਾਪ।
ਪਹਿਲਾਂ ਸੱਚਾ ਨਾਮ ਦਾ, ਅਮਲ ਇਲਾਹੀ ਜਾਣ।
ਚੜ੍ਹਕੇ ਫੇਰ ਨਾ ਉੱਤਰੇ, ਹੋਵਣ ਸੁਖੀ ਪ੍ਰਾਣ।
ਦਿੱਤੀ ਸਾਡੇ ਸਤਿਗੁਰਾਂ, ਸੋਹਣੀ ਜਾਣ ਸੌਗਾਤ।
"ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।"
ਲੋਹਾ ਹੋਇਆ ਨਰਮ ਜਾਂ, ਭੱਠੀ ਪਿਆ ਲੋਹਾਰ।
ਕਰ ਦਿੱਤਾ ਰੁਕਸਾਰ ਉਹ, ਸੱਟ ਸੁਚੱਜੀ ਮਾਰ।
ਝੱਟ ਦਰਬਾਰਾ ਉੱਠਿਆ, ਚੜ੍ਹੀ ਸੁਚੱਜੀ ਲੋਰ।
ਮਸਤੀ ਅੰਦਰ ਮਸਤ ਹੋ, ਨੱਚੇ ਵਾਂਗਰ ਮੋਰ।
ਡੱਬੀ ਮਾਰੀ ਫੀਮ ਦੀ, ਜੇਬੋਂ ਕੱਢ ਵਗਾਹ।
ਡਾਂਗ ਨਾਲ ਮੱਟ ਲਾਹਣ ਦੇ, ਕੀਤੇ ਓਸ ਤਬਾਹ।
ਮਾਲਾ ਗਲ ਵਿੱਚ ਪਾ ਕੇ, ਸੱਚਾ ਬਣਿਆ ਸੰਤ।
ਪਤਝੜ ਉੱਡੀ ਚਿਹਰਿਓਂ ਆਈ ਪਰਤ ਬਸੰਤ।
ਰਾਇਪੁਰ ਦਾ ਹੋਰ ਸੀ, ਧੌਂਕਲ ਸਿੰਘ ਸਰਦਾਰ।
ਉਹ ਵੀ ਕੂਕਾ ਹੋ ਗਿਆ, ਮੰਦੇ ਕਰਮ ਵਿਸਾਰ।

ਹੈ ਸੀ ਅਮਲੀ ਪੁੱਜ ਕੇ, ਦਿੱਤੇ ਨਸ਼ੇ ਤਿਆਗ।

ਫਿਟਿਆ ਚਾਟਾ ਜੰਮਿਆਂ, ਸਤਿਗੁਰ ਲਾਈ ਜਾਗ।

**ਸਾਹਿਬੇ ਨੂੰ ਜੁੱਤੀਆਂ**

ਰੁੜਕੇ ਪੁੱਜੇ ਆਪ ਜਾਂ, ਕਰਨ ਧਰਮ ਪ੍ਰਚਾਰ।

ਜਿੱਧਰ ਜਾਵਣ ਦੌੜਦੀ, ਬਦੀ ਚਾਂਗਰਾਂ ਮਾਰ।

ਐਪਰ ਓਸੇ ਪਿੰਡ ਦਾ, ਜ਼ੈਲਦਾਰ ਸਰਦਾਰ।

ਸਾਹਿਬਾ ਉਹਦਾ ਨਾਮ ਸੀ, ਅੰਗ੍ਰੇਜ਼ਾਂ ਦਾ ਯਾਰ।

ਉਹਨੇ ਸਤਿਗੁਰ ਜੀ ਦੀ, ਵੇਖੀ ਚੜ੍ਹਤ ਚੁਫ਼ੇਰ।

ਔਖਾ ਹੋਇਆ ਅੰਦਰੋਂ, ਮਹਿਮਾ ਹੁੰਦੀ ਹੇਰ।

ਮੂੰਹੋਂ ਮਿੱਠਾ ਬੋਲਦਾ, ਅੰਦਰ ਕਪਟ ਵਿਕਾਰ।

ਨਾਲ ਚਲਾਕੀ ਘੇਰ ਦਾ, ਅੱਗਾ ਹੋ ਹੁਸ਼ਿਆਰ।

ਹੁੱਕੇ ਵਾਲਾ ਪਾ ਕੇ, ਪਾਣੀ ਧੋ ਕੇ ਥਾਲ।

ਪਾ ਪਤਾਸੇ ਢਕ ਕੇ, ਲੈ ਆਇਆ ਤਤਕਾਲ।

ਸਤਿਗੁਰ ਜੀ ਨੂੰ ਪਹੁੰਚਿਆ, ਕਰਨ ਲਈ ਜਾਂ ਭੇਟ।

ਹੱਸਣ ਅੱਖਾਂ ਖਚਰੀਆਂ, ਨਮੋ ਕਰੇਂਦਾ ਲੇਟ।

ਨਜ਼ਰਾਂ ਵੇਖ ਸ਼ਰਾਰਤੀ, ਗੁਰ ਜੀ ਲੀਤਾ ਤਾੜ।



. Sri Satguru Jagjit Singh Ji eLibrary NamdhariElibrary@gmail.com .

ਨਕਲ ਬਣਾ ਕੇ ਅਸਲ ਜਿਉਂ, ਆਇਆ ਕਰਨ ਵਿਗਾੜ।

ਕਰੀਏ ਜਤਨ ਹਜ਼ਾਰ ਨਾ, ਕਪਟ ਛੁਪਾਇਆ ਜਾਏ।

"ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥"

ਸੋਟੀ ਦੀ ਹੁੱਜ ਮਾਰ ਕੇ, ਸਤਿਗੁਰ ਜਾਣੀ ਜਾਣ।

ਥਾਲ ਵਗਾਹਿਆ ਦੂਰ ਜਾਂ, ਟੁੱਟਾ ਉਸਦਾ ਮਾਣ।

ਭੇਤ ਖੋਟ ਦਾ ਖੁੱਲ੍ਹਿਆ, ਨੰਗਾ ਹੋਇਆ ਸੱਚ।

ਸੀਨੇ ਅੰਦਰ ਈਰਖਾ, ਲਾਟ ਰਹੀ ਸੀ ਮੱਚ।

ਹੋ ਸ਼ਰਮਿੰਦਾ ਤੁਰ ਗਿਆ, ਖਾ ਕੇ ਮੂੰਹ ਦੀ ਮਾਰ।

ਕਰਦਾ ਹੈ ਸੀ ਬਾਅਦ ਵੀ, ਐਸੇ ਉਲਟ ਵਿਹਾਰ।

ਹੋ ਮੁਖਬਰ ਅੰਗ੍ਰੇਜ਼ ਦਾ, ਦਏ ਰਿਪੋਰਟ ਕੁੱਲ।

ਗ਼ੈਰਾਂ ਦੇ ਸੰਗ ਯਾਰੀਆਂ, ਗਿਆ ਆਪਣੇ ਭੁੱਲ।

ਕੂਕੇ ਫਿਰੇ ਫੜਾਂਵਦਾ, ਕਰ ਕਰ ਗਲਤ ਰਿਪੋਰਟ।

ਵੇਖੋ ਅਣਖ ਜ਼ਮੀਰ ਤੇ, ਪਿਆ ਚਲਾਉਂਦਾ ਚੋਟ।

ਉਸ ਦੀ ਵੇਖ ਕਮੀਨਗੀ, ਚਰਚਾ ਹੋਈ ਚੁਫ਼ੇਰ।

ਧੌਂਕਲ ਸਿੰਘ ਦੇ ਕੰਨ ਵੀ, ਗੱਲ ਪਈ ਉਹ ਫੇਰ।

ਉਹਨੇ ਵਿੱਚ ਦੀਵਾਨ ਦੇ, ਖਾਧੀ ਇੰਜ ਸੌਗੰਧ।

ਇਸ ਨੂੰ ਮਜ਼ਾ ਚਖਾਉਣ ਦੇ, ਬਚਨਾਂ ਤੇ ਪਾਬੰਦ।

ਸਾਹਿਬੇ ਦੇ ਸਿਰ ਜੁੱਤੀਆਂ, ਸੌ ਪੂਰੀਆਂ ਮਾਰ।



Sri Satguru Jagjit Singh Ji eLibrary NamdhariElibrary@gmail.com

ਫੇਰ ਗੁਰਾਂ ਦੇ ਆਣਕੇ, ਮਗਰੋਂ ਕਰਾਂ ਦੀਦਾਰ।

ਸੌ ਮਾਰਦਿਆਂ ਜੁੱਤੀਆਂ, ਸੋਚਣ ਹੋਵੇ ਦੇਰ।

ਏਨੇ ਚਿਰ ਵਿੱਚ ਆਣ ਕੇ, ਲਏ ਲੋਕਾਈ ਘੇਰ।

ਪੰਜ ਤਲੇ ਦਾ ਓਸ ਨੇ, ਛਿੱਤਰ ਲਿਆ ਸਵਾਰ।

ਸਾਹਿਬੇ ਮੁਖਬਰ ਵਾਸਤੇ, ਕੀਤਾ ਖੂਬ ਤਿਆਰ।

ਚੜ੍ਹਤ ਸਿੰਘ ਨੇ ਆਖਿਆ, ਦੇਵਾਂ ਤੇਰਾ ਸਾਥ।

ਪੂਰਾ ਹੋਵੇ ਪ੍ਰਣ ਇਹ, ਬਖਸ਼ੇ ਦੀਨਾ ਨਾਥ।

ਇੱਕ ਦਿਹਾੜੇ ਜਾ ਰਿਹਾ, ਲੈ ਕੇ ਸਾਥੀ ਨਾਲ।

ਲੁਧਿਆਣੇ ਵੱਲ ਉਹ ਕਰਕੇ, ਬੜਾ ਖਿਆਲ।

ਸਾਥੀ ਪਿੱਛੇ ਰਹਿ ਗਏ, ਥੋੜ੍ਹੀ ਵਾਟ ਵਿਚਾਰ।

ਚੜ੍ਹਤ ਸਿੰਘ ਨੇ ਵੇਖਿਆ, ਮੌਕਾ ਸੂਤਰ ਧਾਰ।

ਘੋੜੀ ਰੋਕੀ ਵਾਗ ਫੜ੍ਹ, ਕੀਤਾ ਓਸ ਅਗਾਹ।

ਬਾਹੋਂ ਫੜ੍ਹਕੇ ਖਿੱਚਿਆ, ਥੱਲੇ ਲੀਤਾ ਲਾਹ।

ਧੌਂਕਲ ਸਿੰਘ ਆ ਗਰਜਿਆ, ਕਰਦਾ ਮਾਰੋ ਮਾਰ।

ਮਾਰੇ ਛਿੱਤਰ ਵੀਹ ਉਸ, ਗਿਣ ਗਿਣ ਬੜੇ ਸੁਆਰ।

ਪਲ ਵਿੱਚ ਪੌਲੇ ਮਾਰ ਕੇ, ਔਹ ਗਏ ਸਰਦਾਰ।

ਜਿੱਦਾਂ ਮਾਰ ਸ਼ਿਕਾਰ ਨੂੰ, ਭਰਦਾ ਬਾਜ ਉਡਾਰ।

ਸਾਥੀ ਗਏ ਠਠੰਬਰੇ, ਆਇਆ ਨਾ ਕੋਈ ਨੇੜ।



. Sri Satguru Jagjit Singh Ji eLibrary NamdhariElibrary@gmail.com .

ਡਰਦੇ ਦੂਰੋਂ ਵੇਖਦੇ, ਉਹ ਸਾਨ੍ਹਾਂ ਦਾ ਭੇੜ।

ਸਾਹਿਬਾ ਮਲਦਾ ਗੰਜ ਨੂੰ, ਟੋਟਣ ਹੋਈ ਲਾਲ।

ਚੰਗੀ ਕੀਤੀ ਕੂਕਿਆਂ, ਆਖਣ ਏਹਦੇ ਨਾਲ।

---o---

ਬਗਲੀ ਨਾਮ ਗ੍ਰਾਮ ਦਾ, ਅੱਗੇ ਪਹੁੰਚੇ ਚੱਲ।

ਆਖਣ ਕੂੜ ਕੁਰੀਤੀਆਂ, ਨੂੰ ਪਾਉਣੀ ਹੈ ਠੱਲ।

ਏਥੋਂ ਦਾ ਹਰਨਾਮ ਸਿੰਘ, ਲੇਖਕ ਸੀ ਮਸ਼ਹੂਰ।

ਸੰਤ ਖਾਲਸਾ ਤਵਾਰੀਖ, ਜਿਸ ਨੇ ਲਿਖੀ ਜ਼ਰੂਰ।

ਕੂਕਾ ਬਣਿਆ ਸੁੱਧ ਸਿੰਘ, ਉਸਦਾ ਬਾਪ ਵੀਚਾਰ।

ਸਤਿਗੁਰ ਬੇੜਾ ਬੰਨ੍ਹਿਆ, ਹੋਣ ਲੋਕ ਅਸਵਾਰ।

ਫੇਰ ਉਟਾਲੇ ਅੱਪੜੇ, ਲਾਉਣ ਧਰਮ ਦੀ ਜਾਗ।

ਹੰਸ ਬਣਾਵਣ ਦਰਸ਼ ਦੇ, ਮਨਮੁਖ ਕਾਲੇ ਨਾਗ।

ਏਸੇ ਪਿੰਡ 'ਚ ਪੰਡਤਾਂ ਦਾ, ਵੀ ਵਾਹਵਾ ਜੋਰ।

ਚੁੱਕੀ ਫਿਰਦੇ ਈਰਖਾ, ਦਿਲ ਦੇ ਕਾਲੇ ਚੋਰ।

ਇਹ ਸਾਡੇ ਰੁਜ਼ਗਾਰ ਨੂੰ, ਸੋਚਣ ਕਰਦੇ ਬੰਦ।

ਅੰਧ ਵਿਸ਼ਵਾਸ ਹਟਾ ਕੇ, ਤੋੜਨ ਸਾਰੇ ਫੰਧ।

ਲੱਗੇ ਭੋਲੇ ਲੋਕ ਹੁਣ, ਸਮਝਣ ਸਾਡੀ ਚਾਲ।



Sri Satguru Jagjit Singh Ji eLibrary NamdhariElibrary@gmail.com

ਜੇ ਅਸਲੀਅਤ ਜਾਣ ਗਏ, ਗਲੇ ਨਾ ਮੁੜਕੇ ਦਾਲ।

ਅਸੀਂ ਵਿਛਾਏ ਜਾਲ ਇਹ, ਕਰਦਾ ਜਾਏ ਸੁਚੇਤ।

ਧੰਦਾ ਚੌਪਟ ਕਰ ਰਿਹਾ, ਖੋਹਲ ਅਸਾਡਾ ਭੇਤ।

ਸਾਡੇ ਇਹ ਰੁਜ਼ਗਾਰ ਵਿੱਚ, ਮਾਰ ਰਿਹਾ ਹੈ ਲੱਤ।

ਲੱਗਣ ਇਹਦੇ ਪੈਰ ਨਾ, ਐਸਾ ਕਰੋ ਕੁਪੱਤ।

ਸੱਚ ਆਚਰਣ ਛੱਡ ਕੇ, ਵੱਸਿਆ ਵਿੱਚ ਸ਼ੈਤਾਨ।

ਆਪਣਿਆਂ ਨੂੰ ਵੱਢਦਾ, ਹਲਕਾ ਜਿਵੇਂ ਸੁਆਨ।

ਉਹਨਾਂ ਮਸਲਤ ਜੋੜ ਕੇ, ਕਰੀ ਅਵੱਲੀ ਕਾਰ।

ਦਿੱਤਾ ਖੂਹਾਂ ਸਾਰਿਆਂ, ਵਿੱਚ ਤੰਬਾਕੂ ਡਾਰ।

ਪਾਣੀ ਕਿੱਥੋਂ ਪੀਣਗੇ, ਲੱਗੂ ਜਦੋਂ ਪਿਆਸ।

ਆਪੇ ਏਥੋਂ ਤੰਗ ਹੋ, ਕਰ ਜਾਵਣ ਪ੍ਰਵਾਸ।

ਜਾਂ ਮਰਿਆਦਾ ਏਸ ਤਰ੍ਹਾਂ, ਕਰ ਦੇਵਾਂਗੇ ਭੰਗ।

ਲੋਕਾਂ ਤਾਈਂ ਕਹਾਂਗੇ, ਵੇਖੋ ਝੂਠੇ ਰੰਗ।

ਸਿੱਖਾਂ ਨੇ ਇਹ ਵੇਖ ਕੇ, ਕੀਤਾ ਗੁੱਸਾ ਢੇਰ।

ਕਹਿਣ ਬ੍ਰਾਹਮਣ ਸੋਧੀਏ, ਜ਼ਰਾ ਨਾ ਲਾਈਏ ਦੇਰ।

ਐਪਰ ਸਤਿਗੁਰ ਜੀ ਨੇ, ਦੇ ਸ਼ਾਂਤੀ ਉਪਦੇਸ਼।

ਠੰਡਾ ਕੀਤਾ ਖਾਲਸਾ, ਜਾਣ ਨਾ ਦਿੱਤੀ ਪੇਸ਼।

ਡੇਰਾ ਇੱਕ ਉਦਾਸੀਆਂ, ਦਾ ਸੀ ਪਿੰਡੋਂ ਦੂਰ।



Sri Satguru Jagjit Singh Ji eLibrary NamdhariElibrary@gmail.com

ਮੁਕਤ ਦਾਸ ਮਹੰਤ ਸੀ, ਓਥੋਂ ਦਾ ਮਸ਼ਹੂਰ।

ਓਥੇ ਵੀ ਇੱਕ ਖੂਹ ਸੀ, ਗਏ ਨਾ ਜਿੱਥੇ ਚੋਰ।

ਨਹੀਂ ਤਮਾਕੂ ਪਾਉਣ ਦਾ, ਓਥੇ ਚੱਲਿਆ ਜ਼ੋਰ।

ਲੈ ਕੇ ਓਸੇ ਖੂਹ ਤੋਂ, ਪਾਣੀ ਕੀਤੇ ਕਾਜ।

ਇਹ ਵੇਖ ਕੇ ਪੰਡਤਾਂ, ਨੂੰ ਵੀ ਆਈ ਲਾਜ।

ਮਾਫ਼ੀ ਮੰਗੀ ਆਣ ਕੇ, ਤੇ ਬਖਸ਼ਾਰੀ ਭੁੱਲ।

ਇੰਜ ਮਨੋਂ ਹੰਕਾਰ ਦਾ, ਹੋਇਆ ਦੀਵਾ ਗੁੱਲ।

ਫਿਰ ਘੁੰਗਰਾਲੀ, ਲਖਣਪੁਰ, ਅਤੇ ਜਟਾਣਾ ਲੱਲ੍ਹ।

ਦਿਆਲਪੁਰੇ ਤੋਂ ਹਰਿਓਂ, ਗਏ ਜਟਾਣੇ ਚੱਲ।

ਕੀਤੇ ਨਾਮਧਾਰੀਏ, ਓਥੋਂ ਦੇ ਵਸਨੀਕ।

ਵਾਪਸ ਭੈਣੀ ਧਰਤ ਪਏ, ਅਗਲਾ ਕਾਜ ਉਲੀਕ।

ਸ਼ਾਮ ਸਵੇਰੇ ਰਸ ਭਰੇ, ਲੱਗਣ ਖੂਬ ਦੀਵਾਨ।

ਕਥਾ ਕੀਰਤਨ ਨਿੱਤਨੇਮ, ਹੋਣ ਪਏ ਵਖਿਆਨ।

ਭੋਗ ਪਵਾਵਣ ਰੋਜ ਹੀ, ਕਰ ਗੁਰਬਾਣੀ ਪਾਠ।

ਸੱਚਖੰਡ ਗੁਰ ਸਾਜਿਆ, ਐਸਾ ਆਏ ਠਾਠ।

ਰੱਬੀ ਬਾਣੀ ਗਾਉਂਦਿਆਂ, ਆਏ ਬੜਾ ਸੁਆਦ।

ਕਿੱਦਾਂ ਜੀਵਨ ਜੀਵਨਾ, ਰਹੇ ਕਰਾਉਂਦੀ ਯਾਦ।



Sri Satguru Jagjit Singh Ji eLibrary NamdhariElibrary@gmail.com

## ਜਥੇਦਾਰ ਤੇ ਰਾਗੀ ਸਾਜਣੇ

ਉੱਚ ਪੱਧਰੀ ਆਪ ਨੇ, ਕਰਨ ਲਈ ਪ੍ਰਚਾਰ।

ਰਾਗੀ ਢਾਡੀ ਜਥੇਦਾਰ, ਕੀਤੇ ਬਹੁਤ ਤਿਆਰ।

ਸਾਜੀ, ਸਾਜ ਵਜੰਤਰੀ, ਤਬਲਾ, ਤਾਊਸ਼, ਰਬਾਬ।

ਉਸ ਰੱਬੀ ਸੰਗੀਤ ਦਾ, ਰਚਿਆ ਅਗਲਾ ਬਾਬ।

ਵਿੱਚ ਧੁਲੇਤੇ ਵੱਸਦਾ, ਰਾਗੀ ਦਿੱਤੂ ਜਾਣ।

ਸਭ ਤੋਂ ਪਹਿਲਾਂ ਗੁਰਾਂ ਤੋਂ, ਪਾਇਆ ਜਿਸਨੇ ਮਾਣ।

ਮਜ਼੍ਹਬੀ ਸਿੰਘ ਭਦੌੜ ਦਾ, ਭਾਈ ਸਿੰਘ ਕ੍ਰਿਪਾਲ।

ਬਸੀਆਂ ਵਾਲਾ ਸਾਹਿਬ ਸਿੰਘ, ਤੁਰਿਆ ਉਹਦੇ ਨਾਲ।

ਭਾਈ ਪ੍ਰੇਮ ਸਿੰਘ ਸੀ, ਪਿਤਾ ਸਿੰਘ ਕਿਰਪਾਲ।

ਵਿੱਚ ਮਾਲਵੇ ਦੇਸ਼ ਦੇ, ਪਾਉਂਦੇ ਸ਼ਬਦ ਧਮਾਲ।

ਭਾਈ ਤਾਰਾ ਆਖਦੇ, ਦੂਜਾ ਮਾਲੀ ਨਾਲ।

ਮਾਝੇ ਅੰਦਰ ਕੀਰਤਨ, ਕਰਕੇ ਕਰਨ ਨਿਹਾਲ।

ਇਹ ਅਟਾਰੀ ਪਿੰਡ ਦੇ, ਦੋਵੇਂ ਰਾਗੀ ਜਾਣ।

ਪਾਇਆ ਸਤਿਗੁਰ ਸੰਗਤੋਂ, ਦੋਹਾਂ ਬਹੁ ਸਨਮਾਨ।

ਵਿੱਚ ਦੁਆਬੇ ਸੂਬਾ ਸਿੰਘ, ਮੋਰੋਂ ਦਾ ਪਹਿਚਾਣ।

ਗੁਰਮਤ ਦਾ ਪ੍ਰਚਾਰ ਕਰ, ਬਹੁਤ ਪਵਾਵੇ ਮਾਣ।

ਭਾਈ ਪਛੌਰਾ ਤੋਰਿਆ, ਭਾਈ ਸੰਤੂ ਨਾਲ।

ਸ਼ਰਧਾ ਭਰੀ ਕਵੀਸ਼ਰੀ, ਕਰਦੇ ਬੜੀ ਕਮਾਲ।

ਢੱਡ ਸਾਰੰਗੀ ਨਾਲ ਇਹ, ਵਾਰ ਸ਼ਹੀਦੀ ਗਾਉਣ।

ਜਾ ਜਾ ਵਿੱਚ ਪੰਜਾਬ ਦੇ, ਸੁੱਤੀ ਅਣਖ ਜਗਾਉਣ।

ਅਤਰ ਸਿੰਘ ਤੇ ਰਤਨ ਸਿੰਘ, ਭਾਈ ਨਾਲ ਖਜ਼ਾਨ।

ਨਾਲ ਸਿੰਘ ਹਰਨਾਮ ਦੇ, ਤੁਰਦਾ ਸਿੰਘ ਸੁਜਾਨ।

ਭੈਣੀ ਸਾਹਿਬ ਚੁਫੇਰ ਇਹ, ਪਏ ਦੀਵਾਨ ਸਜਾਉਣ।

ਸਤਿਗੁਰ ਵਾਲੀ ਕੀਰਤੀ, ਚਾਰੇ ਕੁੰਟ ਪਚਾਉਣ।

ਜੋ ਅੰਦਰ ਉਹ ਬਾਹਰ ਹੈ, ਨਹੀਂ ਵਖਾਵਾ ਕੂੜ।

ਵੱਢ ਵਗਾਹੇ ਸਾਰਿਆਂ, ਸਭ ਦੁਨਿਆਵੀ ਜੂੜ।

ਕਰਨ ਲਈ ਕੁਰਬਾਨੀਆਂ, ਦਿਲਾਂ ’ਚ ਆਉਣ ਉਬਾਲ।

ਯੁੱਧ ਧਰਮ ਦਾ ਛੇੜਿਆ, ਅੰਗ੍ਰੇਜ਼ਾਂ ਦੇ ਨਾਲ।

ਕਹਿਣੀ ਕਰਨੀ ਸੱਚ ਦੀ, ਬੜੇ ਸੰਵੇਦਨਸ਼ੀਲ।

ਦੁੱਖ ਵੰਡਾਵਣ ਦੁਖੀ ਦਾ, ਐਸੇ ਜਾਣ ਅਸੀਲ।

ਕੰਨਾਂ ਵਿੱਚ ਰਸ ਘੋਲਦੀ, ਸੁਰ ਸੋਹਣੀ ਰਸਦਾਰ।

ਲੂੰ ਲੂੰ ਵਿੱਚ ਸਮਾ ਕੇ, ਤਨ ਮਨ ਦਏ ਨਿਖਾਰ।

ਧਰਤ ਤਿਹਾਈ ਚੂਸਦੀ, ਜਿੱਦਾਂ ਵਰਖਾ ਨੀਰ।

ਲੋਕ ਮਨਾਂ ਵਿੱਚ ਵੱਸਦੀ, ਬਾਣੀ ਦੀ ਤਾਸੀਰ।

ਐਨਾ ਅਸਰ ਕਬੂਲਦੇ, ਸੁਣ ਲੋਕੀਂ ਪ੍ਰਚਾਰ।

ਤਨ ਮਨ ਧਨ ਆ ਸੌਂਪਦੇ, ਸਤਿਗੁਰ ਦੇ ਦਰਬਾਰ।

ਉੱਚੇ ਸੁੱਚੇ ਜੀਣ ਦਾ, ਕਰਨ ਪਏ ਪ੍ਰਸਾਰ।

ਖੁਦ ਵੀ ਜੀਵਨ ਜੀਣ ਦਾ, ਏਹੋ ਰੱਖ ਅਧਾਰ।

ਛੱਡ ਛੱਡ ਟੂਣੇ ਟੋਟਕੇ, ਫੋਕੇ ਵਹਿਮ ਵਸਾਰ।

ਚਿੱਟੇ ਝੰਡੇ ਹੇਠ ਆ, ਜੀਵਨ ਲੈਣ ਸਵਾਰ।

## ਵਹਿਮਾਂ ਭਰਮਾਂ ਤੋਂ ਨਿਜਾਤ

ਮੜੀ ਮਸਾਣੀ ਪੂਜਦੇ, ਡਰਦੇ ਸਾਰੇ ਲੋਕ।

ਫਿਰਦਾ ਆਵਾ ਊਤਿਆ, ਕਿਹੜਾ ਪਾਵੇ ਰੋਕ।

ਸਾਧ ਅਖੌਤੀ ਸੌਰੀਏ, ਰਾਵਲ ਠੱਗ ਫ਼ਕੀਰ।

ਭਰਮੀ ਜਾਲ ਵਿਛਾ ਕੇ, ਪਏ ਉਡਾਵਣ ਖੀਰ।

ਲੋਕਾਂ ਅੰਦਰ ਵਹਿਮ ਦੀ, ਐਸੀ ਲੱਗੀ ਚਾਪ।

ਸਮਝਣ ਚੰਬੜੇ ਭੂਤਨੇ, ਹੋਏ ਤਾਪ ਸਰਾਪ।

ਜੇ ਨਾ ਪੂਜਾ ਕਰਾਂਗੇ, ਏਥੋਂ ਉੱਠਣ ਭੂਤ।

ਚੰਬੜ ਜਾਵਣ ਅਸਾਂ ਨੂੰ, ਹੋਵੇ ਕੰਮ ਕਸੂਤ।



Sri Satguru Jagjit Singh Ji eLibrary NamdhariElibrary@gmail.com

ਜੇਕਰ ਢਾਹੀਏ ਇੱਟ ਵੀ, ਜੀਣਾ ਕਰਨ ਮੁਹਾਲ।

ਲੋਕੀਂ ਸਮਝਣ ਭੂਤਨੇ ਆ, ਜਾਵਣ ਤਤਕਾਲ।

ਡਰਦੇ ਮਾਰੇ ਲੋਕ ਸਭ, ਖੀਰਾਂ ਪਏ ਚੜ੍ਹਾਉਣ।

ਰੋਟ ਚੂਰਮੇ ਸੁੱਖ ਕੇ, ਮੱਥੇ ਪਏ ਘਸਾਉਣ।

ਸਤਿਗੁਰ ਜੀ ਨੇ ਆਖਿਆ, ਕਰੋ ਭਰਮ ਦਾ ਨਾਸ।

ਇਹਨਾਂ ਵਹਿਮਾਂ ਦੇਸ਼ ਦਾ, ਦਿੱਤਾ ਰੋਕ ਵਿਕਾਸ।

ਸਿੱਖਾਂ ਤਾਈਂ ਆਖਦੇ, ਢਾਹ ਦਿਓ ਗੁੱਗੇ ਗੋਰ।

ਲੋਕੀਂ ਸਮਝਣ ਫੇਰ ਹੀ, ਇਹਨਾਂ ਨੂੰ ਕਮਜ਼ੋਰ।

ਕਮਰਕੱਸੇ ਕੱਸ ਕੇ, ਸਿੰਘਾਂ ਹੱਲੇ ਬੋਲ।

ਢਾਹ ਢਾਹ ਇੱਟਾਂ ਸੁੱਟੀਆਂ, ਖੋਹਲ ਢੋਲ ਦਾ ਪੋਲ।

ਗੁੱਗੇ, ਮੜ੍ਹੀ, ਮਸਾਣੀਆਂ, ਦਰਗਾਹ ਅੱਲਾ ਯਾਰ।

ਹੈਦਰ ਸ਼ੇਖ ਦੇ ਮਕਬਰੇ, ਨਾਲੇ ਹੋਰ ਮਜ਼ਾਰ।

ਪੀਰ ਖਾਨੇ, ਬੀਬੜੀ, ਤੇ ਮਾਈ ਦੇ ਥਾਨ।

ਜਿਨ੍ਹਾਂ ਦਾ ਇਤਿਹਾਸ ਦੇ, ਅੰਦਰ ਨਹੀਂ ਨਿਸ਼ਾਨ।

ਸਰਵਰ ਸਖੀ ਧਰੋਂਕਲੇ, ਕੀਤੇ ਖੂਬ ਸਫਾ।

ਉਹਨਾਂ ਨੂੰ ਨਾ ਚੰਬੜੀ, ਓਥੋਂ ਕੋਈ ਬਲਾ।

ਢਾਹ ਅਖੌਤੀ ਥਾਨ ਨੂੰ, ਦੇਵਣ ਪਏ ਗਿਆਨ।

ਲੋਕੋ ਇਹਨਾਂ ਵਿੱਚ ਨਾ, ਕੋਈ ਸ਼ਕਤ ਮਹਾਨ।

ਵੇਖੋ ਕਿੱਦਾਂ ਭਰਮ ਦਾ, ਤੋੜ ਰਹੇ ਇਹ ਜਾਲ।

ਮੌਜੂ ਖੂਬ ਬਣਾਉਣ ਪਏ, ਗੱਲਾਂ ਬਾਤਾਂ ਨਾਲ।

ਤੋੜਨ ਲੱਗੇ ਇੱਕ ਥਾਂ, ਵਿੱਚੋਂ ਆਇਆ ਸੇਕ।

ਕਹਿਣ ਅਜਿਹੇ ਮਕਬਰੇ, ਢਾਹੇ ਅਸੀਂ ਅਨੇਕ।

ਸੇਕ ਏਸ ਚੋਂ ਕਿਉਂ ਹੈ, ਆਉਂਦਾ ਮੇਰੇ ਯਾਰ।

ਲੱਗਦਾ ਇਹ ਕੋਈ ਜਤੀ ਹੈ, ਦੂਜਾ ਕਹੇ ਪੁਕਾਰ।

ਤੱਤੀ ਹੋਈ ਧੁੱਪ ਵਿੱਚ, ਅੰਦਰ ਸਿਖਰ ਦੁਪਹਿਰ।

ਤਪੀਆਂ ਇੱਟਾਂ ਪੱਕੀਆਂ, ਧਰਿਆ ਸੜਦੇ ਪੈਰ।

ਇੱਕ ਦੂਜੇ ਨੂੰ ਆਖਦੇ, ਏਦਾਂ ਕਰਨ ਮਜ਼ਾਕ।

ਠਹਿਰੋ ਯਾਰੋ ਅਜੇ ਨਾ, ਤੋੜੋ ਮਾਰ ਮਚਾਕ।

ਪਹਿਲਾਂ ਨਾਲ ਸਕੀਮ ਦੇ, ਠੰਢੀ ਕਰੀਏ ਯਾਰ।

ਏਸ ਅਖੌਤੀ ਪੀਰ ਦਾ, ਲਾਹੀਏ ਇੰਜ ਬੁਖਾਰ।

ਠੰਢੀ ਕਰੀ ਮਜ਼ਾਕ ਸੰਗ, ਪਿੱਛੋਂ ਹੱਲਾ ਬੋਲ।

ਇੱਟਾਂ ਦੂਰ ਖਿਲਾਰੀਆਂ, ਮਿੱਟੀ ਕੁੱਲ ਫਰੋਲ।

ਇੱਕ ਵਾਰ ਸਨ ਜਾ ਰਹੇ, ਕਰਦੇ ਗੁਰ ਪ੍ਰਚਾਰ।

ਬਣੀ ਅਖੌਤੀ ਇੱਕ ਜਾਂ, ਅੱਗੇ ਆਈ ਮਜ਼ਾਰ।

ਲੋਕੀਂ ਮੱਥਾ ਟੇਕਦੇ, ਮੰਗਣ ਪਏ ਮੁਰਾਦ।

ਆਖਣ ਜਗ੍ਹਾ ਸ਼ਹੀਦ ਦੀ, ਨਾਮ ਨਹੀਂ ਹੈ ਯਾਦ।



. Sri Satguru Jagjit Singh Ji eLibrary NamdhariElibrary@gmail.com .

ਸਤਿਗੁਰ ਜੀ ਨੇ ਜਾ ਕੇ, ਲੋਕਾਂ ਦੇ ਵਿਚਕਾਰ।

ਜੁੱਤੀ ਲਾਹ ਮਜ਼ਾਰ ਤੇ, ਮਾਰੇ ਛਿੱਤਰ ਚਾਰ।

ਆਖਣ ਥਾਂ ਥਾਂ ਭਟਕਦੀ, ਫਿਰੇ ਲੋਕਾਈ ਭੁੱਲ।

ਪੂਜਾ ਇੱਕ ਅਕਾਲ ਦੀ, ਛੱਡੀ ਬੈਠੇ ਕੁੱਲ।

ਮੱਥੇ ਰਗੜੋ ਮੂਰਖੋ ਲਾ, ਮਿੱਟੀ ਦਾ ਢੇਰ।

ਦੀਵਾ ਬਾਲ ਗਿਆਨ ਦਾ, ਕਰਦੇ ਦੂਰ ਹਨੇਰ।

ਮਿੱਟੀ ਕਰ ਇਕੱਠੀ, ਪੂਜ ਰਹੇ ਕਿਸ ਢਾਲ।

ਮੂਰਖ ਲੋਕੀਂ ਪੂਜਦੇ, ਭੇਡ ਚਾਰ ਦੇ ਨਾਲ।

ਡਰ ਡਰ ਮਰਦੇ ਓਸ ਤੋਂ, ਜਿਸ ਵਿੱਚ ਗੱਲ ਨਾ ਬਾਤ।

ਆਖਣ ਵੇਖੋ ਮੂਰਖੋ, ਮਾਰ ਅਕਲ ਤੇ ਝਾਤ।

ਮੜ੍ਹੀ ਮਸਾਣੀ ਨਾਲ ਨਾ, ਉਂਜ ਸੀ ਕੋਈ ਵਿਰੋਧ।

ਭਟਕੀ ਹੋਈ ਲੋਕਾਈ ਨੂੰ, ਇੰਜ ਕਰਾਉਂਦੇ ਬੋਧ।

ਇਹ ਵੇਖ ਕੇ ਹੋਰ ਵੀ, ਲੋਕੀਂ ਹੋਏ ਦਲੇਰ।

ਸ਼ਕਤੀ ਮੜ੍ਹੀਆਂ ਵਿੱਚ ਨਾ, ਹੈ ਮਿੱਟੀ ਦਾ ਢੇਰ।

ਫੜ੍ਹ ਫੜ੍ਹ ਕਹੀਆਂ ਆਪ ਹੀ, ਲੱਗੇ ਢਾਹੁਣ ਮਜ਼ਾਰ।

ਆਖਣ ਫਰਜ਼ੀ ਭੂਤਨੇ, ਕਰਦੇ ਰਹੇ ਖੁਆਰ।

ਭਰਮਾਂ ਵਿੱਚੋਂ ਨਿੱਕਲ ਕੇ, ਲੋਕ ਰਹੇ ਸੁੱਖ ਮਾਣ।

ਜਿੱਦਾਂ ਵਰ੍ਹ ਕੇ ਮੇਘਲਾ, ਧਰਤ ਤ੍ਰਿਪਤੇ ਆਣ।

ਸਤਿਗੁਰ ਦਾ ਪ੍ਰਚਾਰ ਸੀ, ਜਿਉਂ ਅਮੀਓਂ ਅਕਸੀਰ।

ਕੱਟੇ ਕੋਹੜ ਸਮਾਜ ਦੇ, ਪਲ ਵਿੱਚ ਕਰੇ ਅਸੀਰ।

ਉਸਦੀ ਪਾਕ ਜ਼ੁਬਾਨ ਵਿੱਚ, ਸੀ ਐਸੀ ਤਾਸੀਰ।

ਮਨ ਕੀਲੇ ਤਨ ਸੁੱਖ ਦਵੇ, ਮਿੱਠੀ ਵਾਂਗ ਮਖ਼ੀਰ।

ਕਰੜੀ ਮਿਹਨਤ ਨਾਲ, ਜੋ ਰੋਜੀ ਰਹੇ ਕਮਾ।

ਦੁੱਖ ਭੁੱਖ ਦਾ ਫੇਰ ਵੀ, ਤਨ ਤੇ ਰਹੇ ਹੰਡਾ।

ਐਪਰ ਛੱਡ ਵਿਕਾਰ ਜੋ, ਫੜੇ ਸੁਚੱਜਾ ਰਾਹ।

ਅੱਧੀ ਮਿਹਨਤ ਕੀਤਿਆਂ, ਸੁੱਖ ਹੋਵਣ ਅਸਗਾਹ।

ਆਏ ਛਾਲਾਂ ਮਾਰਦੇ, ਬੈਠੇ ਮਨੀਂ ਖਿਆਲ।

ਵਧਦਾ ਗਿਆ ਮੁਹਾਜ ਸੀ, ਏਦਾਂ ਤੇਜੀ ਨਾਲ।



Sri Satguru Jagjit Singh Ji eLibrary NamdhariElibrary@gmail.com

## ਕਾਂਡ - ੬

## ਹਰਿਦੁਆਰ ਅਰਧ ਕੁੰਭ ਦੇ ਮੇਲੇ ਤੇ ਜਾਣਾ

## (੧੯੬੧ ਈ. ਦਾ ਅਪਰੈਲ ਮਾਂਹ)

ਜਦ ਵੀ ਕੋਈ ਮਹਾਂਪੁਰਸ਼, ਧਾਰ ਲਵੇ ਅਵਤਾਰ।

ਦੇਸ ਦੇਸਾਂਤਰ ਜਾ ਕੇ, ਕਰੇ ਸਮਾਜ ਸੁਧਾਰ।

ਕਰੀਆਂ ਚਾਰ ਉਦਾਸੀਆਂ, ਸਤਿਗੁਰ ਨਾਨਕ ਦੇਵ।

ਰਾਕਸ਼ ਲਾਏ ਓਸ ਨੇ, ਕਰਨ ਮਨੁੱਖੀ ਸੇਵ।

ਭੁੱਲੇ ਭਟਕੇ ਲੋਕ ਜੋ, ਰਾਹੋਂ ਜਾਣ ਕੁਰਾਹ।

ਪੰਥ ਔਖੇਰੇ ਮਾਰ ਕੇ, ਪਾਏ ਸਿੱਧੇ ਰਾਹ।

ਜਿੱਥੇ ਮੇਲੇ ਲੱਗਦੇ, ਵੱਡੇ ਅੰਦਰ ਦੇਸ਼।

ਓਥੇ ਹੀ ਜਾ ਪਹੁੰਚਦੇ, ਦੇਣ ਲਈ ਸੰਦੇਸ਼।

ਜਿੱਥੇ ਦੂਰ ਦੁਰਾਡਿਓਂ, ਲੋਕੀਂ ਚੱਲ ਚੱਲ ਆਉਣ।

ਆਵਣ ਸੁੱਖ ਤਲਾਸ਼ਦੇ, ਮਨ ਦੀ ਭਟਕਣ ਲਾਹੁਣ।

ਹੋਣ ਮਸੀਹਾਂ ਵਾਸਤੇ, ਇਹ ਅਨੁਕੂਲ ਸਥਾਨ।

ਜਿੱਥੇ ਦਿੱਤਾ ਫੈਲਦਾ, ਬਹੁਤਾ ਦੂਰ ਗਿਆਨ।

ਸਤਿਗੁਰ ਨਾਨਕ ਦੇਵ ਜੀ, ਛੇੜੀ ਆਣ ਰਬਾਬ।

ਅੰਦਰ ਹਰਦੁਆਰ ਦੇ, ਮੇਟਣ ਲਈ ਅਜ਼ਾਬ।



Sri Satguru Jagjit Singh Ji eLibrary NamdhariElibrary@gmail.com

ਮਾਸ ਭੁਲੇਖਾ ਪਾ ਕੇ, ਵੇਖ ਰਿੰਨ੍ਹਾਈ ਖੀਰ।

ਆਏ ਪਾਂਡੇ ਤਾਂ ਹੀ, ਓਥੇ ਘਤ ਵਹੀਰ।

ਵੇਖੇ ਸੂਰਜ ਵੱਲ ਜਾਂ, ਪਾਣੀ ਦੇਂਦੇ ਲੋਕ।

ਕੈਸੀ ਤਰਕ ਦਲੀਲ ਦੇ, ਦਿੱਤੇ ਉਹਨਾਂ ਰੋਕ।

ਲੱਗੇ ਪੱਛਮ ਵੱਲ ਉਹ, ਭਰ ਭਰ ਸੁੱਟਣ ਬੁੱਕ।

ਆਖਣ ਵਿੱਚ ਕਰਤਾਰਪੁਰ, ਖੇਤ ਰਹੇ ਹਨ ਸੁੱਕ।

ਹੱਸੇ ਪੰਡਤ ਵੇਖ ਕੇ, ਹੇ ਮੂਰਖ ਅਨਜਾਣ।

ਓਥੇ ਨੀਰ ਨਾ ਪਹੁੰਚਣਾ, ਕਿਉਂ ਕਰ ਲਾਵੇਂ ਤਾਣ।

ਸਤਿਗੁਰ ਨਾਨਕ ਹੱਸ ਕੇ, ਕਿਹਾ ਸੁਣੋ ਹੇ ਵੀਰ।

ਸੂਰਜ ਤੀਕਰ ਤੁਸਾਂ ਦਾ, ਕਿਉਂ ਕਰ ਪਹੁੰਚੇ ਨੀਰ।

ਹੈ ਨੇ ਏਸੇ ਧਰਤ ਤੇ, ਮੇਰੇ ਸੋਹਣੇ ਖੇਤ।

ਮੀਲ ਕਰੋੜਾਂ ਰਵੀ ਹੈ, ਜਾਣ ਲਵੋ ਇਹ ਭੇਤ।

ਮੇਲਾ ਹੁੰਦਾ ਕੁੰਭ ਦਾ, ਅੰਦਰ ਹਰਦੁਆਰ।

ਆਵਣ ਹੁੰਮ ਹੁਮਾ ਕੇ, ਲੋਕੀਂ ਸ਼ਰਧਾ ਧਾਰ।

ਭਾਰਤ ਵਿੱਚ ਪ੍ਰੰਪਰਾ, ਬਹੁਤ ਪੁਰਾਣੀ ਜਾਣ।

ਮਿਲਦਾ ਪੁੰਨ ਅਸੀਮ ਕਹਿਣ, ਕਰ ਗੰਗਾ ਇਸ਼ਨਾਨ।

ਪਾਪਾਂ ਦੀ ਮਲ ਉੱਤਰੇ, ਏਥੇ ਚੁੱਭੀ ਮਾਰ।

ਨਾਲ ਲੋਕ ਪ੍ਰਲੋਕ ਵੀ, ਬੰਦਾ ਲਏ ਸਵਾਰ।

ਆਇਆ ਸੁਰਗੋਂ ਨੀਰ ਇਹ, ਲੈ ਕੇ ਸ਼ਕਤ ਮਹਾਨ।
ਕਰਦੇ ਵੇਦ ਪੁਰਾਣ ਵੀ, ਏਸੇ ਦਾ ਗੁਣਗਾਨ।
ਕਹਿਣ ਭਗੀਰਥ ਰਿਸ਼ੀ ਸੀ, ਲੈ ਕੇ ਆਇਆ ਨਾਲ।
ਗਤੀ ਕਰਾਈ ਪਿੱਤਰਾਂ ਦੀ, ਉਸ ਏਸੇ ਢਾਲ।
ਅੰਦਰ ਹਰੀ ਦੁਆਰ ਦੇ, ਹੈ ਪਾਵਨ ਅਸਥਾਨ।
ਹਰ ਕੀ ਪੌੜੀ ਜਾਂਵਦਾ, ਰਾਹ ਸੁਰਗਾਂ ਨੂੰ ਜਾਣ।
ਲੱਗੇ ਮੇਲਾ ਕੁੰਭ ਦਾ, ਬਾਰਾਂ ਸਾਲਾਂ ਬਾਅਦ।
ਦਿਵਸ ਵੈਸਾਖੀ ਵਾਲੜਾ, ਰੱਖਣ ਲੋਕੀਂ ਯਾਦ।
ਛੇ ਸਾਲ ਦੇ ਬਾਅਦ ਹੀ, ਅਰਧ ਕੁੰਭੀ ਪਹਿਚਾਣ।
ਏਥੇ ਦੇਸ ਦੇਸਾਂਤਰੋਂ, ਲੋਕੀਂ ਚੱਲ ਚੱਲ ਆਣ।
ਸ੍ਰੀ ਸਤਿਗੁਰੂ ਰਾਮ ਸਿੰਘ, ਕਰ ਪਰਪੱਕ ਵੀਚਾਰ।
ਆਖਣ ਆਈਏ ਵੇਖ ਕੇ, ਦੁਨੀਆਂ ਦਾ ਵਿਉਹਾਰ।
ਲੈ ਕੇ ਸੰਗਤ ਨਾਲ ਕੁਝ, ਤੁਰੇ ਵਹੀਰਾਂ ਘੱਤ।
ਰਾਗੀ ਢਾਡੀ ਨਾਲ ਲੈ, ਦੇਣ ਪਏ ਗੁਰਮੱਤ।
ਪਹੁੰਦੇ ਹਰਦੁਆਰ ਜਾ, ਲੰਮੀ ਮੰਜ਼ਲ ਮਾਰ।
ਮੇਲੇ ਦਾ ਫਿਰ ਸੰਗਤਾਂ, ਕੀਤਾ ਆਣ ਦੀਦਾਰ।
ਦੁਨੀਆਂ ਰੰਗਾ ਰੰਗ ਦੀ, ਬੇ-ਓੜਕ ਦੀ ਭੀੜ।
ਬੁੱਢਾ ਠੇਰਾ ਫਸ ਗਿਆ, ਉਹਨੂੰ ਦੇਣ ਨਪੀੜ।

ਆਏ ਹਿੰਦੂ ਚੱਲ ਕੇ, ਵੱਖੋ ਵੱਖਰੇ ਭੇਸ।

ਕਿਸੇ ਮੁਨਾਏ ਘਰੜ ਕੇ, ਕਿਸੇ ਵਧਾਏ ਕੇਸ।

ਜੋਗੀ ਜੰਗਮ, ਕਾਵੜੀ, ਜਟਾਂ ਧਾਰ ਅਵਧੂਤ।

ਨਾਂਗੇ ਟੋਲੇ ਬੰਨ੍ਹ ਕੇ, ਲਾਈ ਫਿਰਨ ਭਬੂਤ।

ਫਿਰਨ ਅਘੋਰੀ ਲਟਕਦੇ, ਪੀ ਪੀ ਸੁਲਫ਼ੇ ਭੰਗ।

ਭਾਂਤ ਸੁਭਾਂਤੀ ਬੋਲੀਆਂ, ਬੋਲਣ ਮਸਤ ਮਲੰਗ।

ਪੰਡਤ ਫੋਲਣ ਪੱਤਰੀ, ਧਾਰੇ ਭਗਵੇ ਭੇਸ।

ਉੱਪਰ ਬੋਦੀ ਲਟਕਦੀ, ਰੱਖ ਨਿਸ਼ਾਨੀ ਕੇਸ।

ਚੰਦਨ ਲਾਲ ਘਸਾ ਕੇ, ਮੱਥੇ ਟਿੱਕਾ ਲਾਉਣ।

ਤੰਦਲ ਉੱਤੇ ਓਸ ਦੇ, ਦੋ ਚਾਰ ਚਿਪਕਾਉਣ।

ਸਿੱਖ, ਉਦਾਸੀ, ਨਿਰਮਲੇ, ਆਉਣ ਪੰਜਾਬੋਂ ਚੱਲ।

ਸੱਭੇ ਡੇਰੇ ਲਾ ਕੇ, ਬਹਿਣ ਅਖਾੜੇ ਮੱਲ।

ਚੇਲੇ ਰਾਮ ਰਾਇ ਦੇ, ਸੋਢੀ ਸੰਤ ਮਸੰਦ।

ਆਸਣ ਆਪੋ ਆਪਣੇ, ਬੈਠੇ ਲਾ ਸਵਛੰਦ।

ਜਿਵੇਂ ਸ਼ਿਕਾਰੀ ਲਾ ਕੇ, ਬੈਠੇ ਹੋਵਣ ਬੌਰ।

ਇੰਜ ਪਖੰਡੀ ਸਾਧ ਕਈ, ਕਰਨ ਵਖਾਵਾ ਹੋਰ।

ਮੇਲੇ ਅੰਦਰ ਹੋ ਰਿਹਾ, ਭਾਂਤ ਭਾਂਤ ਦਾ ਸ਼ੋਰ।

ਡਫਲੀ ਚਿਮਟੇ ਵੱਜਦੇ, ਜਿਵੇਂ ਘਟਾ ਘਨਘੋਰ।



Sri Satguru Jagjit Singh Ji eLibrary NamdhariElibrary@gmail.com

ਨਰ ਸਿੰਘੇ ਪਏ ਗੂੰਜਦੇ, ਡਮਰੂ ਖੜਕਣ ਨਾਲ।

ਉੱਤੇ ਕਿਤੇ ਨਗਾਰਿਆਂ, ਵੱਜੇ ਮਾਰੂ ਤਾਲ।

ਲੈ ਇੱਕ ਤਾਰੇ ਸੰਤ ਜਨ, ਗਾਉਂਦੇ ਫਿਰਦੇ ਗੀਤ।

ਰਾਮ ਨਾਮ ਬਿਨ ਜਗਤ ਦੀ, ਝੂਠੀ ਕਹਿਣ ਪ੍ਰੀਤ।

ਗੋਕਲ ਵਾਲੇ ਬੋਲਦੇ, ਜੈ ਜੈ ਕ੍ਰਿਸ਼ਨ ਮੁਰਾਰ।

ਆਖਣ ਬੰਸੀ ਵਾਲਿਆ, ਬੇੜਾ ਕਰਦੇ ਪਾਰ।

ਬਰਸਾਨੇ ਦੇ ਲੋਕ ਵੀ, ਪਾਉਂਦੇ ਫਿਰਨ ਧਮਾਲ।

ਰਾਧੇ ਰਾਧੇ ਬੋਲਦੇ, ਬੜੀ ਮੁਹੱਬਤ ਨਾਲ।

ਮੰਦਰਾਂ ਅੰਦਰ ਟੱਲੀਆਂ, ਲੋਕ ਪਏ ਖੜਕਾਉਣ।

ਜਾਪੇ ਦੁੱਖ ਵਖਾਉਣ ਨੂੰ, ਸੁੱਤਾ ਰੱਬ ਜਗਾਉਣ।

ਮੀਰ, ਭਰਾਈ, ਭੋਜਕੀ, ਫਿਰਨ ਵਜਾਉਂਦੇ ਢੋਲ।

ਕਰਨ ਕਲਾਨਾ ਉੱਚੀਆਂ, ਗਾਵਣ ਸਿਫ਼ਤ ਅਡੋਲ।

ਉਹਨਾਂ ਵੇਖ ਬਣਾ ਲਿਆ, ਮੰਗਣ ਨੂੰ ਰੁਜ਼ਗਾਰ।

ਇੱਕ ਇੱਕ ਦਮੜੇ ਵਾਸਤੇ, ਤਰਲੇ ਪਾਉਣ ਹਜ਼ਾਰ।

ਪਹੁੰਚ ਗਏ ਵਿੱਚ ਸਤਿਗੁਰੂ, ਲੈ ਭੈਣੀ ਤੋਂ ਸੰਗ।

ਨਿਰਮਲਿਆਂ ਦੇ ਰਾਹ ਤੇ, ਡੇਰਾ ਕਰਨ ਨਿਸ਼ੰਗ।

ਉਹਨਾਂ ਡਿੱਠੇ ਨਿਰਮਲੇ, ਲਾ ਮਾਇਆ ਦੀ ਆਸ।

ਗੁਰਬਾਣੀ ਦਾ ਓਸ ਥਾਂ, ਬੈਠੇ ਕਰ ਪ੍ਰਕਾਸ਼।

ਪਾਣੀ ਵੀ ਨਾ ਛਿੜਕਿਆ, ਪੋਚਾ ਲੇਪਣ ਫੇਰ।

ਲੱਗੇ ਨੇੜੇ ਓਸ ਦੇ, ਸਨ ਰੂੜੀ ਦੇ ਢੇਰ।

ਸਤਿਗੁਰ ਜੀ ਨੇ ਵੇਖ ਕੇ, ਕੀਤੀ ਖ਼ੂਬ ਹਿਦਾਇਤ।

ਗੁਰਬਾਣੀ ਦੇ ਅਦਬ ਲਈ, ਰੱਖੋ ਚੰਗੀ ਰਹਿਤ।

ਕਰਨਾ ਚਾਹੀਏ ਹਰ ਤਰ੍ਹਾਂ, ਬਾਣੀ ਦਾ ਸਤਿਕਾਰ।

ਰੱਖੋ ਸ਼ਰਧਾ ਭਾਵਨਾ, ਬੈਠੋ ਥਾਨ ਸਵਾਰ।

ਕੁੱਤਾ ਵੀ ਹੈ ਬੈਠਦਾ, ਪੂਛ ਮਾਰ ਕੇ ਯਾਰ।

ਬੰਦੇ ਹੋ ਕੇ ਤੁਸੀਂ ਕਿਉਂ, ਬੈਠੇ ਗੰਦ ਖਲਾਰ।

ਹੱਥੀਂ ਝਾੜੂ ਮਾਰ ਕੇ, ਪੋਚਾ ਲੇਪਨ ਫੇਰ।

ਫਿਰ ਪ੍ਰਕਾਸ਼ ਕਰਾਇਆ, ਓਥੇ ਦੂਜੀ ਵੇਰ।

ਗੁਰਬਾਣੀ ਦਾ ਇਸ ਤਰ੍ਹਾਂ, ਕਹਿਣ ਕਰੋ ਸਤਿਕਾਰ।

ਜਿਹੜੀ ਆਈ ਯੁਗਾਂ ਤੋਂ, ਬਣ ਜੀਵਨ ਆਧਾਰ।

## ਗੰਗਾ ਦਰਸ਼ਨ

ਚੱਲੇ ਮੇਲਾ ਵੇਖਦੇ, ਭੀੜ ਭੜੱਕਾ ਚੀਰ।

ਅੱਗੇ ਕੀ ਹਨ ਵੇਖਦੇ, ਅਜਬ ਜਿਹੀ ਤਸਵੀਰ।

ਬੁੱਢੜੀ ਮਾਈ ਇੱਕ ਸੀ, ਗੂਹੜਾ ਕਾਲਾ ਰੰਗ।



. Sri Satguru Jagjit Singh Ji eLibrary NamdhariElibrary@gmail.com .

ਚਿਹਰੇ ਉੱਤੇ ਝੁਰੜੀਆਂ, ਦਿੱਤੀ ਮੇਟ ਉਮੰਗ।

ਤਨ ਦੇ ਕੱਪੜੇ ਪਾਟ ਕੇ, ਹੋਏ ਲੀਰੋ ਲੀਰ।

ਭੁੱਖੀ, ਮਾਰੀ ਵਖਤ ਦੀ, ਹੋ ਬੈਠੀ ਦਿਲਗੀਰ।

ਨਾੜਾਂ ਦੇ ਸੰਗ ਚਿਪਕਿਆ, ਸੁੰਘੜ ਸੁੰਘੜ ਮਾਸ।

ਸ਼ਾਹ ਰਗ ਕੋਲੋਂ ਲੰਘਦਾ, ਦਿਸੇ ਹਰੇਕ ਸਵਾਸ।

ਕੋਇਆਂ ਕੰਢੇ ਅੱਥਰੂ, ਵਿੱਚ ਉਦਾਸੀ ਚੂਰ।

ਜਾਪਣ ਅੱਖਾਂ ਬੱਗੀਆਂ, ਜੋ ਹੋਈਆਂ ਬੇ-ਨੂਰ।

ਅੱਧ ਪਚੱਧੇ ਦੰਦ ਵੀ, ਭਰੇ ਕਰੇੜੇ ਨਾਲ।

ਸੂਰਤ ਲੱਗੇ ਆਪ ਜਿਉਂ, ਲਈ ਦਰਿਦਰ ਢਾਲ।

ਸਿਰ ਤੇ ਭੈੜਾ ਚੀਥੜਾ, ਪਾਟੇ ਨੰਗੇ ਪੈਰ।

ਲੱਗੇ ਜਿਉਂ ਤਕਦੀਰ ਦੇ, ਨਾਲ ਪੁਰਾਣਾ ਵੈਰ।

ਵਾਂਗ ਚਿੜੀ ਦੇ ਆਹਲਣੇ, ਉਲਝੇ ਪੀਲੇ ਵਾਲ।

ਸ਼ਕਲ ਡਰਾਉਣੀ ਵੇਖ ਕੇ, ਡਰ ਡਰ ਨੱਸਣ ਬਾਲ।

ਆਖਣ ਗੰਗਾ ਹੈ ਇਹ, ਦੇਵੋ ਏਥੇ ਦਾਨ।

ਸੇਵਾ ਬ੍ਰਿਧ ਬੀਮਾਰ ਦੀ, ਕਰਨਾ ਕਾਜ ਮਹਾਨ।

ਸੁੱਟੋ ਅੰਦਰ ਨੀਰ ਦੇ, ਪੈਸੇ ਕਿਉਂ ਫਜ਼ੂਲ।

ਕੰਮ ਨਾ ਆਵਣ ਕਿਸੇ ਦੇ, ਦੇਵੋ ਬਦਲ ਅਸੂਲ।

ਚਾਹੋ ਪੁੰਨ ਕਮਾਵਣਾ, ਦਿਓ ਦੀਨ ਨੂੰ ਦਾਨ।

ਹੋਵੇ ਸੁਖੀ ਗਰੀਬ ਜੇ, ਖ਼ੁਸ਼ ਹੋਵੇ ਭਗਵਾਨ।

ਸਭਨਾਂ ਮੱਥਾ ਟੇਕਿਆ, ਪੈਸਾ ਦਮੜੀ ਰੱਖ।

ਰਮਜ ਸਮਝ ਲਈ ਸਾਥੀਆਂ, ਵੇਖ ਇਸ਼ਾਰਾ ਅੱਖ।

ਆਖਣ ਮੂੰਹ ਗਰੀਬ ਦਾ, ਗੁਰ ਦੀ ਗੋਲਕ ਜਾਣ।

ਮਿਲਦਾ ਪੁੰਨ ਅਸੀਮ ਹੈ, ਨਾਲ ਸੁਖਾਂ ਦੀ ਖਾਣ।

ਨੰਗੇ ਤਾਈਂ ਕੱਪੜਾ, ਭੁੱਖੇ ਦੇ ਮੂੰਹ ਅੰਨ।

ਜਿਹੜੇ ਦੇਂਦੇ ਦਾਨ ਨੇ, ਉਹ ਹੱਥ ਹੁੰਦੇ ਧੰਨ।

ਦਾਨ ਦਿੱਤਿਆਂ ਧਨ ਰਤਾ, ਘਟੇ ਨਾ ਅੰਦਰ ਕਾਲ।

ਆਖਣ ਘਟਦਾ ਧਨ ਸਦਾ, ਚਾਲ ਕੁਚਾਲਾਂ ਨਾਲ।

ਬੁਢੜੀ ਦੇ ਬੁੱਲ੍ਹ ਫ਼ਰਕਦੇ, ਨਿਕਲੇ ਨਹੀਂ ਅਵਾਜ਼।

ਅੱਖਾਂ ਜਾਪਣ ਆਂਹਦੀਆਂ, ਧੰਨ ਗਰੀਬ ਨਿਵਾਜ।

### ਅਖੌਤੀ ਸਾਧ ਨਾ ਵਾਰਤਾ

ਅੱਗੇ ਜਾ ਕੇ ਵੇਖਿਆ, ਦੇਹਰਾਦੂਨੀ ਸਿੱਖ।

ਰੰਗ ਬਿਰੰਗੇ ਕੱਪੜੇ, ਕਾਮ ਵਧਾਊ ਦਿੱਖ।

ਮੋਤੀ ਮਣਕੇ ਗਾਨੀਆਂ, ਪਾਏ ਗਲੇ ਪ੍ਰੋਅ।

ਪੱਟੀਆਂ ਵਾਹ ਸਵਾਰੀਆਂ, ਵਿੱਚ ਡੋਹਲ ਖੁਸ਼ਬੋ।

ਪਾਇਆ ਚੋਲਾ ਰੇਸ਼ਮੀ, ਬਹੁਮੁੱਲਾ ਬਹੁ ਰੰਗ।
ਜਾਪੇ ਓਸ ਮਹੰਤ ਦਾ, ਵਾਂਗ ਛਿਨਾਰਾਂ ਢੰਗ।
ਗਲ ਵਿੱਚ ਜ਼ੁਲਫਾਂ ਖੁੱਲ੍ਹੀਆਂ, ਲੱਕ ਪਾਈ ਸਲਵਾਰ।
ਮੱਥੇ ਬਿੰਦੀ ਲਾ ਕੇ, ਬੈਠਾ ਰੂਪ ਸਵਾਰ।
ਵੇਖ ਗੁਰੂ ਜੀ ਹੱਸ ਕੇ, ਕੀਤੇ ਬਚਨ ਬਿਲਾਸ।
ਸਾਧਾਂ ਵਾਲਾ ਨਹੀਂ ਇਹ, ਕੰਜਰਾਂ ਜਿਹੈ ਲਿਬਾਸ।
ਗੱਦੀ ਉੱਤੇ ਬੈਠਿਆਂ, ਧਾਰੀ ਰੂਪ ਛਿਨਾਰ।
ਚੇਲੇ ਤੇਰੇ ਕਰਨਗੇ, ਕੈਸਾ ਦੱਸ ਵਿਹਾਰ।
ਬਗਲ ਸਮਾਧੀ ਲਾ ਕੇ, ਜਾਣ ਸ਼ਿਕਾਰ ਹੜੱਪ।
"ਗੁਰੂ ਜਿਨਾ ਦੇ ਟੱਪਣੇ, ਚੇਲੇ ਜਾਣ ਛੜੱਪ।"
ਮੁਰਸ਼ਦ ਚੰਗੇ ਗੁਣਾਂ ਦਾ, ਜੇ ਕਰ ਬਹੇ ਤਿਆਗ।
ਸੋਚ ਲਓ ਦੁੱਧ ਵਿਗੜਿਆ, ਲਾਵੇ ਕੈਸੀ ਜਾਗ।
ਬਾਣਾ ਸਾਧਾਂ ਵਾਲੜਾ, ਸਾਧਾਂ ਜਿਹੇ ਅਸੂਲ।
ਦੁਨੀਆਂਦਾਰੀ ਵਾਲੜੀ, ਲਲਕ ਝਲਕ ਨਾ ਮੂਲ।
"ਸਾਧ ਕਹਾਉਣਾ ਕਠਿਨ ਹੈ, ਜੈਸੇ ਪੇੜ ਖਜੂਰ॥
ਚੜੇ ਤੇ ਚਾਖੇ ਪ੍ਰੇਮ ਰਸ, ਗਿਰੇ ਤੋ ਚਕਨਾਚੂਰ॥"
ਜੇ ਕਹਾਉਣਾ ਸਾਧ ਹੈ, ਪਹਿਲਾਂ ਮਨ ਤਨ ਸਾਧ।
ਮਕਰ ਬਣਾਓ ਤੁਸੀਂ ਤਾਂ, ਖਾਵਣ ਲਈ ਸਰਾਧ।



Sri Satguru Jagjit Singh Ji eLibrary NamdhariElibrary@gmail.com

ਪਿੰਡੇ ਮਲੇ ਸੁਆਹ ਜੋ, ਅੰਦਰ ਚਾਹਤ ਰੰਗ।

ਸਾਧ ਕਹਾਵਣ ਯੋਗ ਨਾ, ਪੀਵੇ ਸੁਲਫ਼ੇ ਭੰਗ।

ਸਾਬਣ ਲਾ ਗਿਆਨ ਦਾ, ਧੋਵੋ ਕੁੱਲ ਵਿਕਾਰ।

ਰੱਖੋ ਸੰਜਮ ਸਾਦਗੀ, ਨੇਕੀ ਨਾਲ ਪਿਆਰ।

ਹੰਸ ਬਣੋ ਨਿਰਵੈਰ ਹੋ, ਛੱਡੋ ਬਗਲ ਸਮਾਧ।

ਦੁਨੀਆਂ ਸਾਧਣ ਫਿਰ ਤੁਰੋ, ਪਹਿਲਾਂ ਆਪਾ ਸਾਧ।

## ਹਜਰੋ ਦੀ ਸੰਗਤ ਦਾ ਸਤਿਕਾਰ

ਸੰਗਤ ਹਜਰੋ ਸਾਹਿਬ ਤੋਂ, ਆਈ ਹਰਦੁਆਰ।

ਸੁਣ ਕੇ ਸਤਿਗੁਰ ਜੀ ਦਾ, ਆਈ ਕਰਨ ਦੀਦਾਰ।

ਗਦ ਗਦ ਹੋਏ ਵੇਖ ਕੇ, ਕੀਤਾ ਬਹੁਤ ਸਤਿਕਾਰ।

ਲੰਗਰ ਕੀਤਾ ਆਪ ਜੀ, ਬਹੁਤੇ ਨਾਲ ਪਿਆਰ।

ਜੂਠੇ ਬਰਤਨ ਮਾਂਜਦੇ, ਨਾਲ ਨਿਮਰਤਾ ਆਪ।

ਸੇਵਾ ਲੀਤੀ ਮੰਗ ਕੇ, ਚੰਗੀ ਰੀਤੀ ਥਾਪ।

ਸੇਵਾ ਕਰਕੇ ਆਪ ਜੀ, ਹੋਏ ਬਹੁ ਪ੍ਰਸੰਨ।

ਵੇਖ ਵੇਖ ਨਿਰਮਾਣਤਾ, ਲੋਕੀਂ ਆਖਣ ਧੰਨ।

ਲੋਕੀਂ ਲਾ ਲਾ ਗੱਦੀਆਂ, ਆਕੜ ਆਕੜ ਬਹਿਣ।



Sri Satguru Jagjit Singh Ji eLibrary NamdhariElibrary@gmail.com

ਸੇਵਕ ਚੇਲੇ ਚਾਟੜੇ, ਖੜ੍ਹੇ ਤਾਬਿਆ ਰਹਿਣ।

ਭਰਿਆ ਭਾਂਡਾ ਕਦੇ ਵੀ, ਨਹੀਂ ਛਲਕਦਾ ਮੂਲ।

ਸਦਾ ਨਿਮਰਤਾ ਜਿੱਤਦੀ, ਹੈ ਹੰਕਾਰ ਫਜ਼ੂਲ।

ਸੇਵਾ ਤੋਂ ਮੇਵਾ ਮਿਲੇ, ਜੋ ਹੋਵੇ ਨਿਸ਼ਪਾਪ।

ਲਹਿਣਾ ਅੰਗਦ ਹੋ ਗਿਆ, ਸੇਵਾ ਦੇ ਪ੍ਰਤਾਪ।

ਲਿਖਿਆ ਕਵੀ ਰਹੀਮ ਨੇ, ਨੀਵਾਂ ਪਾਏ ਮਾਣ।

ਉੱਚਤਾਈ ਦੇ ਭਰਮ ਵਿੱਚ, ਗ਼ਰਕ ਜਾਣ ਇਨਸਾਨ।

"ਲਘੁਤਾ ਤੇ ਪ੍ਰਭੁਤਾ ਮਿਲੇ, ਪ੍ਰਭੁਤਾ ਤੇ ਪ੍ਰਭ ਦੂਰ॥

ਚੀਂਟੀ ਲੈ ਸ਼ਕਰ ਚਲੀ, ਹਾਥੀ ਕੇ ਸਿਰ ਧੂਰ॥"

ਨਾਲ ਫੌਜ ਦੇ ਗਏ ਸਨ, ਜਦ ਹਜ਼ਰੋ ਅਸਥਾਨ।

ਸਤਿਗੁਰ ਬਾਲਕ ਸਿੰਘ ਜੀ, ਕਰ ਲੀਤੇ ਪ੍ਰਵਾਨ।

ਪੰਜ ਸਿੱਖਾਂ ਨੂੰ ਸੱਦ ਕੇ, ਇਹ ਦਿੱਤਾ ਆਦੇਸ਼।

ਅੱਗੇ ਠਾਕੁਰ ਜੀ ਦੇ, ਝੁਕੋ ਵਾਂਗ ਦਰਵੇਸ਼।

ਉਹ ਅਜੇ ਸਨ ਸੋਚਦੇ, ਸਤਿਗੁਰ ਫੁਰਤੀ ਮਾਰ।

ਚਰਨੀਂ ਹੱਥ ਲਾ ਉਹਨਾਂ ਦੇ, ਕਰ ਦਿੱਤਾ ਸਤਿਕਾਰ।

ਗੁਰ ਬਾਲਕ ਸਿੰਘ ਆਖਿਆ, ਤੁਸੀਂ ਰਹੇ ਅਣਭੋਲ।

ਚਰਨੀਂ ਹੱਥ ਲਗਾ ਉਹ, ਲੈ ਗਏ ਵਸਤ ਅਮੋਲ।

ਏਦਾਂ ਖੋਹਲੀ ਓਸ ਥਾਂ, ਉਹਨਾਂ ਹੱਟ ਗਿਆਨ।



Sri Satguru Jagjit Singh Ji eLibrary NamdhariElibrary@gmail.com

ਸਭ ਨੂੰ ਕਰਨਾ ਦੱਸਿਆ ਨਾਮ ਦਾਨ ਇਸ਼ਨਾਨ।

ਨਾਲੇ ਦੇਸ਼ ਪਿਆਰ ਦੀ, ਲਾਈ ਜਾਵਣ ਜਾਗ।

ਗਾਉਂਦੇ ਅਣਖ ਜ਼ਮੀਰ ਦਾ, ਮੱਠਾ ਮੱਠਾ ਰਾਗ।

ਨਫ਼ਰਤ ਪਏ ਫੈਲਾਂਵਦੇ, ਉਹ ਅੰਗ੍ਰੇਜ਼ ਵਿਰੁੱਧ।

ਡੱਬੂ ਕਾਲੂ ਦਾ ਹੁਣ, ਆਖਣ ਹੋਣਾ ਯੁੱਧ।

ਉਹਨਾਂ ਸਾਜੇ ਹੋਏ ਸਨ, ਰੂਸ ਨਾਲ ਸਨਬੰਧ।

ਜ਼ਾਲਮ ਬਿੱਲਾ ਫਾਹੁਣ ਲਈ, ਪਏ ਬਣਾਉਂਦੇ ਫੰਧ।

ਡੱਬੂ ਨਾਂ ਅੰਗ੍ਰੇਜ਼ ਦਾ, ਕਾਲੂ ਆਖਣ ਰੂਸ।

ਨਾਲ ਭੁਲੇਖੇ ਵੱਢਦੇ, ਜੜ੍ਹਾਂ ਵਾਂਗਰਾਂ ਮੂਸ।

ਵੇਖ ਬਣਾਏ ਕਿਸ ਤਰ੍ਹਾਂ, ਭਾਸ਼ਾ ਦੇ ਸੰਕੇਤ।

ਸਮਝ ਲੈਣ ਸਭ ਆਪਣੇ, ਵੈਰੀ ਲਵੇ ਨਾ ਭੇਤ।

ਫਿਰ ਫਿਰ ਵਿੱਚ ਸਮਾਜ ਦੇ, ਫੂਕਣ ਨਵੇਂ ਪ੍ਰਾਣ।

ਵਿੱਚ ਗ਼ੁਲਾਮੀ ਖੁੰਢੀਆਂ, ਰੂਹਾਂ ਲਾਵਣ ਸਾਣ।

---o---

ਮੇਲੇ ਅੰਦਰ ਆ ਕੇ, ਇੱਕ ਵੇਦਾਂਤੀ ਸਾਧ।

ਆਇਆ ਡੇਰੇ ਚੱਲ ਕੇ, ਲੱਗਾ ਕਰਨ ਬਖਾਧ।

ਆਖੇ ਮੇਰੇ ਨਾਲ ਤੁਮ, ਚਰਚਾ ਕਰੋ ਗਿਆਨ।



Sri Satguru Jagjit Singh Ji eLibrary NamdhariElibrary@gmail.com

ਅਮਰ ਅਡੋਲ ਆਤਮਾ, ਨਸ਼ਵਰ ਕੁੱਲ ਜਹਾਨ।

ਸਤਿਗੁਰ ਜੀ ਨੇ ਆਖਿਆ, ਅਮਲੀ ਜੀਵਨ ਬਾਝ।

ਪੱਲ੍ਹੇ ਬੰਨ੍ਹ ਸਿਧਾਂਤ ਨੂੰ, ਡੁੱਬੇ ਪਿਆ ਸਮਾਜ।

ਐਪਰ ਉਹ ਨਾ ਮੰਨਿਆ, ਡੁੱਬਾ ਵਿੱਚ ਹੰਕਾਰ।

ਮੁੜਿਆ ਗੰਗਾ ਵੱਲ ਉਹ, ਆਖੇ ਬੋਲ ਉਚਾਰ।

ਆਵਾਂ ਕਰ ਇਸ਼ਨਾਨ ਮੈਂ, ਫੇਰ ਕਰਾਂ ਤਕਰਾਰ।

ਤੁਸੀਂ ਨਾ ਸਮਝੇ ਅਜੇ ਹੋ, ਵੇਦਾਂ ਵਾਲਾ ਸਾਰ।

ਗੰਗਾ ਅੰਦਰ ਜਾਂਦਿਆਂ, ਤਿਲਕ ਗਿਆ ਸੂ ਪੈਰ।

ਲੱਗਾ ਗੋਤੇ ਖਾਣ ਉਹ, ਸਮਝੇ ਹੁਣ ਨਾ ਖੈਰ।

ਆਖ ਬਚਾ ਲਓ ਕੂਕਿਆ, ਲੱਗਾ ਸ਼ੋਰ ਮਚਾਉਣ।

ਲੱਤਾਂ ਬਾਹਵਾਂ ਮਾਰਦਾ, ਮੁੜ ਮੁੜ ਚੁੱਕੇ ਧੌਣ।

ਸਮਝ ਇਸ਼ਾਰਾ ਗੁਰਾਂ ਦਾ, ਮਾਰ ਦਸੌਂਧੇ ਛਾਲ।

ਡੁੱਬਦੇ ਹੋਏ ਸਾਧ ਨੂੰ, ਕੱਢ ਲਿਆ ਤਤਕਾਲ।

ਫੇਰ ਓਸ ਨੂੰ ਆਖਦੇ, ਕਰਕੇ ਕਹੀਂ ਖਿਆਲ।

ਜੇ ਦਸੌਂਧਾ ਸਿੰਘ ਨਾ, ਮਾਰ ਬਚਾਉਂਦਾ ਛਾਲ।

ਹੁੰਦੀ ਸਭ ਨਿਰਾਰਥਕ, ਤੇਰੀ ਕੂਕ ਪੁਕਾਰ।

ਅਮਲੀ ਜੀਵਨ ਜੀਣ ਦਾ, ਏਹੋ ਹੀ ਹੈ ਸਾਰ।

ਸਾਰੇ ਖੜ੍ਹੇ ਪੁਕਾਰਦੇ, ਜਲਦੀ ਲਵੋ ਬਚਾ।

ਅਮਲ ਬਿਨਾਂ ਤੂੰ ਜਾਂਵਦਾ, ਗੰਗਾ ਵਿੱਚ ਸਮਾ।

ਅਮਲ ਕਰੋ ਨਾ ਇੱਕ ਵੀ, ਘੋਟੀ ਫਿਰੋ ਸਿਧਾਂਤ।

ਬਾਝ ਅਮਲ ਨਿਰਮੂਲ ਨੇ, ਸਾਰੇ ਪੜ੍ਹੇ ਵੇਦਾਂਤ।

ਪਏ ਅਜ਼ਾਦੀ ਕੂਕੀਏ, ਕਿਉਂ ਕਰ ਸੱਕੀਏ ਮੋੜ।

ਹੁੰਦੀ ਨਾਲ ਸਿਧਾਂਤ ਦੇ, ਬਾਹੂਬਲ ਦੀ ਲੋੜ।

ਉਹ ਵੀ ਕਾਇਲ ਹੋ ਗਿਆ, ਸੁਣ ਕੇ ਬਚਨ ਅਮੋਲ।

ਸਤਿਗੁਰ ਸੱਚੇ ਰਾਹ ਤੇ, ਲੀਤਾ ਤੋਰ ਅਡੋਲ।

ਕਰਦਾ ਵੇਖਣ ਕਿਸੇ ਨੂੰ, ਜੇਕਰ ਗਲਤ ਵਿਹਾਰ।

ਪਕੜ ਸਲੋਤਰ ਓਸ ਦੀ, ਦੇਂਦੇ ਭੁਗਤ ਸਵਾਰ।

ਨਾਮ ਕਾਮੜਾ ਰੱਖਿਆ, ਉਹਨਾਂ ਨਾਲ ਪਿਆਰ।

ਕੁੱਟਣ ਉਹਦੇ ਨਾਲ, ਜਾਂ ਦੇਂਦੇ ਪਾਪ ਉਤਾਰ।

ਉੱਤੇ ਬਾਗੀਪੁਣੇ ਦੇ, ਪਰਦਾ ਏਦਾਂ ਪਾਉਣ।

ਬਿਨਾ ਗੁਨਾਹੋਂ ਪਕੜ ਕੇ, ਚਾਰ ਕਾਮੜੇ ਲਾਉਣ।

ਭੇਦ ਦੇਣ ਅੰਗ੍ਰੇਜ਼ ਨੂੰ, ਸੂਹੀਏ ਫਿਰਨ ਚੁਫੇਰ।

ਕੂਕਾ ਭੇਣ ਬਣਾ ਕੇ, ਵਿਚਰਨ ਦੇਰ ਸਵੇਰ।

ਵੇਖ ਹਕੂਮਤ ਵਾਲੜੇ, ਭਰਦੇ ਨਾਲ ਕ੍ਰੋਧ।

ਆਪਣਿਆਂ ਨੂੰ ਕੁੱਟਦੇ, ਉਹਨੂੰ ਦੇਂਦੇ ਸੋਧ।

ਹੋ ਹੈਰਾਨ ਜਾਂਵਦੇ, ਵੇਖ ਅਨੋਖੀ ਬਾਤ।



Sri Satguru Jagjit Singh Ji eLibrary NamdhariElibrary@gmail.com

ਰਹਿਣ ਭੁਲੇਖਾ ਪਾਂਵਦੇ, ਹਰ ਗਲੇ ਇਸ ਭਾਂਤ।
ਸਮਝਣ ਇਹ ਮਸਤਾਨੜਾ, ਬੰਦਾ ਮਸਤ ਮਲੰਗ।
ਜਾਂ ਇਹ ਕਮਲਾ ਹੋ ਗਿਆ, ਜਾਂ ਪੀਤੀ ਸੁ ਭੰਗ।
ਪਰ ਨਜ਼ਦੀਕੀ ਜਾਣਦੇ, ਸਤਿਗੁਰ ਵਾਲੇ ਖੇਲ।
ਕੱਚੇ ਪਿੱਲੇ ਦੌੜਦੇ, ਜਦੋਂ ਬਣਾਵਣ ਰੇਲ।
ਬੰਦੇ ਵੇਖਣ ਓਪਰੇ, ਅਦਭੁਤ ਕਰਨ ਵਿਹਾਰ।
ਏਦਾਂ ਸੂਹੀਏ ਭੇਤੀਏ, ਸਮਝ ਨਾ ਸੱਕਣ ਸਾਰ।
ਐਪਰ ਜਿਹੜਾ ਵੇਖਦੇ, ਕੋਈ ਪ੍ਰਤਿਭਾਵਾਨ।
ਜਾਂ ਬਾਗੀ ਅੰਗ੍ਰੇਜ਼ ਦਾ, ਲੈਂਦੇ ਤੁਰਤ ਪਛਾਣ।
ਪਾ ਕੇ ਕਾਮਣ ਪ੍ਰੇਮ ਦਾ, ਉਹਨੂੰ ਲੈਂਦੇ ਕੀਲ।
ਬਹੁਕਰ ਵਿੱਚ ਰਲਾ ਲੈਣ, ਵੇਖ ਇਕੱਲੀ ਤੀਲ।
ਸਮਝਣ ਜਿਹੜੇ ਅੰਦਰੋਂ, ਇਹ ਅੰਦਰ ਦੀ ਬਾਤ।
ਸਤਿਗੁਰ ਦਾ ਅਨੁਸਰਨ ਕਰ, ਦਿਨ ਨੂੰ ਆਖਣ ਰਾਤ।
ਵਾਹ ਵਾਹ ਚੀਨੀ ਵਾਲਿਆ, ਵਾਹ ਵਾਹ ਤੇਰੇ ਖੇਲ।
ਸਾਮਰਾਜ ਦੀਆਂ ਜੜ੍ਹਾਂ ਵਿੱਚ, ਕਿੱਦਾਂ ਦੇਵੇਂ ਤੇਲ।

## ਮਾਈ ਸਾਹਿਬ ਕੌਰ ਪੱਧਰੀ ਵਾਲੀ ਦਾ ਪ੍ਰਸੰਗ

ਜੱਟੀ ਸਾਹਿਬ ਕੌਰ ਸੀ, ਪੱਧਰੀ ਦੀ ਵਸਨੀਕ।

ਅੰਮ੍ਰਿਤਸਰ ਦੇ ਜ਼ਿਲ੍ਹੇ ਦਾ, ਪਿੰਡ ਪਛਾਣੋ ਠੀਕ।

ਇਹ ਵੀ ਵੇਦ ਵੇਦਾਂਤ ਦਾ, ਰੱਖਦੀ ਬੜਾ ਗਿਆਨ।

ਵਿਦਵਤਾ ਤੇ ਹੋ ਗਿਆ, ਉਹਨੂੰ ਸੀ ਅਭਿਮਾਨ।

ਕਾਹਨ ਸਿੰਘ ਨਿਹੰਗ ਤੋਂ, ਉਹ ਪ੍ਰਭਾਵਿਤ ਹੋ।

ਆਈ ਭੈਣੀ ਵਾਲੜੇ, ਵਾਲੀ ਸੁਣਕੇ ਸੋ।

ਲੀਤਾ ਭਾਵੇਂ ਨਾਮ ਵੀ, ਐਪਰ ਜਪੇ ਨਾ ਮੂਲ।

ਰੱਖੇ ਉਸ ਨੇ ਸਾਂਭ ਕੇ, ਪਹਿਲੇ ਨਾਲ ਅਸੂਲ।

ਸਤਿਗੁਰ ਜੀ ਨੇ ਆਖਿਆ, ਜਪਿਆ ਕਰ ਗੁਰਮੰਤ।

ਕਲਜੁਗ ਨਾਮ ਅਧਾਰ ਹੈ, ਤਾਂ ਅਖਵਾਈਏ ਸੰਤ।

ਅੱਗੋਂ ਗੱਲਾਂ ਹੋਰ ਉਹ, ਕਰਦੀ ਘੋਟ ਗਿਆਨ।

ਸਤਿਗੁਰ ਜੀ ਦੀ ਬਾਤ ਤੇ, ਅਟਕੇ ਨਹੀਂ ਧਿਆਨ।

ਅਮਰ ਅਜ਼ਰ ਹੈ ਆਤਮਾ, ਸਭ ਸੰਸਾਰ ਬ੍ਰਹਮ।

ਕਿਸ ਦਾ ਜਪੀਏ ਨਾਮ ਫਿਰ, ਕਿਸ ਦਾ ਭਰੀਏ ਦਮ।

ਚੀਨੀ ਵਾਲੇ ਪਾਤਸ਼ਾਹ, ਕੀਤਾ ਹੁਕਮ ਅਦੇਰ।

ਤੇਰੇ ਏਸ ਬ੍ਰਹਮ ਦੀ, ਕਰਾਂ ਪ੍ਰੀਖਿਆ ਫੇਰ।

ਪਰਖ ਕਰਾਂਗੇ ਭਲਕ ਨੂੰ, ਹੋ ਕੇ ਰਹੀਂ ਤਿਆਰ।

ਰੱਖੀਂ ਸਾਂਭ ਸਿਧਾਂਤ ਦੇ, ਤੂੰ ਸਾਰੇ ਹਥਿਆਰ।

ਚੈਨ ਸਿੰਘ ਨੂੰ ਆਖਿਆ, ਗੰਗਾ ਕੰਢੇ ਜਾ।

ਕਰ ਕੇ ਲੱਕੜਾਂ ਕੱਠੀਆਂ, ਚਿਖਾ ਲਈ ਚਿਣਵਾ।

ਆਖਣ ਸਾਹਿਬੋ ਜੱਟੀਏ, ਬਹਿ ਜਾ ਉੱਤੇ ਆਣ।

ਗੋਦੀ ਅੰਦਰ ਬਾਲ ਲੈ, ਵੇਖਾ ਤੇਰਾ ਤਾਣ।

ਪਹਿਲਾਂ ਤਾਂ ਸੁਣ ਬਾਤ ਉਹ, ਮਨੋਂ ਗਈ ਸੀ ਡੋਲ।

ਸਤਿਗੁਰ ਜੀ ਨੇ ਆਖਿਆ, ਆ ਕੇ ਬਹੋ ਅਡੋਲ।

ਤੇਰਾ ਸਤ ਤਾਂ ਪਰਖਿਆ, ਵੇਖ ਨਾਮ ਦੀ ਓਟ।

ਕਿਵੇਂ ਬਚਾਵੇ ਅਗਨ ’ਚੋਂ, ਰਾਮ ਨਾਮ ਦਾ ਕੋਟ।

ਕੌਤਕ ਵੇਖਣ ਆ ਗਈ, ਸੰਗਤ ਕਈ ਹਜ਼ਾਰ।

ਵੇਖਣ ਅਚਰਜ ਚੋਜ ਉਹ, ਮੂੰਹ ਵਿੱਚ ਉਂਗਲਾਂ ਡਾਰ।

ਬੈਠ ਗਈ ਵਿੱਚ ਚਿਖਾ ਦੇ, ਸਾਹਬੋ ਲੈ ਕੇ ਬਾਲ।

ਅਗਨ ਲਗਾਈ ਚਿਖਾ ਨੂੰ, ਫੇਰ ਗੁਰਾਂ ਤਤਕਾਲ।

ਅਗਨੀ ਲਪਟਾਂ ਛੱਡੀਆਂ, ਲਟ ਲਟ ਬਲਦੀ ਲਾਟ।

ਬੁਜ਼ਦਿਲ ਦਰਸ਼ਕ ਦੌੜਦੇ, ਵੇਖ ਪਾਉਣ ਕੁਰਲਾਹਟ।

ਗੁਰ ਜੀ ਕਾਲੀ ਕੰਬਲੀ, ਉੱਤੇ ਦਿੱਤੀ ਸੁੱਟ।

ਮਾਈ ਨੇ ਉਹ ਆਪਣੇ, ਲਈ ਚੁਫੇਰੇ ਘੁੱਟ।

ਫੇਰ ਭਜਨ ਜੋ ਪੁੱਛਿਆ, ਉਹੋ ਆਇਆ ਕੰਮ।

ਕਰਦੀ ਸਿਮਰਨ ਸਾਹਿਬ ਦਾ, ਲੈਂਦੀ ਜਿਹੜਾ ਦਮ।

ਸਾਰੀ ਲੱਕੜ ਸੜ ਕੇ, ਹੋਈ ਰਾਖ ਸਵੇਤ।

ਨਿਕਲੀ ਵਿੱਚੋਂ ਬਾਹਰ ਸੀ, ਮਾਈ ਬਾਲ ਸਮੇਤ।

ਦੋਹਾਂ ਦੇ ਇੱਕ ਰੋਮ ਨੂੰ, ਵੀ ਨਾ ਲੱਗਾ ਸੇਕ।

ਮਾਈ ਦੇ ਮਨ ਭਟਕਦੇ, ਤਾਈਂ ਆਈ ਟੇਕ।

ਦਰਸ਼ਕ ਕੌਤਕ ਵੇਖ ਕੇ, ਮੂੰਹ ਵਿੱਚ ਉਂਗਲਾਂ ਪਾਉਣ।

ਹੋਣ ਹੈਰਾਨ ਵੇਖ ਕੇ, ਗੁਣ ਸਤਿਗੁਰ ਦੇ ਗਾਉਣ।

ਚਰਨੀਂ ਲੱਗੇ ਆਣ ਕੇ, ਦਾਤ ਨਾਮ ਦੀ ਮੰਗ।

ਚੱਲੇ ਕਦਮ ਮਿਲਾ ਕੇ, ਨਾਮਧਾਰੀਆਂ ਸੰਗ।

ਸਤਿਗੁਰ ਪ੍ਰਤਾਪ ਸਿੰਘ, ਆਖੀ ਕਥਾ ਵੀਚਾਰ।

ਆਖਣ ਸਾਹਿਬ ਕੌਰ ਜੋ, ਦੱਸੀ ਨਾਲ ਪਿਆਰ।

ਉਨੀਂ ਸੌ ਤੇ ਚੌਂਹਟ ਦਾ, ਜਾਣ ਬਿਕਰਮੀ ਸਾਲ।

ਜਦੋਂ ਸੁਣਾਈ ਵਾਰਤਾ, ਉਹਨੇ ਸ਼ਰਧਾ ਨਾਲ।

ਦੱਸ ਜ਼ਬਾਨੀ ਆਪਣੀ, ਇਹ ਸਾਰਾ ਪ੍ਰਸੰਗ।

ਮਾਤਾ ਸਾਹਿਬ ਕੌਰ ਨੇ, ਜੋ ਜੋ ਵਰਤੇ ਰੰਗ।

ਰੇਜਾ ਉਣਿਆ ਓਸ ਨੇ, ਹੱਥੀਂ ਕੱਤ ਅਟੇਰ।

ਭੇਟਾ ਗੁਰ ਪ੍ਰਤਾਪ ਦੀ, ਕੀਤਾ ਉਹਨੇ ਫੇਰ।



Sri Satguru Jagjit Singh Ji eLibrary NamdhariElibrary@gmail.com

ਕਰਦੀ ਸਾਰੇ ਕਾਜ ਉਹ, ਜਪਦੀ ਨਾਲੇ ਨਾਮ।

ਆਖਣ ਰੇਜੇ ਓਸ ਵਿੱਚ, ਆਈ ਸ਼ਕਤ ਤਮਾਮ।

ਸਤਿਗੁਰ ਜੀ ਨੇ ਪਹਿਨਿਆ,ਉਹ ਬਸਤਰ ਬਣਵਾ।

ਆਖਣ ਉਸ ਦੇ ਪਹਿਰਿਆਂ, ਸੁਖ ਹੋਇਆ ਅਸਗਾਹ।

ਕੀਤਾ ਆਖਣ ਅਸਾਂ ਨੇ, ਪਹਿਰ ਸੁਖਮਣੀ ਪਾਠ।

ਆਖਣ ਬਾਰਾਂ ਰੋਜ ਵਿੱਚ, ਰਚਿਆ ਵਿੱਚ ਲਲਾਟ।

ਬੰਦਗੀ ਦਾ ਪ੍ਰਤਾਪ ਸੀ, ਪਾਇਆਂ ਆਏ ਸਵਾਦ।

ਨੀਲੋਂ ਵਾਲੀ ਨਹਿਰ ਤੇ, ਜਾ ਕੇ ਆਪਾ ਸਾਧ।

ਅਸ਼ਟਪਦੀਆਂ ਰੋਜ ਹੀ, ਦੋ ਕਰ ਲੈਂਦੇ ਯਾਦ।

ਇੱਕੋ ਵਾਰੀ ਪੜ੍ਹਦਿਆਂ, ਹੋਈ ਸੁਖਮਣੀ ਯਾਦ।

ਵਿੱਚ ਗ੍ਰੰਥਾਂ ਵਾਰਤਾ, ਲਿਖੀ ਅਜੇਹੀ ਠੀਕ।

ਮਾਰੀ ਕੋਲੋਂ ਗੱਪ ਨਾ, ਕਰ ਵੇਖੋ ਤਸਦੀਕ।

## ਸਾਧੂਆਂ ਨੂੰ ਭੋਜਨ

ਨਾਂਗੇ ਸਾਧੂ ਆ ਗਏ, ਡੇਰੇ ਛੱਡ ਗੁਮਾਨ।

ਜੀ ਆਇਆਂ ਨੂੰ ਆਖਿਆ, ਕੀਤਾ ਆਦਰ ਮਾਨ।

ਛਕਵਾਏ ਇਹ ਆਖ ਕੇ, ਕਰ ਪਕਵਾਨ ਤਿਆਰ।



. Sri Satguru Jagjit Singh Ji eLibrary NamdhariElibrary@gmail.com .

ਫੇਰ ਹਿਸਾਬ ਕਰਾਂਗੇ, ਆਖਣ ਨਾਲ ਪਿਆਰ।

ਸਤਿਗੁਰ ਨਾਨਕ ਵਾਂਗਰਾਂ, ਸੱਚਾ ਸੌਦਾ ਖੋਹਲ।

ਭੁੱਖੇ ਸਾਧ ਰਜਾਵਣੇ, ਆਖਣ ਲੱਗੇ ਬੋਲ।

ਹੱਥੀਂ ਚਰਨ ਧੁਆ ਕੇ, ਨਾਲ ਬੜੇ ਸਤਿਕਾਰ।

ਆਸਣ ਤੇ ਬੈਠਾਂਵਦੇ, ਪਿੱਛੋਂ ਬੰਨ੍ਹ ਕਤਾਰ।

ਆਖਣ ਜਰਾ ਗੰਭੀਰ ਹੋ, ਸਿੱਧ ਪੁਰਸ਼ ਇਹ ਲੋਕ।

ਕਰਨ ਤਿਆਗ ਸੁਖਾਂ ਦਾ, ਰੱਖਣ ਹਰਖ ਨਾ ਸ਼ੋਕ।

ਨਾਗਾ ਚੰਗਾ ਭੇਖ ਸੀ, ਐਪਰ ਛੱਡ ਮਰਿਆਦ।

ਝੁਕਦੇ ਜਾਣ ਕੁਕਰਮ ਵੱਲ, ਖਿੱਚੇ ਜਗਤ ਸੁਆਦ।

ਹੋ ਸਵਾਲੀ ਗਏ ਨੇ, ਚੰਗੇ ਕਰਮ ਤਿਆਗ।

ਬਾਣ ਗਵਾ ਕੇ ਹੰਸ ਦੀ, ਹੁੰਦੇ ਜਾਵਣ ਕਾਗ।

ਸਾਧ ਮੰਡਲੀਆਂ ਹੋਰ ਵੀ, ਚੱਲ ਚੱਲ ਓਥੇ ਆਉਣ।

ਬਿਨ ਦੁਬਿਧਾ ਬਿਨ ਵਿਕਤਰੇ, ਲੰਗਰ ਪਏ ਛਕਾਉਣ।

## ਤੋਪ 'ਚ ਪਾਣੀ

ਪੋਰੀ ਲੈ ਕੇ ਬਾਂਸ ਦੀ, ਪਾਣੀ ਰਹੇ ਪਵਾ।

ਭਰ ਭਰ ਗੜਵੇ ਓਸ ਤੇ, ਜਲ ਧਾਰਾ ਕਰਵਾ।



Sri Satguru Jagjit Singh Ji eLibrary NamdhariElibrary@gmail.com

ਨਾਲੇ ਕਰਦੇ ਬਚਨ ਉਹ, ਉੱਚਾ ਬੋਲ ਸੁਣਾ।

ਤੋਪਾਂ ਬਿੱਲਿਆਂ ਦੀਆਂ ਵਿੱਚ, ਦਿੱਤਾ ਪਾਣੀ ਪਾ।

ਕਿੰਜ ਰਮਜ ਦੇ ਨਾਲ, ਉਹ ਕਰਦੇ ਨੇ ਪ੍ਰਚਾਰ।

ਰਾਜ ਕਾਜ ਅੰਗ੍ਰੇਜ਼ ਦਾ, ਵੇਖੋ ਰਹੇ ਨਕਾਰ।

ਸਾਮਰਾਜੀਆਂ ਦੇ ਉਲਟ, ਨਫ਼ਰਤ ਬੀਜ ਖਿਡਾਉਣ।

ਦੇ ਸੰਕੇਤ ਅਨੋਖੜੇ, ਰੋਸ ਪਏ ਫੈਲਾਉਣ।

## ਭੂਆ ਲੱਗਦੀ ਹੈ

ਗੁੜ ਗੁੜ ਹੁੱਕਾ ਪੀਣ ਦੀ, ਸੁਣ ਕੇ ਆਈ ਜਾਗ।

ਆਖਣ ਆਉਂਦੀ ਕਿਧਰੋਂ, ਇਹ ਅਵਾਜ਼ ਅਭਾਗ।

ਪਹਿਰੇ ਵਾਲੇ ਆਖਿਆ, ਸੋਚ ਸਮਝ ਕੇ ਬਾਤ।

ਇੱਕ ਜਨਾਨੀ ਪੀ ਰਹੀ, ਹੁੱਕਾ ਅੱਧੀ ਰਾਤ।

ਜੱਸਾਂ ਜੀ ਨੂੰ ਨਾਲ ਲੈ, ਪਹੁੰਚੇ ਉਹਦੇ ਕੋਲ।

ਪੁੱਛਣ ਤੇਰੀ ਜਾਤ ਕੀ, ਉਹਨੂੰ ਖੜ੍ਹੇ ਅਡੋਲ।

ਮੈਂ ਤਰਖਾਣੀ ਜਾਤ ਦੀ, ਬੋਲੀ ਅੱਗੋਂ ਨਾਰ।

ਆਖਣ ਭੂਆ ਲੱਗਦੀ, ਬੋਲ ਤਨਜ ਦੇ ਮਾਰ।

ਜੱਸਾਂ ਜੀ ਨੂੰ ਆਖਿਆ, ਕਰਕੇ ਇੰਜ ਮਖੌਲ।



Sri Satguru Jagjit Singh Ji eLibrary NamdhariElibrary@gmail.com

ਮਿਲ ਲੈ ਭੂਆ ਆਪਣੀ, ਤਾਈਂ ਬਹਿ ਕੇ ਕੋਲ।

ਉਹ ਜਨਾਨੀ ਰੱਖ ਕੇ, ਹੁੱਕਾ ਨਾਲ ਪਿਆਰ।

ਪੀ ਲੈ ਹੁੱਕਾ ਆਖਦੀ, ਜੱਸਾਂ ਨੂੰ ਪੁਚਕਾਰ।

ਜੱਸਾਂ ਪਿੱਛੇ ਹੋ ਗਈ, ਆਖੇ ਬੂ ਨਿਰਭਾਗ।

ਜਿਵੇਂ ਤ੍ਰਿਭਕੇ ਵੇਖ ਕੇ, ਕੋਈ ਕਾਲਾ ਨਾਗ।

ਹੁੱਕਾ ਪੀ ਲੈ ਆਖਦੀ, ਗਈ ਮਕੀਰੀ ਖੁੱਲ੍ਹ।

ਪ੍ਰਾਹੁਣਾਚਾਰੀ ਵਾਸਤੇ ਹੈ, ਇਹ ਸਾਜ ਅਮੁੱਲ।

ਜਿਉਂ ਜਿਉਂ ਅੱਗੇ ਕਰੇ, ਉਹ ਜੱਸਾਂ ਜਾਵੇ ਦੂਰ।

ਆਖੇ ਗਾਲ੍ਹਾਂ ਕੱਢ ਕੇ, ਕੀ ਭੈੜਾ ਦਸਤੂਰ।

ਸਤਿਗੁਰ ਜੀ ਨੇ ਆਖਿਆ, ਇਹ ਜਗਤ ਦੀ ਜੂਠ।

ਛੱਡ ਤੰਬਾਕੂ ਵਰਤਣਾ, ਅਤੇ ਬੋਲਣਾ ਝੂਠ।

ਪੱਲੇ ਓਸ ਨਾ ਬੰਨਿਆ, ਸਤਿਗੁਰ ਸਮਾਂ ਵੀਚਾਰ।

ਜਲ ਦਾ ਗੜਵਾ ਪਾ ਕੇ, ਕੀਤਾ ਠੰਡਾ ਠਾਰ।

ਅੱਗ ਬੁਝਾ ਕੇ ਓਸ ਦੀ, ਆਣ ਬਰਾਜੇ ਫੇਰ।

ਨਿੱਤ ਕਰਮ ਦੇ ਵਾਸਤੇ, ਉੱਠੇ ਤੜਕ ਸਵੇਰ।

## ਹਰਦੁਆਰੋਂ ਵਾਪਸੀ



. Sri Satguru Jagjit Singh Ji eLibrary NamdhariElibrary@gmail.com .

ਮੇਲਾ ਪੂਰਨ ਹੋ ਗਿਆ, ਮੋੜੀ ਫੇਰ ਮੁਹਾਰ।

ਵਾਪਸ ਦੇਸ਼ ਪੰਜਾਬ ਨੂੰ, ਹੋਏ ਤੁਰਤ ਤਿਆਰ।

ਮੰਜ਼ਲੋਂ ਮੰਜ਼ਲੀ ਚੱਲ ਕੇ, ਵਾਪਸ ਮੁੜਿਆ ਸੰਗ।

ਬਾਣੀ ਪੜ੍ਹਦੇ ਮਸਤ ਹੋ, ਚੜ੍ਹੇ ਨਾਮ ਦਾ ਰੰਗ।

ਰਾਹ ਅੰਦਰ ਇੱਕ ਖੂਹ ਤੇ, ਡੇਰਾ ਲਿਆ ਜਮਾ।

ਲੰਗਰ ਫੇਰ ਪਕਾਉਣ ਨੂੰ, ਖੂਹ ਤੇ ਪਹੁੰਚੇ ਜਾ।

ਐਪਰ ਅੱਗੇ ਬੈਠਿਆ, ਆਣ ਬ੍ਰਾਹਮਣ ਮੇਲ।

ਬੈਠੇ ਆਸਣ ਲਾ ਕੇ, ਮਾਣ ਮਸਤ ਅਲਬੇਲ।

ਕਰਨ ਰਸੋਈ ਬਾਹਮਣਾਂ, ਪਏ ਕੁਸੰਗੀ ਕੋਲ।

ਉਂਜ ਕਹਾਵਣ ਵੈਸ਼ਨੂੰ, ਵੇਖ ਢੋਲ ਦਾ ਪੋਲ।

ਨਾਮਧਾਰੀਏ ਵੇਖ ਕੇ, ਆਖਣ ਤੁਸੀਂ ਅਛੂਤ।

ਅੱਗੇ ਆਇਓ ਮੂਲ ਨਾ, ਮਤ ਹੋ ਜਾਏ ਕਸੂਤ।

ਸਤਿਗੁਰ ਜੀ ਨੇ ਆਖਿਆ, ਮਾਸਾਹਾਰੀ ਲੋਕ।

ਕਰਨ ਰਸੋਈ ਤੁਸਾਂ ਦੀ, ਬਿਨਾ ਰੋਕ ਜਾਂ ਟੋਕ।

ਅਸੀਂ ਸੁੱਚ ਦੇ ਧਾਰਨੀ, ਸਾਨੂੰ ਕਹੋ ਅਛੂਤ।

ਖਾਂਦੇ ਮਾਸ ਸ਼ਰਾਬ ਨਾ, ਰਹਿੰਦੇ ਸਦਾ ਸਬੂਤ।

ਜਾਤੀ ਕਿਸੇ ਵਿਸ਼ੇਸ਼ ਸੰਗ, ਸਾਡਾ ਨਹੀਂ ਵਿਰੋਧ।

ਜਿਹੜਾ ਲੋਟੂ ਲਾਲਚੀ, ਉਹਨੂੰ ਦਈਏ ਸੋਧ।



Sri Satguru Jagjit Singh Ji eLibrary NamdhariElibrary@gmail.com

ਪੰਡਤ ਹੋਣ ਨਿਆਂਸ਼ੀਲ, ਕਰਦੇ ਪਰਉਪਕਾਰ।

ਕਰਦੇ ਪੂਰਾ ਅਸੀਂ ਹਾਂ, ਉਹਨਾਂ ਦਾ ਸਤਿਕਾਰ।

ਫੇਰ ਕੜਾਹ ਪ੍ਰਸ਼ਾਦ ਕਰ, ਮਰਿਆਦਾ ਦੇ ਨਾਲ।

ਪੰਡਤਾਂ ਤਾਈਂ ਛਕਾਂਵਦੇ, ਕਰਕੇ ਨੇਕ ਖਿਆਲ।

ਵੇਖ ਬ੍ਰਾਹਮਣ ਸੁੱਚ ਨੂੰ, ਹੋਏ ਬਹੁ ਪ੍ਰਸੰਨ।

ਛਕਣ ਕੜਾਹ ਤ੍ਰਿਭੋਲ ਦਾ, ਨਾਲੇ ਆਖਣ ਧੰਨ।

ਓਥੋਂ ਦੁਨੀਆਂ ਤਾਰਦੇ, ਵੰਡਦੇ ਗੱਫੇ ਨਾਮ।

ਪਹੁੰਚੇ ਭੈਣੀ ਸਾਹਿਬ ਆ, ਸੰਗਤ ਸਾਥ ਤਮਾਮ।



. Sri Satguru Jagjit Singh Ji eLibrary NamdhariElibrary@gmail.com .

## ਕਾਂਡ - ੭

### ਦੁਆਬੇ ਮਾਲਵੇ ਪੁਆਧ ਦਾ ਦੌਰਾ ਤੇ ਮੁਕਤਸਰ ਦੀ ਮਾਘੀ

ਹਰ ਦੁਆਰੋਂ ਆਣ ਕੇ, ਕਮਰ ਕੱਸੇ ਕੱਸ।

ਆਣ ਮੁਠੱਡੇ ਪਿੰਡ ਦੇ, ਲੋਕੀਂ ਕੀਤੇ ਵੱਸ।

ਪਿੰਡ ਧੁਲੇਤੇ ਜਾ ਕੇ, ਕਰਨ ਹਰੀ ਦਾ ਜੱਸ।

ਅੰਮ੍ਰਿਤ ਮਈ ਕੀਰਤਨ, ਰਿਹਾ ਚੁਫੇਰੇ ਵੱਸ।

ਲੁਧਿਆਣੇ ਜ਼ਿਲ੍ਹੇ ਦੇ, ਆਏ ਵੱਲ ਪੁਆਧ।

ਰਾਇਪੁਰ ਦੇ ਗਰੇਵਾਲ, ਸਾਰੇ ਕੀਤੇ ਸਾਧ।

ਪਿੰਡ ਮੁਠੱਡੇ ਵਿੱਚ ਸੀ, ਲਾਉਣਾ ਚੱਲ ਦੀਵਾਨ।

ਬ੍ਰਾਹਮਣ ਮਸਲਤ ਜੋੜ ਕੇ, ਕਹਿਣ ਕਰੋ ਅਪਮਾਨ।

ਲੋਕਾਂ ਨਾਮਧਾਰੀਆਂ, ਦੀ ਰੀਤੀ ਅਪਣਾ।

ਮਸਾਂ ਬ੍ਰਾਹਮਣ ਵਾਦ ਦਾ, ਗਲੋਂ ਲੁਹਾਇਆ ਫਾਹ।

ਘੱਟ ਖਰਚੀਲੇ ਹੋ ਗਏ, ਕਰਨੇ ਸਾਰੇ ਕਾਜ।

ਘੁਟ ਘੁਟ ਮਰਨੋਂ ਬਚ ਗਏ, ਦੱਬੇ ਹੇਠ ਵਿਆਜ।

ਐਪਰ ਘਟਦੀ ਵੇਖ ਕੇ, ਦਾਨ ਦੱਛਣਾ ਫੇਰ।

ਓਥੋਂ ਦਿਆਂ ਬ੍ਰਾਹਮਣਾਂ, ਬੁਰਾ ਮਨਾਇਆ ਢੇਰ।

ਪਾਣੀ ਹੁੱਕੇ ਵਾਲੜਾ, ਸੁੱਟੀਏ ਵਿੱਚ ਦੀਵਾਨ।



Sri Satguru Jagjit Singh Ji eLibrary NamdhariElibrary@gmail.com

ਰਹਿਤ ਤੋੜ ਕੇ ਸੋਚਦੇ, ਨੇ ਕਰੀਏ ਅਪਮਾਨ।

ਦੱਸੀ ਆ ਕੇ ਕਿਸੇ ਨੇ, ਉਹਨਾਂ ਦੀ ਇਹ ਚਾਲ।

ਸਤਿਗੁਰ ਜੀ ਨੇ ਸੁਲਹ ਦੀ, ਅੱਗੇ ਕੀਤੀ ਢਾਲ।

ਐਪਰ ਸਭ ਬ੍ਰਾਹਮਣਾਂ, ਧਾਰ ਲਿਆ ਹੰਕਾਰ।

ਅੱਗੋਂ ਦੰਗਾ ਕਰਨ ਨੂੰ, ਦਿੱਤੀ ਆਣ ਵੰਗਾਰ।

ਸੁਲ੍ਹਾ ਸਫਾਈ ਵਾਸਤੇ, ਭੇਜੇ ਸਿੰਘ ਵਿਸ਼ੇਸ਼।

ਉਹਨਾਂ ਦੇ ਸੰਗ ਪਾਂਡਿਆਂ, ਕੀਤਾ ਬੜਾ ਕਲੇਸ਼।

ਪਾਣੀ ਹੁੱਕੇ ਵਾਲੜਾ, ਆਏ ਉੱਤੇ ਪਾਉਣ।

ਅੱਗੋਂ ਨਾਮਧਾਰੀਆਂ, ਚੰਗੀ ਭੰਨੀ ਧੌਣ।

## ਮੁਕਤਸਰ ਮਾਘੀ ਮੇਲਾ (ਜਨਵਰੀ ੧੮੬੨ ਈ.)

ਏਥੋਂ ਅੱਗੇ ਚੱਲ ਕੇ, ਮਾਘੀ ਆਏ ਮਨਾਣ।

ਉਨੀ ਸੌ ਅਠਾਰਵਾਂ, ਸਾਲ ਬਿਕਰਮੀ ਜਾਣ।

ਰਸਤੇ ਵਿੱਚ ਫ਼ਰੀਦਕੋਟ, ਠਹਿਰ ਗਏ ਕੁਝ ਦੇਰ।

ਕਾਫੀ ਸੰਗਤ ਨਾਲ ਸੀ, ਏਸ ਜਗ੍ਹਾ ਇਸ ਵੇਰ।

ਭੇਜੇ ਬਰਤਨ ਲੈਣ ਲਈ, ਬੰਦੇ ਰਾਜੇ ਪਾਸ।

ਆਖਣ ਲੰਗਰ ਵਾਲੜਾ, ਕਾਰਜ ਕਰੀਏ ਰਾਸ।



Sri Satguru Jagjit Singh Ji eLibrary NamdhariElibrary@gmail.com

ਐਪਰ ਅੱਗੋਂ ਨੌਕਰਾਂ, ਦਿੱਤਾ ਮੋੜ ਜਵਾਬ।

ਰਾਜਾ ਸੁੱਤਾ ਪਿਆ ਹੈ, ਆਉਣਾ ਫੇਰ ਜਨਾਬ।

ਓਹੋ ਬਰਤਨ ਉੱਠ ਕੇ, ਆਪ ਦਵਾਏ ਫੇਰ।

ਲੈ ਜਾਣੇ ਫਿਰ ਆਣਕੇ, ਪਿੱਛੋਂ ਥੋੜ੍ਹੀ ਦੇਰ।

ਸਤਿਗੁਰ ਜੀ ਨੇ ਆਖਿਆ, ਇਹ ਕੀ ਕਰੂ ਨਿਹਾਲ।

ਜਿਹੜਾ ਸੁੱਤਾ ਪਿਆ ਹੈ, ਵਾਂਗ ਅੰਵਾਣੇ ਬਾਲ।

ਸਤਿਗੁਰ ਜੀ ਉਸ ਥਾਂ ਤੇ, ਲਾਏ ਬਹੁਤ ਦੀਵਾਨ।

ਪਸ਼ੂ ਬਿਰਤੀਆਂ ਛੱਡ ਕੇ, ਕਹਿਣ ਬਣੋ ਇਨਸਾਨ।

ਏਥੇ ਅੰਮ੍ਰਿਤ ਛਕ ਕੇ, ਸੁੱਚ ਮਰਿਆਦਾ ਧਾਰ।

ਹੋਏ ਨਾਮਧਾਰੀਏ, ਆਖਣ ਬੇ-ਸ਼ੁਮਾਰ।

ਏਥੇ ਰਾਜੇ ਭੇਜਿਆ, ਨਾਈ ਇੱਕ ਜਾਸੂਸ।

ਉਹ ਵੀ ਬਾਣਾ ਪਾ ਕੇ, ਰਲਿਆ ਨਾਲ ਖਲੂਸ।

ਓਸ ਚੁਰਾਏ ਕੱਪੜੇ, ਲੀਤੇ ਪੈਸੇ ਖੋਹਲ।

ਸਤਿਗੁਰ ਜੀ ਨੇ ਓਸ ਨੂੰ, ਲੀਤਾ ਪਕੜ ਅਡੋਲ।

ਪੈਸੇ ਵਾਪਸ ਲੈ ਕੇ, ਦਿੱਤਾ ਬਾਹਰ ਨਿਕਾਲ।

ਓਸ ਸੁਣਾਇਆ ਜਾ ਕੇ, ਰਾਜੇ ਨੂੰ ਸਭ ਹਾਲ।

ਦੰਡ ਗਵਾਇਆ ਕੂਕਿਆਂ, ਉਹਨੂੰ ਕਰ ਪੰਚਾਇਤ।

ਜਾ ਰਾਜੇ ਦੇ ਕੋਲ, ਉਸ ਕੀਤੀ ਬੜੀ ਸ਼ਿਕਾਇਤ।

ਉਹਨੇ ਜਾ ਕੇ ਦੱਸਿਆ, ਰਾਜੇ ਨੂੰ ਸਭ ਹਾਲ।

ਇਹਨਾਂ ਕੀਤਾ ਅਸਾਂ ਦਾ, ਜੀਣਾ ਵੇਖ ਮੁਹਾਲ।

ਏਥੇ ਤੇਰੇ ਹੁੰਦਿਆਂ, ਹੋਏ ਅਦਾਲਤ ਹੋਰ।

ਤੇਰਾ ਕਾਹਦਾ ਰਾਜ ਹੈ, ਕੂਕੇ ਕਰਦੇ ਜੋਰ।

ਰਾਜੇ ਗੁੱਸੇ ਹੋ ਕੇ, ਸੱਦਿਆ ਨੰਬਰਦਾਰ।

ਕਾਹਨ ਸਿੰਘ* ਨੂੰ ਆਖਦਾ, ਮਾਰ ਰੋਅਬ ਦਰਬਾਰ।

ਤੂੰ ਰਾਜੇ ਦੇ ਹੁੰਦਿਆਂ, ਕਰੇਂ ਫੈਸਲੇ ਆਪ।

ਦੰਡੇਂ ਮੇਰੇ ਆਦਮੀ, ਆਪ ਕਚਹਿਰੀ ਥਾਪ।

ਦੇਹ ਜੁਰਮਾਨਾ ਪੰਜ ਸੌ, ਉਹਨੂੰ ਕਿਹਾ ਪੁਕਾਰ।

ਫੇਰ ਨਹੀਂ ਦੁਹਰਾਵਣੀ, ਹੁਕਮ ਅਦੂਲੀ ਕਾਰ।

ਏਥੋਂ ਆਏ ਮੁਕਤਸਰ, ਪਾਵਨ ਕਰਦੇ ਦੀਦ।

ਚਾਲੀ ਮੁਕਤੇ ਜਿਸ ਥਾਂ, ਹੋਏ ਜਾਣ ਸ਼ਹੀਦ।

ਦਸਮ ਪਿਤਾ ਨੂੰ ਦੇ ਕੇ, ਹੋਏ ਬੇਦਾਵਾ ਅੱਡ।

ਚਾਲੀ ਸਿੰਘ ਮਝੈਲ ਜੋ, ਸਾਥ ਗਏ ਸਨ ਛੱਡ।

ਉਹਨਾਂ ਏਥੇ ਆਣਕੇ, ਇੰਜ ਬਖਸ਼ਾਈ ਭੁੱਲ।

ਤਨ ਮਨ ਗੁਰ ਤੋਂ ਵਾਰ ਕੇ, ਹੋਏ ਜਾਣ ਅਮੁੱਲ।

ਹੋਈ ਤਾਹੀਓਂ ਮੁਕਤਸਰ, ਖਦਰਾਣੇ ਦੀ ਢਾਬ।

ਚਾਲੀ ਸਿੰਘਾਂ ਖੂਨ ਪਾ, ਨਵਾਂ ਰਚਾਇਆ ਬਾਬ।



Sri Satguru Jagjit Singh Ji eLibrary NamdhariElibrary@gmail.com

ਮੇਲਾ ਮਾਘੀ ਏਸ ਥਾਂ, ਸੰਗਤਾਂ ਆਣ ਮਨਾਉਣ।

ਕੁਰਬਾਨੀ ਦਾ ਕਾਂਡ ਸੁਣ, ਅਣਖ ਊਰਜਾ ਪਾਉਣ।

ਐਪਰ ਗੁੰਡੇ ਆਣ ਕੇ, ਘੋਲਣ ਗੰਦ ਚੁਫੇਰ।

ਗਾਵਣ ਗੰਦੇ ਗੀਤ ਉਹ, ਨੱਚਣ ਸ਼ਾਮ ਸਵੇਰ।

ਰੋਕੇ ਕੌਣ ਲਫੰਗਿਆਂ, ਫਾਹਾ ਗਲੇ ਪਵਾ।

ਲੰਘਣ ਅੱਖ ਬਚਾ ਕੇ, ਪੱਲਾ ਜਾਣ ਬਚਾ।

ਲਾਏ ਨਾਮਧਾਰੀਆਂ, ਏਥੇ ਜਦੋਂ ਦੀਵਾਨ।

ਲੱਗੇ ਉੱਚਾ ਧਰਮ ਦਾ, ਮੁੜਕੇ ਕਰਨ ਨਿਸ਼ਾਨ।

ਗੁੰਡਿਆਂ ਤਾਈਂ ਆਖਿਆ, ਲੱਭੋ ਹੋਰ ਸਥਾਨ।

ਐਪਰ ਅੱਗੋਂ ਲੜਨ ਨੂੰ, ਆਏ ਲੋਕ ਸ਼ੈਤਾਨ।

ਨਾਮਧਾਰੀਆਂ ਫੇਰ ਸੀ, ਖੂਬ ਵਰ੍ਹਾਈ ਡਾਂਗ।

ਵਿੱਚ ਪਲਾਂ ਦੇ ਲਹਿ ਗਈ, ਬੁਰਿਆਈ ਦੀ ਕਾਂਗ।

ਮਾਰ ਮਾਰ ਕੇ ਕੂਕਿਆਂ, ਦਿੱਤੇ ਬੰਨ ਬੁਥਾੜ।

ਭੱਜੀ ਸਿਰ ਤੇ ਪੈਰ ਰੱਖ, ਉਹ ਬੁਰਿਆਰੀ ਧਾੜ।

ਇੰਜ ਪਵਿੱਤਰ ਥਾਨ ਦੀ,  ਕੀਤੀ ਸ਼ਾਨ ਬਹਾਲ।

ਫਿਰ ਕੀਤਾ ਇਸ਼ਨਾਨ ਆ, ਉਹਨਾਂ ਅੰਦਰ ਤਾਲ।

* ਪਿੰਡ ਬਾਜਾਖਾਨਾ ਰਿਆਸਤ ਫ਼ਰੀਦਕੋਟ

## ਟਿੱਬੀ ਸਾਹਿਬ ਨੂੰ ਧਾਵਾ ਬੋਲਣਾ

ਚਲੋ ਟਿੱਬੀ ਸਾਹਿਬ ਨੂੰ, ਦਿੱਤਾ ਗੁਰਾਂ ਆਦੇਸ਼।

ਜਿੱਦਾਂ ਜਾਵਣ ਜੰਗ ਨੂੰ, ਫੌਜੀ ਦੌੜ ਵਿਸ਼ੇਸ਼।

ਸੋਟੇ ਡਾਂਗਾਂ ਸਫਾ ਜੰਗ, ਮੋਢੇ ਉੱਤੇ ਰੱਖ।

ਸੈਨਿਕ ਜਾਣ ਪਰੇਡ ਤੇ, ਏਦਾਂ ਦੇਂਦੇ ਦੱਖ।

ਐਪਰ ਸੋਟਾ ਡਾਂਗ ਨਾ, ਸੀ ਜਿਨ੍ਹਾਂ ਦੇ ਕੋਲ।

ਟਾਂਡੇ ਭੰਨ ਜੁਆਰ ਦੇ, ਮੋਢੇ ਧਰੇ ਅਡੋਲ।

ਨਕਲੀ ਧਾਵਾ ਬੋਲ ਕੇ, ਜਾਣਾ  ਦੌੜ ਲਗਾ।

ਜਾ ਜ਼ਾਲਮ ਦੀ ਕਬਰ ਤੇ, ਜੁੱਤੇ ਦਿਓ ਟਿਕਾ।

ਬਾਜਾਂ ਵਾਲੇ ਏਸ ਥਾਂ, ਦਾਤਣ ਕਰਨ ਅਡੋਲ।

ਜਲ ਦਾ ਗੜਵਾ ਰੱਖ ਕੇ, ਬੈਠੇ ਆਪਣੇ ਕੋਲ।

ਆਇਆ ਜ਼ਾਲਮ ਚੱਲ ਕੇ, ਕਰਨ ਸੀਸ ਤੇ ਵਾਰ।

ਬੁਜ਼ਦਿਲ ਪਿੱਛੋਂ ਆਣਕੇ,  ਧੋਖੇ ਨਾਲ ਵੀਚਾਰ।

ਬਾਜਾਂ ਵਾਲੇ ਪਰਤ ਕੇ, ਗੜਵਾ ਸਿਰ ਵਿੱਚ ਮਾਰ।

ਪਾਪੀ ਓਸ ਸ਼ੈਤਾਨ ਨੂੰ, ਝੱਟ ਬੁਲਾਇਆ ਪਾਰ।

ਸਿੰਘਾਂ ਨੇ ਦਫਨਾ ਕੇ, ਅੰਦਰ ਏਸ ਮਜ਼ਾਰ।

ਕੱਚੀ ਮਿੱਟੀ ਓਸ ਤੇ, ਦਿੱਤੀ ਇੰਜ ਸਵਾਰ।

ਏਥੇ ਕਲਗੀਧਰ ਨੇ, ਕੀਤਾ ਸੀ ਫੁਰਮਾਨ।

ਏਥੇ ਮਾਰੋ ਜੁੱਤੀਆਂ, ਤਾਂ ਤੀਰਥ ਪ੍ਰਵਾਨ।

ਜ਼ਿਲ੍ਹੇ ਫ਼ਿਰੋਜ਼ਪੁਰ ਦਾ, ਬਿੱਲਾ ਅਹੁਦੇਦਾਰ।

ਅਮਲਾ ਫੈਲਾ ਨਾਲ ਲੈ, ਮੇਲੇ ਦੇ ਵਿਚਕਾਰ।

ਗ਼ਸ਼ਤ ਲਗਾਉਂਦਾ ਫਿਰ ਰਿਹਾ, ਡਿੱਠਾ ਓਸ ਸ਼ੈਤਾਨ।

ਸੋਚਾਂ ਅੰਦਰ ਵੇਖ ਇਹ, ਉਹ ਹੋਇਆ ਗਲਤਾਨ।

## ਧਾਵਾ ਬੋਲਣ ਦਾ ਨਜ਼ਾਰਾ

ਬੰਨ੍ਹ ਕਤਾਰ ਖਲੋਤੇ ਹੁਕਮ ਬਜਾਇ ਕੇ,

ਕੰਧਿਆਂ ਉੱਤੇ ਸ਼ਸ਼ਤਰ ਖੜ੍ਹੇ ਟਿਕਾਇ ਕੇ।

ਪਲਟਣ ਜਿਵੇਂ ਖਲੋਤੀ ਹੋਵੇ ਨਾਲ ਸ਼ਾਨ,

ਹੋਣ ਖਲੋਤੇ ਫੌਜੀ ਹੋ ਕੇ ਸਾਵਧਾਨ।

ਕੀਤਾ ਫੇਰ ਇਸ਼ਾਰਾ ਚੀਨੀ ਵਾਲੜੇ,

ਚੱਲੇ ਧਾਵਾ ਬੋਲ ਖਲੋਤੇ ਕਾਹਲੜੇ।

ਪੈਰ ਉਠਾਉਣ ਇਕੱਠੇ ਜਾਵਣ ਦੌੜਦੇ,

ਚੁੰਗੀਆਂ ਭਰਦੇ ਮਿਰਗ ਜਿਵੇਂ ਵਿੱਚ ਰੌੜ ਦੇ।

ਫੌਜੀ ਚੜ੍ਹੇ ਮੁਹਿੰਮ ਏਦਾਂ ਜਾਪਦੇ,



Sri Satguru Jagjit Singh Ji eLibrary NamdhariElibrary@gmail.com

ਵੱਡੀਆਂ ਭਰਨ ਪੁਲਾਂਘਾਂ ਧਰਤੀ ਨਾਪਦੇ।

ਛੱਡ ਜੈਕਾਰੇ ਬੋਲੇ ਸੋ ਨਿਹਾਲ ਦੇ,

ਗੂੰਜੇ ਪਿਆ ਅਕਾਸ਼ ਨਾਮ ਅਕਾਲ ਦੇ।

ਐਸੀ ਚੱਲਣ ਰਲ ਕੇ ਚਾਲ ਕਮਾਲ ਦੀ,

ਘੋੜੇ ਕੱਢਣ ਜਿੱਦਾਂ ਚਾਲ ਰਵਾਲ ਦੀ।

ਭਾਸੇ ਜਿੱਦਾਂ ਚਾੜ੍ਹੀ ਚਿਲੇ ਕਮਾਨ ਦੇ,

ਦੌੜੇ ਜਾਣ ਪਿਆਦੇ ਵੱਲ ਮੈਦਾਨ ਦੇ।

ਲੰਕਾ ਸੋਧਣ ਚੱਲੀ ਸੈਨਾ ਰਾਮ ਦੀ,

ਜਾਂ ਜਾਪੇ ਚਤੁਰੰਗੀ ਸੈਨਾ ਸ਼ਾਮ ਦੀ।

ਜਾ ਟਿੱਬੀ ਤੇ ਪਹੁੰਚੇ ਛਾਲਾਂ ਮਾਰਦੇ,

ਲਾਹ ਲਾਹ ਪੈਰੋਂ ਛਿੱਤਰ ਹੱਥ ਸਵਾਰਦੇ।

ਗੁੱਸੇ ਅੰਦਰ ਮਾਰਨ ਜ਼ੋਰ ਲਗਾ ਕੇ,

ਪਰਤੇ ਜਾਵਣ ਪੰਜ ਪੰਜ ਪੌਲੇ ਲਾ ਕੇ।

ਜਿਹੜਾ ਜਾਵੇ ਨੇੜੇ ਜੂਤ ਉਤਾਰਦਾ,

ਕਬਰ ਓਸ ਦੇ ਉੱਤੇ ਕੱਸ ਕੱਸ ਮਾਰਦਾ।

ਧੂੜ ਉਡੰਦੀ ਰੋਕ ਲਿਆ ਪ੍ਰਕਾਸ਼ ਨੂੰ,

ਬਣ ਬਵੰਡਰ ਚੜ੍ਹਦੀ ਜਾਏ ਅਕਾਸ਼ ਨੂੰ।

ਆਖਣ ਦੁਸ਼ਟਾ ਮੁੜ ਇਹ ਕਾਰਾ ਕਰੇਂਗਾ?

ਹਸ਼ਰਾਂ ਤੀਕਰ ਹੁਣ ਹਰਜ਼ਾਨਾ ਭਰੇਂਗਾ।

ਭੱਜਣ ਲਈ ਨਾ ਤੈਨੂੰ ਲੱਭੇ ਰਾਹ ਹੁਣ,

ਅਜ਼ਲਾਂ ਤੀਕਰ ਏਥੇ ਜੁੱਤੀਆਂ ਖਾਹ ਹੁਣ।

---o---

ਵੇਖ ਡਸਿਪਲਨ ਏਕਤਾ, ਦਿਲ ਵਿੱਚ ਖਾਧੀ ਖਾਰ।

ਸੰਗਤ ਦਾ ਜਾਂ ਵੇਖਿਆ, ਫੌਜਾਂ ਜਿਹਾ ਵਿਹਾਰ।

ਉਹਨੇ ਚਾਹਿਆ ਤਾੜਨਾ, ਆ ਕੇ ਗੁੱਸੇ ਨਾਲ।

ਐਪਰ ਓਥੋਂ ਖਿਸਕਿਆ, ਵੇਖ ਸਮੇਂ ਦੀ ਚਾਲ।

ਥੋੜ੍ਹਾ ਵਾਦ ਵਿਵਾਦ ਕਰ, ਤਾਕਤ ਵੇਖ ਅਤੋਲ।

ਥੋੜ੍ਹੇ ਸਾਥੀ ਵੇਖ ਕੇ, ਤੁਰਿਆ ਖਿਸਕ ਅਡੋਲ।

ਅਫ਼ਸਰ ਜੋ ਅੰਗ੍ਰੇਜ਼ ਸਨ, ਰਾਜ ਨਸ਼ੇ ਵਿੱਚ ਚੂਰ।

ਉਹਨਾਂ ਤਾਈਂ ਕਰ ਗਏ, ਸੋਚਣ ਤੇ ਮਜ਼ਬੂਰ।

ਕਰਨ ਹਕੂਮਤ ਵਾਲੜੀ, ਉੱਕਾ ਨਾ ਪ੍ਰਵਾਹ।

ਕਰਦੇ ਹੁਕਮ ਅਦੂਲੀਆਂ, ਲਾ ਕੇ ਸਾਰੀ ਵਾਹ।

ਭਾਵੇਂ ਅੰਦਰ ਸੁਲਘਦੀ, ਮੁੱਢੋਂ ਅੱਗ ਵਿਸ਼ੇਸ਼।

ਏਥੋਂ ਲੰਮੇ ਵੈਰ ਦਾ, ਹੋਇਆ ਸ੍ਰੀ ਗਣੇਸ਼।

ਅੰਮ੍ਰਿਤ ਬਾਣੀ ਨਾਮ ਦੀ, ਤੁਰੇ ਚਲਾਉਂਦੇ ਕਾਰ।



Sri Satguru Jagjit Singh Ji eLibrary NamdhariElibrary@gmail.com

ਏਥੋਂ ਭੈਣੀ ਸਾਹਿਬ ਨੂੰ, ਲੀਤੀ ਮੋੜ ਮੁਹਾਰ।



Sri Satguru Jagjit Singh Ji eLibrary NamdhariElibrary@gmail.com

## ਕਾਂਡ – ੮

## ਅੰਮ੍ਰਿਤਸਰ ਦੀ ਦੀਪਮਾਲਾ,

## ਮਾਝੇ ਦਾ ਦੌਰਾ ਤੇ ਅੰਮ੍ਰਿਤਸਰ ਦੀ ਵੈਸਾਖੀ

ਸੌ ਅਠਾਰਾਂ ਬਾਹਠ ਦਾ, ਜਾਣ ਈਸਵੀ ਸਾਲ।

ਉਨੀ ਹੈ ਸੀ ਬਿਕਰਮੀ, ਉਨੀ ਸੌ ਦੇ ਨਾਲ।

ਆਇਆ ਜਾਣ ਦੀਪਮਾਲਾ, ਦਾ ਨੇੜੇ ਤਿਉਹਾਰ।

ਆਖਣ ਪਹੁੰਚਣ ਸੰਗਤਾਂ, ਅੰਮ੍ਰਿਤਸਰ ਵਿਚਕਾਰ।

ਅੰਮ੍ਰਿਤਸਰ ਦੀ ਦੀਪਮਾਲਾ, ਕਹਿਣ ਬੜੀ ਮਸ਼ਹੂਰ।

ਆਵਣ ਹੁੰਮ ਹੁਮਾ ਕੇ, ਲੋਕੀਂ ਚੱਲ ਜ਼ਰੂਰ।

'ਦਾਲ ਰੋਟੀ ਘਰ ਦੀ', ਬਣੀ ਕਹਾਵਤ ਥੋਕ।

'ਦੀਵਾਲੀ ਅੰਬਰਸਰ ਦੀ', ਕਹਿਣ ਸਿਆਣੇ ਲੋਕ।

ਏਥੇ ਕੁੰਭੀ ਵਾਂਗਰਾਂ, ਹੋਵੇ ਬੜਾ ਇਕੱਠ।

ਖਿੱਚੇ ਖਿੱਚ ਪ੍ਰੇਮ ਦੀ, ਲੋਕੀਂ ਆਵਣ ਨੱਠ।

ਸੁਧਾ ਸਰੋਵਰ ਵਿੱਚ ਆ, ਕਰਨ ਲੋਕ ਇਸ਼ਨਾਨ।

ਸੁਣਦੇ ਗੁਰ ਇਤਿਹਾਸ ਨੂੰ, ਲੱਗਣ ਬਹੁਤ ਦੀਵਾਨ।

ਜਗਮਗਾਉਂਦਾ ਰੌਸ਼ਨੀ, ਨਾਲ ਹਰੀ ਦਾ ਥਾਨ।

ਸਾਰੇ ਜੱਗ ਤੋਂ ਵੱਖਰੀ, ਅੰਮ੍ਰਿਤਸਰ ਦੀ ਸ਼ਾਨ।



Sri Satguru Jagjit Singh Ji eLibrary NamdhariElibrary@gmail.com

ਘਰ ਸਿਫ਼ਤੀ ਦਾ ਆਖਦੇ, ਇਹਨੂੰ ਸਾਰੇ ਲੋਕ।

ਹੈ ਇਹ ਧਰਤੀ ਧਰਮ ਦੀ, ਬਖਸ਼ੇ ਸਤ ਸੰਤੋਖ।

ਰਾਮ ਦਾਸ ਗੁਰ ਸਾਜਿਆ, ਤੀਰਥ ਬੜਾ ਅਮੋਲ।

ਦਿਸੇ ਨਜ਼ਾਰਾ ਸੁਰਗ ਦਾ, ਆਇਆਂ ਇਹਦੇ ਕੋਲ।

ਸਾਜਗਾਰ ਪ੍ਰਚਾਰ ਦਾ, ਏਥੇ ਜਾਣ ਮਹੱਲ।

ਆਖਣ ਵਕਤ ਸੰਭਾਲੀਏ, ਕਦੇ ਨਾ ਕਰੀਏ ਘੌਲ।

ਹੁਕਮ ਸੁਣਾਇਆ ਸਭਸ ਨੂੰ, ਚੱਲੋ ਅੰਮ੍ਰਿਤਸਰ।

ਦਰਸ਼ਨ ਪਰਸੋ ਸੁਖ ਲਵੋ, ਹੈ ਸਿਫ਼ਤੀ ਦਾ ਘਰ।

ਹੋਏ ਸ਼ੁਰੂ ਦੁਆਬਿਓਂ, ਪਿੰਡ ਮੁਠੱਡੇ ਮਾਨ।

ਲਾਇਆ ਧਰਮਸਾਲ ਦੇ, ਅੰਦਰ ਆਣ ਦੀਵਾਨ।

ਆਏ ਚਾਰ ਚੁਫੇਰਿਓਂ, ਲੋਕੀਂ ਘੱਤ ਵਹੀਰ।

ਵੇਖੋ ਅੰਦਰ ਪਲਾਂ ਦੇ, ਬਦਲ ਗਈ ਤਸਵੀਰ।

ਗੁਰਬਾਣੀ ਦਾ ਚਾਨਣਾ, ਕਰਦਾ ਸੋਨ ਸਵੇਰ।

ਚਹੁੰ ਪਿੰਡਾਂ ਦੇ ਲੋਕ ਸਭ, ਕੀਲੇ ਇੱਕੋ ਵੇਰ।

ਚੱਕ ਧੁਲੇਤਾ ਰੁੜਕਾ, ਪਿੰਡ ਮੁਠੱਡਾ ਹੋਰ।

ਸਾਰੇ ਕੂਕੇ ਹੋ ਗਏ, ਕੱਢ ਦਿਲਾਂ ’ਚੋਂ ਚੋਰ।

ਇਹਨਾਂ ਤਾਈਂ ਤਾਰ ਕੇ, ਗਏ ਬਿਆਸਾ ਪਾਰ।

ਪਹੁੰਚੇ ਮੰਜ਼ਲ ਮਾਰਦੇ, ਅੰਮ੍ਰਿਤਸਰ ਵਿਚਕਾਰ।



Sri Satguru Jagjit Singh Ji eLibrary NamdhariElibrary@gmail.com

ਕੂਕੇ ਵਿੱਚ ਦੀਵਾਨ ਦੇ, ਉੱਚੀ ਮਾਰਨ ਕੂਕ।

ਸੁਣਦੀ ਜਿੱਥੋਂ ਤੀਕ ਵੀ, ਦਏ ਬੁਰਾਈਆਂ ਫੂਕ।

ਮਸਤੀ ਵਿੱਚ ਮਸਤਨਾੜੇ, ਰੰਗੇ ਰੱਬੀ ਰੰਗ।

ਢੋਲਕ ਛੈਣੇ ਵੱਜਦੇ, ਮਾਰਨ ਦਿਲੀਂ ਖਤੰਗ।

ਹੋਇਆ ਪ੍ਰਗਟ ਗੁਰੂ ਹੈ, ਚਰਚਾ ਹੋਈ ਚੁਫੇਰ।

ਚਾਨਣ ਦਏ ਗਿਆਨ ਦਾ, ਕਰਦਾ ਦੂਰ ਹਨੇਰ।

ਆਈ ਲੋਕਾਈ ਦੌੜਦੀ, ਵੇਖ ਅਨੋਖਾ ਢੰਗ।

ਜਿੱਦਾਂ ਉੱਡ ਉੱਡ ਸ਼ਮਾਂ ਤੇ, ਆਵਣ ਪਏ ਪਤੰਗ।

ਆਣ ਵਾਂਗ ਪ੍ਰਵਾਨਿਆਂ, ਏਥੋਂ ਦੇ ਹੋ ਜਾਣ।

ਭੁੱਲਣ ਵਾਪਸ ਪਰਤਣਾ, ਚੜ੍ਹੇ ਅਵੱਲੀ ਪਾਣ।

ਵਿੱਚ ਫ਼ਿਜ਼ਾਵਾਂ ਖਿੱਲਰੀ, ਕਸਤੂਰੀ ਜਿਉਂ ਬਾਸ।

ਐਪਰ ਮਾਇਆ ਲੋਭੀਆਂ, ਨੂੰ ਨਾ ਆਈ ਰਾਸ।

ਵੇਖ ਪੁਜਾਰੀ ਚੜ੍ਹਤ ਨੂੰ, ਭਰੇ ਈਰਖਾ ਨਾਲ।

ਸੰਤ ਮਹੰਤ ਹੋਰ ਵੀ, ਕੀਤੇ ਫ਼ਿਕਰ ਹਲਾਲ।

ਲੋਕਾਂ ਅੰਦਰ ਘਟ ਗਿਆ, ਉਹਨਾਂ ਦਾ ਪ੍ਰਭਾਵ।

ਚੱਕਰ ਚੜ੍ਹੇ ਮਲਾਹ ਨੂੰ, ਡੋਲਣ ਲੱਗੀ ਨਾਵ।

ਉਹਨਾਂ ਚੜ੍ਹਦਾ ਵੇਖਿਆ, ਹੋਰਥ ਬੇੜੇ ਪੂਰ।

ਵਿੱਚ ਈਰਖਾ ਮੱਚ ਕੇ, ਹੋਏ ਮਨੋ ਮਨੂਰ।



Sri Satguru Jagjit Singh Ji eLibrary NamdhariElibrary@gmail.com

ਉਹਨਾਂ ਅੰਦਰ ਨਹੀਂ ਸੀ, ਸਤਿਗੁਰ ਜਿਹਾ ਗਿਆਨ।
ਐਪਰ ਹੁੰਦੀ ਹਾਰ ਵੀ, ਕਿਵੇਂ ਕਰਨ ਪ੍ਰਵਾਨ।
ਉਹਨਾਂ ਡਿੱਠਾ ਆਖਰੀ, ਇੱਕੋ ਇੱਕ ਹਥਿਆਰ।
ਨਾਲ ਗੁਰਾਂ ਦੇ ਆਣਕੇ, ਕਰਨ ਪਏ ਤਕਰਾਰ।
ਟੁੱਟਣ ਲੱਗੇ ਲੋਕ ਜਾਂ, ਮੰਦਾ ਪਿਆ ਵਕਾਰ।
ਲੋਕ ਮਨਾਂ ਚੋਂ ਘਟ ਗਿਆ, ਉਹਨਾਂ ਦਾ ਸਤਿਕਾਰ।
ਚੀਨੀ ਵਾਲੇ ਸਾਹਮਣੇ, ਦੀਪਕ ਹੋ ਨਿਸਤੇਜ।
ਬੈਠੇ ਨੂਰ ਗਵਾ ਕੇ, ਭੰਬਟ ਕਰਨ ਗੁਰੇਜ਼।
ਵਾਂਗ ਅਵਾਰਾ ਬੱਕਰੇ, ਚੁੱਕੀ ਫਿਰਦੇ ਧੌਣ।
ਵਿਹਲੜ ਚਰਨ ਅੰਗੂਰੀਆਂ, ਅੱਗੋਂ ਸਿੰਗ ਫਸਾਉਣ।
ਐਪਰ ਗਿਆਨ ਬਿਬੇਕ ਦਾ, ਮੋਟਾ ਡੰਡਾ ਮਾਰ।
ਭੋਰ ਦੇਣ ਸਿੰਗ ਓਸ ਦੇ, ਤੋੜ ਦੇਣ ਹੰਕਾਰ।
ਰੱਬੀ ਰਾਹਬਰ ਆਣ ਜਾਂ, ਰਸਤੇ ਨਵੇਂ ਬਣਾਉਣ।
ਅੜਦੇ ਝਾੜ ਝੰਖਾੜ ਤੋਂ, ਜਰਾ ਨਹੀਂ ਘਬਰਾਉਣ।
ਕੰਡੇ ਕੱਖ ਲਤਾੜਨਾ, ਉਹਨਾਂ ਦਾ ਹੈ ਸ਼ੌਕ।
ਫੁੱਲ ਖਿੜਵਣ ਉਪਵਨਾ, ਲੰਘ ਅਵੱਲੀ ਰੋਕ।
ਐਪਰ ਕੀ ਪ੍ਰਵਾਹ ਹੈ, ਮੰਦੇ ਵੇਖ ਵਿਹਾਰ।
ਸੱਤਾ ਧਾਰੀ ਖ਼ੌਫ਼ ਦੇਣ, ਲੋਕ ਦੇਣ ਸਤਿਕਾਰ।


. Sri Satguru Jagjit Singh Ji eLibrary NamdhariElibrary@gmail.com .

ਕਾਰ ਪਿਆਰੀ ਜਿਨ੍ਹਾਂ ਨੂੰ, ਉਹ ਨਾ ਵੇਖਣ ਦੰਮ।
ਮਰਦਾ ਅਤੇ ਘੋੜਿਆਂ, ਪੈਣ ਅਵੱਲੇ ਕੰਮ।
ਓਥੇ ਧਾਂਕ ਜਮਾ ਕੇ, ਦੇ ਉਪਦੇਸ਼ ਗਿਆਨ।
ਵਾਪਸ ਪਰਤੇ ਓਧਰੋਂ, ਅੱਗੇ ਤੋਰ ਧਿਆਨ।

**ਮਾਝੇ ਦਾ ਦੌਰਾ**

ਦੌਰਾ ਮੱਝੇ ਵੱਲ ਦਾ, ਸ਼ੁਰੂ ਕਰਾਇਆ ਫੇਰ।
ਤੁਰੇ ਲੋਕਾਈ ਸੋਧਣੇ, ਜਰਾ ਨਾ ਲਾਵਣ ਦੇਰ।
ਫੱਤੇਵਾਲ, ਗ੍ਰੰਥਗੜ੍ਹ ,ਅਤੇ ਗੁਰੂ ਕਾ ਬਾਗ।
ਭੂਰੇ ਗਿੱਲ ਸਹੰਸਰਾਂ, ਵਾਲੇ ਖੋਹਲੇ ਭਾਗ।
ਭੋਨੇ ਵਾਲੀ ਜਾ ਕੇ, ਕਰਨ ਪਏ ਪ੍ਰਚਾਰ।
ਕਰਨ ਮਨੁੱਖੋਂ ਦੇਵਤੇ, ਦੇਵਣ ਜੂਨ ਸਵਾਰ।
ਪਿੰਡ ਗ੍ਰੰਥਗੜ੍ਹ ਦਾ, ਸ਼ੇਰ ਸਿੰਘ ਸਰਦਾਰ।
ਘੋੜੀ ਭੇਟ ਚੜ੍ਹਾ ਕੇ, ਲੀਤੀ ਖੁਸ਼ੀ ਅਪਾਰ।
ਏਥੋਂ ਪਹੁੰਚੇ ਕੱਕੜੀਂ, ਲੰਘ ਨਦੀ ਦਾ ਘਾਟ।
ਤੁਰੇ ਵਜ਼ੀਰਾਬਾਦ ਨੂੰ, ਓਥੋਂ ਅਗਲੀ ਵਾਟ।
ਜਾ ਨਨਕਾਣੇ ਅੱਪੜੇ, ਕੀਤੇ ਦਰਸ਼ ਦੀਦਾਰ।
ਏਥੇ ਮੱਥਾ ਟੇਕ ਕੇ, ਅੱਗੇ ਤੁਰੇ ਵੀਚਾਰ।


Sri Satguru Jagjit Singh Ji eLibrary NamdhariElibrary@gmail.com

ਹੋ ਵਜ਼ੀਰਾਬਾਦ ਤੋਂ, ਗਏ ਸਿਆਲਕੋਟ।

ਐਪਰ ਜਾਂਦੇ ਕੱਢਦੇ, ਨਾਲ ਸਮਾਜੋਂ ਖੋਟ।

ਫਿਰ ਪ੍ਰਚਾਰ ਅਰੰਭਿਆ, ਵਿੱਚ ਦੜਪ ਦੇ ਜਾ।

ਸੋਧਣ ਲੱਗੇ ਧਰਤ ਨੂੰ, ਅੰਮ੍ਰਿਤ ਬਾਣੀ ਪਾ।

ਏਥੇ ਮਿਰਜ਼ੇ ਵਾਲੀਏ, ਨਾਮੋ ਸਿੰਘ ਜਵਾਹਰ।

ਗੁਰਮੰਤਰ ਅਪਨਾ ਕੇ, ਆਏ ਅੰਦਰ ਕਾਰ।

ਫੇਰ ਚਵਿੰਡੇ ਜਾ ਕੇ, ਲੱਗੇ ਨਾਮ ਫੈਲਾਉਣ।

ਕੇਸਰ ਸਿੰਘ ਸਰਦਾਰ ਨੂੰ, ਜਾ ਕੇ ਸੰਤ ਬਣਾਉਣ।

ਏਦਾਂ ਦੁਨੀਆਂ ਤਾਰਦੇ, ਪਹੁੰਚੇ ਨਾਰੋਵਾਲ।

ਕੂਕੇ ਕੀਤੇ ਏਸ ਥਾਂ, ਬਹੁਤੇ ਨਜ਼ਰਾਂ ਨਾਲ।

ਛੋਟੇ ਚੰਦੋਵਾਲ ਦਾ, ਫੂਲਾ ਸਿੰਘ ਸਰਦਾਰ।

ਤੇਜਾ ਸਿੰਘ ਸਰਦਾਰ ਦਾ, ਦਾਦਾ ਲਵੋ ਵੀਚਾਰ।

ਮਾਰੀ ਉਹਦੇ ਕੰਨ ਵਿੱਚ, ਚੀਨੀ ਵਾਲੇ ਫੂਕ।

ਕੀਤੀ ਰੌਸ਼ਨ ਆਤਮਾ, ਭਰਮ ਭੁਲੇਖੇ ਫੂਕ।

ਪੜਦਾਦਾ ਸੀ ਅਸਾਂ ਦਾ, ਫਤਹਿ ਸਿੰਘ ਸਰਦਾਰ।

ਭਾਈ ਫੂਲਾ ਸਿੰਘ ਦਾ, ਸੱਕਾ ਉਹ ਸਚਿਆਰ।

ਨੱਕੜ ਦਾਦਾ ਅਸਾਂ ਦਾ, ਹੈ ਸੀ ਹੀਰਾ ਸਿੰਘ।

ਇਸ ਤੋਂ ਪਹਿਲੇ ਗੁੰਮ ਗਏ, ਰਿਸ਼ਤੇ ਦੇ ਵਲਵਿੰਗ।



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆ ਹੋ ਗਿਆ, ਫਿਰ ਸਾਰਾ ਪ੍ਰੀਵਾਰ।

ਛੋਟੇ ਚੰਦੋਵਾਲ ਦਾ, ਬਾਲ ਬਿਰਧ ਨਰ ਨਾਰ।

ਏਥੇ ਵੱਸਣ ਬਾਜਵੇ, ਆਖਣ ਬਾਈ ਪਿੰਡ।

ਪਲਟਾ ਵੱਜਾ ਸਮੇਂ ਦਾ, ਗਏ ਚੁਫ਼ੇਰੇ ਖਿੰਡ।

ਸਤਿਗੁਰੂ ਪ੍ਰਤਾਪ ਸਿੰਘ, ਕਰਦੇ ਬਚਨ ਅਮੋਲ।

ਕੂਕੇ ਜਿਹੜੇ ਦੜਪ ਦੇ, ਦੱਸਣ ਹਾਲ ਫਰੋਲ।

ਕੂਕਾ ਬਾਰਾਂ ਸਾਲ ਦਾ, ਬਣਿਆ ਹੋਵੇ ਹੋਰ।

ਏਥੋਂ ਦਾ ਇੱਕ ਦਿਵਸ ਦਾ, ਤੁਰਦਾ ਵੈਸੀ ਤੋਰ।

ਖੋਲ੍ਹੀ ਏਥੇ ਆਖਦੇ ਆ, ਸਿੱਖੀ ਦੀ ਪੰਡ।

ਜਿਸ ਦੀ ਗੂਹੜ ਮਿਠਾਸ ਤੋਂ, ਫਿੱਕੀ ਪੈਂਦੀ ਖੰਡ।

ਪਹੁੰਚੇ ਗਿੱਲੀਂ ਜਾ ਕੇ, ਸਿੰਘ ਜਮੀਅਤ ਕੋਲ।

ਛੇਤੀ ਹਜਰੋਂ ਪਹੁੰਚਣਾ, ਆਖਣ ਤੁਰੋ ਅਡੋਲ।

ਨਾਲ ਜਮੀਅਤ ਸਿੰਘ ਲੈ, ਕੁਝ ਸਿੱਖ ਸੇਵਕ ਹੋਰ।

ਰਾਵਲਪਿੰਡੀ ਵੱਲ ਨੂੰ, ਤੁਰੇ ਤਿਖੇਰੀ ਤੋਰ।

ਪਹੁੰਚੇ ਆਣ ਝਨਾਂ ਤੇ, ਹੋ ਬੇੜੀ ਅਸਵਾਰ।

ਲੰਘਣ ਲੱਗੇ ਗਏ ਜਾਂ, ਧਾਰਾ ਦੇ ਵਿਚਕਾਰ।

ਵੇਖੀ ਉਹਨਾਂ ਆਂਵਦੀ, ਅੱਗੋਂ ਬੇੜੀ ਹੋਰ।

ਆਖਣ ਵੇਖ ਮਲਾਹ ਨੂੰ, ਮੱਠੀ ਕਰ ਕੁਝ ਤੋਰ।

ਸੰਗਤ ਹਜਰੋ ਸਾਹਿਬ ਦੀ, ਡਿੱਠੀ ਬੇੜੀ ਵਿੱਚ।

ਕੈਸਾ ਮਿਲਿਆ ਮੇਲ ਇਹ, ਕੈਸੀ ਅੰਦਰ ਖਿੱਚ।

ਉਹ ਬਾਲਕ ਸਿੰਘ ਗੁਰ ਦੀਆਂ, ਲਈ ਅਸਥੀਆਂ ਆਉਣ।

ਚੱਲੇ ਮੰਨਾ ਸਿੰਘ ਜੀ, ਹਰੀਦੁਆਰੇ ਪਾਉਣ।

ਡਿੱਠਾ ਮੰਨਾ ਸਿੰਘ ਜਾਂ, ਗੁਰ ਬਾਲਕ ਦਾ ਵੀਰ।

ਛਿੜਿਆ ਰਾਗ ਵੈਰਾਗ ਆ, ਨੈਣੀਂ ਭਰਿਆ ਨੀਰ।

ਓਥੇ ਅੰਦਰ ਨਦੀ ਦੇ, ਹੋਇਆ ਮੇਲ ਮਿਲਾਪ।

ਅੱਗੇ ਜਾਣਾ ਟਾਲਿਆ, ਵਾਪਸ ਪਰਤੇ ਆਪ।

ਵਾਪਸ ਗਿੱਲੀਂ ਆ ਗਏ, ਗਿੱਲ ਜਮੀਅਤ ਪਾਸ।

ਵਿਦਾ ਕਰਾਈਆਂ ਅਸਥੀਆਂ, ਏਥੋਂ ਦੇ ਧਰਵਾਸ।

ਤੀਕਰ ਅੰਮ੍ਰਿਤਸਰ ਦੇ, ਸਿੱਖ ਭੇਜੇ ਕੁਝ ਨਾਲ।

ਚਿੱਠੀ ਦਿੱਤੀ ਨਾਲ ਸੀ, ਲਿਖ ਕੇ ਸਾਰਾ ਹਾਲ।

ਏਥੋਂ ਚੱਲੇ ਆਪ ਜੀ, ਫਿਰ ਕਰਦੇ ਪ੍ਰਚਾਰ।

ਹੱਥੀਂ ਆਪ ਛਕਾਂਵਦੇ, ਅੰਮ੍ਰਿਤ ਖੰਡੇ ਧਾਰ।

ਬਾਣੀ ਦੇ ਸੰਗ ਜੋੜਦੇ, ਕੰਨੀ ਫੂਕਣ ਨਾਮ।

ਕੀਤੇ ਨਾਮਧਾਰੀਏ, ਏਥੇ ਲੋਕ ਤਮਾਮ।

ਵਿੱਚ ਸਿਆਲਕੋਟ ਦੇ, ਉੱਗ੍ਰ ਚੱਕ ਪਸਰੂਰ।

ਏਥੇ ਨਾਮਧਾਰੀਏ, ਸਾਜੇ ਬੜੇ ਹਜ਼ੂਰ।

ਵੇਖ ਹਜੂਮ ਉਮਡਿਆ, ਓਥੇ ਬੇ-ਸ਼ੁਮਾਰ।

ਅਨੁਸ਼ਾਸਨ ਨੂੰ ਵੇਖ ਕੇ, ਡੋਲ ਗਈ ਸਰਕਾਰ।

ਲੱਗੇ ਉਪਰ ਕੂਕਿਆਂ, ਰੱਖਣ ਟੇਢੀ ਅੱਖ।

ਗੁਪਤ ਕਰਨ ਨਿਗਰਾਨੀਆਂ, ਹਿੱਲੇ ਵੀ ਨਾ ਕੱਖ।

ਡੀ. ਸੀ. ਮਿਸਟਰ ਮੈਕਨਬ, ਵਿੱਚ ਸਿਆਲਕੋਟ।

ਉਨੀ ਸੌ ਤ੍ਰੇਹਟ ਨੂੰ, ਕੀਤੀ ਓਸ ਰੀਪੋਰਟ।

ਲੁਧਿਆਣੇ ਦਾ ਆਦਮੀ, ਉਮਰੋਂ ਅਧਖੜ ਸਿੱਖ।

ਮੈਨੂੰ ਜਾਪੇ ਓਸ ਦੀ, ਵਾਂਗ ਰਾਜਿਆ ਦਿੱਖ।

ਵੇਖਣ ਨੂੰ ਉਹ ਧਾਰਮਿਕ, ਕਰਦਾ ਏ ਪ੍ਰਚਾਰ।

ਐਪਰ ਅੰਦਰੋਂ ਰਾਜਸੀ, ਤਾਕਤ ਰਿਹੈ ਉਭਾਰ।

ਪੈਰੋਕਾਰ ਓਸ ਦੇ, ਆਖੇ ਪੰਜ ਹਜ਼ਾਰ।

ਹੁਕਮ ਨਾ ਮੰਨਣ ਹਾਕਮਾ, ਹੋ ਬਾਗੀ ਸਰਕਾਰ।

ਇਹ ਰੀਪੋਰਟ ਵਾਚ ਕੇ, ਰਹੀ ਹਕੂਮਤ ਸੋਚ।

ਤਹਿਆਂ ਹੋਰ ਫਰੋਲੀਏ, ਧੀਰਜ ਨਾਲ ਖਰੋਚ।

ਵਿੱਚ ਸਿਆਲਕੋਟ ਦੇ, ਜੇਕਰ ਪੰਜ ਹਜ਼ਾਰ।

ਕਿੰਨੇ ਵਿੱਚ ਪੰਜਾਬ ਦੇ, ਹੋਵਣ ਕਰੋ ਵੀਚਾਰ।

ਹੁਕਮ ਭੇਜ ਹਰ ਜ਼ਿਲ੍ਹੇ ਵਿੱਚ, ਉਸ ਨੇ ਨਾਲ ਉਚੇਚ।

ਰੱਖ ਨਿਗਰਾਨੀ ਆਖਿਆ, ਖੋਹਲੋ ਸਾਰੇ ਪੇਚ।

ਸੂਹੀਏ ਥਾਂ ਥਾਂ ਖਿੱਲਰੇ, ਬੁਣਿਆ ਮੱਕੜ ਜਾਲ।

ਲੱਗੇ ਸਾਡੇ ਆਪਣੇ, ਭੇਦ ਦੇਣ ਤਤਕਾਲ।

ਝੂਠੋ ਝੂਠ ਬਿਆਨਦੇ, ਨਾਲ ਮਸਾਲੇ ਲਾ।

ਫ਼ਫ਼ਾਦਾਰ ਅੰਗ੍ਰੇਜ਼ ਦੇ, ਬਹੁਤ ਬਣਨ ਦਾ ਚਾਅ।

ਵੇਖੋ ਕੁੱਤੇ ਵਾਂਗਰਾਂ ਜਾ, ਜਾ ਪੂਛ ਹਿਲਾਉਣ।

ਲਾਉਣ ਮੁਆਤੇ ਚੁਗਲੀਆਂ, ਟੁੱਕੜਬੋਚ ਕਹਾਉਣ।

ਕੇਵਲ ਹੁੰਦਾ ਗੀਦੀਆਂ, ਮਾਇਆ ਨਾਲ ਪਿਆਰ।

ਲੋਚਣ ਸੁਖ ਜਹਾਨ ਦੇ, ਕਣੀ ਅਣਖ ਦੀ ਮਾਰ।

ਵਿਕਣੋਂ ਜੇਕਰ ਆਪਣੇ, ਕਰਦੇ ਜਰਾ ਗੁਰੇਜ਼।

ਰਾਜ ਨਾ ਕਰਦੇ ਹਿੰਦ ਤੇ, ਗਿਣਤੀ ਦੇ ਅੰਗ੍ਰੇਜ਼।

ਦੇਸ਼ ਕੌਮ ਤੋਂ ਚੰਗੀਆਂ, ਪੂਛਾਂ ਸਮਝ ਲਵਾਉਣ।

ਜੀ ਹਜ਼ੂਰੀ ਗ਼ੈਰ ਦੀ, ਹਮਸਾਏ ਮਰਵਾਉਣ।

ਚੀਨੀ ਵਾਲੇ ਆਖਿਆ, ਕਿਉਂ ਹੋਈਏ ਮੋਹਤਾਜ।

ਸਾਨੂੰ ਤਾਂ ਹੈ ਚਾਹੀਦਾ, ਅਪਣਿਆਂ ਦਾ ਰਾਜ।

---o---

ਫੇਰ ਵਜੀਰਾਬਾਦ ਹੋ, ਮਾਨਾਂ ਵਾਲੇ ਜਾਣ।

ਅੰਦਰ ਸ਼ੇਖੂਪੁਰੇ ਦੇ, ਨਾਮ ਦਾਨ ਵਰਤਾਣ।



Sri Satguru Jagjit Singh Ji eLibrary NamdhariElibrary@gmail.com

ਝੂਠੇ ਨਸ਼ੇ  ਜਹਾਨ ਦੇ, ਆਖਣ ਦੇਵੋ ਛੱਡ।

ਕੁੱਲ ਬੁਰਾਈਆਂ ਵਾਲੜੀ, ਖਾਲੀ ਕਰ ਦਿਓ ਗੱਡ।

ਪੋਸਤ ਭੰਗ ਅਫੀਮ ਤੇ, ਹੁੱਕਾ ਮਾਸ ਸ਼ਰਾਬ।

ਚੋਰੀ ਯਾਰੀ ਛੱਡ ਕੇ, ਪੀਓ ਹਯਾਤੀ ਆਬ।

ਨੌਸ਼ਹਿਰਾ ਸ਼ਾਹਬਾਜਪੁਰ, ਜਾ ਕੀਤਾ ਪ੍ਰਚਾਰ।

ਗੁਜਰਾਂਵਾਲੇ ਜ਼ਿਲ੍ਹੇ ਦਾ, ਕੀਤਾ ਨਾਲ ਉਧਾਰ।

ਫਿਲੋਕੀ ਤੇ ਵਰਨ, ਵਿਰਕ, ਕਿਲਾ ਮੁਰਾਦਾਬਾਦ।

ਹੋਏ ਨਾਮਧਾਰੀਏ, ਸਾਰੇ ਛੱਡ ਬਖਾਧ।

ਇਹ ਇਲਾਕਾ ਹੈ ਸੀ, ਚੋਰੀ ਲਈ ਮਸ਼ਹੂਰ।

ਡੰਗਰ ਮਾਲ ਚੁਰਾਉਣ ਦਾ, ਸੀ ਭੈੜਾ ਦਸਤੂਰ।

ਇਹਨਾਂ ਛੱਡ ਕੇ ਚੋਰੀਆਂ, ਮਾਲਾ ਪਕੜੀ ਹੱਥ।

ਛੱਡ ਵਿਕਾਰ ਦਾਨਵੀ, ਸੰਤ ਹੋਏ ਸਮਰੱਥ।

---o---

ਏਥੋਂ ਅੱਗੇ ਚੱਲ ਕੇ, ਪਹੁੰਚੇ ਵਿੱਚ ਲਹੌਰ।

ਸੰਗਤ ਆਵੇ ਉੱਡਦੀ, ਜਿਉਂ ਫੁੱਲਾਂ ਤੇ ਭੌਰ।

ਖੁਦਪੁਰ, ਮਾਂਗਾ, ਰਾਇਵਿੰਡ, ਪਾਜੀ, ਰਾਜਾ ਜੰਗ।

ਕੂਕੇ ਬਣ ਬਣ ਕੂਕਦੇ, ਦਿਲ ਵਿੱਚ ਨਵੀਂ ਉਮੰਗ।



Sri Satguru Jagjit Singh Ji eLibrary NamdhariElibrary@gmail.com

ਜੀਆ ਬੱਗਾ, ਡਫਰਕੇ, ਟਿੱਬਾ ਕੰਗਣਪੁਰ।

ਸਭਨਾਂ ਸਤਿਗੁਰ ਨਾਲ ਸੀ, ਆਣ ਮਿਲਾਈ ਸੁਰ।

ਪਿੰਡ ਸਹਾਰੀ, ਪ੍ਰੇਮ ਨਗਰ, ਲਾਖੂ ਤੇ ਮਘਿਆਣ।

ਬਣਦੇ ਜਾਵਣ ਦੇਵਤੇ, ਛੱਡ ਅਸੁਰੀ ਬਾਣ।

ਪਰਤੇ ਅੰਮ੍ਰਿਤਸਰ ਨੂੰ, ਨਾਲ ਅਨੋਖੀ ਸ਼ਾਨ।

ਏਥੋਂ ਤੁਰੇ ਫਲੌਰ ਨੂੰ, ਕਰਨ ਲਈ ਕਲਿਆਣ।

ਰੁੜਕੇ ਥਾਣੀ ਹੋ ਕੇ, ਪਹੁੰਚੇ ਭੈਣੀ ਆਣ।



Sri Satguru Jagjit Singh Ji eLibrary NamdhariElibrary@gmail.com

## ਕਾਂਡ - ੯

## ਘਰ ਘਰ ਰਾਮ ਸਿੰਘ

ਨਾਮਧਾਰੀਏ ਹੋ ਕੇ, ਹੋਏ ਲੋਕ ਵਿਸ਼ੇਸ਼।

ਗੁਰ ਮਰਿਆਦਾ ਸਤਜੁਗੀ, ਕੱਟੇ ਕੁੱਲ ਕਲੇਸ਼।

ਸਤਿਗੁਰ ਜੀ ਨੇ ਸਾਜਿਆ, ਐਸਾ ਨਾਮ ਜਹਾਜ਼।

ਲੋਕੀਂ ਨੱਸੇ ਆਂਵਦੇ, ਵਧਦਾ ਗਿਆ ਮੁਹਾਜ।

ਸੁੱਖ ਦੀ ਨੀਂਦ ਵਿਸਾਰ ਕੇ, ਕਰਨ ਪਏ ਪ੍ਰਚਾਰ।

ਢਾਹ ਢਾਹ ਕੰਧਾਂ ਬੋਦੀਆਂ, ਨਵੀਆਂ ਰਹੇ ਉਸਾਰ।

ਚੂੰਡਣ ਮਾਸ ਸਮਾਜ ਦਾ, ਜਿਹੜੇ ਵਾਂਗਰ ਬਾਜ।

ਆਖਣ ਆਓ ਬਦਲੀਏ, ਭੈੜੇ ਰਸਮ ਰਿਵਾਜ।

ਔਰਤ ਜੁੱਤੀ ਪੈਰ ਦੀ, ਸਮਝਣ ਸਾਰੇ ਲੋਕ।

ਆਖਣ ਭੈੜੀ ਰੀਤ ਨੂੰ, ਲਾ ਦੇਵੋ ਹੁਣ ਰੋਕ।

ਅੱਧਾ ਅੰਗ ਸਮਾਜ ਦਾ, ਹੋਵੇ ਸ਼ਕਤ ਵਿਹੀਣ।

ਤਾਕਤ ਓਸ ਸਮਾਜ ਦੀ, ਰਹੇ ਹਮੇਸ਼ਾ ਖੀਣ।

ਕਦੇ ਤਰੱਕੀ ਕਰੇ ਨਾ, ਹਰ ਦਮ ਰਹੇ ਗ਼ੁਲਾਮ।

ਭਟਕੇ ਹੋਏ ਸਮਾਜ ਵਿੱਚ, ਹੋਏ ਨਾ ਅਮਨ ਅਰਾਮ।

ਅੰਮ੍ਰਿਤ ਆਪ ਛਕਾ ਕੇ, ਮਨ ਕੀਤੇ ਬਲਵਾਨ।



Sri Satguru Jagjit Singh Ji eLibrary NamdhariElibrary@gmail.com

ਔਰਤ ਛੁੱਟੀ ਕੈਦ ’ਚੋਂ, ਹੋਈ ਮਰਦ ਸਮਾਨ।

ਮਰਦ ਲੁਭਾਵਣ ਵਾਸਤੇ, ਨਾਰੀ ਕਰੇ ਸ਼ਿੰਗਾਰ।

ਕਿਉਂ ਕਰ ਹੋਣ ਸਵਾਣੀਆਂ, ਵਾਂਗਰ ਨਾਰ ਛਿਨਾਰ।

ਆਖਣ ਲੱਗੇ ਲਾਹ ਦਿਓ, ਸਭ ਭੜਕੀਲੇ ਵੇਸ।

ਸਾਦਾ ਬਾਣਾ ਗੁਰਮੁਖੀ, ਸੁਥਰਾ ਪਹਿਰੋ ਭੇਸ।

ਪਤੀ ਜਾਣ ਪ੍ਰਮੇਸ਼ਰ, ਬਾਕੀ ਹੋਰ ਵਿਸਾਰ।

ਜਤ ਸਤ ਰੱਖ ਸੁਆਣੀਆਂ, ਸੁਥਰਾ ਕਰਨ ਵਿਹਾਰ।

ਮੜ੍ਹੀ ਮਸਾਣੀ ਛੱਡ ਕੇ, ਧਾਗੇ ਅਤੇ ਤਵੀਤ।

ਦੀਵੇ ਬਾਲ ਮਜ਼ਾਰ ਤੇ, ਕਰਨੀ ਨਹੀਂ ਅਨੀਤ।

ਨੈਣੀ ਸ਼ਰਮ ਹਯਾ ਦਾ, ਸੱਚਾ ਪਰਦਾ ਡਾਰ।

ਇਹ ਵੀ ਫਾਹਾ ਫਾਲਤੂ, ਦੇਵੋ ਘੁੰਡ ਉਤਾਰ।

ਕਥਾ ਕੀਰਤਨ ਨਾਮ ਰਸ, ਬਾਣੀ ਸੁਣੋ ਅਡੋਲ।

ਅੱਖਰ ਸਿੱਖੋ ਗੁਰਮੁਖੀ, ਪੜ੍ਹੋ ਸਾਹਿਤ ਅਨਮੋਲ।

ਰੰਗ ਬਿਰੰਗੇ ਕੱਪੜੇ, ਦੇਵੋ ਕੁੱਲ ਤਿਆਗ।

ਝੂਠੇ ਗਹਿਣੇ ਜਗਤ ਦੇ, ਲਾਹੋ ਨੱਥ ਸੁਹਾਗ।

ਸੁੱਟੋ ਡੰਡੀਆਂ ਵਾਲੀਆਂ, ਵਿੰਨੋ ਮੂਲ ਨਾ ਕੰਨ।

ਸਿੱਧੇ ਸਾਦੇ ਵੇਸ ਵਿੱਚ, ਸਦਾ ਰਹੋ ਪ੍ਰਸੰਨ।

ਲਾਹੋ ਮੈਲ ਪਰਾਂਦੀਆਂ, ਜੂੜਾ ਧਾਰੋ ਸੀਸ।

ਕਰੋ ਕਦੇ ਨਾ ਭੁੱਲ ਕੇ, ਬੁਰਿਆਰਾਂ ਦੀ ਰੀਸ।

ਰੱਖੋ ਕੰਘਾ, ਕੇਸ ਤੇ ਕੱਛ, ਕੜਾ, ਕਿਰਪਾਨ।

ਦਸਮ ਪਿਤਾ ਦੀ ਰਹਿਤ, ਇਹ ਸਾਂਭੋ ਨਾਲ ਧਿਆਨ।

ਹੱਥੀਂ ਪਾਓ ਨਾ ਪਹੁੰਚੀਆਂ, ਤੀਲੀ ਲੌਂਗ ਉਤਾਰ।

ਸੋਨਾ ਚਾਂਦੀ ਕੂੜ ਹੈ, ਕਰਦਾ ਬੜਾ ਖਵਾਰ।

ਭੁੱਲ ਕਦੇ ਨਾ ਪਹਿਨਣਾ, ਨੀਲਾ ਕਾਲਾ ਰੰਗ।

ਬਾਣਾ ਸਮਝ ਮਲੇਛ ਦਾ, ਤੇ ਕਲਜੁਗ ਦਾ ਢੰਗ।

ਕਰਨਾ ਰੋਣਾ ਪਿੱਟਣਾ, ਨਹੀਂ ਸਿਆਪਾ ਮੂਲ।

ਆਉਣਾ ਜਾਣਾ ਸਾਜਿਆ, ਸੱਚੇ ਰੱਬ ਅਸੂਲ।

ਸੇਵਾ ਕਰਨੀ ਪੰਥ ਦੀ, ਰਹਿਣਾ ਸਦਾ ਤਿਆਰ।

ਹੱਥੋਂ ਦੇ ਕੇ ਮੂਲ ਨਾ, ਕਦੇ ਕਰੋ ਹੰਕਾਰ।

ਵਾਂਗ ਗਵਾਰਾਂ ਵਿਚਰਦੀ, ਕਹਿਣ ਵੀਚਾਰੀ ਨਾਰ।

ਦੇਵੀ ਵਾਲਾ ਸਤਿਗੁਰਾਂ, ਦਿੱਤਾ ਰੂਪ ਸਵਾਰ।

ਕਿਉਂ ਨਾ ਕਰੀਏ ਆਖਦੇ, ਨਾਰੀ ਦਾ ਸਤਿਕਾਰ।

ਦੇਵੇ ਜਨਮ ਮਨੁੱਖ ਨੂੰ, ਡਾਢੇ ਦਰਦ ਸਹਾਰ।

ਸਤਿਗੁਰ ਨਾਨਕ ਦੇਵ ਦੀ, ਬਾਣੀ ਦਾ ਫੁਰਮਾਨ।

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਮਾਤਾ ਪਹਿਲਾ ਗੁਰੂ ਹੈ, ਜੋ ਦੇਵੇ ਸੰਦੇਸ਼।



Sri Satguru Jagjit Singh Ji eLibrary NamdhariElibrary@gmail.com

ਸਾਰੀ ਉਮਰ ਨਾ ਭੁੱਲਦਾ, ਦਿੱਤਾ ਸਬਕ ਵਿਸ਼ੇਸ਼।

ਔਰਤ ਹੋਵੇ ਗਿਆਨਵਾਨ, ਸਾਧ ਲਵੇ ਸੰਤਾਨ।

ਕਿਉਂ ਨਾਰੀ ਅਗਿਆਨ, ਵੱਸ ਪੈਦਾ ਕਰੇ ਸ਼ੈਤਾਨ।

ਦੱਬੀ ਕੁਚਲੀ ਆਤਮਾ, ਕਿੱਦਾਂ ਹਰੇ ਹਨੇਰ।

ਕਿਉਂ ਕਰ ਪੈਦਾ ਕਰੇਗੀ, ਦਾਨੀ ਭਗਤ ਦਲੇਰ।

ਏਸ ਜਗਤ ਦੇ ਵਿੱਚ ਨਾ, ਡਿੱਠਾ ਓਦੋਂ ਤੱਕ।

ਨਾਰੀ ਤਾਈਂ ਕਿਤੇ ਵੀ, ਮਰਦ ਬਰਾਬਰ ਹੱਕ।

ਇਹ ਸਤਿਗੁਰੂ ਰਾਮ ਸਿੰਘ, ਦਿੱਤੀ ਨਵੀਂ ਸੌਗਾਤ।

ਆਫ਼ਤਾਬ ਜਿਉਂ ਆਣਕੇ, ਕੱਟੇ ਕਾਲੀ ਰਾਤ।

## ਘਰ ਵਿੱਚ ਨਜ਼ਰਬੰਦੀ

ਖੋਟੇ ਕੀਤੇ ਸਤਿਗੁਰਾਂ, ਕਾਰਜ ਜਦੋਂ ਅਨੰਦ।

ਰੀਤ ਪੁਰਾਣੀ ਵਾਲੜੇ, ਤੋੜੇ ਪੀਡੇ ਤੰਦ।

ਪੰਡਤ ਨਾਲ ਰਲਾ ਕੇ, ਝੋਲੀ ਚੁੱਕ ਗਦਾਰ।

ਉਹ ਖਿਲਾਫ਼ ਕੂਕਿਆਂ, ਲੱਗੇ ਕਰਨ ਵਿਹਾਰ।

ਐਸਾ ਵਕਤ ਮਸ਼ੀਨਰੀ, ਸੀ ਸਰਕਾਰ ਅਧੀਨ।

ਸੁਰ ਸਰਕਾਰੀ ਵਿੱਚ ਸਭ, ਪਏ ਵਜਾਉਂਦੇ ਬੀਨ।



Sri Satguru Jagjit Singh Ji eLibrary NamdhariElibrary@gmail.com

ਲੈਫਟੀਨੈਂਟ ਹੈਮਿਲਟਨ ਨੂੰ, ਝੂਠ ਪੁਲੰਦੇ ਭੇਜ।

ਪਏ ਕੂਕਿਆਂ ਵਾਸਤੇ, ਕਰਦੇ ਛੁਰੀਆਂ ਤੇਜ।

ਜ਼ਿਲ੍ਹੇ ਫ਼ਿਰੋਜਪੁਰ ਤੋਂ, ਹੁਕਮ ਕਰੇ ਸਰਕਾਰ।

ਕੂਕੇ ਕਰ ਨਾ ਸੱਕਦੇ, ਏਥੇ ਆ ਪ੍ਰਚਾਰ।

ਹੋਣ ਇਕੱਠੇ ਮੂਲ ਨਾ, ਨਾ ਦੀਵਾਨ ਸਜਾਉਣ।

ਘਰ ਘਰ ਬੈਠਣ ਆਪਣੇ, ਨਾ ਪਿੰਡਾਂ ਵਿੱਚ ਭੌਣ।

ਥਾਣੇ ਵਿੱਚ ਲੈ ਜਾ ਕੇ, ਇਹ ਸੁਣਾਈ ਬਾਤ।

ਰੋਕ ਦਿਓ ਸਰਗਰਮੀਆਂ, ਮੁੜ ਨਾ ਜੁੜੇ ਜਮਾਤ।

ਥਾਣੋਂ ਥਾਣੀਂ ਆਪ ਨੂੰ, ਭੈਣੀ ਦਿੱਤਾ ਭੇਜ।

ਘਰ ਵਿੱਚ ਰੱਖੋ ਨਜ਼ਰਬੰਦ, ਆਖ ਗਿਆ ਅੰਗ੍ਰੇਜ਼।

ਸਤਵੰਜਾ ਦੇ ਗਦਰ ਦਾ, ਸੱਜਰਾ ਸੱਜਰਾ ਤੀਰ।

ਅਜੇ ਕਲੇਜੇ ਰੜਕਦਾ, ਹੋਇਆ ਫਿਰੇ ਅਧੀਰ।

ਵੇਖੇ ਉਹਨੇ ਜੰਗ ਵਿੱਚ ਵੀ, ਸਿੱਖਾਂ ਦੇ ਹੱਥ।

ਛਲ ਕਪਟ ਨਾ ਵਰਤਦਾ, ਦੇਂਦੇ ਉਹਨੂੰ ਨੱਥ।

ਛੇ ਸਾਲ ਦੇ ਸਮੇਂ ਵਿੱਚ, ਕਰਨੀ ਕਾਇਮ ਮਿਸਾਲ।

ਐਸੀ ਪੱਕੀ ਯੋਜਨਾ, ਜਥੇਬੰਦ ਟਕਸਾਲ।

ਅਣਗੌਲੇ ਜਿਹੇ ਪਿੰਡ ਦੇ, ਕਿਰਤੀ ਦਾ ਫ਼ਰਜ਼ੰਦ।

ਕੇਹਾ ਕ੍ਰਿਸ਼ਮਾ ਕਰ ਗਿਆ, ਸੁਣ ਸੁਣ ਜੁੜਦੇ ਦੰਦ।



Sri Satguru Jagjit Singh Ji eLibrary NamdhariElibrary@gmail.com

ਇੱਕ ਇਸ਼ਾਰਾ ਓਸ ਦਾ, ਪਾ ਕੇ ਵਿੱਚ ਪੰਜਾਬ।

ਛੱਡ ਛੱਡ ਕਾਰਜ ਨੱਸਦੇ, ਲੋਕੀਂ ਆਉਣ ਸ਼ਤਾਬ।

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥"

ਉੱਚੀ ਉੱਚੀ ਕੂਕ ਦੇ, ਆਵਣ ਇਹਦੇ ਪਾਸ।

ਜੜ੍ਹਾਂ ਹਿਲਾਊ ਸਾਡੀਆਂ, ਦਿਸਦੇ ਬੁਰੇ ਆਸਾਰ।

ਉੱਤੋਂ ਬੜ੍ਹਕਾਂ ਮਾਰਦਾ, ਵਿੱਚੋਂ ਬੈਠਾ ਹਾਰ।

## ਰਿਪੋਰਟਾਂ

ਭੈਣੀ ਅੰਦਰ ਨਜ਼ਰਬੰਦ, ਕਰਕੇ ਉਹ ਸਰਕਾਰ।

ਬਾਗੀ ਕਿੰਜ ਐਲਾਨੀਏ, ਢੂੰਡੇ ਪਈ ਅਧਾਰ।

ਸਾਰੇ ਜ਼ਿਲ੍ਹਿਆਂ ਅੰਦਰੋਂ, ਮੰਗੀ ਵੱਖ ਰਿਪੋਰਟ।

ਕੋਈ ਕਹੇ ਧਰਮਾਤਮਾ, ਕੋਈ ਕੱਢੇ ਖੋਟ।

ਮੁਖਬਰ ਗੇਂਦਾ ਸਿੰਘ ਨੇ, ਝੂਠ ਪੁਲੰਦੇ ਜੋੜ।

ਦਿੱਤੇ ਗੀਦੀ ਪੁਣੇ ਦੇ, ਕੁੱਲ ਰਿਕਾਰਡ ਤੋੜ।

ਜੋ ਸਰਕਾਰੀ ਚਾਟੜੇ, ਜੋ ਬਿੱਲੇ ਦੇ ਯਾਰ।

ਕੂਕੇ ਵੈਰੀ ਸਮਝਦੀ, ਸੋਚ ਰਹੇ ਸਰਕਾਰ।

ਨੇਕ ਨਾਮੀਆਂ ਲੈਣ ਲਈ, ਮੌਕਾ ਆਇਆ ਹੱਥ।



. Sri Satguru Jagjit Singh Ji eLibrary NamdhariElibrary@gmail.com .

ਐਰੇ ਗੈਰੇ ਹੋ ਗਏ, ਗੁਪਤਚਰ ਸਮਰੱਥ।

ਉਹਨਾਂ ਰਾਈ ਪਕੜ ਕੇ, ਕੀਤੇ ਖੜ੍ਹੇ ਪਹਾੜ।

ਲਿਖ ਲਿਖ ਨਕਲੀ ਚਿੱਠੀਆਂ, ਲੱਗੇ ਕਰਨ ਵਿਗਾੜ।

ਨੇਕ ਨਾਮੀਆਂ ਵਾਸਤੇ, ਵੇਚਣ ਦੀਨ ਇਮਾਨ।

ਵੇਖ ਜ਼ਮੀਰਾਂ ਵੇਚ ਕੇ, ਕਿਵੇਂ ਲੈਣ ਸਨਮਾਨ।

ਲਾ ਉੱਤੇ ਪਾਬੰਦੀਆਂ, ਖੁਸ਼ ਹੋਈ ਸਰਕਾਰ।

ਸੋਚ ਰਹੇ ਸਨ ਕਰਨਗੇ, ਹੁਣ ਕਿੱਦਾਂ ਪ੍ਰਚਾਰ।

ਐਪਰ ਸਤਿਗੁਰ ਜੀ ਨੇ, ਜ਼ਿੰਮੇਵਾਰੀ ਵੰਡ।

ਨਾਲ ਬੜੀ ਤਰਤੀਬ ਦੇ, ਅਗਨ ਕਰੀ ਪ੍ਰਚੰਡ।

ਕੀਤਾ ਸੰਗਤ ਵਾਸਤੇ, ਜਾਰੀ ਇੱਕ ਫੁਰਮਾਨ।

ਰਹਿਤਨਾਮਾ ਆਖਦੇ ਹੈ, ਅਨਮੋਲ ਗਿਆਨ।

ਸੰਤ ਖਾਲਸੇ ਲਈ ਨੇ, ਦਿੱਤੇ ਦੱਸ ਅਸੂਲ।

ਸੁਘੜ ਸਮਾਜ ਵਾਸਤੇ, ਜੋ ਗੱਲਾਂ ਅਨੁਕੂਲ।

## ਰਹਿਤਨਾਮਾ

ਇੱਕ ਓਂਕਾਰ ਲਿਖ ਕੇ, ਤੇ ਸਤਿਗੁਰ ਪ੍ਰਸਾਦਿ।

ਰਹਿਤਨਾਮਾ ਦੱਸਿਆ, ਕਰੋ ਹਮੇਸ਼ਾ ਯਾਦ।

ਵਾਹਿਗੁਰੂ ਜੀ ਕਾ ਖਾਲਸਾ, ਫਤਹਿ ਕਰੋ ਪ੍ਰਵਾਨ।

ਹੋਰ ਸਮੂਹ ਖਾਲਸਾ, ਭੈਣੀ ਸਾਹਿਬ ਮਕਾਨ।

ਲਿਖਿਆ ਸੰਗਤ ਵਾਸਤੇ, ਇਹ ਸੋਹਣਾ ਸੰਦੇਸ਼।

ਸਦਾ ਲਿਆਉਣਾ ਅਮਲ ਵਿੱਚ, ਇਸ ਨੂੰ ਜਾਣ ਵਿਸ਼ੇਸ਼।

ਪਿਛਲੀ ਰਾਤੇ ਉੱਠ ਕੇ, ਲੈ ਕੇ ਗੜਵਾ ਨਾਲ।

ਦੂਰ ਮੈਦਾਨ ਮਾਰ ਕੇ, ਆਉਣਾ ਨਾਲ ਖਿਆਲ।

ਦੋ ਵਾਰੀ ਫਿਰ ਮਾਂਜਣਾ, ਗੜਵਾ ਮਿੱਟੀ ਨਾਲ।

ਅਰਕਾਂ ਤੀਕਰ ਮਾਂਜਣੇ, ਹੱਥ ਫੇਰ ਤਤਕਾਲ।

ਜਾਣਾ ਬਸਤਰ ਲਾਹ ਕੇ, ਦਾਤਣ ਕਰਨੀ ਫੇਰ।

ਆ ਇਸ਼ਨਾਨ ਸੋਧਣਾ, ਜਰਾ ਨਾ ਲਾਉਣੀ ਦੇਰ।

ਬਾਣੀ ਪੜ੍ਹਨੀ ਸਭਸ ਨੇ, ਹਰ ਦਮ ਨਾਲ ਸੁਆਦ।

ਜੇਕਰ ਹੋਵੇ ਕੰਠ ਨਾ, ਕਰੋ ਜ਼ੁਬਾਨੀ ਯਾਦ।

ਮਾਈ ਬੀਬੀ ਸਰਬ ਹੀ, ਕੰਠ ਕਰੋ ਜਪੁ ਜਾਪੁ।

ਸ਼ਬਦ ਹਜ਼ਾਰੇ ਦੋਹਾਂ ਦੇ, ਨਾਲੇ ਕਰਨੇ ਆਪ।

ਕੀਰਤਨ ਸੋਹਿਲਾ, ਆਰਤੀ, ਯਾਦ ਕਰੋ ਰਹਿਰਾਸ।

ਏਨੀ ਕਰਨ ਜ਼ਰੂਰ ਹੀ, ਕੰਠ ਨਾਲ ਅਭਿਆਸ।

ਸੀਲ ਅਤੇ ਸੰਤੋਖ ਸਭ, ਰੱਖੋ ਹਿਰਦੇ ਧਾਰ।

ਜਪਣਾ ਨਾਮ ਅਕਾਲ ਦਾ, ਅੱਠੇ ਪਹਿਰ ਵੀਚਾਰ।

ਧੀ ਭੈਣ ਬੇਗਾਨੜੀ, ਕਹਿਣ ਪਕਾਈ ਨਾਲ।

ਆਪਣੀ ਕਰਕੇ ਜਾਨਣੀ, ਰੱਖਣਾ ਸਦਾ ਖਿਆਲ।

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥"

ਦਿੱਤਾ ਲਿਖ ਕੇ ਗੁਰੂ ਜੀ, ਪਹਿਲਾਂ ਹੀ ਸਮਝਾਇ।

ਭਜਨ ਲਵੇ ਜੋ ਮੰਗ ਕੇ, ਕਰੇ ਨਾ ਫੇਰ ਮਨੁੱਖ।

ਦੋਹੀਂ ਜਹਾਨੀ ਓਸ ਦਾ, ਕਾਲਾ ਹੋਊ ਮੁੱਖ।

ਹੋਰ ਕਿਸੇ ਨਾ ਬੋਲਣਾ, ਮੰਦਾ ਫਿੱਕਾ ਮੂਲ।

ਸਭ ਤੋਂ ਉੱਤੇ ਖਿਮਾ ਦਾ, ਵੱਡਾ ਜਾਣ ਅਸੂਲ।

ਧੀਰਜ ਧਰ ਕੇ ਸਹਿ ਲਵੋ, ਸਭ ਦਾ ਬੋਲ ਕਬੋਲ।

ਜੇ ਕੋਈ ਮਾਰੇ ਤਾਂ ਵੀ, ਦੇਵੋ ਖਿਮਾ ਅਡੋਲ।

ਰਾਖਾ ਸਤਿਗੁਰ ਤੁਸਾਂ ਦਾ, ਸਮਝੋ ਹਰਦਮ ਪਾਸ।

ਸਭ ਭਲਿਆਈ ਆਪਣੀ, ਤੁਸਾਂ ਛੁਪਾਉਣੀ ਖਾਸ।

ਹਰ ਬਖਤ ਹੀ ਜਾਣਿਓਂ, ਲਾਉਣਾ ਤੁਸਾਂ ਦੀਵਾਨ।

ਸ਼ਬਦ ਕੀਰਤਨ ਰੋਜ ਹੀ, ਕਰਨਾ ਨਾਲ ਧਿਆਨ।

ਚੌਂਕਾ ਦੇਣਾ ਆਪ ਨੇ, ਜੇਕਰ ਕਰਨਾ ਯੱਗ।

ਭਾਂਡੇ ਕੋਰੇ ਵਰਤਣੇ, ਚਰਨ ਧੋਏ ਸਰਬੱਗ।

ਨਾਲੇ ਕਰਨਾ ਹੋਮ ਵੀ, ਪਹਿਲਾਂ ਚੌਂਕਾ ਫੇਰ।

ਬੇਰੀ ਅਤੇ ਪਲਾਹ ਦੀ, ਲੱਕੜ ਅੰਦਰ ਗੇਰ।



. Sri Satguru Jagjit Singh Ji eLibrary NamdhariElibrary@gmail.com .

ਫੂਕ ਮਾਰਨੀ ਮੂਲ ਨਾ, ਕਰਨਾ ਸਦ ਸਤਿਕਾਰ।

ਬਾਣੀ ਉੱਤੋਂ ਪੋਥੀਆਂ, ਪੜ੍ਹਨੀ ਸਦਾ ਵੀਚਾਰ।

ਜਪੁ ਜਾਪੁ ਤੇ ਚੌਪਈ, ਚੰਡੀ ਚਰਿਤਰ ਨਾਲ।

ਪੰਜਵੀ ਪੜ੍ਹਨੀ ਯਤਨ ਕਰ, ਉਸਤਤ ਜਾਣ ਅਕਾਲ।

ਛੇਵਾਂ ਪਾਏ ਅਹੂਤੀਆਂ, ਡਾਲ ਘਿਰਤ ਅਨਮੋਲ।

ਸੱਤਵਾਂ ਛੱਟਾ ਜਲ ਦਾ, ਦੇਵੇ ਸਦਾ ਅਡੋਲ।

ਆਵੇ ਮੰਦਾ ਕਰਮ ਕਰ, ਚੋਰ ਯਾਰ ਬਦਕਾਰ।

ਵਾੜੋ ਵਿੱਚ ਦੀਵਾਨ ਨਾ, ਕੱਢੋ ਧੱਕੇ ਮਾਰ।

ਜੇਕਰ ਆਵੇ ਜੋਰ ਕਰ, ਜੋਰਾਵਰ ਇਨਸਾਨ।

ਫੇਰ ਕਰੋ ਅਰਦਾਸ ਇਹ, ਸਾਰੇ ਵਿੱਚ ਦੀਵਾਨ।

ਏਥੇ ਆਵਣ ਜੋਗਰਾ, ਰਹੇ ਨਾ ਇਹ ਮਨੁੱਖ।

ਜਿਹੜਾ ਆ ਕੇ ਦੇਂਵਦਾ, ਹੈ ਸੰਗਤ ਨੂੰ ਦੁੱਖ।

ਮੇਰੀ ਥੋੜ੍ਹੀ ਮੱਤ ਹੈ, ਸਮਝਦਾਰ ਹੋ ਆਪ।

ਆਪੇ ਲੈਣਾ ਸਮਝ ਜੀ, ਸਤਿਗੁਰ ਦੇ ਪ੍ਰਤਾਪ।

ਸਭਨਾਂ ਨੇ ਹੱਥ ਜੋੜ ਕੇ, ਕਰ ਲੈਣੀ ਅਰਦਾਸ।

ਬਣਿਆ ਸਾਡਾ ਧਰਮ ਰਹੇ, ਇਹ ਪਰਮੇਸ਼ਰ ਪਾਸ।

ਕੱਛਾਂ ਰੱਖੋ ਪਹਿਰ ਕੇ, ਹਰਦਮ ਦੇਰ ਸਵੇਰ।

ਇੱਕ ਪਹੁਚੇ ਨੂੰ ਲਾਹ ਕੇ, ਦੂਜਾ ਪਾਉਣਾ ਫੇਰ।



Sri Satguru Jagjit Singh Ji eLibrary NamdhariElibrary@gmail.com

ਮੰਦਾ ਕਰਮ ਕਿਸੇ ਦਾ, ਨਹੀਂ ਛਿਪਾਉਣਾ ਮੂਲ।
ਤਾ ਕਿ ਸ਼ੁੱਧ ਸਮਾਜ ਦਾ, ਬਣਿਆ ਰਹੇ ਅਸੂਲ।
ਧੀ ਭੈਣ ਦਾ ਕਿਸੇ ਨੇ, ਲੈਣਾ ਇੱਕ ਨਾ ਦਾਮ।
ਵੱਟਾ ਕਰਨਾ ਕਦੇ ਨਾ, ਸਮਝ ਬੁਰਾ ਅੰਜਾਮ।
ਖਾਣਾ ਦਾਰੂ ਮਾਸ ਨਾ, ਜਪਣਾ ਨਾਮ ਹਮੇਸ਼।
ਹਿਰਦੇ ਰੱਖਣਾ ਗੁਰੂ ਦਾ, ਖੌਫ਼ ਵਾਂਗ ਦਰਵੇਸ਼।

---o---

ਉੱਚੀ ਸੁੱਚੀ ਇਹ ਸੋਚ ਸੀ ਸਤਿਗੁਰਾਂ ਦੀ,
ਉੱਚੀ ਸੁੱਚੀ ਮਰਿਆਦਾ ਬਣਾਈ ਉਹਨਾਂ।
ਏਨੇ ਧਰਮ ਦੇ ਵਿੱਚ ਪਰਪੱਕ ਕੀਤੇ,
ਨੀਯਤ ਫੇਰ ਨਾ ਕਿਤੇ ਡੁਲਾਈ ਉਹਨਾਂ।
ਅੱਖਾਂ ਵਿੱਚ ਗਿਆਨ ਦਾ ਪਾ ਅੰਜਨ,
ਮੈਲੀ ਹੋਣ ਤੋਂ ਨਿਗਾਹ ਬਚਾਈ ਉਹਨਾਂ।
ਧਾਰ 'ਬਾਜਵਾ' ਤੂੰ ਵੀ ਰੀਤ ਚੰਗੀ,
ਸਭਨਾ ਵਾਸਤੇ ਜਿਹੜੀ ਚਲਾਈ ਉਹਨਾਂ।

ਜਤੀ ਸਤੀ ਲੰਗੋਟੇ ਦਾ ਹੋਏ ਜੇਕਰ,



Sri Satguru Jagjit Singh Ji eLibrary NamdhariElibrary@gmail.com

ਤਪ ਮੇਨਕਾ ਕਰੇਗੀ ਭੰਗ ਕਿੱਦਾਂ।

ਨਿਗਾਹ ਇੱਕ ਦੇ ਉੱਤੇ ਟਿਕਾਈ ਜਿਸ ਨੇ,

ਫੇਰ ਕਰੇਗਾ ਵੇਸਵਾ ਸੰਗ ਕਿੱਦਾਂ।

ਜਿਹੜਾ ਵਿਸ਼ੇ ਵਿਕਾਰਾਂ ਦੇ ਵਿੱਚ ਫਾਥਾ,

ਵੈਰੀ ਨਾਲ ਉਹ ਕਰੇਗਾ ਜੰਗ ਕਿੱਦਾਂ।

ਰੰਗ 'ਬਾਜਵਾ' ਚੜ੍ਹੇ ਜੇ ਸਤਿਗੁਰੂ ਦਾ,

ਭਰਮ ਪਾਏਗਾ ਜਗਤ ਦਾ ਰੰਗ ਕਿੱਦਾਂ।

ਭੁੱਲ ਕਰੋ ਨਾ ਵੇਸਵਾ ਸੰਗ ਲੋਕੋ,

ਇਹਨਾਂ ਲੱਖਾਂ ਜਵਾਨੀਆਂ ਗਾਲੀਆਂ ਨੇ।

ਨਸ਼ਾ ਪੀਤਿਆਂ ਜਾਂਦੀ ਏ ਮੱਤ ਮਾਰੀ,

ਮਾਸ ਖੋਰ ਕੇ ਹੱਡੀਆਂ ਬਾਲੀਆਂ ਨੇ।

ਜਿਹੜੇ ਦੂਜੇ ਦੀ ਧੀ ਤੇ ਅੱਖ ਰੱਖਣ,

ਉਹਨਾਂ ਆਪਣੀਆਂ ਕਦੋਂ ਸੰਭਾਲੀਆਂ ਨੇ।

ਜ਼ਹਿਰ 'ਬਾਜਵਾ' ਚੜ੍ਹੇ ਵਿਲਾਸਤਾ ਦਾ,

ਜ਼ੁਲਫ਼ਾਂ ਨਾਗਣਾਂ ਜਿਨ੍ਹਾਂ ਨੇ ਪਾਲੀਆਂ ਨੇ।

ਟੁੱਕਰ ਪਾ ਕੇ ਲਓ ਗਿਝਾ ਉਹਨੂੰ,

ਬੰਦਾ ਲਾਲਚੀ ਵਾਂਗ ਸਵਾਨ ਹੁੰਦਾ।

ਜਿਹੜਾ ਪੂਜਦਾ ਮਿੱਟੀ ਦੀਆਂ ਢੇਰੀਆਂ ਨੂੰ,

ਵੈਰੀ ਵੱਲ ਨਾ ਉਹਦਾ ਧਿਆਨ ਹੁੰਦਾ।

ਆਸ਼ਕ ਰਸੀਆ ਜਿਹੜਾ ਜਨਾਨੀਆਂ ਦਾ,

ਨਹੀਂ ਤੇਗ ਦਾ ਧਨੀ ਇਨਸਾਨ ਹੁੰਦਾ।

ਜਿਹੜਾ ਸਬਰ ਸੰਤੋਖ ਜ਼ਮੀਰ ਰੱਖੇ,

ਉਹੋ 'ਬਾਜਵਾ' ਮਰਦ ਮਹਾਨ ਹੁੰਦਾ।

ਵੰਡ ਛਕੋ ਨਾ ਈਰਖਾ ਲਾਏ ਡੇਰਾ,

ਕੌਣ ਏਕਤਾ ਵਿੱਚ ਤਰੇੜ ਪਾਵੇ।

ਇੱਕ ਦੂਸਰੇ ਦਾ ਸੋਚਣ ਹਿਤ ਭਾਈ,

ਚੁਗਲਖੋਰ ਫਿਰ ਕਿਵੇਂ ਦੁਫੇੜ ਪਾਵੇ।

ਭੇਤ ਕਦੇ ਜੇ ਕੌਮ ਦੇ ਦੱਸੀਏ ਨਾ,

ਦੁਸ਼ਮਣ ਕਦੇ ਵੀ ਨਾ ਗਧੀ ਗੇੜ ਪਾਵੇ।

ਸੀਤਾ ਹੋਏ ਇਖਲਾਕ ਦੀ ਨਾਲ ਸੂਈ,

ਕੌਣ 'ਬਾਜਵਾ' ਜਾਮਾ ਉਧੇੜ ਪਾਵੇ।

ਬੋਝ ਕਰਜ਼ਿਆਂ ਦੇ ਹੇਠ ਰਹੇ ਮਰਦਾ,

ਚਾਦਰ ਵੇਖ ਪਸਾਰਦਾ ਪੈਰ ਨਾਹੀਂ।
ਜਿਹੜਾ ਘਰ ਵਿੱਚ ਸੌਰੀਏ ਵਾੜ ਬੈਠਾ,
ਸਮਝੋ ਓਸ ਵਾਲੀ ਕਦੇ ਖੈਰ ਨਾਹੀਂ।
ਬੈਠਾ ਰਹੇ ਸਹਾਰੇ ਜੋ ਕਿਸਮਤਾਂ ਦੇ,
ਕਦੇ ਓਸ ਨੂੰ ਬਖਸ਼ਦਾ ਗ਼ੈਰ ਨਾਹੀਂ।
ਜਿਵੇਂ 'ਬਾਜਵਾ' ਪੂਰੀ ਬਰਸਾਤ ਬਾਝੋਂ,
ਲਹਿੰਦਾ ਧੂੜ ਗੁਬਾਰ ਦਾ ਘੈਰ ਨਾਹੀਂ।

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਛਪਵਾਈ

ਇਹ ਦੇ ਕੇ ਸ਼ੁਭ ਸਿਖਿਆ, ਅਗਲਾ ਕੀਤਾ ਕਾਜ।
ਆਦਿ ਗ੍ਰੰਥ ਛਪਾਉਣ ਦਾ, ਕੀਤਾ ਆਪ ਅਗਾਜ।
ਗੁਰਬਾਣੀ ਪ੍ਰਚਾਰ ਹਿਤ, ਇਹ ਵੀ ਕਾਜ ਮਹਾਨ।
ਛਪੇ ਹੋਏ ਗ੍ਰੰਥ ਨੂੰ, ਪੜ੍ਹਨਾ ਬੜਾ ਅਸਾਨ।
ਕਿਤੇ ਕਿਤੇ ਸੀ ਲੱਭਦੀ, ਹੱਥ ਲਿਖਤ ਦੀ ਬੀੜ।
ਕਰਨ ਪਏ ਮਜਬੂਤ ਗੁਰ, ਸਿੱਖ ਪੰਥ ਦੀ ਰੀੜ੍ਹ।
ਬੂਟਾ ਸਿੰਘ ਨੇ ਖੋਹਲਿਆ, ਇੱਕ ਪ੍ਰੈਸ ਲਹੌਰ।
ਆਫ਼ਤਾਬ ਨਾਂ ਓਸ ਦਾ, ਸੁਣਿਓਂ ਕਰਕੇ ਗੌਰ।
ਉਹਨੂੰ ਕਾਰਜ ਸੌਂਪਿਆ, ਨਾਲ ਬੜੇ ਸਤਿਕਾਰ।


. Sri Satguru Jagjit Singh Ji eLibrary NamdhariElibrary@gmail.com .

ਜਲਦੀ ਵਿੱਚ ਪ੍ਰੈਸ ਦੇ, ਛਪ ਕੇ ਹੋਏ ਤਿਆਰ।

ਨਾਲੋ ਨਾਲ ਜ਼ਰੂਰ ਸੀ, ਸਿੱਖੀ ਦਾ ਪ੍ਰਚਾਰ।

ਸਤਿਗੁਰ ਨਾਲੋਂ ਟੁੱਟ ਕੇ, ਲੋਕ ਨਾ ਮੰਨਣ ਹਾਰ।

ਸਿੱਖੀ ਦੇ ਪ੍ਰਚਾਰ ਹਿਤ, ਸੂਬੇ ਥਾਪ ਹਜ਼ੂਰ।*

ਗਿਣਤੀ ਅੰਦਰ ਪੰਜ ਇਹ, ਗੁਰਸਿੱਖੀ ਭਰਪੂਰ।

ਸਾਹਿਬ ਸਿੰਘ, ਜਵਾਹਰ ਸਿੰਘ, ਕਾਹਨ ਸਿੰਘ ਨਿਹੰਗ।

ਲੱਖਾ ਸਿੰਘ ਤੇ ਸੁੱਧ ਸਿੰਘ, ਸਾਜੇ ਨਾਲ ਉਮੰਗ।

ਮਰਿਆਦਾ ਦੇ ਧਾਰਨੀ, ਸੱਚੇ ਸੁੱਚੇ ਸੰਤ।

ਸ਼ੀਰੀ ਜੀਭ ਗਿਆਨਵਾਨ, ਟੇਕ ਏਕ ਭਗਵੰਤ।

ਕਮਰ ਕੱਸੇ ਕੱਸ ਕੇ, ਹੋਏ ਤੁਰਤ ਤਿਆਰ।

ਚੱਲੇ ਅੰਦਰ ਦੇਸ਼ ਦੇ, ਕਰਨ ਲਈ ਪ੍ਰਚਾਰ।

ਬਾਬੇ ਕਾਹਨ ਸਿੰਘ ਨੇ, ਕਮਰ ਕੱਸਾ ਲਾ।#

ਵਿੱਚ ਪਟਿਆਲੇ ਜਾ ਕੇ, ਡੇਰਾ ਲਿਆ ਜਮਾ।

ਅੰਦਰ ਸਿਕਲੀਗਰਾਂ ਦੇ, ਕਰਨ ਪਏ ਪ੍ਰਚਾਰ।

ਬੰਨੇ ਕੱਢ ਕੁਰੀਤੀਆਂ, ਲੱਗੇ ਕਰਨ ਸੁਧਾਰ।

ਸੁੱਚਾ ਜੀਵਨ ਜੀਣ ਦੀ, ਦੱਸੀ ਜਾਚ ਅਮੋਲ।

ਉੱਤਮ ਕਿੰਜ ਸਵਾਰਨਾ, ਜੀਵਨ ਦਾ ਸਮਤੋਲ।

ਜੋ ਕੁਸੰਗੀ ਲੋਕ ਸਨ, ਖਾਂਦੇ ਮਾਸ ਸ਼ਰਾਬ।



Sri Satguru Jagjit Singh Ji eLibrary NamdhariElibrary@gmail.com

ਛੱਡ ਭੈੜੀਆਂ ਵਹਿਬਤਾਂ, ਹੋਏ ਸਾਧ ਸ਼ਤਾਬ।

ਮਹਾਰਾਜੇ ਪਟਿਆਲੀਏ, ਸੁਣ ਕੇ ਕੀਤੀ ਗੌਰ।

ਕੂਕੇ ਦੇਣ ਕਲਾਮ ਸੁਣ, ਲੋਕ ਬਦਲਦੇ ਤੌਰ।

ਹੀਰਾ ਸਿੰਘ ਨੂੰ ਭੇਜਿਆ, ਸੁਣ ਕੇ ਆ ਕਲਾਮ।

ਜਿਸ ਨੂੰ ਸੁਣ ਸੁਣ ਬਦਲਦੇ, ਲੋਕੀਂ ਜਾਣ ਤਮਾਮ।

ਗਰੇਵਾਲ ਸੀ ਓਸ ਦਾ, ਇਹ ਪਾਤਰ ਵਿਸ਼ਵਾਸ।

ਹਰ ਦਮ ਰਹਿੰਦਾ ਨਾਲ ਸੀ, ਐਸਾ ਬੰਦਾ ਖਾਸ।

ਕਸਮ ਖਵਾ ਕੇ ਘੱਲਿਆ, ਬਹੁਤੀ ਪੱਕੀ ਨਾਲ।

ਦੱਸੀਂ ਸਾਨੂੰ ਆਣਕੇ, ਆਖੇ ਖੋਹਲ ਹਵਾਲ।

ਭੇਦ ਲੈਣ ਦੇ ਵਾਸਤੇ, ਪਹੁੰਚਾ ਵਿੱਚ ਦੀਵਾਨ।

ਕੰਨਾਂ ਵਿੱਚ ਰਸ ਘੋਲ ਗਈ, ਇੱਕ ਅਨੋਖੀ ਤਾਨ।

ਕੰਨ ਖੋਹਲ ਕੇ ਓਸ ਨੇ, ਸੁਣਿਆ ਜਾਂ ਪ੍ਰਚਾਰ।

ਛਾਤੀ ਅੰਦਰ ਧੜਕਿਆ, ਦਿਲ ਜਿਉਂ ਪਹਿਲੀ ਵਾਰ।

ਸੱਤ ਸਮੁੰਦਰ ਪਾਰ ਕਰ, ਆਏ ਕਿਉਂ ਅੰਗ੍ਰੇਜ਼।

ਭਾਰਤ ਨੂੰ ਕਬਜਾ ਕੇ, ਸੌਣ ਸੁੱਖਾਂ ਦੀ ਸੇਜ।

ਕਿੱਦਾਂ ਰਾਜ ਕਮਾਂਵਦੇ, ਮਕਰ ਫਰੇਬਾਂ ਨਾਲ।

ਬੀਜ ਖਿਲਾਰਨ ਫੁੱਟ ਦਾ, ਉਲਟੀ ਚੱਲਣ ਚਾਲ।

ਕਿੱਦਾਂ ਹੋਈ ਦੇਸ਼ ਦੀ, ਜਨਤਾ ਸਾਹ ਸਤ ਹੀਣ।

ਅਣਖ ਮਾਰ ਕੇ ਆਖਦੇ, ਕਿਹਾ ਗ਼ੁਲਾਮੀ ਜੀਣ।
ਕਿੱਦਾਂ ਜਨਤਾ ਭਟਕ ਕੇ, ਰਾਹੋਂ ਪਈ ਕੁਰਾਹ।
ਰਾਹਬਰ ਹੋਏ ਮਤਲਬੀ, ਪਏ ਕਰਨ ਗੁਮਰਾਹ।
ਚਿੜੀ ਸੁਨਹਿਰੀ ਵੇਖ ਕੇ, ਆਇਆ ਭੁੱਖਾ ਬਾਜ।
ਚੋਗਾ ਪਾ ਪਰਚਾ ਕੇ, ਸਾਂਭ ਲਿਆ ਉਸ ਰਾਜ।
ਭੁੱਲ ਗਏ ਕਿੰਜ ਖਾਲਸੇ, ਕਲਗੀਧਰ ਦੀ ਰੀਤ।
ਹੋਏ ਅਣਖੀ ਸੂਰਮੇ, ਪੀ ਪੀ ਕੈਫ਼ ਪਲੀਤ।
ਕਿਸਮਤ ਉੱਤੇ ਸੁੱਟ ਕੇ, ਬੈਠ ਗਏ ਕੁਝ ਡੋਰ।
ਕੁਝ ਬਿੱਲੇ ਨੇ ਚਾਟੜੇ, ਪਾਉਣ ਡਰਾਵੇ ਹੋਰ।
ਪਾਉਂਦੇ ਫਿਰਦੇ ਚਾਂਭੜਾਂ, ਕੰਜਰ ਅਤੇ ਮਲੇਸ਼।
ਲੁਕਦੇ ਫਿਰਨ ਹਨੇਰ ਤੋਂ, ਸਾਧ ਸੰਤ ਦਰਵੇਸ਼।
ਕਿੱਦਾਂ ਪੈਸਾ ਦੇਸ਼ ਦਾ, ਜਾਵੇ ਵਿੱਚ ਵਿਦੇਸ਼।
ਢਾਹ ਲੱਗੀ ਇਖਲਾਕ ਨੂੰ, ਜਾਵੇ ਕੋਈ ਨਾ ਪੇਸ਼।
ਦਸਤਕਾਰੀਆਂ ਸਾਡੀਆਂ, ਹੋਈਆਂ ਮੰਦੇ ਹਾਲ।
ਕਾਮੇ ਕਿੰਜ ਇੰਗਲੈਂਡ ਦੇ, ਹੋਏ ਮਾਲਾ ਮਾਲ।
ਮੱਖਣ ਬਿੱਲੇ ਚੱਟਦੇ, ਸਾਡੇ ਹਿੱਸੇ ਛਾਹ।
ਜਿਹੜਾ ਮੰਗੇ ਹੱਕ ਨੂੰ, ਉਹਨੂੰ ਦੇਣ ਤਰਾਹ।
ਗੱਲਾਂ ਸੱਭੇ ਸੱਚੀਆਂ, ਵੜੀਆਂ ਅੰਦਰ ਵਾਰ।

ਖਾਨੇ ਅੰਦਰ ਬੈਠੀਆਂ, ਖੋਹਲੇ ਅਕਲ ਦਵਾਰ।

ਭਜਨ ਓਸ ਫਿਰ ਪੁੱਛਿਆ, ਕੱਢ ਦਿਲੋਂ ਹੰਕਾਰ।

ਆਇਆ ਜਿਹੜੇ ਕੰਮ ਸੀ, ਦਿੱਤੀ ਕਾਰ ਵਿਸਾਰ।

ਤਿੰਨ ਦਿਹਾੜੇ ਓਸ ਥਾਂ, ਸੁਣਦਾ ਰਿਹਾ ਦੀਵਾਨ।

ਉੱਤਮ ਕਾਰਗੁਜ਼ਾਰੀਆਂ, ਖਿੱਚਿਆ ਖੂਬ ਧਿਆਨ।

ਜਾਗੀ ਅਣਖ ਜਵਾਨ ਦੀ, ਰੋਸ ਉਬਾਲਾ ਮਾਰ।

ਨੱਚਣ ਖਾਤਰ ਚੁਣ ਲਈ, ਉਸ ਖੰਡੇ ਦੀ ਧਾਰ।

ਹੋ ਕੂਕਾ ਮਸਤਾਨੜਾ, ਦਾਨਾ ਅਤੇ ਦਲੇਰ।

ਦੇਸ਼ ਭਗਤ ਵਰਿਆਮ ਹੋ, ਵਾਪਸ ਮੁੜਿਆ ਫੇਰ।

ਰਾਜੇ ਨੇ ਜਾਂ ਪੁੱਛਿਆ, ਦੱਸਿਆ ਨਾਲ ਅਰਾਮ।

ਗੁਰਮੰਤਰ ਨੇ ਦੱਸਦੇ, ਦੇਂਦੇ ਨਹੀਂ ਕਲਾਮ।

ਉਹ ਗੁਰਮਤ ਦੇ ਧਾਰਨੀ, ਅਤੇ ਉਪਾਸ਼ਕ ਜਾਣ।

ਸਾਂਭੀ ਨਾਲ ਯਕੀਨ ਦੇ, ਕਲਗੀਧਰ ਦੀ ਬਾਣ।

ਕੀ ਗੁਰਮੰਤਰ ਦੱਸਦੇ, ਰਾਜਾ ਆਖੇ ਦੱਸ।

ਆਪੇ ਜਾ ਕੇ ਪੁੱਛ ਲੈ, ਆਖੇ ਅੱਗੋਂ ਹੱਸ।

ਛੱਡ ਨੌਕਰੀ ਆ ਗਿਆ, ਰਲਿਆ ਵਿੱਚ ਮੁਹਾਜ।

ਚੀਨੀ ਵਾਲੇ ਵਾਲੜੇ, ਚੜ੍ਹਿਆ ਆਣ ਜਹਾਜ਼।

ਰਾਜੇ ਨੇ ਜਦ ਵੇਖਿਆ, ਮੇਰੇ ਅਹੁਦੇਦਾਰ।



. Sri Satguru Jagjit Singh Ji eLibrary NamdhariElibrary@gmail.com .

ਕੂਕੇ ਬਣ ਬਣ ਦੌੜਦੇ, ਦੇਂਦੇ ਰਾਜ ਵਿਸਾਰ।

ਕਾਹਨ ਸਿੰਘ ਨੂੰ ਆਖਿਆ, ਨਿਕਲੋ ਏਥੋਂ ਬਾਹਰ।

ਉਹ ਸਕਰੌਦੀ ਜਾ ਕੇ, ਕਰਦੇ ਪਰਉਪਕਾਰ।

ਸੂਬਾ ਸਾਹਿਬ ਸਿੰਘ ਸੀ, ਸਾਂਭ ਡਾਕ ਪ੍ਰਬੰਧ।

ਹੋਇਆ ਕਾਰਜ ਆਪਣੇ, ਦਾ ਪੂਰਾ ਪਾਬੰਦ।

ਗੁਪਤਚਰ ਅੰਗ੍ਰੇਜ਼ ਦੇ, ਟੋਹਾਂ ਲਾਉਣ ਅਕੱਥ।

ਚਿੱਠੀ ਹੱਥ ਨਾ ਲੱਗਦੀ, ਮਲਦੇ ਰਹਿੰਦੇ ਹੱਥ।

ਕੀਤਾ ਫ਼ਿਕਰ ਫਰੰਗੀਆਂ, ਵੇਖ ਓਸ ਦੀ ਕਾਰ।

ਕਿਵੇਂ ਰੋਕੀਏ ਕਾਜ ਇਹ, ਲੱਗੇ ਕਰਨ ਵੀਚਾਰ।

ਪਹਿਲਾਂ ਸਨ ਇਹ ਵਿਚਰਦੇ, ਧਾਰ ਉਦਾਸੀ ਭੇਖ।

ਸ੍ਰੀ ਚੰਦ ਜੀ ਤੋਰਿਆ, ਆਵੇ ਬਹੁਤ ਉਲੇਖ।

ਸਤਿਗੁਰ ਨਾਨਕ ਦੇਵ ਦੇ, ਦੋ ਹੈਸਨ ਫਰਜ਼ੰਦ।

ਵੱਡਾ ਸ੍ਰੀ ਚੰਦ ਸੀ, ਛੋਟਾ ਲਖਮੀ ਚੰਦ।

ਸ੍ਰੀ ਚੰਦ ਤੋਂ ਚੱਲਿਆ, ਜਾਣ ਉਦਾਸੀ ਭੇਸ।

ਤੇੜ ਲੰਗੋਟਾ ਪਹਿਨਦੇ, ਘਰੜ ਮੁਨਾ ਕੇ ਕੇਸ।

ਜਾਂ ਫਿਰ ਜਟਾਂ ਵਧਾ ਕੇ, ਪਾਵਣ ਵਿੱਚ ਸੁਆਹ।

ਉਹਨਾਂ ਲੱਭਾ ਵੱਖਰਾ, ਇਹ ਸ਼ਕਤੀ ਦਾ ਰਾਹ।

ਟੋਲੇ ਫਿਰਨ ਬਣਾ ਕੇ, ਜੋ ਨਾਂਗੇ ਅਵਧੂਤ।



Sri Satguru Jagjit Singh Ji eLibrary NamdhariElibrary@gmail.com

ਪਿੰਡੇ ਰਾਖ ਰਮਾ ਕੇ, ਵਾਂਗਰ ਜਿਵੇਂ ਭੂਤ।

ਆਈ ਟੋਲੀ ਇੱਕ ਸੀ, ਭੈਣੀ ਸਾਹਿਬ ਗ੍ਰਾਮ।

ਸੋ ਸੁਣੀ ਸੀ ਸਾਧੂਆਂ, ਜਾਂ ਹੋਇਆ ਅਲਿਹਾਮ।

ਬ੍ਰਹਮ ਸੁੱਧ ਮਹੰਤ ਸੀ, ਉਹਨਾਂ ਦਾ ਸਿਰਮੌਰ।

ਦਰਸ਼ਨ ਕਰਕੇ ਓਸ ਦੇ, ਬਦਲ ਗਏ ਸਭ ਤੌਰ।

ਖੋਹਲ ਜਟਾਵਾਂ ਓਸ ਨੇ, ਰੱਖ ਲਏ ਸਨ ਕੇਸ।

ਰਾਖ ਉਤਾਰੀ ਪਹਿਰਿਆ, ਉਜਲਾ ਚਿੱਟਾ ਵੇਸ।

ਚੀਨੀ ਵਾਲੇ ਪਾਤਸ਼ਾਹ, ਕੀਤਾ ਜਦੋਂ ਅਗਾਜ਼।

ਅੰਮ੍ਰਿਤ ਫੇਰ ਛਕਾ ਕੇ, ਪੰਜ ਪਿਆਰੇ ਸਾਜ।

ਬ੍ਰਹਮ ਸੁੱਧ ਦਾ ਰੱਖਿਆ, ਸਾਹਿਬ ਸਿੰਘ ਸੀ ਨਾਮ।

ਅੰਮ੍ਰਿਤ ਆਪ ਛਕਾ ਕੇ, ਦੇ ਸੱਚਾ ਪੈਗਾਮ।

ਸਿੰਘ ਜਵਾਹਰ ਵੱਸਦੇ, ਲੋਪੋ ਬਧਨੀ ਜਾਣ।

ਸੂਬਿਆਂ ਦੇ ਸਿਰਮੌਰ ਉਹ, ਏਦਾਂ ਲਵੋ ਪਛਾਣ।

ਪਹਿਲਾਂ ਸਨ ਉਹ ਨਿਰਮਲੇ, ਲਾਹ ਕੇ ਭਗਵਾ ਭੇਸ।

ਹੋਏ ਨਾਮਧਾਰੀਏ ਰਹੀ, ਨਾ ਮਾਤਰ ਲੇਸ਼।

ਉਹ ਬਾਗੀ ਅੰਗ੍ਰੇਜ਼ ਦੇ, ਹੈ ਸਨ ਮਰਦ ਮਹਾਨ।

ਦੇਸ਼ ਕੌਮ ਦੇ ਵਾਸਤੇ, ਜਾਨ ਕਰਨ ਕੁਰਬਾਨ।

ਲੱਖਾ ਸਿੰਘ, ਸੁੱਧ ਸਿੰਘ, ਨੂੰ ਥਾਪੀ ਦੇ ਕੰਡ।

ਦਿੱਤੇ ਚੀਨੀ ਵਾਲੜੇ, ਕਾਰਜ ਸਾਰੇ ਵੰਡ।

ਭੈਣੀ ਅੰਦਰ ਨਜ਼ਰਬੰਦ, ਪੰਜੇ ਕੀਤੇ ਫੇਰ।

ਡਰੇ ਹੋਏ ਅੰਗ੍ਰੇਜ਼ ਨੇ, ਜਰਾ ਨਾ ਲਾਈ ਦੇਰ।

ਹੋਰ ਸਤਾਰਾਂ ਗੁਰੂ ਜੀ, ਸੂਬੇ ਦਿੱਤੇ ਥਾਪ।

ਦੱਬੀ ਕੁਚਲੀ ਕੌਮ ਦਾ, ਹਰਨ ਲਈ ਸੰਤਾਪ।

ਬਾਈ ਸੂਬੇ ਥਾਪ ਕੇ, ਸਾਰੇ ਵਿੱਚ ਪੰਜਾਬ।

ਕਹਿਣ ਅਜ਼ਾਦੀ ਵਾਲੜਾ, ਕਰਨਾ ਸੱਚ ਖਵਾਬ।

ਐਸੀਆਂ ਉਹ ਸਖਸ਼ੀਅਤਾਂ, ਉੱਜਲੇ ਸਾਫ਼ ਮਨੁੱਖ।

ਨਾਲ ਨਿਗਾਹਾਂ ਕੀਲ ਕੇ, ਲਾਹੁਣ ਨਜ਼ਰ ਦੀ ਭੁੱਖ।

ਸਨ ਵਿਦਵਾਨ ਕਮਾਲ ਦੇ, ਗਿਆਨ ਖਜ਼ਾਨਾ ਖੋਹਲ।

ਸਤਿਗੁਰ ਜੀ ਦੀਆਂ ਨਿਹਮਤਾਂ, ਭਰ ਭਰ ਵੰਡਣ ਝੋਲ।

ਨੇੜੇ ਨਾ ਸੀ ਢੁੱਕਦਾ, ਲਬ ਲੋਭ ਹੰਕਾਰ।

ਥਰ ਥਰ ਕੰਬਣ ਵੇਖ ਕੇ, ਸਾਰੇ ਕੂੜ ਵਿਕਾਰ।

ਰਿਖੀਆਂ ਵਾਂਗ ਤਪੱਸਵੀ, ਨਾਮ ਜਪਣ ਦਿਨ ਰਾਤ।

ਲਛਮਣ ਵਾਂਗ ਤਿਆਗਦੇ, ਰਾਮ ਲਈ ਹਰ ਚਾਹਤ।

ਸੱਚ ਸੁੱਚ ਸੰਜਮ ਧਾਰਨੀ, ਸ਼ੀਰੀ ਨਿਮਰ ਜ਼ੁਬਾਨ।

ਉਹ ਸਨ ਕਰਨਾ ਜਾਣਦੇ, ਦੈਂਤਾਂ ਨੂੰ ਇਨਸਾਨ।

ਫਿਰਨ ਜਗਾਉਂਦੇ ਦਿਲਾਂ ਦੇ, ਅੰਦਰ ਦੇਸ਼ ਪ੍ਰੇਮ।



. Sri Satguru Jagjit Singh Ji eLibrary NamdhariElibrary@gmail.com .

ਇਹ ਪਾਤਰ ਵਿਸ਼ਵਾਸ ਦੇ, ਬੱਝੇ ਅੰਦਰ ਨੇਮ।

ਸਤਿਗੁਰ ਜੀ ਤੋਂ ਲੈ ਕੇ, ਸ਼ਕਤੀ ਦਾ ਭੰਡਾਰ।

ਲੋਕ ਮਨਾਂ ਵਿੱਚ ਓਸ ਦਾ, ਜਾ ਕਰਦੇ ਸੰਚਾਰ।

ਉੱਚ ਸ਼ਖਸੀਅਤ ਮਾਨਵੀ, ਮਿਕਨਾਤੀਸੀ ਖਿੱਚ।

ਕਰਦੇ ਸਨ ਉਪਦੇਸ਼ ਜੋ, ਰਚਣ ਆਤਮਾ ਵਿੱਚ।

ਮਸਤਕ ਤੇਜ ਤਪੱਸਵੀ, ਕੈਸੀ ਸੁੰਦਰ ਢਾਲ।

ਸੁਰਗ ਲੋਕ ਤੋਂ ਦੇਵਤੇ, ਭੇਜੇ ਜਿਵੇਂ ਅਕਾਲ।

ਉਹ ਊਧੋ ਦੇ ਵਾਂਗਰਾਂ, ਜਗਨ ਨਾਥ ਦੇ ਯਾਰ।

ਹਨੂਮਾਨ ਜਿਉਂ ਰਾਮ ਦੇ, ਸੱਚੇ ਤਾਬੇਦਾਰ।

ਅਰਜਨ ਵਰਗੇ ਸੂਰਮੇ, ਭੀਮ ਜਿਹੀ ਭਬਕਾਰ।

ਧਰਮ ਯੁਧਿਸ਼ਟਰ ਵਾਂਗਰਾਂ, ਬੋਲਣ ਸੱਚ ਨਿਤਾਰ।

ਉਹ ਮਰਦਾਨੇ ਜਾਪਦੇ, ਜਦੋਂ ਛੇੜਦੇ ਤਾਰ।

ਗੁਰਬਾਣੀ ਦਾ ਗਾਇਨ ਸੁਣ, ਮਸਤ ਹੋਣ ਨਰ ਨਾਰ।

ਕੀ ਕੀ ਸਿਫਤਾਂ ਕਰਾਂ ਮੈਂ, ਉਹਨਾਂ ਜਿਹੇ ਇਨਸਾਨ।

ਆਉਣ ਇਕੱਠੇ ਘੱਟ ਹੀ, ਅੰਦਰ ਏਸ ਜਹਾਨ।

ਧੰਨ ਧੰਨ ਚੀਨੀ ਵਾਲੜਾ, ਕਿਉਂ ਨਾ ਕਹੀਏ ਫੇਰ।

ਪੈਦਾ ਕੀਤੇ ਸੈਂਕੜੇ, ਜਿਸ ਨੇ ਮਰਦ ਦਲੇਰ।

ਇੰਜ ਸਮਾਨ ਅੰਤਰ, ਤੋਰ ਲਈ ਸਰਕਾਰ।



Sri Satguru Jagjit Singh Ji eLibrary NamdhariElibrary@gmail.com

ਇਹ ਵੇਖ ਅੰਗ੍ਰੇਜ਼ ਨੂੰ, ਹੋਇਆ ਤੇਜ਼ ਬੁਖਾਰ।

ਫਿਰ ਗੋਰੇ ਦਿਆਂ ਮੁਖਬਰਾਂ, ਲਾਈ ਸਾਰੀ ਵਾਹ।

ਪਲ ਪਲ ਖਬਰਾਂ ਭੇਜਦੇ, ਮਿਰਚ ਮਸਾਲੇ ਲਾ।

ਇਹ ਵੇਖ ਸਰਕਾਰ ਦੇ, ਟਾਹੂ ਚੱਲੇ ਫੁੱਲ।

ਪਿੰਡਾਂ ਅੰਦਰ ਨਜ਼ਰਬੰਦ, ਕੀਤੇ ਕੂਕੇ ਕੁੱਲ।

ਕਰ ਕੇ ਕਾਰ ਅੰਬਾਲਿਓਂ, ਬਿੱਲਾ ਆਇਆ ਚੱਲ।

ਅੰਦਰ ਭੈਣੀ ਸਾਹਿਬ ਦੇ, ਪਹੁੰਚਾ ਕਰਨ ਕੁਵੱਲ।

ਸਤਿਗੁਰ ਜੀ ਦੇ ਕੋਲ ਜਾ, ਕੀਤਾ ਇੱਕ ਸਵਾਲ।

ਦੱਸੋ ਰਾਜਾ ਰਾਮ ਸਿੰਘ, ਅਗਲਾ ਹਾਲ ਹਵਾਲ।

ਨਜ਼ਰਬੰਦ ਕਰ ਤੁਸਾਂ ਨੂੰ, ਕੀਤਾ ਅਸਾਂ ਲਾਚਾਰ।

ਸੂਬੇ ਥਾਪੇ ਤੁਸਾਂ ਨੇ, ਪੰਜ ਹੋਰ ਅਸਵਾਰ।

ਪੰਜਾਂ ਨੂੰ ਵੀ ਤਾੜਿਆ, ਬੰਦ ਕਰਨ ਲਈ ਸ਼ੋਰ।

ਹੋਰ ਸਤਾਰਾਂ ਥਾਪ ਕੇ, ਤੁਸਾਂ ਵਖਾਇਆ ਜੋਰ।

ਉਹ ਵੀ ਕੀਤੇ ਨਜ਼ਰਬੰਦ, ਹੁਣ ਕੀ ਹੋਰ ਖਿਆਲ।

ਜਲਦੀ ਦਿਓ ਜਵਾਬ ਹੁਣ, ਮੇਰਾ ਸਮਝ ਸੁਆਲ।

ਮਸਤੀ ਅੰਦਰ ਮਸਤ ਹੋ, ਬੋਲ ਉੱਠੇ ਤਤਕਾਲ।

ਆਖਣ ਸਤਿਗੁਰ ਬਿਲਿਆ, ਆਇਆ ਤੇਰਾ ਕਾਲ।

ਮੈਂ ਚੰਗਿਆੜੇ ਬਾਲ ਕੇ, ਦਿੱਤੇ ਦੂਰ ਖਲਾਰ।

ਥਾਂ ਥਾਂ ਭਾਂਬੜ ਲਾਉਣਗੇ, ਬਣ ਬਣ ਕੇ ਅੰਗਿਆਰ।

ਸਾੜਨ ਤੇਰੇ ਤਖਤ ਨੂੰ, ਜਿਸ ਤੇ ਤੈਨੂੰ ਨਾਜ।

ਬਹੁਤੀ ਦੇਰ ਨਾ ਚੱਲਣਾ, ਤੇਰਾ ਏਥੇ ਰਾਜ।

ਵਿੱਚ ਪਿੰਜਰਿਆਂ ਡੱਕ ਕੇ, ਤੂੰ ਗਿਣਤੀ ਦੇ ਸ਼ੇਰ।

ਸਮਝ ਰਿਹੈਂ ਮਹਿਫੂਜ਼ ਤੂੰ, ਹੋ ਕੇ ਦਿਲੋਂ ਦਲੇਰ।

ਘਰ ਘਰ ਅੰਦਰ ਰਾਮ ਸਿੰਘ, ਕਰ ਦੇਵਾਂਗਾ ਜਾਣ।

ਅਣਖ ਅਤੇ ਇਖਲਾਕ ਦੀ, ਚਾੜ੍ਹਾਂ ਐਸੀ ਪਾਣ।

ਇਹ ਗੱਲ ਸੁਣਦੇ ਸਾਰ ਹੀ, ਮੱਠਾ ਹੋਇਆ ਜੋਸ਼।

ਤੁਰਿਆ ਕੰਨ ਵਲੇਟ ਕੇ, ਉੱਡ ਗਏ ਸੂ ਹੋਸ਼।

ਡਰਿਆ  ਹੋਇਆ ਦੇ ਗਿਆ, ਹੁਕਮ ਆਖ ਨਿਗਰਾਨ।

ਕਰਨੀ ਪੂਰੀ ਚੌਕਸੀ, ਆਖੇ ਨਾਲ ਧਿਆਨ।

ਉਹ ਬਗਾਵਤ ਨਦੀ ਨੂੰ, ਸਮਝੇ ਲਾਇਆ ਬੰਨ।

ਫਿਰ ਵੀ ਜਾਵਣ ਤੁਰਦੀਆਂ, ਖਬਰਾਂ ਕੰਨੋ ਕੰਨ।

ਰਲ ਕੇ ਅੰਦਰ ਪੌਣ ਦੇ, ਖਿੱਲਰ ਚੱਲੀ ਬਾਸ।

ਲੱਗੇ ਜਿਉਂ ਅੰਗ੍ਰੇਜ਼ ਦਾ, ਕਰੇ ਪਈ ਪਰਿਹਾਸ।

ਵਹਿੰਦੀ ਧਰਤੀ ਹੇਠ ਜਾਂ, ਸਰਸਵਤੀ ਦੇ ਵਾਂਗ।

ਫਿਰਦੀ ਸੰਗਮ ਸਾਜਦੀ, ਸ਼ਾਂਤਮਈ ਇਹ ਕਾਂਗ।

ਅਠਾਰਾਂ ਸੌ ਛਿਆਹਟ ਦਾ, ਜਾਣ ਈਸਵੀ ਸਾਲ।

ਤਿੰਨ ਲੱਖ ਤੋਂ ਵਧ ਗਏ, ਕੂਕੇ ਹੋਈ ਕਮਾਲ।

ਪਾਬੰਦੀ ਦੇ ਬਾਵਜੂਦ, ਰੁਕਿਆ ਨਾ ਪ੍ਰਚਾਰ।

ਕੂਕੇ ਘਰ ਘਰ ਹੋ ਗਏ, ਸੁਹਣਾ ਰੂਪ ਸਵਾਰ।

* ਸੂਬੇ ਥਾਪਣ ਦਾ ਕਾਰਜ ੧੮੬੧ ਤੋਂ ਸ਼ੁਰੂ ਹੋ ਗਿਆ ਸੀ। ੧੮੬੩ ਈ. ਤੱਕ ਪੰਜ ਹੀ ਸਨ।

# ਕਾਹਨ ਸਿੰਘ ਪਟਿਆਲੇ ੧੮੬੮ ਈ. ਦੇ ਵਿਚਾਲੇ ਜਿਹੇ ਗਏ ਸਨ।



Sri Satguru Jagjit Singh Ji eLibrary NamdhariElibrary@gmail.com

## ਕਾਂਡ - ੧੦

## ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ

ਪਹਿਲਾ ਸਤਿਆਗ੍ਰਹਿ ਇਹ, ਵਿੱਚ ਭਾਰਤ ਇਤਿਹਾਸ।

ਸ੍ਰੀ ਸਤਿਗੁਰੂ ਰਾਮ ਸਿੰਘ, ਕੀਤਾ ਕਾਰਜ ਖਾਸ।

ਨਜ਼ਰਬੰਦ ਕਰ ਆਪ ਨੂੰ, ਗੋਰਾ ਭੈਣੀ ਵਿੱਚ।

ਸੋਚ ਰਿਹਾ ਸੀ ਹੋਣਗੇ, ਨਾਮਧਾਰੀਏ ਜਿੱਚ।

ਛੱਡਣ ਤੰਗੀ ਵੇਖ ਕੇ, ਇਹ ਇਹਨਾਂ ਦਾ ਸਾਥ।

ਕੀ ਜਾਣੇ ਇਹ ਬਹਿਰ ਦੀ, ਔਖੀ ਪਾਉਣੀ ਹਾਥ।

ਸੋਚੇ ਜੇਕਰ ਰੱਖੀਏ, ਭੈਣੀ ਅੰਦਰ ਕੈਦ।

ਕੂਕੇ ਨਵੇਂ ਸਜਾਉਣ ਦੀ, ਕਹਾਦੀ ਫੇਰ ਉਮੈਦ।

ਐਪਰ ਜਿਹੜਾ ਸੋਚਿਆ, ਹੋਇਆ ਉਲਟ ਖਿਆਲ।

ਹੋਇਆ ਵਾਧਾ ਕੂਕਿਆਂ, ਅੰਦਰ ਤੇਜ਼ੀ ਨਾਲ।

ਸਉਣ ਮਹੀਨੇ ਕੰਮੀਆਂ, ਜਿੱਦਾਂ ਖਿੜਣ ਕਮਾਲ।

ਸ਼ਾਮੀ ਵੇਖੋ ਦਸ ਵੀਹ, ਤੜਕੇ ਭਰਿਆ ਤਾਲ।

ਜਿਵੇਂ ਮਹੀਨੇ ਭਾਦਰੋਂ, ਖੁੰਬਾਂ ਸਿਰੀਆਂ ਚਾਉਣ।

ਚੜ੍ਹਦੇ ਸੂਰਜ ਇਸ ਤਰ੍ਹਾਂ, ਕੂਕੇ ਬਣ ਬਣ ਆਉਣ।

ਇਹ ਵੇਖ ਕੇ ਹੋਰ ਵੀ, ਫ਼ਿਕਰ ਪਿਆ ਸਰਕਾਰ।



Sri Satguru Jagjit Singh Ji eLibrary NamdhariElibrary@gmail.com

ਜਿਉਂ ਜਿਉਂ ਚਾਹਵਾਨ ਰੋਕਣਾ, ਹੋਰ ਹੋਏ ਵਿਸਥਾਰ।

ਚਿੱਠੀ ਲਿਖ ਅੰਬਾਲਿਓਂ, ਘੱਲੀ ਵੱਲ ਲਹੌਰ।

ਲਿਖਿਆ ਈ. ਐਚ. ਥੋਰਟਨ, ਪੜ੍ਹਿਓ ਕਰ ਕੇ ਗੌਰ।

ਖਤਰਨਾਕ ਹੈ ਪੰਥ ਇਹ, ਜਲਦ ਵਸੀਲੇ ਭਾਲ।

ਬਾਨੀ ਇਹਦਾ ਪਕੜ ਕੇ, ਸਾਰੇ ਸੂਬੇ ਨਾਲ।

ਘੱਲੋ ਵੱਲ ਬੰਬਈ ਦੇ, ਰਾਹ ਮੁਲਤਾਨ ਲਹੌਰ।

ਦੇਵੋ ਦਿੱਲੀ ਭੇਜ ਜਾਂ, ਕਲਕੱਤੇ ਨੂੰ ਤੋਰ।

ਵਾਪਸ ਚਿੱਠੀ ਭੇਜਦਾ, ਸੋਚ ਸਮਝ ਉਹ ਬਾਤ।

ਆਖਣ ਲੱਗਾ ਅਜੇ ਨੇ, ਨਾ ਅਨਕੂਲ ਹਾਲਾਤ।

ਐਪਰ ਓਧਰ ਗੁਰੂ ਜੀ, ਵੇਖ ਵਕਤ ਦੀ ਚਾਲ।

ਨਜ਼ਰਬੰਦੀਆਂ ਤੋੜਦੇ, ਸ਼ਾਂਤਮਈ ਢੰਗ ਨਾਲ।

ਸਤਿਆਗ੍ਰਹਿ ਕਰਨ ਦਾ, ਕਰ ਦਿੱਤਾ ਐਲਾਨ।

ਮਿਥੇ ਪ੍ਰੋਗਰਾਮ ਕੁਝ, ਉਹਨਾਂ ਨਾਲ ਧਿਆਨ।

ਨਾ ਪ੍ਰਵਾਹ ਸਰਕਾਰ ਦੀ, ਨਾ ਦਿੱਤੀ ਨੇ ਸੂਹ।

ਆਖਣ ਲੱਗੇ ਛੱਡੀਏ, ਹੁਣ ਭੈਣੀ ਦੀ ਜੂਹ।

ਹੋਈ ਇਹ ਸਭ ਵੇਖ ਕੇ, ਖੌਫਜ਼ਦਾ ਸਰਕਾਰ।

ਕੁਝ ਕੁ ਦਿੱਤੀ ਢਿੱਲ ਸੀ, ਉਹਨਾਂ ਸੋਚ ਵੀਚਾਰ।

ਵੱਡੇ ਮੇਲੇ ਕਰਨ ਤੇ, ਰੱਖੀ ਰੋਕ ਲਗਾ।

ਨੇੜੇ ਤੇੜੇ ਜਾਣ ਦਾ, ਦਿੱਤਾ ਹੁਕਮ ਸੁਣਾ।

ਸਤਿਗੁਰ ਜੀ ਨੇ ਫੇਰ ਵੀ, ਅਣਗੌਲੀ ਕਰ ਗੱਲ।

ਆਖਣ ਚੱਲੋ ਅਨੰਦਪੁਰ, ਦਿਓ ਸੁਨੇਹੇ ਘੱਲ।

ਨਾਲੇ ਅਮਨ ਅਮਾਨ ਦਾ, ਰੱਖਣਾ ਤੁਸਾਂ ਖਿਆਲ।

ਇਹ ਹਿਦਾਇਤ ਸੂਬਿਆਂ, ਨੂੰ ਦਿੱਤੀ ਤਤਕਾਲ।

ਛੇ ਫਰਵਰੀ ਸੰਨ ਸੀ, ਅਠਾਰਾਂ ਸੌ ਅਠਾਹਟ।

ਸੂਬਾ ਲੱਖਾ ਸਿੰਘ ਜੀ, ਕਿਹਾ ਮਾਰ ਕੇ ਵਾਟ।

ਜਾ ਲੁਧਿਆਣੇ ਦੇ ਦਿਓ, ਡੀ. ਸੀ. ਨੂੰ ਇਤਲਾਹ।

ਅਸੀਂ ਅਨੰਦਪੁਰ ਜਾਣ ਦੀ, ਪੱਕੀ ਕਰੀ ਸਲਾਹ।

ਇਹ ਸੁਣਕੇ ਸਰਕਾਰ ਨੇ, ਦਿੱਤਾ ਨੰਨਾ ਵਾਚ।

ਸੂਬੇ ਦੀ ਦਰਖਾਸਤ ਤੇ, ਕੀਤੀ ਕੈਸੀ ਟਾਚ।

ਡੀ. ਸੀ. ਜੇ. ਪੀ. ਏਲੀਅਟ, ਲੁਧਿਆਣੇ ਤੋਂ ਚੱਲ।

ਪਹੁੰਚਾ ਭੈਣੀ ਸਾਹਿਬ ਆ, ਕੀਤੀ ਸਾਰੀ ਗੱਲ।

ਪਹਿਲਾਂ ਉਸ ਨੇ ਰੋਕਿਆ, ਜਦੋਂ ਗਲੀ ਨਾ ਦਾਲ।

ਉਸ ਸਮਝੌਤਾ ਕਰ ਲਿਆ, ਚੀਨੀ ਵਾਲੇ ਨਾਲ।

ਦੇ ਇਜ਼ਾਜ਼ਤ ਤੁਰ ਗਿਆ, ਭਰ ਫਾਈਲਾਂ ਦਾ ਪੇਟ।

ਬਾਹਰ ਭੈਣੀਓਂ ਜਾਣ ਲਈ, ਖੋਹਲ ਗਿਆ ਉਹ ਗੇਟ।

ਲਿਖ ਭਾਰਤ ਸਰਕਾਰ ਨੂੰ, ਦਿੱਤੀ ਓਸ ਦਲੀਲ।

ਜੇਕਰ ਜ਼ਬਰੀ ਰੋਕਿਆ, ਹੋਵੇਗੀ ਤਫ਼ਸੀਲ।

ਦੋ ਇਕੱਠ ਹੋਣਗੇ, ਜਿੱਥੇ ਹੋਣਾ ਇੱਕ।

ਖਤਰਾ ਏਦੂੰ ਵੱਧ  ਇਹ, ਮਤੇ ਪਾਉਣ ਨਾ ਫਿੱਕ।

ਜਦੋਂ ਅਨੰਦਪੁਰ ਜਾਣਗੇ, ਵਾਪਸ ਭੈਣੀ ਆਣ।

ਏਥੇ ਮਜਲਸ ਜੋੜ ਕੇ, ਮੁੱਦੇ ਹੋਰ ਉਠਾਣ।

ਇਹਨਾਂ ਦੀਆਂ ਸਰਗਰਮੀਆਂ, ਧੁੰਮੀਆਂ ਵਿੱਚ ਜਹਾਨ।

ਕਾਨਾ ਫੂਸੀ ਹੋ ਰਹੀ, ਆਵਣ ਰੋਜ ਬਿਆਨ।

ਆਖਣ ਕੂਕੇ ਰਹੇ ਨੇ, ਵਕਤ ਪੁਰਾਣਾ ਖੋਜ।

ਰਾਜ ਦੁਬਾਰਾ ਲੈਣ ਲਈ, ਘਾੜਤ ਘੜਦੇ ਰੋਜ।

ਕੂਕ ਕੂਕ ਕੇ ਆਖਦੇ, ਰਾਜ ਪੱਖੀ ਅਖਬਾਰ।

ਇਹ ਖਾਲਸਾ ਰਾਜ ਲਈ, ਕਰਦੇ ਨੇ ਪ੍ਰਚਾਰ।

ਇਹ ਦੁਖਦਾਈ ਬਾਤ ਹੈ, ਕਹਿਣ ਹੈਰਾਨੀ ਨਾਲ।

ਪਏ ਗਵਾਚੇ ਰਾਜ ਲਈ, ਕਰਦੇ ਚਾਲ ਕੁਚਾਲ।

ਤੋੜ ਰਹੇ ਸਰਕਾਰ ਦੇ, ਇਹ ਸਾਰੇ ਕਾਨੂੰਨ।

ਕੈਸਾ ਚੜ੍ਹਿਆ ਕੂਕਿਆਂ, ਤਾਈਂ ਉਲਟ ਜਨੂੰਨ।

ਪਾਓ ਏਸ ਮੁਹਾਜ ਨੂੰ, ਸਖਤੀ ਕਰਕੇ ਠੱਲ੍ਹ।

ਰਾਜ ਖਾਲਸਾ ਲੈਣ ਦੀ, ਭੁੱਲ ਜਾਣ ਇਹ ਗੱਲ।

ਚਾਹੁੰਦਾ ਸੀ ਅੰਗ੍ਰੇਜ਼ ਵੀ, ਇਹ ਭਾਰਤੀ ਲੋਕ।



Sri Satguru Jagjit Singh Ji eLibrary NamdhariElibrary@gmail.com

ਆਪਣਿਆਂ ਤੇ ਆਪਣੇ, ਦੇਣ ਗਵਾਹੀ ਠੋਕ।

ਸੋਟਾ ਬਚਿਆ ਰਹੇ ਜੇ, ਮਾਰ ਲਵਾਂ ਮੈਂ ਸੱਪ।

ਚਾਹਵੇ ਕੂਕੇ ਵੇਖ ਕੇ, ਪਾਉਣ ਪੰਜਾਬੀ ਖੱਪ।

ਲੋਕੀਂ ਹਿੰਦੋਸਤਾਨ ਦੇ, ਮੂੰਹ ਪਾੜ ਕੇ ਕਹਿਣ।

ਰਾਮ ਸਿੰਘ ਨੂੰ ਦੇਸ਼ ਦੇ, ਵਿੱਚ ਨਾ ਦੇਵੋ ਰਹਿਣ।

ਜਦੋਂ ਬਗਾਵਤ ਹੋਣ ਦਾ, ਉੱਕਾ ਰਹੇ ਨਾ ਸ਼ੱਕ।

ਓਦੋਂ ਚੱਲਾਂ ਚਾਲ ਇਹ, ਹੋ ਕੇ ਫੇਰ ਨਿਝੱਕ।

ਅਜੇ ਹਵਾ ਅਨੁਕੂਲ ਨਾ, ਕੰਨਾਂ ਘੇਸੀ ਮਾਰ।

ਵਿੱਚ ਵਿਚਾਲੇ ਵਾਲੜਾ, ਕਰਦਾ ਰਿਹਾ ਵਿਹਾਰ।

## ਸ੍ਰੀ ਅਨੰਦਪੁਰ ਨੂੰ ਰਵਾਨਾ ਹੋਣਾ

ਚੱਲੇ ਪੁਰੀ ਅਨੰਦ ਦੀ, ਹੋ ਕੇ ਦਿਲੋਂ ਤਿਆਰ।

ਚੀਨੀ ਉੱਤੇ ਸਤਿਗੁਰੂ, ਹੋ ਬੈਠੇ ਅਸਵਾਰ।

ਲੱਖਾ ਸਿੰਘ ਤੇ ਸਾਹਿਬ ਸਿੰਘ, ਸੁੱਧ ਸਿੰਘ ਵੀ ਨਾਲ।

ਘੋੜ ਸਵਾਰ ਹੋ ਕੇ, ਕੱਢਣ ਚਾਲ ਰਵਾਲ।

ਊਠਾਂ ਵਾਲੇ ਊਠ ਲੈ, ਬਾਕੀ ਗੱਡੇ ਜੋੜ।

ਪੈਦਲ ਨਾਲ ਜਵਾਨ ਨੇ, ਪਏ ਲਗਾਉਂਦੇ ਦੌੜ।

ਆਈਆਂ ਮਾਈਆਂ ਬੀਬੀਆਂ, ਬੁੱਢੇ ਨੱਢੇ ਬਾਲ।

ਵੱਡਾ ਜੁੜਿਆ ਕਾਫ਼ਲਾ, ਤੁਰਦੇ ਚਾਵਾਂ ਨਾਲ।

ਨਾਲ ਅਨੰਦ ਅਨੰਦਪੁਰ, ਹੋਇਆ ਜਥਾ ਰਵਾਨ।

ਬਣਦੀ ਹੈ ਸੀ ਵੇਖਿਆਂ, ਓਸ ਵਕਤ ਦੀ ਸ਼ਾਨ।

## ਹੋਲੀ ਤੋਂ ਹੋਲਾ

ਹੋਲੀ ਦਾ ਤਿਉਹਾਰ ਹੈ ਸੀ ਭਾਗਾਂ ਵਾਲੜਾ, ਭਗਤ ਉਭਾਰਿਆ।

ਬਾਜਾਂ ਵਾਲੇ ਆਖ ਕੇ ਮਹੱਲਾ ਏਸ ਨੂੰ, ਇੰਜ ਸਤਿਕਾਰਿਆ।

ਆਖਦੇ ਨੇ ਜਿੱਤ ਹੋਈ ਰਾਮ ਨਾਮ ਦੀ, ਬਦੀ ਗਈ ਹਾਰ ਸੀ।

ਏਸ ਖੁਸ਼ੀ ਵਿੱਚ ਰਾਮ ਦੇ ਉਪਾਸ਼ਕਾਂ, ਸਾਜਿਆ ਤਿਉਹਾਰ ਸੀ।

ਜ਼ਾਲਮ ਪਿਤਾ ਨੇ ਪ੍ਰਹਿਲਾਦ ਪੁੱਤ ਨੂੰ, ਭਗਤੀ ਤੋਂ ਰੋਕਿਆ।

ਮੰਨਿਆ ਨਾ ਜਦੋਂ ਫੜ੍ਹਕੇ ਮਾਸੂਮ ਨੂੰ, ਅਗਨੀ ’ਚ ਝੋਕਿਆ।

ਉਹਨੂੰ ਕੌਣ ਮਾਰ ਸੱਕੇ ਰਾਖਾ ਜਿਸ ਦਾ, ਆਪ ਕਰਤਾਰ ਸੀ।

ਏਸ ਖੁਸ਼ੀ ਵਿੱਚ ਰੱਬ ਦੇ ਉਪਾਸ਼ਕਾਂ, ਸਾਜਿਆ ਤਿਉਹਾਰ ਸੀ।

ਬਾਜਾਂ ਵਾਲੇ ਏਸ ਰੰਗਾਂ ਦੇ ਤਿਹਾਰ ਨੂੰ, ਰੰਗ ਨਵਾਂ ਚਾੜ੍ਹਿਆ।

ਹੋਲੀ ਦਾ ਬਣਾਇਆ ਹੋਲਾ ਦਸਮੇਸ਼ ਨੇ, ਜ਼ੁਲਮ ਲਤਾੜਿਆ।

ਚਾੜ੍ਹ ਕੁਰਬਾਨੀ ਵਾਲਾ ਰੰਗ ਕੇਸਰੀ, ਬਦਲੀ ਨੁਹਾਰ ਸੀ।

ਏਸ ਖੁਸ਼ੀ ਵਿੱਚ ਹਰੀ ਦੇ ਉਪਾਸ਼ਕਾਂ, ਸਾਜਿਆ ਤਿਉਹਾਰ ਸੀ।

ਲੋਕੀਂ ਸੁੱਟ ਖੇਡਦੇ ਗੁਲਾਲ ਹੋਲੀਆਂ, ਖੰਡੇ ਨਾਲ ਖਾਲਸਾ।

ਲੋਕਾਂ ਰੰਗ ਖਾਲਸੇ ਨੇ ਖੂਨ ਡੋਹਲਿਆ, ਹੈ ਕਮਾਲ ਖਾਲਸਾ।

ਦੁਖੀਆਂ ਨਿਤਾਣਿਆਂ ਨਿਮਾਣਿਆਂ ਦੀ ਜੋ, ਸਦਾ ਲੈਂਦਾ ਸਾਰ ਸੀ।

ਏਸ ਖੁਸ਼ੀ ਵਿੱਚ ਈਸ਼ ਦੇ ਉਪਾਸ਼ਕਾਂ, ਸਾਜਿਆ ਤਿਉਹਾਰ ਸੀ।

ਚੱਲਿਆ ਏ ਭੈਣੀ ਦਾ ਸੰਤ ਖਾਲਸਾ, ਸੋਹਣੇ ਗੁਰਧਾਮ ਨੂੰ।

ਜਿਨ੍ਹੇ ਪ੍ਰੀਵਾਰ ਵਾਰਿਆ ਸੀ ਕੌਮ ਤੋਂ, ਓਸ ਦੇ ਗ੍ਰਾਮ ਨੂੰ।

ਕੀਤੀ ਬਾਜਾਂ ਵਾਲੇ ਨੇ ਧਰਮ ਰੱਖਿਆ, ਚੁੱਕ ਤਲਵਾਰ ਸੀ।

ਏਸ ਖੁਸ਼ੀ ਵਿੱਚ ਓਸ ਦੇ ਉਪਾਸ਼ਕਾਂ, ਮਾਨਣਾ ਤਿਉਹਾਰ ਸੀ।

## ਜਥੇ ਦੀ ਸ਼ਾਨ

ਉੱਜਲਾ ਨਿਸ਼ਾਨ ਅੱਗੇ ਲਹਿਰਾਂਵਦਾ।

ਚੀਨੀ ਅਸਵਾਰ ਹੈ ਦਾਤਾਰ ਜਾਂਵਦਾ।

ਮਾਰੇ ਲਿਸ਼ਕਾਰੇ ਖੰਡਾ ਦਸਤਾਰ ਤੇ।



Sri Satguru Jagjit Singh Ji eLibrary NamdhariElibrary@gmail.com

ਚੰਨ ਕੋਲ ਤਾਰਾ ਜਿਵੇਂ ਪਰਵਾਰ ਤੇ।

ਨੂਰ ਵੇਖ ਮਾਣ ਟੁੱਟਿਆ ਸੀ ਤੂਰ ਦਾ।

ਹਰ ਇੱਕ ਸੂਬਾ ਟੋਟਾ ਕੋਹਿਨੂਰ ਦਾ।

ਦੁੱਧ ਚਿੱਟੇ ਬਾਣਾ ਦਿਸਦਾ ਵਹੀਰ ਦਾ।

ਮਾਰਦਾ ਉਛਾਲੜੇ ਸਮੁੰਦ ਖੀਰ ਦਾ।

ਦਲ ਬਲ ਨਾਲ ਪੱਚੀ ਕੁ ਹਜ਼ਾਰ ਹੈ।*

ਜਾਪੇ ਜਿਵੇਂ ਜਾਂਦੀ ਹੰਸਾਂ ਦੀ ਡਾਰ ਹੈ।

ਜਾਂਦੀਆਂ ਨੇ ਸੰਗਤਾਂ ਅਨੰਦਪੁਰ ਨੂੰ।

ਦੇਣ ਸ਼ਰਧਾਂਜਲੀ ਦਸਮ ਗੁਰ ਨੂੰ।

ਅੱਗੇ ਜਾਵੇ ਹੱਲੇ ਦਾ ਦੀਵਾਨ ਸੱਜਦਾ।

ਸੁਣ ਮਿੱਠੀ ਬਾਣੀ ਨਹੀਓਂ ਮਨ ਰੱਜਦਾ।

ਸੁਣ ਕੇ ਸ਼ਬਦ ਮਸਤੀ 'ਚ ਭਰਦੇ।

ਗੁਰੂ ਜੀ ਤੇ ਕੇਸਾਂ ਦੀ ਚਵਰ ਕਰਦੇ।

ਉੱਚੀ ਉੱਚੀ ਗਾਉਂਦੇ ਬਾਣੀ ਕੂਕਾਂ ਮਾਰਦੇ।

ਜਾਂਵਦੇ ਨੇ ਪੌਣਾਂ ਦਾ ਕਲੇਜਾ ਠਾਰਦੇ।

ਨਾਲ ਖੜਤਾਲਾਂ ਘੁੰਗਰੂ ਨੇ ਵੱਜਦੇ।

ਢੋਲਕੀ ਤੇ ਛੈਣੇ ਗੜਾ ਗੜ ਗੱਜਦੇ।

ਜੋ ਜੋ ਵੀ ਸੁਣਦਾ ਇਲਾਹੀ ਰਾਗ ਨੂੰ।



. Sri Satguru Jagjit Singh Ji eLibrary NamdhariElibrary@gmail.com .

ਧੋ ਲੈਂਦਾ ਆਪਣੇ ਦਿਲਾਂ ਦੇ ਦਾਗ ਨੂੰ।

ਵੱਜਦੇ ਗਲਾਸ ਕਰਦੇ ਕਮਾਲ ਨੇ।

ਕੜੇ ਨਾਲ ਤਾਲ ਨੂੰ ਮਿਲਾਉਂਦੇ ਤਾਲ ਨੇ।

ਵਿੱਚੋਂ ਕੋਈ ਧਾਰਨਾ ਅਨੋਖੀ ਚੁੱਕਦਾ।

ਬੇਲਿਆਂ ਦੇ ਵਿੱਚ ਜਿਵੇਂ ਸ਼ੇਰ ਬੁੱਕਦਾ।

---o---

-ਭੱਜੇ ਜਾਣਗੇ ਫਿਰੰਗੀ ਵੱਜੇ ਘੁੰਗਰੂ,

ਹੋ, ਭੱਜੇ ਜਾਣਗੇ ਫਰੰਗੀ ਵੱਜੇ ਘੁੰਗਰੂ।

---o---

* ਸਰਕਾਰੀ ਰੀਪੋਰਟ ੮-੧੦ ਹਜ਼ਾਰ ਦੀ ਹੈ।

ਜਿੱਥੋਂ ਜਾਣ ਲੰਘਦੇ ਧਿਆਉਂਦੇ ਈਸ ਨੂੰ।

ਵੇਖ ਵੇਖ ਲੋਕ ਨੇ ਨਿਵਾਉਂਦੇ ਸੀਸ ਨੂੰ।

ਪਿੱਛੇ ਜਿਹੜੇ ਆਉਂਦੇ ਮਸਤੀ 'ਚ ਤਰਦੇ।

ਹੱਥਾਂ ਵਿੱਚ ਮਾਲਾ ਤੇ ਭਜਨ ਕਰਦੇ।

ਗੋਰਿਆਂ ਦਾ ਵੇਖ ਵੇਖ ਦਿਲ ਕੰਬਦਾ।

ਢੋਲਕੀ ਦਾ ਤਾਲ ਗੋਲਾ ਲੱਗੇ ਬੰਬ ਦਾ।

ਆਣ ਕੇ ਫਰੰਗੀ ਅੱਗੋਂ ਰਾਹ ਰੋਕਦਾ।

ਮੁੜ ਜਾਓ ਪਿੱਛੇ ਉਹ ਹੁਕਮ ਠੋਕਦਾ।

ਜੋਸ਼ ਵੇਖ ਖਾਲਸੇ ਦਾ ਸੋਚੀਂ ਪੈ ਗਿਆ।

ਹੱਥ ਜੋੜ ਮਿੰਨਤਾਂ ਕਰਨ ਡਹਿ ਗਿਆ।

ਜਾਓ ਨਾ ਅਨੰਦਪੁਰ ਬੰਨ ਟੋਲੀਆਂ।

ਭੈਣੀ ਸਾਹਿਬ ਬੈਠ ਕੇ ਮਨਾਓ ਹੋਲੀਆਂ।

ਕਹਿਣ ਸਿੱਖ ਇਹਦਾ ਤੈਨੂੰ ਕੀ ਇਲਮ ਆ।

ਏਹੋ ਸਾਡਾ ਮੱਕਾ ਤੇ ਯੋਰੁਸ਼ਿਲਮ ਆ।

ਹੋਲੇ ਉੱਤੇ ਅਸੀਂ ਪਹੁੰਚਣਾ ਜ਼ਰੂਰ ਹੈ।

ਸ਼ਰਧਾ ’ਚ ਰੋਕਣਾ ਨਾ ਦਸਤੂਰ ਹੈ।

ਇਹ ਆਖ ਕਾਫ਼ਲਾ ਅਗਾਂਹ ਤੋਰਿਆ।

ਹਟ ਕੇ ਖਲੋ ਜਾ ਪਿੱਛੇ ਕਹਿਣ ਗੋਰਿਆ।

---o---

ਖੜ੍ਹੇ ਪੁਜਾਰੀ ਮੱਛਰੇ, ਰਲ ਗਏ ਨਾਲ ਨਿਹੰਗ।

ਗਿਰਗਿਟ ਵਾਂਗੂ ਬਦਲਿਆ, ਸੁਣ ਉਹਨਾਂ ਨੇ ਰੰਗ।

ਉਹਨਾਂ ਜਾ ਸਰਕਾਰ ਨੂੰ, ਲਾਇਆ ਫਾਨਾ ਹੋਰ।

ਕੂਕੇ ਆ ਕੇ ਕਰਨਗੇ, ਬੇ-ਮਤਲਬ ਦਾ ਸ਼ੋਰ।

ਇਹ ਕੇਸਗੜ੍ਹ ਸਾਹਿਬ ਤੇ, ਕਬਜ਼ਾ ਆਏ ਜਮੌਣ।



Sri Satguru Jagjit Singh Ji eLibrary NamdhariElibrary@gmail.com

ਮੇਲਾ ਅਮਨ ਅਮਾਨ ਦਾ, ਆ ਕੇ ਭੜਥੂ ਪਾਉਣ।

ਅਸੀਂ ਨਿਮਾਣੇ ਏਸ ਦਾ, ਰੋਕ ਨਾ ਸੱਕੀਏ ਜੋਰ।

ਇਹਦਾ ਕਰੇ ਮੁਕਾਬਲਾ, ਫੌਜ ਬਿਨਾ ਨਾ ਹੋਰ।

ਮੱਲ ਲਿਆ ਜੇ ਆਣਕੇ, ਉਹਨਾਂ ਇਹ ਅਸਥਾਨ।

ਸਾਡੇ ਲਈ ਤਾਂ ਸਮਝਿਓ, ਛੁੱਟਾ ਹੋਣੇ ਜਹਾਨ।

ਕਹਿਣ ਪਏ ਅੰਗ੍ਰੇਜ਼ ਨੂੰ, ਤੁਮ ਹੋ ਮਾਈ ਬਾਪ।

ਆਉਂਦੀ ਏਸ ਬਲਾ ਨੂੰ, ਟਾਲ ਦਿਓ ਜੇ ਆਪ।

ਏਸ ਲਈ  ਸੀ ਰੋਕਿਆ, ਗੋਰੇ ਏਥੇ ਆਣ।

ਆਖੇ ਦੰਗਾ ਹੋਇਗਾ, ਅਸਾਂ ਨਾ ਦੇਣਾ ਜਾਣ।

ਚਾਹੁੰਦਾ ਸੀ ਅੰਗ੍ਰੇਜ਼ ਵੀ, ਰੋਕ ਲਵਾਂ ਇਹ ਕਾਜ।

ਮਤ ਇਹ ਜਨਤਾ ਹੋਰ ਦੇ, ਬਦਲ ਦੇਣ ਸੁਰ ਸਾਜ।

ਓਧਰ ਮੇਰੇ ਚਾਟੜੇ, ਏਧਰ ਜਾਣ ਰਕੀਬ।

ਇੱਕ ਦੂਜੇ ਦੇ ਹੋ ਕੇ ਜੇ, ਇਹ ਬਹਿਣ ਕਰੀਬ।

ਚਾੜ੍ਹ ਦੇਣ ਨਾ ਮਤੇ ਇਹ, ਵਤਨ ਪ੍ਰਸਤੀ ਪਾਣ।

ਹੱਥੋਂ ਨਿਕਲ ਅਸਾਡਿਓਂ, ਇਹਨਾਂ ਦੇ ਹੋ ਜਾਣ।

ਸਤਿਗੁਰ ਜੀ ਨੇ ਆਖਿਆ, ਸਾਡੀ ਮਨਸ਼ਾ ਸਾਫ਼।

ਕਰੀਏ ਦਰਸ ਦੀਦਾਰ ਜਾ, ਹੋਰ ਨਾ ਕੱਢੀਏ ਭਾਫ਼।

---o---



Sri Satguru Jagjit Singh Ji eLibrary NamdhariElibrary@gmail.com

ਪਹਿਲੇ ਵਿੱਚ ਪੜਾ ਦੇ, ਰੁਕੇ ਖੁਮਾਣੋਂ ਜਾ।

ਓਥੋਂ ਦੇ ਵਸਨੀਕ ਸਭ, ਸੇਵ ਕਮਾਉਂਦੇ ਆ।

ਓਥੋਂ ਦਾ ਸਰਦਾਰ ਸੀ, ਵੱਡਾ ਸਿੰਘ ਪ੍ਰਤਾਪ।

ਮਾਇਆ ਸਤਿਗੁਰ ਜੀ, ਨੂੰ ਮੱਥਾ ਟੇਕੇ ਆਪ।

ਕੱਢ ਰੁਪਈਆ ਤਿੰਨ ਸੌ, ਮੱਥਾ ਦਿੱਤਾ ਟੇਕ।

ਧਨ ਅਸਾਡਾ ਆਖਦਾ, ਲਾਓ ਕਾਰਜ ਨੇਕ।

ਚੀਨੀ ਵਾਲੇ ਆਖਿਆ, ਕੱਟ ਜੀਆਂ ਦਾ ਪੇਟ।

ਮਾਇਆ ਇਤਨੀ ਕਾਸ ਨੂੰ, ਤੂੰ ਕਰਨੀ ਸੀ ਭੇਟ।

ਓਸ ਕਿਹਾ ਸੰਕਲਪ ਸੀ, ਦੇਵਾਂ ਹੋਰ ਜਨਾਬ।

ਪੀ ਜਾਂਦਾ ਸਾਂ ਦਾਤਿਆ, ਇਸ ਤੋਂ ਵੱਧ ਸ਼ਰਾਬ।

ਕ੍ਰਿਪਾ ਤੇਰੀ ਨਾਲ ਹੁਣ, ਛੁੱਟ ਗਏ ਸਭ ਐਬ।

ਸਿੰਗ ਗਧੇ ਦੇ ਸੀਸ ਤੋਂ, ਜਿੱਦਾਂ ਹੋਏ ਗੈਬ।

ਅੱਗੇ 'ਭੇਜੋ ਮਾਜਰੇ', ਕੀਤਾ ਆਣ ਅਰਾਮ।

ਓਥੋਂ ਦਿਆਂ ਬ੍ਰਾਹਮਣਾਂ, ਮੰਗ ਮੰਗ ਲੀਤਾ ਨਾਮ।

ਕੀਤਾ ਰੋਪੜ ਲੰਘ ਫਿਰ, ਕੀਰਤਪੁਰ ਬਿਸ਼ਰਾਮ।

ਡੇਰਾ ਕੀਤਾ ਬਾਗ ਵਿੱਚ, ਸੰਗਤ ਰੁਕੀ ਤਮਾਮ।

ਹੁਕਮ ਹੋਇਆ ਦਸਤਾਰਿਆਂ, ਕਰੋ ਬਸੰਤੀ ਰੰਗ।

ਸਤਿਗੁਰ ਜੀ ਤੇ ਸਭਸ ਨੇ, ਰੰਗੇ ਨਾਲ ਉਮੰਗ।

ਚਾਰ ਚੁਫੇਰੇ ਇਸ ਤਰ੍ਹਾਂ, ਜਾਪੇ ਖਿੜੀ ਬਹਾਰ।

ਸਾਰੇ ਆਖਣ ਤੇਰੀਆਂ, ਤੂੰ ਜਾਣੇ ਕਰਤਾਰ।

ਬਾਬੇ ਗੁਰਦਿੱਤੇ ਦਾ ਇਹ, ਬਾਗ ਬੜਾ ਮਸ਼ਹੂਰ।

ਦਿਸੇ ਅਨੰਦਪੁਰ ਸਾਹਮਣੇ, ਏਥੋਂ ਥੋੜ੍ਹੀ ਦੂਰ।

ਉਨੀ ਮਾਰਚ ਈਸਵੀ, ਅਠਾਰਾਂ ਸੌ ਸਤਾਹਟ।

ਜਿਸ ਦਮ ਪਿੱਛੇ ਛੱਡਿਆ, ਕੀਰਤਪੁਰ ਦਾ ਘਾਟ।

ਘਿਰਿਆ ਵਿੱਚ ਪਹਾੜੀਆਂ, ਛੋਟਾ ਜਿਹਾ ਮੈਦਾਨ।

ਦੂਰੋਂ ਦਿਸਦਾ ਕੇਸਗੜ੍ਹ, ਨਾਲ ਖਲੋਤਾ ਸ਼ਾਨ।

## ਸ੍ਰੀ ਅਨੰਦਪੁਰ ਦਾ ਰਮਣੀਕ ਨਜ਼ਾਰਾ

ਪੈਰਾਂ 'ਚ ਪਹਾੜ ਦੇ ਨਜ਼ਾਰਾ ਰਮਣੀਕ ਆਇਆ,

ਅੱਖਾਂ ਹੋਈਆਂ ਠੰਡੀਆਂ ਜਾਂ ਸੰਗਤਾਂ ਨਿਹਾਰਿਆ।

ਸਤਲੁਜ ਨਦੀ ਦਾ ਕਿਨਾਰਾ ਸੋਹਣਾ ਸੋਭਦਾ ਏ,

ਸੁਰਗਾ ਪੁਰੀ 'ਚੋਂ ਕੱਟ ਟੁਕੜਾ ਉਤਾਰਿਆ।

ਸਾਵੀ ਸਾਵੀ ਘਾਹ ਨੇ ਧਰਤ ਕੱਜੀ ਏਸ ਤਰ੍ਹਾਂ,

ਮਖਮਲ ਹਰੀ ਦਾ ਜਿਉਂ ਥਾਨ ਹੈ ਖਿਲਾਰਿਆ।

ਨਿੱਕੀਆਂ ਪਹਾੜੀਆਂ ਤੇ ਫੁੱਲ ਟਹਿਕੇ ਝਾੜੀਆਂ ਤੇ,



Sri Satguru Jagjit Singh Ji eLibrary NamdhariElibrary@gmail.com

ਆਣ ਰਿਤੂ ਰਾਣੀ ਪੀਲਾ ਭੋਸ਼ਨ ਸਵਾਰਿਆ।

ਆਈ ਕਾਇਨਾਤ  ਸੁੱਚੇ ਮੋਤੀਆਂ ਦੀ ਭੇਟ ਲੈ ਕੇ,

ਤੁਪਕਾ ਤਰੇਲ ਪੱਤੇ ਪੱਤੇ ਤੇ ਖਿਲਾਰਿਆ।

ਪੀਲੇ ਫੁੱਲਾਂ ਵਿੱਚੋਂ ਲੰਘ ਕਿਰਨਾਂ ਸਵੇਰ ਦੀਆਂ,

ਸੋਨੇ ਜਿਹਾ ਮੋਤੀਆਂ ਦਾ ਰੂਪ ਹੈ ਸਵਾਰਿਆ।

ਭੌਰੇ ਲਣਬੌਰ ਹੋਏ ਗਾਂਵਦੇ ਹਿੰਡੋਲ ਰਾਗ,

ਪੀਆ ਦੇ ਸੁਆਗਤ ’ਚ ਆਰਤਾ ਉਤਾਰਿਆ।

ਊਸ਼ਾ ਰਾਣੀ ਘੋਲ ਕੇ ਗੁਲਾਲ ਵਿੱਚ ਰਿਸ਼ਮਾ ਦੇ,

ਭਰ ਪਿਚਕਾਰੀ ਨਾਮਧਾਰੀਆਂ ਤੇ ਡਾਰਿਆ।

ਵਗਦੀ ਸਮੀਰ ਹੱਥ ਭੇਜਿਆ ਸੁਨੇਹਾ ਸੁੱਖ,

ਆਓ ਵੇ ਮਨਾਈਏ ਰਲ ਹੋਲੇ ਦਾ ਤਿਉਹਾਰ ਆ।

ਕੱਢ ਖੁਸ਼ਬੋਆਂ ਫੁੱਲਾਂ ਭੇਜੀਆਂ ਇਤਰ ਕਰ।

ਤਾਣਿਆਂ ਚੰਦੋਂਆਂ ਉੱਤੇ ਬੱਦਲਾਂ ਸਵਾਰ ਆ।

ਮਤੇ ਏਸ ਰੰਗ ਵਿੱਚ ਭੰਗ ਆਣ ਪਾਵੇ ਕੋਈ,

ਕਰ ਪਹਿਰੇਦਾਰ ਹੈ ਪਹਾੜਾਂ ਨੂੰ ਖਲ੍ਹਾਰਿਆ।

ਸਰਸਾ ਨਦੀ ਵੀ ਅੱਜ ਸ਼ਰਧਾ ’ਚ ਨੀਵੀਂ ਹੋਈ,

ਕਰਕੇ ਦੀਦਾਰ ਜਾਪੇ ਸ਼ਾਂਤ ਚਿੱਤ ਠਾਰਿਆ।

ਕਲ ਕਲ ਕਰ ਆਣ ਨੀਰ ਨੇ ਚਰਨ ਚੁੰਮੇ,



. Sri Satguru Jagjit Singh Ji eLibrary NamdhariElibrary@gmail.com .

ਜਮੁਨਾ ਨੇ ਜਿੱਦਾਂ ਹੈ ਸੀ ਕਾਹਨ ਸਤਕਾਰਿਆ।
ਸਸੀ ਸੋਭਾ ਪਾਂਵਦਾ ਏ ਤਾਰਿਆਂ ਵਿਚਾਲੇ ਜਿਵੇਂ,
ਸੰਗਤਾਂ ’ਚ ਸੋਹੇ ਏਦਾਂ ਚੀਨੀ ਅਸਵਾਰ ਆ।

ਅੰਦਰ ਜੂਹ ਅਨੰਦਪੁਰ, ਸਤਿਗੁਰ ਧਰਿਆ ਪੈਰ।
ਅਨਹਦ ਧੁਨੀ ਨਿਵੇਕਲੀ, ਗਈ ਫਿਜ਼ਾ ਵਿੱਚ ਤੈਰ।
ਮਸਤੀ ਅੰਦਰ ਮਸਤ ਹੋ, ਤੁਰਦਾ ਜਾਏ ਹਜੂਮ।
ਅਰਸ਼ੋਂ ਆਏ ਦੇਵਤੇ, ਹੋਵੇ ਇੰਜ ਮਾਲੂਮ।
ਹੱਥੀਂ ਮਾਲਾ ਪਕੜੀਆਂ, ਰਸਨਾ ਉੱਤੇ ਨਾਮ।
ਨਾਮ ਖੁਮਾਰੀ ਕਰ ਰਹੀ, ਮਸਤਕ ਤੇ ਵਿਸ਼ਰਾਮ।
ਵੱਜਣ ਛੈਣੇ ਢੋਲਕੀ, ਪੜ੍ਹਦੇ ਸ਼ਬਦ ਅਮੋਲ।
ਰੰਗੇ ਰੰਗ ਪ੍ਰਭੂ ਦੇ, ਤੁਰਦੇ ਜਾਣ ਅਡੋਲ।

ਅੱਗੇ ਲਾਇਆ ਪੁਲਿਸ ਨੇ, ਡੇਰਾ ਨਾਲ ਖਿਆਲ।
ਰੱਖਣ ਉਹ ਨਿਗਰਨੀਆਂ, ਬੈਠੇ ਸਮਾਂ ਸੰਭਾਲ।
ਡਿਪਟੀ ਇੰਸਪੈਕਟਰ, ਜਨਰਲ ਜਾਣ ਪੁਲੀਸ।
ਮੈਕ ਐਂਡਰਿਊਸ ਨੇ, ਕਰਨ ਲਈ ਤਫ਼ਤੀਸ਼।
ਕੁਤਬਦੀਨ ਤੇ ਫਤਹਿ ਦੀਨ, ਜੋੜ ਲਿਆਇਆ ਨਾਲ।


Sri Satguru Jagjit Singh Ji eLibrary NamdhariElibrary@gmail.com

ਜ਼ਿਲ੍ਹੇ ਫਿਰੋਜ਼ਪੁਰ ਤੇ, ਅੰਮ੍ਰਿਤਸਰ 'ਚੋਂ ਭਾਲ।

ਸਰਦਾਰ ਬਹਾਦਰ ਅਤਰ ਸਿੰਘ, ਲਾਈ ਬੈਠਾ ਟੈਂਟ।

ਉਹ ਕਮਾਂਡਰ ਸਾਬਕਾ, ਸ਼ੇਰਦਿਲ ਰਜਮੈਂਟ।

ਵਫ਼ਾਦਾਰ ਸਰਕਾਰ ਦੇ, ਲਏ ਸਿਪਾਹੀ ਹੋਰ।

ਜਿਹੜੇ ਰੱਖਣ ਅੰਦਰੋਂ, ਸਿੱਖਾਂ ਦੇ ਸੰਗ ਖੋਰ।

ਤਖਤ ਕੇਸਗੜ੍ਹ ਸਾਹਿਬ, ਤੋਂ ਪਿੱਛੇ ਥੋੜ੍ਹੀ ਦੂਰ।

ਬੈਠੇ ਖੇਮੇ ਗੱਡ ਕੇ, ਰੋਕਣ ਲਈ ਫਤੂਰ।

ਲਾਏ ਅਫ਼ਸਰ ਗਸ਼ਤ ਤੇ, ਜਾਇਜ਼ਾ ਲੱਗੇ ਲੈਣ।

ਕਰ ਕੇ ਨਜ਼ਰਾਂ ਤਿੱਖੀਆਂ, ਫਿਰਨ ਘੁੰਮਾਉਂਦੇ ਨੈਣ।

ਬੈਠੇ ਮੱਲ ਮਹੰਤ ਨੇ, ਜੱਦੀ ਜਿਵੇਂ ਜਗੀਰ।

ਖਾਤਰ ਪੂਜਾ ਧਾਨ ਦੇ, ਬੈਠੇ ਵੇਚ ਜ਼ਮੀਰ।

ਸੱਦਿਆ ਐਂਡਰਿਊਸ ਨੇ, ਹਰੀ ਸਿੰਘ ਮਹੰਤ।

ਦੱਸਿਆ ਉਹਨੇ ਆ ਰਹੇ, ਨਾਮਧਾਰੀਏ ਸੰਤ।

ਉਹਨਾਂ ਬਾਰੇ ਆਪਣੇ, ਦੱਸੋ ਖੋਹਲ ਵੀਚਾਰ।

ਉਹਨੇ ਅੱਗੋਂ ਕੱਢਿਆ, ਦਿਲ ਦਾ ਇੰਜ ਗੁਬਾਰ।

ਤੇਲ ਵੇਖੀਏ ਆਖਦਾ, ਅਤੇ ਤੇਲ ਦੀ ਧਾਰ।

ਸਾਨੂੰ ਉੱਤੇ ਕੂਕਿਆਂ, ਜ਼ਰਾ ਨਹੀਂ ਇਤਬਾਰ।

ਜੇਕਰ ਦਰਸ਼ਨ ਕਰਨ ਨੂੰ, ਕੂਕੇ ਪਹੁੰਚੇ ਆਣ।

ਹੋਵੇ ਅਮਨ ਕਾਨੂੰਨ ਤੇ, ਖਤਰਾ ਵੱਡਾ ਜਾਣ।

ਹੋਏ ਨਿਹੰਗ ਦੋ ਸੌ, ਏਸੇ ਲਈ ਤਿਆਰ।

ਦੇਣੇ ਕੂਕੇ ਆਉਣ ਨਾ, ਕਹਿਣ ਫੁੰਕਾਰੇ ਮਾਰ।

ਠਹਿਰੇ ਅੰਦਰ ਕੇਸਗੜ੍ਹ, ਬੜਾ ਵਿਖਾਉਂਦੇ ਜੋਸ਼।

ਬਰਛੇ ਬੈਠੇ ਕੱਸ ਕੇ, ਲਾਉਣ ਜੈਕਾਰੇ ਘੋਸ਼।

ਰਗੜੇ ਸੁੱਖ ਨਿਧਾਨ ਨੂੰ ,ਲਾ ਲਾ ਛਕਣ ਜਵਾਨ।

ਜੇਕਰ ਕੂਕੇ ਆ ਗਏ, ਹੋਵੇਗਾ ਘਮਸਾਨ।

ਗੋਰੇ ਕਿਹਾ ਮਹੰਤ ਨੂੰ, ਜਿੰਨੇ ਸ਼ਰਧਾਵਾਨ।

ਸਭ ਨੂੰ ਹੱਕ ਬਰਾਬਰੀ, ਦਰਸ ਕਰਨ ਮਨ ਮਾਨ।

ਫੇਰ ਕਿਸ ਤਰ੍ਹਾਂ ਕੂਕਿਆਂ, ਤਾਈਂ ਦਈਏ ਮੋੜ।

ਤੂੰ ਲੋਕਾਂ ਭੜਕਾ ਰਿਹੈਂ, ਦਿਲ ਤੇਰੇ ਹੈ ਕੋਹੜ।

ਦੰਗਾ ਕੀਤਾ ਕਿਸੇ ਜਾਂ, ਹੱਥ ਪਕੜ ਹਥਿਆਰ।

ਹੋਵੇਂਗਾ ਇਸ ਬਾਤ ਦਾ, ਤੂੰ ਹੀ ਜ਼ਿੰਮੇਵਾਰ।

ਮੰਨਣ ਦੇ ਲਈ ਗੱਲ ਇਹ, ਉਹ ਹੋਇਆ ਮਜ਼ਬੂਰ।

ਐਪਰ ਜਿਹੜੀ ਗੱਲ ਤੋਂ, ਸੋਚੇ ਕਰਨ ਫਤੂਰ।

ਆਵਣ ਨੰਗੇ ਸੀਸ ਨਾ, ਕੂਕੇ ਏਥੇ ਚੱਲ।

ਮੰਨ ਲਈ ਇਹ ਅਫ਼ਸਰਾਂ, ਉਹਦੀ ਇੱਕੋ ਗੱਲ।

ਅਠਾਰਾਂ ਸੌ ਸਤਾਹਟ ਦੀ, ਉਨੀ ਮਾਰਚ ਜਾਣ।



. Sri Satguru Jagjit Singh Ji eLibrary NamdhariElibrary@gmail.com .

ਸਾਲ ਈਸਵੀ ਵਿੱਚ, ਉਹ ਪਹੁੰਚੇ ਓਥੇ ਆਣ।

ਚੀਨੀ ਵਾਲੇ ਪਾਤਸ਼ਾਹ, ਚੀਨੀ ਤੇ ਅਸਵਾਰ।

ਉਹਨਾਂ ਦੇ ਸੰਗ ਹੋਰ ਸਨ, ਚਾਲੀ ਘੋੜ ਸਵਾਰ।

ਅੱਗੇ ਲੱਗ ਨਗਾਰਚੀ, ਦਏ ਨਗਾਰੇ ਚੋਟ।

ਮਗਰ ਨਿਸ਼ਾਨ ਸਾਹਿਬ ਲੈ, ਤੁਰਨ ਗੁਰਾਂ ਦੀ ਓਟ।

ਪਿੱਛੇ ਪੈਦਲ ਆ ਰਹੇ, ਉੱਚੀ ਲਾ ਜੈਕਾਰ।

ਗੁਰਬਾਣੀ ਦਾ ਗਾਇਨ ਕਰ, ਮਸਤ ਹੋਏ ਨਰ ਨਾਰ।

ਬਾਕੀ ਮਾਲਾ ਫੇਰਦੇ, ਜਪਣ ਚੌਅੱਖਰਾ ਨਾਮ।

ਇੰਜ ਸਰਕਾਰੀ ਕੈਂਪ ਦੇ, ਪਹੁੰਚੇ ਕੋਲ ਤਮਾਮ।

ਵੇਖ ਅਨੋਖਾ ਕਾਫ਼ਲਾ, ਅਫ਼ਸਰ ਆਏ ਬਾਹਰ।

ਡੀ. ਆਈ. ਜੀ. ਨਾਲ ਸੀ, ਪੁਲਿਸ ਮਹਿਕਮੇ ਦਾਰ।

ਚੀਨੀ ਵਾਲੇ ਪਾਤਸ਼ਾਹ, ਘੋੜੀ ਦਿੱਤੀ ਰੋਕ।

ਪਿੱਛੇ ਆਉਂਦੇ ਰੁਕ ਗਏ, ਏਦਾਂ ਸਾਰੇ ਲੋਕ।

ਸੱਜੀ ਬਾਂਹ ਉਤਾਂਹ ਚੁੱਕ, ਜਾਂ ਕੀਤਾ ਸੰਕੇਤ।

ਬਿਲਕੁਲ ਸ਼ਾਂਤ ਹੋ ਗਿਆ, ਸਾਗਰ ਜਾਣ ਸਵੇਤ।

ਇਹ ਮਰਿਆਦਾ ਵੇਖ ਕੇ, ਅਫ਼ਸਰ ਹੋਏ ਦੰਗ।

ਕਈਆਂ ਦਾ ਇਹ ਵੇਖ ਕੇ, ਫਿੱਕਾ ਹੋਇਆ ਰੰਗ।

ਮਰਿਆਦਾ ਪ੍ਰਸ਼ੋਤਮ, ਜਾਪੇ ਓਹੋ ਰਾਮ।



Sri Satguru Jagjit Singh Ji eLibrary NamdhariElibrary@gmail.com

ਮੈਕ ਐਂਡਰਿਊਸ ਨੇ, ਕੀਤਾ ਅਦਬ ਸਲਾਮ।

ਸੂਬੇ ਸੁੱਧ ਸਿੰਘ ਨੂੰ, ਕਿਹਾ ਨਾਲ ਦਸਤੂਰ।

ਘੋੜੇ ਉੱਤੋਂ ਉੱਤਰੋ, ਸੁਣਿਓਂ ਬਾਤ ਹਜ਼ੂਰ।

ਉੱਤਰੇ ਸੂਬਾ ਸੁੱਧ ਸਿੰਘ, ਵਿੱਚ ਸੂਬਿਆਂ ਜੇਠ।

ਚੀਨੀ ਵਾਲੇ ਆਪ ਵੀ, ਉੱਤਰ ਆਏ ਹੇਠ।

ਹੱਥ ਜੋੜ ਅੰਗ੍ਰੇਜ਼ ਨੇ, ਅੱਗੋਂ ਕਿਹਾ ਵੀਚਾਰ।

ਮੇਮ ਲੋਚਦੀ ਤੁਸਾਂ ਦੇ, ਕਰਨੇ ਦਰਸ ਦੀਦਾਰ।

ਉੱਤਰ ਆਏ ਵੇਖ ਕੇ, ਬਾਕੀ ਸੂਬੇ ਹੋਰ।

ਹੋਏ ਨੇੜੇ ਟੈਂਟ ਦੇ, ਤੁਰ ਕੇ ਤਿੱਖੀ ਤੋਰ।

ਡੀ. ਸੀ. ਜੋ ਹੁਸ਼ਿਆਰਪੁਰ, ਨਾਲ ਖਲੋਤਾ ਆਣ।

ਮੈਕ ਕਰਾਈ ਪਾਰਕਿੰਗ ਦੇ, ਸੰਗ ਜਾਣ ਪਛਾਣ।

ਫੇਰ ਓਸ ਨੇ ਕਰਨ ਲਈ, ਖਾਸ ਖਾਸ ਗੱਲ ਬਾਤ।

ਸਤਿਗੁਰ ਜੀ ਤੇ ਸੂਬਿਆਂ, ਲੈ ਤੁਰਿਆ ਇਸ ਭਾਂਤ।

ਤੰਬੂ ਅੰਦਰ ਜਾ ਕੇ, ਆਦਰ ਨਾਲ ਬੈਠਾਲ।

ਪਹਿਲਾਂ ਉਸ ਨੇ ਪੁੱਛਿਆ, ਜਾਣ ਸਰਸਰੀ ਹਾਲ।

ਸੋਹਣੀ ਕੁਰਸੀ ਡਾਹ ਕੇ, ਪੋਲੀ ਗੱਦੇਦਾਰ।

ਫੇਰ ਬੈਠਾਇਆ ਓਸ ਤੇ, ਨਾਲ ਬੜੇ ਸਤਿਕਾਰ।

ਚਰਨਾਂ ਦੇ ਵਿੱਚ ਆਣ ਕੇ, ਹਾਜ਼ਰ ਹੋਈ ਮੇਮ।

ਮਿਲਿਆ ਜੀਵਨ ਦਾਨ ਹੈ, ਆਖੇ ਨਾਲ ਪ੍ਰੇਮ।

ਸੁੱਕੇ ਮੇਵੇ ਪਾ ਕੇ, ਪੂਰ ਲਿਆਈ ਥਾਲ।

ਪੰਝੀ ਮੋਹਰਾਂ ਓਸ ਤੇ, ਭੇਟਾ ਰੱਖੀ ਨਾਲ।

ਮੋਹਰਾਂ ਸਤਿਗੁਰ ਜੀ ਨੇ, ਵਾਪਸ ਦਿੱਤੀਆਂ ਮੋੜ।

ਦੌਲਤ ਬੜੀ ਪ੍ਰੇਮ ਦੀ, ਸਾਨੂੰ ਉਸ ਦੀ ਲੋੜ।

ਤੇਰੇ ਉੱਤੋਂ ਆਖਦੀ ਮੈਂ, ਜਾਵਾਂ ਬਲਿਹਾਰ।

ਤੇਰੇ ਵਿੱਚੋਂ ਹੋ ਰਿਹਾ, ਈਸਾ ਦਾ ਦੀਦਾਰ।

ਕੀਤਾ ਮੇਮ ਦੀਦਾਰ ਜਾਂ, ਦਿਲ ਹੋਇਆ ਸਰਸ਼ਾਰ।

ਸਾਹਿਬ ਆਣ ਕੇ ਬੈਠਿਆ, ਲੱਗਾ ਕਰਨ ਵੀਚਾਰ।

ਪੁੱਛੇ ਫੇਰ ਅਨੰਦਪੁਰ, ਕਿਹੜੇ ਨਾਲ ਖਿਆਲ।

ਲੈ ਹਜੂਮ ਆ ਰਹੇ, ਕਿਸ ਮਨੋਰਥ ਨਾਲ।

ਸਤਿਗੁਰ ਜੀ ਨੇ ਆਖਿਆ, ਕਰਨਾ ਦਰਸ ਦੀਦਾਰ।

ਕਰਨ ਨਮਨ ਗੁਰ ਧਾਮ ਤੇ, ਆਏ ਸ਼ਰਧਾ ਧਾਰ।

ਅਫ਼ਸਰ ਆਖੇ ਡਰ ਰਹੇ, ਸੰਤ ਮਹੰਤ ਨਿਹੰਗ।

ਆਖਣ ਕਬਜ਼ਾ ਕਰਨਗੇ, ਏਥੇ ਆਣ ਨਿਸ਼ੰਗ।

ਨੰਗੇ ਸਿਰ ਨੇ ਵਿਚਰਦੇ, ਇਹ ਦਸਤਾਰ ਉਤਾਰ।

ਕੇਸਗੜ੍ਹ ਵੀ ਆਉਣਗੇ, ਕਰਦੇ ਉਲਟ ਵਿਹਾਰ।

ਆਉਣ ਸਭੇ ਸਿਰ ਢਕ ਕੇ, ਇਹ ਉਹਦਾ ਇਤਰਾਜ਼।



Sri Satguru Jagjit Singh Ji eLibrary NamdhariElibrary@gmail.com

ਅੱਗੋਂ ਦੱਸੋ ਤੁਸੀਂ  ਹੁਣ, ਮਨ ਦਾ ਸਾਰਾ ਰਾਜ।

ਸਤਿਗੁਰ ਜੀ ਨੇ ਆਖਿਆ, ਕਰੀਏ ਕਿਉਂ ਅਪਮਾਨ।

ਲਹਿ ਜਾਂਦੀ ਦਸਤਾਰ ਹੈ, ਮਸਤੀ ਅੰਦਰ ਆਣ।

ਸ਼ਬਦ ਕੀਰਤਨ ਰਸ ਭਰੇ, ਸੁਣ ਸੁਣ ਭੁੱਲਣ ਹੋਸ਼।

ਲਹਿ ਜਾਂਦੀ ਦਸਤਾਰ ਹੈ, ਉਂਜ ਹੈਣ ਨਿਰਦੋਸ਼।

ਫੇਰ ਕਿਹਾ ਅੰਗ੍ਰੇਜ਼ ਨੇ, ਏਨਾ ਨਾਲ ਹਜੂਮ।

ਲੈ ਕੇ ਆਏ ਕਿਉਂ ਹੋ, ਹੋਵੇ ਹਾਲ ਮਾਲੂਮ।

ਘਰ ਦਾ ਇੱਕ ਇੱਕ ਜੀ ਹੀ, ਆਇਐ ਆਖਣ ਚੱਲ।

ਦਿਲ ਜਿਨ੍ਹਾਂ ਦੇ ਦਰਸ ਦੀ, ਸਧਰ ਲੀਤੇ ਮੱਲ।

ਗੁਰੂ ਧਾਮ ਕਬਜਾਉਣ ਦੀ, ਨਹੀਂ ਅਸਾਨੂੰ ਲੋੜ।

ਐਸਾ ਅੰਦਰ ਦਿਲਾਂ ਦੇ, ਸਾਡੇ ਮੂਲ ਨਾ ਕੋੜ੍ਹ।

ਫੇਰ ਆਖਿਆ ਅਫ਼ਸਰਾਂ, ਸਾਰੀ ਮਸਲਤ ਜੋੜ।

ਚੁੱਪ ਚਪੀਤੇ ਜਾਓ ਜੀ, ਜਿਵੇਂ ਸਮੇਂ ਦੀ ਲੋੜ।

ਕੂਕੇ ਲਾਉਣ ਦੀਵਾਨ ਨਾ, ਨਾ ਗੁਰਬਾਣੀ ਗਾਉਣ।

ਸਿਰ ਦਸਤਾਰ ਸਵਾਰ ਕੇ, ਮੱਥਾ ਟੇਕਣ ਆਉਣ।

ਚੁੱਪ ਚਪੀਤੇ ਸ਼ਾਂਤ ਚਿੱਤ, ਕਰ ਕੇ ਦਰਸ ਦੀਦਾਰ।

ਵਾਪਸ ਪਰਤੇ ਖਾਲਸਾ, ਡਾਢੇ ਨਾਲ ਪਿਆਰ।

ਇਹ ਨਿਰਨਾ ਕਰ ਅਫ਼ਸਰਾਂ, ਅਤਰ ਸਿੰਘ ਸਰਦਾਰ।



. Sri Satguru Jagjit Singh Ji eLibrary NamdhariElibrary@gmail.com .

ਹਰੀ ਸਿੰਘ ਮਹੰਤ ਵੱਲ, ਦਿੱਤਾ ਭੇਜ ਵੀਚਾਰ।

ਇਹ ਹਿਦਾਇਤ ਅਫ਼ਸਰਾਂ, ਕੀਤੀ ਪੱਕੀ ਨਾਲ।

ਕੱਢਣ ਝਗੜੇ ਵਾਲੜਾ, ਦਿਲੋਂ ਨਿਹੰਗ ਖਿਆਲ।

ਉੱਨੀ ਇੱਕੀ ਕਰਨ ਜੇ, ਦੱਸਿਓ ਦਬਕਾ ਮਾਰ।

ਦਸਤਾ ਫੇਰ ਪੁਲ਼ਿਸ ਦਾ, ਦੇਵੇ ਭੁਗਤ ਸਵਾਰ।

ਅਤਰ ਸਿੰਘ ਤੇ ਕੁਤਬ ਸ਼ਾਹ, ਨਾਲੇ ਫ਼ਜ਼ਲ ਹੁਸੈਨ।

ਜ਼ਿੰਮੇਵਾਰੀ ਤੁਸਾਂ ਦੀ, ਰਹੇ ਅਮਨ ਤੇ ਚੈਨ।

## ਡੇਰਾ ਲਵਾਉਣਾ

ਪੱਕੀ ਕਰ ਕੇ ਆਖਿਆ, ਇਹ ਗੋਰੇ ਫੁਰਮਾਨ।

ਮੇਰੀ ਏਸੇ ਬਾਤ ਨੂੰ, ਸੁਣਿਓਂ ਨਾਲ ਧਿਆਨ।

ਡੇਰੇ ਖਾਤਰ ਗੁਰਾਂ ਦੇ, ਭੇਜੋ ਸਾਜ ਸਮਾਨ।

ਹੁਕਮ ਸੁਣਾਇਆ ਓਸ ਨੇ, ਜਿਵੇਂ ਅਫ਼ਸਰੀ ਸ਼ਾਨ।

ਤੰਬੂ ਅਤੇ ਕਨਾਤ ਲਾ, ਬੈਠਣ ਨਾਲ ਅਰਾਮ।

ਆਏ ਮੰਜ਼ਲ ਮਾਰ ਕੇ, ਬੈਠ ਕਰਨ ਵਿਸ਼ਰਾਮ।

ਗੁੜ ਦਿੱਤਿਆਂ ਵੈਰੀ ਮਰੇ, ਮਹੁਰਾ ਹੈ ਨਿਸ਼ਕਾਮ।

ਮੌਕਾ ਪਿਆ ਸੰਭਾਲਦਾ, ਉਹ ਅਫ਼ਸਰ ਬਿਨ ਦਾਮ।



Sri Satguru Jagjit Singh Ji eLibrary NamdhariElibrary@gmail.com

ਭਾਵੇਂ ਵਿੱਚੋਂ ਹਿੱਲਿਆ, ਬਾਹਰੋਂ ਮਿੱਠਾ ਬੋਲ।

ਕਰਦਾ ਬਚਨ ਪ੍ਰੇਮ ਦੇ, ਉਹ ਜਾਪੇ ਅਣਭੋਲ।

ਮਦਦ ਕਰੋਗੇ ਆਖਦਾ, ਪਏ ਅਸਾਨੂੰ ਲੋੜ।

ਏਸ ਤੁਹਾਡੀ ਫੌਜ ਦਾ, ਹੈ ਤਗੜਾ ਗੱਠ ਜੋੜ।

ਸਤਿਗੁਰ ਜੀ ਨੇ ਆਖਿਆ, ਸਾਰੀ ਗੱਲ ਨਿਤਾਰ।

ਮਦਦ ਮੰਗੇਂ ਕਾਸ ਲਈ, ਦੱਸ ਨਾਲ ਵਿਸਥਾਰ।

ਮਦਦ ਕਾਹਦੀ ਦੇਵੀਏ, ਰਾਜੇ ਨਹੀਂ ਵਜ਼ੀਰ।

ਮੈਂ ਇੱਕ ਦਸਤਕਾਰ ਹਾਂ, ਚੇਲੇ ਮਸਤ ਫ਼ਕੀਰ।

ਆਏ ਮੇਲਾ ਵੇਖਣੇ, ਕਰ ਕੇ ਸ਼ਰਧਾ ਸ਼ੌਕ।

ਤੁਰ ਜਾਵਣਗੇ ਵੇਖ ਕੇ, ਘਰੋ ਘਰੀਂ ਇਹ ਲੋਕ।

ਇਹ ਗੱਲ ਸੁਣ ਕੇ, ਓਸ ਨੇ ਅੱਗੋਂ ਆਖੀ ਬਾਤ।

ਅੱਗੇ ਨੇ ਗੁਰਧਾਮ ਤੇ, ਵਿਗੜੇ ਹੋਏ ਹਾਲਾਤ।

ਜਾਵੋ ਦਰਸ਼ਨ ਕਰਨ ਨੂੰ, ਦੱਸਿਓ ਹੁਕਮ ਹਜ਼ੂਰ।

ਪਹਿਲਾਂ ਘੰਟੇ ਦੋ ਕੁ, ਕਰਿਓ ਬਾਤ ਜ਼ਰੂਰ।

ਤਾਂ ਕਿ ਮਸਤੇ ਲੋਕ ਨਾ, ਪਾਵਣ ਕੋਈ ਫਤੂਰ।

ਕਰ ਦੇਵਾਂ ਹੰਕਾਰ ਮੈਂ, ਵਿੱਚ ਪਲਾਂ ਦੇ ਚੂਰ।

ਉਸ ਤੋਂ ਵਿਦਿਆ ਹੋ ਕੇ, ਬੈਠੇ ਮੱਲ ਪੜਾ।

ਚਰਨ ਗੰਗਾ ਕੋਲ, ਜਾ ਡੇਰਾ ਲਿਆ ਜਮਾ।

ਹੁਕਮ ਸੁਣਾਇਆ ਸਤਿਗੁਰਾਂ, ਤੰਬੂ ਲਵੋ ਸਵਾਰ।

ਐਪਰ ਦਿਨ ਦੇ ਚਾਨਣੇ, ਸਾਰੇ ਕਰੋ ਤਿਆਰ।

ਪਹਿਲਾਂ ਲਾਏ ਜਿਨ੍ਹਾਂ ਨੇ, ਭਿੱਜੀ ਮੂਲ ਨਾ ਕੰਡ।

ਜਿਨ੍ਹਾਂ ਹੁਕਮ ਅਦੂਲਿਆ, ਵਾਛੜ ਦਿੱਤੇ ਫੰਡ।

## ਅਫ਼ਸਰ ਨੇ ਪੁਜਾਰੀਆਂ ਨੂੰ ਆਖਣਾ

ਸੱਦ ਮੈਕ ਨੇ ਕਿਹਾ ਪੁਜਾਰੀਆਂ ਨੂੰ,

ਕੂਕੇ ਅੱਜ ਦੀਦਾਰ ਨੂੰ ਆਉਣਗੇ ਉਹ।

ਅਸਾਂ ਹੋਣ ਨਾ ਦੇਣਾ ਹੈ ਮੂਲ ਦੰਗਾ,

ਸੱਧਰ ਦਿਲਾਂ ਵਾਲੀ ਸਾਰੀ ਲਾਹੁਣਗੇ ਉਹ।

ਪੱਗ ਲਾਹੁਣ ਨਾ ਲਾਉਣ ਦੀਵਾਨ ਕੋਈ,

ਬਾਕੀ ਕਰਨ ਕੂਕੇ ਜਿੱਦਾਂ ਚਾਹੁਣਗੇ ਉਹ।

ਦਰਸ਼ਨ ਕਰਕੇ ਆਉਣਗੇ ਪਰਤ ਪਿੱਛੇ,

ਕਿਸੇ ਉੱਤੇ ਨਾ ਹੱਥ ਉਠਾਉਣਗੇ ਉਹ।

ਅੱਗੋਂ ਕਿਹਾ ਪੁਜਾਰੀਆਂ ਮੈਕ ਤਾਈਂ,

ਕੂਕੇ ਆਉਣ ਤਾਂ ਖੰਡਾ ਖੜਕਾਵਾਂਗੇ ਜੀ।



. Sri Satguru Jagjit Singh Ji eLibrary NamdhariElibrary@gmail.com .

ਦਰਸ਼ਨ ਦਿਆਂਗੇ ਕਰਨ ਨਾ ਕੇਸਗੜ੍ਹ ਦੇ,

ਅਸੀਂ ਮਾਰਾਂਗੇ ਜਾਂ ਮਰ ਜਾਵਾਂਗੇ ਜੀ।

ਸਾਡੇ ਪਾਸ ਅਕਾਲ ਦੀ ਫੌਜ ਬੈਠੀ,

ਬਰਛੇਧਾਰੀ ਨਿਹੰਗ ਲੜਾਵਾਂਗੇ ਜੀ।

ਗੜਵੇ ਡੋਰੀਆਂ ਛੱਡ ਕੇ ਜਾਣ ਨੱਸੇ,

ਭਾਜੜ ਕੂਕਿਆਂ ਨੂੰ ਐਸੀ ਪਾਵਾਂਗੇ ਜੀ।

ਅੱਗੋਂ ਮੈਕ ਨੇ ਮੋੜ ਜੁਆਬ ਦਿੱਤਾ,

ਕੂਕੇ ਨਾਲ ਲਿਆਏ ਹਥਿਆਰ ਕੋਈ ਨਹੀਂ।

ਮਾਲਾ ਸਭਸ ਨੇ ਹੱਥਾਂ ਦੇ ਵਿੱਚ ਫੜੀਆਂ,

ਲੜਨ ਵਾਸਤੇ ਮਾੜਾ ਵੀਚਾਰ ਕੋਈ ਨਹੀਂ।

ਐਪਰ ਤੁਸਾਂ ਨੇ ਛੇੜੀ ਜੇ ਛੇੜ ਕੋਈ,

ਕਰਨਾ ਅਸਾਂ ਲਿਹਾਜ ਵੀਚਾਰ ਕੋਈ ਨਹੀਂ।

ਮਾਰ ਪੁਲਿਸ ਨੇ ਭੰਨ ਬੁਥਾੜ ਦੇਣੇ,

ਆਉਣਾ ਸਾਲ ਚੌਦਾਂ ਜੇਲ੍ਹੋਂ ਬਾਹਰ ਕੋਈ ਨਹੀਂ।

ਦਬਕਾ ਮਾਰ ਨਿਹੰਗ ਡਰਾ ਦਿੱਤੇ,

ਬੈਠ ਗਏ ਉਹ ਨੀਰ ਦੀ ਝੱਗ ਵਾਂਗੂੰ।



. Sri Satguru Jagjit Singh Ji eLibrary NamdhariElibrary@gmail.com .

ਸਾਰੇ ਵਾਂਗ ਸਵਾਹ ਦੇ ਹੋਏ ਠੰਡੇ,
ਜਿਹੜੇ ਮੱਚਦੇ ਪਏ ਸਨ ਅੱਗ ਵਾਂਗੂੰ।
ਠੱਗੇ ਹੋਏ ਬਟਾਊ ਦੇ ਵਾਂਗ ਬਹਿ ਗਏ,
ਫਿਰਦੇ ਜੋ ਬਨਾਰਸੀ ਠੱਗ ਵਾਂਗੂੰ।
ਉੱਚੇ ਕੱਢ ਦੁਮਾਲੜੇ ਆਏ ਜਿਹੜੇ,
ਪੈਰੀਂ ਰੁਲੇ ਉਹ ਕਾਇਰ ਦੀ ਪੱਗ ਵਾਂਗੂੰ।

ਵਿਸ ਘੋਲਦੇ ਉਹ ਕੁੱਟੇ ਸੱਪ ਵਾਂਗੂ,
ਸੀਨੇ ਵੱਜੀਆਂ ਤੇਜ਼ ਕਟਾਰੀਆਂ ਨੇ।
ਸਿਰੀਂ ਈਰਖਾ ਦੀ ਚੁੱਕੀ ਪੰਡ ਫਿਰਦੇ,
ਪੂਜਾ ਧਾਨ ਖਾ ਖਾ ਮੱਤਾ ਮਾਰੀਆਂ ਨੇ।
ਸਿੱਖ ਹੋ ਕੇ ਸਿੱਖਾਂ ਨੂੰ ਗ਼ੈਰ ਸਮਝਣ,
ਢੋਈਆਂ ਮੇਲ ਮਿਲਾਪ ਦੀਆਂ ਬਾਰੀਆਂ ਨੇ।
ਕਦੋਂ ਸਾਧਾਂ ਦੇ 'ਬਾਜਵਾ' ਹੋਣ ਸੱਕੇ,
ਜਿਨ੍ਹਾਂ ਨਾਲ ਚੋਰਾਂ ਲਾਈਆਂ ਯਾਰੀਆਂ ਨੇ।

---o---

ਵੱਜੀ ਭਰੇ ਸਵੇਰ ਦੀ, ਅਨਹਦ ਤਾਨ ਸਮਾਨ।


Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆਂ ਨਦੀ ਤੇ, ਜਾ ਇਸ਼ਨਾਨ ਕੀਤਾ।

ਭਰ ਭਰ ਗੜਵੇ ਨੀਰ ਦੇ, ਕੇਸਾਂ ਅੰਦਰ ਪਾਉਣ।

ਜਲ ਮਿਲਿਆ ਪ੍ਰਮੇਸ਼ਰ ਮਿਲਿਆ, ਉੱਚੀ ਉੱਚੀ ਗਾਉਣ।

ਅੰਮ੍ਰਿਤ ਵੇਲੇ ਹੋ ਗਿਆ, ਸੱਜ ਗਿਆ ਦਰਬਾਰ।

ਲਾਈ ਸੋਹਣੀ ਕੂਕਿਆਂ, ਆਸਾ ਜੀ ਦੀ ਵਾਰ।

ਗਾਵਣ ਵਾਰ ਬਸੰਤ ਦੀ, ਨਾਲ ਭੈਰਵੀ ਰਾਗ।

ਸੁਣਦੀ ਕੰਨੀ ਜਿਦ੍ਹੇ ਵੀ, ਖੋਹਲੇ ਉਹਦੇ ਭਾਗ।

---o---

ਇੰਜ ਉਹਨਾਂ ਨੇ ਆਖਰ ਦੇ ਵਿੱਚ ਸ਼ਬਦ ਭੋਗ ਦਾ ਗਾਇਆ।

"ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥

ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ।

ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥"

---o---

ਪੜ੍ਹ ਆਸਾ ਦੀ ਵਾਰ ਨੂੰ, ਕੀਤੀ ਜਾਂ ਅਰਦਾਸ।

ਫੇਰ ਦੀਵਾਨ ਸਜਾ ਲਿਆ, ਉਹਨਾਂ ਓਥੇ ਖਾਸ।

ਪੜ੍ਹਦੇ ਸ਼ਬਦ ਪ੍ਰੇਮ ਦੇ, ਮਸਤੀ ਵਿੱਚ ਮਖਮੂਰ।

ਵੱਜਣ ਛੈਣੇ ਢੋਲਕੀ, ਸੁਰ ਉੱਚੀ ਪੂਰ ਨੂਰ।

ਉੱਚੀ ਆਖਣ ਹੇ ਸਖੀ, ਮੇਰੇ ਚੰਗੇ ਭਾਗ।
ਆਜ ਹਮਾਰੇ ਗ੍ਰਿਹਿ ਮੇਂ, ਆਓ ਖੇਲੋ ਫਾਗ।
ਦਿਓ ਵਧਾਈਆਂ ਆਣ ਕੇ, ਮੈਂ ਘਰ ਆਇਆ ਕੰਤ।
ਕੰਤ ਮਿਲੇ ਸੁੱਖ ਪਾਇਆ, ਮੇਰੇ ਗ੍ਰਿਹਿ ਬਸੰਤ।
ਮਸਤੀ ਜਾਏ ਬਿਖੇਰਦਾ, ਉਹ ਸਤਿਗੁਰ ਦਾ ਸੰਗ।
ਲੋਰ ਇਲਾਹੀ ਚੜ੍ਹ ਗਈ, ਬੱਝਣ ਲੱਗੇ ਰੰਗ।
ਨਾਮਧਾਰਨਾਂ ਬੀਬੀਆਂ, ਖਾ ਸ਼ਬਦਾਂ ਦੇ ਬਾਣ।
ਭੁੱਲਣ ਸੁੱਧ ਸਰੀਰ ਦੀ, ਨਾਮ ਨਾਲ ਨਿਵ ਲਾਣ।
ਨਿਰਤਕਾਰੀਆਂ ਕਰਦੀਆਂ, ਖੁੱਲ੍ਹੇ ਗਲ ਵਿੱਚ ਵਾਲ।
ਫਟਕਣ ਵਾਂਗ ਕਬੂਤਰਾਂ, ਥਿਰਕਣ ਉੱਤੇ ਤਾਲ।
ਵਿੱਚੇ ਕੋਈ ਫ਼ਰੀਦ ਦਾ, ਏਦਾਂ ਪੜ੍ਹੇ ਸਲੋਕ।
ਨਾਲ ਇਸ਼ਾਰੇ ਜਰਾ ਕੁ, ਦੇਣ ਢੋਲਕੀ ਰੋਕ।
"ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬਹੀ ਚਲਿ ਨਾ ਆਇਆ ਪੰਜੇ ਵਖਤ ਮਸੀਤਿ॥
ਉਠ ਫਰੀਦਾ ਸੁਤਿਆ ਝਾੜੂ ਦੇ ਮਸੀਤ॥
ਤੂੰ ਸੁਤਾ ਰਬ ਜਾਗਦਾ ਤੇਰੀ ਡਾਢੇ ਨਾਲ ਪ੍ਰੀਤ॥"

---o---


. Sri Satguru Jagjit Singh Ji eLibrary NamdhariElibrary@gmail.com .

ਬੇ-ਨਿਮਾਜ਼ਾ ਕੁੱਤਿਆ ਉਏ ਯਾਰੀ ਰੱਬ ਨਾਲ ਜੋੜ।

ਬੇ-ਨਿਮਾਜ਼ਾ ......................

ਰੱਬ ਨਾਲ ਜੋੜ-ਯਾਰੀ ਰੱਬ ਨਾਲ ਜੋੜ,

ਬੇ-ਨਿਮਾਜ਼ਾ ਬੰਦਿਆ ਉਏ ਯਾਰੀ ਰੱਬ ਨਾਲ ਜੋੜ।

ਬੇ-ਨਿਮਾਜ਼ਾ .......................

---o---

ਮਸਤੀ ਵਿੱਚ ਮਸਤਾਨੜੇ, ਲੱਗੇ ਸੂਤਰ ਪਾਉਣ।

ਮੋਰ ਵੇਖ ਜਿਉਂ ਮੇਘਲਾ, ਉੱਚੀ ਕੂਕਾਂ ਪਾਉਣ।

ਕਾਲੇ ਬੱਦਲ ਵੇਖ ਕੇ, ਆਇਆ ਯਾਦ ਮਲ੍ਹਾਰ।

ਸਾਵਣ ਲੱਗੇ ਉੱਚੀਆਂ, ਸੁੰਦਰ ਸੁਰਾਂ ਸਵਾਰ।

---o---

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ॥

ਨੀ ਸਾਵਣ ਆਇਆ .......... ਭੈਣਾਂ ਨੀ........

ਮੋਰਾਂ ਰੁਣਝੁਣ ਲਾਈ......... ਨੀ....... ਸਾਵਣ........

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥



. Sri Satguru Jagjit Singh Ji eLibrary NamdhariElibrary@gmail.com .

ਹਰਿ ਬਿਨੁ ਨੀਦ ਭੂਖ ਕਹੁ ਕੈਸੀ..... ਹਰਿ ਬਿਨੁ ਨੀਦ ਭੂਖ ਕਹੁ ਕੈਸੀ

ਕਾਪੜੁ ਤਨਿ ਨ ਸੁਖਾਵਏ........ ਨੀ ਸਾਵਣ ਆਇਆ..........

ਭੈਣਾਂ ਨੀ.........................

---o---

ਤੜਕ ਸਵੇਰੇ ਮੈਕ ਸੀ, ਆਇਆ ਵਿੱਚ ਦੀਵਾਨ।

ਆ ਕੇ ਵੇਖੀ ਓਸ ਨੇ, ਬੜੀ ਅਨੋਖੀ ਸ਼ਾਨ।

ਐਨੀ ਗਿਣਤੀ ਵੇਖ ਕੇ, ਲੱਗੀ ਸੀਨੇ ਚੋਟ।

ਗਿਣਤੀ ਪੰਜ ਹਜ਼ਾਰ ਦੀ, ਕਰ ਕੇ ਲੈ ਗਿਆ ਨੋਟ।

ਬੈਠੇ ਹੋਏ ਗੁਰੂ ਜੀ, ਸੰਗਤ ਦੇ ਵਿਚਕਾਰ।

ਓਹੋ ਜਾਵੇ ਕੀਲਿਆ, ਜਿਹੜਾ ਕਰੇ ਦੀਦਾਰ।

ਡਿੱਠਾ ਜਾਂ ਅੰਗ੍ਰੇਜ਼ ਨੇ, ਸੁੰਦਰ ਬਸਤਰ ਧਾਰ।

ਬੈਠਾ ਹੋਇਐ ਸ਼ਾਂਤ ਚਿੱਤ, ਹਰ ਕੋਈ ਨਰ ਨਾਰ।

ਏਨੀ ਸ਼ਾਂਤੀ ਓਸ ਥਾਂ, ਦਿਸੇ ਅਨੋਖਾ ਸੀਨ।

ਜਾਪਣ ਜਿਵੇਂ ਤਪਸਵੀ, ਹੋਏ ਸਾਧਨਾ ਲੀਨ।

ਕੁੱਲ ਨਿਗਾਹਵਾਂ ਨੀਵੀਂਆਂ, ਨਾ ਮਸਤੀ ਨਾ ਸ਼ੋਰ।

ਮਾਲਾ ਫੇਰਨ ਬਾਝ ਨਾ, ਕੰਮ ਉਹਨਾਂ ਨੂੰ ਹੋਰ।

ਕੀਤਾ ਸਤਿਗੁਰ ਜੀ ਨੇ, ਜਥਾ ਯੋਗ ਸਤਿਕਾਰ।
ਜੀ ਆਇਆਂ ਨੂੰ ਆਖਿਆ, ਮਿੱਤਰ ਵੱਤ ਵਿਹਾਰ।
ਜੋ ਆਇਆ ਦਰ ਚੱਲ ਕੇ, ਉਹ ਹੈ ਦੇਵ ਸਮਾਨ।
ਮਾਂ ਪਿਓ ਜਾਏ ਵਾਂਗਰਾਂ, ਕਰਨ ਸਦਾ ਸਨਮਾਨ।
ਆਖਣ ਹਿੰਦੋਸਤਾਨ ਦਾ, ਸੋਹਣਾ ਸੱਭਿਆਚਾਰ।
ਦੁਸ਼ਮਣ ਆਏ ਚੱਲ ਕੇ, ਸਮਝਣ ਵਾਂਗੂ ਯਾਰ।
ਦਿਲ ਵਿੱਚ ਰੱਖਣ ਖੋਟ ਨਾ, ਧੋਖਾ ਦੇਣ ਨਾ ਮੂਲ।
ਦੱਸੇ ਸਾਡੇ ਸਤਿਗੁਰਾਂ, ਚੰਗੇ ਬੜੇ ਅਸੂਲ।
ਲਿਖ ਕੇ ਭੇਜੀ ਉਸੇ ਨੇ, ਉੱਤੇ ਫੇਰ ਰਿਪੋਰਟ।
ਮੈਂ ਇਹਨਾਂ ਦੇ ਵਿੱਚ, ਨਾ ਏਥੇ ਵੇਖੀ ਖੋਟ।

## ਦਰਸ਼ਨ ਕਰਨ ਜਾਣਾ

ਵੀਹ ਮਾਰਚ ਨੂੰ ਸੰਗਤਾਂ, ਉੱਠ ਕੇ ਤੜਕ ਸਵੇਰ।
ਸਾਰੇ ਕਾਰਜ ਸਾਧ ਕੇ, ਹੋਏ ਇਕੱਠੇ ਫੇਰ।
ਚੱਲੇ ਦਰਸ਼ਨ ਕਰਨ ਨੂੰ, ਸਾਰੇ ਸੂਬੇ ਨਾਲ।*
ਹੋਰ ਕਰੀਬ ਸੌ ਦੇ, ਸਿੰਘ ਤੁਰੇ ਤਤਕਾਲ।
ਵੱਜੇ ਸੱਤ ਸਵੇਰ ਦੇ, ਕਰਨ ਬਿਨਾ ਉਹ ਦੇਰ।

ਤਖਤ ਕੇਸਗੜ੍ਹ ਸਾਹਿਬ, ਤੇ ਜਾ ਪਹੁੰਚੇ ਉਹ ਫੇਰ।

ਕਰ ਕੱਠੇ ਸਰਕਾਰ ਨੇ, ਸੋਢੀ ਸੰਤ ਮਹੰਤ।

ਆਖਣ ਨਿਕਲੋ ਬਾਹਰ, ਨਾ ਓਨੀ ਦੇਰ ਕਦੰਤ।

ਕੂਕੇ ਜਿੰਨੀ ਦੇਰ ਨ,ਾ ਕਰ ਕੇ ਮੁੜਣ ਦੀਦਾਰ।

ਉਸ ਤੋਂ ਪਿੱਛੋਂ ਤੁਸਾਂ ਨੇ, ਲੈਣੇ ਸਾਂਭ ਵਿਹਾਰ।

ਕੂਕੇ ਅੰਦਰ ਕੇਸਗੜ੍ਹ, ਜਾਂ ਹੋਏ ਪ੍ਰਵੇਸ਼।

ਆਣ ਨਿਹੰਗ ਪੰਜਾਹ ਕੁ, ਲੱਗੇ ਕਰਨ ਕਲੇਸ਼।

ਹੱਥਾਂ ਅੰਦਰ ਲਾਠੀਆਂ, ਪਾਉਂਦੇ ਆਵਣ ਸ਼ੋਰ।

ਆਏ ਨੇੜੇ ਕੈਂਪ ਦੇ, ਤੁਰਦੇ ਤਿੱਖੀ ਤੋਰ।

ਪਾ ਇਸ਼ਾਰਾ ਮੈਕ ਦਾ, ਨਿਕਲੀ ਗੁਪਤ ਪੁਲੀਸ।

ਲੀਤਾ ਘੇਰ ਚੁਫੇਰਿਓਂ, ਪਏ ਸਿਪਾਹੀ ਤੀਸ।

ਵੇਖ ਨਿਹੰਗਾਂ ਵਿਗੜਦੀ, ਸੁੱਟ ਦਿੱਤੇ ਹਥਿਆਰ।

ਬੁੜ ਬੁੜ ਕਰਦੇ ਪਰਤ ਪਏ, ਟੁੱਟ ਗਿਆ ਹੰਕਾਰ।

ਆਏ ਉਬਾਲਾ ਮਾਰਦੇ, ਠੰਡੇ ਹੋਏ ਯਖ।

ਡੰਡੇ ਅਤੇ ਕੁਹਾੜੀਆਂ, ਖੋਹ ਕੇ ਲਈਆਂ ਰੱਖ।

ਆਏ ਨਿਹੰਗ ਦੋ ਸੌ, ਇਸ ਮੇਲੇ ਵਿਚਕਾਰ।

ਕੇਵਲ ਇਹ ਪੰਜਾਹ ਹੀ,  ਕਰਦੇ ਉਲਟ ਵਿਹਾਰ।

ਦੂਸਰਿਆਂ ਨੇ ਆਖਿਆ, ਕਰੋ ਨਾ ਸ਼ਾਂਤੀ ਭੰਗ।



Sri Satguru Jagjit Singh Ji eLibrary NamdhariElibrary@gmail.com

ਰਲ ਕੇ ਚਾਹੀਏ ਮਾਨਣੇ, ਇਹ ਮੇਲੇ ਦੇ ਰੰਗ।

ਸਤਿਗੁਰ ਜੀ ਜਾਂ ਅੱਪੜੇ, ਰਸਤਾ ਹੋਇਆ ਸਾਫ਼।

ਅੰਦਰੋਂ ਅੰਦਰੀਂ ਘੁੱਟ ਕੇ, ਬਹਿ ਗਏ ਦੋਖੀ ਭਾਫ਼।

ਮੱਥਾ ਇਹਨਾਂ ਟੇਕਿਆ, ਜਾ ਅੰਦਰ ਦਰਬਾਰ।

ਪੱਚੀ ਦਮੜੇ ਰੱਖ ਕੇ, ਨਾਲ ਬੜੇ ਸਤਿਕਾਰ।

ਕਰ ਕੜਾਹ ਪ੍ਰਸ਼ਾਦ ਦੀ, ਦੇਗ ਲਿਆਏ ਨਾਲ।

ਸ਼ਰਧਾ ਤੇ ਵਿਸ਼ਵਾਸ ਦੀ, ਲੱਗੇ ਦੇਣ ਮਿਸਾਲ।

ਹਰੀ ਸਿੰਘ ਮਹੰਤ ਨੂੰ, ਕਹਿਣ ਕਰੋ ਅਰਦਾਸ।

ਐਪਰ ਪਿੱਛੇ ਹੋ ਗਿਆ, ਉਹ ਮਾਇਆ ਦਾ ਦਾਸ।

ਪੈਸੇ ਉਹਨੇ ਰੱਖ ਲਏ, ਪਰ ਮੰਨੀ ਨਾ ਬਾਤ।

ਪਾਈ ਸਤਿਗੁਰ ਜੀ ਨੇ, ਬ੍ਰਹਮਾ ਸਿੰਘ ਵੱਲ ਝਾਤ।

ਲਾਏ ਫੇਰ ਮਹੰਤ ਨੇ, ਕੁਝ ਇਲਜ਼ਾਮ  ਵਿਸ਼ੇਸ਼।

ਖ਼ੁਦ ਨੂੰ ਰੱਬ ਕਹਾਂਵਦੇ, ਆਖੋ ਤੁਸੀਂ ਹਮੇਸ਼।

ਮੰਨੋ ਹਜ਼ਰੋ ਵਾਲੜੇ, ਬਾਲਕ ਸਿੰਘ ਮ੍ਰਿਗੇਸ਼।

ਕਲਗੀਧਰ ਨੂੰ ਮੰਨਦੇ, ਨਹੀਂ ਤੁਸੀਂ ਦਸਮੇਸ਼।

ਕਰਦੇ ਪੱਗਾਂ ਲਾਹ ਕੇ, ਕੇਸਾਂ ਦਾ ਅਪਮਾਨ।

ਕੇਸ ਖਿਲਾਰੀ ਵਿਚਰਦੇ, ਆਖੇ ਵਿੱਚ ਦੀਵਾਨ।

ਮੁਸਲਮਾਨਾਂ ਵਾਲੜੀ, ਪੜ੍ਹਦੇ ਤੁਸੀਂ ਕਲਾਮ।



Sri Satguru Jagjit Singh Ji eLibrary NamdhariElibrary@gmail.com

ਉੱਚੀ ਉੱਚੀ ਕੂਕਦੇ, ਜਿਉਂ ਰੀਤੀ ਇਸਲਾਮ।

ਅਸੀਂ ਤੁਹਾਨੂੰ ਏਸ ਲਈ, ਨਹੀਂ ਸਮਝਦੇ ਸਿੱਖ।

ਭਾਵੇਂ ਉੱਤੋਂ ਤੁਸਾਂ ਦੀ, ਸਿੱਖਾਂ ਵਰਗੀ ਦਿੱਖ।

ਆਖਣ ਲੱਗੇ ਅਸਾਂ ਨੂੰ, ਆਉਂਦੀ ਹੈ ਅਰਦਾਸ।

ਰਹਿਤ ਸ੍ਰੀ ਦਸਮੇਸ਼ ਦੀ, ਸਭੀ ਹਮਾਰੇ ਪਾਸ।

ਬ੍ਰਹਮਾ ਸਿੰਘ ਅਰਦਾਸ, ਕਰ ਬੋਲ ਦਿੱਤਾ ਜੈਕਾਰ।

ਫਿਰ ਪ੍ਰਸ਼ਾਦ ਵੰਡਿਆ, ਨਾਲ ਬੜੇ ਸਤਿਕਾਰ।

ਓਥੋਂ ਅੱਗੇ ਚੱਲ ਕੇ, ਕੀਤੀ ਨਿਮਸਕਾਰ।

ਤੇਗ ਬਹਾਦਰ ਸਤਿਗੁਰੂ, ਜੀ ਦੇ ਗੁਰੂ ਦਵਾਰ।

ਓਥੇ ਮੱਥਾ ਟੇਕਿਆ, ਦਮੜੇ ਪੱਚੀ ਰੱਖ।

ਨਾਲ ਕੜਾਹ ਪ੍ਰਸ਼ਾਦ ਦੀ, ਦੇਗ ਚੜ੍ਹਾਈ ਵੱਖ।

ਲੀਤਾ ਕਰ ਮਹੰਤ ਨੇ, ਖੁਸ਼ੀ ਖੁਸ਼ੀ ਪ੍ਰਵਾਨ।

ਕਰ ਦਿੱਤੀ ਅਰਦਾਸ ਵੀ, ਉਹਨੇ ਨਾਲ ਈਮਾਨ।

ਇਹ ਵੇਖ ਕੇ ਸਤਿਗੁਰਾਂ, ਦਿੱਤੀਆਂ ਖੁਸ਼ੀਆਂ ਢੇਰ।

ਇੱਕ ਰੁਪਈਏ ਹੋਰ ਦੀ, ਬਖਸ਼ਸ਼ ਕੀਤੀ ਫੇਰ।

ਵਾਪਸ ਡੇਰੇ ਆ ਗਏ, ਕਰ ਕੇ ਦਰਸ ਦੀਦਾਰ।

ਪਰ ਸੀਨੇ ਵਿੱਚ ਰੜਕਦੀ, ਹਰੀ ਸਿੰਘ ਦੀ ਕਾਰ।

ਉਹਨੂੰ ਏਥੋਂ ਬੈਠ ਕੇ, ਚਿੱਠੀ ਲਿਖੀ ਵੀਚਾਰ।

ਲਾਹਨਤ ਪਾਈ ਓਸ ਨੂੰ, ਉਲਟਾ ਵੇਖ ਵਿਹਾਰ।

ਲਿਖਿਆ ਚਿੱਠੀ ਵਿੱਚ ਸੀ, ਖਾਓ ਮਾਸ ਸ਼ਰਾਬ।

ਝੂਠ ਬੋਲਦੇ ਰੱਜ ਕੇ, ਕਪਟੀ ਕਰੋ ਕਸਾਬ।

ਦੁਰਾਚਾਰੀਏ ਤੁਸੀਂ ਹੋ, ਵਿਭਚਾਰ ਵਿੱਚ ਲੀਨ।

ਨਾਲੇ ਮਾਰੋ ਬੱਚੀਆਂ ਹੋ, ਆਦਰਸ਼ ਹੀਣ।

ਬਿਲਕੁਲ ਚੱਲੋ ਆਪ ਨਾ, ਸਿੱਖ ਰਹਿਤ ਅਨੁਕੂਲ।

ਫਤਵੇ ਦੇਵੋ ਹੋਰਨਾਂ, ਲਿਖਿਐ ਕਿਤੇ ਅਸੂਲ?

ਏਸ ਲਈ ਨਾ ਤੁਸੀਂ ਹੋ, ਸਿੱਖ ਕਹਾਵਣ ਯੋਗ।

ਪੂਜਾ ਧਾਨ ਡਕਾਰ ਕੇ, ਕਰੋ ਹਿਰਖ ਨਾ ਸੋਗ।

ਬੇੜੀ ਛੇਤੀ ਡੁੱਬਣੀ, ਭਰ ਪਾਪਾਂ ਦਾ ਪੂਰ।

ਨਿਕਲੋ ਧੱਕੇ ਖਾ ਕੇ, ਏਥੋਂ ਤੁਸੀਂ ਜ਼ਰੂਰ।

* ਪ੍ਰਮੁੱਖ ਸੂਬਿਆਂ ਵਿੱਚੋਂ ਸਿਰਫ ਸੂਬਾ ਜੋਤਾ ਸਿੰਘ ਢਪਈ ਗ਼ੈਰ ਹਾਜ਼ਰ ਸਨ।

## ਫਜ਼ਲ ਹੁਸੈਨ ਦੀ ਡਾਇਰੀ

ਡਾਇਰੀ ਫਜ਼ਲ ਹੁਸੈਨ ਨੇ, ਲਿਖੀ ਇਸ ਪ੍ਰਕਾਰ।

ਉੱਤੇ ਭੇਜਣ ਵਾਸਤੇ, ਉਸ ਨੇ ਵੇਖ ਵੀਚਾਰ।



Sri Satguru Jagjit Singh Ji eLibrary NamdhariElibrary@gmail.com

ਮੇਲੇ ਵਿੱਚ ਅਨੰਦਪੁਰ, ਨਾਮਧਾਰੀਏ ਹੋਰ।

ਜੋ ਸਜਾਏ ਕੂਕਿਆਂ, ਸੁਣਿਓ ਕਰ ਕੇ ਗੌਰ।

ਰਸੌਲੀਓਂ ਪ੍ਰਤਾਪ ਸਿੰਘ, ਦੇਵਾ ਉਸਦਾ ਪੁੱਤ।

ਨਰਿੰਦਰ ਸਿੰਘ ਕੁਰਾਲੀਓਂ, ਜੋ ਸੋਢੀ ਦਾ ਸੁੱਤ।

ਕੂਕੇ ਵੀਹ ਕੁ ਨਵੇਂ ਹੀ, ਬਣੇ ਏਸ ਥਾਂ ਹੋਰ।

ਕਿਉਂਕਿ ਨੇਕੀ ਸੱਚ ਤੇ, ਦੇਂਦਾ ਹੈ ਇਹ ਜੋਰ।

ਰੋਟੀ ਕੱਪੜਾ ਦੇਂਵਦਾ, ਭੁੱਖਾ ਨੰਗਾ ਵੇਖ।

ਧਰਮ ਕਿਰਤ ਦਾ ਧਾਰਨੀ, ਕੀਤਾ ਖਾਸ ਉਲੇਖ।

ਰੋਜ ਦਿਹਾੜੇ ਤਿੰਨ ਵਾਰ, ਕਰਦਾ ਹੈ ਇਸ਼ਨਾਨ।

ਕਰਦਾ ਪਾਠ ਗ੍ਰੰਥ ਦਾ, ਨਾਲ ਬੜੇ ਸਨਮਾਨ।

ਪੜ੍ਹਦਾ ਹੈ ਗੁਰਬਾਣੀਆਂ, ਸੋਚ ਸਮਝ ਕੇ ਸਾਰ।

ਬਚਿਆ ਮਾੜੇ ਕਰਮ ਤੋਂ, ਚੰਗੇ ਨੇਕ ਵੀਚਾਰ।

ਵਾਂਗ ਪੈਗੰਬਰ ਓਸ ਨੂੰ, ਕੂਕੇ ਪੂਜਣ ਆਮ।

ਰਾਮ ਸਿੰਘ ਨੂੰ ਸਤਿਗੁਰੂ, ਭੈਣੀ ਸਮਝਣ ਧਾਮ।

ਹੋਲੇ ਉੱਤੇ ਅੱਪੜੇ, ਕੂਕੇ ਅੱਠ ਹਜ਼ਾਰ।

ਉਜਲੇ ਚਿੱਟੇ ਕੱਪੜੇ, ਸੁਥਰਾ ਸਾਫ਼ ਵਿਹਾਰ।

ਮੰਨਣ ਹੁਕਮ ਕਮਾਲ ਦਾ, ਜਰਾ ਨਾ ਕਰਦੇ ਢਿੱਲ।

ਰਹਿਣ ਖਲੋਤੇ ਆਖਿਆਂ, ਜਾਣ ਨਾ ਕਿਧਰੇ ਹਿੱਲ।



Sri Satguru Jagjit Singh Ji eLibrary NamdhariElibrary@gmail.com

ਕੀਤਾ ਜਰਾ ਖਰੂਦ ਨਾ, ਰਹੇ ਅਮਨ ਦੇ ਨਾਲ।

ਨਾ ਸਰਕਾਰ ਮੁਖਾਲਫ਼ਤ, ਉਸ ਦੇ ਦਿਸੇ ਖਿਆਲ।

---o---

ਆਏ ਕੁਝ ਮਸਤਾਨੜੇ, ਸਤਿਗੁਰ ਜੀ ਦੇ ਨਾਲ।

ਵੱਖਰਾ ਭੇਸ ਬਣਾ ਕੇ, ਕਰਦੇ ਫਿਰਨ ਕਮਾਲ।

ਲੱਗਣ ਜਿੱਦਾਂ ਮਸਖਰੇ, ਤੀਰ ਤਨਜ ਦੇ ਕੱਸ।

ਜਰਾ ਕੁ ਚੋਂਭੜ ਲਾ ਕੇ, ਲੰਘ ਜਾਂਦੇ ਨੇ ਹੱਸ।

ਵੇਖਣ ਵਾਲਾ ਬਾਤ ਸੁਣ, ਖਾ ਜਾਂਦਾ ਸੌ ਵੱਟ।

ਤੀਰ ਮਾਰ ਕੇ ਰਮਜ ਦਾ, ਲੰਘ ਜਾਂਦੇ ਨੇ ਝੱਟ।

**ਮਸਤਾਨਾ ਜੈਮਲ ਸਿੰਘ**

ਜੈਮਲ ਸਿੰਘ ਫ਼ੱਕਰ ਇੱਕ ਬੇ-ਮੁਹਾਰ ਸੀ।

ਹੋ ਕੇ ਆਇਆ ਉਹ ਗਧੇ ਤੇ ਸਵਾਰ ਸੀ।

ਗਧੇ ਉੱਤੇ ਜਾਂਦਾ ਮਾਰਦਾ ਉਹ ਅੱਡੀਆਂ।

ਬੋਲਦਾ ਸੀ ਮੂੰਹੋਂ ਬਾਤਾਂ ਬਹੁਤ ਵੱਡੀਆਂ।

ਗਧੇ ਉੱਤੇ ਚੜ੍ਹਕੇ ਉਹ ਏਦਾਂ ਭਾਖਦਾ।



Sri Satguru Jagjit Singh Ji eLibrary NamdhariElibrary@gmail.com

ਚੱਲਾ ਚੱਲ ਠਾਣੇਦਾਰਾ ਜਾਵੇ ਆਖਦਾ।

ਸੁਣ ਥਾਣੇਦਾਰ ਕੀਤਾ ਇਤਰਾਜ਼ ਆ।

ਕਹਿੰਦਾ ਮੈਂ ਨਾ ਕਰਨਾ ਜਰਾ ਲਿਹਾਜ ਆ।

ਗਧਾ ਆਖ ਮੇਰੀ ਕਰਦਾ ਤੌਹੀਨ ਤੂੰ।

ਜਾਣਾ ਜਿਹੜੀ ਸੁਰ 'ਚ ਵਜਾਵੇਂ ਬੀਨ ਤੂੰ।

ਤੈਨੂੰ ਨਾ ਜਰਾ ਵੀ ਖੌਫ਼ ਸਰਕਾਰ ਦਾ।

ਪੀ ਕੇ ਭੰਗ ਫਿਰੇਂ ਯਬਲੀਆਂ ਮਾਰਦਾ।

ਕਹੇ ਮਸਤਾਨਾ ਮੇਰਾ ਪੱਕਾ ਯਾਰ ਆ।

ਤੇਰੇ ਵਾਂਗੂ ਇਹ ਵੀ ਇੱਕ ਠਾਣੇਦਾਰ ਆ।

ਠਾਣੇਦਾਰ ਇਹਨੂੰ ਏਸ ਲਈ ਪੁਕਾਰ ਦਾ।

ਬਿਨਾ ਹੀ ਗੁਨਾਹੋਂ ਇਹ ਦੁਲੱਤੀ ਮਾਰਦਾ।

ਜਿਵੇਂ ਥਾਣੇਦਾਰੀ ਦਾ ਤੂੰ ਰੋਅਬ ਝਾੜਦਾ।

ਤੇਰੇ ਵਾਂਗ ਝੂਠਾ ਸੱਚਾ ਨਾ ਵੀਚਾਰਦਾ।

ਸੁਣ ਥਾਣੇਦਾਰ ਦਬਕਾ ਸੀ ਮਾਰਿਆ।

ਸਫਾਜੰਗ ਹੱਥ ਜੈਮਲ ਸਵਾਰਿਆ।

ਪੁੱਠਾ ਮਾਰ ਨੱਕ ਉੱਤੇ ਥਾਣੇਦਾਰ ਦੇ।

ਆਖੇ ਅਸੀਂ ਇੰਜ ਵਿਗੜੇ ਸੁਧਾਰਦੇ।

ਗੁਰਾਂ ਕੋਲ ਆਣ ਕੇ ਸ਼ਿਕਾਇਤ ਕਰਦਾ।



Sri Satguru Jagjit Singh Ji eLibrary NamdhariElibrary@gmail.com

ਘੜੀ ਮੁੜੀ ਨੱਕ ਉੱਤੇ ਹੱਥ ਧਰਦਾ।

ਅੜਿਆ ਹੈ ਨਾਲ ਆਖੇ ਥਾਣੇਦਾਰ ਦੇ।

ਲੈ ਕੇ ਕੋਲ ਆਇਆ ਚੀਨੀ ਅਸਵਾਰ ਦੇ।

ਚੀਨੀ ਵਾਲੇ ਪਾਤਸ਼ਾਹ ਨੇ ਕਿਹਾ ਹੱਸ ਆ।

ਇਹਨਾਂ ਉੱਤੇ ਚੱਲਦਾ ਨਾ ਮੇਰਾ ਵੱਸ ਆ।

ਤੁਸੀਂ ਕਰ ਸੱਕਦੇ ਤਾਂ ਵੱਸ ਕਰ ਲਓ।

ਦੱਸ ਦਿਓ ਟੱਸ ਤੋਂ ਜੇ ਮਸ ਕਰ ਲਓ।

ਥਾਣੇਦਾਰ ਲੈ ਗਿਆ ਫਰੰਗੀ ਕੋਲ ਸੀ।

ਸਾਰੀ ਗੱਲ ਉਸ ਨੂੰ ਸੁਣਾਈ ਖੋਹਲ ਸੀ।

ਵੇਖ ਅੰਗ੍ਰੇਜ਼ ਉਹਨੂੰ ਖੂਬ ਹੱਸਿਆ।

ਤੀਰ ਸੀ ਤਨਜ ਵਾਲਾ ਫੇਰ ਕੱਸਿਆ।

ਗਧੇ ਉੱਤੇ ਚੜ੍ਹੇ ਲੱਗੋ ਬੇ-ਦੱਬ ਦੇ।

ਘੋੜੇ ਉੱਤੇ ਸਿੰਘ ਸਰਦਾਰ ਫੱਬਦੇ।

ਮੋੜ ਮਸਤਾਨੇ ਨੇ ਜਵਾਬ ਮਾਰਿਆ।

ਅਜੇ ਤੀਕ ਤੂੰ ਕੀ ਕਿਸੇ ਦਾ ਸਵਾਰਿਆ।

ਆਖੇ ਪੂਰਾ ਕਰ ਤੁਹੀਓਂ ਮੇਰਾ ਸੁਪਨਾ।

ਘੋੜਾ ਤੂੰ ਵਟਾ ਲੈ ਗਧੇ ਨਾਲ ਆਪਣਾ।

ਤੇਰੇ ਲਈ ਫਰੰਗੀਆਂ ਮੈਂ ਤੋੜਾਂ ਨੇਮ ਉਏ।



Sri Satguru Jagjit Singh Ji eLibrary NamdhariElibrary@gmail.com

ਲੈ ਲੈ ਮੇਰੀ ਸਿੰਘਣੀ ਤੇ ਦੇ ਦੇ ਮੇਮ ਉਏ।

ਥੱਲੇ ਨਾ ਰੱਖਣ ਉਹਨੂੰ ਦਊਂ ਪੈਰ ਉਏ।

ਗਧੇ ਉੱਤੇ ਚਾੜ੍ਹ ਕੇ ਕਰਾਊ ਸੈਰ ਉਏ।

ਕਰ ਕੇ ਤੂੰ ਵੇਖ ਲੈ ਪਰਖ ਰੰਨ ਦੀ।

ਵੇਖ ਲਈਏ ਤੇਰੀ ਕਿੰਨੀ ਗੱਲ ਮੰਨਦੀ।

ਮੇਰੀ ਸਿੱਖਣੀ ਨੂੰ ਆਖਾਂ ਇੱਕ ਵਾਰ ਉਏ।

ਜਿਹੋ ਜਿਹਾ ਚਾਹਵਾਂ ਕਰਦੀ ਵਿਹਾਰ ਉਏ।

ਸੁਣ ਅੰਗ੍ਰੇਜ਼ ਹੱਸਦਾ ਹੀ ਰਹਿ ਗਿਆ।

ਗਧੇ ਨੂੰ ਭਜਾ ਕੇ ਮਸਤਾਨਾ ਲੈ ਗਿਆ।

ਮੂੰਹ ਅੱਡ ਵਿੰਹਦਾ ਰਿਹਾ ਥਾਣੇਦਾਰ ਸੀ।

ਸੋਚੇ ਮਸਤਾਨਾ ਬੜਾ ਹੁਸ਼ਿਆਰ ਸੀ।

---o---

ਏਹੋ ਜਿਹੇ ਮਸਤਾਨੜੇ, ਪੰਜ ਸੱਤ ਫੜ ਕੇ ਹੋਰ।

ਆਖਣ ਇਹ ਨਾ ਛੱਡਣੇ, ਲਾਵੋ ਸਾਰਾ ਜੋਰ।

ਜੋ ਮੂੰਹ ਆਇਆ ਬੋਲਦੇ, ਕਰਦੇ ਨਹੀਂ ਲਿਹਾਜ।

ਇਹ ਨੇ ਫਿਰਦੇ ਖੋਹਲਦੇ, ਜਣੇ ਖਣੇ ਦਾ ਪਾਜ।

ਡਰਦੇ ਨਹੀਂ ਹਕੂਮਤੋਂ, ਆਖਣ ਅਸੀਂ ਅਜ਼ਾਦ।

ਫਿਰਦੇ ਛੇੜਾਂ ਛੇੜਦੇ, ਮਤ ਕੋਈ ਕਰਨ ਫਸਾਦ।

ਫੜ ਕੇ ਉਹਨਾਂ ਏਸ ਲਈ, ਕੋਠੇ ਦੇ ਵਿੱਚ ਵਾੜ।

ਬਾਹਰੋਂ ਤਾਲੇ ਠੋਕ ਕੇ, ਅੰਦਰ ਦਿੱਤੇ ਤਾੜ।

## ਮਹੱਲਾ ਖੇਡਣਾ

ਫੇਰ ਮਹੱਲਾ ਖੇਡਿਆ, ਸੁੱਟਣ ਰੰਗ ਗੁਲਾਲ।

ਸੋਢੀ ਉੱਤੇ ਹਾਥੀਆਂ, ਆਏ ਫਰੰਗੀ ਨਾਲ।

ਆਓ ਮਹੱਲਾ ਖੇਡੀਏ, ਆਖਣ ਦੇ ਕੇ ਜੋਰ।

ਵੱਲ ਕੂਕਿਆਂ ਆਂਵਦੇ, ਕਰ ਕੇ ਤਿੱਖੀ ਤੋਰ।

ਸਤਿਗੁਰ ਜੀ ਨੇ ਆਖਿਆ, ਮੇਰਾ ਛੱਡ ਖਿਆਲ।

ਖੇਡੋ ਹੋਲੀ ਜਾ ਕੇ, ਤੁਸੀਂ ਰਾਜਿਆਂ ਨਾਲ।

ਮੈਂ ਹਾਂ ਇੱਕ ਗਰੀਬੜਾ, ਸਿੱਖ ਪੰਥ ਦਾ ਦਾਸ।

ਕਿਉਂ ਕਰ ਕਰਾਂ ਮੁਕਾਬਲਾ, ਆਣ ਤੁਹਾਡੇ ਪਾਸ।

ਅੱਗੋਂ ਦਿੱਤਾ ਸੋਢੀਆਂ, ਕੈਸਾ ਮੋੜ ਜਵਾਬ।

ਪਾਤਸ਼ਾਹਾਂ ਦੇ ਪਾਤਸ਼ਾਹ, ਆਵੋ ਨਜ਼ਰ ਜਨਾਬ।

ਅਸੀਂ ਪਾਤਸ਼ਾਹ ਜਾਣ ਕੇ, ਖੇਡਣ ਆਏ ਨਾਲ।

ਆਓ ਹੋਲਾ ਖੇਡੀਏ, ਸੁੱਟੀਏ ਰੰਗ ਗੁਲਾਲ।

ਸਤਿਗੁਰ ਕਿਹਾ ਫਰੰਗੀਆਂ, ਤੁਸੀਂ ਹਟੋ ਇੱਕ ਔਰ।

ਇੱਕੋ ਟੱਬਰ ਹਾਂ ਅਸੀਂ, ਸੁਣਿਓ ਕਰ ਕੇ ਗੌਰ।

ਅੱਗੋਂ ਇੰਜ ਫਰੰਗੀਆਂ, ਦਿੱਤਾ ਮੋੜ ਜਵਾਬ।

ਅਸੀਂ ਸੋਚੀਏ ਨਾ ਕਿਤੇ, ਹੋਵੇ ਕੰਮ ਖਰਾਬ।

ਡਰਦੇ ਦੰਗਾ ਹੋਣ ਤੋਂ, ਅਸੀਂ ਵਿਚਰੀਏ ਨਾਲ।

ਪਾਸੇ ਹੋਈਏ ਅਸੀਂ ਜਾਂ, ਖੇਡੋ ਨਫ਼ਸ ਸੰਭਾਲ।

ਸੁੱਟਿਆ ਸੁਣ ਕੇ ਸੋਢੀਆਂ, ਭਰ ਭਰ ਮੁੱਠਾਂ ਰੰਗ।

ਸਤਿਗੁਰ ਜੀ ਨੇ ਬੋਚੀਆਂ, ਸਭੇ ਹਥੇਲੀ ਸੰਗ।

ਕੀਤਾ ਫੇਰ ਗੁਲਾਲ ਦਾ, ਉਹਨਾਂ ਉੱਤੇ ਵਾਰ।

ਮੂੰਹ ਉਹਨਾਂ ਦੇ ਰੰਗ ਤੇ, ਐਸੀ ਪਈ ਫੁਹਾਰ।

ਵੱਲ ਸੋਢੀਆਂ ਹੋ ਗਈ, ਫੇਰ ਹਵਾ ਦੀ ਚਾਲ।

ਵਾਪਸ ਮੂੰਹ ਤੇ ਆਂਵਦਾ, ਸੁੱਟਣ ਜਦੋਂ ਗੁਲਾਲ।

ਸਤਿਗੁਰ ਜੀ ਜਦ ਸੁੱਟਦੇ, ਪਹੁੰਚੇ ਬੜਾ ਅਸਾਨ।

ਐਸਾ ਉਹਨਾਂ ਰੰਗਿਆ, ਭੱਜੇ ਛੱਡ ਮੈਦਾਨ।

ਇੰਜ ਮਹੱਲਾ ਖੇਡ ਦੇ, ਫੁਰਤੀ ਨਾਲ ਕਮਾਲ।

ਵਾਪਸ ਡੇਰੇ ਅੱਪੜੇ, ਓਥੋਂ ਕਾਹਲੀ ਨਾਲ।

ਫਰੰਗੀ ਨੇ ਸੂਤਰ ਵੇਖਣ ਆਉਣਾ

ਆਇਆ ਵਿੱਚ ਦੀਵਾਨ ਦੇ, ਓਥੇ ਥਾਣੇਦਾਰ।

ਨਾਲ ਫਰੰਗੀ ਲੈ ਕੇ, ਦੱਸੇ ਆਣ ਵੀਚਾਰ।

ਸੂਤਰ ਪੈਂਦਾ ਵੇਖਣੈ, ਆਏ ਤਾਹੀਓਂ ਚੱਲ।

ਛੇਤੀ ਨਾਲ ਵਖਾ ਦਿਓ, ਹੋਰ ਨਾ ਠਹਿਰੋ ਪਲ।

ਸੁਣਿਐਂ ਤੇਰੇ ਵਿੱਚ ਹੈ, ਗੈਬੀ ਇਲਮ ਕਮਾਲ।

ਮਾਰੇਂ ਬਾਣ ਅਵੱਲੜਾ, ਹਾਲੋਂ ਹੋਣ ਬੇਹਾਲ।

ਦਿੱਤੂ ਰਾਗੀ ਵੱਲ ਸੀ, ਸਤਿਗੁਰ ਕਿਹਾ ਪੁਕਾਰ।

ਪਹਿਲੀ ਪੌੜੀ ਆਦਿ ਤੋਂ, ਪੜ੍ਹ ਚੰਡੀ ਦੀ ਵਾਰ।

ਦਿੱਤੂ ਰਾਗੀ ਗਾਂਵਿਆਂ, ਜਦ ਇਹ ਸਾਜ ਸਵਾਰ।

ਹਿੱਲੀ ਅੰਦਰ ਫਿਜ਼ਾ ਦੇ, ਧੁਨ ਸੋਹਣੀ ਰਸ ਦਾਰ।

---o---

"ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰ ਉਪਾਇਆ॥

ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥

ਸਿੰਧੁ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ॥

ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥

.....................................................................



. Sri Satguru Jagjit Singh Ji eLibrary NamdhariElibrary@gmail.com .

ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥

ਕਿਨੀ ਤੇਰਾ ਅੰਤੁ ਨਾ ਪਾਇਆ॥੨॥

---o---

ਸ਼ਬਦ ਇਲਾਹੀ ਐਸਾ ਬੱਧਾ ਰੰਗ ਸੀ।

ਪਲ ਵਿੱਚ ਬਦਲੇ ਓਥੇ ਸਾਰੇ ਢੰਗ ਸੀ।

ਲੱਗੇ ਹਿੱਲਣ ਸੀਸ ਮਸਤ ਮਤ ਧਾਰ ਕੇ।

ਦੌੜ ਪਏ ਮਸਤਾਨੇ ਕੇਸ ਖਿਲਾਰ ਕੇ।

ਜਿਓਂ ਜਿਓਂ ਚੜ੍ਹੇ ਸਰੂਰ, ਤਿਓਂ ਤਿਓਂ ਝੂਮਦੇ।

ਲਿਟਦੇ ਜਾਵਣ ਉੱਤੇ ਮੁੜ ਮੁੜ ਭੂਮ ਦੇ।

ਜਿਉਂ ਲੇਟਣ ਮਦ ਪੀ ਪੀ ਕੇ ਮਤਵਾਲੜੇ।

ਸੁੱਟੇ ਉਹਨਾਂ ਖੋਹਲ ਅਕਲ ਦੇ ਤਾਲੜੇ।

ਔਹ ਗਈਆਂ ਦਸਤਾਰਾਂ ਤੇ ਔਹ ਚੁੰਨੀਆਂ।

ਮਿਲੇ ਪਿਆਰਾ ਰੂਹਾਂ ਜਿਵੇਂ ਵਿਛੁੰਨੀਆਂ।

ਝੂਮਣ ਚਵਰ ਝੁਲਾਵਣ ਸਭੇ ਟੋਲੀਆਂ।

ਜਿਉਂ ਡੇਰੇ ਵਡਭਾਗ ਸਿੰਘ ਦੇ ਡੋਲੀਆਂ।

ਐਸੀ ਰਾਗੀ ਮਿੱਠੜੀ ਤਾਨ ਅਲਾਪਦਾ।

ਧੂਅ ਕਲੇਜੇ ਤਾਈਂ ਪਾਉਂਦਾ ਜਾਪਦਾ।

ਬੀਨ ਵਜਾਵੇ ਯੋਗੀ ਜਿਵੇਂ ਅਗੰਮ ਦੀ।

ਵਿੰਨੀ ਜਾਏ ਕਲੇਜਾ ਜਰਾ ਨਾ ਥੰਮਦੀ।

ਝੂਲਣ ਲੱਗੇ ਏਦਾਂ ਕੇਸ ਖਿਲਾਰ ਕੇ।

ਮਸਤ ਬੀਨ ਤੇ ਨੱਚੇ  ਨਾਗ ਫੁੰਕਾਰ ਕੇ।

ਰਾਗ ਗੰਧਰਵ ਗਾਵਣ ਇੰਦਰਾ ਪੁਰੀ ਵਿੱਚ।

ਘਟਦੀ ਘਟਦੀ ਘਟ ਗਈ ਉਹਦੀ ਇੰਜ ਖਿੱਚ।

ਅਮਰਾਵਤੀ ਨੂੰ ਇੰਦਰ ਰਾਜਾ ਭੁੱਲਿਆ।

ਵੇਖ ਅਨੋਖਾ ਰਾਗ ਧਰਤ ਤੇ ਡੁੱਲ੍ਹਿਆ।

ਕੀਲੇ ਜਿਵੇਂ ਪੰਖੇਰੂ ਬੰਸੀ ਕਾਹਨ ਦੀ।

ਰੀਸ ਕਰੇ ਕੀ ਕੋਈ ਜਾਦੂਈ ਤਾਨ ਦੀ।

ਸਾਗਰ ਮਸਤੀ ਵਾਲਾ ਠਾਠਾਂ ਮਾਰਦਾ।

ਮਸਤੀ ਵਿੱਚ ਮਸਤਾਨਾ ਕੋਈ ਪੁਕਾਰ ਦਾ।

ਵੇਖ ਜਹਾਜ਼ ਬਣਾਇਆ ਖੇਡਾਂ ਗੁਰ ਦੀਆਂ।

ਆਓ ਲੋਕੋ ਟਿਕਟਾਂ ਲੈ ਲਓ ਧੁਰ ਦੀਆਂ।

ਮੈਂ ਸਤਿਗੁਰ ਦਾ ਬਾਬੂ ਆਓ ਪਿਆਰਿਓ।

ਮਨ ਵੇਚੋ ਤੇ ਹਰ ਸੁਖ ਪਾਓ ਪਿਆਰਿਓ।

ਵੇਖ ਫਿਰੰਗੀ ਹਾਲਤ ਘਾਬਰ ਉੱਠਿਆ।

ਬੰਦ ਕਰ ਦਿਓ ਛੇਤੀ ਮੈਂ ਵੀ ਕੁੱਠਿਆ।



Sri Satguru Jagjit Singh Ji eLibrary NamdhariElibrary@gmail.com

ਰੋਕ ਦਿਓ ਇਹ ਸੂਤਰ ਜਾਏ ਨਾ ਝੱਲਿਆ।

ਮੇਰਾ ਵੀ ਸੁਣ ਸੁਣ ਕਲੇਜਾ ਹੱਲਿਆ।

ਸਤਿਗੁਰ ਜੀ ਨੇ ਕੜੇ ਤੇ ਠੋਲਾ ਮਾਰਿਆ।

ਤਿੰਨ ਵਾਰ ਮੁਸਕਾ ਕੇ ਹੱਥ ਸਵਾਰਿਆ।

ਪਾ ਇਸ਼ਾਰਾ ਇੱਕੋ ਰਾਗੀ ਰੁਕਿਆ।

ਜਿੱਦਾਂ ਮਾਰ ਛਰਾਟਾ ਬੱਦਲ ਚੁੱਕਿਆ।

ਪਲ ਵਿੱਚ ਪਲਟੇ ਓਥੇ ਫੇਰ ਹਾਲਾਤ ਉਹ।

ਵੇਖੇ ਫੇਰ ਫਰੰਗੀ ਹੁਣ ਨਾ ਬਾਤ ਉਹ।

ਸਭ ਕੁਝ ਜਾਪੇ ਪਹਿਲਾਂ ਵਾਂਗੂ ਹੋ ਗਿਆ।

ਜਾਣ ਫਰੰਗੀ ਸੀ ਘਬਰਾ ਕੇ ਔਹ ਗਿਆ।

ਸੱਜ ਗਈਆਂ ਦਸਤਾਰਾਂ ਸਿਰ ਤੇ ਚੁੰਨੀਆਂ।

ਸ਼ਾਂਤ ਹੋਈਆਂ ਸਭ ਰੂਹਾਂ ਮਸਤੀ ਗੁੰਨੀਆਂ।

ਪਲ ਵਿੱਚ ਪਲਟੇ 'ਬਾਜਵਿਆ' ਉਹ ਰੰਗ ਨੇ।

ਮੁੜ ਕੇ ਪਰਤੀ ਸ਼ਾਂਤੀ ਓਹੋ ਢੰਗ ਨੇ।

## ਬ੍ਰਾਹਮਣ ਨੂੰ ਜਵਾਬ

ਇੱਕ ਬ੍ਰਾਹਮਣ ਸ਼ਾਮ ਨੂੰ, ਆਇਆ ਡੇਰੇ ਚੱਲ।



. Sri Satguru Jagjit Singh Ji eLibrary NamdhariElibrary@gmail.com .

ਕਹੇ ਤੁਹਾਡੇ ਨਾਲ ਮੈਂ, ਕਰਨੀ ਹੈ ਇੱਕ ਗੱਲ।

ਕੈਸੀ ਲੀਤੀ ਤੁਸਾਂ ਨੇ, ਉਲਟੀ ਰੀਤੀ ਤੋਰ।

ਕਰ ਦੇਂਦੇ ਹੋ ਸ਼ਾਦੀਆਂ, ਜਾਤ ਬਦਲਕੇ ਹੋਰ।

ਇਹ ਮਰਿਆਦਾ ਨਹੀਂ ਹੈ, ਵੇਖੀ ਆਦ ਜੁਗਾਦ।

ਸ਼ੰਕਰ ਵਰਣ ਸਮਾਜ ਨੂੰ, ਕਰਨਾ ਹੈ ਅਪਰਾਧ।

ਮੈਨੂੰ ਐਸੀ ਗੱਲ ਦਾ, ਕੋਈ ਦਿਓ ਪ੍ਰਮਾਣ।

ਅੰਤਰ ਜਾਤੀ ਸ਼ਾਦੀਆਂ, ਲੋਕ ਜਦੋਂ ਕਰਵਾਣ।

ਸਤਿਗੁਰ ਜੀ ਨੇ ਹੱਸ ਕੇ, ਦਿੱਤਾ ਮੋੜ ਜਵਾਬ।

ਬਹਿ ਜਾ ਪੂਰਾ ਕਰਦਿਆਂ, ਤੇਰਾ ਕੁੱਲ ਹਿਸਾਬ।

ਛੱਜ ਤਾਂ ਬੋਲੇ ਬਾਹਮਣਾ, ਜਾਣੇ ਪੁਰਸ਼ ਹਰੇਕ।

ਕਿਉਂ ਕਰ ਬੋਲੇ ਛਾਨਣੀ, ਵਿੱਚ ਹਜ਼ਾਰਾਂ ਛੇਕ।

ਸੋਹਣੀ ਝੀਵਰ ਕੰਨਿਆਂ, ਰਿਸ਼ੀ ਪਰਾਸ਼ਰ ਭੋਗ।

ਬੇੜੀ ਉੱਤੇ ਜਾਂਦਿਆਂ, ਲਾ ਇਸ਼ਕੇ ਦਾ ਰੋਗ।

ਵੇਖ ਕੁਆਰੀ ਕੰਨਿਆਂ, ਗਾਲਬ ਹੋਇਆ ਕਾਮ।

ਭੁੱਲ ਗਿਆ ਸੀ ਵੇਖ ਕੇ, ਜਾਤੀ ਵਰਣ ਤਮਾਮ।

ਪੈਦਾ ਹੋਇਆ ਓਸ ’ਚੋਂ, ਆਖਣ ਫੇਰ ਬਿਆਸ।

ਉਹਦਾ ਕਿਹੜਾ ਵਰਣ ਸੀ, ਲਾਵੀਂ ਜਰਾ ਕਿਆਸ।

ਉਸ ਦੀ ਤੁਸੀਂ ਔਲਾਦ ਹੋ, ਸਾਨੂੰ ਦਿਓ ਗਿਆਨ।

ਹੋਰ ਸੁਣਾਵਾਂ ਬਾਤ ਸੁਣ, ਲਾ ਕੇ ਜਰਾ ਧਿਆਨ।

ਵੱਡ ਵਡੇਰਾ ਤੁਸਾਂ ਦਾ, ਕਹੋ ਬ੍ਰਹਮਾ ਜਾਣ।

ਦੇਖ ਭੁਲਾਇਆ ਧੀ ਨੂੰ, ਧਰਮ ਓਸ ਅਨਜਾਣ।

ਚੱਲੀ ਉੱਡ ਅਕਾਸ਼ ਨੂੰ, ਵੇਖ ਬਾਪ ਦਾ ਹਾਲ।

ਗੱਲਾਂ ਕਰੇਂ ਵਡੇਰੀਆਂ, ਕਿਹੜੇ ਮੂੰਹ ਦੇ ਨਾਲ।

ਪਹਿਲਾਂ ਪੀੜ੍ਹੀ ਆਪਣੀ, ਥੱਲੇ ਸੋਟਾ ਮਾਰ।

ਪਿੱਛੋਂ ਦੂਸ਼ਣ ਕਿਸੇ ਤੇ, ਲਾਈਏ ਸੋਚ ਵੀਚਾਰ।

ਵੱਡ ਵਡੇਰੇ ਤੁਸਾਂ ਦੇ, ਕਰਨ ਕਹੀ ਕਰਤੂਤ।

ਸਾਨੂੰ ਮਿਹਣੇ ਜਾਤ ਦੇ, ਦਏ ਬ੍ਰਾਹਮਣ ਊਤ।

ਮਰਦੇ ਕਿਉਂ ਨਹੀਂ ਡੁੱਬ ਕੇ, ਤੁਸੀਂ ਸ਼ਰਮ ਦੇ ਨਾਲ।

ਬਿਨ ਸੋਚੇ ਹੀ ਆਣਕੇ, ਲੱਗੋਂ ਕਰਨ ਸਵਾਲ।

ਹੋ ਸ਼ਰਮਿੰਦਾ ਖਿਸਕਿਆ, ਬ੍ਰਾਹਮਣ ਵਾਂਗੂ ਚੋਰ।

ਉੱਤਰ ਫੁਰਿਆ ਕੋਈ ਨਾ, ਅੱਗੋਂ ਉਹਨੂੰ ਹੋਰ।

ਉਂਜ ਨਾ ਸਾਡੀ ਦੁਸ਼ਮਣੀ, ਕਹਿਣ ਬ੍ਰਾਹਮਣ ਨਾਲ।

ਸਾਨੂੰ ਭਾਵੇ ਨਾ ਜੋ, ਚੱਲੇ ਚਾਲ ਕੁਚਾਲ।

ਜਿਸ ਬ੍ਰਾਹਮਣ ਦਾ ਹੈ, ਮਿੱਤਰ ਵੱਤ ਵਿਹਾਰ।

ਵਾਰੇ ਜਾਈਏ ਓਸ ਤੋਂ, ਉਹ ਸਾਡਾ ਦਿਲਦਾਰ।

ਉਹ ਬ੍ਰਾਹਮਣ ਸਦਾ ਤੋਂ, ਸਾਨੂੰ ਹੈ ਪ੍ਰਵਾਨ।



Sri Satguru Jagjit Singh Ji eLibrary NamdhariElibrary@gmail.com

ਮਰਿਆਦਾ ਦਾ ਧਾਰਨੀ, ਛੱਡੇ ਲੋਭ ਸੁਆਨ।

## ਵਾਪਸੀ

ਬਸਤਰ ਧੋ ਕੇ ਸ਼ਾਮ ਨੂੰ, ਸੰਗਤ ਲਏ ਸੁਕਾ।

ਦਰਸ਼ਨ ਮੇਲਾ ਕਰਨ ਦਾ, ਸਾਰਾ ਕਾਜ ਮੁਕਾ।

ਆਣ ਫਿਰੰਗੀ ਪੁੱਛਿਆ, ਅੱਗੋਂ ਕਹੋ ਵੀਚਾਰ।

ਕੀਤੀ ਆਣ ਸਲਾਮ ਸੀ, ਟੋਪੀ ਸਿਰੋਂ ਉਤਾਰ।

ਤੜਕੇ ਸਾਡੀ ਵਾਪਸੀ, ਪੂਰਨ ਹੋਇਆ ਕਾਜ।

ਏਥੇ ਬੈਠੇ ਸਮੇਂ ਦਾ, ਵਿਗੜੇ ਮਤੇ ਮਿਜ਼ਾਜ।

ਇੱਕੀ ਮਾਰਚ ਦੀ ਜਾਂ, ਆਈ ਸੋਨ ਸਵੇਰ।

ਵਾਪਸ ਤੁਰਿਆ ਕਾਫ਼ਲਾ, ਜ਼ਰਾ ਨਾ ਲਾਈ ਦੇਰ।

ਜੋ ਮਸਤਾਨੇ ਪੁਲਿਸ ਨੇ, ਫੜ ਕੇ ਛੱਡੇ ਰੋਕ।

ਕੀਤੇ ਫੇਰ ਅਜ਼ਾਦ ਉਹ, ਆਣ ਮਿਲੇ ਸਭ ਲੋਕ।

ਪੱਤਣ ਲੰਘੇ ਨੂਰਪੁਰ, ਜਾ ਕੀਤਾ ਵਿਸ਼ਰਾਮ।

ਪਹੁੰਚੀ ਭੈਣੀ ਸਾਹਿਬ ਆ, ਸੰਗਤ ਫੇਰ ਤਮਾਮ।

---o---



Sri Satguru Jagjit Singh Ji eLibrary NamdhariElibrary@gmail.com

ਐਪਰ ਬਗਲੀ ਸੁੱਧ ਸਿੰਘ, ਚਾਰ ਸਰੀਰ ਨਾਲ।

ਪਿੱਛੇ ਰਹਿ ਗਏ ਤਾਂ ਕਿ, ਤੰਬੂ ਦੇਣ ਸੰਭਾਲ।

ਪਹਿਲਾਂ ਵੇਖ ਹਜ਼ੂਰ ਨੂੰ, ਜਦੋਂ ਗਲੀ ਨਾ ਦਾਲ।

ਥੋਹੜੇ ਕੂਕੇ ਵੇਖ ਕੇ, ਆਏ ਫੁਰਤੀ ਨਾਲ।

ਹੋਏ ਪੁਜਾਰੀ ਸ਼ੇਰ ਜਾਂ, ਵੇਖੇ ਚਾਰ ਸਰੀਰ।

ਆਏ ਪੰਗਾ ਲੈਣ ਲਈ, ਓਥੇ ਘੱਤ ਵਹੀਰ।

ਛੇੜਨ ਖਾਤਰ ਛੇੜ ਉਹ, ਆਏ ਲੋਕ ਤਮਾਮ।

ਮੁਸਲਮਾਨੀ ਕੂਕਿਓ, ਕਹਿੰਦੇ ਪੜ੍ਹੋ ਕਲਾਮ।

ਸਯੱਦ ਆਣੀ ਤੋਂ ਸੀ, ਲੀਤੀ ਜਾਣ ਵਿਸ਼ੇਸ਼।

ਇਹ ਤੁਹਾਡੇ ਗੁਰੂ ਨੇ, ਜਿਸ ਨੂੰ ਪੜ੍ਹੋ ਹਮੇਸ਼।

ਸਤਿਗੁਰ ਜੀ ਦੀ ਸ਼ਾਨ ਵਿੱਚ, ਉਹਨਾਂ ਹੋਰ ਅਨੇਕ।

ਬੋਲੇ ਲਫ਼ਜ਼ ਬੇਹੂਦਗੀ, ਵਾਲੇ ਤੋੜ ਬਿਬੇਕ।

ਸਿੱਖ ਕਦੋਂ ਜਰ ਸੱਕਦੈ, ਵਿੱਚ ਗੁਰੂ ਦੀ ਸ਼ਾਨ।

ਮੰਦਾ ਫਿੱਕਾ ਬੋਲ ਕੋਈ, ਭੌਂਕੇ ਵਾਂਗ ਸੁਆਨ।

ਬਗੁਲੀ ਸੁੱਧ ਸਿੰਘ ਨੇ, ਕਮਰ ਕੱਸਾ ਕੱਸ।*

ਭਾਈ ਕਾਹਨ ਸਿੰਘ ਨੂੰ, ਮਨਸਾ ਦਿੱਤੀ ਦੱਸ।

ਦੋਹਾਂ ਸਿੰਘਾਂ ਓਸ ਥਾਂ, ਪਿੱਠਾਂ ਲਈਆਂ ਜੋੜ।

ਡਾਂਗਾਂ ਫੇਰ ਵਰ੍ਹਾਈਆਂ, ਉਹਨਾਂ ਤਾਬੜ ਤੋੜ।

ਸੁੱਧ ਸਿੰਘ ਗਤਕੇਬਾਜ ਸੀ, ਰੋਕ ਲਵੇ ਉਹ ਵਾਰ।

ਮਾਰੇ ਡਾਂਗਾਂ ਘੁਮਾ ਕੇ, ਦੇਵੇ ਭੁਗਤ ਸਵਾਰ।

ਦੋਹਾਂ ਸਿੰਘਾਂ ਓਸ ਥਾਂ, ਕੀਤਾ ਐਸਾ ਯੁੱਧ।

ਫੇਰ ਗਾਂਢਵੀ ਧਾੜ ਨੂੰ, ਇੰਜ ਭੁਲਾਈ ਸੁੱਧ।

ਜਿਉਂ ਗੜਾ ਅਸਮਾਨ ਤੋਂ, ਵਰਦੈ ਇੱਕੋ ਵਾਰ।

ਸਾੜੇ ਰੱਤ ਸਰੀਰ 'ਚੋਂ, ਬਿਜਲੀ ਦਾ ਲਿਸ਼ਕਾਰ।

ਧੁਨਖੀ ਉੱਤੇ ਮਾਰਦਾ, ਤੇਲੀ ਧੁਨੀਆਂ ਕਿੰਜ।

ਦਿੱਤੇ ਦੋਹਵਾਂ ਇਸ ਤਰ੍ਹਾਂ, ਰੂੰਈਂ ਵਾਂਗੂ ਪਿੰਜ।

ਤੀਹ ਕੁ ਬੰਦੇ ਓਸ ਥਾਂ, ਦਿੱਤੇ  ਇੰਜ ਵਿਛਾ।

ਕਰ ਕੇ ਵਾਢੀ ਜੱਟ, ਜਿਉਂ ਸੱਥਰ ਦੇਵੇ ਲਾ।

ਸਿਰ ਤੇ ਭੱਜੇ ਪੈਰ ਰੱਖ, ਓਥੋਂ ਰਸਤਾ ਟੋਲ।

ਕੀਤੀ ਜਾ ਸ਼ਿਕਾਇਤ ਸੀ, ਉਹਨਾਂ ਅਫ਼ਸਰ ਕੋਲ।

ਆਖਣ ਸਾਨੂੰ ਕੂਕਿਆਂ, ਚੁਣ ਚੁਣ ਦਿੱਤਾ ਮਾਰ।

ਅਫ਼ਸਰ ਨੇ ਆ ਵੇਖਿਆ, ਸਾਰਾ ਹਾਲ ਨਿਤਾਰ।

ਲਾਹਨਤ ਪਾ ਕੇ ਆਖਦਾ, ਬੰਦੇ ਤੁਸੀਂ ਸ਼ੈਤਾਨ।

ਵਾਧਾ ਕੀਤਾ ਤੁਸੀਂ ਹੈ, ਸੁਣਿਓਂ ਨਾਲ ਧਿਆਨ।

ਦੌੜ ਜਾਓ ਓਏ ਗਿੱਦੜੋ, ਮਰੇ ਛੇੜ ਕੇ ਛੇੜ।

ਦੋਂਹ ਜਣਿਆਂ ਨੇ ਤੀਹ ਦੀ, ਦਿੱਤੀ ਖੱਲ ਉਧੇੜ।

ਪਰਤੇ ਮੂੰਹ ਦੀ ਖਾ ਕੇ, ਪੜੇ ਪੁਜਾਰੀ ਫੇਰ।

ਕੂਕੇ ਵਾਪਸ ਪਰਤ ਪਏ, ਜਰਾ ਨਾ ਲਾਈ ਦੇਰ।

* ਇਹ ਭਾਈ ਸੁੱਧ ਸਿੰਘ ਬਗੁਲੀ ਕਲਾਂ (ਲੁਧਿਆਣਾ) 'ਸੰਤ ਖਾਲਸਾ' ਦੇ ਕਵੀ ਹਰਨਾਮ ਸਿੰਘ ਦਾ ਪਿਤਾ ਸੀ। ਕਾਹਨ ਸਿੰਘ ਗੜ੍ਹੀ (ਜਲੰਧਰ) ਦਾ ਸੀ।



. Sri Satguru Jagjit Singh Ji eLibrary NamdhariElibrary@gmail.com .

## ਕਾਂਡ - ੧੧

## ਦੀਪਮਾਲਾ ਸ੍ਰੀ ਅੰਮ੍ਰਿਤਸਰ ਦੀ

## (੧੯੨੮ ਬਿਕਰਮੀ, ਅਕਤੂਬਰ ੧੮੬੭ ਈਸਵੀ)

ਸੂਬੇ ਤੇ ਪ੍ਰਚਾਰਕ, ਅੰਦਰ ਦੇਸ਼ ਖਿਲਾਰ।

ਜੰਗੀ ਪੱਧਰ ਤੇ ਸੀ, ਹੋ ਰਿਹਾ ਪ੍ਰਚਾਰ।

ਭੈਣੀ ਸਾਹਿਬੋਂ ਸਤਿਗੁਰਾਂ, ਸਾਂਭੀ ਆਪ ਕਮਾਨ।

ਬਿਨਾ ਹੁਕਮ ਦੇ ਹਿੱਲਦਾ, ਪੱਤਾ ਵੀ ਨਾ ਜਾਣ।

ਸੋਹਣਾ ਬੂਟਾ ਧਰਮ ਦਾ, ਫੈਲੇ ਇੰਜ ਚੁਫੇਰ।

ਜਿੱਦਾਂ ਚਾਨਣ ਫੈਲਦਾ, ਆਉਂਦੇ ਸਾਰ ਸਵੇਰ।

ਦਿਨ ਦੂਣੀ ਤੇ ਚੌਗੁਣੀ, ਕਰੇ ਤਰੱਕੀ ਰਾਤ।

ਵਧਦੀ ਕੌੜੀ ਵੇਲ ਹੈ, ਵਿੱਚ ਜਿਵੇਂ ਬਰਸਾਤ।

ਛੱਟਾ ਦੇਵਣ ਨਾਮ ਦਾ, ਜਿਉਂ ਵਰਖਾ ਦਾ ਨੀਰ।

ਕੱਲਰ ਵਾਲੇ ਖੇਤ ਦੀ, ਦੇਵੇ ਬਦਲ ਤਾਸੀਰ।

ਦੇਸ਼ ਅਜ਼ਾਦੀ ਵਾਲੜਾ, ਡੰਕਾ ਪਏ ਵਜਾਉਣ।

ਅੰਦਰ ਹਿੰਦੋਸਤਾਨੀਆਂ, ਸੁੱਤੀ ਅਣਖ ਜਗਾਉਣ।

ਸਾਬਣ ਬਾਣੀ ਨਾਮ ਦਾ, ਲਾ ਲਾ ਮੈਲ ਉਤਾਰ।

ਭਾਂਡਾ ਧੋ ਸਵੱਛ ਕਰ, ਪਾਉਂਦੇ ਦੇਸ਼ ਪਿਆਰ।



. Sri Satguru Jagjit Singh Ji eLibrary NamdhariElibrary@gmail.com .

ਵਿੱਚ ਆਚਰਣ ਹੀਣਤਾ, ਗਰਕੇ ਜਦੋਂ ਸਮਾਜ।
ਭੁੱਲ ਜਾਂਦੇ ਨੇ ਲੋਕ ਫਿਰ, ਕੀ ਹੁੰਦੈ ਸਵਰਾਜ।
ਫੇਰ ਮਸੀਹਾ ਆਣ ਕੇ, ਕਰਦੈ ਕੋਈ ਸੁਚੇਤ।
ਨਾਲ ਜ਼ੁਲਮ ਦੇ ਟਾਕਰਾ, ਲਾਉਂਦੈ ਅੰਦਰ ਖੇਤ।
ਕਰਦਾ ਅੰਦਰ ਕੌਮ ਦੇ, ਨਵ ਜੀਵਨ ਸੰਚਾਰ।
ਪਤਝੜ ਸਫਾਂ ਵਲੇਟਦੀ, ਆਵੇ ਪਰਤ ਬਹਾਰ।
ਐਪਰ ਜਿਹੜੀ ਜੀਣ ਲਈ, ਸੱਕੇ ਆਪਾ ਮਾਰ।
ਓਸ ਕੌਮ ਹੱਥ ਹੋਂਵਦੀ, ਸਮੇਂ ਦੀ ਫੇਰ ਮੁਹਾਰ।
ਵੱਖਰੀ ਹੋਂਦ ਨਾ ਰੱਖਦੀ, ਜਿਹੜੀ ਨਾਲ ਯਕੀਨ।
ਉਹ ਗ਼ੈਰਾਂ ਦੀ ਗਰਦ ਵਿੱਚ, ਜਾਵੇ ਹੋ ਵਿਲੀਨ।
ਜਿਹੜੀ ਅੱਗੇ ਜ਼ੁਲਮ ਦੇ, ਦੇਵੇ ਗੋਡੇ ਟੇਕ।
ਜਾਵੇ ਲੰਘ ਲਿਤਾੜਦਾ, ਉਹਨੂੰ ਫੇਰ ਹਰੇਕ।
ਜੇਕਰ ਤੁਰਨ ਮੁਹਾਜ ਬਣ, ਜਾਨ ਤਲੀ ਤੇ ਰੱਖ।
ਲੋਕ ਅਧਰਮੀ ਫੇਰ ਨਾ, ਕਦੇ ਵਿਗਾੜਨ ਕੱਖ।
ਜੇਕਰ ਗਿੱਦੜ ਵਾਂਗਰਾਂ, ਰੱਖ ਬਹਿਣ ਉਹ ਸੋਚ।
ਕੁੱਤੇ ਬਿੱਲੇ ਚਾਂਭਲੇ, ਜਲਦੀ ਲੈਂਦੇ ਨੋਚ।
ਏਦਾਂ ਅੰਦਰ ਦੇਸ਼ ਦੇ, ਕਰਨ ਪਏ ਪ੍ਰਚਾਰ।
ਪ੍ਰੋਗਰਾਮ ਉਲੀਕੀਏ, ਕੀਤੀ ਬੈਠ ਵੀਚਾਰ।

ਇਹ ਦੀਵਾਲੀ ਓਸ ਥਾਂ, ਆਈਏ ਬੈਠ ਮਨਾ।

ਪਹੁੰਚਣ ਅੰਮ੍ਰਿਤਸਰ ਵਿੱਚ, ਕੂਕੇ ਹੁੰਮ ਹੁਮਾ।

ਸੂਬਾ ਬ੍ਰਹਮਾ ਸਿੰਘ ਨੂੰ, ਜੋਤਾ ਸਿੰਘ ਦੇ ਨਾਲ।

ਘੱਲਿਆ ਅੰਮ੍ਰਿਤਸਰ ਨੂੰ, ਉਹਨਾਂ ਨੇ ਤਤਕਾਲ।

ਪਹਿਲਾਂ ਜਾ ਕੇ ਆਖਦੇ, ਤੇਜ ਕਰੋ ਪ੍ਰਚਾਰ।

ਅਸਾਂ ਸਮਾਗਮ ਸਾਜਣਾ, ਉਸ ਦਾ ਬਣੇ ਅਧਾਰ।

ਜਾਗਰੂਕ ਹੋ ਜਾਣਗੇ, ਜਾਂ ਓਥੋਂ ਦੇ ਲੋਕ।

ਸਮਝ ਲੈਣ ਪ੍ਰਚਾਰ ਦਾ, ਸਾਰਾ ਮਤਲਬ ਥੋਕ।

ਇਹ ਵੇਖ ਕੇ ਖਿੱਲਰੀ, ਚਰਚਾ ਇੱਕ ਚੁਫੇਰ।

ਸਾਰੇ ਵਿੱਚ ਪੰਜਾਬ ਦੇ, ਧੁੰਮੀ ਬਾਤ ਅਦੇਰ।

ਸੌ ਸਾਖੀ ਦੇ ਆਖਦੇ, ਇਹ ਭਵਿੱਖਤ ਵਾਕ।

ਬਾਜਾਂ ਵਾਲੇ ਰਚੀ ਜੋ, ਕਹਿਣ ਪਵਿੱਤਰ ਪਾਕ।

ਚਰਚਾ ਉਸ ਦੀ ਹੋ ਰਹੀ, ਵਿੱਚ ਪੰਜਾਬ ਚੁਫੇਰ।

ਸੰਮਤ ਜਾਣ ਅਠਾਈਆ, ਆਇਆ ਲਾਹੁਣ ਹਨੇਰ।

ਕਹਿਣ ਦੀਵਾਲੀ ਏਸ ਤੇ, ਖੁੱਲ੍ਹਣਗੇ ਕੁਝ ਰਾਜ।

ਪਲਟੇਗਾ ਬਰਤਾਨੀਆਂ, ਵਾਲਾ ਤਖਤੋ ਤਾਜ।

ਏਥੇ ਹੋਣਾ ਕੂਕਿਆਂ, ਵਾਲਾ ਭਾਰੀ ਮੇਲ।

ਇਹਨਾਂ ਪੁੱਠੀ ਮੋੜਨੀ, ਇਹ ਗੋਰੇ ਦੀ ਰੇਲ।



Sri Satguru Jagjit Singh Ji eLibrary NamdhariElibrary@gmail.com

ਦੱਸ ਰਹੇ ਸਨ ਆਪਣੇ, ਜਾ ਜਾ ਸਾਰਾ ਭੇਤ।
ਰਾਜ ਲੈਣ ਲਈ ਲੜਨਗੇ, ਕੂਕੇ ਅੰਦਰ ਖੇਤ।
ਏਸ ਲਈ ਸਰਕਾਰ ਨੇ, ਲਾ ਰੱਖੀ ਸੀ ਰੋਕ।
ਮੇਲੇ ਕੂਕੇ ਕਰਨ ਨਾ, ਕਹਿਣ ਪਏ ਡਰਪੋਕ।
ਬਿਨਾ ਇਜ਼ਾਜਤ ਲੈਣ ਤੋਂ, ਸਤਿਗੁਰ ਦੀਨ ਦਿਆਲ।
ਕਰ ਲੈਂਦੇ ਸਨ ਫੈਸਲੇ, ਬੈਠ ਸੂਬਿਆਂ ਨਾਲ।
ਏਦਾਂ ਅੰਮ੍ਰਿਤਸਰ ਵਿਖੇ, ਮੇਲਾ ਧਰਿਆ ਆਪ।
ਹੁਕਮ ਹੋਇਆ ਸਭ ਸੰਗਤਾਂ, ਆਓ ਰਸਤੇ ਨਾਪ।
ਵਿਜੈ ਦਸ਼ਮੀ ਦਾ ਸੀ, ਆਇਆ ਜਦੋਂ ਤਿਹਾਰ।
ਸੰਗਤ ਭੈਣੀ ਵਿੱਚ ਆ, ਪਹੁੰਚੀ ਤਿੰਨ ਹਜ਼ਾਰ।
ਓਥੇ ਸਤਿਗੁਰ ਜੀ ਨੇ, ਕਰ ਦਿੱਤਾ ਫੁਰਮਾਨ।
ਅੰਮ੍ਰਿਤਸਰ ਦੀਪਾਵਲੀ, ਸੰਗਤਾਂ ਚੱਲ ਮਨਾਣ।
ਸੂਬੇ ਜਥੇਦਾਰ ਰਲ, ਕਰਨ ਪਏ ਪ੍ਰਚਾਰ।
ਰਾਮਦਾਰ ਪੁਰ ਆਖਦੇ, ਜਾ ਕੇ ਕਰੋ ਦੀਦਾਰ।
ਪਿੱਸੂ ਪਏ ਪੁਲੀਸ ਨੂੰ, ਇਹ ਗੱਲ ਸੁਣਦੇ ਸਾਰ।
ਉਸ ਵੱਡੀ ਸਰਕਾਰ ਨੂੰ, ਝੱਟ ਪੁਚਾਈ ਤਾਰ।
ਜੇਕਰ ਮੇਲਾ ਰੋਕਿਆ, ਆਖਣ ਸ਼ਕਤੀ ਨਾਲ।
ਡਰ ਬਗਾਵਤ ਹੋਣ ਦਾ, ਦੱਸੇ ਨਾਲ ਖਿਆਲ।

ਬੇਕਾਬੂ ਜੇ ਹੋ ਗਈ, ਏਥੇ ਕੁੱਲ ਵਹੀਰ।
ਕਰਨਾ ਅਮਨ ਅਮਾਨ ਫਿਰ, ਸਮਝੋ ਟੇਡੀ ਖੀਰ।
ਏਸ ਲਈ ਸਰਕਾਰ ਨੇ, ਪੂਰੀ ਲਾਈ ਨਾ ਰੋਕ।
ਗੁਪਤ ਰੂਪ ਵਿੱਚ ਰੱਖਣੇ, ਨਜ਼ਰਾਂ ਅੰਦਰ ਲੋਕ।
ਕੈਪਟਨ ਮੈਨਜੀਸ ਸੀ, ਸੁਪਰਇੰਨਡੈਂਟ ਪੁਲੀਸ।
ਉਹਨੂੰ ਕਾਰਜ ਸੌਂਪਿਆ, ਕਰਨ ਲਈ ਤਫ਼ਤੀਸ਼।
ਅੰਮ੍ਰਿਤਸਰ ਜਾ ਅੱਪੜੇ, ਸਤਿਗੁਰ ਦੀਨ ਦਿਆਲ।
ਪਹੁੰਚੇ ਪਹਿਲਾਂ ਓਸ ਥਾਂ, ਕੂਕੇ ਬੇ-ਮਿਸਾਲ।
ਨੇੜੇ ਜਾਣ ਹਜ਼ਾਰ ਦੇ, ਬੈਠੇ ਡੇਰੇ ਲਾ।
ਮਸਤੀ ਅੰਦਰ ਮਸਤ ਹੋ, ਮਾਲਾ ਰਹੇ ਘੁਮਾ।
ਆਇਆ ਸਤਿਗੁਰ ਜੀ ਦੇ, ਨਾਲ ਨਿਜੀ ਪ੍ਰਵਾਰ।
ਪੁੱਤਰੀ, ਪਿਤਾ, ਸੁਪਤਨੀ, ਜੀਕਰ ਜਗਤ ਵਿਹਾਰ।
ਬਿਸ਼ਨ ਪੁਰੇ ਤੋਂ ਆਣਕੇ, ਮੰਗਲ ਸਿੰਘ ਸਰਦਾਰ।
ਸਾਥ ਮਾਣਦਾ ਗੁਰਾਂ ਦਾ, ਪਹੁੰਚਾ ਗੁਰੂ ਦੁਆਰ।
ਪੰਜ ਓਸ ਦੇ ਨਾਲ ਸਨ, ਸਾਥੀ ਘੋੜ ਸਵਾਰ।
ਸਤਿਗੁਰ ਦੇ ਸੰਗ ਵਿਚਰਦਾ, ਵਾਂਗਰ ਪਹਿਰੇਦਾਰ।
ਕਾਫ਼ੀ ਸਾਰੇ ਏਸ ਥਾਂ, ਸੂਬੇ ਵੀ ਸਨ ਨਾਲ।
ਆਏ ਸੇਵਕ ਹੋਰ ਵੀ, ਬੜੇ ਕੀਮਤੀ ਲਾਲ।


Sri Satguru Jagjit Singh Ji eLibrary NamdhariElibrary@gmail.com

ਸ੍ਰੀ ਗਿਆਨੀ ਗਿਆਨ ਸਿੰਘ, ਸਿੱਖ ਇਤਿਹਾਸਕਾਰ।
ਬੇੜੀ ਅੰਦਰ ਬੈਠ ਕੇ, ਰਲੇ ਨਦੀ ਵਿਚਕਾਰ।
ਅੰਮ੍ਰਿਤਸਰ ਵਿੱਚ ਆ ਗਏ, ਸਤਿਗੁਰ ਜੀ ਦੇ ਨਾਲ।
ਪੰਥ ਪ੍ਰਕਾਸ਼ ਰਿਚੇਤਾ, ਜੋ ਵਿਦਵਾਨ ਕਮਾਲ।
ਇੱਕੀ ਦਿਨ ਸੀ ਓਸ ਥਾਂ, ਕੀਤਾ ਉਹਨਾਂ ਸੰਗ।
ਕਥਾ ਕੀਰਤਨ ਨਾਮ ਰਸ, ਵੇਖੀ ਵਗਦੀ ਗੰਗ।
ਮੇਲੇ ਅੰਮ੍ਰਿਤਸਰ ਦਾ, ਅੱਖੀਂ ਡਿੱਠਾ ਹਾਲ।
ਵਿੱਚ ਪੰਥ ਪ੍ਰਕਾਸ਼ ਦੇ, ਉਹਨਾਂ ਲਿਆ ਸੰਭਾਲ।
ਚੀਨੀ ਵਾਲੇ ਨਾਲ ਹੀ, ਕਰਦੇ ਰਹੇ ਵੀਚਾਰ।
ਕਥਾ ਕੀਰਤਨ ਕਰਦਿਆਂ, ਦਿੱਤੇ ਦਿਵਸ ਗੁਜ਼ਾਰ।
ਗਿਣਤੀ ਜਾਂ ਸਰਕਾਰ ਨੇ, ਕੀਤੀ ਨਿਸਚਾ ਧਾਰ।
ਲਿਖਿਆ ਕੂਕੇ ਜੁੜਨਗੇ, ਦੋ ਤੇ ਦਸ ਹਜ਼ਾਰ।
ਬਾਕੀ ਬੁੰਗੇ ਤੰਬੂਆਂ, ਅੰਦਰ ਬੈਠੇ ਜਾਣ।
ਉਹ ਨਜ਼ਰਾਂ ਤੋਂ ਬਾਹਰ ਨੇ, ਗਿਣਤੀ ਵਿੱਚ ਨਾ ਆਣ।
ਅਠਾਰਾਂ ਸੌ ਸਤਾਹਟ ਦਾ, ਜਾਣ ਈਸਵੀ ਸਾਲ।
ਅਕਤੂਬਰ ਦੀ ਬੀਸ ਤੇ, ਸੱਤ ਸਮਝਿਓ ਨਾਲ।
ਏਨਾ ਹੋਏ ਇਕੱਠ ਵੀ, ਨਹੀਂ ਸੀ ਚਿੱਤ ਖਿਆਲ।
ਤੱਕ ਅੰਦਰ ਸਰਕਾਰ ਦੇ, ਉੱਠੇ ਕਈ ਸਵਾਲ।


. Sri Satguru Jagjit Singh Ji eLibrary NamdhariElibrary@gmail.com .

ਮੂੰਹ ਵਿੱਚ ਉਂਗਲਾਂ ਪਾ ਕੇ ਰਹੇ ਪੁਜਾਰੀ ਵੇਖ।

ਮਿਟਦੀ ਜਾਪੀ ਮੱਥਿਓਂ, ਸ਼ੁਭ ਕਿਸਮਤ ਦੀ ਰੇਖ।

ਹੋਰਾਂ ਨੂੰ ਤਾਂ ਹੋਰੀ ਦੀ, ਹੋਈ ਫ਼ਿਕਰ ਪਛਾਣ।

ਅੰਨੇ ਤਾਈਂ ਡੰਗੋਰੀ ਦੀ, ਹੋਈ ਚਿੰਤਾ ਆਣ।

ਪੁਲੀਸ ਇੰਸਪੈਕਟਰ, ਲਿਆ ਲਹੌਰੋਂ ਸੱਦ।

ਉਹਨਾਂ ਡਰਦੇ ਮਾਰਿਆਂ, ਐਸੇ ਨਿਕਲੇ ਪੱਦ।

ਆਇਆ ਚੱਲ ਨਰੈਣ ਸਿੰਘ, ਹੋ ਡਾਢ੍ਹਾ ਨਿਗਰਾਨ।

ਸਤਿਗੁਰ ਜੀ ਦਾ ਆਖਿਆ, ਉਹਨੂੰ ਰੱਖ ਧਿਆਨ।

ਗਤੀ ਵਿਧੀ ਹਰੇਕ ਦਾ, ਜੋ ਜੋ ਹਾਲ ਹਵਾਲ।

ਲਿਖ ਲਿਖ ਕੇ ਸਰਕਾਰ ਨੂੰ, ਭੇਜਣ ਲਈ ਤਤਕਾਲ।

ਐਪਰ ਚੀਨੀ ਵਾਲੜਾ, ਹੈ ਸੀ ਬੜਾ ਸੁਚੇਤ।

ਘਟਨਾ ਕੋਈ ਬੁਰੀ ਨਾ, ਵਰਤੇ ਮਤੇ ਅਚੇਤ।

ਕਿਸੇ ਬਹਾਨੇ ਲਾ ਕੇ, ਉਹ ਕੋਈ ਇਲਜ਼ਾਮ।

ਕਰਨ ਮਤੇ ਪ੍ਰੇਸ਼ਾਨ ਨਾ, ਸਾਨੂੰ ਸਮਝ ਗ਼ੁਲਾਮ।

ਸਿੱਖਾਂ ਉੱਤੇ ਆਪ ਜੀ, ਦੂਰ ਦ੍ਰਿਸ਼ਟੀ ਨਾਲ।

ਰੱਖਣ ਨਿਗਾਹ ਕਮਾਲ ਦੀ,  ਕਰਦੇ ਸਾਂਭ ਸੰਭਾਲ।

ਨਾ ਮਿਲਵਰਤਨ ਦਾ ਪਰ, ਕਰਨ ਪਏ ਪ੍ਰਚਾਰ।

ਸਿੱਖੀ ਤੇ ਸਵਦੇਸ਼ੀ ਵਾਲਾ, ਜਿਦ੍ਹਾ ਅਧਾਰ।

ਜੀਵਨ ਜਾਚ ਸਿਖਾਂਵਦੇ, ਉੱਚ ਆਚਰਣ ਨਾਲ।

ਭਰਦੇ ਅੰਦਰ ਮਨਾਂ ਦੇ, ਚੰਗੇ ਸੁਘੜ ਖਿਆਲ।

ਕੱਢਣ ਬਾਹਰ ਕੁਰੀਤੀਆਂ, ਲਾ ਸ਼ਬਦਾਂ ਦੀ ਚੋਭ।

ਜਿਨ੍ਹਾਂ ਦੇਸ਼ ਸਮਾਜ ਦਾ, ਬੇੜਾ ਦਿੱਤਾ ਡੋਬ।

ਜੋਕਾਂ ਵਾਂਗੂ ਚਿੰਬੜੇ, ਵਹਿਮ ਭਰਮ ਦੇ ਭੂਤ।

ਪਰਦੇ ਪਾਏ ਮੱਤ ਤੇ, ਜੀਵਨ ਜਾਵੇ ਊਤ।

ਅਣਖ ਪਈ ਸੀ ਸਹਿਕਦੀ, ਅੰਮ੍ਰਿਤ ਛੱਟਾ ਮਾਰ।

ਮੁੜ ਕੀਤੀ ਸੁਰਜੀਤ ਜਾਂ, ਉੱਠੀ ਹੋ ਹੁਸ਼ਿਆਰ।

ਹੀਣ ਭਾਵਨਾ ਮਨਾਂ ’ਚੋਂ, ਕੱਢੀ ਨਾਲ ਵਿਚਾਰ।

ਛੱਡੋ ਨਫ਼ਰ ਕਹਾਵਣਾ, ਸਾਰੇ ਹੋ ਸਰਦਾਰ।

ਲਾਹੋ ਛੱਟਾਂ ਫਾਲਤੂ,  ਲੱਥੇ ਕਰਜ਼ ਜ਼ੰਜ਼ੀਰ।

ਪੈਰ ਪਸਾਰੋ ਵੇਖ ਕੇ, ਚਾਦਰ ਤੀਕ ਅਖ਼ੀਰ।

ਇੱਕੋ ਓਟ ਅਕਾਲ ਤੇ, ਰੱਖੋ ਨਿਸਚਾ ਧਾਰ।

ਥਾਂ ਥਾਂ ਮੱਥੇ ਰਗੜ ਕੇ, ਹੋਵੋ ਨਹੀਂ ਖਵਾਰ।

ਕੀਲਣ ਪਾਂਧੇ ਸੌਰੀਏ, ਪਾ ਸ਼ਬਦਾਂ ਦਾ ਜਾਲ।

ਠੱਗੂ ਰਾਵਲ ਜੋਤਸ਼ੀ, ਟਾਕੀ ਲਾਉਣ ਪਤਾਲ।

ਕਰਨ ਕੁਚਾਲਾਂ ਭੈੜੀਆਂ, ਰੋਕ ਦਿਓ ਇਹ ਲੋਕ।

ਕਿਉਂ ਕਰ ਚਰਨ ਅੰਗੂਰੀਆਂ, ਵਿਹਲੜ ਵਾਧੂ ਬੋਕ।

ਸਾਫ਼ ਸਫ਼ਾਈ ਰੱਖੀਏ, ਸੁੱਚ ਸੋਧ ਦੇ ਨਾਲ।

ਫੈਲਣ ਘੱਟ ਬੀਮਾਰੀਆਂ, ਰੱਖੋ ਸਦਾ ਖਿਆਲ।

ਖਾਓ ਜੂਠ ਨਾ ਭੁੱਲ ਕੇ, ਬਾਤ ਸਮਝਿਓ ਖਾਸ।

ਸਦਾ ਤਰੱਕੀ ਰੋਕਦਾ, ਜੂਠ ਝੂਠ ਦਾ ਵਾਸ।

ਸਾਦਾ ਖਾਣਾ ਪਹਿਰਣਾ, ਸਾਫ਼ ਸਵੱਛ ਵਿਹਾਰ।

ਚੋਰੀ ਯਾਰੀ ਕਪਟ ਕੂੜ, ਦੇਵੋ ਮਨੋਂ ਵਿਸਾਰ।

ਹੱਥੋਂ ਦਿਓ ਗਰੀਬ ਨੂੰ, ਲਓ ਕਰਜ਼ ਨਾ ਮਾਰ।

ਸਵਾਰਥ ਕਦੇ ਨਾ ਸਾਧਣਾ, ਛੱਡੋ ਲੋਭ ਵਿਕਾਰ।

ਧਨ ਬੇਗਾਨੇ ਵੱਲ ਵੀ, ਕਦੇ ਨਾ ਪਾਉਣੀ ਝਾਤ।

"ਚਾਰ ਦਿਨਾ ਦੀ ਚਾਂਦਨੀ, ਫੇਰ ਅੰਧੇਰੀ ਰਾਤ"

ਕਰਾਮਾਤ ਜਮਾਤ ਵਿੱਚ, ਰਹਿਣਾ ਨਾਲ ਪਿਆਰ।

ਅਮਨ ਏਕਤਾ ਸਿਰਜਦੀ, ਸੁਰਗ ਜਿਹਾ ਸੰਸਾਰ।

ਬਸਤੀ ਵਾਦੀ ਤਾਕਤਾਂ ਨੂੰ, ਪਾਉਣੀ ਹੈ ਭਾਂਜ।

ਜਿਨ੍ਹਾਂ ਕੀਤੀ ਸੋਹਣਿਓਂ, ਸੋਚ ਅਸਾਡੀ ਬਾਂਝ।

---o---

ਵੀਹ ਅਕਤੂਬਰ ਐਤਵਾਰ, ਚੱਲੇ ਤੜਕ ਸਵੇਰ।

ਸਿੱਖ ਪੰਜਾਹ ਕੁ ਨਾਲ ਲੈ, ਕੂਕੇ ਸਿੰਘ ਦਲੇਰ।



Sri Satguru Jagjit Singh Ji eLibrary NamdhariElibrary@gmail.com

ਚੱਲੇ ਦਰਸ਼ਨ ਕਰਨ ਨੂੰ, ਵੱਲ ਸ੍ਰੀ ਦਰਬਾਰ।

ਲੈ ਕੇ ਸ਼ਰਧਾ ਭਾਵਨਾ, ਅਤੇ ਦਿਲੀਂ ਸਤਿਕਾਰ।

ਰਾਮਦਾਸ ਗੁਰ ਸਾਜਿਆ, ਇਹ ਪਾਵਨ ਅਸਥਾਨ।

ਇਹਦੇ ਵਰਗਾ ਹੋਰ ਨਾ, ਡਿੱਠਾ ਵਿੱਚ ਜਹਾਨ।

ਸੁਧਾ ਸਰੋਵਰ ਸਾਜ ਕੇ, ਕੀਤਾ ਕਾਜ ਮਹਾਨ।

ਪਾਪ ਕਮਾਤੇ ਉੱਤਰੇ, ਕਰ ਏਥੇ ਇਸ਼ਨਾਨ।

ਬੇਰੀ ਹੈ ਦੁੱਖ ਭੰਜਨੀ, ਕੰਢੇ ਤੇ ਮਸ਼ਹੂਰ।

ਜਿਸ ਦੇ ਹੇਠ ਨਹਾਤਿਆਂ, ਰੋਗ ਹੋਣ ਸਭ ਦੂਰ।

ਹੁੰਦੇ ਹੰਸ ਨਹਾ ਕੇ, ਜਿੱਥੇ ਕਾਲੇ ਕਾਗ।

ਦਰਸ਼ਨ ਕਰਕੇ ਲੱਗਦੀ, ਮਾਨਵਤਾ ਦੀ ਜਾਗ।

ਅੰਦਰ ਅੰਮ੍ਰਿਤ ਕੁੰਡ ਦੇ, ਹਰ ਮੰਦਰ ਨੂੰ ਸਾਜ।

ਸਿਰਜਿਆ ਸਾਂਝਾ ਸਭਸ ਦਾ, ਆਪ ਗਰੀਬ ਨਿਵਾਜ।

ਚਾਰ ਦਿਸ਼ਾਵਾਂ ਵੱਲ ਉਸ, ਦਿੱਤੇ ਖੋਹਲ ਕਪਾਟ।

ਇਸ ਦਾ ਦਰਸ਼ਨ ਕੀਤਿਆਂ, ਪਲਟੇ ਕਰਮ ਲਿਲਾਟ।

ਲੰਗਰ ਐਸਾ ਸਾਜਿਆ, ਜਿਸ ਦੀ ਭਲੀ ਪਛਾਣ।

"ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥"

ਪਿੱਛੋਂ ਪੰਜਵੇਂ ਪਾਤਸ਼ਾਹ, ਬਾਣੀ ਰੱਬੀ ਜੋੜ।

ਬੰਨ੍ਹੀ ਬੀੜ ਗ੍ਰੰਥ ਗੁਰ, ਜਿਵੇਂ ਸਮੇਂ ਦੀ ਲੋੜ।



Sri Satguru Jagjit Singh Ji eLibrary NamdhariElibrary@gmail.com

ਵਿੱਚ ਹਰਿਮੰਦਰ ਸਾਹਿਬ, ਦੇ ਕਰ ਦਿੱਤਾ ਪ੍ਰਕਾਸ਼।

ਜਿਸ ਦੇ ਪੜ੍ਹਿਆਂ ਹੋਂਵਦੇ, ਦੁੱਖ ਦਰਿਦਰ ਨਾਸ।

ਛੇਵੇਂ ਹਰਿਗੋਬਿੰਦ ਗੁਰ, ਹੋਏ ਸ਼ਾਹਨ ਸ਼ਾਹ।

ਮੀਰੀ ਪੀਰੀ ਵਾਲੀਆਂ, ਦੋ ਤਲਵਾਰਾਂ ਪਾ।

ਉਹਨਾਂ ਫੇਰ ਉਸਾਰਿਆ, ਬੁੰਗਾ ਆਪ ਅਕਾਲ।

ਕਹਿਣ ਅਕਾਲ ਤਖਤ ਵੀ, ਲੋਕੀਂ ਸ਼ਰਧਾ ਨਾਲ।

ਉਹਨਾਂ ਜ਼ੁਲਮੀ ਰਾਜ ਦਾ, ਕੀਤਾ ਇੰਜ ਵਿਰੋਧ।

ਤਖਤ ਬਰਾਬਰ ਥਾਪਿਆ, ਸਿੱਖਾਂ ਲਈ ਅਰੋਧ।

ਸੁਧਾ ਸਰੋਵਰ ਵਿੱਚ ਜਾ, ਕਰ ਪਹਿਲਾਂ ਇਸ਼ਨਾਨ।

ਏਥੋਂ ਗੁੜਤੀ ਬੀਰਤਾ, ਵਾਲੀ ਲੈਂਦੇ ਆਣ।

ਕਰਨ ਫੈਸਲੇ ਆਪਣੇ, ਆਪੇ ਲਾ ਦਰਬਾਰ।

ਪੰਜਾਂ ਸਿੰਘਾਂ ਨੂੰ ਸੀ, ਦੇ ਦਿੱਤਾ ਅਧਿਕਾਰ।

ਗਾਵਣ ਵਾਰਾਂ ਵੀਰ ਰਸ, ਢੱਡ ਸਾਰੰਗੀ ਨਾਲ।

ਜੋਸ਼ ਭਰਨ ਵਿੱਚ ਦਿਲਾਂ ਦੇ, ਖਾਵੇ ਖ਼ੂਨ ਉਬਾਲ।

ਆਖਣ ਕਰਨਾ ਅਸਾਂ ਹੈ, ਜ਼ੁਲਮ ਸਿਤਮ ਦਾ ਨਾਸ।

ਦੇਸ਼ ਕੌਮ ਦੀ ਰੱਖਿਆ, ਮਕਸਦ ਸਾਡਾ ਖਾਸ।

ਰਾਜੇ ਮੰਨਣ ਫੈਸਲਾ, ਭਾਵੇਂ ਲਾਵਣ ਦੰਡ।

ਜਥੇਦਾਰ ਇਸ ਤਖਤ ਦਾ, ਤੇਜ ਬੜਾ ਪ੍ਰਚੰਡ।

ਸੱਚਾ ਸੁੱਚਾ ਹੋਂਵਦਾ, ਧਰਮੀ ਪੁਰਸ਼ ਮਹਾਨ।

ਹੋਵੇ ਧਰਮੀ ਰਾਜ ਦੀ, ਉਹਦੇ ਹੱਥ ਕਮਾਨ।

ਕੀਤੀ ਜਦੋਂ ਕੁਰਹਿਤ ਸੀ, ਮਹਾਰਾਜੇ ਰਣਜੀਤ।

ਫੂਲਾ ਸਿੰਘ ਨੇ ਆਖਿਆ, ਤੂੰ ਹੋ ਗਿਆ ਪਲੀਤ।

ਭੋਗੀ ਮੋਰਾਂ ਕੰਜਰੀ, ਵੱਸਿਆ ਕਾਮ ਸ਼ੈਤਾਨ।

ਰਾਜਾ ਹੋਵੇਂਗਾ ਤੂੰ ਨਹੀਂ, ਰਿਹਾ ਇਨਸਾਨ।

ਤੂੰ ਤਨਖਾਹੀਆ ਪੰਥ ਦਾ, ਜਾਂ ਲਵਾ ਲੈ ਡੰਨ।

ਨਹੀਂ ਤੇ ਏਥੇ ਵੜੀਂ ਨਾ, ਬਾਤ ਅਸਾਡੀ ਮੰਨ।

ਡੰਨ ਹੱਸ ਰਣਜੀਤ ਸਿੰਘ, ਕਰ ਲੀਤਾ ਸਵੀਕਾਰ।

ਰਾਜਾ ਹੋ ਕੇ ਓਸ ਨੇ, ਕੀਤਾ ਨਾ ਇਨਕਾਰ।

ਬੇਰੀ ਦੇ ਮੁੱਢ ਬੰਨ੍ਹ ਕੇ, ਕੋੜੇ ਮਾਰੋ ਆਪ।*

ਉਹਨੇ ਏਦਾਂ ਆਖਿਆ, ਲਾਹੋ ਸਿਰੋਂ ਸਰਾਪ।

ਐਪਰ ਫੂਲਾ ਸਿੰਘ ਨੇ, ਲਾ ਕੇ ਗਲ ਦੇ ਨਾਲ।

ਆਖਿਆ ਸਿੱਖੀ ਧੰਨ ਹੈ, ਹੋਇਆ ਵੇਖ ਨਿਹਾਲ।

ਐਪਰ ਪੜੇ ਪੁਜਾਰੀਆਂ, ਕੀਤੀ ਚਾਲ ਕੁਚਾਲ।

ਪਏ ਚਲਾਉਂਦੇ ਚੰਮ ਦੀਆਂ, ਮਨ ਮਰਜ਼ੀ ਦੇ ਨਾਲ।

ਆਣ ਪਵਿੱਤਰ ਥਾਂ ਤੇ, ਬੈਠੇ ਕਾਲੇ ਕਾਗ।

ਜਿੱਦਾਂ ਚਿੱਟੇ ਕੱਪੜੇ, ਉੱਤੇ ਕਾਲਾ ਦਾਗ।

ਮਨ ਕੁਰਹਿੱਤੀਂ ਲਿਬੜੇ, ਉੱਤੋਂ ਸਾਫ ਸਵੱਛ।

ਕੂੜ ਕਪਟ ਨਿਤ ਬੋਲਦੇ, ਖਾਂਦੇ ਭੱਛ ਅਭੱਛ।

ਬਣ ਬੈਠੇ ਸਰਕਾਰ ਦੇ, ਸਾਰੇ ਟੁੱਕੜਬੋਚ।

ਖਾਂਦੇ ਮਾਲ ਹਰਾਮ ਦਾ, ਆਪਣਿਆਂ ਨੂੰ ਨੋਚ।

ਵਿਭਚਾਰੀਏ ਆਪ ਉਹ, ਰਾਹੋਂ ਜਾਣ ਕੁਰਾਹ।

ਸੱਚਾ ਗੁਰਸਿੱਖ ਵੇਖ ਕੇ, ਉਹ ਲਾਵਣ ਤਨਖਾਹ।

ਚੀਨੀ ਵਾਲਾ ਪਾਤਸ਼ਾਹ, ਲੈ ਕੇ ਕੁਝ ਸਿੱਖ ਨਾਲ।

ਮੱਥਾ ਟੇਕਣ ਪਹੁੰਚਿਆ, ਬੁੰਗੇ ਜਦੋਂ ਅਕਾਲ।

ਨਾਲ ਲਏ ਪ੍ਰਸ਼ਾਦ ਦੇ, ਉਹਨਾਂ ਇੱਕੀ ਥਾਲ।

ਗਿਆਰਾਂ ਸੌ ਰੁਪਈਆ, ਉੱਤੇ ਰੱਖ ਸੰਭਾਲ।

ਜਾ ਕੇ ਮੱਥਾ ਟੇਕਿਆ, ਅੰਦਰ ਸ਼ਰਧਾ ਧਾਰ।

ਐਪਰ ਵੇਖ ਪੁਜਾਰੀਆਂ, ਕੀਤਾ ਉਲਟ ਵਿਹਾਰ।

ਆਖਣ ਭੇਟਾ ਤੁਸਾਂ ਦੀ, ਸਾਨੂੰ ਨਾ ਸਵੀਕਾਰ।

ਕਿਉਂਕਿ ਸਿੱਖੀ ਵਾਲੜੀ, ਨਹੀਂ ਤੁਹਾਡੀ ਕਾਰ।

ਵਿੱਚ ਕੀਰਤਨ ਤੁਸਾਂ ਦੇ, ਸਿੰਘ ਖਿਲਾਰਨ ਕੇਸ।

ਕਰਦੇ ਹੋ ਬੇ-ਅਦਬੀਆਂ, ਏਦਾਂ ਤੁਸੀਂ ਹਮੇਸ਼।

ਜਪੋ ਚੌਅੱਖਰਾ ਨਾਮ ਨਾ, ਆਖਣ ਪੜ੍ਹੋ ਕਲਾਮ।

ਝੂਠ ਤੂਫਾਨ  ਬੋਲ ਕੇ, ਕਰਨ ਪਏ ਬਦਨਾਮ।



Sri Satguru Jagjit Singh Ji eLibrary NamdhariElibrary@gmail.com

ਉੱਤੋਂ ਗੱਲਾਂ ਹੋਰ ਸਨ, ਅੰਦਰ ਖਤਰਾ ਹੋਰ।

ਸੋਚਣ ਕਬਜ਼ਾ ਕਰਨਗੇ, ਵਿੱਚ ਦਿਲਾਂ ਦੇ ਚੋਰ।

ਨਾ ਭੇਟਾ ਪ੍ਰਸ਼ਾਦ ਦੀ, ਨਾ ਕੀਤੀ ਅਰਦਾਸ।

ਮਾਂਹ ਦੇ ਆਟੇ ਵਾਂਗਰਾਂ, ਆਕੜ ਹੋਏ ਨਾਸ।

ਸਤਿਗੁਰ ਜੀ ਨੇ ਬੇਨਤੀ, ਕਰੀ ਦੁਬਾਰਾ ਫੇਰ।

ਕਰ ਲਵੋ ਪ੍ਰਵਾਨ ਇਹ, ਤਿਲ ਭੁੱਲ ਕਰੋ ਨਾ ਦੇਰ।

ਕਹਿਣ ਲਵਾਓ ਅਸਾਂ ਤੋਂ, ਪੰਜ ਲੱਖ ਤਨਖਾਹ।

ਨਹੀਂ ਤੇ ਅਸਾਂ ਨਾ ਮੰਨਣਾ, ਨਾਪੋ ਘਰ ਦਾ ਰਾਹ।

ਬੰਦਾ ਇੱਕ ਲਿਆ ਕੇ, ਦੇ ਨੀਲੀ ਦਸਤਾਰ।

ਆਖੇ ਇਹਨੂੰ ਸੀਸ ਤੇ,  ਲਵੋ ਤੁਸੀਂ ਹੁਣ ਧਾਰ।

ਨੀਲਾ ਮੂਲ ਨਾ ਪਹਿਰਦੇ, ਮੇਟਣ ਲਈ ਦਵੈਸ਼।

ਰੱਖੀ ਉੱਪਰ ਸੀਸ ਦੇ, ਦਿਲੋਂ ਗਵਾਇਆ ਤੈਸ਼।

ਸੋਚ ਰਹੇ ਸਨ ਜਾਗ ਪਏ, ਸ਼ਾਇਦ ਕੌਮ ਦਾ ਹਿਤ।

ਐਪਰ ਉਹਨਾਂ ਪਾਂਬਰਾਂ, ਪੱਥਰ ਹੋਏ ਚਿੱਤ।

ਕਹਿਣ ਪੁਜਾਰੀ ਅਸਾਂ ਨੂੰ, ਅਜੇ ਨਹੀਂ ਮਨਜ਼ੂਰ।

ਮਨ ਦੀ ਕਿਸ਼ਤੀ ਡੋਲਦੀ, ਵੇਖ ਅਨੋਖਾ ਪੂਰ।

ਨੀਲਾ ਕੱਪੜਾ ਪਾੜ ਗੁਰ, ਕੀਤਾ ਲੀਰੋ ਲੀਰ।

ਉਹਨਾਂ ਵਾਲੀ ਜਾਣਿਓਂ ,ਹੈਂਕੜ ਦਿੱਤੀ ਚੀਰ।

ਨੀਲਾ ਬਾਣਾ ਪਾੜ ਕੇ, ਕਹਿਣ ਕਿਹਾ ਦਸਮੇਸ਼।

ਅਮਲ ਗਵਾਇਆ ਤੁਰਕ ਦਾ, ਕੀਤਾ ਅਮਲ ਵਿਸ਼ੇਸ਼।

ਨੀਲਾ ਬਾਣਾ ਪਹਿਰ ਕੇ, ਬਣੇ ਉੱਚ ਦੇ ਪੀਰ।

ਢਿੱਲਵਾਂ ਆ ਕੇ ਉਸ ਨੂੰ, ਕੀਤਾ ਲੀਰੋ ਲੀਰ।

ਅੱਗ ਬਾਲ ਕੇ ਸਾੜਿਆ, ਉੱਥੇ ਮਨੋ ਨਕਾਰ।

ਇਹ ਕਲਾਸ ਵਾਲੀਏ, ਲਿਖਿਆ ਸੁ ਵਿਸਥਾਰ।

ਬੰਦੇ ਬਹਾਦਰ ਵਾਲੜਾ, ਜੋ ਲਿਖਿਆ ਇਤਿਹਾਸ।

ਬਹੁਤ ਗ੍ਰੰਥ ਪੁਰਾਤਨ ਹੈ, ਉਹ ਮੇਰੇ ਪਾਸ।

ਸਤਿਗੁਰ ਜੀ ਨੇ ਬਾਹਰ ਆ, ਵਾਹੀ ਇੱਕ ਲਕੀਰ।

ਇਸ ਤੋਂ ਅੱਗੇ ਜਾਏ ਨਾ, ਆਖਣ ਕੋਈ ਸਰੀਰ।

ਕਰ ਅਰਦਾਸਾ ਓਸ ਥਾਂ, ਵਰਤਾਇਆ ਪ੍ਰਸ਼ਾਦ।

ਆਖਣ ਲੱਗੇ ਗੁਰੂ ਘਰ, ਕਰਨੀ ਨਹੀਂ ਬਖਾਧ।

ਐਪਰ ਪਹਿਲੀ ਵਾਰ ਨਾ, ਹੋਇਆ ਉਲਟ ਵਿਹਾਰ।

ਏਥੋਂ ਨੌਵੇਂ ਪਾਤਸ਼ਾਹ, ਗਏ ਨਿਰਾਸ਼ਾ ਧਾਰ।

ਐਪਰ ਹੁਣ ਅੰਗ੍ਰੇਜ਼ ਦੇ, ਜੋ ਪਿੱਠੂ ਸਰਦਾਰ।

ਏਥੋਂ ਮਿਲਦੇ ਸਿਰੋਪਾ, ਉਹਨਾਂ ਨੂੰ ਸਤਿਕਾਰ।

ਐਪਰ ਜੋ ਅੰਗ੍ਰੇਜ਼ ਦੇ, ਵਫ਼ਾਦਾਰ ਨਾ ਮੂਲ।

ਉਹਨਾਂ ਤਾਈਂ ਵਿਹੰਦਿਆਂ, ਅੰਦਰ ਉੱਠੇ ਸੂਲ।

ਸਤਿਗੁਰ ਜੀ ਨੇ ਆਖਿਆ, ਉੱਚੀ ਬਚਨ ਪੁਕਾਰ।

ਰਾਹ ਲੱਭੇ ਨਾ ਭੱਜਦਿਆਂ, ਏਦਾਂ ਨਿਕਲੋ ਬਾਹਰ।

ਚਕਰਵਰਤੀ ਜੀ ਨੇ, ਦਿੱਤਾ ਖੋਹਲ ਹਵਾਲ।

ਆਖਣ ਲੱਗੇ ਗਿਆ ਸਾਂ, ਆਲਮ ਜੀ ਦੇ ਨਾਲ।

ਕੱਢੇ ਜਦੋਂ ਅਕਾਲੀਆਂ, ਪੜੇ ਪੁਜਾਰੀ ਮਾਰ।

ਦੌੜ ਗਏ ਸਭ ਛੱਡ ਕੇ, ਹੁੰਦੇ ਫਿਰਨ ਖੁਆਰ।

ਆਖਣ ਕਿਹਾ ਅਕਾਲੀਆਂ, ਗੁਰੂ ਤੁਹਾਡਾ ਪਾਕ।

ਪੂਰਾ ਹੋਇਆ ਅੱਜ ਹੈ, ਉਸ ਦਾ ਕੀਤਾ ਵਾਕ।

ਆਵੋ ਖੁਸ਼ੀਆਂ ਨਾਲ ਹੁਣ, ਕੋਈ ਰਹੀ ਨਾ ਰੋਕ।

ਜੋ ਕਰਦੇ ਸਨ ਵਿਤਕਰਾ, ਦੌੜ ਗਏ ਉਹ ਲੋਕ।

ਅੱਗੇ ਮੱਥਾ ਟੇਕਿਆ, ਹਰਮੰਦਰ ਦਰਬਾਰ।

ਭੇਟਾ ਤੇ ਪ੍ਰਸ਼ਾਦ ਧਰ, ਕੀਤੀ ਨਿਮਸਕਾਰ।

ਓਥੋਂ ਦਿਆਂ ਪੁਜਾਰੀਆਂ, ਕਰ ਲੀਤੀ ਪ੍ਰਵਾਨ।

ਕਰ ਦਿੱਤੀ ਅਰਦਾਸ ਵੀ, ਉਹਨਾਂ ਨਾਲ ਧਿਆਨ।

ਇੱਕ ਦੁਸ਼ਾਲਾ ਕੀਮਤੀ, ਕੰਨੀ ਗੋਟੇਦਾਰ।

ਆਪ ਸਿਰੋਪਾ ਭੇਟਿਆ, ਨਾਲ ਭੇਟ ਦਸਤਾਰ।

ਨਾਲ ਖੁਸ਼ੀ ਦੇ ਪਾਤਸ਼ਾਹ, ਕਰ ਲੀਤੀ ਪ੍ਰਵਾਨ।

ਆਖਣ ਆਏ ਵਧਾਉਣ ਹਾਂ, ਅਸੀਂ ਪੰਥ ਦੀ ਸ਼ਾਨ।



. Sri Satguru Jagjit Singh Ji eLibrary NamdhariElibrary@gmail.com .

* ਰਵਾਇਤ ਇਹ ਹੈ ਕਿ ਜਦੋਂ ਉਸਨੇ ਬੇਰੀ ਨਾਲ ਬੱਝਣਾ ਮਨਜ਼ੂਰ ਕਰ ਲਿਆ ਤਾਂ ਫਿਰ ਫੂਲਾ ਸਿੰਘ ਨੇ ਬਿਨਾ ਕੋਰੜੇ ਮਾਰਿਆਂ ਹੀ ਖੋਹਲ ਕੇ ਮੁਆਫ ਕਰ ਦਿੱਤਾ ਸੀ।

---o---

ਜਿਸ ਦਿਨ ਆਏ ਗੁਰੂ ਜੀ, ਅੰਮ੍ਰਿਤਸਰ ਦੇ ਵਿੱਚ।

ਆਏ ਹੁੰਮ ਹੁਮਾ ਲੋਕ, ਲੈ ਦਰਸ਼ਨ ਦੀ ਸਿੱਕ।

ਜੋ ਪਤਵੰਤੇ ਸ਼ਹਿਰ ਦੇ, ਆਏ ਲੈ ਸਨਮਾਨ।

ਸਿੱਖ, ਵਪਾਰੀ ਹੋਰ ਵੀ, ਹਿੰਦੂ ਮੁਸਲਮਾਨ।

ਰਲ ਸਭਨਾਂ ਨੇ ਟੇਕਿਆ, ਮੱਥਾ ਸ਼ਰਧਾ ਧਾਰ।

ਰੱਖ ਰਪਈਆ ਸੱਤ ਸੌ, ਦਿੱਤੀ ਭੇਟ ਪਿਆਰ।

ਨਾਲ ਲਿਆਏ ਕੱਪੜਾ, ਬੇਸ਼-ਕੀਮਤੀ ਜਾਣ।

ਬਾਰਾਂ ਥਾਨ ਲਿਆ ਕੇ, ਭੇਟ ਚੜ੍ਹਾਏ ਆਣ।

ਅੰਮ੍ਰਿਤਸਰ ਦਾ ਪਾਦਰੀ, ਪੁਲੀਸ ਆਫ਼ੀਸਰ ਨਾਲ।

ਸਟੋਰਸ ਅਤੇ ਕ੍ਰਿਸਟੀ, ਆਣ ਮਿਲੇ ਤਤਕਾਲ।

ਚਰਚਾ ਮੇਲੇ ਏਸ ਦੀ, ਲੱਗੀ ਹੋਣ ਅਪਾਰ।

ਦੱਸਣ ਏਥੇ ਬਣੇ ਨੇ, ਕੂਕੇ ਦੋ ਹਜ਼ਾਰ।

ਏਸ ਸਾਲ ਸਰਕਾਰ ਨੂੰ, ਖ਼ੁਫੀਆ ਮਿਲੀ ਰਿਪੋਰਟ।

ਏਸ ਸਾਲ ਵਿੱਚ ਬਣੇ ਜੋ, ਕੂਕੇ ਕੀਤੇ ਨੋਟ।



Sri Satguru Jagjit Singh Ji eLibrary NamdhariElibrary@gmail.com

ਜ਼ਿਲ੍ਹੇ ਅੰਬਾਲੇ ਦੇ ਨੇ, ਪੰਦਰਾਂ ਸਮਝ ਗ੍ਰਾਮ।

ਕੂਕੇ ਡੇਢ ਕੁ ਸਾਲ ਵਿੱਚ, ਏਥੇ ਬਣੇ ਤਮਾਮ।

ਲਿਖਿਆ ਛੋਟੀ ਜਾਤ ਦੇ, ਜੱਟ, ਤਰਖਾਣ, ਲੌਹਾਰ।

ਮਜ਼੍ਹਬੀ ਤੇ ਰਵਦਾਸੀਏ, ਆਏ ਸ਼ਰਧਾ ਧਾਰ।

ਅੱਗੇ ਮੱਥਾ ਟੇਕਿਆ, ਬਾਬੇ ਆਣ ਅਟੱਲ।

ਜਿਨੂੰ ਆਖਣ ਦੇਂਵਦਾ, ਪੱਕੀ ਪਕਾਈ ਘੱਲ।

ਇਹ ਅਟਲ ਰਾਇ ਦੀ, ਯਾਦਗਾਰ ਸਵਛੰਦ।

ਹਰਗੋਬਿੰਦ ਗੁਰੂ ਦੇ, ਕਲਾਵਾਨ ਫ਼ਰਜੰਦ।

ਛੋਟੀ ਉਮਰੇ ਗਏ ਸਨ, ਉਹ ਗੁਰਪੁਰੀ ਸਿਧਾਰ।

ਸੱਤ ਮੰਜਲਾਂ ਯਾਦ ਵਿੱਚ, ਦਿੱਤਾ ਬੁਰਜ ਉਸਾਰ।

ਸੀਸ ਨਿਵਾਉਂਦੇ ਆਣ ਕੇ, ਏਥੇ ਸ਼ਰਧਾਵਾਨ।

ਪੱਕਿਆ ਭੋਜਨ ਵਰਤਦਾ, ਮਿੱਸਾਂ ਅੰਨ ਪ੍ਰਵਾਨ।

ਏਥੇ ਮੱਥਾ ਟੇਕਿਆ, ਅੰਦਰ ਸ਼ਰਧਾ ਧਾਰ।

ਏਥੋਂ ਦਿਆਂ ਪੁਜਾਰੀਆਂ, ਕਰ ਲੀਤਾ ਸਵੀਕਾਰ।

ਫੇਰ ਸਿਰੋਪਾ ਭੇਟਿਆ, ਨਾਲ ਮਾਨ ਸਨਮਾਨ।

ਸਿੱਖ ਪੰਥ ਦੀ ਇਸ ਤਰ੍ਹਾਂ, ਉੱਚੀ ਕੀਤੀ ਸ਼ਾਨ।

ਵਾਪਸ ਡੇਰੇ ਆ ਗਈ, ਏਥੋਂ ਸੰਗਤ ਚੱਲ।

ਬੈਠੇ ਆਪੋ ਆਪਣੇ, ਸਾਰੇ ਆਸਣ ਮੱਲ।



. Sri Satguru Jagjit Singh Ji eLibrary NamdhariElibrary@gmail.com .

---o---

ਅਕਤੂਬਰ ਅਠਾਈ ਸੀ, ਅਠਾਰਾਂ ਸੌ ਸਤਾਹਟ।

ਮਸਤਕ ਤੁਰੇ ਨਿਵਾਉਣ ਫਿਰ, ਉੱਪਰ ਪਰਮ ਚੁਗਾਠ।

ਅਫ਼ਸਰ ਵੇਖ ਪੁਲੀਸ ਦੇ, ਫੇਰ ਰੋਕਿਆ ਆਣ।

ਬੰਦੇ ਵੱਧ ਪੰਜਾਹ ਤੋਂ, ਅਸਾਂ ਨਾ ਦੇਣੇ ਜਾਣ।

ਐਪਰ ਅੱਗੋਂ ਖਾਲਸੇ, ਦਿੱਤੀ ਗੱਲ ਨਕਾਰ।

ਏਸੇ ਗੱਲੋਂ ਹੋ ਗਈ, ਆਪੋ ਵਿੱਚ ਤਕਰਾਰ।

ਸੂਬੇ ਲੱਖਾ ਸਿੰਘ ਨੂੰ, ਵੇਖ ਆ ਗਿਆ ਰੋਹ।

ਆਖੇ ਤੇਰੇ ਬਿੱਲਿਆ, ਜੁੰਡੇ ਦੇਣੇ ਖੋਹ।

ਤੂੰ ਕੀ ਲਗਨੈ ਧਾਮ ਦਾ, ਜੋ ਅਕੜਾਵੇਂ ਧੌਣ।

ਹੁਨੈਂ ਸਾਨੂੰ ਏਸ ਥਾਂ, ਰੋਕਣ ਵਾਲਾ ਕੌਣ?

ਸਾਡਾ ਹੀ ਇਹ ਵਤਨ ਹੈ, ਸਾਡਾ ਹੀ ਗੁਰਧਾਮ।

ਤੂੰ ਕੌਣ ਜੋ ਏਸ  ਥਾਂ, ਕਰਦੈਂ ਇੰਤਜ਼ਾਮ।

ਆਣ ਵਿਦੇਸ਼ੋਂ ਟਪਕਿਆ, ਖਾਹਮ ਖਾਹ ਘੜੰਮ।

ਐਵੇਂ ਸਾਡੇ ਕੰਮ ਵਿੱਚ, ਪਾਵੇਂ ਪਿਆ ਮਲੰਮ।

ਵਾਂਗ ਰਬੜ ਦੇ ਵੱਧ ਰਿਹੈਂ, ਚਖ ਨਾ ਲਵੀਂ ਸੁਆਦ।

ਨਾਸਾਂ ਭੰਨਾਂ ਤੇਰੀਆਂ, ਦੇ ਹੂਰਾਂ ਪ੍ਰਸ਼ਾਦ।

ਐਪਰ ਸਤਿਗੁਰ ਜੀ ਨੇ, ਵਿੱਚ ਵਿਚਾਲੇ ਹੋ।

ਲੱਖਾ ਸਿੰਘ ਨੂੰ ਆਖਿਆ, ਜਾਓ ਸ਼ਾਂਤ ਖਲੋ।

ਉਹਨਾਂ ਸਾਰਜੰਟ ਨੂੰ, ਫੇਰ ਕਿਹਾ ਇਸ ਭਾਂਤ।

ਝਗੜਾ ਕਰੀਏ ਅਸੀਂ ਨਾ, ਤੂੰ ਵੀ ਹੋ ਜਾਂ ਸ਼ਾਂਤ।

ਜਾ ਪੰਜਾਹ ਪੰਜਾਹ ਹੀ, ਕਰੀਏ ਦਰਸ ਦੀਦਾਰ।

ਏਹ ਮੈਦਾਨ-ਏ-ਜੰਗ ਨਾ, ਸਤਿਗੁਰ ਦੈ ਦਰਬਾਰ।

ਏਥੇ ਦਰਸ਼ਨ ਕਰਨ ਦਾ, ਹੈ ਸਭਨਾਂ ਨੂੰ ਹੱਕ।

ਨਾਲ ਹਲੀਮੀ ਹੋੜ ਲੈ, ਧੱਕੇ ਨਾਲ ਨਾ ਡੱਕ।

ਏਥੋਂ ਮੱਥਾ ਟੇਕ ਕੇ, ਪਿੱਛੇ ਪਰਤੇ ਫੇਰ।

ਪਹੁੰਚੇ ਅੰਦਰ ਬੁੰਗਿਆਂ, ਪਿੱਛੋਂ ਥੋੜ੍ਹੀ ਦੇਰ।

ਡੇਰੇ ਲਾਏ ਕੂਕਿਆਂ, ਜਿੱਥੇ ਨਾਲ ਪ੍ਰੇਮ।

ਉਹਨਾਂ ਦਾ ਵੀ ਪੁੱਛਿਆ, ਜਾ ਕੇ ਕੁਸ਼ਲ ਕਸ਼ੇਮ।

ਜਿੱਥੇ ਰਾਜਾ ਸਾਂਹਸੀਏ, ਬੈਠੇ ਸਨ ਸਰਦਾਰ।

ਕੀਤਾ ਉਹਨਾਂ ਕੋਲ ਆ, ਕੁਝ ਵਿਸ਼ਰਾਮ ਵੀਚਾਰ।

ਠਾਕਰ ਸਿੰਘ, ਸ਼ਮਸ਼ੇਰ ਸਿੰਘ, ਉੱਠੇ ਨਾਲ ਪਿਆਰ।

ਜੀ ਆਇਆਂ ਨੂੰ ਆਖਿਆ, ਕੀਤੀ ਨਿਮਸਕਾਰ।

ਸੁੰਦਰ ਆਸਣ ਸਾਜ ਕੇ, ਨਾਲ ਬੜੇ ਸਤਿਕਾਰ।

ਭੇਟਾ ਚਰਨਾਂ ਵਿੱਚ ਸੀ, ਰੱਖੀ ਸ਼ਰਧਾ ਧਾਰ।

---o---

ਕੰਬਲ ਫੇਰ ਮੰਗਾ ਕੇ, ਓਥੇ ਨਾਲ ਪਸੰਦ।

ਵੰਡੇ ਸਤਿਗੁਰ ਜੀ ਨੇ, ਵੇਖ ਜ਼ਰੂਰਤਮੰਦ।

ਖਰਚੇ ਉੱਤੇ ਕੰਬਲਾਂ, ਤਿੰਨ ਸੌ ਅਤੇ ਪਚਾਸ॥

ਦਰਦ ਵੰਡਾਉਣਾ ਦੀਨ ਦਾ, ਕਾਰਜ ਹੋਵੇ ਖਾਸ।

ਸੱਚ ਧਰਮ ਦਾ ਏਸ ਥਾਂ, ਜਾ ਕੀਤਾ ਪ੍ਰਚਾਰ।

ਲੋਕੀਂ ਕਾਇਲ ਹੋ ਗਏ, ਉੱਤਮ ਵੇਖ ਵੀਚਾਰ।

ਚੰਗਾ ਮਾੜਾ ਆਪਣਾ, ਲੋਕਾਂ ਲਿਆ ਪਛਾਣ।

ਬੈਠੇ ਸਨ ਜੋ ਹੁੱਸੜੇ, ਦਰ ਦਰ ਰੇਤਾ ਛਾਣ।

ਉਹਨਾਂ ਅੰਦਰ ਹੋ ਗਿਆ, ਨਵ ਜੀਵਨ ਸੰਚਾਰ।

ਦਿੱਤੀ ਕੰਨੀਂ ਕੂਕਿਆਂ, ਫੂਕ ਅਗੰਮੀ ਮਾਰ।

ਛੱਡ ਛੱਡ ਕੂੜ ਕੁਰੀਤੀਆਂ, ਲੀਤਾ ਜਨਮ ਸਵਾਰ।

ਕੂਕੇ ਹੋਏ ਬਹੁਤ ਸੀ, ਇਸ ਮੇਲੇ ਵਿਚਕਾਰ।

ਦੋ ਹਜ਼ਾਰ ਭਾਰਤੀ, ਆਏ ਵਿੱਚ ਮੁਹਾਜ।

ਉਘੜਿਆ ਸਰਕਾਰ ਦਾ, ਵਾਂਗ ਮੁਲੰਮੇ ਪਾਜ।

ਕੌਣ ਹਿਤੈਸ਼ੀ ਅਸਾਂ ਦਾ, ਜਾਣ ਗਏ ਸਭ ਲੋਕ।

ਨੀਲੂ ਗਿੱਦੜ ਤੋਂ ਡਰੇ, ਅਸੀਂ ਬੜੇ ਡਰਪੋਕ।



. Sri Satguru Jagjit Singh Ji eLibrary NamdhariElibrary@gmail.com .

ਸਾਧ ਮੁਖੌਟੇ ਪਹਿਨ ਕੇ, ਫਿਰਦੇ ਹੈਨ ਸ਼ੈਤਾਨ।

ਚਿੱਚੜ ਜੋਕਾਂ ਲਾਹ ਦਿਓ, ਮਾਰੋ ਰੜੇ ਮੈਦਾਨ।

ਢਾਹੋ ਕੋਟ ਕੁਰੀਤੀਆਂ, ਵਾਲਾ ਕਰੋ ਨਾ ਦੇਰ।

ਕਾਲੀ ਬੋਲੀ ਰਾਤ ਦਾ, ਹੋਵੇ ਦੂਰ ਹਨੇਰ।

ਤੁਰੋ ਮਿਸ਼ਾਲਾਂ ਬਾਲ ਕੇ, ਕਿਰਤੀ ਤੇ ਕ੍ਰਿਸਾਨ।

ਰਸਤੇ ਢੂੰਡੋ ਆਪਣੇ, ਆਪੇ ਨਾਲ ਧਿਆਨ।

ਝੂਠੇ ਰਾਹਬਰ ਬਣੇ ਜੋ, ਰਾਹੋਂ ਪਾਉਣ ਕੁਰਾਹ।

ਉਹਨਾਂ ਦਾ ਨਾ ਭੁੱਲ ਕੇ, ਕਰਨਾ ਜ਼ਰਾ ਵਸਾਹ।

ਤੋੜ ਤਲਿਸਮ ਕੂੜ ਦਾ, ਇਹ ਸਮਝਾਈ ਬਾਤ।

ਨਹੀਂ ਹਨੇਰਾ ਢੋਂਦਿਆਂ, ਕਦੇ ਮੁਕੇਂਦੀ ਰਾਤ।

ਨਾਲ ਹਨੇਰੇ ਟਾਕਰਾ, ਕਰੋ ਮਿਸ਼ਾਲਾਂ ਬਾਲ।

ਦੀਪ ਜਗਾਓ ਦੀਪ ਤੋਂ, ਹਿੰਮਤ ਜ਼ਰਾ ਵਖਾਲ।

ਕਾਲੀ ਬੋਲੀ ਰਾਤ ਨੂੰ, ਕਰ ਦੇਵੋ ਸ਼ਬ ਰਾਤ।

ਇਹ ਪਿਸ਼ਾਚ ਭੂਤਨੇ ਖਾ, ਜਾਵਣ ਫਿਰ ਮਾਤ।

ਰਤਨ ਸਿੰਘ ਸਰਦਾਰ ਦੀ, ਬੇਟੀ ਚਤੁਰ ਸੁਜਾਨ।

ਵੀਹ ਸਾਲ ਦੀ ਉਮਰ ਹੈ, ਭਰ ਜੋਬਨ ਪ੍ਰਵਾਨ।

ਸੂਬਾ ਇਸ ਨੂੰ ਥਾਪ ਕੇ, ਸੌਂਪਿਆ ਕਾਜ ਅਮੁੱਲ।

ਕਰੋ ਜਾਗ੍ਰਿਤ ਨਾਰੀਆਂ, ਆਖਣ ਲੱਗੇ ਕੁੱਲ।



. Sri Satguru Jagjit Singh Ji eLibrary NamdhariElibrary@gmail.com .

ਅਬਲਾ ਸਭ ਸਬਲਾ ਕਰੋ, ਕੱਢ ਭਾਵਨਾ ਹੀਣ।

ਨਾਰਾਂ ਹੋਵਣ ਸ਼ੀਹਣੀਆਂ, ਜੀਵਨ ਅਣਖੀ ਜੀਣ।

ਸਦੀਆਂ ਦੀਆਂ ਲਤਾੜੀਆਂ, ਪਈਆਂ ਹਿੰਮਤ ਹਾਰ।

ਉਹਨਾਂ ਅੰਦਰ ਕਰ ਦਿਓ, ਨਵ ਜੀਵਨ ਸੰਚਾਰ।

ਹੁਣ ਨਾ ਰਹਿਣ ਨਿਮਾਣੀਆਂ, ਭਰੀਏ ਐਸਾ ਤਾਣ।

ਕਿਉਂ ਕਰ ਕਹਿਣ ਨਿਮਾਣੀਆਂ, ਪਾਵਣ ਆਦਰ ਮਾਣ।

ਬ੍ਰਹਮ ਚਾਰਿਆ ਧਾਰ ਕੇ, ਪਗੜੀ ਪਹਿਨੀ ਸੀਸ।

ਧਰਮ ਯੁੱਧ ਵਿੱਚ ਕੁੱਦ ਪਈ, ਹੁਕਮੀ ਲੈ ਬਖਸ਼ੀਸ਼।

ਮਨ ਬ੍ਰਿਤੀ ਨੂੰ ਓਸ ਨੇ, ਏਨਾ ਕੀਤਾ ਸਿੱਧ।

ਹੋਈ ਮਾਈ ਮਹਾਤਮਾ, ਕਰ ਕੇ ਉਹ ਪ੍ਰਸਿੱਧ।

ਰਾਜ ਘਰਾਣੇ ਵਿੱਚ ਸੀ, ਬੜਾ ਤੇਜ ਪ੍ਰਭਾਵ।

ਆਦਰ ਨਾਭੇ ਵਾਲੜੇ, ਨਾਲ ਕਰੇਂਦੇ ਚਾਵ।

ਓਸੇ ਦੇ ਵਰ ਨਾਲ ਹੀ, ਆਖਣ ਲੋਕੀਂ ਆਪ।

ਰਾਜੇ ਦੇ ਘਰ ਜੰਮਿਆਂ, ਸੀ ਟਿੱਕਾ ਪ੍ਰਤਾਪ।

ਰਾਜੇ ਨੇ ਖੁਸ਼ ਹੋ ਕੇ, ਧਰ ਸਤਿਗੁਰ ਤੇ ਟੇਕ।

ਦਿੱਤੀ ਬੀੜ ਮਰਾਰਤੂ, ਭੈਣੀ ਮੱਥਾ ਟੇਕ।

---o---



Sri Satguru Jagjit Singh Ji eLibrary NamdhariElibrary@gmail.com

ਇਸ ਮੇਲੇ ਦਾ ਹਾਲ ਇੰਜ, ਲਿਖਦਾ ਹੈ ਅੰਗ੍ਰੇਜ਼।

ਅੱਜ ਅਸਾਡੇ ਲਈ ਨੇ, ਮਹਿੰਗੇ ਦਸਤਾਵੇਜ਼।

ਸੂਬਾ ਸਾਹਿਬ ਸਿੰਘ ਹੈ, ਉਸ ਦਾ ਜਾਂਨਸ਼ੀਨ।

ਅਕਲ ਇਲਮ ਦੇ ਪੱਖ ਤੋਂ, ਜਾਪੇ ਬੜਾ ਜ਼ਹੀਨ।

ਉਸ ਦੇ ਵੀ ਪ੍ਰਚਾਰ ਦਾ, ਹੋਵੇ ਅਸਰ ਕਮਾਲ।

ਗੁਰੂ ਰਾਮ ਸਿੰਘ ਵਾਂਗ ਹੀ, ਕਰਦੇ ਕਾਇਲ ਖਿਆਲ।

ਵੇਖੀ ਇਹਨਾਂ ਵਿੱਚ ਹੈ, ਹੋਰ ਅਨੋਖੀ ਗੱਲ।

ਹੁੰਦੀ ਅੰਦਰ ਮੇਲਿਆਂ, ਜ਼ਰਾ ਨਹੀਂ ਹਲਚਲ।

ਮੇਲੇ ਭਾਰਤ ਵਿੱਚ ਜਾਂ, ਹੋਰ ਵੇਖੀਏ ਜਾ।

ਦੰਗੇ ਹੁੱਲੜ ਬਾਜੀਆਂ, ਹੁੰਦੇ ਬੇ ਬਹਾ।

ਲੁੱਟਾਂ ਖੋਹਾਂ ਹੁੰਦੀਆਂ, ਛੇੜ ਛਾੜ ਹੁੜਦੰਗ।

ਮੁਸ਼ਟੰਡੇ ਮਸਤੇ ਬੜੇ, ਪੀ ਪੀ ਸੁਲਫ਼ੇ ਭੰਗ।

ਰੰਗ 'ਚ ਪਾਉਂਦੇ ਭੰਗ ਨੇ, ਕਰਦੇ ਕੰਮ ਖ਼ਰਾਬ।

ਕਰਨ ਭੈੜੀਆਂ ਵਹਿਬਤਾਂ, ਪੀ ਪੀ ਕੈਫ਼ ਸ਼ਰਾਬ।

ਪੀਣ ਸ਼ਰਾਬਾਂ ਰੱਜ ਕੇ, ਹੋਵਣ ਬਹੁਤ ਫਸਾਦ।

ਫਿਰਦੇ ਟੋਲੇ ਬੰਨ੍ਹ ਕੇ, ਕਰਦੇ ਵਾਦ ਵਿਵਾਦ।

ਐਪਰ ਮੇਲੇ ਏਸ ਦੀ, ਬੜੀ ਅਨੋਖੀ ਬਾਤ।

ਵੇਖ ਡਸਿਪਲਨ ਕੂਕਿਆਂ, ਹੋਏ ਈਸਾਈ ਮਾਤ।



Sri Satguru Jagjit Singh Ji eLibrary NamdhariElibrary@gmail.com

ਪੱਤਾ ਵੀ ਨਾ ਹਿੱਲਦਾ, ਬਿਨਾ ਲੋੜ ਤੋਂ ਜਾਣ।

ਅਣਮਨੁੱਖੀ ਕਾਜ ਇੱਕ, ਆਇਆ ਨਹੀਂ ਪਛਾਣ।

ਹੈ ਸੀ ਵੀਹ ਹਜ਼ਾਰ ਦਾ, ਵੱਡਾ ਬੜਾ ਹਜ਼ੂਮ।

ਸ਼ਾਂਤੀ ਜਿਵੇਂ ਇਕਾਂਤ ਦੀ, ਹੋਵੇ ਇੰਜ ਮਾਲੂਮ।

ਏਡੇ ਬੜੇ ਇਕੱਠ ਵਿੱਚ, ਹੈ ਅਸਚਰਜ ਮਹਾਨ।

ਅਣ ਸੁਖਾਵੀਂ ਵਾਪਰੀ, ਘਟਨਾ ਇੱਕ ਨਾ ਜਾਣ।

ਮੈਨਜੀਸ ਨੇ ਇਸ ਤਰ੍ਹਾਂ, ਲਿਖਿਆ ਹਾਲ ਹਵਾਲ।

ਮੈਂ ਅਨੁਸ਼ਾਸਨ ਵੇਖਿਆ, ਏਥੇ ਬੜਾ ਕਮਾਲ।

ਅਜੇ ਤੀਕ ਨਾ ਵੇਖਿਆ, ਐਸਾ ਸ਼ਾਂਤ ਵਿਹਾਰ।

ਆਗਿਆਕਾਰੀ ਜਨ ਸਮੂਹ, ਅਤੇ ਸਲੀਕੇਦਾਰ।

ਲੋਕੀਂ ਆਏ ਹੋਣ ਜੇ, ਏਨੀ ਵਿੱਚ ਤਾਦਾਦ।

ਹੈ ਹੈਰਾਨੀ ਹੋਏ ਨਾ, ਖਾਸ ਕੋਈ ਅਪ੍ਰਾਧ।

ਫਿਰ ਵੀ ਉਹਨੇ ਹੋਰ ਕਈ, ਝੂਠੇ ਦੂਸ਼ਣ ਲਾ।

ਲੋਕ ਨਿਗਾਹਾਂ ਵਿੱਚ ਉਹ, ਸੋਚੇ ਦਿਆਂ ਡਿਗਾ।

ਸਦਾ ਹਕੂਮਤ ਵਾਲੜੇ, ਹੋਣ ਦਿਲਾਂ ਦੇ ਚੋਰ।

ਝੂਠ-ਮੂਠ ਅਫ਼ਵਾਹ ਨੂੰ, ਅੱਗੇ ਦੇਵਣ ਤੋਰ।

ਜਿੱਥੇ ਦੰਡ ਭੇਦ ਤੇ, ਰਾਸ ਸਾਮ ਨਾ ਦਾਮ।

ਓਥੇ ਨੁਕਤਾ ਕਾਰਗਾਰ, ਕਰ ਦੇਵੋ ਬਦਨਾਮ।

ਹੱਥ ਕੰਡੇ ਨੇ ਵਰਤਦੇ, ਵਾਂਗ ਤੇਜ਼ ਹਥਿਆਰ।

ਲੋਕ ਮਨਾਂ ਵਿੱਚ ਇਸ ਤਰ੍ਹਾਂ, ਚਾਹੁੰਦੇ ਗਿਰੇ ਮਿਆਰ।

ਚੜ੍ਹਤ ਵੇਖ ਕੇ ਕਿਸੇ ਦੀ, ਸੱਕਣ ਕਿਵੇਂ ਸਹਾਰ।

ਕਾਂਜੀ ਘੋਲਣ ਦੁੱਧ ਵਿੱਚ, ਲੂੰਬੜ ਘਾਗ ਮਕਾਰ।

ਐਪਰ ਲੋਕੀਂ ਆਣ ਜੋ, ਵਿੰਹਦੇ ਅੱਖਾਂ ਨਾਲ।

ਫਿਰ ਉਹ ਕਿੱਦਾਂ ਫਸਣਗੇ, ਵਿੱਚ ਉਹਨਾਂ ਦੀ ਚਾਲ।

ਦੋਖੀ ਤੱਕ ਤੱਕ ਚੜ੍ਹਤ ਨੂੰ, ਵਿੱਚ ਮਨਾਂ ਘਬਰਾਉਣ।

ਐਸੇ ਲੋਕ ਅਵੱਲੜੇ, ਆ ਆ ਪਰਚੇ ਪਾਉਣ।

ਦੱਸਾਂ ਜਿੱਦਾਂ ਵਰਤਿਆ, ਇੱਕ ਐਸਾ ਪ੍ਰਸੰਗ।

ਭਰਿਆ ਨਾਲ ਕ੍ਰੋਧ ਦੇ, ਆਇਆ ਇੱਕ ਨਿਹੰਗ।

## ਨਿਹੰਗ ਦਾ ਪ੍ਰਸੰਗ

ਬੈਠੇ ਹੋਏ ਪਾਤਸ਼ਾਹ ਸੀ ਸ਼ਾਮ ਦੇ ਦੀਵਾਨ ਵਿੱਚ,

ਆ ਗਿਆ ਨਿਹੰਗ ਇੱਕ ਲੈ ਕੇ ਵਿੰਗੀ ਲੱਕੜੀ।

ਛਕਿਆ ਸੀ ਸੁੱਖਾ ਮੁੱਖੋਂ ਬੋਲੇ ਰੁੱਖਾ ਕੂਰ ਮੁੱਖਾ,

ਬੋਲਦਾ ਕਬੋਲ ਵੱਡਾ ਜਾਪਦਾ ਸੀ ਫੱਕੜੀ।

ਆਖੇ ਲਾਵਾਂ ਕੰਡ ਪਾਏ ਉੱਚੀ ਉੱਚੀ ਡੰਡ ਭੰਡ,



. Sri Satguru Jagjit Singh Ji eLibrary NamdhariElibrary@gmail.com .

ਅੜੇ ਮੇਰੇ ਅੱਗੇ ਕੌਣ ਡਾਢਾ ਹਾਂ ਘੁਲੱਕੜੀ।
ਪਰ ਨਹੀਂ ਸੀ ਜਾਣਦਾ ਉਹ ਜਾਲ ਜੋ ਵਿਛਾਈ ਜਾਵਾਂ,
ਓਸੇ ਵਿੱਚ ਫਸ ਜਾਣਾ ਆਪੇ ਵਾਂਗੂ ਮੱਕੜੀ।

ਆਖਦਾ ਕਬੋਲ ਬੋਲ ਅੱਖਾਂ ਵਿੱਚੋਂ ਰੱਤ ਡੋਹਲ,
ਬਣ ਬੈਠੋਂ ਗੁਰੂ ਉੱਤੇ ਕਿਹੜੇ ਤੂੰ ਅਧਾਰ ਦੇ।
ਛੱਡ ਦੇ ਦੀਵਾਨ ਲਾਉਣੇ ਦੇਣੇ ਉਪਦੇਸ਼ ਫੋਕੇ,
ਕੰਮ ਪਿਤਾ ਪੁਰਖੀ ਨਾ ਆਦਮੀ ਵਿਸਾਰਦੇ।
ਜਾਂ ਤੇ ਚੁੱਕ ਡੰਡਾ ਡੇਰਾ ਪਾਈਂ ਨਾ ਤੂੰ ਫੇਰ ਫੇਰਾ,
ਨਹੀਂ ਤੇ ਮੇਰੀ ਇੱਕ ਵਾਰੀ ਸ਼ੰਕਾ ਨਿਵਾਰ ਦੇ।
ਕੰਮੀ ਤਰਖਾਣਾ ਤੇਰਾ ਕੰਮ ਤੇਸੇ ਸੱਥਰੀ ਦਾ,
ਫੜ ਮੇਰੀ ਜਰਾ ਵਿੰਗੀ ਲੱਕੜੀ ਸਵਾਰ ਦੇ।

ਹੱਸ ਕੇ ਵਧਾਇਆ ਹੱਥ ਚੀਨੀ ਵਾਲੇ ਪਾਤਸ਼ਾਹ ਨੇ,
ਆਖਿਆ ਲਿਆਓ ਛੇਤੀ ਕਰਾਂ ਰੁਕਸਾਰ ਮੈਂ।
ਵਿੰਗਿਆਂ ਤੜਿੰਗਿਆਂ ਦੇ ਵਲ ਹੀ ਕੱਢਣ ਆਇਆਂ,
ਨਹੀਂ ਤਰਖਾਣਾਂ ਵਾਲਾ ਛੱਡਣਾ ਵਿਹਾਰ ਮੈਂ।
ਫਿਰ ਜਾਵੇ ਹੱਥ ਮੇਰਾ ਜੀਹਦੀ ਜੀਹਦੀ ਕੰਡ ਉੱਤੇ,

ਵਲ ਛਲ ਕੱਢ ਕਰ ਦੇਵਾਂ ਇਕਸਾਰ ਮੈਂ।

ਏਹਦੇ ਤੋਂ ਵਧੇਰੇ ਵਲ ਕੱਢਣੇ ਦੀ ਜਾਚ ਮੈਨੂੰ,

ਘੜ ਇਖਲਾਕ ਮਨ ਦੇਂਵਦਾ ਸਵਾਰ ਮੈਂ।

ਨੈਣਾਂ ਨਾਲ ਨੈਣ ਜਾਂ ਮਿਲਾਏ ਨੇ ਨਿਹੰਗ ਸਿੰਘ,

ਤੂਰ ਵਾਲੇ ਨੂਰ ਦੀ ਝਲਕ ਗਈ ਝੱਲੀ ਨਾ।

ਨੂਰ ਦਸਮੇਸ਼ ਦਾ ਵਿਸ਼ੇਸ਼ ਜਾਂ ਨਜ਼ਰ ਆਇਆ,

ਚੜ੍ਹਦੀ ਪ੍ਰੇਮ ਵਾਲੀ ਕਾਂਗ ਗਈ ਠੱਲ੍ਹੀ ਨਾ।

ਹੋ ਗਿਆ ਸੁਚਾਲਾ ਡਿੱਗਾ ਦੂਰ ਜਾ ਦੁਮਾਲਾ,

ਖੁੱਲ੍ਹਾ ਅਕਲਾਂ ਦਾ ਤਾਲਾ ਤੇ ਜ਼ੁਬਾਨ ਹੋਰ ਹੱਲੀ ਨਾ।

ਨਿਕਲੇ ਨੇ ਵਿੰਗ ਜਾਂ ਹੈ ਮਨੁਆ ਤੜਿੰਗ ਅਜੇ,

ਪੁੱਛਿਆ ਨੇ ਦੱਸ ਪੂਰੀ ਹੋਈ ਜੇ ਤਸੱਲੀ ਨਾ।

ਚੇਤ ਸਿੰਘ ਚੇਤਿਆ ਅਚੇਤ ਤੋਂ ਸੁਚੇਤ ਹੋਇਆ,

ਆਖਦਾ ਮੈਂ ਭੁੱਲ ਗਿਆ ਆਇਆ ਜਿਹੜੀ ਮਾਰ ਤੇ।

ਭੁੱਲ ਨਾ ਚਿਤਾਰ ਮਾੜਾ ਹੋਇਆ ਜੋ ਵਿਹਾਰ ਮੈਥੋਂ,

ਕਰ ਦਾਤਾ ਮਿਹਰ ਏਸ ਮੂਰਖ ਗਵਾਰ ਤੇ।

ਬਲਦੇ ਅਲੂੰਬੇ ਅਗਿਆਨ ਹੰਕਾਰ ਵਾਲੇ,



Sri Satguru Jagjit Singh Ji eLibrary NamdhariElibrary@gmail.com

ਤੇਰੀ ਇੱਕੋ ਤੱਕਣੀ ਬਰਫ਼ ਵਾਂਗੂ ਠਾਰ ਤੇ।
ਜਨਮ ਸਵਾਰ ਫੂਕ ਕੰਨ ਵਿੱਚ ਮਾਰ ਮੇਰੇ,
ਨੱਚਣਾ ਸਿਖਾਦੇ ਫੇਰ ਖੰਡੇ ਵਾਲੀ ਧਾਰ ਤੇ।

ਨਾਨਕ ਸਿਖਾਇਆ ਰਾਹ ਨੇਕੀ ਤੇ ਨਿਮਰਤਾ ਦਾ,
ਕਿਹਾ ਸਿੱਖ ਕਰਦੇ ਨਾ ਭੁੱਲ ਅਭਿਮਾਨ ਨੇ।
ਕਥਨੀ ਤੇ ਕਰਨੀ 'ਚ ਪੈਣ ਨਾ ਫ਼ਰਕ ਦੇਂਦੇ,
ਦੇਵਤੇ ਸਮਾਨ ਹੁੰਦੇ ਐਸੇ ਇਨਸਾਨ ਨੇ।
ਸਿੱਖੀ ਦਸਮੇਸ਼ ਦੀ ਵਿਸ਼ੇਸ਼ ਇਹ ਨਿਹੰਗ ਸਿੰਘਾ,
ਸਾਨੂੰ ਰਾਖਾ ਘੱਲਿਆ ਏ ਆਪ ਭਗਵਾਨ ਨੇ।
ਹੱਸ ਕੇ ਵਧਾਇਆ ਹੱਥ ਬਖਸ਼ੀ ਅਮੁੱਲੀ ਵੱਥ,
ਚਾੜ੍ਹਿਆ ਪੰਥ ਰਥ ਦਾਤੇ ਮਿਹਰਬਾਨ ਨੇ।

ਸ਼ਮਾਂ ਵਾਲੀ ਲਾਟ ਨੇ ਪ੍ਰੇਰਿਆ ਪਤੰਗਾ ਜਦੋਂ,
ਲਾਟ ਉੱਤੇ ਮੱਚ ਕੇ ਉਹ ਲਾਟ ਰੂਪ ਹੋ ਗਿਆ।
ਪਾਈ ਜਾਂ ਅਗੰਮੀ ਝਾਤ ਵਿਸਰੀ ਪਰਾਈ ਤਾਤ,
ਮਣਕਾ ਅਠੋਤਰੀ ਜਾ ਮਾਲਾ 'ਚ ਪ੍ਰੋ ਗਿਆ।
ਗੁਰੂ ਸਿੱਖ ਵਾਲਾ ਰਿਹਾ ਰਿਸ਼ਤਾ ਜਹਾਨ ਉੱਤੇ,


Sri Satguru Jagjit Singh Ji eLibrary NamdhariElibrary@gmail.com

ਬੂਹੇ ਦੁਨਿਆਵੀ ਸਾਰੇ ਹਿਰਸਾਂ ਦੇ ਢੋਅ ਗਿਆ।

ਦਾਗ ਲੱਗੇ 'ਬਾਜਵਾ' ਜੋ ਈਰਖਾ ਦਵੈਤ ਵਾਲੇ,

ਇੱਕੋ ਉਪਦੇਸ਼ ਦਾ ਸਬੂਣ ਸਾਰੇ ਧੋ ਗਿਆ।

---o---

ਅੰਮ੍ਰਿਤਸਰ ਨੂੰ ਤਾਰ ਕੇ, ਪਰਤੇ ਭੈਣੀ ਸਾਹਿਬ।

ਐਪਰ ਮੇਲੇ ਏਸ ਦਾ, ਲੱਗਾ ਹੋਣ ਹਿਸਾਬ।

ਫ਼ਿਕਰ ਪਿਆ ਅੰਗ੍ਰੇਜ਼ ਨੂੰ, ਵੇਖੀ ਚਾਲ ਸੁਚਾਲ।

ਉਹਦੇ ਵਿੱਚ ਦਿਮਾਗ਼ ਦੇ, ਉੱਠੇ ਕਈ ਸਵਾਲ।

ਸੋਚ ਰਿਹਾ ਜੇ ਇਸ ਤਰ੍ਹਾਂ, ਵਧਦਾ ਗਿਆ ਮੁਹਾਜ।

ਮੁਸ਼ਕਲ ਹੋਵੇ ਹਿੰਦ ਤੇ, ਸਾਨੂੰ ਕਰਨਾ ਰਾਜ।

ਮੁਖਬਰ ਲਾਏ ਓਸ ਨੇ, ਖਬਰਾਂ ਢੂੰਡ ਲਿਆਉਣ।

ਲੇਖਾ ਜੋਖਾ ਜੋੜ ਕੇ, ਉੱਪਰ ਤੀਕ ਪੁਚਾਉਣ।

ਫੁੱਟ ਪਾਉਣ ਦਾ ਵਰਤਦਾ, ਨੁਖਸਾ ਜੋ ਅੰਗ੍ਰੇਜ਼।

ਅੱਗੇ ਏਸ ਮੁਹਾਜ ਦੇ, ਉਹ ਹੋਇਆ ਨਿਸਤੇਜ।

ਲਾਵੇ ਦੂਸ਼ਣ  ਕਿਵੇਂ ਉਹ, ਲੱਭੇ ਨਾ ਕੋਈ ਖੋਟ।

ਇੱਕੋ ਨੁਕਤਾ ਰਹਿ ਗਿਆ, ਲਾਓ ਅਣਖ ਤੇ ਚੋਟ।

ਐਪਰ ਅਜੇ ਵੀਚਾਰਦਾ, ਸ਼ਾਤਰ ਬੜਾ ਦਿਮਾਗ਼।



Sri Satguru Jagjit Singh Ji eLibrary NamdhariElibrary@gmail.com

ਸ਼ੇਰ ਸੁਵਾਈਏ ਜਾਗਦੇ, ਐਸਾ ਗਾਈਏ ਰਾਗ।
ਲੱਗੇ ਦੇਣ ਰਿਪੋਰਟਾਂ, ਲਿਖ ਲਿਖ ਟੁੱਕੜ ਬੋਚ।
ਆਪਣਿਆਂ ਤੇ ਆਪਣੇ, ਸੌੜੀ ਕਰ ਕੇ ਸੋਚ।
ਚਿੱਠੀਆਂ ਕਰ ਇਕੱਠੀਆਂ, ਕਰਨ ਰੀਪੋਰਟ ਤਿਆਰ।
ਕਰਨਲ ਬੇਲੀ ਇਸ ਤਰ੍ਹਾਂ, ਲਿਖਿਆ ਹਾਲ ਵੀਚਾਰ।

---o---

ਅਠਾਰਾਂ ਸੌ ਸਤਾਹਟ ਦਾ, ਮਾਸ ਫਰਵਰੀ ਜਾਣ।
ਕਰਨਲ ਬੇਲੀ ਸੂਚਨਾ, ਕਰ ਭੇਜੀ ਪੁਣ ਛਾਣ।
ਲਿਖਿਆ ਮੇਰਾ ਆਦਮੀ, ਇੱਕ ਭਰੋਸੇਮੰਦ।
ਪਕੜੇ ਕੂਕੇ ਪੰਥ ਦੇ, ਉਹਨੇ ਝੀਨੇ ਤੰਦ।
ਇੱਕ ਪ੍ਰਸਿੱਧ ਆਦਮੀ, ਕਾਬਲ ਦਾ ਵਸਨੀਕ।
ਪੁੱਤਰ ਭੈਣੀ ਓਸ ਨੇ, ਭੇਜੇ ਦੋਵੇਂ ਠੀਕ।
ਮੇਜਰ ਸੂਬੇਦਾਰ ਦਾ, ਕੀਤਾ ਦਰਜ ਬਿਆਨ।
ਲਿਖਿਆ ਉਸ ਨੇ ਇਸ ਤਰ੍ਹਾਂ, ਪੜ੍ਹਿਓ ਨਾਲ ਧਿਆਨ।
ਨਾਮਧਾਰੀਆਂ ਦੀ ਹੈ, ਮਨਸ਼ਾ ਬੜੀ ਅਨੂਪ।
ਚਾਹੁੰਦੇ ਉਹ ਨਿਖਾਰਨਾ, ਸਿੱਖ ਧਰਮ ਦਾ ਰੂਪ।
ਵੜ੍ਹੀਆਂ ਆਣ ਕੁਰੀਤੀਆਂ, ਅੰਦਰ ਸਿੱਖ ਸਮਾਜ।


Sri Satguru Jagjit Singh Ji eLibrary NamdhariElibrary@gmail.com

ਆਖਣ ਕਰਨੇ ਦੂਰ ਨੇ, ਸਾਰੇ ਗਲਤ ਰਿਵਾਜ।

ਮੜ੍ਹੀ ਮਸਾਣੀ ਪੂਜਣੀ, ਦਿੱਤੀ ਓਸ ਛੁਡਾ।

ਪੂਜਾ ਇੱਕ ਅਕਾਲ ਦੀ, ਕਹੇ ਕਰੋ ਚਿੱਤ ਲਾ।

ਕਰਦਾ ਇੱਕ ਓਂਕਾਰ ਹੀ, ਸਤ ਨਾਮ ਸਭ ਖੈਰ।

ਕਰਤਾ ਪੁਰਖ ਨਿਰਭਉ, ਸਦਾ ਰਹੇ ਨਿਰਵੈਰ।

ਅਕਾਲ ਮੂਰਤ ਅਜੂਨੀ, ਸੈਭੰ ਹੈ ਜੋ ਆਦਿ।

ਮਿਲਦਾ ਹੈ ਹੋ ਆਖਦੇ, ਸਤਿਗੁਰ ਦੇ ਪ੍ਰਸਾਦ।

ਬਹੁਤਾ ਕਰੜਾ ਰੱਖਦੇ, ਨੇ ਉਹ ਸ਼ਿਸਟਾਚਾਰ।

ਤੋੜਨ ਕਦੇ ਅਸੂਲ ਨਾ, ਸਿਰ ਲਟਕੇ ਤਲਵਾਰ।

ਚੋਰੀ ਯਾਰੀ ਵਿਭਚਾਰ, ਝੂਠ ਫਰੇਬ ਸਰਾਪ।

ਇਹਨਾਂ ਤਾਈਂ ਸਮਝਦੇ, ਮਹਾਂ ਵਡੇਰਾ ਪਾਪ।

---o---

ਬਿੱਲੇ  ਥੋੜ੍ਹੀ ਦੇਰ ਲਈ, ਦੇਂਦੇ ਰੋਕ ਹਟਾ।

ਕੂਕੇ ਸਾਜ ਪ੍ਰੋਗਰਾਮ, ਮੇਲੇ ਲੈਣ ਸਜਾ।

ਇਹਦੇ ਵਿੱਚ ਵੀ ਓਸ ਨੇ, ਮਨਸ਼ਾ ਮੰਦੀ ਧਾਰ।

ਚਾਹੁੰਦਾ ਸੀ ਉਹ ਜਾਨਣਾ, ਕੀ ਕਰਦੇ ਪ੍ਰਚਾਰ।

ਜੇਕਰ ਕਾਰ ਗੁਜ਼ਾਰੀਆਂ, ਹੋਵਣ ਨਿਰ ਵਿਰੋਧ।



. Sri Satguru Jagjit Singh Ji eLibrary NamdhariElibrary@gmail.com .

ਚੱਲਣ ਦੇਵੋ ਕਾਰ ਫਿਰ, ਜ਼ਰਾ ਨਾ ਕਰੋ ਕ੍ਰੋਧ।

ਜੇਕਰ ਆਵੇ ਜ਼ਰਾ ਵੀ, ਬੂ ਬਗਾਵਤ ਜਾਣ।

ਬੰਦ ਕਰੋ ਸਰਗਰਮੀਆਂ, ਲਾ ਕੇ ਸਾਰਾ ਤਾਣ।

ਮਾਛੀਵਾੜੇ ਦੇ ਹੈ, ਪਿੰਡ ਭਸੱਦੀ ਕੋਲ।

ਓਥੇ ਮੇਲਾ ਸਾਜਿਆ, ਸਤਿਗੁਰ ਜੀ ਅਨਮੋਲ।

ਸ੍ਰੀ ਸਤਿਗੁਰੂ ਰਾਮ ਸਿੰਘ, ਦਿੱਤੇ ਦਰਸ ਦੀਦਾਰ।

ਮਨ ਮਰਜ਼ੀ ਦੇ ਨਾਲ ਹੀ, ਬਿਨ ਪੁੱਛੇ ਸਰਕਾਰ।

ਸਿਆਲਕੋਟ ਦਾ ਡੀ. ਸੀ., ਮਰਸਰ ਜਾਣ ਪਲੀਦ।

ਹੁਕਮ ਚਾੜ੍ਹਿਆ ਓਸ ਨੇ, ਕਰ ਕੇ ਬੜੀ ਤਾਕੀਦ।

ਬਿਨਾ ਆਗਿਆ ਕਰਨ ਨਾ, ਕੂਕੇ ਕੋਈ ਕਾਜ।

ਏਹ ਬਰਾਬਰ ਅਸਾਂ ਦੇ, ਪਏ ਚਲਾਉਂਦੇ ਰਾਜ।

ਕੂਕੇ ਹੁਕਮ ਅਦੂਲ ਕੇ, ਫਿਰ ਵੀ ਲਾਉਣ ਦੀਵਾਨ।

ਦੇਸ਼ ਕੌਮ ਦੇ ਵਾਸਤੇ, ਰੱਖ ਤਲੀ ਤੇ ਜਾਨ।

ਪਿੰਡ ਪਿੰਡ ਕੂਕੇ ਹੋ ਗਏ, ਅਣਖੀ ਮਰਦ ਮਹਾਨ।

ਆਖਣ ਉੱਚੀ ਰੱਖਣੀ, ਦੇਸ਼ ਕੌਮ ਦੀ ਸ਼ਾਨ।

ਦਿਨ ਨੂੰ ਕਿਰਤ ਕਮਾਂਵਦੇ, ਖ਼ੂਨ ਪਸੀਨਾ ਢਾਲ।

ਲਾਉਣ ਦੀਵਾਨ ਰਾਤ ਨੂੰ, ਢੋਲਕ ਛੈਣੇ ਨਾਲ।

ਗਾਵਣ ਸ਼ਬਦ ਪ੍ਰੇਮ ਦੇ, ਗੁਰਬਾਣੀ ਰਸਦਾਰ।



Sri Satguru Jagjit Singh Ji eLibrary NamdhariElibrary@gmail.com

ਆਖਣ ਲੋਕੋ ਭੁੱਲਿਓ, ਜੀਵਨ ਲਵੋ ਸਵਾਰ।

ਨੀਂਦਰ ਕੀਲੇ ਜਦੋਂ ਆ, ਪੰਛੀ ਪਸ਼ੂ ਤਮਾਮ।

ਬਹਿ ਲੈਲਾ ਦੀ ਗੋਦ ਵਿੱਚ, ਸਾਰੇ ਕਰਨ ਅਰਾਮ।

ਵਗੇ ਸਮੀਰ ਸੁਹਾਵਣੀ, ਖੋਹਲ ਸੁਗੰਧੀ ਖਾਣ।

ਤਾਰੇ ਵਿੱਚ ਅਕਾਸ਼ ਦੇ, ਜਦੋਂ ਚਮਕਦੇ ਆਣ।

ਜਾਪਣ ਜਾਂਦੇ ਬੰਨ੍ਹ ਕੇ, ਚੰਦੇ ਦੀ ਬਾਰਾਤ।

ਮੋਤੀ ਕਿਰਨ ਤਰੇਲ ਦੇ, ਭਿੱਜੀ ਭਿੱਜੀ ਰਾਤ।

ਸ਼ਾਂਤੀ ਪਸਰੇ ਜੂਹ ਵਿੱਚ, ਰੁਕਣ ਮਨੁੱਖੀ ਕਾਜ।

ਐਪਰ ਅਨਹਦ ਨਾਦ ਦੀ, ਆਉਂਦੀ ਸੁਣੇ ਅਵਾਜ਼।

ਕੂਕਿਆਂ ਦੇ ਘਰ ਢੋਲਕੀ, ਵੱਜ ਰਹੀ ਇੱਕ ਤਾਰ।

ਗੁਰਬਾਣੀ ਦੀ ਫਿਜ਼ਾ ਵਿੱਚ, ਪੈਂਦੀ ਸੀਤ ਫੁਹਾਰ।

ਸੁਣਨ ਢੋਲਕੀ ਵੱਜਦੀ, ਨੀਂਦਰ ਦੇਣ ਤਿਆਗ।

ਅੰਦਰ ਖਿੱਚ ਪ੍ਰੇਮ ਦੀ, ਪਾਏ ਇਲਾਹੀ ਰਾਗ।

ਜਿੱਦਾਂ ਬੰਸੀ ਕਾਹਨ ਦੀ, ਮਿਰਗ ਲਿਆਵੇ ਕੀਲ।

ਜਿਉਂ ਹੰਸਾਂ ਨੂੰ ਖਿੱਚਦੀ, ਮਾਨ ਸਰੋਵਰ ਝੀਲ।

ਖਿੜਨ ਰਾਤ ਨੂੰ ਕੰਮੀਆਂ, ਚਿੱਟਾ ਬਾਣਾ ਧਾਰ।

ਭੌਰ ਬੈਠ ਕੇ ਓਸ ਤੇ, ਭੁੱਲ ਜਾਣ ਸੰਸਾਰ।

ਟੋਏ ਦੇ ਵੱਲ ਦੌੜਿਆ, ਜਿੱਦਾਂ ਜਾਵੇ ਨੀਰ।

ਸੁਣ ਰਾਂਝੇ ਦੀ ਵੰਝਲੀ, ਭੱਜੀ ਆਵੇ ਹੀਰ।

ਜਿਉਂ ਫੁੱਲਾਂ ਦੀ ਬਾਸ਼ਨਾ, ਭੌਰ ਲਿਆਵੇ ਖਿੱਚ।

ਏਹੋ ਜਿਹੀ ਵਿਸ਼ੇਸ਼ਤਾ, ਕਹਿਣ ਕੂਕਿਆਂ ਵਿੱਚ।

ਲੋਹ ਕਣਾਂ ਨੂੰ ਖਿੱਚਣਾ, ਮਿਕਨਾਤੀਸੀ ਰੀਤ।

ਆਪ ਮੁਹਾਰੇ ਉੱਠਦੇ, ਕਦਮ ਤਰਫ਼ ਸੰਗੀਤ।

ਸ਼ਬਦ ਜੋਟੀਆਂ ਦੇ ਜਾਂ, ਪੜ੍ਹਨ ਮਨੋ ਮਖਮੂਰ।

ਸੁਣ ਰਸਭਿੰਨਾ ਕੀਤਰਨ, ਚੜ੍ਹਦਾ ਜਾਏ ਸਰੂਰ।

---o---

"ਭਿੰਨੀ ਰੈਨੜੀਐ.......... ਰੈਨੜੀਐ ਵਿੱਚ ਚਮਕਣਿ ਤਾਰੇ.......

ਜਾਗਹਿ ਸੰਤ ਜਨਾ......... ਸੰਤ ਜਨਾ ਮੇਰੇ ਰਾਮ ਪਿਆਰੇ.......

ਜਾਗੇ ਸੰਤ ਜਨਾ.................

ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥

ਚਰਣ ਕਮਲ ਧਿਆਨੁ ਹਿਰਦੈ....... ਪ੍ਰਭ ਬਿਸਰੁ ਨਾਹੀ ਇਕੁ ਖਿਨੋ......

ਭਿੰਨੀ ਰੈਨੜੀਐ......................."

ਮਸਤੀ ਵਿੱਚ ਮਸਤਾਨੜੇ, ਸਾਰੀ ਸਾਰੀ ਰਾਤ।
ਪੜ੍ਹਦੇ ਸ਼ਬਦ ਪ੍ਰੇਮ ਦੇ, ਹੋ ਜਾਵੇ ਪ੍ਰਭਾਤ।
ਨਾਮਧਾਰੀਏ ਜਾਪਦੇ, ਇੱਕ ਜਿਵੇਂ ਪ੍ਰੀਵਾਰ।
ਰਲ ਮਿਲ ਬੈਠਣ ਇਸ ਤਰ੍ਹਾਂ, ਜਿੱਦਾਂ ਭਰਤਾ ਨਾਰ।
ਧਰਮਸ਼ਲਾਵਾਂ ਸਾਜ ਕੇ, ਕਰਦੇ ਕਾਰਜ ਖਾਸ।
ਗੁਰਬਾਣੀ ਦਾ ਓਸ ਵਿੱਚ, ਕਰ ਪਹਿਲਾਂ ਪ੍ਰਕਾਸ਼।
ਸੌਂਪ ਗ੍ਰੰਥੀ ਸਿੰਘ ਨੂੰ, ਜ਼ਿੰਮੇਵਾਰੀ ਖਾਸ।
ਦੱਸਣ ਅੱਖਰ ਗੁਰਮੁਖੀ, ਜੋ ਵੀ ਆਵੇ ਪਾਸ।
ਸੁਣਕੇ ਦਸ ਗ੍ਰੰਥੀਆਂ, ਪੰਜ ਗ੍ਰੰਥੀ ਵਾਚ।
ਯਾਦ ਕਰਾਉਂਦੇ ਬਾਣੀਆਂ, ਦੱਸਣ ਜੀਵਨ ਜਾਚ।
ਉਸ ਤੋਂ ਉੱਤੇ ਜਥੇਦਾਰ, ਕਰਨ ਪਏ ਪ੍ਰਚਾਰ।
ਬਿਨ ਦੰਮਾ ਕਰ ਕੀਰਤਨ, ਕਰਨ ਸਮਾਜ ਸੁਧਾਰ।
ਇਸ ਤੋਂ ਉੱਪਰ ਸੂਬਿਆਂ, ਵਾਲਾ ਰੁਤਬਾ ਜਾਣ।
ਸੂਬਿਆਂ ਉੱਤੇ ਸਤਿਗੁਰੂ, ਸਭ ਦੇ ਸਮਝ ਪ੍ਰਾਣ।
ਸਤਿਗੁਰ ਸਦਾ ਸ਼੍ਰੋਮਣੀ, ਉਸ ਦਾ ਹੁਕਮ ਅਟੱਲ।
ਮੰਨਣ ਨਾਲ ਪ੍ਰੇਮ ਦੇ, ਆਖਣ ਜਿਹੜੀ ਗੱਲ।
ਫੈਲੇ ਵਿੱਚ ਪੰਜਾਬ ਦੇ, ਕੂਕੇ ਵਾਂਗਰ ਜਾਲ।
ਜਾਨ ਤਲੀ ਤੇ ਰੱਖ ਕੇ, ਤੁਰਦੇ ਤਿੱਖੀ ਚਾਲ।


Sri Satguru Jagjit Singh Ji eLibrary NamdhariElibrary@gmail.com

ਜਿੱਥੇ ਜਾਣ ਸਮਾਜ ਨੂੰ, ਕਰਦੇ ਜਾਣ ਸੁਚੇਤ।

ਬੂਟੀ ਸੁੰਘ ਅੰਗ੍ਰੇਜ਼ ਦੀ, ਜਿਹੜੇ ਹੋਏ ਅਚੇਤ।

## ਪ੍ਰਮੁੱਖ ਪ੍ਰਚਾਰਕ

ਸਾਰਿਆਂ ਦੇ ਸਿਰਮੌਰ ਸਤਿਗੁਰੂ ਰਾਮ ਸਿੰਘ,

ਉਸ ਤੋਂ ਹੇਠਾਂ ਸੂਬੇ ਪੰਜ ਪ੍ਰਮੁੱਖ ਜੋ।

ਬਾਬਾ ਸਿੰਘ ਜਵਾਹਰ ਪਿੰਡ ਡਰੋਲੀਓਂ,

ਜ਼ਿਲ੍ਹਾ ਫਿਰੋਜ਼ਪੁਰ ਹੈ ਸੀ ਓਸ ਦਾ।

ਕਾਹਨ ਸਿੰਘ ਨਿਹੰਗ ਚੱਕ ਕਲਾਂ ਦਾ,

ਵਿੱਚ ਰਿਆਸਤ ਪਵੇ ਮਲੇਰਕੋਟਲੇ।

ਬਾਬਾ ਸੁੱਧ ਸਿੰਘ ਪਿੰਡ ਮੰਡੌਰ ਤੋਂ,

ਜ਼ਿਲ੍ਹਾ ਅੰਬਾਲਾ ਉਹਦਾ ਸਾਰੇ ਦੱਸਦੇ।

ਪਿੰਡ ਬੰਗਾਲੀ ਪੁਰ ਦਾ ਸੂਬਾ ਸਾਹਿਬ ਸਿੰਘ,

ਚੌਥਾ ਸੂਬਾ ਜਾਣੋ ਪਹਿਲੀ ਪਾਲ ਦਾ।

ਬਾਬਾ ਲੱਖਾ ਸਿੰਘ ਗ੍ਰਾਮ ਮਲੌਦ ਦਾ,

ਜ਼ਿਲ੍ਹਾ ਜਿਦ੍ਹਾ ਲੁਧਿਆਣਾ ਪੰਜਵਾਂ ਜਾਣਿਓਂ।

ਪੰਜਾਂ ਦੀ ਪੰਚਾਇਤ ਇਹ ਪ੍ਰਮੁੱਖ ਸੀ,

ਬਾਕੀ ਸੂਬੇ ਇਹਨਾਂ ਦੇ ਹੀ ਮਾਤਹਿਤ।

ਉਹਨਾਂ ਦੇ ਵੀ ਨਾਂ ਜਰਾ ਗਿਣਵਾ ਦਿਆਂ,

ਜੋ ਸੁਨਹਿਰੀ ਅੱਖਰਾਂ ਵਿੱਚ ਲਿਖਵਾ ਗਏ।

ਧਨ ਪਦਾਰਥ ਮਾਲ ਜ਼ਮੀਨਾਂ ਵੇਚ ਕੇ,

ਦੇਸ਼ ਕੌਮ ਦੀ ਖਾਤਰ ਤਨ ਮਨ ਲਾ ਗਏ।

ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾ ਕੇ,

ਕਰਜ਼ ਸਿਰਾਂ ਤੋਂ ਦੇਸ਼ ਕੌਮ ਦਾ ਲਾਹ ਗਏ।

## ਬਾਕੀ ਸਤਾਰਾਂ ਸੂਬੇ

ਸਰਮੁਖ ਸਿੰਘ ਲੱਲੂਵਾਲ ਪਟਿਆਲੇ* ਦਾ ਸੀ,

ਬਾਬਾ ਸੀ ਗੋਪਾਲ ਸਿੰਘ ਰੱਖੜ ਮਰੌੜ ਦਾ।

ਪਿੰਡ ਸੀਗਾ ਪਿੱਥੋ ਤੇ ਰਿਆਸਤ ਇਹ ਨਾਭਾ ਜਾਣ,

ਹੁਕਮ ਸਿੰਘ ਹੁਕਮ ਚੀਨੀ ਵਾਲੇ ਦਾ ਨਾ ਮੋੜਦਾ।

ਪਿੰਡ ਮੰਡੀ ਕਲਾਂ ਪਟਿਆਲੇ ਦੀ ਰਿਆਸਤ ’ਚ।

ਰਤਨ ਗਿਆਨੀ ਸਿੰਘ ਟੁੱਟੀ ਭੱਜੀ ਜੋੜਦਾ।

ਬਾਬਾ ਖੁਸ਼ਹਾਲ ਸਿੰਘ ਪਿੰਡ ਜੋ ਥਰਾਜ ਖਾਸ,

ਜ਼ਿਲ੍ਹੇ ਉਹ ਹਿਸਾਰ ਤੋਂ ਅਜ਼ਾਦੀ ਸਦਾ ਲੋੜਦਾ।



. Sri Satguru Jagjit Singh Ji eLibrary NamdhariElibrary@gmail.com .

* ਹੁਣ ਜ਼ਿਲ੍ਹਾ ਮਾਨਸਾ

ਜ਼ਿਲ੍ਹਾ ਕਰਨਾਲ* ਪਿੰਡ ਉਹਦਾ ਦਰੀਆਪੁਰ,
ਬ੍ਰਹਮਾ ਸਿੰਘ ਬਾਬਾ ਕੂਕ ਪੁਣਾ ਪ੍ਰਚਾਰਦਾ।
ਜ਼ਿਲ੍ਹੇ ਲੁਧਿਆਣੇ ਤੋਂ ਮਲੌਦ ਦਾ ਪਹਾੜਾ ਸਿੰਘ,
ਆਪਣੇ ਇਲਾਕੇ ਵਿੱਚ ਵਿਗੜੀ ਸੁਆਰਦਾ।
ਖਟੜੇ ਗ੍ਰਾਮ ਜ਼ਿਲ੍ਹਾ ਏਸ ਦਾ ਵੀ ਲੁਧਿਆਣਾ,
ਬਾਬਾ ਸੀ ਨਰੈਣ ਸਿੰਘ ਰੂਪ ਕਰਤਾਰ ਦਾ।
ਮਾਨ ਸਿੰਘ ਸੈਦੋ ਦਾ ਫਿਰੋਜ਼ਪੁਰ ਜ਼ਿਲ੍ਹਾ ਉਹਦਾ,
ਬਾਬਾ ਸੀ ਮਲੂਕ ਸਿੰਘ ਫੂਲੇਵਾਲੀ ਤਾਰ ਦਾ।

* ਹੁਣ ਜ਼ਿਲ੍ਹਾ ਮਾਨਸਾ

ਖੋਟੇ ਦਾ ਸਮੁੰਦ ਤੇ ਲਧਾਣੇ ਦਾ ਖਜ਼ਾਨ ਸਿੰਘ,
ਰੂੜ ਸਿੰਘ ਪਿੰਡ ਸੀ ਬੰਗਾਲੀਪੁਰ ਵਸਦਾ।
ਬਾਬਾ ਭਗਵਾਨ ਸਿੰਘ ਰੂਪ ਭਗਵਾਨ ਵਾਲਾ,
ਅੰਮ੍ਰਿਤਸਰ ਫਤ੍ਹੇਵਾਲ ਪਿੰਡ ਦੱਸਦਾ।
ਗਿੱਲਾਂ ਦਾ ਜਮੀਤ ਸਿੰਘ  ਜ਼ਿਲ੍ਹਾ ਸੀ ਸਿਆਲਕੋਟ,
ਦੇਂਵਦਾ ਸੀ ਹੋਕਾ ਸਦਾ ਗੁਰੂ ਵਾਲੇ ਜੱਸ ਦਾ।

ਰਾਜਾ ਸਿੰਘ ਜੋਤਾ ਸਿੰਘ ਦੋਵੇਂ ਹੀ ਸਿਆਲਕੋਟੀ,

ਪਹਿਲਾ ਹੈ ਤਰਾਂਡੀ ਤੇ ਛਪਈ ਦੂਜਾ ਵੱਸਦਾ।

---o---

ਝਗੜੇ ਆਪੇ ਆਪਣੇ, ਹੀ ਕੂਕੇ ਨਿਪਟਾਉਣ।

ਜਿਹੜਾ ਅੜੇ ਪੰਚੈਤ ਤੋਂ, ਸੂਬੇ ਤੀਕ ਪੁਚਾਉਣ।

ਨਿਆਂ ਪ੍ਰਣਾਲੀ ਭਾਰਤੀ, ਬਹੁਤ ਪੁਰਾਤਨ ਜਾਣ।

ਭਾਈਚਾਰਾ ਸੱਦ ਕੇ, ਮਸਲੇ ਹੱਲ ਕਰਾਣ।

ਪੰਚਾਂ ਵਿੱਚ ਪਰਮੇਸ਼ਵਰ, ਆਖਣ ਕਰਦਾ ਵਾਸ।

ਪੱਖਪਾਤ ਨਾ ਹੋਂਵਦਾ, ਕੂੜ ਨਾ ਫਟਕੇ ਪਾਸ।

ਵਿੱਚ ਸਰਕਾਰ ਕਚਹਿਰੀਆਂ, ਆਖਣ ਚੱਲੇ ਝੂਠ।

ਝੂਠ ਗਵਾਹ ਭੁਗਤਾ ਕੇ, ਕੀੜੀ ਕਰਦੇ ਊਠ।

ਨਾਲੇ ਮਿਲੇ ਨਿਆਂ ਨਾ, ਨਾਲੇ ਜਾਂਦੇ ਦਾਮ।

ਫੇਰ ਕਿਉਂ ਨਾ ਫੈਸਲੇ, ਕਰੀਏ ਆਪ ਤਮਾਮ।

ਇਹ ਅੰਦੋਲਨ ਚੱਲਿਆ, ਤੇਜ਼ ਗਤੀ ਦੇ ਨਾਲ।

ਥੋੜ੍ਹੇ ਅੰਦਰ ਸਮੇਂ ਦੇ, ਕੂਕੇ ਬਣੇ ਕਮਾਲ।

ਗਿਣਤੀ ਚਾਰ ਲੱਖ ਦੀ, ਬਾਰਾਂ ਸਾਲਾਂ ਵਿੱਚ।

ਹੋਈ ਵਿੱਚ ਸਮਾਜ ਦੇ, ਐਸੀ ਪਾਈ ਖਿੱਚ।

## ਪ੍ਰਚਾਰਕਾਂ ਦਾ ਤਾਣਾ ਬਾਣਾ

ਹਰੀਪੁਰ ਹਜ਼ਾਰਾ ਅਤੇ ਪਸ਼ੌਰ ਵੱਲ,

ਬੇਦੀ ਹਰੀ ਸਿੰਘ ਕਨਈਆ ਸਿੰਘ ਜੀ।

ਡੇਰਾ ਬਾਬਾ ਨਾਨਕ ਵਾਲੇ ਸਿੱਖ ਜੋ,

ਕਰਨ ਪਏ ਪ੍ਰਚਾਰ ਤਨ ਮਨ ਲਾ ਕੇ।

ਹਰੀਪੁਰ ਹਜ਼ਾਰੇ ਦਾ ਇੱਕ ਚੇਤ ਸਿੰਘ,

ਪੁਰਸ਼ ਬੜਾ ਧਨਵਾਨ ਤੇ ਧਰਮਾਤਮਾ।

ਧਰਮਸ਼ਾਲਾ ਸੀ ਬਣਵਾਈ ਓਸ ਨੇ,

ਜਿੱਥੇ ਹੋਣ ਇਕੱਠੇ ਕੂਕੇ ਆਣਕੇ।

ਰਾਵਲਪਿੰਡੀ ਅੰਦਰ ਭਾਈ ਕਾਹਨ ਸਿੰਘ,

ਸ਼ਾਮ ਸਵੇਰੇ ਗੁਰਬਾਣੀ ਸੰਗ ਜੋੜਦਾ।

ਪਿੰਡ ਵਰਣ ਦਾ ਬਾਬਾ ਇੱਕ ਜਮੀਤ ਸਿੰਘ,

ਗੁਜਰਾਂਵਾਲੇ ਰਸਤਾ ਦੱਸੇ ਧਰਮ ਦਾ।

ਮਹੰਤ ਬੁਲਾਕਾ ਸਿੰਘ ਅਤੇ ਗੁਲਾਬ ਸਿੰਘ,

ਬੱਬਰ ਦੋਵੇਂ ਸੋਹਣੇ ਸਾਥੀ ਓਸ ਦੇ।

ਉੱਚਾ ਸੁੱਚਾ ਲਹਿਣਾ ਸਿੰਘ ਘਰਜਾਖੀਆ,



. Sri Satguru Jagjit Singh Ji eLibrary NamdhariElibrary@gmail.com .

ਉਹ ਜਵਾਈ ਜਾਣ ਨਲੂਏ ਸ਼ੇਰ ਦਾ।

ਨਲੂਏ ਦਾ ਪੁੱਤ ਮੋਤੀ ਸਿੰਘ ਵੀ ਨਾਲ ਸੀ,

ਅੰਦਰ ਫੌਜ ਨੇਪਾਲੀ ਕਾਰ ਕਮਾਂਵਦਾ।

ਹਰੀ ਸਿੰਘ ਸੀ ਨਲੂਆ ਸ਼ੇਰ ਪੰਜਾਬ ਦਾ,

ਕਾਬਲ ਅਤੇ ਕੰਧਾਰ ਜਿਸ ਤੋਂ ਕੰਬਦੇ।

ਬੱਚੇ ਚੁੱਪ ਕਰਾਉਣ ਆਖ ਪਠਾਣੀਆਂ,

ਸੌਂ ਜਾ ਨਹੀਂ ਤੇ ਆਇਆ ਹਰੀਆ ਰਾਗਲੇ।

ਨਾਲ ਕੁਵੈਤ ਸਿਖਾਵੇ ਨਾਮਧਾਰੀਆਂ,

ਸਿੱਖਣ ਪਏ ਜਵਾਨ ਪੰਜਾਬੋਂ ਆਣ ਕੇ।

ਮੋਤੀ ਸਿੰਘ ਗਵਰਨਰ ਜੋ ਰਣਜੀਤ ਦਾ,

ਜਿਸਨੂੰ ਆਪ ਪਿਸ਼ਾਵਰ ਰਾਜੇ ਸੌਂਪਿਆ।

ਉਸ ਦਾ ਜਾਣ ਭਤੀਜਾ ਤਾਰਾ ਸਿੰਘ ਵੀ,

ਮਿਸਰੀ ਮੀਨੇ ਵਾਲਾ ਕਰ ਕੇ ਮਸ਼ਾਹੂਰ।

ਬੁੱਧ ਸਿੰਘ ਸਰਦਾਰ ਪੁੱਤਰ ਮਾਨ ਸਿੰਘ,

ਬੰਦਾ ਬੜਾ ਰਈਸ ਮਾਨਾਂ ਵਾਲਿਓਂ।

ਚੂਹਕਾਣਿਓਂ ਜ਼ੈਲਦਾਰ ਅਨੋਖ ਸਿੰਘ,

ਨਾਲ ਸਿੰਘ ਅਮਰੀਕ ਨੰਬਰਦਾਰ ਸੀ।

ਨੰਬਰਦਾਰ ਜਵਾਹਰ ਸਿੰਘ ਸਹਾਰਨੋਂ,



. Sri Satguru Jagjit Singh Ji eLibrary NamdhariElibrary@gmail.com .

ਮੀਹਾਂ ਸਿੰਘ ਵੀ ਬੈਂਕੇ ਚੀਮੇ ਵਾਲੜਾ।

ਨੰਬਰਦਾਰ ਰਾਜਾ ਸਿੰਘ ਮਨਹੇਸ ਦਾ,

ਹਿੰਦੂ ਚੱਕ ਦਾ ਅਤਰ ਸਿੰਘ ਸਰਦਾਰ ਵੀ।

ਸਿੱਖੀ ਏਸ ਇਲਾਕੇ ਵਿੱਚ ਸਵਾਰਦੇ,

ਹਮਜਾ ਗੌਸ, ਉਗੋ ਚੱਕ, ਚੱਕ ਰਾਮਦਾਸ।

ਆਲੋ ਮੁਹਾਰ ਤੇ ਸਰਵਾਨਾ, ਬਾਸਰਾ,

ਪਿੰਡ ਬਣਾਏ ਉਹਨਾਂ ਕੂਕੇ ਕੁੱਲ ਨੇ।

ਨਾਰੋਵਾਲ, ਜੀਊਣ, ਭਿੰਡਰ, ਰਸੀਂਹ ਵਾਲ।

ਜਿੱਥੇ ਖੁੱਲ੍ਹੀ ਸਿੱਖੀ ਵਾਲੀ ਪੰਡ ਹੈ।

ਚੰਦੋ ਵਾਲੋਂ ਫੂਲਾ ਸਿੰਘ* ਜੀ ਬਾਜਵਾ,

ਗੁਰਸਿੱਖੀ ਦੀ ਵਸਤ ਅਮੁੱਲੀ ਵੰਡਦਾ।

ਗੁਰਦੁਆਰੇ ਬਾਬੇ ਵਾਲੀ ਬੇਰ ਦਾ,

ਕੂਕਾ ਬਣਿਆ ਆਣ ਮਹੰਤ ਪ੍ਰੇਮ ਸਿੰਘ।

ਗੁਰ ਨਾਨਕ ਦਾ ਇੱਕ ਸਮਕਾਲੀ ਸਿੱਖ ਸੀ,

ਵੰਸ਼ ਪੁਰਾਣਾ ਬਾਬਾ ਨਾਂ ਮਸ਼ਹੂਰ ਹੈ।

ਗੁਰਚਰਨ ਸਿੰਘ ਹੋਇਆ ਨਾਮਧਾਰੀਆ,

ਜਾਣੇ ਕੁੱਲ ਪੰਜਾਬੀ ਪਸ਼ਤੋ ਫ਼ਾਰਸੀ।

ਜਾਵੇ ਦੇਸ਼ ਵਿਦੇਸ਼ ਵਾਟਾਂ ਵਾਹ ਕੇ,



Sri Satguru Jagjit Singh Ji eLibrary NamdhariElibrary@gmail.com

ਰੂਸ ਹਕੂਮਤ ਨਾਲ ਸੰਬੰਧ ਜੋੜਦਾ।

ਸਮਝ ਵਿਦੇਸ਼ੀ ਰਾਜਦੂਤ ਇਹ ਕੂਕਿਆਂ,

ਹੈ ਸੀ ਭਾਵੇਂ ਇਹ ਕਿਰਸਾਨ ਪੰਜਾਬ ਦਾ।

ਘਾਟ ਘਾਟ ਦਾ ਪਾਣੀ ਪੀਤਾ ਏਸ ਨੇ,

ਉੱਪਰ ਫਿਰੇ ਹਥੇਲੀ ਸੀਸ ਟਿਕਾ ਕੇ।

ਜੇਠ ਪੁਰੇ ਦਾ ਬਾਬਾ ਮਾਹਲਾ ਸਿੰਘ ਵੀ,

ਮਿੰਟਗੁਮਰੀ ਮੁਲਤਾਨ ਖੇਤਰ ਰਾਜ ਦਾ।

ਪਿੰਡ ਲਥਾਣਾ ਸ਼ਾਮ ਸਿੰਘ ਲਹੌਰੀਆ,

ਬਾਬਾ ਕੇਸਰ ਸਿੰਘ ਰਾਜੇ ਜੰਗੀਆ।

ਮਾਂਗੇ ਪਿੰਡੋਂ ਬਾਬਾ ਹਰਸ਼ਾ ਸਿੰਘ ਜੀ,

ਕੰਗਣਪੁਰ ਦਾ ਹਰਾ ਸਿੰਘ ਕਰਦਾ ਹਰੇ।

ਫਤਹਿ ਸਿੰਘ ਵਲਟੋਹੇ ਦਾ ਭਲਵਾਨ ਸੀ,

ਚੁੱਕ ਲੈਂਦਾ ਜੋ ਆਖਣ ਸਾਰੇ ਹਰਟ ਨੂੰ।

ਐਪਰ ਚੁੱਕਿਆ ਹੁਣ ਭਾਰ ਪ੍ਰਚਾਰ ਦਾ,

ਵਿੱਚ ਸੇਖਵਾਂ ਨੰਬਰਦਾਰ ਮਤਾਬ ਸਿੰਘ।

ਮਾਂਗੇ ਵਾਲਾ ਬੂਟਾ ਸਿੰਘ ਵੀ ਜਾਣੀਏ,

ਜੀਤ ਸਿੰਘ ਵੀ ਕੂਕਾ ਓਸੇ ਪਿੰਡ ਦਾ।

ਪਿੰਡ ਨਾਰਲੀ ਸੂਬਾ ਨਾਇਬ ਬਘੇਲ ਸਿੰਘ,



Sri Satguru Jagjit Singh Ji eLibrary NamdhariElibrary@gmail.com

ਕੇਸਰ ਕਿੱਲੀ ਜਾਣ ਮੁਹਾਵੇ ਵਾਲੜਾ।

ਵਾਹ ਵਾਹ ਉਸ ਦੀ ਬਿਰਤੀ ਵੀ ਅਸਚਰਜ ਸੀ,

ਦੇਸ਼ ਭਗਤ ਵਰਿਆਮ ਏਥੇ ਠਹਿਰਦੇ।

ਲੰਗਰ ਛਕਦੇ ਨਾਲੇ ਲੈਣ ਪ੍ਰੇਰਨਾ,

ਦੇਵਾ ਸਿੰਘ ਖਾਸ ਸ਼ਹਿਰ ਲਹੌਰ ਦਾ।

ਇੰਦਰ ਸਿੰਘ ਮਸ਼ੀਨਾਂ ਵਾਲਾ ਆਖਦੇ,

ਪੰਜ ਗ੍ਰਾਈਆਂ ਅੰਦਰ ਸੀ ਹਰਨਾਮ ਸਿੰਘ।

ਮੱਖਣ ਸਿੰਘ ਗ੍ਰੰਥੀ ਵਿੱਚ ਪ੍ਰਚਾਰਕਾਂ,

ਸੱਭੇ ਮਿਲ ਕੇ ਸਿੱਖੀ ਕਾਜ ਸਵਾਰਦੇ।

* ਇਹ ਸਰਦਾਰ ਤੇਜਾ ਸਿੰਘ ਐਕਸ. ਐਮ. ਐਲ. ਸੀ. ਦੇ ਦਾਦਾ ਜੀ ਸਨ ਤੇ ਮੇਰੇ ਪੜਦਾਦਾ ਜੀ ਦੇ ਭਾਈ ਸਨ (ਫਤਹਿ ਸਿੰਘ ਦੇ) ਇਹਨਾਂ ਦਾ ਪਿਤਾ ਹੀਰਾ ਸਿੰਘ ਸੀ।

---o---

ਵਿੱਚ ਪ੍ਰਸਿੱਧ ਲਹੌਰ ਦੇ, ਬੂਟਾ ਸਿੰਘ ਦੀਵਾਨ।

ਭੈ ਖਾਂਦੇ ਅੰਗ੍ਰੇਜ਼ ਵੀ, ਵੇਖ ਮਨ ਸਨਮਾਨ।

ਪਿਤਾ ਜਾਣ ਗੁਰਦਿਆਲ ਸਿੰਘ, ਜਿਸ ਦੀ ਜਾਤ ਕਲਾਲ।

ਨਾਮਧਾਰੀਆ ਹੋ ਗਿਆ, ਚੜ੍ਹਿਆ ਅਜਬ ਜਲਾਲ।

ਵਿੱਚ ਦਰਬਾਰ ਲਹੌਰ ਦੇ, ਉਹ ਨੌਕਰ ਸੀ ਖਾਸ।



. Sri Satguru Jagjit Singh Ji eLibrary NamdhariElibrary@gmail.com .

ਰਾਣੀ ਜਿੰਦਾਂ ਦੇ ਉਹ, ਰਹੇ ਹਮੇਸ਼ਾਂ ਪਾਸ।

ਸਾਰੇ ਕਾਜ ਸੰਭਾਲਦਾ, ਜਿੰਦਾਂ ਦਾ ਦੀਵਾਨ।

ਵੱਡਾ ਅਹਿਲਕਾਰ ਉਹ, ਬੜਾ ਮਾਨ ਸਨਮਾਨ।

ਜਦ ਅੰਗ੍ਰੇਜ਼ਾਂ ਨੇ ਸੀ ਜੰਗ, ਲੜੀ ਮੁਲਤਾਨ।

ਰਾਜ ਵਿਰੋਧੀ ਸਮਝ ਕੇ, ਕੀਤਾ ਬਹੁਤ ਹੈਰਾਨ।

ਆਖਣ ਨਾਲ ਵਿਰੋਧੀਆਂ, ਹੈ ਇਹਦਾ ਗਠਜੋੜ।

ਸਾਮਰਾਜ ਦੀ ਅੱਖ ਵਿੱਚ, ਵਾਂਗ ਰੜਕਿਆ ਰੋੜ।

ਜਦ ਅੰਗ੍ਰੇਜ਼ ਪੰਜਾਬ ਤੇ, ਕਾਬਜ ਹੋਏ ਆਣ।

ਬਾਗੀ ਬੂਟਾ ਸਿੰਘ ਨੂੰ, ਦਿੱਤਾ ਫੇਰ ਐਲਾਨ।

ਫੇਰ ਮੁਕੱਦਮਾ ਤੋਰ ਕੇ, ਲਾ ਦੋਸ਼ ਵਿਦਰੋਹ।

ਸੱਤ ਸਾਲ ਲਈ ਜੇਲ੍ਹ, ਵਿੱਚ ਸੁੱਟ ਦਿੱਤਾ ਸੀ ਉਹ।

ਜਿੰਦਾਂ ਕੱਢ ਲਹੌਰ ਚੋਂ, ਕੀਤੀ ਉਹਨਾਂ ਬਾਹਰ।

ਨਿਕਲ ਕਿਲੇ ਚੁਨਾਰ ਚੋਂ, ਗਈ ਉਡਾਰੀ ਮਾਰ।

ਆਖਣ ਇਹਦਾ ਹੱਥ ਸੀ, ਵਿੱਚ ਛੜਿਅੰਤਰ ਖਾਸ।

ਸੀ ਨਿਸ਼ਾਨਾ ਜਿਨ੍ਹਾਂ ਦਾ, ਕਰਨੇ ਗੀਦੀ ਨਾਸ।

ਲਾਲ ਸਿੰਘ ਸੀ ਮੰਤਰੀ, ਰੈਜੀਡੈਂਸ ਅੰਗ੍ਰੇਜ਼।

ਪਾਰ ਬੁਲਾਉਣਾ ਦੋਹਾਂ ਨੂੰ, ਛੁਰੀਆਂ ਕਰਦੇ ਤੇਜ਼।

ਐਪਰ ਲਾਲ ਸਿੰਘ ਸੀ, ਸ਼ਾਤਰ ਬੜਾ ਦੀਵਾਨ।

ਖ਼ੁਦ ਉਹਨੇ ਪਕੜਾ ਕੇ, ਕਹਿਣ ਬਚਾਈ ਜਾਨ।

ਕੱਟੀ ਉਹਨੇ ਕੈਦ ਸੀ, ਕਿਲੇ ਇਲਾਹਾਬਾਦ।

ਵਾਪਸ ਆਣ ਲਹੌਰ ਵਿੱਚ, ਹੋਇਆ ਫੇਰ ਅਬਾਦ।

ਧਨ ਦੌਲਤ ਦੀ ਥੋੜ੍ਹ ਨਾ, ਨਾਲ ਮਿਲੇ ਸਨਮਾਨ।

ਸੀ ਉਹਦੇ ਪ੍ਰੀਵਾਰ ਦੀ, ਕਦੇ ਉਚੇਰੀ ਸ਼ਾਨ।

ਕੂਕੇ ਆ ਆ ਠਹਿਰਦੇ, ਜੋ ਬਾਗੀ ਸਰਕਾਰ।

ਸੇਵਾ ਕਰਦਾ ਸਭਸ ਦੀ, ਦੇਸ਼ ਭਗਤ ਸਰਦਾਰ।

ਉਨੀ ਸੌ ਛਿਆਹਟ ਵਿੱਚ, ਛਾਪਾਖਾਨਾ ਖੋਹਲ।

ਮਾਸਿਕ ਪੱਤਰ ਕੱਢਿਆ, ਜਿਦੇ ਕਾਨੂੰਨੀ ਬੋਲ।

ਸ਼ਾਖਾ ਇੱਕ ਪਸ਼ੌਰ ਵਿੱਚ, ਦੂਜੀ ਸੀ ਅਜਮੇਰ।

ਗ਼ਜਟ ਛਪਦਾ ਗੌਰਮਿੰਟ, ਰਾਜ ਪੂਤਾਨਾ ਢੇਰ।

ਸੂਬੇ ਤੇ ਪ੍ਰਚਾਰਕ, ਨਾਮਧਾਰੀਏ ਆਣ।

ਕੋਲ ਓਸ ਦੇ ਠਹਿਰਦੇ, ਨਾਲ ਮੁਹੱਬਤ ਮਾਣ।

ਸ੍ਰੀ ਸਤਿਗੁਰੂ ਰਾਮ ਸਿੰਘ, ਜੀ ਨੇ ਸ਼ਰਧਾ ਧਾਰ।

ਆਦਿ ਗ੍ਰੰਥ ਛਪਵਾਉਣ ਦੀ, ਕੀਤੀ ਜਦੋਂ ਵੀਚਾਰ।

ਕੀਤਾ ਬੂਟਾ ਸਿੰਘ ਨੇ, ਇਹ ਕਾਰਜ ਅਨਮੋਲ।

ਸਭ ਤੋਂ ਪਹਿਲੀ ਬੀੜ ਜੋ, ਛਪੀ ਏਸ ਦੇ ਕੋਲ।

ਪਹਿਲਾਂ ਕੇਵਲ ਹੱਥ ਲਿਖਤ, ਹੀ ਸਨ ਬੀੜਾਂ ਕੁੱਲ।



Sri Satguru Jagjit Singh Ji eLibrary NamdhariElibrary@gmail.com

ਕਾਰਜ ਔਖਾ ਲਿਖਣ ਦਾ, ਹੁੰਦਾ ਜਾਣ ਅਤੁੱਲ।

ਨਾਲੇ ਮੁਸ਼ਕਲ ਹੋਂਵਦਾ, ਸਭ ਨੂੰ ਕਰਨਾ ਪਾਠ।

ਛਾਪੇ ਵਾਲੀ ਬੀੜ ਚੋਂ, ਪੜ੍ਹੀਏ ਪਾਠ ਸਪਾਟ।

ਛਾਪੇ ਖਾਨੇ ਏਸ ਤੋਂ, ਪਰ ਡਰਦੇ ਅੰਗ੍ਰੇਜ਼।

ਨਾ ਛਪਵਾਵਣ ਕੂਕਿਆਂ, ਵਾਲੇ ਦਸਤਾਵੇਜ਼।

ਮਤੇ ਕੂਕਿਆਂ ਕੋਲ ਇਹ, ਖੋਹਲੇ ਗੁੱਝਾ ਰਾਜ।

ਕੂਟ ਨੀਤੀਆਂ ਵਾਲੜਾ, ਮਤੇ ਉਘੇੜੇ ਪਾਜ।

---o---

ਸੂਬਾ ਕਰਤਾਰ ਸਿੰਘ, ਜ਼ੈਲਦਾਰ ਹਰੀ ਸਿੰਘ,

ਬੇਦੀ ਸਾਹਿਬਜ਼ਾਦੇ ਨੇ ਬਣਾਏ ਨਾਮਧਾਰੀਏ।

ਅਮਰ, ਪ੍ਰਤਾਪ ਤੇ ਜਗੀਰ, ਗੁਰਦਾਸ ਸਿੰਘ,

ਡੇਰੇ ਬਾਬੇ ਨਾਨਕ ਦੇ ਬੇਦੀ ਜੋ ਵੀਚਾਰੀਏ।

ਜ਼ੈਲਦਾਰ ਹਰੀ ਸਿੰਘ ਬੜਾ ਪ੍ਰਭਾਵਸ਼ਾਲੀ,

ਸਿੰਘਪੁਰੇ ਵਾਲੇ ਸਿੰਘ ਬੜੇ ਬਲਕਾਰੀਏ।

ਪੱਖੋਕੇ ਰੰਧਾਵੇ, ਪਨੂੰ, ਠੇਠਰਕੇ, ਚੋਰਾਂ ਵਾਲੀ,

ਖੋਖਰਾਂ ਦੇ ਲੋਕ ਨੇ ਬਣਾਏ ਸਦਾਚਾਰੀਏ।

ਹਰਗੋਬਿੰਦਪੁਰ ਦੇ ਗੋਬਿੰਦ ਰਾਮ ਕੂਕੇ ਹੋਏ,

ਆਖਦੇ ਨੇ ਆਓ ਲੋਕੋ ਜਨਮ ਸਵਾਰੀਏ।

ਅੰਮ੍ਰਿਤਸਰ ਵਰਿਆਂਹ ਵਾਲਾ ਨੈਣਾ ਸਿੰਘ,
ਅਤੇ ਭਗਵਾਨ ਸਿੰਘ ਜਾਣ ਫੱਤੇਵਾਲ ਦਾ।
ਕਾਹਨ ਸਿੰਘ ਠੱਠੀ ਦਾ ਖੜਗ ਸਿੰਘ ਕੱਕੜਾਂ ਦਾ,
ਬਾਬਾ ਮਹਿਤਾਬ ਸਿੰਘ ਉਬੋ ਕੇ ਸੰਭਾਲ ਦਾ।
ਪਿੰਡ ਪੁਰ ਹੀਰਾਂ ਦਾ ਜਗੀਰਦਾਰ ਮਾਨ ਸਿੰਘ,
ਵਿੱਚ ਹੁਸ਼ਿਆਰਪੁਰ ਪੁਰਖ ਕਮਾਲ ਦਾ।
ਕਾਲੂਵਾਹਰ ਥਾਣਾ ਹਰਿਆਣਾ* ਦਾ ਜਗੀਰਦਾਰ,
ਚੰਦਾ ਸਿੰਘ ਬਣ ਗਿਆ ਕੂਕਿਆਂ ਦੇ ਨਾਲ ਦਾ।

* ਹਰਿਆਣਾ ਪਿੰਡ ਦਾ ਨਾਂ ਹੈ। ਹੁਸ਼ਿਆਰਪੁਰ (ਪੰਜਾਬ)

ਜ਼ਿਲ੍ਹੇ ਸੀ ਜਲੰਧਰ ਦਾ ਬਾਬਾ ਕਾਹਨ ਸਿੰਘ ਜਾਣੋ,
ਮੈਯਾ ਸੀ ਮੁਠੱਡੇ ਦਾ ਮਤਾਬ ਜੰਡਿਆਲੀ ਦਾ।
ਰਾਹੋਂ ਥਾਣਾ ਲੱਗਦਾ ਮਤਾਬ ਸਿੰਘ ਨਾਮਧਾਰੀ,
ਪਿੰਡ ਸੀ ਲਧਾਣਾ ਮੁੱਖੀ ਸੰਗਤ ਨਿਰਾਲੀ ਦਾ।
ਜ਼ਿਲ੍ਹਾ ਸੀ ਫਿਰੋਜ਼ਪੁਰ ਜ਼ੀਰੇ ਦੀ ਤਸੀਲ ਜਾਣੋ,
ਨੱਥਾ ਸਿੰਘ ਗਾਦੜੀ ਦਾ ਦਾਤਾ ਸੀ ਸਵਾਲੀ ਦਾ।


Sri Satguru Jagjit Singh Ji eLibrary NamdhariElibrary@gmail.com

ਪੂਹਲੇ ਦਾ ਖੜਕ ਸਿੰਘ ਬਾਹੀਏ ਦੇ ਇਲਾਕੇ ਵਿੱਚ,
ਮਾਲਕ ਬਠਿੰਡੇ ਦੇ ਖੜਕ ਸਿੰਘ ਵਾਲੀ ਦਾ।

ਪਿੰਡ ਸੀ ਨਥਾਣੇ ਦਾ ਸੰਤ ਹਰਨਾਮ ਸਿੰਘ,
ਸੋਭਾ ਸਿੰਘ ਨਾਮਧਾਰੀ ਪਿੰਡ ਤਾਮਕੋਟ ਦਾ।
ਧਿਆਨ ਸਿੰਘ ਪਿੰਡ ਛਤਿਆਣਾ ਥਾਣਾ ਕੋਟ ਭਾਈ,
ਕਾਹਨ ਸਿੰਘ ਬਾਜੇਖਾਨਿਓਂ ਫਰੀਦਕੋਟ ਦਾ।
ਥਾਣਾ ਸੀ ਨਿਹਾਲ ਸਿੰਘ ਵਾਲਾ ਦੇਵਾ ਸਿੰਘ ਜੀ ਦਾ,
ਕਰੇ ਪ੍ਰਚਾਰ ਮਸ਼ਹੂਰ ਧੂੜਕੋਟ ਦਾ।
ਫਤਹਿ ਸਿੰਘ ਸੋਢੀ ਸੀ ਚੁਗਾਵਾਂ ਦਾ ਜ਼ਗੀਰਦਾਰ।
ਕਰਦਾ ਇਲਾਜ਼ ਸੀ ਗ਼ੁਲਾਮੀ ਵਾਲੀ ਚੋਟ ਦਾ।

ਨਿਹਾਲ ਸਿੰਘ ਵਾਲੇ ਭਗਵਾਨ ਸਿੰਘ ਜੋਗਾ ਸਿੰਘ,
ਮੁੱਢ ਤੋਂ ਹੀ ਨਾਮਧਾਰੀ ਪੁਣਾ ਪ੍ਰਚਾਰ ਦੇ।
ਸੂਬਾ ਜਵਾਹਰ ਸਿੰਘ ਕਦੇ ਰਹਿੰਦੇ ਜਾ ਬਿਲਾਸਪੁਰ,
ਰੋਡੇ 'ਚ ਨਰੈਣ ਸਿੰਘ ਵਿਗੜੀ ਸਵਾਰਦੇ।
ਖੋਟੇ ਦਾ ਸਮੁੰਦ ਸਿੰਘ ਸੂਬਾ ਨਾਲ ਮਾਨ ਸਿੰਘ,
ਗੁਰਬਖਸ਼ ਸੈਦੋ ਵਾਲਾ ਉੱਤਮ ਵਿਹਾਰ ਦੇ।


Sri Satguru Jagjit Singh Ji eLibrary NamdhariElibrary@gmail.com

ਮਿਸਤਰੀ ਨਿਹਾਲ ਸਿੰਘ ਬੜਾ ਸਤਿਕਾਰਯੋਗ,
ਸ਼ਹਿਰ ਸੀ ਫਿਰੋਜ਼ਪੁਰ ਉੱਤਮ ਆਚਾਰ ਦੇ।

ਉਂਜ ਸੀ ਨਕੋਦਰ ਦੇ ਮਹਿਤਪੁਰ ਥਾਣੇ ਦਾ ਉਹ,
ਕੀਤਾ ਸੀ ਨਿਵਾਸ ਆ ਫਿਰੋਜ਼ਪੁਰ ਜਾਣਿਓਂ।
ਜਦੋਂ ਕਿਲਾ ਬਣਦਾ ਸੀ ਗੁਰੂ ਜੀ ਵੀ ਗਏ ਓਥੇ,
ਓਦੋਂ ਦਾ ਹੀ ਟਿਕ ਗਿਆ ਏਸ ਥਾਂ ਪਛਾਣਿਓਂ।
ਹੈ ਸੀ ਧਨਵਾਨ ਤੇ ਵਪਾਰੀ ਠੇਕੇਦਾਰ ਵੱਡਾ,
ਉੱਚ ਇਖਲਾਕੀ ਸੱਚਾ ਪੁਰਸ਼ ਸਿਆਣਿਓਂ।
ਆਉਂਦੇ ਜਾਂਦੇ ਕੂਕਿਆਂ ਦੀ ਇਹਦੇ ਘਰ ਠਾਹਰ ਵੱਡੀ,
ਘਰ ਆਇਆ ਜਾਂਵਦਾ ਨਾ ਭੁੱਖਾ ਬਿਨਾਂ ਖਾਣਿਓਂ।

ਥਾਣਾ ਡੇਹਲੋਂ ਖਟੜੇ ਦੇ ਸੂਬਾ ਸੀ ਅਤਰ ਸਿੰਘ,
ਦਇਆ ਸਿੰਘ, ਵੀਰ ਸਿੰਘ, ਰਾਮ ਸਿੰਘ ਸਾਰੇ ਸੀ।
ਦੋਵੇਂ ਨੇ ਨਰੈਣ ਸਿੰਘ ਨਾਲ ਹੈ ਸਮੁੰਦ ਸਿੰਘ,
ਗੁੱਜਰ ਸਿੰਘ, ਮਹਾਂ ਸਿੰਘ ਗੁਰੂ ਦੇ ਪਿਆਰੇ ਸੀ।
ਰਾਇਪੁਰੋਂ ਬਾਬਾ ਦਰਬਾਰਾ ਸਿੰਘ, ਜੈਮਲ ਸਿੰਘ,
ਧੌਂਕਲ ਸਿੰਘ, ਬੂਟਾ ਸਿੰਘ ਛੀਂਬਾ ਹਰਕਾਰੇ ਸੀ।


. Sri Satguru Jagjit Singh Ji eLibrary NamdhariElibrary@gmail.com .

ਕਾਲਾ ਸਿੰਘ, ਬੇਲਾ ਸਿੰਘ ਛੀਂਬਾ ਪ੍ਰਸਿੱਧ ਕੂਕੇ,
ਚੀਨੀ ਵਾਲੇ ਪਾਤਸ਼ਾਹ ਤੋਂ ਜਾਂਦੇ ਬਲਿਹਾਰੇ ਸੀ।

ਲੋਹਗੜ੍ਹ ਨਾਮ ਜੀਹਦਾ ਆਖਦੇ ਸੀ ਛੋਟੀ ਭੈਣੀ,
ਨੰਬਰਦਾਰ ਕਾਹਨ ਸਿੰਘ ਬਾਗੀ ਸਰਕਾਰ ਦੇ।
ਸਿੰਘ ਸਰਦਾਰ ਤੇ ਮਤਾਬ ਸਿੰਘ ਦੋਵੇਂ ਕੂਕੇ,
ਘਰੋਂ ਘਰੀਂ ਪਹੁੰਚ ਕੇ ਅਜ਼ਾਦੀ ਪ੍ਰਚਾਰ ਦੇ।
ਆਖਦਾ ਪੰਜਾਬ ਸਿੰਘ ਕੱਢਣਾ ਫਰੰਗੀਆਂ ਨੂੰ,
ਦੀਪ ਸਿੰਘ ਨਾਲ ਉਹਦੇ ਪੁੱਤਰ ਜਵਾਹਰ ਦੇ।
ਜੀਊਣ ਸਿੰਘ, ਸੌਣ ਸਿੰਘ ਪਹਿਲੀਆਂ ਸਫਾਂ ਦੇ ਕੂਕੇ,
ਸਿਰ ਧਰ ਤਲੀ ਤੇ ਜੋ ਵੈਰੀ ਨੂੰ ਵੰਗਾਰ ਦੇ।

ਸੂਬਾ ਬੁੱਧ ਸਿੰਘ ਜਮਾਂਦਾਰ ਸੀ ਸਮੁੰਦ ਸਿੰਘ*,
ਕਾਲਾ ਸਿੰਘ, ਚੈਨ ਸਿੰਘ ਪੱਤੀ ਚਿੜੀ ਮਾਰਾਂ ਦੇ।
ਪਿੰਡ ਸੀ ਕਲਾਹੜ, ਬੁੱਧ ਸਿੰਘ ਕ੍ਰਿਪਾਲ ਸਿੰਘ,
ਵੈਸਾਖਾ ਤੇ ਖਜ਼ਾਨ ਥਾਣੇਦਾਰ ਯਾਰ ਯਾਰਾਂ ਦੇ।
ਲਾਲ ਸਿੰਘ, ਬੇਲਾ ਸਿੰਘ, ਕਾਲਾ ਸਿੰਘ ਖੇੜੀ ਵਾਲਾ,
ਰੁੜਕੇ ਦਾ ਵੀਰ ਸਿੰਘ ਪੁੱਤ ਸਰਦਾਰਾਂ ਦੇ।



Sri Satguru Jagjit Singh Ji eLibrary NamdhariElibrary@gmail.com

ਮਹਿਮਾ ਸਿੰਘ ਵਾਲੇ ਦਾ ਚੜ੍ਹਤ ਸਿੰਘ ਨਾਈ ਜਾਣੋ,

ਕਾਹਨ ਸਿੰਘ ਝਾਵਾ ਸਿੰਘ ਉੱਤਮ ਵੀਚਾਰਾਂ ਦੇ।

* ਪਿੰਡ ਗੁੱਜ਼ਰਵਾਲ

ਈਸ਼ਰ ਸਿੰਘ, ਲਾਲ ਸਿੰਘ, ਭਾਗ ਤੇ ਗਰੀਬ ਕੂਕੇ,

ਕੱਟੜ ਫਰੰਗੀਆਂ ਦੇ ਵੈਰੀਆਂ ਚੋਂ ਇੱਕ ਨੇ।

ਬਹਾਦਰ ਸਿੰਘ, ਮਾਨ ਸਿੰਘ ਰਾਈਆਂ ਦੇ ਬਹਾਦਰ ਜੋ,

ਰੱਖਦੇ ਅਜ਼ਾਦੀ ਵਾਲੀ ਦਿਲਾਂ ਵਿੱਚ ਸਿੱਕ ਨੇ।

ਦਇਆ ਸਿੰਘ ਕੋਟ ਗੰਗੂ ਰਾਏ ਸਿੱਖ ਸਿਦਕੀ ਸੀ,

ਬੈਠਦੇ ਨਾ ਕਦੇ ਇੱਕ ਥਾਂ ਉੱਤੇ ਟਿਕ ਕੇ।

ਕਟਾਣੀ ਦਾ ਜਵਾਲਾ, ਭੈਰੋ ਮੁੰਨੇ ਵਾਲਾ ਰੰਗਾ ਸਿੰਘ,

ਕਦੇ ਪੈਣ ਦੇਂਦੇ ਨਾ ਵਿਹਾਰ ਵਿੱਚ ਫਿੱਕ ਨੇ।

ਰਾਇਕੋਟ ਥਾਣਾ ਪਿੰਡ ਜੌਹਲ ਮਸ਼ਹੂਰ ਹੋਇਆ,

ਰਾਮ ਸਿੰਘ ਕੂਕਾ ਹੋਇਆ ਪੁੱਤ ਸੁਨਿਆਰ ਦਾ।

ਦੂਜਾ ਏਸੇ ਪਿੰਡ ਦਾ ਨਰੈਣ ਸਿੰਘ ਨਾਮਧਾਰੀ,

ਤਨ ਮਨ ਧਨ ਲਾ ਕੇ ਸਿੱਖੀ ਪ੍ਰਚਾਰ ਦਾ।

ਮੱਸਾ ਸਿੰਘ ਕੂਕਾ ਹਰੀ ਸਿੰਘ ਦੇ ਬੁਰਜ ਵਾਲਾ,

ਸੋਭਾ ਸਿੰਘ ਤਾਜਪੁਰੀ ਵਿਗੜੇ ਸੁਧਾਰ ਦਾ।
ਪਿੰਡ ਦੇਵਾ ਸਿੰਘ ਦਾ ਅਚਰਵਾਲ ਲਿਖਿਆ ਹੈ,
ਬੋਪਾਰਾਇ ਪਿੰਡ ਦੇ ਨਰੈਣ ਸੀ ਮਝਾਰ ਦਾ।

ਬੁਰਜ ਹਰੀ ਸਿੰਘ ਦੇ ਰਾਮਦਾਸ, ਮੋਹਰ ਸਿੰਘ,
ਬਘੇਲ ਸਿੰਘ ਕੂਕਾ ਗੁਰਸਿੱਖ ਸੀ ਕਮਾਲ ਦਾ।
ਸਾਹਿਬ ਸਿੰਘ ਬੱਸੀਆਂ ਦਾ ਪੱਖੋ ਦਾ ਪ੍ਰੇਮ ਸਿੰਘ,
ਉੱਤਮ ਸਿੰਘ ਪਿੰਡ ਸੋਹਣੇ ਸੀ ਅਚਰਵਾਲ ਦਾ।
ਕਿਸ਼ਨ ਸਿੰਘ ਛੀਂਬਾ ਤਰਖਾਣ ਸੀ ਸਿਆਮ ਸਿੰਘ,
ਭੂਪ ਸਿੰਘ ਵਾਲਾ ਸੀ ਹਠੂਰ ਗਾਂਵ ਹਾਲ ਦਾ।
ਜਵਾਹਰ ਤੇ ਖਜ਼ਾਨ ਸਿੰਘ ਤੱਖਰਾਂ ਦੇ ਰਹਿਣ ਵਾਲੇ,
ਰਤਨ ਸਿੰਘ, ਅਤਰ ਸਿੰਘ ਮਾਛੀਵਾੜੇ ਭਾਲ ਦਾ।

ਬਿਜਲੀਪੁਰੇ ਦੇ ਗ੍ਰਾਮ ਦਾ ਨਰੈਣ ਸਿੰਘ,
ਸਾਹਿਬ ਸਿੰਘ ਗਹਿਲੇਵਾਲ ਪੁੱਤਰ ਲੋਹਾਰ ਦਾ।
ਵੱਡੇ ਕਕਰਾਲੇ ਦਾ ਦਿਆਲ ਸਿੰਘ ਨਾਮਧਾਰੀ,
ਬਗਲੀ ਦਾ ਸਾਹਿਬ ਸਿੰਘ ਪੁੱਤ ਨੰਬਰਦਾਰ ਦਾ।



. Sri Satguru Jagjit Singh Ji eLibrary NamdhariElibrary@gmail.com .

ਬੁੱਧ ਸਿੰਘ, ਸੁੱਧ ਸਿੰਘ, ਰਾਮ, ਮਸਤਾਨ ਸਿੰਘ,
ਦੇਵਾ ਸਿੰਘ ਡਾਕੀਆ ਸੀ ਸੱਚੀ ਸਰਦਾਰ ਦਾ।
ਸੁੱਖਾ ਸਿੰਘ ਨਾਈ ਤੇ ਗਿਆਨੀ ਹਰਨਾਮ ਸਿੰਘ,
ਵੱਸਦੇ ਓਟਾਲਾਂ ਜਿਉਂ ਹੁਕਮ ਕਰਤਾਰ ਦਾ।

ਪਿੰਡ ਸੀ ਦਿਆਲਪੁਰ ਬੇਲਾ ਸਿੰਘ ਬੁੱਧ ਸਿੰਘ,
ਬਾਲ ਤੇ ਪੰਜਾਬ ਸਿੰਘ, ਸਿੰਘ ਮਹਿਤਾਬ ਸੀ।
ਲਹਿਣਾ, ਸ਼ਮਸ਼ੇਰ, ਭਾਗ ਸਿੰਘ ਦੀਵਾ ਪਿੰਡ ਵਾਲੇ,
ਮਿਹਰ ਸਿੰਘ ਭਸੱਦੀ ਦਾ ਸੂਰਾ ਲਾਜਵਾਬ ਸੀ।
ਲਾਲ ਸਿੰਘ ਬੂਥਗੜ੍ਹ ਸੁੰਦਰ ਸਿੰਘ ਦੋਂਦਪੁਰ,
ਖੰਨੇ ਦਾ ਖੜਕ ਸਿੰਘ ਝੀਵਰ ਨਵਾਬ ਸੀ।
ਝੀਵਰ ਦੀਵਾਨ ਸਿੰਘ ਜੱਟ ਸੀ ਵਸਾਖਾ ਸਿੰਘ,
ਜੈਮਲ ਸਿੰਘ ਕਰਦਾ ਦੁਕਾਨ ਦਾ ਹਿਸਾਬ ਸੀ।

ਨਾਲ ਹੀ ਅਤਰ ਸਿੰਘ ਸਾਰੇ ਪਿੰਡ ਖੰਨੇ ਦੇ ਹੀ,
ਵਿਸ਼ਨੂੰ ਜ਼ਗੀਰਦਾਰ ਕੋਟਲਾ ਅਜਨੇਰ ਦਾ।
ਲੱਖਾ ਸਿੰਘ ਫੈਜ਼ਗੜ੍ਹ ਵਾਲਾ ਜੋ ਮਿਸਤਰੀ ਸੀ,
ਬੁੱਧ ਸਿਓਂ ਸਾਹਿਬਪੁਰ ਪੁੱਤ ਕਹਿਣ ਸ਼ੇਰ ਦਾ।

ਦਇਆ ਸਿੰਘ ਬੌਣਾ, ਮਸਤਾਨ ਤੇ ਸੰਗਤ ਸਿੰਘ,
ਸੇਹ ਪਿੰਡ ਕੂਕਿਆਂ ਦਾ ਕਹਿਣ ਬੜੀ ਦੇਰ ਦਾ।
ਵਿਸ਼ਨੂੰ, ਵਧਾਵਾ ਸਿੰਘ ਪਿੰਡ ਹਰਗਣਾਂ ਦੇ ਸੀ,
ਮਾਨ ਸਿੰਘ ਗੰਡਵਾਂ ਦਾ ਪੁੱਤਰ ਦਲੇਰ ਦਾ।

ਹਰਗਣਾ ਦਾ ਮਾਨ ਸਿੰਘ ਕੂਕੇ ਪਹਿਲੀ ਪਾਲ ਵਾਲੇ,
ਵਜੀਰ ਤੇ ਜਵਾਹਰ ਸਿੰਘ ਗੰਢਵਾਂ ’ਚ ਵੱਸਦੇ।
ਕਾਬਲ, ਦੀਦਾਰ ਸਿੰਘ, ਉੱਤਮ, ਭਗਵਾਨ ਸਿੰਘ,
ਰਾਇਸਰ ਆਪਣਾ ਗ੍ਰਾਮ ਸਾਰੇ ਦੱਸਦੇ।
ਨੱਥਾ ਸਿੰਘ ਚੰਚਲ ਸਿੰਘ ਭੋਤਨੇ ਦੇ ਦੋਵੇਂ ਸ਼ੇਰ,
ਮਲੂਕ, ਪ੍ਰਤਾਪ ਸਿੰਘ ਚੀਮਨਾ ਪਰਸਦੇ।
ਕਰਮ, ਨਿਧਾਨ ਸਿੰਘ ਵੱਸਦੇ ਬਖਤਗੜ੍ਹ,
ਸਹਿਣੇ ਦੇ ਦਸੌਂਧਾ ਸਿੰਘ ਮੌਤ ਮੂਹਰੇ ਹੱਸਦੇ।

ਸਾਰੇ ਅੰਗ੍ਰੇਜੀ ਸਰਕਾਰ ਦਿਆਂ ਕਾਗਜ਼ਾਂ ’ਚ,
ਕੂਕੇ ਨੇ ਖਤਰਨਾਕ ਲਿਖਿਆ ਹਵਾਲਾ ਹੈ।
ਲੱਗਦੀ ਸੀ ਹਾਜ਼ਰੀ ਗਦਾਰਾਂ ਕੋਲ ਹਰ ਰੋਜ,
ਕਹੇ ਅੰਗ੍ਰੇਜ਼ ਚੰਗਾ ਏਹਨਾਂ ਦਾ ਨਾ ਚਾਲਾ ਹੈ।


Sri Satguru Jagjit Singh Ji eLibrary NamdhariElibrary@gmail.com

ਗੁਲਾਬ ਤੇ ਖਜ਼ਾਨ ਸਿੰਘ ਪਿੰਡ ਹੈ ਕਮਾਲਪੁਰਾ,
ਅਤਰ ਸਿੰਘ ਦਾਖਾ ਵਾਲਾ ਆਖਦੇ ਨਿਰਾਲਾ ਹੈ।
ਛੱਜ ਵਾਲੇ ਸੋਭਾ ਸਿੰਘ ਕਹਿਣ ਤਰਖਾਣ ਰਹਿੰਦਾ,
ਜੱਟ ਜੋ ਸਮੁੰਦ ਸਿੰਘ ਵੱਡੇ ਦਿਲ ਵਾਲਾ ਹੈ।

ਡੱਲੇ ਮੱਲੇ ਕਾਉਂਕੇ ਰਸੂਲਪੁਰ ਪਿੰਡਾ ਵਿੱਚ,
ਕਈ ਕਈ ਪੱਤੀਆਂ 'ਚ ਨਾਮਧਾਰੀ ਵੱਸਦੇ।
ਸੂਬਾ ਸੁੱਧ ਸਿੰਘ ਦਾ ਮੰਡੌਰ ਸੀ ਗ੍ਰਾਮ ਜਾਣੋ,
ਜ਼ਿਲ੍ਹੇ ਜੋ ਅੰਬਾਲੇ ਵਿੱਚ ਖਾਸ ਪਿੰਡ ਦੱਸਦੇ।
ਸੂਬਾ ਹੀਰਾ ਸਿੰਘ ਅਤੇ ਨਾਇਬ ਸੂਬਾ ਹੀਰਾ ਸਿੰਘ*,
ਗੀਤ ਸੀ ਸਢੌਰੇ ਵਾਲੇ ਗਾਉਂਦੇ ਗੁਰੂ ਜੱਸ ਦੇ।
ਹੀਰਾ ਸਿੰਘ ਚੁੰਨੀ, ਝਾੜ ਮੜੀ ਵਾਲਾ ਦਲ ਸਿੰਘ,
ਬਾਲੀਆਂ ਦਾ ਦਇਆ ਸਿੰਘ ਰਸੇ ਗੁਰੂ ਰਸ ਦੇ।
* ਸੂਬਾ ਹੀਰਾ ਸਿੰਘ ਲੰਬੂ ਤੇ ਦੂਜਾ ਮਧਰਾ ਸੀ।

ਭਾਈ ਮਸਤਾਨ ਸਿੰਘ ਕਾਰਜ ਠਠੇਰਾ ਕਰੇ,
ਕੋਟ ਕਛੂਏ ਦਾ ਅਤਰ ਸਿੰਘ ਥਾਣੇਦਾਰ ਸੀ।
ਸਰਸੇ ਦੇ ਬੜੇ ਗੁੜ੍ਹੇ ਵੱਲ ਸੀ ਥਰਾਜ ਪਿੰਡ,


Sri Satguru Jagjit Singh Ji eLibrary NamdhariElibrary@gmail.com

ਬਾਬਾ ਖੁਸ਼ਹਾਲ ਸਿੰਘ ਸੱਚਾ ਸੇਵਾਦਾਰ ਸੀ।
ਨੇਕ ਨਾਮਰਸੀਏ ਉਹ ਦਾਨੀ ਦਇਆਵਾਨ ਸਾਧੂ,
ਗੁਰਸਿੱਖੀ ਨਾਲ ਹੱਦੋਂ ਵਧ ਕੇ ਪਿਆਰ ਸੀ।
ਪਿਤਾ ਜੱਗ ਮਾਤ ਜੀਵਨ ਕੌਰ ਦਾ ਪਛਾਣ ਲਈਏ,
ਦੇਸ਼ ਦੀ ਅਜ਼ਾਦੀ ਵਾਲਾ ਸੱਚਾ ਪਹਿਰੇਦਾਰ ਸੀ।

ਨਾਮ ਜੋ ਗਿਣਾਏ ਉੱਤੇ ਸਾਰੇ ਹੀ ਪੰਜਾਬ ਵਿੱਚ,
ਚੀਨੀ ਵਾਲੇ ਵਾਲਾ ਜੋ ਮਿਸ਼ਨ ਪ੍ਰਚਾਰ ਦੇ।
ਪਿੰਡ ਪਿੰਡ ਦੇਂਵਦੇ ਸੰਦੇਸ਼ ਸੱਚੇ ਗੁਰਾਂ ਵਾਲਾ,
ਜਾ ਜਾ ਪਾਜ ਖੋਹਲਦੇ ਵਿਦੇਸ਼ੀ ਸਰਕਾਰ ਦੇ।
ਆਚਰਣ ਹੀਣਤਾ ਨੂੰ ਫੇਰਦੇ ਬੁਹਾਰੀ ਆਪ,
ਕੱਢ ਕੇ ਕੁਰੀਤੀਆਂ ਦਾ ਕੂੜਾ ਬਾਹਰ ਮਾਰਦੇ।
ਖੰਡੇ ਦੀ ਪਿਆ ਕੇ ਪਾਹੁਲ ਸਾਜ ਦੇਂਦੇ ਨਾਮਧਾਰੀ,
ਗੁਰੂ ਦੇ ਜਹਾਜ਼ ਚਾੜ੍ਹ ਸੰਗਤਾਂ ਨੂੰ ਤਾਰਦੇ।

---o---

ਇਹ ਪ੍ਰਚਾਰਕ ਜਾਣਿਓਂ, ਸਾਰੇ ਨੌਂਜਵਾਨ।
ਜਿਨ੍ਹਾਂ ਅੰਦਰ ਜਾਗਦਾ, ਦਿਸੇ ਸਵੈਮਾਨ।

ਅਣਖ ਬੀਰਤਾ ਵਾਲੜੀ, ਗੁੜ੍ਹਤੀ ਲੈ ਕੇ ਫੇਰ।
ਉੱਠੇ ਨੀਂਦ ਤਿਆਗ ਕੇ, ਸ਼ੋਖ ਪੰਜਾਬੀ ਸ਼ੇਰ।
ਵੇਖ ਡਸਿਪਲਨ ਕੂਕਿਆਂ, ਦਾ ਡਰਿਆ ਅੰਗ੍ਰੇਜ਼।
ਕਰ ਦਿੱਤੀਆਂ ਨਿਗਰਾਨੀਆਂ, ਹੋਰ ਓਸ ਨੇ ਤੇਜ਼।
ਹਿੱਟ ਲਿਸਟ ਦੇ ਵਿੱਚ ਸਨ, ਇਹ ਉਪਰੋਕਤ ਨਾਮ।
ਪਿੱਠੂ ਜੋ ਅੰਗ੍ਰੇਜ਼ ਦੇ, ਹਾਮੀ ਭਰਨ ਤਮਾਮ।
ਐਪਰ ਸੂਰੇ ਤੁਰੇ ਜੋ, ਰੱਖ ਤਲੀ ਤੇ ਸੀਸ।
ਮੌਤ ਵੇਖ ਕੇ ਸਾਹਮਣੇ, ਵੱਟਣ ਨਹੀਂ ਕਸੀਸ।
ਜਿਉਂ ਜਿਉਂ ਅੰਮ੍ਰਿਤਪਾਨ, ਕਰ ਕੂਕੇ ਹੋਏ ਲੋਕ।
ਵਹਿਮ ਭਰਮ ਤਿਆਗਦੇ, ਛੱਡ ਹਿਰਖ ਤੇ ਸ਼ੋਕ।
ਗਾਉਣ ਰੋਜ ਗੁਰਬਾਣੀਆਂ, ਗੁਰਸਿੱਖੀ ਦੀ ਰੀਤ।
ਹੋਰ ਪਕੇਰੀ ਕਰਨ ਪਏ, ਧਾਰ ਦਿਲੀਂ ਪ੍ਰਤੀਤ।
ਭਰਮ ਭੂਤਨੇ ਦੌੜ ਗਏ, ਨੱਸੇ ਨਫ਼ਸ ਸ਼ੈਤਾਨ।
ਜਿੱਲਤ ਵਿੱਚੋਂ ਨਿਕਲ ਕੇ, ਲੋਕ ਬਣੇ ਇਨਸਾਨ।
ਕੁੱਲ ਜਠੇਰੇ ਪੂਜਣੇ ਦਿੱਤੇ, ਉਹਨਾਂ ਛੱਡ।
ਮੜ੍ਹੀ ਮਸਾਣੀ ਢਾਹ ਕੇ, ਫਸਤਾ ਦਿੱਤਾ ਵੱਢ।
ਮਾਤਾ ਰਾਣੀ, ਬੀਬੜੀ, ਗੁੱਗੇ, ਗੌਰ, ਸਮਾਧ।
ਢਾਹ ਕੇ ਕੀਤੇ ਪੱਧਰੇ, ਉਹਨਾਂ ਨਾਮ ਅਰਾਧ।

ਸਦੀਆਂ ਵਾਲੀ ਦਾਸਤਾਂ, ਛੱਡ ਬ੍ਰਾਹਮਣ ਵਾਦ।

ਲੈ ਗੁਰੂਆਂ ਦੀ ਸਿੱਖਿਆ, ਤਨ ਮਨ ਹੋਏ ਅਜ਼ਾਦ।

ਨਾਮਧਾਰੀਏ ਹੋ ਕੇ, ਛੱਡੇ ਭਰਮ ਸੁਆਨ।

ਪੀਰਖਾਨੇ ਮਕਬਰੇ, ਸਰਵਰ ਤੇ ਸੁਲਤਾਨ।

ਢਾਹ ਸੁੱਟੇ ਸਭ ਕੂਕਿਆਂ, ਕੁੱਲ ਅਖੌਤੀ ਥਾਨ।

ਛੱਡਿਆ ਅੰਧ ਵਿਸ਼ਵਾਸ ਨੂੰ, ਲੈ ਕੇ ਰਿਸ਼ਮ ਗਿਆਨ।

ਮਸ਼ਕਾਂ ਲੈ ਕੇ ਖੱਲ ਦੀਆਂ, ਸੱਕੇ* ਭਰਦੇ ਨੀਰ।

ਰੋਕ ਦਿੱਤੇ ਸਭ ਕੂਕਿਆਂ, ਮਾਸ਼ਕ ਮਾਛੀ ਝੀਰ।

ਖੂਹਾਂ ਅੰਦਰ ਚੰਮ ਦੇ, ਬੋਕੇ ਪਾਵਣ ਲੋਕ।

ਪਾਣੀ ਉਹਦਾ ਪੀਣ ਤੋਂ, ਦਿੱਤੇ ਕੂਕੇ ਰੋਕ।

ਮੁਸਲਮਾਨ ਖਾਣ ਲਈ, ਬੱਕਰੇ ਕਰਨ ਹਲਾਲ।

ਪਾਣੀ ਭਰਦੇ ਲੋਕ ਇਹ, ਉਹਨਾਂ ਖੱਲਾਂ ਨਾਲ।

ਚਮੜਾ ਪੈ ਕੇ ਹੋਂਵਦਾ ਹੈ, ਅਪਵਿੱਤਰ ਨੀਰ।

ਮਰੇ ਪਸ਼ੂ ਦੀ ਖਲ ’ਚੋਂ, ਮੁਸ਼ਕੇ ਮਸ਼ਕੀ ਨੀਰ।

ਮੁਸਲਮਾਨ ਮੰਗਤੇ, ਬੈਠੇ ਸਾਇਆ ਪਾ।

ਲੋਕਾਂ ਘੂਰ ਡਰਾ ਕੇ, ਲੈਂਦੇ ਰਾਸ਼ਣ ਜਾ।

ਨਾਮਧਾਰੀਏ ਹੋ ਕੇ, ਦਿੱਤੇ ਕੁੱਲ ਤਰਾਹ।

ਮੁਫ਼ਤਖੋਰ ਜੋ ਪੀਂਵਦੇ, ਮੱਖਣ ਵਾਲੀ ਸ਼ਾਹ।

ਹੋਈ ਬੰਦ ਬ੍ਰਾਹਮਣਾਂ, ਵਾਲੀ ਪਹਿਲਾਂ ਖੀਰ।

ਮੁਸਲਮਾਨ ਸੌਰੀਏ, ਦਿੱਤੇ ਰੋਕ ਅਖੌਰ।

ਇਹਨਾਂ ਨੂੰ ਉਕਸਾ ਕੇ, ਲੈਣ ਵਿਰੋਧੀ ਵੈਰ।

ਬ੍ਰਾਹਮਣ ਅਤੇ ਫ਼ਕੀਰ ਰਲ, ਧਰਨ ਪੈਰ ਤੇ ਪੈਰ।

ਜਾ ਕੇ ਵਿੱਚ ਅਦਾਲਤਾਂ, ਦੇਣ ਮੁਕੱਦਮੇ ਠੋਕ।

ਬੌਖਲਾਏ ਵੇਖ ਇਹ, ਸੱਤਾ ਖਿਸਕਦੀ ਲੋਕ।

ਨਾਮਧਾਰੀਆਂ ਆਖਿਆ, ਅਸਾਂ ਜਠੇਰੇ ਕੁੱਲ।

ਛੱਡ ਦਿੱਤੇ ਨੇ ਪੂਜਣੇ, ਮਸਾਂ ਸੁਧਾਰੀ ਭੁੱਲ।

ਸਾਡੇ ਵਡ ਵਡੇਰਿਆਂ, ਸਾਜੇ ਇਹ ਅਸਥਾਨ।

ਏਸ ਲਈ ਹੁਣ ਢਾਹ ਕੇ, ਕਰੀਏ ਰੜਾ ਮੈਦਾਨ।

ਪਰ ਫਿਰ ਵੀ ਸਰਕਾਰ ਨੇ, ਕੁਝ ਨੂੰ ਸਜ਼ਾ ਸੁਣਾ।

ਡੰਨ ਰੁਪਏ ਦਸ ਦਸ,  ਸਭ ਨੂੰ ਦਿੱਤਾ ਲਾ।

ਕੀਤੀ ਛੇ ਛੇ ਮਾਸ ਦੀ, ਸਭਨਾਂ ਤਾਈਂ ਕੈਦ।

ਵੈਰੀ ਕੋਲੋਂ ਹੋਰ ਕੀ, ਹੁੰਦੀ ਆਸ ਉਮੈਦ।

ਡਿੱਠਾ ਨਾਮਧਾਰੀਆਂ, ਇਹ ਬਹਾਨੇ ਨਾਲ।

ਫੜ ਕੂਕੇ ਬੇ-ਦੋਸ਼ ਨੇ, ਗੁੱਸਾ ਰਹੇ ਨਿਕਾਲ।

ਕਾਰਜ ਉਹਨਾਂ ਏਸ ਲਈ, ਫਿਰ ਦਿੱਤੇ ਇਹ ਰੋਕ।

ਉਲਟ ਕਰਨ ਪ੍ਰਚਾਰ ਨਾ, ਮੂਰਖ ਅਨਪੜ੍ਹ ਲੋਕ।

ਮਤੇ ਅਸਾਡੇ ਮਿਸ਼ਨ ਦੀ, ਘਟ ਜਾਵੇ ਰਫ਼ਤਾਰ।

ਗਾਲਬ ਜਾਵੇ ਹੋ ਨਾ ਸਾਡੇ, ਤੇ ਸਰਕਾਰ।

ਮੜ੍ਹੀ ਮਸਾਣੀ ਢਾਹੁਣ ਦਾ, ਕਾਰਜ ਦਿੱਤਾ ਰੋਕ।

ਪਹਿਲਾਂ ਲਾਹੀਏ ਸੋਚਦੇ, ਸਾਮਰਾਜ ਦੀ ਜੋਕ।

* ਮੁਸਲਮਾਨ ਸੱਕੇ ਪਾਣੀ ਭਰਦੇ ਸਨ।

## ਕਾਂਡ - ੧੨

## ਪ੍ਰਚਾਰ ਦਾ ਅਗਲਾ ਦੌਰ

ਇੰਗਲਸਤਾਨੀ ਗੰਠੀਆ, ਸਾਮਰਾਜ ਦਾ ਕੋਹੜ।

ਗਾਲੇ ਅੰਗ ਪੰਜਾਬ ਦੇ, ਜਕੜੇ ਸਾਰੇ ਜੋੜ।

ਜੜ੍ਹਾਂ ਫੈਲਾਈਆਂ ਪੂਰੀਆਂ, ਅੰਦਰ ਹਿੰਦੋਸਤਾਨ।

ਵਿੱਚ ਗ਼ੁਲਾਮੀ ਮਿੱਧਿਆਂ, ਮਾਰ ਲਿਆ ਸਵੈਮਾਨ।

ਸੀ ਸਮਝੌਤਾ ਕਰ ਲਿਆ, ਲੋਕਾਂ ਕਿਸਮਤ ਨਾਲ।

ਉਹਨਾਂ ਘੋੜੇ ਵੇਚ ਕੇ, ਦਿੱਤੀ ਅਣਖ ਸੁਆਲ।

ਐਪਰ ਨਾਮਧਾਰੀਏ ਕਰਦੇ, ਫਿਰਨ ਸੁਚੇਤ।

ਰਾਜ ਭਗਤ ਦੇ ਲੋਰੀਆਂ, ਓਧਰ ਕਰਨ ਅਚੇਤ।

ਬਹੁਤੇ ਆਗੂ ਧਰਮ ਦੇ, ਵੇਖ ਸਮੇਂ ਦੀ ਚਾਲ।

ਕਦਮ ਮਿਲਾ ਕੇ ਤੁਰ ਪਏ, ਸਾਮਰਾਜੀਆਂ ਨਾਲ।

ਵਾਹ! ਪ੍ਰੀਭਾਸ਼ਾ ਧਰਮ ਦੀ, ਬਦਲੀ ਉਹਨਾਂ ਕੁੱਲ।

ਅਣਖ ਜ਼ਮੀਰਾਂ ਵੇਚੀਆਂ, ਵੇਖੋ ਮਹਿੰਗੇ ਮੁੱਲ।

ਰਹਿਤ ਸ੍ਰੀ ਦਸਮੇਸ਼ ਦੀ, ਛੱਡ ਛੱਡ ਹੋਏ ਮਲੇਸ਼।

ਪੀਣ ਸ਼ਰਾਬਾਂ ਮਾਸ ਖਾਣ, ਪਹਿਰ ਵਿਦੇਸ਼ੀ ਵੇਸ।

ਵਿੱਚੋਂ ਜੋ ਵਿਭਚਾਰੀਏ, ਉੱਤੋਂ ਬਗਲੇ ਸੰਤ।



Sri Satguru Jagjit Singh Ji eLibrary NamdhariElibrary@gmail.com

ਜੋਗੀ ਹੋ ਕੇ ਭੋਗਦੇ, ਵੇਖੋ ਭੋਗ ਮਹੰਤ।

ਜਿਸ ਉੱਤੇ ਸਰਕਾਰ, ਇਹ ਉਂਗਲ ਦਏ ਉਠਾ।

ਝੱਟ ਅਧਰਮੀ ਹੋਣ ਦਾ, ਦੂਸ਼ਣ ਦੇਂਦੇ ਲਾ।

ਸਾਮਰਾਜ ਦੇ ਹੋ ਗਏ, ਏਨੇ ਜੀ ਹਜ਼ੂਰ।

ਫਤਵੇ ਲਾਵਣ ਸੱਚਿਆਂ, ਉੱਤੇ ਬਿਨਾਂ ਕਸੂਰ।

ਬੈਠ ਅਕਾਲ ਤਖਤ ਤੋਂ, ਕਰ ਦਿੱਤਾ ਫੁਰਮਾਨ।

ਸਿੱਖ ਨਹੀਂ ਹੈ ਰਾਮ ਸਿੰਘ, ਸੁਣਿਓਂ ਨਾਲ ਧਿਆਨ।

ਅੰਦਰ ਗੁਰਦੁਆਰਿਆਂ, ਵੜਨ ਦਿਓ ਨਾ ਮੂਲ।

ਦੇਸ਼ ਕੌਮ ਤੇ ਧਰਮ ਦੇ, ਇਹਦੇ ਉਲਟ ਅਸੂਲ।

ਸਿੱਖ ਕੋਈ ਵੀ ਏਸ ਦੇ, ਨਾਲ ਨਾ ਰੱਖੇ ਸਾਂਝ।

ਖੁਸ਼ ਕਰਨ ਸਰਕਾਰ ਨੂੰ, ਕਰ ਨਵੇਂ ਸਵਾਂਗ।

ਹੁਕਮ ਨਾਮਾ ਲਿਖ ਇਹ, ਉਹਨਾਂ ਦਿੱਤਾ ਭੇਜ।

ਸਾਰੇ ਗੁਰਦੁਆਰਿਆਂ ਅੰਦਰ ਬਿਨਾ ਗੁਰੇਜ਼।

---o---

ਰਹੇ ਪੁਜਾਰੀ ਫੇਰ ਵੀ, ਸਰਕਾਰ ਰੀਝਾਉਂਦੇ।

ਬੈਠ ਅਕਾਲ ਤਖਤ ਤੇ, ਕੀ ਕਾਰ ਕਮਾਉਂਦੇ।

ਉੱਨੀ ਸੌ ਚੌਦਾਂ ਈਸਵੀ ਦੀ ਸੁਣੋ ਕਹਾਣੀ।



Sri Satguru Jagjit Singh Ji eLibrary NamdhariElibrary@gmail.com

ਇੱਕ ਸਦੀ ਦੀ ਬਾਤ ਹੈ ਨਾ ਬਹੁਤ ਪੁਰਾਣੀ।

ਰਲ ਕੇ ਗਦਰੀ ਬਾਬਿਆਂ ਜਾ ਮਤਾ ਪਕਾਇਆ।

ਦੇਸ਼ ਅਜ਼ਾਦ ਕਰਾਉਣ ਨੂੰ ਤਨ ਮਨ ਧਨ ਲਾਇਆ।

ਐਪਰ ਪੜੇ ਪੁਜਾਰੀਆਂ ਇਹ ਫਤਵਾ ਲਾਇਆ।

ਸਿੱਖ ਨਹੀਂ ਇਹ ਆਖ ਕੇ ਅੰਗ੍ਰੇਜ਼ ਰੀਝਾਇਆ।

ਜ਼ਲ੍ਹਿਆਂ ਵਾਲੇ ਬਾਗ ਦਾ ਜਾਂ ਹੋਇਆ ਸਾਕਾ।

ਮਾਰਿਆ ਜਨਰਲ ਡਾਇਰ ਨੇ ਜਿੰਦਾਂ ਤੇ ਡਾਕਾ।

ਗੰਨ ਮਸ਼ੀਨ ਬੀੜ ਕੇ ਭੁੰਨ ਦਿੱਤੇ ਸਾਰੇ।

ਕਈ ਸੈਂਕੜੇ ਭਾਰਤੀ ਬੇ–ਦੋਸ਼ੇ ਮਾਰੇ।

ਲੋਕਾਂ ਨੇ ਇਹ ਵੇਖਿਆ ਜਾਂ ਖੂਨੀ ਕਾਰਾ।

ਹੰਝੂ ਡਿੱਗੇ ਖੂਨ ਦੇ ਦੁੱਖ ਹੋਇਆ ਭਾਰਾ।

ਪਰ ਅਕਾਲ ਤਖਤ ਦੇ ਇਹ ਘਾਗ ਪੁਜਾਰੀ।

ਖਾ ਪੂਜਾ ਦਾ ਧਾਨ ਸੀ ਮੱਤ ਕੈਸੀ ਮਾਰੀ।

ਇਹਨਾਂ ਨੇ ਨਾ ਏਸ ਦਾ ਦੁੱਖ ਜਰਾ ਮਨਾਇਆ।

ਜ਼ਖ਼ਮਾਂ ਉੱਤੇ ਲੂਣ ਹੋਰ ਉਹਨਾਂ ਨੇ ਲਾਇਆ।

ਸੱਦ ਅਕਾਲ ਤਖਤ ਤੇ ਡਾਇਰ ਹਤਿਆਰਾ।

ਕੀਤਾ ਭੇਟ ਸਿਰੋਪਾ ਕਰ ਉਲਟਾ ਕਾਰਾ।

ਘੜ ਘੜ ਝੂਠ ਕਹਾਣੀਆਂ ਪ੍ਰਚਾਰਨ ਲੱਗੇ।

ਟੋਪੀ ਵਾਲਾ ਸਿੱਖ ਕਹਿ ਸਤਿਕਾਰਨ ਲੱਗੇ।

ਕਹਿਣ ਰਹੇ ਅੰਗ੍ਰੇਜ਼ ਦਾ ਸਿਰ ਸਾਡੇ ਸਾਇਆ।

ਟੋਪੀ ਵਾਲੇ ਦਾ ਜੁੱਗੋ ਜੁੱਗ ਰਾਜ ਸਵਾਇਆ।

ਅੱਤ ਖੁਦਾ ਦਾ ਵੈਰ ਪਰ ਚੱਲਦਾ ਹੀ ਆਇਆ।

ਉਹਨਾਂ ਵਾਲਾ ਜਲਦ ਹੀ ਹੋ ਗਿਆ ਸਫ਼ਾਇਆ।

ਵੇਂਹਦਿਆਂ ਹੀ ਅੰਗ੍ਰੇਜ਼ ਦੇ ਅੱਗ ਚੋਖੀ ਲੱਗੀ।

ਸੱਕਿਆ ਉਹ ਬਚਾ ਨਾ ਵਾ ਐਸੀ ਵੱਗੀ।

---o---

ਅੰਮ੍ਰਿਤਸਰ ਦੀਪਾਵਲੀ, ਧੂਮ ਧਾਮ ਦੇ ਨਾਲ।

ਤੁਰੇ ਮਨਾ ਕੇ ਸਤਿਗੁਰੂ, ਚੱਲਦੇ ਚਾਲ ਸੁਚਾਲ।

ਜਾ ਨਨਕਾਣੇ ਅੱਪੜੇ, ਦਿਲ ਦਰਸ਼ਨ ਦੀ ਸਿੱਕ।

ਐਪਰ ਪੜੇ ਪੁਜਾਰੀਆਂ, ਗੱਲ ਸੁਣੀ ਨਾ ਇੱਕ।

ਹੁਕਮ ਨਾਮਾ ਮੰਨ ਕੇ, ਮੰਦਾ ਕਰਨ ਸਲੂਕ।

ਕੌਮ ਵਿਰੋਧੀ ਭਰੀ ਸੀ, ਉਹਨਾਂ ਅੰਦਰ ਫੂਕ।

ਓਥੋਂ ਕਰਦੇ ਆਪ ਜੀ, ਫੇਰ ਤੁਰੇ ਪ੍ਰਚਾਰ।

ਮਾਝਾ, ਨੱਕਾ ਲੰਘ ਕੇ, ਪਹੁੰਚੇ ਸਾਂਦਲ ਬਾਰ।

ਸਮਸਾ, ਵਰਨ ਤੇ ਝੱਬਰੀਂ, ਕੂਕੇ ਬਣੇ ਅਪਾਰ।



. Sri Satguru Jagjit Singh Ji eLibrary NamdhariElibrary@gmail.com .

ਚੋਰੀ ਯਾਰੀ ਛੱਡ ਕੇ, ਜੀਵਨ ਲਿਆ ਸਵਾਰ।

## ਮਾਲਵੇ ਦਾ ਦੌਰਾ

ਸੰਨ ਸਤਾਹਟ ਅਖੀਰ ਵਿੱਚ, ਸ੍ਰੀ ਰਾਮ ਮ੍ਰਿਗੇਸ਼।

ਵਿੱਚ ਮਾਲਵੇ ਵਿਚਰਦੇ, ਦੇਂਦੇ ਸ਼ੁਭ ਉਪਦੇਸ਼।

ਲੰਡਾ, ਬੁਆਣੀ ਰਾਮਪੁਰ, ਖਟੜੇ, ਸੰਗੋਵਾਲ।

ਗੁਰਥੜੀ ਨੂੰ ਤਾਰਿਆ, ਗੁਰਮੰਤਰ ਦੇ ਨਾਲ।

ਉਹਨਾਂ ਵਿੱਚ ਸਿਆੜ੍ਹ ਦੇ, ਕੀਤਾ ਆਣ ਪੜਾ।

ਰਸ਼ੀਨ, ਲਤਾਲਾ ਲੰਘ ਗਏ, ਜੜਤੌਲੀ ਨੂੰ ਆ।

ਓਥੋਂ ਡੇਹਲੋਂ ਰਾਇਪੁਰ, ਨੰਗਲ ਪਹੁੰਚੇ ਆਣ।

ਗੁੱਜਰਵਾਲ, ਨੰਗਲੀ, ਪੱਖੋਵਾਲ ਪਛਾਣ।

ਬੋਪਾਰਾਇ, ਬਸੀਆਂ, ਲੰਘੇ ਬੁਰਜ ਹਠੂਰ।

ਵੇਖ ਪਤੰਗੇ ਫਟਕਦੇ, ਮਸਤਕ ਉੱਤੇ ਨੂਰ।

ਝੋਰੜ ਛੀਨੀਵਾਲ ਤੋਂ, ਪਹੁੰਚੇ ਰਾਇਸਰ।

ਲੱਗੇ ਲੋਕੀਂ ਆਣ ਕੇ, ਲੈਣ ਗੁਰਾਂ ਤੋਂ ਵਰ।

ਚੰਨਣਵਾਲ, ਨਾਈਵਾਲ, ਫਿਰ ਕੀਤਾ ਪ੍ਰਚਾਰ।

ਬਰਨਾਲੇ, ਹੰਡਿਆਏ ਆ, ਤਾਰੇ ਲੋਕ ਅਪਾਰ।



Sri Satguru Jagjit Singh Ji eLibrary NamdhariElibrary@gmail.com

ਫਰਵਾਹੀ ਤੇ ਕਰਮਗੜ੍ਹ, ਮੂਮਾਂ ਪਹੁੰਚੇ ਆਣ।

ਗਹਿਲਾਂ, ਟੱਲੇਵਾਲ ਤੇ, ਤਖਤੂਪੁਰਾ ਪਛਾਣ।

ਕੀਤਾ ਅੰਦਰ ਮਾਲਵੇ, ਸਿੱਖੀ ਦਾ ਪ੍ਰਚਾਰ।

ਨਾਮਧਾਰੀਏ ਇਸ ਤਰ੍ਹਾਂ, ਦਿੱਤੇ ਨਵੇਂ ਸੁਆਰ।

ਲੋਪੋ, ਸੈਦੋ, ਬੱਧਨੀ, ਖੋਟੇ ਪਹੁੰਚੇ ਫੇਰ।

ਛੱਜਾਵਾਲ ਆਣ ਕੇ, ਕੀਤਾ ਦੂਰ ਹਨੇਰ।

ਨੰਗਲ, ਧੂੜਕੋਟ ਤੋਂ, ਪਹੁੰਚੇ ਆਣ ਭਦੌੜ।

ਰੋਡੇ, ਲੰਡੇ, ਢਿੱਲਵਾਂ, ਅੱਗੇ ਮੰਡੀ ਮੌੜ।

ਲੰਘੇ ਕੋਠਾ ਗੁਰੂ ਦਾ, ਦੇ ਅੰਮ੍ਰਿਤ ਦੀ ਦਾਤ।

ਪਿੱਥੋ, ਫੂਲ ਮਰ੍ਹਾਜ ਤੇ, ਬੁਰਜ ਮਨਾਈ ਬਾਤ।

ਪਹੁੰਚੇ ਫੇਰ ਫਿਰੋਜ਼ਪੁਰ, ਲਾਉਣ ਅਣਖ ਨੂੰ ਪਾਣ।

ਲੋਕਾਂ ਉਸ ਉਪਦੇਸ਼ ਨੂੰ, ਲੀਤਾ ਮੂਲ ਪਛਾਣ।

ਘਣੀਆਂ, ਬਾਜਾ, ਅਬਲੀ, ਕੂਕੇ ਕੀਤੇ ਕੁੱਲ।

ਲੋਕੀਂ ਛੱਟਾਂ ਲਾਹ ਕੇ, ਹੋਏ ਹੌਲੇ ਫੁੱਲ।

ਅਠਾਰਾਂ ਸੌ ਅਠਾਹਟ ਦੀ, ਮਾਘੀ ਦਾ ਤਿਉਹਾਰ।

ਮੇਲਾ ਕਰਨਾ ਮੁਕਤਸਰ, ਕੀਤੀ ਫੇਰ ਵੀਚਾਰ।



Sri Satguru Jagjit Singh Ji eLibrary NamdhariElibrary@gmail.com

ਏਥੋਂ ਦਿਆਂ ਪੁਜਾਰੀਆਂ, ਕੀਤੀ ਨਾ ਅਰਦਾਸ।

ਮਨ ਉਹਨਾਂ ਦੇ ਮੈਲੜੇ, ਅੰਦਰ ਹਉਮੈ ਵਾਸ।

ਆਖਣ ਲੱਗੇ ਅਸਾਂ ਤੋਂ, ਲਗਵਾਓ ਤਨਖਾਹ।

ਇਹ ਸਰੋਵਰ ਗੁਰਾਂ ਦਾ, ਪੱਕਾ ਦਿਓ ਕਰਾ।

ਨੀਲਾ ਪਟਕਾ ਆਖਦੇ, ਲਵੋ ਸੀਸ ਤੇ ਧਾਰ।

ਸਤਿਗੁਰ ਜੀ ਨੇ ਉੱਪਰੋਂ, ਲੀਤਾ ਬੰਨ੍ਹ ਸਵਾਰ।

ਤਪਾ ਸਿੰਘ ਨੇ ਆਖਿਆ, ਅਸਾਂ ਬਿਨਾ ਤਨਖਾਹ।

ਏਥੇ ਦੇਣਾ ਵੜਨ ਨਾ, ਨਾਪੋ ਅਗਲਾ ਰਾਹ।

ਸਤਿਗੁਰ ਜੀ ਨੇ ਲਾਹ ਕੇ, ਕੀਤਾ ਲੀਰੋ ਲੀਰ।

ਤਪਾ ਸਿੰਘ ਦੇ ਸਾਹਮਣੇ, ਨੀਲਾ ਪਟਕਾ ਚੀਰ।

ਤਪਾ  ਸਿੰਘ ਦਾ ਏਸ ਥਾਂ, ਖ਼ੂਬ ਉਘੜਿਆ ਪਾਜ।

ਨਾਰ ਪਰਾਈ ਭੋਗਦਾ, ਆਵੇ ਨਹੀਂ ਲਾਜ?

ਦਲ ਤੇਰੇ ਨੇ ਆਖਦੇ, ਦਿੱਤਾ ਤੈਨੂੰ ਛੇਕ।

ਪਿਆ ਪੜ੍ਹਾਵੇਂ ਆਸਾਂ ਨੂੰ, ਕੈਸਾ ਸਬਕ ਬਿਬੇਕ।

ਤਪਾ ਸਿੰਘ ਦਾ ਖੁੱਲ੍ਹਿਆ, ਵਿੱਚ ਚੌਰਾਹੇ ਪਾਜ।

ਅੱਖਾਂ ਹੋਈਆਂ ਨੀਵੀਂਆਂ, ਮਰਿਆ ਅੰਦਰ ਲਾਜ।

ਤੁਸੀਂ ਕੁਕਰਮੀ ਵਿਭਚਾਰ, ਵਾਲੇ ਚੱਲੋ ਰਾਹ।

ਸਾਨੂੰ ਕਿਸ ਅਧਾਰ ਤੇ, ਲਾਉਂਦੇ ਹੋ ਤਨਖਾਹ?

ਕਿਰਤੀ ਤੇ ਕਿਰਸਾਨ ਇਹ, ਤੰਗ ਇਹਨਾਂ ਦਾ ਹੱਥ।
ਕੇਵਲ ਰੋਟੀ ਆਏ ਨੂੰ, ਦੇਵਣ ਦੇ ਸਮਰੱਥ।
ਇਹਨਾਂ ਵਿੱਚੋਂ ਕੱਢ ਕੇ, ਦੱਸੋ ਕੋਈ ਦੋਸ਼।
ਕਿਉਂ ਵਾਂਗ ਤਬਰੇਜ਼ ਦੇ, ਉਂਜ ਲੁਹਾਈਏ ਪੋਸ਼।
ਜਦੋਂ ਤੁਹਾਡੇ ਜੋਰ ਦਾ, ਵੇਲਾ ਗਿਆ ਵਿਹਾ।
ਆਪੇ ਹੀ ਫਿਰ ਖਾਲਸਾ, ਪੱਕਾ ਲਊ ਕਰਾ।
ਕਰ ਅਰਦਾਸ ਬਾਹਰ ਹੀ, ਵੰਡ ਦਿੱਤਾ ਪ੍ਰਸ਼ਾਦ।
ਗੁਰਧਾਮਾਂ ਤੇ ਆਖਦੇ, ਮਾੜੀ ਕਰਨੀ ਰਾਧ੍ਹ।
ਗੁਪਤਚਰ ਅੰਗ੍ਰੇਜ਼ ਦੇ, ਸਾਰਾ ਹਾਲ ਹਵਾਲ।
ਲਿਖ ਲਿਖ ਉੱਤੇ ਭੇਜਦੇ, ਗੌਰ ਨਾਲ ਤਤਕਾਲ।

---o---

ਵਾਪਸ ਪਰਤੇ ਮੁਕਤਸਰੋਂ, ਕਰਕੇ ਪੂਰਨ ਕਾਜ।
ਫੇਰ ਰੁਪਾਣਾ ਲੰਘ ਕੇ, ਪਹੁੰਚੇ ਆਣ ਥਰਾਜ।
ਲੱਕੜ ਵਾਲੀ ਖੂਨਣਾ, ਤਾਰ ਕੁਰਾਈ ਵਾਲ।
ਜੰਡ ਵਾਲੀ, ਸੁਆਗ, ਤੋਂ ਪਹੁੰਚੇ ਦੂਹੇਵਾਲ।
ਬੱਲੂਆਣੇ ਹੋ ਕੇ, ਆਏ ਚੱਲ ਮਲੋਟ।
ਸਾਜੇ ਨਾਮਧਾਰੀਏ ਲੈ, ਈਸ਼ਵਰ ਦੀ ਓਟ।

ਨਾਮ ਗੁਰੂ ਸਰ ਰੱਖਿਆ, ਪਹਿਲਾਂ ਗੱਦੋਂ ਡੋਬ।
ਸੁੰਦਰ ਸਿੰਘ ਤੇ ਸਦਾ ਸਿੰਘ, ਚੰਗਾ ਰੱਖਣ ਰੋਬ੍ਹ।
ਨਾਮਧਾਰੀਏ ਸੱਜ ਕੇ, ਲੀਤਾ ਜਨਮ ਸਵਾਰ।
ਅੱਗੋਂ ਲੱਗੇ ਕਰਨ ਉਹ, ਸਿੱਖੀ ਦਾ ਪ੍ਰਚਾਰ।
ਵਡ ਤੀਰਥ ਵਡਿਆ ਕੇ, ਦੰਦੀਵਾਲ ਥਰਾਜ।
ਜਿਉਂ ਜਿਉਂ ਜਾਵਣ ਵਿਚਰਦੇ, ਵਧਦਾ ਜਾਏ ਮੁਹਾਜ।
ਏਸ ਵਕਤ ਸਨ ਆਪਦੇ, ਕੁਝ ਮਸਤਾਨੇ ਨਾਲ।
ਜਥਾ ਸ਼ਹੀਦੀ ਆਖਦੇ, ਮਸਤੀ ਬੜੀ ਕਮਾਲ।
ਕੀਤਾ ਹਿਰਦੇ ਇਹਨਾਂ ਦੇ, ਸ਼ਬਦ ਇਲਾਹੀ ਵਾਸ।
"ਪਹਿਲਾ ਮਰਣੁ ਕਬੂਲਿ ਜੀਵਣੁ ਕੀ ਛਡਿ ਆਸ॥"
ਬੇਪਰਵਾਹ ਮਸਤਾਨੜੇ, ਮੌਤ ਨੂੰ ਕਰਨ ਮਖੌਲ।
ਸ਼ਬਦ ਸੁਰਤ ਮਨ ਜੋੜ ਕੇ, ਰਹਿਣ ਹਮੇਸ਼ ਅਡੋਲ।
ਇਹ ਮਲੇਰਕੋਟਲੇ, ਪਿੱਛੋਂ ਹੋਏ ਸ਼ਹੀਦ।
ਬੰਨ੍ਹੀ ਫਿਰਨ ਕਟਾ ਕੇ, ਪੱਲੇ ਮੌਤ ਰਸੀਦ।
ਹੀਰਾ ਸਿੰਘ, ਅਨੂਪ ਸਿੰਘ, ਲਹਿਣਾ ਸਿੰਘ ਸਰਦਾਰ।
ਨੰਦ ਸਿੰਘ ਤੇ ਭਾਗ ਸਿੰਘ, ਚੜ੍ਹਿਆ ਨਾਮ ਖੁਮਾਰ।
ਹੀਰਾ ਸਿੰਘ ਸੀ ਜਥੇਦਾਰ, ਇਹਨਾਂ ਦਾ ਸਿਰਤਾਜ।
ਇਹ ਜਥਾ ਇੱਕ ਵੱਖਰਾ, ਵਿਚਰੇ ਮਸਤ ਮਿਜ਼ਾਜ।



. Sri Satguru Jagjit Singh Ji eLibrary NamdhariElibrary@gmail.com .

ਆਖਣ ਸਿੱਧੇ ਕਰ ਲਓ, ਸਾਰੇ ਹੀ ਸੁਰ ਸਾਜ।
ਇਹ ਨਾ ਕਰਦੇ ਕਿਸੇ ਦਾ, ਉੱਕਾ ਜਾਣ ਲਿਹਾਜ।

## ਹੀਰਾ ਸਿੰਘ ਦੀ ਵਾਰਤਾ

ਜਦੋਂ ਜਥਾ ਚੱਲਿਆ ਸੀ ਦੌਰੇ ਨਾਲ ਮਾਲਵੇ ਦੇ,
ਹੀਰਾ ਸਿੰਘ ਪਤਨੀ ਨੂੰ ਕਿਹਾ ਸਮਝਾਇ ਕੇ।
ਖੋਹਲ ਦੇ ਪਰਾਂਦੀ ਜੂੜਾ ਧਾਰ ਮਰਿਆਦਾ ਰੱਖ,
ਕਰ ਇਸ਼ਨਾਨ ਕੇਸਾਂ ਵਿੱਚ ਜਲ ਪਾਇਕੇ।
ਪਰਦਾ ਉਤਾਰ ਤੇ ਤਿਆਰ ਹੋ ਜਾ ਨਾਲ ਮੇਰੇ,
ਨੈਣਾਂ ’ਚ ਸਲਾਈ ਜਤ ਸਤ ਦੀ ਸਜਾਇ ਕੇ।
ਧਾਰ ਮਰਿਆਦਾ ਸੱਜ ਸਿੰਘਣੀ ਸਵਾਰ ਆਪਾ,
ਸੁਰਖਰੂ ਹੋ ਜਾਈਏ ਤਨ ਗੁਰੂ ਲੇਖੇ ਲਾਇ ਕੇ।

ਕਹਿਣ ਲੱਗੀ ਕੂਕਾ ਬਣ ਹੋ ਗਿਆ ਕਮਲ ਤੈਨੂੰ,
ਗੱਲ ਜੱਗੋਂ ਤੇਹਰਵੀਂ ਤੂੰ ਮੈਥੋਂ ਕਰਵਾਂਵਦਾ।
ਛੱਡ ਦੇਵਾਂ ਕਿਵੇਂ ਮੈਂ ਰਿਵਾਜ ਇਹ ਸਮਾਜ ਵਾਲੇ,
ਪਰਦਾ ਉਤਾਰ ਕਾਹਨੂੰ ਸ਼ਰਮਾਂ ਗਵਾਂਵਦਾ।



Sri Satguru Jagjit Singh Ji eLibrary NamdhariElibrary@gmail.com

ਗੁੱਤ ਦੇਵਾਂ ਖੋਹਲ ਸੁਣਾ ਬੋਲ ਮੈਂ ਸ਼ਰੀਕਣਾ ਦੇ,
ਬੁੱਧਵਾਰ ਬਿਨਾ ਕੋਈ ਕੇਸੀਂ ਨਾ ਨਹਾਂਵਦਾ।
ਮਾਰ ਤਲਵਾਰ ਗੁੱਤ ਹੀਰਾ ਸਿੰਘ ਵੱਢ ਲੀਤੀ,
ਬਚਨ ਨਾ ਮੰਨੇ ਜਿਹੜਾ ਏਹੋ ਸਜ਼ਾ ਪਾਂਵਦਾ।

ਹੀਰਾ ਸਿੰਘ ਬੰਨ੍ਹ ਗੁੱਤ ਡਾਂਗ ਨਾਲ ਝੰਡੇ ਵਾਂਗੂ,
ਮੋਢੇ ਉੱਤੇ ਰੱਖ ਜਾਵੇ ਏਹੋ ਪ੍ਰਚਾਰ ਦਾ।
ਆਖੇ ਜਿਹੜੀ ਪਤਨੀ ਪਤੀ ਦੇ ਆਖੇ ਲੱਗੇ ਨਾਹੀ,
ਹਾਲ ਹੋਊ ਐਸਾ ਓਸ ਮਨਮਤੀ ਨਾਰ ਦਾ।
ਦੇਸ਼ ਨੂੰ ਹੈ ਲੋੜ ਅੱਜ ਸ਼ੀਹਣੀਆਂ ਸਵਾਣੀਆਂ ਦੀ,
ਬੁਜ਼ਦਿਲ ਕਰੇ ਰੂਪ ਪਰਦਾ ਵਿਕਾਰ ਦਾ।
ਮੋਢੇ ਨਾਲ ਮੋਢਾ ਜੋੜ ਲੋੜ ਹੈ ਸਵਾਣੀ ਤੁਰੇ,
ਤਖਤਾ ਪਲਟਣਾ ਏ ਗੋਰੀ ਸਰਕਾਰ ਦਾ।

---o---

ਹੋ ਮਸਤਾਨੇ ਵਿਚਰਦੇ, ਰੱਖਣ ਹਰਖ ਨਾ ਸੋਗ।
ਚੇਲੇ ਗੋਰਖ ਨਾਥ ਦੇ, ਜਿਵੇਂ ਕਮਾਵਣ ਜੋਗ।
ਜੋ ਵੀ ਜਾਪੇ ਜਥੇ ਵਿੱਚ, ਕਰਦਾ ਗਲਤ ਵਿਹਾਰ।

ਉਸ ਨੂੰ ਵਰਜਣ ਵਾਸਤੇ, ਹਰ ਦਮ ਰਹਿਣ ਤਿਆਰ।

ਜਥੇਦਾਰਾਂ, ਸੂਬਿਆਂ ਨੂੰ, ਸਮਝਾਵਣ ਨਿੱਤ।

ਲੜਿਆਂ ਨਾਲ ਵਿਕਾਰ ਦੇ, ਮਨ ਦੀ ਹੋਵੇ ਜਿੱਤ।

ਫਟਕਣ ਦੇਵੋ ਭੁੱਲ ਨਾ, ਨੇੜੇ ਲੋਭ ਸੁਆਨ।

ਡਿੱਗ ਪਈਏ ਇਖਲਾਕ, ਤੋਂ ਘਟੇ ਮਨੁੱਖੀ ਸ਼ਾਨ।

ਪੂਜਾ ਦਾ ਧਨ ਆਖਦੇ, ਸਦਾ ਕਰੇ ਬਰਬਾਦ।

ਇਹ ਪੁਰਾਣੀ ਆਖਦੇ, ਕਹਿਬਤ ਰੱਖਿਓ ਯਾਦ।

'ਗੁਰਦੁਆਰੇ ਦੀਆਂ ਰੋਟੀਆਂ, ਤਿੰਨ ਕੰਮ ਕਰੇਣ,

ਮੱਤ ਮਾਰਨ ਹੱਡ ਗਾਲਣ, ਕੰਮ ਕਰਨ ਨਾ ਦੇਣ।'

ਨੋਕਾ ਟੋਕੀ ਤੋਂ ਕੁਝ, ਸੂਬੇ ਚਾੜਨ ਨੱਕ।

ਸੁਣ ਸੁਣ ਕੇ ਉਪਦੇਸ਼, ਕੁਝ ਗਏ ਵਧੇਰੇ ਅੱਕ।

ਜਾ ਰਹੇ ਸਨ ਚੁੱਪ ਚਾਪ, ਰਾਹੇ ਰਾਹੇ ਚੱਲ।

ਰੜਕੀ ਸੀ ਮਸਤਾਨਿਆਂ, ਨੂੰ ਓਥੇ ਇੱਕ ਗੱਲ।

ਜਥਾ ਬੀਬੀਆਂ ਦਾ ਇੱਕ, ਨਾਲ ਰਿਹਾ ਸੀ ਆ।

ਨਾਲ ਗਿਆਨੀ ਸਿੰਘ ਦਾ, ਤੁਰਿਆ ਆਏ ਭਰਾ।

ਐਪਰ ਦਿਲ ਵਿੱਚ ਓਸਦੇ, ਨਾ ਕੋਈ ਵੀ ਖੋਟ।

ਪਰ ਸ਼ਹੀਦੀ ਜਥੇ ਨੇ, ਜਾਣਿਆ ਕੰਮ ਕਲੋਟ।

ਨਾਲ ਕੌੜ ਦੇ ਵਰਜਿਆ, ਖਾਧੀ ਨੇ ਕੁਝ ਖਾਰ।



Sri Satguru Jagjit Singh Ji eLibrary NamdhariElibrary@gmail.com

ਏਸੇ ਗੱਲੋਂ ਓਸ ਦੇ, ਨਾਲ ਕਰਨ ਤਕਰਾਰ।

ਉਹਨੂੰ ਫੜ ਮਸਤਾਨਿਆਂ, ਝੱਟ ਕੁਟਾਪਾ ਚਾੜ੍ਹ।

ਦਿੱਤਾ ਡਾਂਗਾਂ ਮਾਰ ਕੇ, ਤੱਪੜ ਵਾਂਗੂੰ ਝਾੜ।

ਇਹ ਵੇਖ ਕੇ ਸਾਥੀਆਂ, ਆਣ ਛੁਡਾਇਆ ਝੱਟ।

ਐਪਰ ਚੜ੍ਹਿਆ ਸੂਬਿਆਂ, ਤਾਈਂ ਉਲਟਾ ਵੱਟ।

ਕੋਲ ਸੂਬਿਆਂ ਆਣ ਉਹ, ਰੋਇਆ ਭੁੱਬਾਂ ਮਾਰ।

ਬਿਨ ਤਕਸੀਰਾ ਮਾਰਿਆ, ਵੇਖੋ ਗੱਲ ਨਿਤਾਰ।

ਨੰਗਲ ਪਿੰਡ ਦੇ ਕੋਲ ਜਾ, ਕੀਤਾ ਜਦੋਂ ਪੜਾ।

ਇੱਕ ਤਰਫ਼ ਮਸਤਾਨਿਆਂ, ਡੇਰਾ ਲਿਆ ਜਮਾ।

ਕਰ ਮਸਲਾਇਤ ਸੂਬਿਆਂ, ਸਤਿਗੁਰ ਜੀ ਦੇ ਕੋਲ।

ਲਾਈ ਇੰਜ ਸ਼ਿਕਾਇਤ ਸੀ, ਆਖਣ ਲੱਗੇ ਬੋਲ।

ਇਹ ਮਸਤਾਨੇ ਮੱਛਰੇ, ਇਹਨਾਂ ਚੁੱਕੀ ਅੱਤ।

ਬਿਨਾ ਕਾਰਨੋਂ ਕਿਸੇ ਦੀ, ਵੀ ਲਾਹ ਦੇਂਦੇ ਪੱਤ।

ਝੱਗਾ ਉੱਪਰ ਚੁੱਕ ਕੇ, ਹਾਲ ਵਖਾਇਆ ਆਣ।

ਕੁੱਟਿਆ ਨੇ ਹਰਨਾਮ ਸਿੰਘ, ਬੇ-ਦਰਦੀ ਦੇ ਤਾਣ।

ਡਿੱਠਾ ਪਿੰਡਾ ਸਿੱਖ ਦਾ, ਭਰਿਆ ਲਾਸਾਂ ਨਾਲ।

ਗੁੱਸੇ ਅੰਦਰ ਗੁਰਾਂ ਦਾ, ਹੋਇਆ ਚਿਹਰਾ ਲਾਲ।

ਪਕੜ ਸਲੋਤਰ ਹੱਥ ਵਿੱਚ, ਚੱਲੇ ਤਿਖੀ ਚਾਲ।



Sri Satguru Jagjit Singh Ji eLibrary NamdhariElibrary@gmail.com

ਵੱਲ ਸ਼ਹੀਦੀ ਜਥੇ ਦੇ, ਚਾੜ੍ਹ ਤਿਊੜੀ ਭਾਲ।

ਅੱਗੇ ਕੀ ਨੇ ਵੇਖਦੇ, ਮਸਤੀ ਅਤੇ ਉਮੰਗ।

ਰੰਗੇ ਨੇ ਮਸਤਾਨੜੇ, ਅੰਦਰ ਰੱਬੀ ਰੰਗ।

ਪਏ ਗਲਾਸ ਵਜਾਂਵਦੇ, ਨਾਲ ਕੜੇ ਦੇ ਆਪ।

ਗੁਰਬਾਣੀ ਦੀ ਧਾਰਨਾ, ਉੱਚੀ ਰਹੇ ਅਲਾਪ।

---o---

ਉੱਠਿਆ ਇੱਕ ਮਸਤਾਨਾ ਸੁਰਾਂ ਅਲਾਪਦਾ।

ਸੱਤਵੇਂ ਸੁਰ ਤੋਂ ਬੋਲ ਉਚੇਰਾ ਜਾਪਦਾ।

'ਬੂਟਾ ਗੋਰਾਸ਼ਾਹੀ ਹੁਣ ਨਾ ਪੁੰਗਰੂ।

ਭੱਜੇ ਜਾਣ ਫਿਰੰਗੀ ਵੱਜੇ ਘੁੰਗਰੂ।

ਭੱਜੇ ਜਾਂਦੇ ਗੋਰੇ ਗੁਣ ਕੀ ਵੇਖਨੈ।

ਦਿਨ ਤੇ ਰਹਿ ਗਏ ਥੋੜ੍ਹੇ ਹੁਣ ਕੀ ਵੇਖਨੈ।'

ਰਾਜ ਖਾਲਸੇ ਕਰਨਾ ਨੱਠ ਕੁਸੰਗੀਆ।

ਡੇਰਾ ਡੰਡਾ ਏਥੋਂ ਚੁੱਕ ਫਰੰਗੀਆ।

ਨਾਲੇ ਗਾਵੇ ਨਾਲੇ ਘੁੰਮਰ ਪਾਂਵਦਾ।

ਨਾਲ ਕੜੇ ਦੇ ਪਿਆ ਗਲਾਸ ਵਜਾਂਵਦਾ।

ਸਤਿਗੁਰ ਜੀ ਨੂੰ ਡਿੱਠਾ ਸਾਹਵੇਂ ਆਉਂਦਿਆਂ।

ਨੱਚਣ ਲੱਗੇ ਸਾਰੇ ਪ੍ਰੇਮ ਜਤਾਉਂਦਿਆਂ।

ਚੀਨੀ ਵਾਲੇ ਆ ਕੇ ਜਦੋਂ ਪੁਕਾਰਿਆ।

ਜਿੱਥੋਂ ਚੁੱਕਿਆ ਓਥੇ ਪੈਰ ਖਲਾਰਿਆ।

ਨਾਲ ਰੋਅਬ ਦੇ ਸਤਿਗੁਰ ਮੁੱਖੋਂ ਭਾਖਿਆ।

ਬੰਨ੍ਹੋ ਇੱਕ ਕਤਾਰ ਜਲਦੀ ਆਖਿਆ।

---o---

ਪੁੱਛਿਆ ਸੀ ਖੁਸ਼ਹਾਲ ਸਿੰਘ, ਦਿਨ ਹੋਏ ਦੋ ਚਾਰ।

ਬ੍ਰਹਮ ਗਿਆਨੀ ਸੰਤ ਦੇ, ਚਾਹਵਾਂ ਦਰਸ ਦੀਦਾਰ।

ਇਸ ਸੰਗਤ ਦੇ ਵਿੱਚ, ਜੋ ਹੈ ਅਜੇਹਾ ਸੰਤ।

ਮਾਨ ਅਤੇ ਅਪਮਾਨ ਨਾ, ਫਟਕੇ ਕੋਲ ਕਦੰਤ।

ਹੋਏ ਜਿਹੜਾ ਸੂਰਮਾ, ਹਰਖ ਸੋਗ ਤੇ ਰਹਿਤ।

ਮਰਿਆਦਾ ਦਾ ਧਾਰਨੀ, ਕਦੇ ਨਾ ਕਰੇ ਕੁਰਹਿਤ।

ਸੁਣ ਕੇ ਆਇਆ ਸੂਬਿਆਂ, ਦੇ ਮਨੀਂ ਅਭਿਮਾਨ।

ਹਰ ਕੋਈ ਸੀ ਸਮਝਦਾ, ਮੈਂ ਹਾਂ ਗੁਣੀ ਨਿਧਾਨ।

ਕਰ ਇਸ਼ਾਰਾ ਕਹਿਣਗੇ, ਸੁਣਿਓਂ ਦੰਦੀ ਵਾਲ।

ਏਹੋ ਪੂਰਾ ਉੱਤਰੇ, ਤੇਰੇ ਵਿੱਚ ਖਿਆਲ।

ਐਪਰ ਚੀਨੀ ਵਾਲੜੇ, ਜਰਾ ਕਿਹਾ ਸੀ ਹੱਸ।

ਇਹਨਾਂ ਵਿੱਚ ਹੀ ਹੈਨ, ਉਹ ਕਦੇ ਦਿਆਂਗਾ ਦੱਸ।

ਉਹ ਵਕਤ ਹੁਣ ਆ ਗਿਆ, ਪਾਠਕ ਕਰਨ ਖਿਆਲ।

ਕਿੱਦਾਂ ਵਰਤੀ ਵਾਰਤਾ, ਦੱਸਾਂ ਖੋਹਲ ਹਵਾਲ।

## ਮਸਤਾਨਿਆਂ ਨੂੰ ਕੁੱਟਣਾ

ਫੜ ਮੋਟਾ ਸੋਟਾ ਸਤਿਗੁਰ ਜੀ, ਇੱਕ ਇੱਕ ਤੇ ਜਦੋਂ ਵਰ੍ਹਾਉਣ ਲੱਗੇ।

ਵੇਖੋ ਪ੍ਰਸਾਦ ਅਨੋਖਾ ਲੈ, ਮਸਤਾਨੇ ਜੱਲੀਆਂ ਪਾਉਣ ਲੱਗੇ।

ਆਖਣ ਇਹ ਬੜਾ ਸਤਾਉਂਦੇ ਨੇ, ਮਸਤਾਨੇ ਮਸਤੇ ਫਿਰਦੇ ਨੇ।

ਐਪਰ ਜਦ ਡਾਂਗ ਚਲਾਉਂਦੇ ਨੇ, ਹੰਝੂ ਵੀ ਨੈਣੋਂ ਕਿਰਦੇ ਨੇ।

ਜਦ ਖੱਬੇ ਪਾਸੇ ਵੱਜਦੀ ਐ, ਸੱਜਾ ਵੀ ਅੱਗੇ ਕਰ ਜਾਂਦੇ।

ਕਹਿੰਦੇ ਨੇ ਤੇਰੇ ਹੱਥ ਲੱਗਿਆਂ, ਸਭ ਸੱਖਣੇ ਭਾਂਡੇ ਭਰ ਜਾਂਦੇ।

ਇੱਕ ਪਾਸੇ ਦੇ ਤਾਂ ਪਾਪ ਝੜੇ, ਨਾ ਦੂਜੇ ਪਾਸੇ ਰਹਿ ਜਾਵਣ।

ਫੜ ਡਾਂਗ ਵਰ੍ਹਾਓ ਏਧਰ ਵੀ, ਸਭ ਪਾਪ ਸਰਾਪੇ ਲਹਿ ਜਾਵਣ।

ਇਹ ਹੱਥ ਸੇਵਾ ਨਾ ਕਰਦੇ ਨੇ, ਚੱਲ ਪੈਰ ਨਾ ਸਤਸੰਗ ਜਾਂਦੇ ਨੇ।

ਸਿਰ ਸਤਿਗੁਰ ਅੱਗੇ ਨਿਵਦੇ ਨਾ, ਇਹ ਨੈਣ ਨਹੀਂ ਸ਼ਰਮਾਂਦੇ ਨੇ।

ਗਰਦਨ ਹੰਕਾਰ 'ਚ ਆਕੜ ਗਈ, ਇਹਨੂੰ ਵੀ ਜਰਾ ਨਿਵਾ ਜਾਇਓ।

ਜਿਸ ਮਗਰ ਭਟਕਦਾ ਫਿਰਦੈ ਮਨ, ਮਾਇਆ ਦੀ ਛਾਇਆ ਲਾਹ ਜਾਇਓ।



Sri Satguru Jagjit Singh Ji eLibrary NamdhariElibrary@gmail.com

ਸੀਨੇ ਨਹੀਂ ਦਰਦ ਗਰੀਬਾਂ ਦਾ, ਇਸ ਤੇ ਵੀ ਇੱਕ ਟਿਕਾ ਦੇਣੀ।

ਗੈਰਤ ਨਾ ਕਿਧਰੇ ਸੌਂ ਜਾਵੇ, ਲਾ ਚੋਂਭੜ ਜਰਾ ਜਗਾ ਦੇਣੀ।

ਏਥੇ ਤਾਂ ਰਿਸ਼ਤਾ ਆਸ਼ਕ ਤੇ, ਸੱਚੇ ਮਾਸ਼ੂਕਾਂ ਵਾਲਾ ਸੀ।

ਨਾ ਧੂੰ ਧੁਖਿਆ ਰੁਸਵਾਈ ਦਾ, ਨਾ ਅੰਦਰ ਹੋਇਆ ਕਾਲਾ ਸੀ।

ਖੁਸ਼ਹਾਲ ਸਿੰਘ ਪਿਆ ਤੱਕਦਾ ਹੈ, ਆਲਮ ਮੂੰਹ ਉਂਗਲਾਂ ਪਾਉਂਦਾ ਏ।

ਲੱਭਦਾ ਇੱਕ ਬ੍ਰਹਮ ਗਿਆਨੀ ਨੂੰ, ਇਹ ਜਥਾ ਨਜ਼ਰ ਪਿਆ ਔਂਦਾ ਏ।

ਸਤਿਗੁਰ ਜੀ ਡਾਂਗ ਵਰ੍ਹਾਉਂਦੇ ਨੇ, ਉਹ ਨੱਚਦੇ ਟੱਪਦੇ ਗਾਉਂਦੇ ਨੇ।

ਇਹ ਸਜ਼ਾ ਅਨੋਖੀ ਦੇਂਦੇ ਨੇ, ਉਹ ਅੱਗੋਂ ਹੱਸ ਵਖਾਉਂਦੇ ਨੇ।

ਸ਼ਰਧਾ ਦੀ ਸ਼ਮਾਂ ਅਵੱਲੀ ਹੈ, ਮਸਤਾਨੇ ਵੀ ਪ੍ਰਵਾਨੇ ਨੇ।

ਏਧਰ ਖਿੱਚ ਮਿਕਨਾਤੀਸੀ ਹੈ, ਓਧਰ ਵੀ ਪ੍ਰੇਮ ਦੀਵਾਨੇ ਨੇ।

ਇਹ ਸਜ਼ਾ ਅਨੋਖੀ ਦੇ ਸਤਿਗੁਰ, ਡੇਰੇ ਵੱਲ ਵਾਪਸ ਆ ਗਏ ਨੇ।

ਬੰਦ ਲੰਗਰ ਅੱਜ ਤੋਂ ਇਹਨਾਂ ਦਾ, ਜਾਂਦੇ ਜਾਂਦੇ ਫੁਰਮਾ ਗਏ ਨੇ।

---o---

ਬੀਤੇ ਨੇ ਚਾਰ ਦਿਹਾੜੇ ਪਰ, ਖਾ ਸਬਰ ਸਬੂਰੀ ਰੱਜਦੇ ਰਹੇ।

ਪੈ ਪਿੰਜਰੇ ਪਰਖ ਕਸੌਟੀ ਦੇ, ਉਹ ਸ਼ੇਰ ਫੇਰ ਵੀ ਗੱਜਦੇ ਰਹੇ।

ਹੈ ਭੁੱਖ ਤ੍ਰੇਹ ਤਾਂ ਓਸੇ ਦੀ, ਤਨ ਮਨ ਜਿਸ ਲੇਖੇ ਲਾਇਆ ਹੈ।

ਓਸੇ ਤੇ ਟੇਕ ਟਿਕਾਈ ਹੈ ਨਾਂ, ਜਿਸਦਾ ਰਿਦੇ੍ਹ ਵਸਾਇਆ ਹੈ।

ਫੜ ਮਾਲਾ ਸੁਰਤੀ ਜੋੜ ਸੱਭੇ ਹੀ, ਨਾਲ ਸ਼ਬਦ ਲਿਵ ਲਾਉਂਦੇ ਨੇ।

ਪੀ ਰਾਮ ਨਾਮ ਦੇ ਸ਼ਰਬਤ ਨੂੰ, ਤਨ ਮਨ ਦੀ ਪਿਆਸ ਬੁਝਾਉਂਦੇ ਨੇ।

ਰੱਖੇ ਸਨ ਜਿੱਥੇ ਚਰਨ ਗੁਰਾਂ, ਉਸ ਧੂੜੀ ਵਿੱਚ ਨਹਾਉਂਦੇ ਨੇ।

ਤੇ, ‘ਦਇਆ ਕਪਾਹ ਸੰਤੋਖ ਸੂਤੁ’ ਮੁੱਖੋਂ ਗੁਰਬਾਣੀ ਗਾਉਂਦੇ ਨੇ।

ਨਾ ਅੰਨ ਛੁਹਾਇਆ ਹੋਰਾਂ ਨੂੰ, ਬੈਠੇ ਹੋ ਪੌਣ ਅਹਾਰੀ ਨੇ।

ਰੰਗ ਇਸ਼ਕ ਹਕੀਕੀ ਚਾੜ੍ਹਨ ਲਈ, ਬਣ ਬੈਠੇ ਪ੍ਰੇਮ ਲਲਾਰੀ ਨੇ।

ਫਿਰ ਹਲਕਿਆਂ ਵਾਲੀ ਕੋਟਲਿਓਂ, ਹੋ ਗਏ ਕਸਾਈ ਵਾੜੇ ਨੂੰ।

ਕਰਤਾਰ ਗੜ੍ਹ ਅੱਜ ਤੋਂ ਹੋਇਆ, ਨਾਂ ਬਦਲ ਦਿੱਤਾ ਉਸ ਮਾੜੇ ਨੂੰ।

ਇਸ ਪਿੰਡ ਦਾ ਸੀ ਗੁਰਦਿੱਤ ਸਿੰਘ, ਜੋ ਵਿਸਵੇਦਾਰ ਕਹਾਉਂਦਾ ਸੀ।

ਉਸ ਲੰਗਰ ਕੀਤਾ ਸੰਗਤ ਦਾ ਪਿਆ, ਨਾਲ ਪਿਆਰ ਛਕਾਉਂਦਾ ਸੀ।

ਸੰਗਤ ਨੇ ਛਕਿਆ ਨਾਲ ਖੁਸ਼ੀ ਜੋ, ਛਕੇ ਤ੍ਰਿਪਤੀ ਪਾਉਂਦਾ ਸੀ।

ਰਸ ਭਰੇ ਪਦਾਰਥ ਵਰਤ ਰਹੇ, ਭੋਜਨ ਮਿਲਦਾ ਮਨ ਭਾਉਂਦਾ ਸੀ।

ਫਿਰ ਅਰਜ਼ ਗੁਜਾਰੀ ਸਤਿਗੁਰ ਜੀ, ਆਪੂੰ ਵੀ ਭੋਗ ਲਗਾਵੋ ਜੀ।

ਕੀਤਾ ਜੱਗ ਸੰਗਤ ਤੇਰੀ ਨੇ, ਸੰਪੂਰਨ ਕਰਕੇ ਜਾਵੋ ਜੀ।

ਸਤਿਗੁਰ ਜੀ ਹੋ ਗੰਭੀਰ ਕਿਹਾ, ਇੱਕ ਅਜਬ ਬੀਮਾਰੀ ਡੰਗਦੀ ਏ।

ਪੱਤਰੀਆਂ ਪਈਆਂ ਗਲ ਅੰਦਰ, ਨਾ ਕਹਿਣ ਗ੍ਰਾਹੀ ਲੰਘਦੀ ਏ।

ਫਿਰ ਨਾਲ ਆਜ਼ਾਜ਼ੀ ਸੰਤਾਂ ਨੇ, ਇਹ ਆਖ ਬੇਨਤੀ ਕੀਤੀ ਏ।

ਜੇ ਬਿਨਾ ਛਕੇ ਤੁਰ ਚੱਲੇ ਓ, ਫਿਰ ਕਾਹਦੀ ਪ੍ਰੇਮ ਪ੍ਰੀਤੀ ਏ।

ਜਦ ਤੋਂ ਮਸਤਾਨੇ ਭੁੱਖੇ ਨੇ, ਏਧਰ ਵੀ ਜਸ਼ਨ ਮਨਾਇਆ ਨਹੀ।

ਮੂੰਹ ਅੰਨ ਦਾ ਭੋਰਾ ਚਾਰ ਦਿਨਾਂ ਤੋਂ, ਸਤਿਗੁਰ ਜੀ ਵੀ ਲਾਇਆ ਨਹੀਂ।

ਲੈ ਆਖਿਆ ਹਉਕਾ ਵਾਤਸਲੀ, ਭਰ ਨੈਣੀਂ ਬੂੰਦਾਂ ਪ੍ਰੇਮ ਦੀਆਂ।

ਢਿੱਲੀਆਂ ਹੋ ਗਈਆਂ ਤਣੀਆਂ, ਸਭ ਰੇਸ਼ਮ ਜਿਉਂ ਨੇਮ ਬਲੇਮ ਦੀਆਂ।

ਜਦ ਤੀਕਰ ਭੁੱਖੇ ਪੁੱਤਰ ਨੇ, ਕਿੰਜ ਰੋਟੀ ਬਾਪ ਲੰਘਾਵੇਗਾ।

ਨਾ ਫ਼ਿਕਰ ਕਰੇ ਫਰਜੰਦਾਂ ਦਾ, ਉਹ ਬਾਪ ਕੁਬਾਪ ਕਹਾਵੇਗਾ।

ਜਾਓ ਹੁਣ ਹੋਰ ਨਾ ਦੇਰ ਕਰੋ, ਲੰਗਰ ਕਰ ਖਾਸ ਤਿਆਰ ਲਵੋ।

ਪਹਿਲਾਂ ਮੇਰੇ ਮਸਤਾਨਿਆਂ ਦਾ, ਜਲਦੀ ਜਾ ਵਰਤ ਉਪਾਰ ਲਵੋ।

ਜੋ ਚਾਰ ਦਿਨਾਂ ਦੇ ਭੁੱਖੇ ਨੇ, ਉਹਨਾਂ ਨੂੰ ਜਦੋਂ ਰਜਾਂਵਾਂਗਾ।

ਫਿਰ ਲੈ ਆਵੀਂ ਗੁਰਦਿੱਤ ਸਿਹਾਂ, ਪਿੱਛੋਂ ਮੈਂ ਭੋਜਨ ਖਾਵਾਂਗਾ।

ਹੈ ਵੇਗ ਅਨੋਖਾ 'ਬਾਜਵਿਆ', ਕੋਈ ਲਹਿਰ ਪ੍ਰੀਤੀ ਗੰਗ ਦੀ ਏ।

ਲੈਂਦਾ ਹਾਂ ਲਫਜ਼ ਵਿਧਾਤਾ ਤੋਂ, ਜੋ ਲੋੜ ਏਸ ਪ੍ਰਸੰਗ ਦੀ ਏ।

---o---

ਤੀਰ ਜਿਹਾ ਬਿਆਨ ਕਿਸ ਹੋਰ ਕਰਨਾ, ਕਲਮ ਇਹ ਕਹਿੰਦੀ ਮੇਰੀ ਸੰਗਦੀ ਨਹੀਂ।

ਜੋ ਲਿਖਿਆ ਵਿਧਾਤਾ ਕਮਾਲ ਲਿਖਿਆ, ਨਿਰੀ ਬਾਤ ਇਹ ਏਸ ਪ੍ਰਸੰਗ ਦੀ ਨਹੀਂ।

'ਤੀਰ ਇਹ ਹੈ ਪਿਆਰ ਦੀ ਉੱਚ ਝਾਕੀ, ਲੇਸ ਏਸ ਵਿੱਚ ਦੁਨੀਆਂ ਦੇ ਰੰਗ ਦੀ ਨਹੀਂ।

ਸਿੱਖ ਅੰਨ ਦੇ ਬਾਝ ਜੇ ਰਹੇ ਭੁੱਖਾ, ਬੁਰਕੀ ਸਤਿਗੁਰੂ ਦੇ ਸੰਘੋਂ ਲੰਘਦੀ ਨਹੀਂ।"



. Sri Satguru Jagjit Singh Ji eLibrary NamdhariElibrary@gmail.com .

## ਕਾਂਡ - ੧੩

## ਥਰਾਜ ਵਾਲੇ ਦੀ ਬਗਾਵਤ

ਆਈ ਉਨੱਤਰ ਈਸਵੀ, ਸੰਨ ਅਠਾਰਾਂ ਨਾਲ।

ਪਤਝੜ ਸਫ਼ਾਂ ਵਲੇਟਦੀ, ਲੈ ਕੇ ਸੰਗ ਸਿਆਲ।

ਦਿਵਸ ਫਰਵਰੀ ਮਾਸ ਦੇ, ਹਫ਼ਤਾ ਜਾਣ ਅਖੀਰ।

ਠੱਕਾ ਜਾਵੇ ਬਦਲਦਾ, ਸੁੰਦਰ ਵਿੱਚ ਸਮੀਰ।

ਸਰ੍ਹੋਂਆਂ ਭੋਸ਼ਣ ਪਹਿਨਿਆਂ, ਵੇਖ ਬਸੰਤੀ ਠੇਠ।

ਫਲੀਆਂ ਚਮਕਣ ਲੱਗੀਆਂ, ਪੀਲੇ ਫੁੱਲਾਂ ਹੇਠ।

ਚਮਕਣ ਵਾਂਗੂ ਸਿਹਰਿਆਂ, ਕਣਕਾਂ ਸਿਰੀਂ ਕਸੀਰ।

ਹੋਕਾ ਦੇਣ ਬਹਾਰ ਦਾ, ਰੁਮਕੀ ਮਸਤ ਸਮੀਰ।

ਛੋਲੇ ਭਰ ਕੇ ਡੋਡੀਆਂ, ਨਾਲ ਖਲੋਤੇ ਸ਼ਾਨ।

ਅਲਸੀ ਦੇ ਫੁੱਲ ਕਾਸ਼ਨੀ, ਖਿੱਚਣ ਪਏ ਧਿਆਨ।

ਤਾਰੇ ਮੀਰੇ ਇਸ ਤਰ੍ਹਾਂ, ਟਿੱਬੇ ਲੀਤੇ ਢੱਕ।

ਜਿਉਂ ਸ਼ਮਿਆਨੇ ਸ਼ਾਦੀਆਂ, ਬਾਕੀ ਦਿਸੇ ਨਾ ਸ਼ੱਕ।

ਮੰਡਪ ਜਾਣ ਸਜਾ ਕੇ, ਉੱਪਰ ਫੁੱਲ ਖਲੇਰ।

ਪਏ ਮਨਾਵਣ ਸ਼ਾਦੀਆਂ, ਇਹ ਮਿੱਟੀ ਦੇ ਢੇਰ।

ਠੁਰ ਠੁਰ ਕਰਦੇ ਅੰਗ ਵੀ, ਲੱਗੇ ਸਿੱਧੇ ਹੋਣ।

ਧੁੱਪ ਗੁਲਾਬੀ ਠੰਡ ਦੇ, ਲੱਗੀ ਧੋਣੇ ਧੋਣ।

ਗੋਡੀ ਚੋਕੀ ਵਿਸਰੀ, ਵਿਹਲੇ ਹੋਏ ਕਿਸਾਨ।

ਲਾਹ ਖੇਸਾਂ ਦੀਆਂ ਬੁੱਕਲਾਂ, ਸੁੱਟਣ ਪਰੇ ਜਵਾਨ।

ਮੌਸਮ ਆਇਆ ਮੇਲਿਆਂ, ਵਾਲਾ ਯਾਰੋ ਠੀਕ।

ਯਾਤਰੂਆਂ ਦੇ ਵਾਸਤੇ, ਵਧੀਆ ਜਾਣ ਵਧੀਕ।

ਜੋ ਜੋ ਜਿਸਦਾ ਸਮਝਿਓ, ਓਸ ਇਸ਼ਟ ਅਨੁਸਾਰ।

ਆਪੋ ਆਪਣੇ ਤੀਰਥੀਂ, ਚੱਲੇ ਕਰਨ ਦੀਦਾਰ।

ਜ਼ਿਲ੍ਹਾ ਫਿਰੋਜ਼ਪੁਰ ਤੇ, ਵਿੱਚੋਂ ਜ਼ਿਲ੍ਹੇ ਹਿਸਾਰ।

ਹੋਲਾ ਫੇਰ ਮਨਾਉਣ ਲਈ, ਸੰਗਤ ਹੋਈ ਤਿਆਰ।

ਹੋਲਾ ਕਰਨਾ ਅਸਾਂ ਹੈ, ਆਖਣ ਨਾਲ ਪਿਆਰ।

ਨਾਲੇ ਸੇਵਾ ਪੰਥ ਦੀ, ਕਰਨੀ ਨਿਸਚਾ ਧਾਰ।

ਸਿੰਘ ਮਸਤਾਨ, ਖੁਸ਼ਾਲ ਸਿੰਘ, ਸੂਬੇ ਬਾਤ ਵੀਚਾਰ।

ਭੇਜ ਸੁਨੇਹਾ ਸੱਦ ਲਈ, ਸੰਗਤ ਨਾਲ ਪਿਆਰ।

ਵਿੱਚ ਸਿਆਲਕੋਟ ਦੇ, ਹੋਲਾ ਹੈ ਸੀ ਦੂਰ।

ਮਾਨਾਂਵਾਲੇ ਵਾਲੜਾ, ਪਹੁੰਚ ਨਾ ਸੱਕੇ ਪੂਰ।

ਤਾਂ ਥਰਾਜ ਵਾਲੜੇ, ਲੱਗੇ ਆਣ ਮਨੌਣ।

ਸੰਗਤ ਆਸ ਪਾਸ ਦੀ, ਰਲਕੇ ਪਏ ਕਰੌਣ।

ਤਾਹੀਓਂ ਏਥੇ ਆਗੂਆਂ, ਕੀਤੀ ਨੇਕ ਵੀਚਾਰ।

ਅਸੀਂ ਮਨਾਈਏ ਏਸ ਥਾਂ, ਹੋਲੇ ਦਾ ਤਿਉਹਾਰ।

ਹੋਲਾ ਕਰਨਾ ਇਸ ਜਗ੍ਹਾ, ਅਸਾਂ ਜੋੜ ਕੇ ਸੰਗ।

ਆਓ ਜਿਸ ਨੇ ਮਾਨਣੇ, ਸਤ ਸੰਗਤ ਦੇ ਰੰਗ।

ਨਾਲੇ ਲੰਗਰ ਵਾਸਤੇ, ਖਰਚਾ ਪੱਠਾ ਜੋੜ।

ਧਨ ਧਰਮ ਹਿੱਤ ਵਰਤੀਏ, ਕਦੇ ਨਾ ਆਵੇ ਥੋੜ੍ਹ।

ਗਹਿਣਾ ਗੱਟਾ ਦੌਲਤਾਂ, ਬੰਨ੍ਹ ਪਦਾਰਥ ਗੱਠ।

ਵਿੱਚ ਰੁਪਾਣੇ ਸੰਗਤਾਂ, ਕੀਤਾ ਆਣ ਇਕੱਠ।

ਕਹਿਣ ਪੰਜਾਹ ਹਜ਼ਾਰ ਦਾ, ਕੋਲ ਮਾਲ ਅਸਬਾਬ।

ਲਾ ਕੇ ਲੇਖੇ ਧਰਮ ਦੇ, ਚੱਲੇ ਲੈਣ ਸੁਆਬ।

ਧਨ ਲਿਆਂਦਾ ਵੇਚ ਸੀ, ਕਈਆਂ ਨੇ ਘਰ ਘਾਟ।

ਬਲਦੀ ਆਖਣ ਰੱਖਣੀ, ਵਤਨ ਪ੍ਰਸਤੀ ਲਾਟ।

ਤੁਰੇ ਥਰਾਜ ਵਾਲੇ ਨੂੰ, ਸਾਰੇ ਘੱਤ ਵਹੀਰ।

ਜਿਉਂ ਹੰਸਾਂ ਦੀ ਜਾਂਵਦੀ, ਡਾਰ ਅਕਾਸ਼ਾਂ ਚੀਰ।

ਐਪਰ ਖਾਂਦੇ ਖਾਰ ਸਨ, ਓਥੋਂ ਦੇ ਵਸਨੀਕ।

ਸੋਚਣ ਸਾਡੇ ਸਿੱਖ ਇਹ, ਬਣਦੇ ਜਾਣ ਸ਼ਰੀਕ।

ਕਿਉਂਕਿ ਏਥੇ ਵੱਸਦੇ, ਮੁਸਲਮਾਨ ਕੰਮਚੋਰ।

ਏਸੇ ਕਰ ਕੇ ਆਰਥਿਕ, ਹਾਲਤ ਸੀ ਕਮਜ਼ੋਰ।

ਗਊਘਾਤ ਤੋਂ ਰੋਕਦੇ, ਸਿੱਖ ਹੀਲ ਕੇ ਜਾਨ।



Sri Satguru Jagjit Singh Ji eLibrary NamdhariElibrary@gmail.com

ਕਰਨ ਵਿਰੋਧ ਏਸ ਲਈ, ਵੀ ਉਹ ਮੁਸਲਮਾਨ।

ਸਿੱਖਾਂ ਕਰ ਕਰ ਮਿਹਨਤਾਂ, ਪੈਸਾ ਲੀਤਾ ਜੋੜ।

ਆਣ ਜ਼ਮੀਨ ਖਰੀਦਦੇ, ਵੇਖ ਵਕਤ ਸੀ ਲੋੜ।

ਵਧਦੀ ਗਿਣਤੀ ਵੇਖ ਉਹ, ਖਾਵਣ ਲੱਗੇ ਖਾਰ।

ਸੋਚ ਰਹੇ ਸਨ ਕੂਕਿਆਂ, ਕਰੀਏ ਕਿਵੇਂ ਖੁਆਰ।

ਵੱਸਣ ਓਥੇ ਸਿੱਖ ਵੀ, ਕੁਝ ਕੁ ਦੇਸ਼ ਗਦਾਰ।

ਛੱਡ ਭਰਾ ਜੋ ਦੁਸ਼ਮਣਾਂ, ਵਾਲੇ ਹੋਏ ਯਾਰ।

ਉਹ ਜਾਨਣ ਅੰਗ੍ਰੇਜ਼ ਦਾ, ਕੂਕਾ ਵੈਰੀ ਕੁੱਲ।

ਪਏ ਉਠਾਵਣ ਵਕਤ ਦਾ, ਫ਼ਾਇਦਾ ਜਾਣ ਅਤੁੱਲ।

ਰਾਹੇ ਰਾਹੇ ਜਾਂਵਦੇ, ਕੂਕੇ ਘੱਤ ਵਹੀਰ।

ਰਸਨਾ ਸਿਮਰਨ ਨਾਮ ਦਾ, ਬਿਰਤੀ ਵਾਂਗ ਫ਼ਕੀਰ।

ਰਲਿਆ ਉਹਨਾਂ ਨਾਲ ਆ, ਕਰ ਕੇ ਚਾਲ ਕੁਚਾਲ।

ਡਿਪਟੀ ਇੰਸਪੈਕਟਰ, ਲੈ ਸਿਪਾਹੀ ਨਾਲ।

ਨਾਮ ਦੀਵਾਨ ਬਖਸ਼ ਸੀ, ਬੰਦਾ ਘਾਗ ਮਕਾਰ।

ਚਾਹਵੇ ਦੂਸ਼ਣ ਲਾਉਣ ਦਾ, ਕੋਈ ਬਣੇ ਅਧਾਰ।

ਲੱਗਾ ਉਹ ਉਕਸਾਉਣ ਸੀ, ਬਾਗੀ ਗੱਲਾਂ ਛੇੜ।

ਐਪਰ ਦਿਸਿਆ ਓਸ ਨੂੰ, ਉਲਟਾ ਗਿੜਦਾ ਗੇੜ।

ਜਾਲ ਵਿਛਾਇਆ ਓਸ ਨੇ, ਆਪਣੇ ਮਨੋਂ ਅਭੋਲ।

ਚੀਨੀ ਵਾਲੇ ਪਾਤਸ਼ਾਹ, ਤਾਈਂ ਮੰਦਾ ਬੋਲ।

ਸਿੱਖ ਕਦੋਂ ਜਰ ਸੱਕਦੇ, ਸਤਿਗੁਰ ਦਾ ਅਪਮਾਨ।

ਜਿਹੜਾ ਆਪਣੇ ਇਸ਼ਟ ਤੋਂ, ਜਾਨ ਕਰੇ ਕੁਰਬਾਨ।

ਇਹਨਾਂ ਉਸ ਨੂੰ ਰੋਕਿਆ, ਪਹਿਲਾਂ ਨਾਲ ਪਿਆਰ।

ਕਹਿਣ ਕਿਸੇ ਦੇ ਧਰਮ ਤੇ, ਨਾ ਕਰੀਏ ਪਰਿਹਾਰ।

ਐਪਰ ਉਸ ਨਾ ਬਦਲਿਆ, ਜਰਾ ਕੁਸੰਗੀ ਢੰਗ।

ਕਮਲਾ ਹੋਇਆ ਪੀ ਕੇ, ਜਾਣ ਸੱਤਾ ਦਾ ਭੰਗ।

ਘੋੜੀ ਤੋਂ ਮਸਤਾਨਿਆਂ, ਹੇਠਾਂ ਲਿਆ ਉਤਾਰ।

ਫੜ ਕੇ  ਦਿੱਤੀ ਓਸ ਦੀ, ਚੰਗੀ ਭੁਗਤ ਸਵਾਰ।

ਖੋਹ ਲਈ ਤਲਵਾਰ ਸੀ, ਉਹਦੀ ਸਣੇ ਮਿਆਨ।

ਲੈ ਸਿਪਾਹੀ ਭੱਜਿਆ, ਕਹਿਣ ਬਚਾ ਕੇ ਜਾਨ।

ਨੱਸ ਕੁਰਾਈ ਵਾਲਿਓਂ, ਪਹੁੰਚਾ ਪੁਰੀ ਫਿਰੋਜ਼।

ਜਾ ਰਿਪੋਰਟ ਓਸ ਨੇ, ਦਿੱਤੀ ਓਸੇ ਰੋਜ਼।

ਕੂਕੇ ਬਾਗੀ ਹੋ ਗਏ, ਓਸ ਲਿਖਾਈ ਬਾਤ।

ਆਖਣ ਦੇਣੀ ਅਸਾਂ ਹੈ, ਗੋਰਿਆਂ ਤਾਈਂ ਮਾਤ।

ਮੈਨੂੰ ਕਹਿੰਦੇ ਤੂੰ ਹੈਂ, ਅਹਿਲਕਾਰ ਸਰਕਾਰ।

ਬਿੱਲੀ ਸਿੰਘ ਨੇ ਮਾਰ ਕੇ, ਖੋਹ ਲਈ ਤਲਵਾਰ।

ਕਹਿਣ ਅਸੀਂ ਨਾ ਮੰਨਦੇ, ਅੰਗ੍ਰੇਜ਼ਾਂ ਦਾ ਰਾਜ।

ਖੋਹ ਲੈਣਾ ਹੈ ਜਲਦ ਹੀ, ਵਾਪਸ ਤਖਤੋ ਤਾਜ।

ਮੰਨਾ ਸਿੰਘ ਸਿਪਾਹੀ ਤੇ, ਬਰਛਾ ਕਿਹਾ ਉਲਾਰ।

ਹੁਣ ਨਾ ਰਹਿਣੀ ਤੁਸਾਂ ਦੀ, ਇਹ ਜ਼ਾਲਮ ਸਰਕਾਰ।

ਸਿੱਖ ਰਾਜ ਦਾ ਓਸ ਥਾਂ, ਕਰ ਦਿੱਤਾ ਐਲਾਨ।

ਉਹ ਅੰਗ੍ਰੇਜ਼ੀ ਰਾਜ ਦੇ, ਦੇਂਦੇ ਉਲਟ ਬਿਆਨ।

ਭਾਵੇਂ ਬੱਚੇ ਔਰਤਾਂ ਵੀ, ਉਹਨਾਂ ਦੇ ਨਾਲ।

ਪਰ ਦੀਵਾਨ ਬਖਸ਼ ਨੇ, ਕੈਸੀ ਲਈ ਮੁਕਾਲ।

ਉਹਨੇ ਝਟ ਪਟ ਰਾਈ ਦੇ, ਧਰੇ ਬਣਾ ਪਹਾੜ।

ਝੂਠ ਤੂਫਾਨ ਬੋਲ ਕੇ, ਕੱਢਣ ਲੱਗਾ ਸਾੜ।

ਇਹ ਸੁਣਦਿਆਂ ਟਰਟਨ, ਸੁਪਰੀਡੈਂਟ ਪੁਲੀਸ।

ਦਸਤਾ ਲੈ ਪੁਲੀਸ ਦਾ, ਕਹੇ ਕਰਾਂ ਤਫ਼ਤੀਸ਼।

ਨਾਲ ਪਿਆਦੇ ਵੀਹ ਕੁ, ਪੰਦਰਾਂ ਘੋੜ ਸਵਾਰ।

ਤੁਰਿਆ ਅੱਧੀ ਰਾਤ ਨੂੰ, ਹੋ ਡਾਢਾ  ਹੁਸ਼ਿਆਰ।

ਅਠਾਰਾਂ ਸੌ ਉਨੱਤਰਾ, ਸੰਨ ਤੇ ਮਾਰਚ ਇੱਕ।

ਆਣ ਮੁਕਤਸਰ ਪਹੁੰਚਿਆ, ਕਰ ਕੇ ਚੌੜੀ ਹਿੱਕ।

ਆਲਮ ਸ਼ਾਹ ਤਸੀਲਦਾਰ, ਕੋਲੋਂ ਪੁੱਛਿਆ ਹਾਲ।

ਦੱਸਿਆ ਉਹਨੇ ਝੂਠ ਦੇ, ਜੋੜ ਮਸਾਲੇ ਨਾਲ।

ਕੂਕੇ ਕੱਠੇ ਹੋ ਰਹੇ, ਆਖੇ ਵਾਲੇ ਥਰਾਜ।



Sri Satguru Jagjit Singh Ji eLibrary NamdhariElibrary@gmail.com

ਕਹਿਣ ਅਸੀਂ ਸਰਕਾਰ ਦੇ, ਰਹਿਣਾ ਨਹੀਂ ਮੁਥਾਜ।

ਸੋਢੀ ਮਾਨ ਸਿੰਘ ਸੀ, ਵਫ਼ਾਦਾਰ ਸਰਕਾਰ।

ਕਹੇ ਮਦਦ ਸਰਕਾਰ ਦੀ, ਕਰਸਾਂ ਹਰ ਪ੍ਰਕਾਰ।

ਹੋਇਆ ਕੁੱਤਾ ਲਾਲਚੀ, ਬਣਿਆ ਟੁੱਕੜ ਬੋਚ।

ਵੈਰੀ ਹੋਇਆ ਕੂਕਿਆਂ, ਸੌੜੀ ਕਰਕੇ ਸੋਚ।

---o---

ਆਚਰਣ ਹੀਣ, ਨਸ਼ੇ ਖੋਰ, ਵਿਭਚਾਰੀ ਕੋਲੋਂ,

ਖਤਰਾ ਨਾ ਹੁੰਦੇ ਕਦੇ ਕਿਸੇ ਸਰਕਾਰ ਨੂੰ।

ਜਿਸ ਦੀ ਜ਼ਮੀਰ ਦਾ ਖ਼ਮੀਰ ਹੈ ਬਰਫ਼ ਜਿਹਾ,

ਉਹ ਕਦੋਂ ਸੁਣਦਾ ਏ ਵੈਰੀ ਦੀ ਵੰਗਾਰ ਨੂੰ।

ਮੁਰਦਾ ਜ਼ਮੀਰ ਵਾਲਾ ਜੀ ਲੈਂਦੇ ਠੁੱਡੇ ਖਾ ਕੇ,

ਕੰਬਦਾ ਹੈ ਹੀਆ ਕਿੱਦਾਂ ਫੜੇ ਤਲਵਾਰ ਨੂੰ।

ਓਸ ਕਦੋਂ ਬੇਲੇ ’ਚ ਲਤਾੜਨੇ ਨੇ ਸ਼ੇਰ ਸੁੱਤੇ,

ਡਰ ਜਾਂਦੈ ਵੇਖ ਜੋ ਬਟੇਰੇ ਦੀ ਉਡਾਰ ਨੂੰ।

ਤਾਣ ਵੈਰੀ ਸੌਂਦਾ ਸਦਾ ਖੌਫ਼ ਨੂੰ ਵਿਸਾਰ ਦਿਲੋਂ,

ਵੇਖਦਾ ਜੋ ਭਾਈਆਂ ਵਿੱਚ ਹੁੰਦੀ ਤਕਰਾਰ ਨੂੰ।

ਆਪੋ ’ਚ ਲੜਨ ਵਾਲੇ ਭੋਗਦੇ ਗ਼ੁਲਾਮੀ ਸਦਾ।



Sri Satguru Jagjit Singh Ji eLibrary NamdhariElibrary@gmail.com

ਮਰਦੈ ਜੋ ਕਰਦਾ ਏ ਹੋਛੇ ਹੰਕਾਰ ਨੂੰ।

ਮਿਲਦੀ ਮਾਯੂਸੀ ਹੱਥ ਮਲਦੀਆਂ ਵੇਖ ਪਿੱਛੋਂ,

ਬਿੱਲੀਆਂ ਜੋ ਲਾਉਂਦੀਆਂ ਨੇ ਬਾਂਦਰ ਵੰਡਾਰ ਨੂੰ।

ਦਰ ਦਰ ਖਾਕ ਫਿਰੇ ਛਾਣਦਾ ਉਹ ਗਲੀਆਂ ਦੀ,

ਸਮਝ ਮਾਸ਼ੂਕਾ ਲਵੇ ਨਾਰ ਜੋ ਛਿਨਾਰ ਨੂੰ।

ਕੁੱਤੇ ਵਾਂਗ ਟੁਕੜੇ ਨੂੰ ਵੇਖ ਕੇ ਹਿਲਾਵੇ ਪੂਛ,

ਸੌਖਾ ਹੈ ਖਰੀਦ ਲੈਣਾ ਐਸੇ ਕਿਰਦਾਰ ਨੂੰ।

---o---

ਸੁਪਰਇੰਟੈਂਡੈਂਟ ਨੇ, ਇਹ ਗੱਲ ਸੁਣਦੇ ਸਾਰ।

ਹੁਕਮ ਸੁਣਾਇਆ ਕੂਚ ਦਾ, ਪੈਰ ਧਰਤ ਤੇ ਮਾਰ।

ਉਹਨਾਂ ਵੱਲ ਥਰਾਜ ਦੇ, ਓਥੋਂ ਕੀਤਾ ਕੂਚ।

ਦਿਨ ਚੜ੍ਹਦੇ ਦੇ ਨਾਲ ਹੀ, ਵੇਖੀ ਨੀਚ ਨਾ ਊਚ।

ਉਹ ਦੁਪਹਿਰੇ ਦੋ ਵਜੇ, ਪਹੁੰਚੇ ਆਣ ਥਰਾਜ।

ਘੇਰੇ ਕੂਕੇ ਓਸ ਨੇ, ਹੋ ਕੇ ਬੜਾ ਨਰਾਜ਼।

ਸਿੰਘ ਚੁਤਾਲੀ ਉਸ ਨੇ, ਫੜ ਕੇ ਲਏ ਬਿਠਾ।

ਉਹਨਾਂ ਤੋਂ ਹਥਿਆਰ ਸਭ, ਲੀਤੇ ਉਸ ਸੁਟਵਾ।

ਨਾ ਇਹਨਾਂ ਤੋਂ ਓਸ ਨੇ, ਕੀਤੀ ਪੁੱਛ ਪੜਤਾਲ।

ਪੁੱਛਿਆ ਵੀ ਨਾ ਆਏ ਹੋ, ਕਿਹੜੇ ਮਕਸਦ ਨਾਲ।

ਨਾਮਧਾਰੀਆਂ ਆਖਿਆ, ਸਾਨੂੰ ਮੁਸਲਮਾਨ।

ਬਿਨਾ ਗੁਨਾਹੋਂ ਕੀ ਪਤੈ, ਕਰਦੇ ਕਿਉਂ ਹੈਰਾਨ।

ਐਪਰ ਅਫ਼ਸਰ ਡਾਂਟ ਕੇ, ਦਿੱਤੇ ਝੱਟ ਬਹਾਲ।

ਗੱਲ ਸੁਣੀ ਨਾ ਇੱਕ ਵੀ, ਉਹਨੇ ਸ਼ਾਂਤੀ ਨਾਲ।

ਨਾਮਧਾਰੀਆਂ ਨੂੰ ਪਏ, ਆਣ ਅਚਿੰਤੇ ਬਾਜ।

ਨਾਲ ਹੈਰਾਨੀ ਸੋਚਦੇ, ਇਹ ਕੀ ਹੋਇਆ ਕਾਜ।

ਪੰਜ ਹਜ਼ਾਰ ਮੁੱਲ ਦਾ ਸੋਨਾ ਤੇ ਧਨ ਮਾਲ।

ਕਬਜ਼ੇ ਕੀਤਾ ਖੋਹ ਕੇ, ਉਹਨਾਂ ਨੇ ਤਤਕਾਲ।

ਇਹ ਮਾਇਆ ਸੀ ਕੂਕਿਆਂ, ਡੰਗਰ ਵੱਛਾ ਵੇਚ।

ਪਾਉਣੀ ਲੰਗਰ ਵਿੱਚ ਸੀ, ਕਰ ਕੇ ਬੜੀ ਉਚੇਚ।

ਸਾਰਾ ਪਕੜ ਪੁਲੀਸ ਨੇ, ਲੀਤਾ ਆਪ ਸੰਭਾਲ।

ਸੱਚੇ ਝੂਠੇ ਕਰ ਲਏ, ਖੇਡ ਅਨੋਖੀ ਚਾਲ।

ਕੂਕਿਆਂ ਕੋਲੋਂ ਖੋਹ ਕੇ, ਕੀਤੀ ਪੱਤਲ ਸਾਫ਼।

ਖਾ ਡਕਾਰ ਮਾਰਿਆ, ਜਰਾ ਨਾ ਕੱਢੀ ਭਾਫ਼।

## ਕੂਕਿਆਂ ਤੇ ਮੁਕੱਦਮਾ ਕਰਨਾ

ਉਹਨਾਂ ਨੇ ਇਹ ਕੂਕਿਆਂ, ਤੇ ਲਾਇਆ ਇਲਜ਼ਾਮ।

ਹੋ ਬਾਗੀ ਸਰਕਾਰ ਦੇ, ਨਿਕਲੇ ਘਰੋਂ ਤਮਾਮ।

ਆਗੂ ਹੈ ਮਸਤਾਨ ਸਿੰਘ, ਛੇੜ ਬਗਾਵਤ ਰਾਗ।

ਸੁਣ ਕੇ ਉਹਦੀ ਬੀਨ ਨੂੰ, ਨਿਕਲੇ ਕਾਲੇ ਨਾਗ।

ਜ਼ਹਿਰ ਉਗਲਦੇ ਮੂੰਹ ’ਚੋਂ, ਇਹ ਅੰਗ੍ਰੇਜ਼ ਵਿਰੁੱਧ।

ਇਹ ਵੰਗਾਰਨ ਅਸਾਂ ਨੂੰ, ਕਰਨਾ ਚਾਹਵਨ ਯੁੱਧ।

ਪੈਦਲ ਤੋਰ ਥਰਾਜ ਤੋਂ, ਹੋ ਕੇ ਵਿੱਚ ਮਲੋਟ।

ਜਾ ਪਹੁੰਚਾਏ ਮੁਕਤਸਰ, ਕੀਤਾ ਕਾਜ ਕਲੋਟ।

ਵਿੱਚ ਅਦਾਲਤ ਡੀ. ਸੀ., ਜ਼ਿਲ੍ਹਾ ਫਿਰੋਜ਼ਪੁਰ।

ਕੀਤਾ ਦਾਇਰ ਮੁਕੱਦਮਾ, ਲਾ ਬਗਾਵਤ ਸੁਰ।

ਘੱਲੀ ਫੇਰ ਲਹੌਰ ਨੂੰ, ਵੱਲ ਕਮਿਸ਼ਨਰ ਤਾਰ।

ਅੱਗੋਂ ਕਿਵੇਂ ਨਜਿਠੀਏ, ਦੱਸੋ ਸੋਚ ਵੀਚਾਰ।

ਉਸ ਪ੍ਰਵਾਨਾ ਭੇਜਿਆ, ਵਾਪਸ ਡੀ. ਸੀ. ਕੋਲ।

ਫਾਇਲ ਬਗਾਵਤ ਵਾਲੜੀ, ਕਰ ਦਿਓ ਬੰਦ ਅਡੋਲ।

ਜੇ ਬਾਗੀ ਬਣਵਾ ਕੇ, ਦਿੱਤੇ ਤੋਪ ਉਡਾ।

ਸੁੱਤੇ ਪਏ ਪੰਜਾਬ ਨੇ, ਉੱਠਣਾ ਉੱਭੜ ਵਾਹ।

ਛੋਟਾ ਮੋਟਾ ਕਰ ਦਿਓ, ਮਸਲਾ ਸਾਰਾ ਗੋਲ।

ਸਿੱਖ ਨਾ ਮੁੱਕਣ ਮਾਰਿਆਂ, ਵੇਖ ਤਾਰੀਖਾਂ ਫੋਲ।



Sri Satguru Jagjit Singh Ji eLibrary NamdhariElibrary@gmail.com

ਦੰਗੇ ਅਤੇ ਫ਼ਸਾਦ ਦਾ, ਝੂਠਾ ਚੱਲਦਾ ਕੇਸ।

ਬਣਦਾ ਹੋਏ ਜਿਸ ਦਾ, ਕੁਝ ਕਾਨੂੰਨੀ ਬੇਸ।

ਝਟ ਪਟ ਕੇਸ ਚਲਾ ਕੇ, ਦਿੱਤੀ ਸਜ਼ਾ ਸੁਣਾ।

ਕੈਦ ਅਤੇ ਜਰਮਾਨੜੇ, ਸੱਤਾਂ ਤਾਈਂ ਲਾ।

ਕਰ ਦਿੱਤਾ ਮਸਤਾਨ ਸਿੰਘ, ਮਾਸ ਅਠਾਰਾਂ ਕੈਦ।

ਰੁਪਏ ਪੰਜਾਹ ਜੁਰਮਾਨਾ, ਲਾਇਆ ਜਾਣ ਅਵੈਧ।

ਸੁਰਮੁਖ ਸਿੰਘ ਹਰਨਾਮ ਸਿੰਘ, ਡੱਕੇ ਇੱਕ ਇੱਕ ਸਾਲ।

ਪੱਚੀ ਲਾ ਰੁਪਈਏ ਦਾ, ਜੁਰਮਾਨਾ ਨਾਲ।

ਕੈਦ ਬਚਿੱਤਰ ਸਿੰਘ ਨੂੰ, ਛੇ ਮਹੀਨੇ ਤੀਕ।

ਚਾਰਾਂ ਤਾਈਂ ਹੋਰ ਸੀ, ਸਜ਼ਾ ਮਾਮੂਲੀ ਠੀਕ।

ਬੇਲਾ ਸਿੰਘ, ਬੇਲੀ ਸਿੰਘ, ਮਾਨ ਸਿੰਘ ਸਿੰਘ ਮਲੂਕ।

ਕਰ ਆਗਾਹ ਇਹਨਾਂ ਨੂੰ, ਕੀਤਾ ਨਰਮ ਸਲੂਕ।

ਸੈਂਤੀ ਕੂਕੇ ਬਰੀ ਕਰ, ਦਿੱਤੇ ਘਰ ਨੂੰ ਤੋਰ।

ਆਖਣ ਇਸ ਤੋਂ ਬਾਅਦ ਨਾ, ਕਦੇ ਮਚਾਉਣਾ ਸ਼ੋਰ।

ਖੱਜਲ ਕੀਤੇ ਪੁੱਜ ਕੇ, ਕੂਕੇ ਬੇ-ਕਸੂਰ।

ਸਾਮਰਾਜ ਦਾ ਮੁੱਢ ਤੋਂ, ਹੈ ਉਲਟਾ ਦਸਤੂਰ।

ਈਸਾ ਤਾਈਂ ਮੰਨਦੇ, ਕਹਿਣ ਮਸੀਹਾ ਆਪ।

ਜੋ ਹਰਦਾ ਸੀ ਆਖਦੇ, ਦੁਖੀਆਂ ਦੇ ਸੰਤਾਪ।



Sri Satguru Jagjit Singh Ji eLibrary NamdhariElibrary@gmail.com

ਪੈਰੋਕਾਰ ਓਸਦੇ ਹੋ ਕੇ, ਪਹਿਨ ਕਰਾਸ।

ਇਹਨਾਂ ਨੇ ਇਖਲਾਕ ਦਾ, ਕਿੱਦਾਂ ਕੀਤਾ ਨਾਸ।

ਹੋਲਾ ਸਿੰਘਾਂ ਚਿਤਵਿਆ, ਕਰਨ ਨਾ ਦਿੱਤਾ ਮੂਲ।

ਛਿੱਕੇ ਉੱਤੇ ਟੰਗ ਕੇ, ਨੈਤਿਕ ਕੁੱਲ ਅਸੂਲ।

ਖੱਜਲ ਕੀਤੇ ਪੁੱਜ ਕੇ, ਨਾਲੇ ਲੀਤੇ ਲੁੱਟ।

ਪਰਤੇ ਕੂਕੇ ਘਰਾਂ ਨੂੰ, ਪੀ ਲਹੂ ਦੇ ਘੁੱਟ।

ਵਫ਼ਾਦਾਰ ਸਰਕਾਰ ਦੇ, ਲੱਗੇ ਲੈਣ ਇਨਾਮ।

ਘੜ ਘੜ ਕੂੜ ਕਹਾਣੀਆਂ, ਖਾਂਦੇ ਮਾਲ ਹਰਾਮ।

ਸੋਢੀ ਮਾਨ ਸਿੰਘ ਦਾ, ਦਿੱਤਾ ਮਾਨ ਵਧਾ।

ਆਨਰੇਰੀ ਮਜਿਸਟ੍ਰੇਟ, ਦਿੱਤਾ ਜਲਦ ਬਣਾ।

ਐਪਰ ਸਾਰੇ ਪੁਲਸੀਏ, ਰਹਿ ਗਏ ਮਲਦੇ ਹੱਥ।

ਬਿਨਾ ਲੁੱਟ ਤੋਂ ਹੋਰ ਨਾ, ਲੱਭੀ ਕੋਈ ਵੱਥ।



Sri Satguru Jagjit Singh Ji eLibrary NamdhariElibrary@gmail.com

## ਕਾਂਡ – ੧੪

## ਮਾਨਾਂ ਵਾਲੇ ਦਾ ਹੋਲਾ

ਜ਼ਿਲ੍ਹੇ ਸਿਆਲਕੋਟ ਦਾ, ਮਾਨਾਂਵਾਲ ਗ੍ਰਾਮ।
ਹੀਰਾ ਸਿੰਘ ਸਰਦਾਰ ਦਾ, ਓਥੇ ਵੱਡਾ ਨਾਮ।
ਵਧਿਆ ਡਿੱਠਾ ਓਸ ਜਾਂ, ਸਤਿਗੁਰ ਦਾ ਪ੍ਰਤਾਪ।
ਜਾ ਕੇ ਕੀਤੀ ਬੇਨਤੀ, ਚਰਨਾ ਦੇ ਵਿੱਚ ਆਪ।
ਮਾਨਾਂਵਾਲੇ ਵਿੱਚ ਆ, ਹੋਲਾ ਲਓ ਮਨਾ।
ਨਾਲ ਗ੍ਰਹਿ ਦਾਸ ਦਾ, ਕਰੋ ਪਵਿੱਤਰ ਆ।
ਸਤਿਗੁਰ ਜੀ ਇਸ ਸ਼ਰਤ ਤੇ, ਕਰ ਲੀਤਾ ਮਨਜ਼ੂਰ।
ਮਾਸ ਸ਼ਰਾਬ ਛੱਡ ਕੇ, ਚੜ੍ਹ ਜਾ ਬੇੜੀ ਪੂਰ।
ਬਚਨ ਮੰਨਿਆ ਓਸ ਨੇ, ਲੀਤਾ ਤੋੜ ਨਿਬਾਹ।
ਸਤਿਗੁਰ ਜੀ ਨੇ ਫੇਰ ਸੀ, ਬਖਸ਼ੀ ਖੁਸ਼ੀ ਅਥਾਹ।
ਖਬਰਾਂ ਸਾਰੇ ਕੀਤੀਆਂ, ਆਲ ਦੁਆਲੇ ਵਿੱਚ।
ਹੋਲਾਂ ਹੋਵੇ ਐਤਕੀਂ, ਮਾਨਾਂ ਵਾਲੇ ਵਿੱਚ।
ਸੁਣ ਸੁਣ ਆਈਆਂ ਸੰਗਤਾਂ, ਓਥੇ ਘੱਤ ਵਹੀਰ।
ਜਿੱਦਾਂ ਵੱਲ ਨਿਵਾਣ ਦੇ, ਵਹਿੰਦਾ ਵਰਖਾ ਨੀਰ।
ਵਾਂਗੂ ਬੱਦਲ ਸੌਣ ਦੇ, ਗੱਜਦੇ ਵਰ੍ਹਦੇ ਆਉਣ।

ਨਾਲ ਢੋਲਕੀ ਛੈਣਿਆਂ, ਬਾਣੀ ਛਹਿਬਰ ਲਾਉਣ।

ਆਵੇ ਹਰ ਇੱਕ ਰਾਹ ਤੋਂ, ਅੰਮ੍ਰਿਤਮਈ ਫੁਹਾਰ।

ਵਾਂਗ ਸਮੀਰ ਸੁਹਾਵਣੀ, ਤਨ ਮਨ ਦੇਵੇ ਠਾਰ।

ਹੰਸ ਉਡੰਦੇ ਆਂਵਦੇ, ਮਾਨ ਸਰੋਵਰ ਵੱਲ।

ਸਰਵ ਗੁਣੀ ਜੋ ਮੋਤੀਆਂ, ਭਰਿਆ ਨਾਲ ਅਟੱਲ।

ਜਾਪੇ ਜਿਵੇਂ ਪੰਡਾਲ ਉਹ, ਇੱਕ ਤਲਾ ਵਿਚਕਾਰ।

ਕਮਲ ਖਿੜੇ ਇੱਕ ਦਾਅ ਨੇ, ਤੇ ਕੰਮੀਆਂ ਇੱਕ ਸਾਰ।

ਸਤਿਗੁਰ ਜੀ ਦਾ ਬਾਗ ਵਿੱਚ, ਕੀਤਾ ਆਣ ਉਤਾਰ।

ਮਾਂਨਾ ਵਾਲੇ ਵਾਲਿਆਂ, ਆ ਕੀਤਾ ਸਤਿਕਾਰ।

ਚੀਨੀ ਵਾਲੇ ਆਣ ਕੇ, ਬੈਠੇ ਵਿੱਚ ਦੀਵਾਨ।

ਬਣਦੀ ਹੀ ਸੀ ਵੇਖਿਆਂ, ਓਸ ਵਕਤ ਦੀ ਸ਼ਾਨ।

ਵਿੱਚ ਤਾਰਿਆਂ ਸੋਭਦਾ, ਜਿਵੇਂ ਚੌਧਵੀ ਚੰਨ।

ਜੋ ਵੀ ਆਣ ਨਿਹਾਰਦਾ, ਮੂੰਹੋਂ ਆਖੇ ਧੰਨ।

ਰਾਗੀ ਕਰਦੇ ਰਾਗ ਨੇ, ਲੱਗੇ ਇੰਜ ਦੀਵਾਨ।

ਮਾਨੋ ਸਭਾ ਸਵਰਗ ਦੀ, ਵੇਖ ਲਜਾਈ ਸ਼ਾਨ।

ਦਰਸ਼ਨ ਅਰਥੀ ਦਰਸ ਕਰ, ਹੋ ਜਾਂਦੇ ਸਭ ਸ਼ਾਂਤ।

ਵਾਂਗ ਪਪੀਹੇ ਤ੍ਰਿਪਤਦੇ, ਪੀ ਕੇ ਬੂੰਦ ਸਵਾਂਤ।

ਵੱਜੀ ਉੱਤੇ ਢੋਲਕੀ, ਜਦੋਂ ਅਨੋਖੀ ਥਾਪ।



. Sri Satguru Jagjit Singh Ji eLibrary NamdhariElibrary@gmail.com .

ਕਰੇ ਪਵਿੱਤਰ ਆਤਮਾ, ਲਾਹ ਲਾਹ ਸੁੱਟੇ ਪਾਪ।

ਸੁਣ ਕੇ ਪਰਮ ਅਨੰਦ ਵਿੱਚ, ਮਨ ਹੋ ਜਾਣ ਗੜੂੰਦ।

ਏਦਾਂ ਜੁੜਨ ਸਮਾਧੀਆਂ, ਜੋੜ ਧਰੇ ਜਿਉਂ ਗੂੰਦ।

ਮਸਤੀ ਵਿੱਚ ਮਸਤਾਨੜੇ, ਲੱਗੇ ਘੁੰਮਰ ਪਾਉਣ।

ਦੌੜਨ ਕੂਕਾਂ ਮਾਰਦੇ, ਕੇਸਾਂ ਚਵਰ ਝੁਲਾਉਣ।

ਅੰਮ੍ਰਿਤ ਡਿੱਠਾ ਬਰਸਦਾ, ਭਿੰਨੀ ਭਿੰਨੀ ਰੈਣ।

ਨੀਂਦਰ ਦੂਰ ਭਜਾ ਕੇ, ਨਾਮ ਹੁਲਾਰੇ ਲੈਣ।

ਇੰਜ ਅਮੀਓਂ ਰਸ ਪੀਂਦਿਆਂ, ਹੋਈ ਸੋਨ ਸਵੇਰ।

ਅੰਮ੍ਰਿਤ ਵੇਲਾ ਹੋ ਗਿਆ, ਘਟਿਆ ਜਰਾ ਹਨੇਰ।

ਨਿੱਤ ਕਰਮ ਜਾ ਸਾਧਿਆ, ਸਭਨਾ ਕਰ ਇਸ਼ਨਾਨ।

ਆਸਾ ਜੀ ਦੀ ਵਾਰ ਦਾ, ਹੋਣ ਲੱਗਾ ਗੁਣ ਗਾਨ।

ਬਾਣੀ ਰੱਬੀ ਵਾਚ ਕੇ, ਜਦੋਂ ਪੈ ਗਿਆ ਭੋਗ।

ਤੁਰੇ ਮਹੱਲਾ ਖੇਡਣੇ, ਸੰਗਤ ਦੇ ਸਭ ਸੋਗ।

ਲਿਆ ਕੇਸਰੀ ਰੰਗ ਦਾ, ਸ਼ੁੱਧ ਪੁਸ਼ਾਕਾ ਸਾਜ।

ਹੀਰਾ ਸਿੰਘ ਨੇ ਆਖਿਆ, ਪਹਿਰ ਲਵੋ ਮਹਾਰਾਜ।

ਹਾਥੀ ਇੱਕ ਮੰਗਾ ਕੇ, ਫੁੱਲਾਂ ਨਾਲ ਸ਼ਿੰਗਾਰ।

ਉਸ ਦੇ ਉੱਤੇ ਗੁਰੂ ਜੀ, ਨੂੰ ਕੀਤਾ ਅਸਵਾਰ।

ਸੂਬੇ ਉੱਤੇ ਘੋੜਿਆਂ, ਪੈਦਲ ਨਾਲ ਵਹੀਰ।



. Sri Satguru Jagjit Singh Ji eLibrary NamdhariElibrary@gmail.com .

ਜਾਪੇ ਜਾਂਦਾ ਬਾਦਸ਼ਾਹ, ਲੈ ਕੇ ਨਾਲ ਅਮੀਰ।

ਏਦਾਂ ਵਿੱਚ ਫਿਜ਼ਾ ਦੇ, ਉਡਿਆ ਰੰਗ ਗੁਲਾਲ।

ਦੁੱਧੋਂ ਚਿੱਟੀ ਧੁੱਪ ਵੀ, ਹੁੰਦੀ ਜਾਵੇ ਲਾਲ।

ਵੇਖਣ ਲੋਕ ਬੇਬਾਕ ਹੋ, ਐਸਾ ਬੱਝਾ ਰੰਗ।

ਪਰ ਅਚਾਨਕ ਆਣ ਪਈ, ਵਿੱਚ ਰੰਗ ਦੇ ਭੰਗ।

## ਘੁਮਿਆਰੀ ਦੇ ਲੜਕੇ ਦੀ ਮੌਤ

ਹੀਰਾ ਸਿੰਘ ਸੀ ਓਸ ਥਾਂ, ਬੜਾ ਜਗੀਰਦਾਰ।

ਵਹੁਣ ਜ਼ਮੀਨਾਂ ਉਹਦੀਆਂ, ਕੁੱਲ ਮਜ਼ਾਰੇਦਾਰ।

ਮੇਲਾ ਵੇਖਣ ਉਹ ਵੀ, ਆਏ ਸਾਰੇ ਲੋਕ।

ਨੂਰ ਨਜ਼ਾਰਾ ਜੰਨਤੀ, ਲੋਕੀਂ ਰਹੇ ਆਲੋਕ।

ਕਾਮੇ ਕਿਰਤੀ ਓਸ ਦੇ, ਹਿੰਦੂ ਮੁਸਲਮਾਨ।

ਮੇਲੇ ਵਾਲੇ ਆਣ ਕੇ, ਰਹੇ ਨਜ਼ਾਰੇ ਮਾਣ।

ਔਰਤ ਮੁਸਲਮਾਨ ਇੱਕ, ਜਾਤ ਜਿਦ੍ਹੀ ਘੁਮਿਆਰ।

ਪੁੱਤਰ ਲੈ ਕੇ ਵਿਚਰਦੀ, ਉਹ ਮੇਲੇ ਵਿਚਕਾਰ।

ਪਿੰਡ ਸੋਹਲ ਤੋਂ ਆਖਦੇ, ਆਈ ਏਥੇ ਚੱਲ।

ਪਈ ਨਜ਼ਾਰੇ ਮਾਣਦੀ, ਵੇਖੇ ਸਤਿਗੁਰ ਵੱਲ।

ਘੋੜ ਸਵਾਰ ਗਿਆਨ ਸਿੰਘ, ਆਉਂਦਾ ਹੈ ਸੀ ਨਾਲ।

ਚੱਲਣ ਸੱਭੇ ਘੋੜੀਆਂ, ਓਥੇ ਇੱਕੋ ਚਾਲ।

ਐਪਰ ਘੋੜੀ ਓਸ ਦੀ, ਅੱਥਰੀ ਤੇ ਮੂੰਹ ਜੋਰ।

ਹੋ ਮੁਤਾਣੀ ਨੱਸ ਪਈ, ਮੱਚ ਗਿਆ ਸੀ ਸ਼ੋਰ।

ਹਫੜਾ ਦਫੜੀ ਪੈ ਗਈ, ਰਸਤੇ ਦੇ ਵਿਚਕਾਰ।

ਘੋੜੀ ਦੌੜੀ ਇਸ ਤਰ੍ਹਾਂ, ਜਿਉਂ ਬਿਜਲੀ ਲਿਸ਼ਕਾਰ।

ਬੱਚਾ ਦੌੜ ਨਾ ਸੱਕਿਆ, ਲੱਗੀ ਉਹਨੂੰ ਫੇਟ।

ਡਿੱਗਦਿਆਂ ਹੀ ਗਿਆ, ਉਹ ਧਰਤੀ ਤੇ ਲੇਟ।

ਚਾਰ ਚੁਫੇਰੇ ਹੋ ਕੇ, ਵੇਖਣ ਲੱਗੇ ਲੋਕ।

ਵਿੱਚ ਪਲਾਂ ਦੇ ਪੈ ਗਿਆ, ਓਥੇ ਡਾਢਾ ਸ਼ੋਕ।

---o---

ਬੱਚਾ ਨਾ ਉੱਠਿਆ ਲੋਕੀਂ ਨਬਜ਼ ਟਟੋਲਦੇ।

ਲੱਗਦਾ ਹੈ ਭੌਰ ਉਡ ਗਿਆ ਟੋਹ ਟੋਹ ਕੇ ਬੋਲਦੇ।

ਕਰਮਾਂ ਦੀ ਹੀਣ ਜਨਾਨੀ ਵਿਧਵਾ ਵੀਚਾਰੀ ਦਾ।

ਮਰ ਗਿਆ ਹੈ ਆਖਣ ਲੋਕੀਂ ਬੱਚਾ ਘੁਮਿਆਰੀ ਦਾ।

ਰੋਂਦੀ ਕੁਰਲਾਉਂਦੀ ਪਿੱਟਦੀ ਚੀਕਾਂ ਹੈ ਮਾਰਦੀ।



Sri Satguru Jagjit Singh Ji eLibrary NamdhariElibrary@gmail.com

ਪਾਉਂਦੀ ਦੁੱਖ ਭਰੇ ਕੀਰਨੇ ਆਪਾ ਪਈ ਵਾਰਦੀ।
ਆਖੇ ਕਿੰਜ ਬੋਲ ਸੁਣਾਂਗੀ ਤੇਰੀ ਕਿਲਕਾਰੀ ਦਾ।
ਮਰ ਗਿਆ ਹੈ ਆਖਣ ਲੋਕੀਂ ਬੱਚਾ ਘੁਮਿਆਰੀ ਦਾ।

ਅੱਖਾਂ ’ਚੋਂ ਤੱਕ ਤੱਕ ਹੰਝੂ ਲੋਕਾਂ ਦੇ ਵਹਿ ਗਏ ਨੇ।
ਬਹੁਤੇ ਤਾਂ ਨਾਲ ਗ਼ਮਾਂ ਦੇ ਫੜ ਕੇ ਬਹਿ ਗਏ ਨੇ।
ਖੁੱਸਿਆ ਹੈ ਕਹਿਣ ਸਹਾਰਾ ਕਰਮਾਂ ਦੀ ਮਾਰੀ ਦਾ।
ਮਰ ਗਿਆ ਹੈ ਆਖਣ ਲੋਕੀਂ ਬੱਚਾ ਘੁਮਿਆਰੀ ਦਾ।

ਵੇਖੋ ਇਹ ਕੁਦਰਤ ਨੇ ਕੀ ਕਹਿਰ ਕਮਾਇਆ ਏ।
ਪਹਿਲਾਂ ਹੀ ਇਸ ਦੇ ਸਿਰ ਤੋਂ ਚੁੱਕ ਲੀਤਾ ਸਾਇਆ ਏ।
ਢੋਵੇਗੀ ਭਾਰ ਕਿਵੇਂ ਹੁਣ ਦੁੱਖਾਂ ਦੀ ਖਾਰੀ ਦਾ।
ਮਰ ਗਿਆ ਹੈ ਆਖਣ ਲੋਕੀਂ ਬੱਚਾ ਘੁਮਿਆਰੀ ਦਾ।

‘ਬਾਜਵਿਆ’ ਹੁੰਦੀ ਏਦਾਂ ਚਰਚਾ ਚੁਫੇਰ ਸੀ।
ਔਰਤ ਦੇ ਨੈਣਾਂ ਅੰਦਰ ਹੰਝੂ ਹਨੇਰ ਸੀ।
ਹੋਇਆ ਹੈ ਬੰਦ ਤਾਕ ਅੱਜ ਆਸਾਂ ਦੀ ਬਾਰੀ ਦਾ।
ਮਰ ਗਿਆ ਹੈ ਆਖਣ ਲੋਕੀਂ ਬੱਚਾ ਘੁਮਿਆਰੀ ਦਾ।


Sri Satguru Jagjit Singh Ji eLibrary NamdhariElibrary@gmail.com

---o---

ਆਇਆ ਸੀ ਅੰਗ੍ਰੇਜ਼ ਵੀ, ਨਾਲ ਪੁਲਸੀਆ ਧਾੜ।
ਉਹ ਵੀ ਮੌਕਾ ਤਾੜਦਾ, ਪਾਵਾਂ ਕਿਵੇਂ ਵਿਗਾੜ।
ਸੋਚ ਰਿਹਾ ਕਿ ਗੁਰਾਂ ਤੇ, ਲਾ ਕੋਈ ਇਲਜ਼ਾਮ।
ਐਸਾ ਕਰੀਏ ਕਾਜ ਇਹ, ਹੋ ਜਾਵਣ ਬਦਨਾਮ।
ਕਿਸੇ ਬਹਾਨੇ ਪਕੜੀਏ, ਦਈਏ ਰੋਕ ਮੁਹਾਜ਼।
ਇਹ ਜਹਾਜ਼ ਡੋਬੀਏ, ਤੋੜ ਤਾੜ ਸਭ ਸਾਜ਼।
ਬੌਖਲਾਇਆ ਵੇਖ ਕੇ, ਵੱਡਾ ਬੜਾ ਇਕੱਠ।
ਫਿਰੇ ਬਹਾਨਾ ਭਾਲਦਾ, ਆਇਆ ਝਟ ਪਟ ਨੱਠ।
ਆਖੇ ਔਰਤ ਉਸ ਨੂੰ, ਜਲਦੀ ਮੁੱਖੋਂ ਭਾਖ।
ਰਾਮ ਸਿੰਘ ਨੇ ਮਾਰਿਐ, ਬੱਚਾ ਮੇਰਾ ਆਖ।
ਵੱਜੀ ਇਹਨੂੰ ਫੇਟ ਹੈ, ਉਹਦੇ ਘੋੜੇ ਨਾਲ।
ਏਸੇ ਕਰ ਕੇ ਮਰ ਗਿਐ, ਆਖੀਂ ਮੇਰਾ ਲਾਲ।
ਹੀਰਾ ਸਿੰਘ ਦੇ ਕੋਲ ਉਹ, ਕਰੇ ਕਿਰਤ ਦੀ ਕਾਰ।
ਹੀਰਾ ਸਿੰਘ ਦਾ ਓਸ ਨੇ, ਡਿੱਠਾ ਨੇਕ ਵਿਹਾਰ।
ਰੋਂਦੀ ਲੈ ਕੇ ਬਾਲ ਨੂੰ, ਗੋਦੀ ਦੇ ਵਿਚਕਾਰ।
ਐਪਰ ਉਹਨੇ ਆਖਿਆ, ਸੱਚੋ ਸੱਚ ਨਿਤਾਰ।

ਮੇਰੇ ਬੱਚੇ ਦਾ ਨਾ, ਨਾਲ ਕਿਸੇ ਦੇ ਵੈਰ।

ਨਾ ਏਸ ਨੂੰ ਮਾਰਿਆ, ਕਿਸੇ ਸਮਝ ਕੇ ਗ਼ੈਰ।

ਸਤਿਗੁਰ ਜੀ ਵੀ ਨਹੀਂ, ਸਨ ਘੋੜੇ ਤੇ ਅਸਵਾਰ।

ਹਾਥੀ ਉੱਤੇ ਬੈਠ ਕੇ, ਆਉਂਦੇ ਲਏ ਨਿਹਾਰ।

ਇਹ ਗੱਲ ਸੁਣ ਕੇ ਓਸ ਦੀ, ਢਿੱਲੀ ਪਈ ਪੁਲੀਸ।

ਜਦੋਂ ਮੁਦਈ ਮੁੱਕਰੇ, ਕੀ ਕਰਨੀ ਤਫ਼ਤੀਸ਼।

ਪੈਦਾ ਹੋਇਆ ਫੇਰ ਸੀ, ਆ ਗਮਗੀਨ ਮਹੌਲ।

ਹੱਥਾਂ ਵਿੱਚੋਂ ਕਿਰ ਗਿਆ, ਹੇਠ ਗੁਲਾਲ ਅਡੋਲ।

ਹੀਰਾ ਸਿੰਘ ਨੇ ਆਖਿਆ, ਰਾਖ ਲਵੋ ਗੁਰਦੇਵ।

ਅਰਜ਼ ਕਰਾਂ ਕਰ ਜੋੜ ਕੇ, ਸਦਾ ਕਮਾਵਾਂ ਸੇਵ।

ਜਿੱਦਾਂ ਆਣ ਦਰੋਪਦੀ, ਵਾਲੀ ਰੱਖੀ ਲਾਜ।

ਰੱਖਿਆ ਗਜ ਗ੍ਰਹਿ ਤੋਂ, ਆਪ ਗਰੀਬ ਨਿਵਾਜ਼।

ਲੀਤਾ ਸੀ ਪ੍ਰਹਿਲਾਦ ਨੂੰ, ਅਗਨੀ ਵਿੱਚੋਂ ਰੱਖ।

ਅੱਜ ਫੇਰ ਕਿਰਪਾ ਕਰੋ, ਓਦਾਂ ਹੀ ਪ੍ਰਤੱਖ।

ਨਹੀਂ ਤੇ ਫਿਰਦੇ ਭੂਤਰੇ, ਟੁੱਕੜ ਬੋਚ ਚੁਫੇਰ।

ਅੰਗ੍ਰੇਜ਼ਾਂ ਦੇ ਚਾਟੜੇ, ਦੇਵਣ ਖੇਡ ਖਲੇਰ।

ਝੂਠਾ ਸੱਚਾ ਲਾ ਕੇ, ਕੋਈ ਵੀ ਇਲਜ਼ਾਮ।

ਫਿਰਨ ਬਹਾਨਾ ਭਾਲਦੇ, ਲੈਣਾ ਚਾਹੁਣ ਇਨਾਮ।

ਹਾਥੀ ਉੱਤੇ ਬੈਠਿਆਂ, ਹੀਰਾ ਸਿੰਘ ਸੀ ਨਾਲ।
ਸੁਣ ਕੇ ਉਹਦੀ ਬੇਨਤੀ, ਪਰਤੇ ਦੀਨ ਦਿਆਲ।
ਹਾਥੀ ਉੱਤੋਂ ਉੱਤਰੇ, ਆਏ ਬੱਚੇ ਕੋਲ।
ਆਖਣ ਲੱਗੇ ਇਸ ਤਰ੍ਹਾਂ, ਓਥੇ ਮੁੱਖੋਂ ਬੋਲ।

---o---

ਗੁਰੂ ਜੀ ਅਡੋਲ ਬੱਚੇ ਕੋਲ ਬੈਠ ਗਏ, ਪੱਬਾਂ ਭਾਰ ਜਾਇ ਕੇ।
ਕਰ ਕਮਲਾਂ ਦੇ ਨਾਲ ਫੇਰ ਓਸ ਨੂੰ, ਵੇਖਿਆ ਹਿਲਾਇ ਕੇ।
ਆਖਦੇ ਲਿਆਓ ਲੋਈ 'ਚ ਲਪੇਟੀਏ, ਮੁੜ ਆਉਣੀ ਹੋਸ਼ ਹੈ।
ਮਰਿਆ ਨਾ ਬੱਚਾ ਹੈ ਭੁਲੇਖਾ ਸਭ ਨੂੰ, ਹੋ ਗਿਆ ਬੇਹੋਸ਼ ਹੈ।

ਲੋਈ 'ਚ ਲਪੇਟ ਬੱਚੇ ਦੇ ਸਰੀਰ ਨੂੰ, ਹੱਥਾਂ ਉੱਤੇ ਚੁੱਕਿਆ।
ਆਖਦੇ ਹੈ ਚੱਲਦਾ ਸਵਾਸ ਏਸ ਦਾ, ਉੱਕਾ ਨਹੀਓਂ ਰੁਕਿਆ।
ਉੱਠ ਪੈਣੈ ਇਹਨੇ ਘਬਰਾਓ ਨਾ, ਹੁਣ ਲੈ ਲਿਆ ਆਗੋਸ਼ ਹੈ।
ਮਰਿਆ ਨਾ ਬੱਚਾ ਹੈ ਭੁਲੇਖਾ ਸਭ ਨੂੰ, ਹੋ ਗਿਆ ਬੇਹੋਸ਼ ਹੈ।

ਵੇਖ ਲਵੋ ਸਾਰੇ ਮੁੱਖੋਂ ਫੁਰਮਾਂਵਦੇ ਹੈ, ਅੰਗੂਠਾ ਹਿੱਲਦਾ।
ਹੌਲੀ ਹੌਲੀ ਬੱਚਾ ਪਿਆ ਅੱਖਾਂ ਖੋਹਲਦਾ, ਜਿਉਂ ਕਮਲ ਖਿਲਦਾ।

ਇਹ ਵੇਖ ਸੰਗਤਾਂ ਜੈਕਾਰੇ ਛੱਡ ਤੇ, ਹੋਇਆ ਜੈ ਘੋਸ਼ ਹੈ।
ਮਰਿਆ ਨਾ ਬੱਚਾ ਹੈ ਭੁਲੇਖਾ ਸਭ ਨੂੰ, ਹੋ ਗਿਆ ਬੇਹੋਸ਼ ਹੈ।

ਬੈਠ ਗਿਆ ਬੱਚਾ ਓਸੇ ਵੇਲੇ ਉੱਠ ਕੇ, ਮੁੜ ਆਈਆਂ ਖੁਸ਼ੀਆਂ।
ਦੋ ਪਲ ਪਹਿਲਾਂ ਰੁੱਸੀਆਂ ਸੀ ਜਿਹੜੀਆਂ, ਨੇ ਸਵਾਈਆਂ ਖੁਸ਼ੀਆਂ।
ਸੰਗਤਾਂ ਦੇ ਫੇਰ ਅਰਮਾਨ ਪੁੰਗਰੇ, ਚੜ੍ਹ ਆਇਆ ਜੋਸ਼ ਹੈ।
ਮਰਿਆ ਨਾ ਬੱਚਾ ਹੈ ਭੁਲੇਖਾ ਆਖਦੇ, ਹੋ ਗਿਆ ਬੇਹੋਸ਼ ਹੈ।

ਆਖਦੀ ਲੋਕਾਈ ਮੂੰਹ ਜੋੜ ਜੋੜ ਕੇ, ਸ਼ਕਤੀ ਅਪਾਰ ਐ।
ਕੋਈ ਕਹੇ ਜਾਮਾ ਪਹਿਰ ਕੇ ਮਨੁੱਖ ਦਾ, ਆਇਆ ਕਰਤਾਰ ਐ।
ਥੋੜ੍ਹਾ ਚਿਰ ਪਹਿਲਾਂ ਦੂਤੀ ਕੱਛਾਂ ਮਾਰਦੇ, ਹੋ ਗਏ ਖਾਮੋਸ਼ ਹੈ।
ਮਰਿਆ ਨਾ ਬੱਚਾ ਹੈ ਭੁਲੇਖਾ ਆਖਦੇ, ਹੋ ਗਿਆ ਬੇਹੋਸ਼ ਹੈ।

ਵਾਂਗ ਵਾ ਵਰੋਲੇ ਗੱਲ ਜਾਵੇ ਫੈਲਦੀ, ਗੁਰੂ ਹੋਣੀ ਟਾਲਦਾ।
ਲੈ ਕੇ ਆਇਆ ਸ਼ਕਤੀ ਅਨੰਦ ਆਖਦੇ, ਮੁਰਦੇ ਜੀਵਾਲਦਾ।
ਕਿੱਦਾਂ ਲਿਖਾ ਉਪਮਾ ਜੋ ਹੋਵੇ 'ਬਾਜਵਾ', ਨਾ ਸ਼ਬਦ ਕੋਸ਼ ਹੈ।
ਮਰਿਆ ਨਾ ਬੱਚਾ ਹੈ ਭੁਲੇਖਾ ਆਖਦੇ, ਹੋ ਗਿਆ ਬੇਹੋਸ਼ ਹੈ।

---o---



Sri Satguru Jagjit Singh Ji eLibrary NamdhariElibrary@gmail.com

ਛਾਈ ਸੀ ਜੋ ਗਮਾਂ ਦੀ, ਕਾਲੀ ਆਣ ਘਟਾ।

ਆਇਆ ਬੁੱਲਾ ਖੁਸ਼ੀ ਦਾ, ਲੈ ਗਿਆ ਝੱਟ ਉਡਾ।

ਪੀਲੇ ਪਲ ਵਿੱਚ ਮੁੱਖੜੇ, ਮੁੜ ਹੋ ਚੱਲੇ ਲਾਲ।

ਉੱਡਣ ਲੱਗਾ ਫੇਰ ਸੀ, ਓਥੇ ਰੰਗ ਗੁਲਾਲ।

ਏਦਾਂ ਖੁਸ਼ੀ ਮਨਾਉਂਦਿਆਂ, ਹੋਇਆ ਦਿਵਸ ਬਤੀਤ।

ਛੁਪਿਆ ਰਵੀ ਮਤਾਬ ਦੀ, ਆਏ ਚਾਂਦਨੀ ਸੀਤ।

ਦੂਹਰੀ ਖੁਸ਼ੀ ਮਨਾਂਵਦੇ, ਮਿਲ ਕੇ ਸਾਰੀ ਰਾਤ।

ਰੈਣ ਸੁਭਾਈ ਕੀਰਤਨ, ਹੋਇਆ ਤੱਕ ਪ੍ਰਭਾਤ।

ਇੰਜ ਪ੍ਰਭਾਵ ਖਿਲਾਰਿਆ, ਇਸ ਮੇਲੇ ਦੇ ਠੌਰ।

ਗਿਣਤੀ ਵਿੱਚ ਅਠਾਰਾਂ, ਸੌ ਕੂਕੇ ਸਾਜੇ ਹੋਰ।

ਸੱਚ ਧਰਮ ਜਿਨ ਧਾਰਿਆ, ਕਰ ਪਾਪਾਂ ਦਾ ਨਾਸ।

ਕੂਕੇ ਮੇਲੇ ਏਸ ਤੇ, ਬਣੇ ਵਿਅਕਤੀ ਖਾਸ।

ਲਹਿਣਾ ਸਿੰਘ ਘਰਜਾਖੀਆ, ਹੋਇਆ ਕੂਕਾ ਆਣ।

ਨਲੂਏ ਹਰੀ ਸਿੰਘ ਦਾ, ਉਹ ਜਵਾਈ ਜਾਣ।

ਮਹਾਰਾਜੇ ਰਣਜੀਤ ਦਾ, ਸੂਬਾ ਵਿੱਚ ਪਸ਼ੌਰ।

ਮੀਹਾਂ ਸਿੰਘ ਸਰਦਾਰ ਸੀ, ਓਥੋਂ ਦਾ ਸਿਰਮੌਰ।

ਜਾਣ ਭਤੀਜਾ ਓਸ ਦਾ, ਤਾਰਾ ਸਿੰਘ ਸਰਦਾਰ।



Sri Satguru Jagjit Singh Ji eLibrary NamdhariElibrary@gmail.com

ਉਹ ਵੀ ਏਥੇ ਆ ਗਿਆ, ਅੰਦਰ ਕੂਕਾ ਕਾਰ।

ਮਾਈ ਸ਼ੇਰੇ ਕੋਟ ਦੀ, ਭਾਗਣ ਸੀ ਮਸ਼ਹੂਰ।

ਮਸਤਕ ਉਹਦੇ ਕੂਕਿਆਂ, ਵਾਲਾ ਵਰ੍ਹਿਆ ਨੂਰ।

ਬਾਣੀ ਅੰਮ੍ਰਿਤ ਵਰਸਿਆ, ਆਸਾ ਜੀ ਦੀ ਵਾਰ।

ਭੋਗ ਪਏ ਤੋਂ ਬਾਦ ਇੰਜ, ਕੀਤੇ ਬਚਨ ਉਚਾਰ।

ਸਿੱਖ ਪਏ ਸਤਿਗੁਰੂ ਤੋਂ, ਵਾਰੇ ਵਾਰੇ ਜਾਣ।

ਅੱਗੇ ਪਿੱਛੇ ਦੌੜਦੇ, ਸਮਝਣ ਦੇਹ ਪ੍ਰਾਣ।

## ਬਚਨ ਕਰਨੇ

ਕੀਤੇ ਅੰਮ੍ਰਿਤਸਰ ਜੋ, ਬਚਨ ਗਰੀਬ ਨਿਵਾਜ਼।

ਦਿਨ ਵੈਸਾਖੀ ਵਾਲੜੇ, ਕਰ ਬੁਲੰਦ ਅਵਾਜ਼।

ਏਥੇ ਨੇ ਦੁਹਰਾਂਵਦੇ, ਮੁੜ ਕੇ ਓਹੋ ਬਾਤ।

ਕਹਿਣ ਤੁਹਾਨੂੰ ਕਿਹਾ, ਪਹਿਲੇ ਏਸੇ ਭਾਂਤ।

(ਇਹ ਬਚਨ ੧੯੬੭ ਈ. ਦੀ ਅੰਮ੍ਰਿਤਸਰ ਦੀ ਦੀਵਾਲੀ ਤੇ ਕੀਤੇ ਸਨ)

ਆਖਿਆ ਨੇ ਅੱਗੇ ਪਿੱਛੇ ਮੇਰੇ ਜਿਹੜੇ ਫਿਰਦੇ ਹੋ,

ਹੋਵੇਗੀ ਪਰਖ ਜਦੋਂ ਆਓਗੇ ਬੁਆੜਾਂ ਵਿੱਚ।



Sri Satguru Jagjit Singh Ji eLibrary NamdhariElibrary@gmail.com

ਖੋਟੇ ਖਰੇ ਵੱਖ ਵੱਖ ਕਰਾਂਗੇ ਕਸੌਟੀ ਕੱਸ,
ਰਹਿਣੀ ਨਾ ਚਮਕ ਇਹ ਮੁਲੰਮੇ ਦੇ ਉਘਾੜਾਂ ਵਿੱਚ।

ਲਾਹ ਕੇ ਕਛਹਿਰੇ ਸੁੱਟੋ ਮੁੱਕਰੋ ਬਿਆਨ ਸਾਰੇ,
ਲੁਕਦੇ ਫਿਰੋਗੇ ਜਾ ਕੇ ਝਾੜਾਂ ਤੇ ਉਜਾੜਾਂ ਵਿੱਚ।

ਵਰਤੇਗਾ ਭਾਣਾ ਡੋਲ ਸਿਦਕੋਂ ਮਨਾਉਣ ਸਿਰ,
ਹੱਥੀਂ ਫੜ ਫੂਕ ਮਾਰੋ ਹੁੱਕੇ ਦੀਆਂ ਨਾੜਾਂ ਵਿੱਚ।

ਆਖਣਗੇ ਕੂਕਾ ਨਹੀਂ ਮੈਂ ਬਖਸ਼ੋ ਹਜ਼ੂਰ ਮੈਨੂੰ,
ਘੜਣੀ ਹੈ ਭੰਨ ਫੇਰ ਨਵੀਆਂ ਹੀ ਘਾੜਾਂ ਵਿੱਚ।

ਜਾ ਕੇ ਇਕੱਲਾ ਬੈਠ ਜਾਵਾਂਗਾ ਤੁਹਾਥੋਂ ਦੂਰ,
ਅੱਜ ਨਾ ਭਜਨ ਦੇਂਦੇ ਕਰਨ ਗੁਆੜਾਂ ਵਿੱਚ।

ਦੇਣਗੇ ਫਰੰਗੀ ਦੁੱਖ ਰੌਲੀ ਪਵੇ ਦੇਸ਼ ਵਿੱਚ,
ਕੋਈ ਬੂਟਾ ਹਰਿਆ ਹੀ ਦਿਸੇਗਾ ਉਜਾੜਾਂ ਵਿੱਚ।

ਨਾਮ ਜੋ ਜਪੇਗਾ ਟੇਕ ਰੱਖ ਕੇ ਅਕਾਲ ਉੱਤੇ,
ਉਹ ਕੱਲਾ ਬਚੂ ਕਲੂ ਕਾਲ ਦੀਆਂ ਧਾੜਾਂ ਵਿੱਚ।

ਦਾਣੇ ਬਚੇ ਰਹਿਣ ਜਿਹੜੇ ਕਿੱਲੀ ਨਾਲ ਰਹਿਣ ਲੱਗੇ,
ਹੋਰ ਸਾਰੇ ਪੀਸ ਜਾਂਦੇ ਪੁੜਾਂ ਦੇ ਦੋਫਾੜਾਂ ਵਿੱਚ।

ਜਿਹੜੇ ਅੱਜ ਮਾਰਦੇ ਹੋ ਜੋਸ਼ ਵਿੱਚ ਆਣ ਡੀਂਗਾਂ,
ਠੰਡਾ ਹੋਵੇ ਖੂਨ ਫੇਰ ਤੁਸਾਂ ਦੀਆਂ ਨਾੜਾਂ ਵਿੱਚ।

ਬੁੱਕਦੇ ਹੋ ਏਥੇ ਹੁਣ ਸ਼ੇਰ ਜੋ ਬੱਬਰ ਬਣ,

ਭੱਜੋਗੇ ਮਿਰਗ ਬਣ ਜ਼ੁਲਮੀ ਦਹਾੜਾਂ ਵਿੱਚ।

ਦੜ ਵੱਟ ਦਿਨ ਕੱਟ ਪਾਓਗੇ ਬੁਝਾਰਤਾਂ ਇਹ,

ਖੱਤਰੀਆਂ ਵਾਂਗ ਰਲ ਜਾਓਗੇ ਕਰਾੜਾਂ ਵਿੱਚ।

ਜ਼ੁਲਮ ਸਿਆਲ ਵੇਖ ਵੜ ਜਾਓ ਫੇਰ ਖੁੱਡੀਂ,

ਕੂਕੇ ਜਿਹੜੇ ਖਾਣ ਲਈ ਕੜਾਹ ਬਣੇ ਹਾੜ੍ਹਾਂ ਵਿੱਚ।

ਦੇਸ਼ 'ਚ ਵਿਦੇਸ਼ੀ ਪਹਿਰਾਵੇ ਪਾ ਪਾ ਬਹਿਣਗੇ ਉਹ,

ਲਾਹ ਸਵਦੇਸ਼ੀ ਚੋਲਾ ਸੁੱਟਣਗੇ ਭਾੜਾਂ ਵਿੱਚ।

ਬਾਜ਼ੀ ਪਵੇ ਪੁੱਠੀ ਕੋਈ ਕੋਈ ਝੱਲ ਸਕਦਾ ਏ,

ਲੁਕ ਜਾਣ ਸੂਰਮੇ ਵੀ ਦੌੜ ਕੇ ਪਹਾੜਾਂ ਵਿੱਚ।

'ਬਾਜਵਾ' ਸਿਦਕ ਉੱਤੋਂ ਡੋਲ ਜਾਣ ਮੌਕਾ ਵੇਖ,

ਕਹਿਣ ਕੌਣ ਫਸੇ ਸਰਕਾਰ ਦੀਆਂ ਦਾੜਾਂ ਵਿੱਚ।

ਸਰਦਾਰ ਹੀਰਾ ਸਿੰਘ ਨੇ ਘੋੜੀ ਭੇਟ ਕਰਨੀ

ਸਤਿਗੁਰ ਜੀ ਦੇ ਸਾਹਮਣੇ, ਹੀਰਾ ਸਿੰਘ ਸਰਦਾਰ।

ਹਾਜ਼ਰ ਹੋਇਆ ਲੈ ਕੇ, ਭੇਟਾ ਆਪ ਅਪਾਰ।

ਘੋੜੀ ਮਹਿੰਗੇ ਮੁੱਲ ਦੀ, ਕੱਸ ਸੁਨਹਿਰੀ ਜੀਨ।



Sri Satguru Jagjit Singh Ji eLibrary NamdhariElibrary@gmail.com

ਖੁਸ਼ੀ ਵਿੱਚ ਨਾ ੳਸਦੇ, ਲੱਗਣ ਪੈਰ ਜ਼ਮੀਨ।

ਸ਼ਾਹੀ ਚੋਗਾ ਟੇਕਿਆ, ਮੱਥਾ ਉਹਨੇ ਇੱਕ।

ਕੀਮਤ ਜਿਸਦੀ ਪੰਜ ਸੌ, ੳਸ ਵਕਤ ਦੀ ਟਿੱਕ।

ਦਾਮ ਇਕੋਤਰ ਸੌ ਦੀ, ਭੇਟਾ ਦਿੱਤੀ ਵੱਖ।

ਮੱਥਾ ਉਹਨੇ ਟੇਕਿਆ, ਚਰਨਾ ਉੱਤੇ ਰੱਖ।

ਘੋੜੀ ਸਾਜ ਸ਼ਿੰਗਾਰ ਕੇ, ਆਖੇ ਕ੍ਰਿਪਾ ਧਾਰ।

ਕਰੋ ਸਵਾਰੀ ਏਸ ਤੇ, ਐਥੇ ਹੀ ਇੱਕ ਵਾਰ।

ਚੀਨੀ ਵਾਲੇ ਹੋ ਕੇ, ਘੋੜੀ ਤੇ ਅਸਵਾਰ।

ੳਥੇ ਏਦਾਂ ਆਖਿਆ, ਡਾਢੇ ਨਾਲ ਪਿਆਰ।

ਘੋੜੀ ਇੰਜ ਸਜਾ ਕੇ, ਜਿਨ੍ਹੇ ਕੀਤੀ ਦਾਨ।

ਉਹ ਵੀ ਏਦਾਂ ਚੜ੍ਹਣਗੇ, ਦੇ ਦਿੱਤਾ ਵਰਦਾਨ।

ਜੋੜਾ ਇੱਕ ਲਿਆ ਕੇ, ਧਰਿਆ ਕੋਲ ਸਵਾਰ।

ਆਖਣ ਲੱਗਾ ਏਸ ਨੂੰ, ਪਹਿਰੋ ਕ੍ਰਿਪਾ ਧਾਰ।

ਜੋੜਾ ਚਰਨਾ ਵਾਲੜਾ, ਬਖਸ਼ਸ਼ ਕਰ ਕੇ ਆਪ।

ਦੇ ਦੇਵੋ ਜੇ ਅਸਾਂ ਨੂੰ, ਰੱਖੀਏ ਯਾਦ ਮਿਲਾਪ।

ਜੋੜਾ ਦੇ ਕੇ ਦਿੱਤੀਆਂ, ਖੁਸ਼ੀਆਂ ਨਾਲ ਅਥਾਹ।

ਚਰਨਾ ਦੇ ਵਿੱਚ ਦੂਸਰਾ, ਜੋੜਾ ਲੀਤਾ ਪਾ।

ਲੈ ਸਰਦਾਰ ਲਪੇਟਿਆ, ਰੇਸ਼ਮ ਵਿੱਚ ਰੁਮਾਲ।



Sri Satguru Jagjit Singh Ji eLibrary NamdhariElibrary@gmail.com

ਯਾਦਗਾਰ ਦੇ ਤੌਰ ਤੇ, ਲੀਤਾ ਓਸ ਸੰਭਾਲ।

ਏਥੋਂ ਦੌਰਾ ਦੜਪ ਦਾ, ਕੀਤਾ ਨਾਲ ਵੀਚਾਰ।

ਕਿਲਾ ਸੋਭਾ ਸਿੰਘ ਵੱਲ, ਮੋੜੀ ਆਪ ਮੁਹਾਰ।

ਖੂਹ ਤੋਂ ਪਾਣੀ ਭਰਨਾ ਤੇ ਮੁਸਲਮਾਨ ਨੂੰ ਸਿੱਖਾਂ ਨੇ ਕੁੱਟਣਾ

ਅੱਗੇ ਇੱਕ ਗਰਾਂ ਵਿੱਚ, ਪਹੁੰਚੇ ਘੱਤ ਵਹੀਰ।

ਖੂਹੇ ਉੱਤੇ ਮੁਸਲਮਾਨ, ਭਰਦਾ ਡਿੱਠਾ ਨੀਰ।

ਕਿਹਾ ਖਾਲਸੇ ਓਸ ਨੂੰ, ਤੂੰ ਹਟ ਜਾ ਇੱਕ ਔਰ।

ਪਾਣੀ ਭਰਨਾ ਅਸਾਂ ਹੈ, ਸੁਣ ਲੈ ਕਰ ਕੇ ਗੌਰ।

ਐਪਰ ਹਟਿਆ ਉਹ ਨਾ, ਲਿਆ ਖਾਲਸੇ ਢਾਹ।

ਪਿੱਛੇ ਕੀਤਾ ਮਾਰ ਕੇ, ਭਰਿਆ ਪਾਣੀ ਜਾ।

ਸੁਣਿਆ ਸਤਿਗੁਰ ਜੀ, ਨੇ ਹੋਏ ਬਹੁਤ ਨਰਾਜ਼।

ਬੋਲੇ ਨੈਣੀ ਨੀਰ ਭਰ, ਕਰੁਣਾਮਈ ਅਵਾਜ਼।

ਮਾੜਾ ਕੀਤਾ ਤੁਸਾਂ ਹੈ, ਬੇ-ਦੋਸ਼ੇ ਨੂੰ ਮਾਰ।

ਨਿਹਫਲ ਹੋਈ ਤੁਸਾਂ ਦੀ, ਕੀਤੀ ਸਾਰੀ ਕਾਰ।

ਮਾਰੇ ਬੇਗੁਨਾਹ ਨੂੰ ਜੋ, ਵੀ ਕਰ ਕੇ ਭੁੱਲ।

ਅੱਗਾ ਲਵੇ ਵਿਗਾੜ, ਉਹ ਪਿੱਛਾ ਡੋਬੇ ਕੁੱਲ।

ਸਤਿਗੁਰ ਜੀ ਨੇ ਓਸ ਦਾ, ਕੀਤਾ ਬੜਾ ਵੈਰਾਗ।

ਭੁੱਲੇ ਮਾਨਵਤਾ ਦੀ, ਅਸਾਂ ਲਗਾਈ ਜਾਗ?

ਜਿਹੜਾ ਬਚਨ ਨਾ ਮੰਨਦਾ, ਮਾਰੇ ਬੇ-ਕਸੂਰ।

ਵੱਸੇ ਨੇੜੇ ਦਿਲਾਂ ਤੋਂ, ਕੋਹ ਸੈਂਕੜੇ ਦੂਰ।

ਚਿੱਚੜ ਵਾਂਗ ਥਣਾਂ 'ਚੋਂ, ਪੀਵੇ ਰੱਤ ਅਸ਼ੁੱਧ।

ਉਹ ਨਾ ਜਾਣੇ ਏਸ ਦੇ, ਅੰਦਰ ਭਰਿਐ ਦੁੱਧ।

ਦੂਰੋਂ ਬੈਠਾ ਮੰਨਦਾ, ਮਨ ਨੂੰ ਕਰ ਕੇ ਮੋਮ।

ਮੇਰੀ ਛਾਤੀ ਦਾ ਹੈ, ਸਮਝ ਲਵੋ ਉਹ ਰੋਮ।

ਭਾਵੇਂ ਹੋਵੇ ਕੋਈ ਵੀ, ਜੇ ਹੋਵੇ ਨਿਰਦੋਸ਼।

ਤੰਗ ਕਰੋ ਨਾ ਕਦੇ ਵੀ, ਆ ਕੇ ਅੰਦਰ ਜੋਸ਼।

ਮਸਤਕ ਰੱਖੋ ਆਪਣਾ, ਸਦਾ ਸੰਵੇਦਨਸ਼ੀਲ।

ਦੁੱਖ ਉਠਾਏ ਕਦੇ ਨਾ, ਗਊ ਗਰੀਬ ਅਸੀਲ।

ਉੱਠੋ ਨੀਂਦ ਤਿਆਗ ਕੇ, ਦੇਸ਼ ਕੌਮ ਦੇ ਹੇਤ।

ਆਖਣ ਮੈਂ ਹਾਂ ਰਪਟੀਆ, ਕਰਦਾ ਫਿਰਾਂ ਸੁਚੇਤ।

ਕੰਮ ਅਸਾਡਾ ਜੋੜਨਾ, ਨਹੀਂ ਤੋੜਨਾ ਮੂਲ।

ਪੱਲੇ ਬੰਨੋ ਘੁੱਟ ਕੇ, ਸੱਚੇ ਪਾਕ ਅਸੂਲ।

ਕਰਕੇ ਦੌਰਾ ਦੜਪ ਦਾ, ਪਰਤੇ ਭੈਣੀ ਵੱਲ।

ਸਿੱਖੀ ਚੜ੍ਹਦੀ ਕਲਾ ਵਿੱਚ, ਕਰਕੇ ਨਾਲ ਸੁਵੱਲ।

. Sri Satguru Jagjit Singh Ji eLibrary NamdhariElibrary@gmail.com .

## ਕਾਂਡ - ੧੫

## ਦੂਸਰੇ ਦੇਸ਼ਾਂ ਨਾਲ ਸੰਬੰਧ

ਕੀਤੇ ਨੇ ਪਰਪੱਕ ਜਾਂ, ਧਰਮ ਸਮਾਜਕ ਪੱਖ।
ਵੇਖ ਬੁਰਾਈਆਂ ਉੱਡੀਆਂ, ਵਾਂਗੂ ਸੁੱਕੇ ਕੱਖ।
ਰਾਜਨੀਤਕ ਤੌਰ ਤੇ, ਵੱਡਾ ਛੇੜ ਮੁਹਾਜ।
ਕੀਤਾ ਜਾਗਰੂਕ ਸੀ, ਉਹਨਾਂ ਜਦੋਂ ਸਮਾਜ।
ਦਾਇਰਾ ਹੋਰ ਖਿਲਾਰਿਆ, ਵੇਖ ਵਕਤ ਦੀ ਲੋੜ।
ਦੂਜੇ ਦੇਸ਼ਾਂ ਨਾਲ ਵੀ, ਰਿਸ਼ਤੇ ਲੀਤੇ ਜੋੜ।
ਦੇਸ਼ ਅਜ਼ਾਦ ਕਰਾਉਣ ਦਾ, ਸੌਖਾ ਹੋਵੇ ਕਾਜ।
ਸਾਜ ਸੰਬੰਧ ਕੌਮਾਂਤਰੀ, ਵਾਪਸ ਲਈਏ ਰਾਜ।
ਸੋਹਣੀ ਜੀਵਨ ਜਾਚ ਦਾ, ਜਾ ਕਰੀਏ ਪ੍ਰਚਾਰ।
ਅੰਦਰ ਦੇਸ਼ ਵਿਦੇਸ਼ ਦੇ, ਵਧੇ ਮਿੱਤਰਾਚਾਰ।
ਸਮਝਣ ਸਾਡੇ ਮਿਸ਼ਨ ਨੂੰ, ਨੀਤੀਵਾਨ ਮਹਾਨ।
ਬਸਤੀਵਾਦੀ ਰੋਕੀਏ, ਚੱਕਰਵਾਤ ਤੂਫ਼ਾਨ।
ਹੈ ਅਜ਼ਾਦੀ ਸਭਸ ਦਾ, ਸਮਝੋ ਮੌਲਿਕ ਹੱਕ।
ਜਾਣੇ ਦੁਨੀਆਂ ਏਸ ਨੂੰ, ਬਾਕੀ ਰਹੇ ਨਾ ਸ਼ੱਕ।
ਜੀਵਨ ਦੇਵੋ ਦੂਜਿਆਂ, ਨਾਲੇ ਜੀਓ ਆਪ।



Sri Satguru Jagjit Singh Ji eLibrary NamdhariElibrary@gmail.com

ਮਿਟ ਜਾਵਣ ਇਸ ਧਰਤ, ਤੋਂ ਸਾਰੇ ਹੀ ਸੰਤਾਪ।

ਜਿਹੜੇ ਬਸਤੀਵਾਦ ਦਾ, ਕਰਦੇ ਦੇਸ਼ ਵਿਰੋਧ।

ਮਿੱਤਰਤਾ ਦਾ ਉਹਨਾਂ ਨੂੰ, ਜਾ ਕਰਵਾਈਏ ਬੋਧ।

ਮਿਲਕੇ ਦੁਨੀਆਂ ਵਾਲੜੇ, ਕੋਹੜ ਦਿਓ ਇਹ ਕੱਟ।

ਸੂਈ ਮੇਲ ਮਿਲਾਪ ਦੀ, ਸੀਵੇ ਡੂੰਘੇ ਫੱਟ।

ਸੂਬੇ ਭੇਜੇ ਆਪਣੇ, ਉਹਨਾਂ ਵਿੱਚ ਵਿਦੇਸ਼।

ਦੇਸ਼ ਅਜ਼ਾਦੀ ਵਾਸਤੇ, ਸਾਜਣ ਮਿਸ਼ਨ ਵਿਸ਼ੇਸ਼।

ਜੋ ਭਰੋਸੇਯੋਗ ਤੇ, ਸਨ ਪ੍ਰਤਿਭਾਵਾਨ।

ਭੇਜੇ ਦੇ ਕੇ ਥਾਪੜਾ, ਸੂਰਬੀਰ ਬਲਵਾਨ।

ਜਿੱਥੇ ਜਿੱਥੇ ਗਏ, ਉਹ ਪਾ ਚੰਗਾ ਪ੍ਰਭਾਵ।

ਮਿੱਤਰਤਾਈ ਵਾਲੜਾ, ਕਰਨ ਪਏ ਵਰਤਾਵ।

ਭਵਸਾਗਰ ਅੰਗ੍ਰੇਜ਼ ਦਾ, ਤਰਨਾ ਨੀਤੀ ਨਾਲ।

ਸਾਂਝੇ ਉਹਨਾਂ ਨਾਲ ਨੇ, ਕੀਤੇ ਇੰਜ ਖਿਆਲ।

## ਕਸ਼ਮੀਰ ਨਾਲ ਸੰਬੰਧ

ਮਹਾਰਾਜਾ ਰਣਜੀਤ ਸਿੰਘ, ਨਾਲ ਰੋਅਬ ਤੇ ਦਾਬ।

ਕਰ ਲੀਤਾ ਕਸ਼ਮੀਰ ਨੂੰ, ਸ਼ਾਮਲ ਵਿੱਚ ਪੰਜਾਬ।

ਅਠਾਰਾਂ ਸੌ ਤੇ ਈਸਵੀ, ਉੱਨੀ ਨਾਲ ਪਛਾਣ।

ਮਹਾਰਾਜਾ ਕਸ਼ਮੀਰ ਤੇ, ਕਾਬਜ਼ ਹੋਇਆ ਆਣ।

ਐਪਰ ਅੱਖਾਂ ਮੀਟੀਆਂ, ਜਾਂ ਰਾਜੇ ਰਣਜੀਤ।

ਓਦੋਂ ਹੋਏ ਡੋਗਰੇ, ਹੱਦੋਂ ਵੱਧ ਪਲੀਤ।

ਮੁਦਕੀ ਵਾਲੇ ਜੰਗ ਵਿੱਚ, ਜਿਹੜੀ ਹੋਈ ਹਾਰ।

ਉਹਦਾ ਸੀ ਗੁਲਾਬ ਸਿੰਘ, ਬਹੁਤਾ ਜ਼ਿੰਮੇਵਾਰ।

ਵਫਾਦਾਰੀਆਂ ਦੀ ਉਸ, ਲਈ ਕਟਾ ਰਸੀਦ।

ਉਹਨੇ ਲਿਆ ਫਰੰਗੀਆਂ, ਤੋਂ ਕਸ਼ਮੀਰ ਖਰੀਦ।

ਵਿੱਚ ਪਝੱਤਰ ਲੱਖ* ਦੇ, ਸੌਦਾ ਕੀਤਾ ਖਾਸ।

ਨਾਲੇ ਆਖੇ ਰਹਾਂਗਾ, ਸਦਾ ਤੁਹਾਡਾ ਦਾਸ।

ਮਹਾਰਾਜੇ ਦਲੀਪ ਨੂੰ, ਗੱਦੀ ਤੇ ਬਿਠਾਲ।

ਗੋਰਾ ਰੈਜ਼ੀਡੈਂਸ ਰਿਹਾ, ਖੁਦ ਸੀ ਰਾਜ ਚਲਾ।

ਤੇਜਾ ਸਿੰਘ ਸੈਨਾਪਤੀ, ਲਾਲ ਸਿੰਘ ਦੀਵਾਨ।

ਏਹੋ ਦੋਵੇਂ ਡੋਗਰੇ, ਵੱਡੇ ਬੇਈਮਾਨ।

ਅੰਗ੍ਰੇਜ਼ਾਂ ਨੇ ਯੁੱਧ ਦਾ, ਪਾਇਆ ਫੇਰ ਤਵਾਨ।

ਮੰਗੀ ਇੱਕ ਕਰੋੜ ਦੀ, ਉਹਨਾਂ ਰਕਮ ਮਹਾਨ।

ਰਾਜ ਕੋਸ਼ ਪੰਜਾਬ ਦਾ, ਖਾਲੀ ਹੋਇਆ ਮੂਲ।

ਦੇ ਕਸ਼ਮੀਰ ਗੁਲਾਬ ਨੂੰ, ਲੀਤੀ ਰਕਮ ਵਸੂਲ।

ਇੱਕ ਤੀਰ ਦੇ ਨਾਲ, ਓਸ ਮਾਰੇ ਦੋ ਸ਼ਿਕਾਰ।

ਲਾਵੋ ਖਾਂ ਅਨੁਮਾਨ ਸੀ, ਕਿੰਨਾ ਤੇਜ਼ ਤਰਾਰ।

ਦਿੱਤਾ ਓਸ ਗੁਲਾਬ ਸਿੰਘ, ਤਾਈਂ ਵੀ ਖੁਸ਼ ਕਰ।

ਬੈਠਾ ਜੇਬ ਆਪਣੀ, ਨਾਲ ਰੁਪਈਆਂ ਭਰ।

ਮਹਾਰਾਜਾ ਕਸ਼ਮੀਰ ਦਾ, ਬਣਿਆ ਜਦੋਂ ਗੁਲਾਬ।

ਕਿਰਪਾ ਰਾਮ ਦੀਵਾਨ ਵੀ, ਲੀਤਾ ਸਾਜ ਸ਼ਤਾਬ।

ਉਹ ਵੀ ਸੀ ਅੰਗ੍ਰੇਜ਼ ਦਾ, ਪੂਰਾ ਟੁੱਕੜ ਬੋਚ।

ਸਦਾ ਭਰਾਵਾਂ ਵਾਸਤੇ, ਉਲਟੀ ਰੱਖੇ ਸੋਚ।

ਪਿੱਛੋਂ ਫੇਰ ਗੁਲਾਬ ਦੇ, ਪੁੱਤ ਉਹਦਾ ਰਣਬੀਰ।

ਵਾਰਸ ਬਣਿਆ ਰਾਜ ਦਾ, ਬਦਲ ਗਈ ਤਾਸੀਰ।

ਓਸ ਵੇਖਿਆ ਕੀਤੀਆਂ, ਸ਼ਰਤਾਂ ਦੇ ਅਨੁਸਾਰ।

ਚੱਲ ਰਿਹਾ ਅੰਗ੍ਰੇਜ਼ ਨਾ, ਕਰਦਾ ਗਲਤ ਵਿਹਾਰ।

ਹੁਣ ਉਹੋ ਸਰਕਾਰ ਤੋਂ, ਚਾਹਵੇ ਦੂਰ ਦੁਫੇੜ।

ਰੂਸ ਅਤੇ ਨੇਪਾਲ ਦੇ, ਨਾਲ ਵਧਾਵੇ ਨੇੜ।

ਮਨਸੁਖ ਉਹਦਾ ਗੁਪਤਚਰ, ਡਾਢਾ ਤੇਜ਼ ਤਰਾਰ।

ਜੋੜਨ ਲੱਗਾ ਦੋਸਤੀ, ਵਾਲੇ ਵੱਖਰੇ ਤਾਰ।

ਰਾਜ ਗੁਰੂ ਰਣਬੀਰ ਦਾ, ਇੱਕ ਵੇਦਾਂਤੀ ਜਾਣ।

ਵੱਡਾ ਨੀਤੀਵਾਨ ਉਹ, ਤੁਰਦਾ ਵਕਤ ਪਛਾਣ।

ਕੂਟਨੀਤ ਸਰਕਾਰ ਦੀ, ਸਮਝੀ ਓਸ ਤਮਾਮ।

ਕਠਪੁਤਲੀ ਅੰਗ੍ਰੇਜ਼ ਦੀ, ਬਣਨਾ ਸਮਝ ਹਰਾਮ।

ਕਰਦਾ ਰਾਜੇ ਨੂੰ ਸੀ, ਏਸੇ ਲਈ ਸੁਚੇਤ।

ਜਿਸ ਦੇ ਅੰਦਰ ਸਮਝਦਾ, ਰਾਜ ਕਾਜ ਦਾ ਹੇਤ।

ਏਸੇ ਕਰਕੇ ਓਸ ਨੇ, ਹੋਰ ਆਸਰਾ ਭਾਲ।

ਸਾਜੇ ਗੁਪਤ ਸੰਬੰਧ ਸਨ, ਰੂਸ ਨੇਪਾਲ ਨਾਲ।

ਜ਼ਿਲ੍ਹੇ ਸਿਆਲਕੋਟ ਦੇ, ਨਾਮਧਾਰੀਏ ਜਾਣ।

ਨਾਲ ਵੇਦਾਂਤੀ ਰੱਖਦੇ, ਚੰਗੀ ਜਾਣ ਪਛਾਣ।

ਸਤਿਗੁਰ ਜੀ ਨੇ ਏਸ ਦਾ, ਲੀਤਾ ਲਾਭ ਉਠਾ।

ਰਾਜੇ ਦੇ ਸੰਗ ਕੂਕਿਆਂ, ਲਏ ਸੰਬੰਧ ਬਣਾ।

ਪਿੰਡ ਗ੍ਰੰਥ ਗੜ੍ਹ ਦਾ, ਕਿਸ਼ਨ ਸਿੰਘ ਸਰਦਾਰ।

ਉਹ ਕਸ਼ਮੀਰ ਭੇਜਿਆ, ਕਰਕੇ ਆਪ ਤਿਆਰ।

ਲੰਮੀ ਮੰਜ਼ਲ ਮਾਰ ਕੇ, ਗਿਆ ਵੇਦਾਂਤੀ ਕੋਲ।

ਮਨਸ਼ਾ ਜੋ ਗੁਰਦੇਵ ਦੀ, ਦੱਸੀ ਖਾਸ ਫਰੋਲ।

ਫੇਰ ਵੇਦਾਂਤੀ ਓਸ ਨੂੰ, ਕਰ ਕੇ ਨੇਕ ਸਲਾਹ।

ਦਿੱਤਾ ਸੀ ਰਣਬੀਰ ਸਿੰਘ, ਰਾਜੇ ਨਾਲ ਮਿਲਾ।

ਸੁੱਚਾ ਜੀਵਨ ਜੀਵਣਾ, ਉੱਚਾ ਰੱਖ ਮਿਆਰ।

ਸਤਿਗੁਰ ਜੀ ਨੇ ਬਖਸ਼ਿਆ, ਉੱਤਮ ਚੱਜ ਆਚਾਰ।



Sri Satguru Jagjit Singh Ji eLibrary NamdhariElibrary@gmail.com

ਦੱਸਿਆ ਨਾਮਧਾਰੀਆਂ, ਬਾਰੇ ਕਰ ਵਿਸਥਾਰ।

ਇਹ ਚਾਹੁੰਦੇ ਨੇ ਬਦਲੀਏ, ਇਹ ਜ਼ਾਲਮ ਸਰਕਾਰ।

ਮਹਾਰਾਜੇ ਦੀ ਕਿਸ਼ਨ ਸਿੰਘ, ਕਰ ਪ੍ਰਸੰਸਾ ਢੇਰ।

ਹਿੰਦੂ ਰਾਜ ਸੁਤੰਤਰ, ਰੱਖੋ ਤੁਸੀਂ ਦਲੇਰ।

ਇਹ ਹਕੂਮਤ ਵਾਲੜੇ, ਰੱਖਣ ਅਗਰ ਕਲੇਸ਼।

ਨਾਮਧਾਰੀਏ ਕਰਨਗੇ, ਤੇਰੀ ਮਦਦ ਹਮੇਸ਼।

ਅਸੀਂ ਤੁਸੀਂ ਹਾਂ ਅੱਜ, ਤੋਂ ਹੋਏ ਗੂੜ੍ਹੇ ਮੀਤ।

ਇੱਕ ਦੂਜੇ ਤੇ ਰੱਖੀਏ, ਸਦਾ ਪ੍ਰੀਤ ਪ੍ਰਤੀਤ।

ਇੰਜ ਵਧਾ ਸੁਹਿਰਦਤਾ, ਪਾ ਕੇ ਪ੍ਰੇਮ ਪਿਆਰ।

ਵਾਪਸ ਓਥੋਂ ਪਰਤਿਆ, ਕਿਸ਼ਨ ਸਿੰਘ ਸਰਦਾਰ।

---o---

ਸੰਨ ਉਨਹੱਤਰ ਈਸਵੀ, ਸੌ ਅਠਾਰਾਂ ਨਾਲ।

ਵਿੱਚ ਸਿਆਲਕੋਟ ਦੇ, ਪਹੁੰਚੇ ਦੀਨ ਦਿਆਲ।

ਗੁੱਜਰਾਂ ਵਾਲੇ ਜ਼ਿਲ੍ਹੇ ਦਾ, ਦੌਰਾ ਮਿਥਿਆ ਸੰਗ।

ਅੰਮ੍ਰਿਤ ਬਾਣੀ ਨਾਮ ਰਸ, ਪਏ ਵਗਾਉਂਦੇ ਗੰਗ।

ਘਰ ਘਰ ਦੇਸ਼ ਪ੍ਰੇਮ ਦੀ, ਬਾਲਣ ਪਏ ਮਿਸ਼ਾਲ।

ਹੁੰਦਾ ਜਾਵੇ ਰੋਜ ਹੀ, ਘੇਰਾ ਹੋਰ ਵਿਸ਼ਾਲ।

ਲੰਬੂ ਹੀਰਾ ਸਿੰਘ ਦਾ, ਵਿੱਚ ਸਢੌਰੇ ਵਾਸ।

ਕਿਲਾ ਦੇਸਾ ਸਿੰਘ ਦਾ, ਤਾਰਾ ਸਿੰਘ ਵੀ ਪਾਸ।

ਵਿੱਚ ਸਢੌਰੇ ਆਖਦੇ, ਹੀਰਾ ਸਿੰਘ ਇੱਕ ਹੋਰ।

ਪੁੱਤਰ ਜੈਮਲ ਸਿੰਘ ਦਾ, ਪੜ੍ਹਿਓ ਕਰਕੇ ਗੌਰ।

ਦੂਜਾ ਹੀਰਾ ਸਿੰਘ ਸੀ, ਮਧਰਾ ਨਾਲੋਂ ਆਮ।

ਏਸੇ ਕਰਕੇ ਪੈ ਗਿਆ, ਲੰਬੂ ਇਸ ਦਾ ਨਾਮ।

ਤੋਰੇ ਇਹ ਕਸ਼ਮੀਰ ਨੂੰ, ਕਰਕੇ ਹੁਕਮ ਹਜ਼ੂਰ।

ਨਾਲ ਅਠਾਈ ਸਿੱਖ ਵੀ, ਗੁਰ ਕ੍ਰਿਪਾ ਭਰਪੂਰ।

ਉਹ ਰਾਜੇ ਕਸ਼ਮੀਰ ਦੇ, ਪਹੁੰਚੇ ਜਾ ਕੇ ਕੋਲ।

ਕਰੀਏ ਤੇਰੀ ਨੌਕਰੀ, ਬਾਤ ਸੁਣਾਈ ਖੋਹਲ।

ਵਿੱਚ ਫੌਜ ਕਸ਼ਮੀਰ ਦੀ, ਰਾਜੇ ਲੀਤੇ ਰੱਖ।

ਬੱਝ ਗਈ ਤਨਖਾਹ ਸੀ, ਉਹਨਾਂ ਨਾਲੋਂ ਵੱਖ।

ਦਿੱਤੀ ਧਰਤੀ ਵੱਖਰੀ, ਜੰਮੂ ਤੋਂ ਕੁਝ ਬਾਹਰ।

ਨਾਮਧਾਰੀਏ ਵੱਖਰੇ, ਜਿੱਥੇ ਰਹਿਣ ਤਿਆਰ।

ਓਸ ਡੋਗਰਾ ਫੌਜ ਤੋਂ, ਇੱਕ ਰੁਪਈਆ ਵੱਧ।

ਕਰ ਦਿੱਤੀ ਤਨਖਾਹ ਸੀ, ਹੀਰਾ ਸਿੰਘ ਸੱਦ।

ਸਨ ਜੁਆਨ ਦਰਸ਼ਨੀ, ਇਹ ਪੰਜਾਬੀ ਸ਼ੇਰ।

ਚਿਹਰਿਆਂ ਉੱਤੇ ਲਾਲੀਆਂ, ਡਾਢੇ ਦਿਲੋਂ ਦਲੇਰ।



Sri Satguru Jagjit Singh Ji eLibrary NamdhariElibrary@gmail.com

ਜਾਂ ਰਾਜੇ ਰਣਬੀਰ ਨੇ, ਡਿੱਠਾ ਪਰਖ ਵੀਚਾਰ।

ਸੱਚੇ ਪੱਕੇ ਕੌਲ ਦੇ, ਵਫ਼ਾਦਾਰ ਸਰਦਾਰ।

ਰਾਜੇ ਨੇ ਫਿਰ ਆਖਿਆ, ਹੀਰਾ ਸਿੰਘ ਨੂੰ ਜਾ।

ਕੂਕਾ ਰਜਮੈਂਟ ਵੱਖਰੀ, ਏਥੇ ਲਵੋ ਬਣਾ।

ਲਿਆਵੋ ਜਾ ਪੰਜਾਬ 'ਚੋਂ, ਚੰਗੇ ਹੋਰ ਜਵਾਨ।

ਸਤਿਗੁਰ ਜੀ ਇਹ ਬੇਨਤੀ, ਕਰ ਲੀਤੀ ਪ੍ਰਵਾਨ।

ਦੇ ਦਿੱਤੀ ਸੀ ਆਗਿਆ, ਜਾਵਣ ਹੋਰ ਜਵਾਨ।

ਨਾਮਧਾਰੀ ਡੇਢ ਸੌ, ਹੀਰਾ ਸਿੰਘ ਪ੍ਰੇਰ।

ਲੈ ਕਸ਼ਮੀਰ ਪਹੁੰਚਿਆ, ਜਰਾ ਨਾ ਲਾਈ ਦੇਰ।

ਮਹਾਰਾਜੇ ਨੇ ਸਭ ਨੂੰ, ਭਰਤੀ ਕੀਤਾ ਝੱਟ।

ਗਏ ਟ੍ਰੇਨਿੰਗ ਵਾਸਤੇ, ਸਿੰਘ ਸੂਰਮੇ ਡਟ।

ਹੀਰਾ ਸਿੰਘ ਕਮਾਂਡਰ, ਹੇਠਾਂ ਜਿਦ੍ਹੀ ਕਮਾਨ।

ਫਿਰ ਸਿਖਲਾਈ ਫੌਜ ਦੀ, ਲੱਗੇ ਲੈਣ ਜਵਾਨ।

ਗਿਲਗਿਤ ਦੀ ਸਰਹੱਦ ਤੇ, ਕਰ ਦਿੱਤੇ ਤਾਇਨਾਤ।

ਰਾਜੇ ਨੂੰ ਇਹ ਜਿਸ ਤਰ੍ਹਾਂ, ਸੈਨਿਕ ਮਿਲੀ ਸੌਗਾਤ।

ਪਹਿਨਣ ਚਿੱਟੇ ਕੱਪੜੇ, ਵਰਦੀ ਓਹੋ ਖਾਸ।

ਸਤਿਗੁਰ ਜੀ ਦੀ ਨਜ਼ਰ 'ਚੋਂ, ਜਿਹੜੀ ਹੋਈ ਪਾਸ।

ਤੀਕਰ ਸੱਤਰ ਈਸਵੀ ,ਕੂਕੇ ਆ ਕੇ ਹੋਰ।



Sri Satguru Jagjit Singh Ji eLibrary NamdhariElibrary@gmail.com

ਭਰਤੀ ਹੋਏ ਫੌਜ ਵਿੱਚ, ਗੱਭਰੂ ਨਵੇਂ ਨਕੋਰ।

ਗਿਣਤੀ ਢਾਈ ਸੌ ਦੀ, ਹੋਈ ਅੰਦਰ ਸਾਲ।

ਫੌਜੀ ਰਮਜਾਂ ਸਿੱਖਦੇ, ਅਨੁਸ਼ਾਸਨ ਦੇ ਨਾਲ।

ਪਰ ਰਾਜੇ ਦਾ ਮੰਤਰੀ, ਕ੍ਰਿਪਾ ਰਾਮ ਦੀਵਾਨ।

ਵਫਾਦਾਰ ਅੰਗ੍ਰੇਜ਼ ਦਾ, ਉਹ ਅਬਲੀਸ ਸ਼ੈਤਾਨ।

ਸਾਲੇ ਦੇ ਵੀ ਸਾਲੇ ਉਸ, ਰੱਖੇ ਵਿੱਚ ਦਰਬਾਰ।

ਕਹਿਬਤ ਇਹ ਪ੍ਰਚਲਤ ਸੀ, ਲੋਕਾਂ ਦੇ ਵਿਚਕਾਰ।

ਉੱਤੋਂ ਮਿੱਠਾ ਬੋਲਦਾ, ਭਰਕੇ ਸ਼ਹਿਦ ਮਿਠਾਸ।

ਅੰਦਰ ਮਹੁਰਾ ਰਿੱਝਦਾ, ਸੀ ਘਾਤੀ ਵਿਸ਼ਵਾਸ।

ਚਾਹੁੰਦਾ ਸੀ ਨਾ ਪੁੰਗਰੇ, ਬੂਟਾ ਵਿੱਚ ਕਸ਼ਮੀਰ।

ਚੁੱਭਣ ਬਸਤੀਵਾਦ ਨੂੰ, ਜਿਸ ਦੇ ਤੇਜ਼ ਕਸੀਰ।

ਮਿੱਤਰ ਉਹ ਅੰਗ੍ਰੇਜ਼ ਦਾ, ਲਿਖ ਓਥੋਂ ਦਾ ਹਾਲ।

ਭੇਜੇ ਵੱਲ ਪੰਜਾਬ ਦੇ, ਬੜੀ ਚਲਾਕੀ ਨਾਲ।

ਰਿਸ਼ਵਤ ਲੈਂਦਾ ਓਧਰੋਂ, ਤੇ ਏਥੋਂ ਤਨਖਾਹ।

ਦੋਹੀਂ ਹੱਥੀਂ ਲੁੱਟਦਾ, ਹੋ ਕੇ ਬੇਪ੍ਰਵਾਹ।

ਸੂਹ ਮਿਲੀ ਸਰਕਾਰ ਨੂੰ, ਉਸ ਕੀਤੀ ਪੜਤਾਲ।

ਡਿਪਟੀ ਇੰਸਪੈਕਟਰ, ਭੇਜ ਦਿੱਤਾ ਤਤਕਾਲ।

ਉਹਨੇ ਆ ਕੇ ਦੱਸਿਆ, ਕਰ ਸਾਰੀ ਪੁਣਛਾਣ।



Sri Satguru Jagjit Singh Ji eLibrary NamdhariElibrary@gmail.com

ਕੂਕਾ ਰਜਮੈਂਟ ਵਿੱਚ ਨੇ, ਡੇਢ ਕੁ ਸੌ ਜਵਾਨ।
ਹੀਰਾ ਸਿੰਘ ਤੇ ਕਾਹਨ ਸਿੰਘ, ਪਏ ਸੰਭਾਲਣ ਕਾਜ।
ਜੋ ਵੀ ਆਏ ਪੰਜਾਬ ’ਚੋਂ, ਜੁੜਿਆ ਏਸ ਸਮਾਜ।
ਲੱਗੀ ਹੋਵੇ ਜਿਸ ਤੇ, ਸਤਿਗੁਰ ਜੀ ਦੀ ਮੋਹਰ।
ਭਰਤੀ ਕਰਦੇ ਓਸ ਨੂੰ, ਬਾਕੀ ਸਮਝਣ ਚੋਰ।
ਕਾਰਜ ਕੀਤੇ ਕੂਕਿਆਂ, ਸਾਰੇ ਨਾਲ ਈਮਾਨ।
ਪਰ ਸੀ ਕ੍ਰਿਪਾ ਰਾਮ, ਇੱਕ ਵੱਡਾ ਬੇਈਮਾਨ।
ਉਹ ਬਹਾਨਾ ਲੱਭਦਾ, ਰਲ ਭਾਰਤ ਸਰਕਾਰ।
ਇਹ ਕੂਕੇ ਕਸ਼ਮੀਰ ’ਚੋਂ, ਹੋ ਜਾਵਣ ਜੇ ਬਾਹਰ।
ਪਰ ਵੇਦਾਂਤੀ ਦੇਂਵਦਾ, ਬੈਠ ਤਸੱਲੀ ਪਾਸ।
ਰਾਜੇ ਮਨ ਟਿਕਾ ਲਿਆ, ਆਈ ਸੂ ਧਰਵਾਸ।
ਐਪਰ ਘਟਨਾ ਵਾਪਰੀ, ਐਸੀ ਵਿੱਚ ਪੰਜਾਬ।
ਸਮੀਕਰਨ ਸਭ ਬਦਲਕੇ, ਦਿੱਤਾ ਪਲਟ ਹਿਸਾਬ।
ਏਧਰ ਅਣਖੀ ਕੂਕਿਆਂ, ਬੁੱਚੜ ਦਿੱਤੇ ਮਾਰ।
ਆਖਣ ਗਊ ਗਰੀਬ ਦਾ, ਕਰਨਾ ਅਸਾਂ ਉਧਾਰ।
ਦਿੱਤਾ ਫੇਰ ਦੀਵਾਨ ਨੇ, ਰਾਜੇ ਨੂੰ ਸਮਝਾ।
ਕੂਕਾ ਰਜਮੈਂਟ ਤੋੜਿਆਂ, ਹੋਣਾ ਹੁਣ ਬਚਾਅ।
ਜੇਕਰ ਰੱਖੀ ਫੌਜ ਇਹ, ਆਵੇਗੀ ਅਲਮੇਟ।



Sri Satguru Jagjit Singh Ji eLibrary NamdhariElibrary@gmail.com

ਕਰ ਦੇਵੇ ਕਸ਼ਮੀਰ ਦਾ, ਗੋਰਾ ਮਲੀਆ ਮੇਟ।

ਟੋਟਾ ਇਹ ਸਵਰਗ ਦਾ, ਸਾਥੋਂ ਜਾਵੇ ਖੁੱਸ।

ਗੋਰਾ ਸਾਡੇ ਨਾਲ ਜੇ, ਗਿਆ ਕਵੇਲੇ ਰੁੱਸ।

ਲੋਕ ਸਿਆਣੇ ਆਖਦੇ, ਵਾਹ ਸਾਡੀ ਤਕਦੀਰ।

ਜੰਨਤ ਕਿਧਰੇ ਹੈ ਤਾਂ, ਹੈ ਏਹੋ ਕਸ਼ਮੀਰ।

ਵੰਡੇ ਪੌਣ ਸੁਗੰਧੀਆਂ, ਪਾਣੀ ਹੈ ਅਕਸੀਰ।

ਕਲ ਕਲ ਵਗਦਾ ਵੇਖੀਏ, ਏਥੇ ਨਿਰਮਲ ਨੀਰ।

ਹਰ ਵੇਲੇ ਹਰਿਆਵਲੀ, ਉੱਚੀ ਇਸ ਦੀ ਸ਼ਾਨ।

ਕਿਧਰੇ ਨੋਕ ਪਹਾੜ ਦੀ, ਕਿਧਰੇ ਸਾਫ਼ ਮੈਦਾਨ।

ਮੇਵੇ ਹੋਣ ਜੱਗ ਤੇ, ਏਥੋਂ ਦੇ ਮਸ਼ਹੂਰ।

ਜਿਹੜਾ ਏਥੇ ਵੱਸਦਾ, ਨਾਲ ਖੁਸ਼ੀ ਮਗਰੂਰ।

ਛਾਤੀ ਤਾਣੀ ਖੜ੍ਹੇ ਨੇ, ਉੱਚੇ ਚੀਲ ਦਿਆਰ।

ਏਥੇ ਰੱਬੀ ਰਹਿਮਤਾਂ, ਦਿੱਤੇ ਖੋਲ੍ਹ ਭੰਡਾਰ।

ਬਰਫ਼ਾਂ ਲੱਦੀਆਂ ਚੋਟੀਆਂ, ਚਾਂਦੀ ਜੈਸਾ ਨੀਰ।

ਏਹਦੇ ਵਰਗੀ ਹੋਰ ਨਾ, ਦੁਨੀਆਂ ਤੇ ਤਸਵੀਰ।

ਉੱਤਮ ਕੇਸਰ ਉੱਗਦਾ, ਇੱਕੋ ਇੱਕ ਅਸਥਾਨ।

ਤੈਨੂੰ ਰਾਜ ਸੰਭਾਲਿਆ, ਆਪ ਓਸ ਭਗਵਾਨ।

ਕਿਉਂ ਕਰ ਭਾੜੇ ਭੰਗ ਦੇ, ਦਈਏ ਇਹਨੂੰ ਤੋਲ।

ਮਿੱਤਰਤਾਈ ਕੂਕਿਆਂ, ਦੀ ਕਰਕੇ ਅਣਭੋਲ।

ਦੱਸੀ ਗੱਲ ਦੀਵਾਨ ਦੀ, ਗਈ ਕਲੇਜਾ ਚੀਰ।

ਦਰ ਦਰ ਖਾਵੇਂ ਠੋਹਕਰਾਂ, ਸਾਂਭੇ ਨਾ ਕਸ਼ਮੀਰ।

ਰਾਜ ਪਿਆਰੇ ਰਾਜਿਆਂ, ਦੁਪਰਿਆਰੇ ਵੀਰ।

ਹੁੰਦੇ ਮਿੱਤਰ ਮਤਲਬੀ, ਰਾਜੇ ਅਤੇ ਵਜ਼ੀਰ।

ਹੀਰਾ ਸਿੰਘ ਨੂੰ ਸੱਦ ਕੇ, ਮਟਕਾ ਦਿੱਤਾ ਫੋੜ।

ਕੂਕਾ ਰਜਮੈਂਟ ਅੱਜ ਤੋਂ, ਆਖੇ ਦਿੱਤੀ ਤੋੜ।

ਜੇ ਰਜਮੈਂਟ ਨਾ ਟੁੱਟਦੀ, ਥੋੜ੍ਹਾ ਚਿਰ ਵੀ ਹੋਰ।

ਲੈਣੀ ਸੀ ਹੱਥ ਆਪਣੇ, ਸਤਿਗੁਰ ਜੀ ਨੇ ਡੋਰ।

ਚਾਹੁੰਦੇ ਸਨ ਉਹ ਵੇਖ ਕੇ, ਮੌਕਾ ਸੂਤਰਧਾਰ।

ਹੱਲਾ ਕਰ ਅੰਗ੍ਰੇਜ਼ ਨੂੰ, ਕੱਢ ਦਿਆਂਗੇ ਬਾਹਰ।

### ਨੇਪਾਲ ਨਾਲ ਸੰਬੰਧ

ਕੇਵਲ ਦੁਨੀਆਂ ਦਾ ਇੱਕ, ਹਿੰਦੂ ਰਾਜ ਨਿਰੋਲ।

ਪੈਰਾਂ ਵਿੱਚ ਪਹਾੜ ਦੇ, ਇਹ ਭੂਮੀ ਅਨਮੋਲ।

ਏਥੇ ਵੱਸਣ ਗੋਰਖੇ, ਬੜੀ ਬਹਾਦਰ ਕੌਮ।

ਪੂਜਣ ਦੇਵੀ ਦੇਵਤੇ, ਮੁੱਖੋਂ ਜਪਦੇ ਓਮ।

ਅਣਖੀਲੇ ਤੇ ਵਫ਼ਾਦਾਰ, ਅੜੇ ਸੋ ਕਰਦੇ ਚਿੱਤ।



Sri Satguru Jagjit Singh Ji eLibrary NamdhariElibrary@gmail.com

ਜਿਸ ਦੇ ਰਹਿੰਦੇ ਹੋ ਕੇ, ਮਨ ਲੈਂਦੇ ਨੇ ਜਿੱਤ।

ਰਾਜਾ ਏਥੋਂ ਦਾ ਸੀ, ਪ੍ਰਿਥਵੀ ਨਰਾਇਣ ਸ਼ਾਹ।

ਛੋਟੇ ਰਾਜੇ ਜਿੱਤ ਕੇ, ਲੀਤੇ ਨਾਲ ਮਿਲਾ।

ਉਹਨੇ ਕੀਤਾ ਕਾਇਮ ਸੀ, ਏਥੇ ਰਾਜ ਨੇਪਾਲ।

ਜੰਗ ਬਹਾਦਰ ਹੁਣ ਸੀ, ਇਹਨੂੰ ਰਿਹਾ ਸੰਭਾਲ।

ਈਸਟ ਇੰਡੀਆ ਕੰਪਨੀ, ਜਦੋਂ ਪਸਾਰੇ ਪੈਰ।

ਰਾਜੇ ਨੇ ਵੀ ਸਮਝਿਆ, ਹੁਣ ਨਾ ਮੇਰੀ ਖੈਰ।

ਇਸ ਤੋਂ ਪਹਿਲਾਂ ਹੈ ਸੀ, ਜੋ ਨੇਪਾਲ ਨਰੇਸ਼।

ਅੰਗ੍ਰੇਜ਼ਾਂ ਨੂੰ ਸਮਝਿਆ, ਖਤਰਾ ਓਸ ਵਿਸ਼ੇਸ਼।

ਨਾਲ ਰਲਾ ਕੇ ਰਾਜਿਆਂ, ਕੱਠਾ ਹੰਭਲਾ ਮਾਰ।

ਪੁੱਟ ਜੜ੍ਹੋਂ ਅੰਗ੍ਰੇਜ਼ ਨੂੰ, ਸੁੱਟਣਾ ਸਾਗਰ ਪਾਰ।

ਮਹਾਰਾਜਾ ਰਣਜੀਤ ਦੇ, ਰਲ ਕੇ ਉਹਨੇ ਨਾਲ।

ਕੱਢਣ ਲਈ ਅੰਗ੍ਰੇਜ਼ ਨੂੰ, ਚੱਲਣੀ  ਚਾਹੀ ਚਾਲ।

ਭੀਮ ਸੈਨ ਨੇ ਭੇਜਿਆ, ਓਦੋਂ ਦੂਤ ਲਹੌਰ।

ਉਹ ਪ੍ਰਧਾਨ ਮੰਤਰੀ, ਓਸ ਵਕਤ ਸਿਰਮੌਰ।

ਉਸ ਸ਼ੇਰੇ ਪੰਜਾਬ ਨੂੰ, ਲੀਤਾ ਵਿੱਚ ਵਸਾਹ।

ਨਾਲ ਫਰੰਗੀ ਯੁੱਧ ਦੀ, ਲੱਗੀ ਹੋਣ ਸਲਾਹ।

ਪੰਡਤ ਪਦਮ ਮਣੀ ਨੂੰ, ਘੱਲਿਆ ਦੱਖਣ ਵੱਲ।

ਉਹਨੇ ਨਾਲ ਮਰਾਠਿਆਂ, ਕੀਤੀ ਜਾ ਕੇ ਗੱਲ।

ਆਖੇ ਤਾਕਤ ਆਪਣੀ, ਜੰਗ 'ਚ ਦੇਵਾਂ ਝੋਕ।

ਰਲ ਕੇ ਦੇਸ਼ੋਂ ਕੱਢੀਏ, ਇਹ ਵਪਾਰੀ ਲੋਕ।

ਐਪਰ ਮਸਲਾ ਅਜੇ ਸੀ, ਇਹ ਵੀਚਾਰ ਅਧੀਨ।

ਅੰਗ੍ਰੇਜ਼ਾਂ ਨੇ ਯੁੱਧ ਦੀ, ਆਣ ਵਜਾਈ ਬੀਨ।

ਗੋਰਖਿਆਂ ਨੂੰ ਏਸ ਤੋਂ, ਮਿਲੀ ਕਰਾਰੀ ਹਾਰ।

ਫਿਰ ਸਮਝੌਤਾ ਕਰ ਲਿਆ, ਹੋ ਉਹਨਾਂ ਲਾਚਾਰ।

ਹਿੱਸਾ ਕੁਝ ਨੇਪਾਲ ਦਾ, ਲੈ ਲੀਤਾ ਅੰਗ੍ਰੇਜ਼।

ਬਚਿਆ ਭੀਮ ਸੈਨ ਦਾ, ਮਸਾਂ ਤਾਜ ਤੇ ਤੇਜ਼।

ਚੁੱਭਦਾ ਰਿਹਾ ਨੇਪਾਲੀਆਂ, ਨੂੰ ਸਮਝੌਤਾ ਢੇਰ।

ਸੋਚ ਰਹੇ ਅੰਗ੍ਰੇਜ਼ ਨੇ, ਪਾਇਐ ਬੜਾ ਹਨੇਰ।

ਅੰਦਰ ਰਹਿੰਦੀ ਸੁਲਗਦੀ, ਬਦਲੇ ਵਾਲੀ ਅੱਗ।

ਇਸ ਸਮਝੌਤੇ ਉਹਨਾਂ ਦੀ, ਨੀਵੀਂ ਕੀਤੀ ਪੱਗ।

ਪਰ ਸ਼ਾਸਕ ਬਰਤਾਨਵੀ, ਗਿੱਝੇ ਪਾ ਕੇ ਫੁੱਟ।

ਸੌਖੀ ਹੀ ਫਿਰ ਓਸ ਦੀ, ਲੈਣ ਅਜ਼ਾਦੀ ਲੁੱਟ।

ਜੰਗ ਬਹਾਦਰ ਮਾਰਿਆ, ਮਾਮਾ ਮਾਤਾ ਬਾਰ।

ਹੌਲੀ ਖੇਡੀ ਖੂਨ ਦੀ, ਮਾਰ ਮਾਰ ਸਰਦਾਰ।

ਗੱਦੀ ਉੱਤੇ ਬਹਿ ਗਿਆ, ਜੰਗ ਬਹਾਦਰ ਆਣ।

ਵਿੱਚ ਰਾਜ ਦਰਬਾਰ ਦੇ, ਵੱਡਾ ਕਰਕੇ ਘਾਣ।

ਸਨ ਸ਼ੇਰੇ ਪੰਜਾਬ ਦੀ, ਉਹ ਫੌਜ ਵਿਚਕਾਰ।

ਜੰਗ ਬਹਾਦਰ ਭਾਣਜਾ, ਮਾਮਾ ਮਾਤਾ ਬਾਰ।

ਬਹੁਤੇ ਹੈ ਸਨ ਗੋਰਖੇ, ਨੌਕਰ ਵਿੱਚ ਲਹੌਰ।

ਓਥੇ ਰਜਮੈਂਟ ਗੋਰਖਾ, ਸਾਜੀ ਕਰ ਕੇ ਗੌਰ।

ਏਸੇ ਲਈ ਪੰਜਾਬ ਦੇ, ਨਾਲ ਓਸ ਦਾ ਹੇਤ।

ਨਾਲੇ ਉਹ ਅੰਗ੍ਰੇਜ਼ ਤੋਂ, ਬੈਠਾ ਹੋ ਸੁਚੇਤ।

ਸਮਝ ਰਿਹਾ ਸੀ ਉਹ ਵੀ, ਗੋਰੇ ਵਾਲੀ ਚਾਲ।

ਸ਼ਾਇਦ ਨਿਸ਼ਾਨਾ ਓਸ ਦਾ, ਅਗਲਾ ਹੋਏ ਨੇਪਾਲ।

ਉਹਨਾਂ ਜਿੱਤ ਪੰਜਾਬ ਨੂੰ, ਉਲਟੀ ਕੀਤੀ ਕਾਰ।

ਮੋੜਨ ਮੇਰੇ ਵੱਲ ਵੀ, ਜਲਦੀ ਮਤੇ ਮੁਹਾਰ।

ਜਿੰਦਾ ਕਿਲੇ ਚੁਨਾਰ 'ਚੋਂ, ਨੱਸੀ ਗਈ ਨੇਪਾਲ।

ਜੰਗ ਬਹਾਦਰ ਓਸ ਨੂੰ, ਦਿੱਤੀ ਸ਼ਰਨ ਕਮਾਲ।

ਰੱਖਦਾ ਸੀ ਹਮਦਰਦੀਆਂ, ਰਾਜ ਘਰਣੇ ਨਾਲ।

ਤਾਹੀਓਂ ਜਿੰਦਾਂ ਓਸ ਨੇ, ਰੱਖੀ ਬਹੁਤ ਸੰਭਾਲ।

ਤਖਤੋਂ ਲੱਥੀ ਭਟਕਦੀ, ਮਹਾਰਾਣੀ ਦਾ ਮਾਣ।

ਨਾਲ ਰਾਜਸੀ ਸ਼ਾਨ ਦੇ, ਕੀਤਾ ਲਾ ਕੇ ਤਾਣ।

ਬਾਗਮਤੀ ਦੇ ਤੱਟ ਤੇ, ਥਾਪਾ ਸਥਲੀ ਵਿੱਚ।



Sri Satguru Jagjit Singh Ji eLibrary NamdhariElibrary@gmail.com

ਦਿੱਤਾ ਇੱਕ ਮਹੱਲ ਸੀ, ਉਹਨੇ ਕਰਕੇ ਖਿੱਚ।

ਬੰਨ੍ਹੀ ਪੈਨਸ਼ਨ ਓਸ ਦੀ, ਵੇਖ ਓਸ ਦੀ ਲੋੜ।

ਰਹੇ ਰਾਜਿਆਂ ਵਾਂਗ ਉਹ, ਕਦੇ ਨਾ ਆਵੇ ਥੋੜ੍ਹ।

ਕਰ ਦਿੱਤਾ ਸੀ ਓਸ ਨੇ, ਇਹਦਾ ਨਮਕ ਹਲਾਲ।

ਮਾਂਵਾਂ ਵਾਂਗਰ ਓਸ ਦੀ, ਕੀਤੀ ਸਾਂਭ ਸੰਭਾਲ।

ਸਤਵੰਜਾ ਦੇ ਗਦਰ ਦੇ, ਜੋ ਸੂਰੇ ਸਿਰਲੱਥ।

ਹਾਰ ਗਏ ਅੰਗ੍ਰੇਜ਼ ਤੋਂ, ਪਰ ਨਾ ਆਏ ਹੱਥ।

ਲੀਤੀ ਸ਼ਰਣ ਨੇਪਾਲ ਵਿੱਚ, ਉਹਨਾਂ ਨੇ ਵੀ ਆ।

ਜੰਗ ਬਹਾਦਰ ਨਾਲ ਸੀ, ਲਈ ਦੋਸਤੀ ਪਾ।

ਮੰਗ ਰਿਹਾ ਅੰਗ੍ਰੇਜ਼ ਸੀ, ਦੇਸ਼ ਭਗਤ ਸਰਦਾਰ।

ਨਾਂਹ ਨੁੱਕਰ ਪਰ ਕਰਦਿਆਂ, ਦਿੱਤਾ ਵਕਤ ਗੁਜ਼ਾਰ।

ਸੀ ਹਮਦਰਦੀ ਓਸ ਦੀ, ਵਤਨ ਪ੍ਰਸਤਾਂ ਨਾਲ।

ਦੁਸ਼ਮਣ ਉਹ ਅੰਗ੍ਰੇਜ਼ ਨੂੰ, ਕਰਦਾ ਦਿਲੋਂ ਖਿਆਲ।

ਏਹੋ ਬਾਤ ਵੀਚਾਰ ਕੇ, ਨਾਮਧਾਰੀਆਂ ਜਾ।

ਹੱਥ ਦੋਸਤੀ ਵਾਲੜਾ, ਅੱਗੇ ਲਿਆ ਵਧਾ।

ਦੁਸ਼ਮਣ ਜੋ ਅੰਗ੍ਰੇਜ਼ ਦਾ, ਉਹ ਅਸਾਡਾ ਯਾਰ।

ਮਿੱਤਰਤਾਈ ਏਸ ਲਈ, ਪਾਈ ਸੋਚ ਵੀਚਾਰ।

ਗ੍ਰੰਥ ਗੜ੍ਹ ਦਾ ਕਿਸ਼ਨ ਸਿੰਘ, ਹਰੀ ਸਿੰਘ ਬਨਾਮ।



. Sri Satguru Jagjit Singh Ji eLibrary NamdhariElibrary@gmail.com .

ਰਹਿੰਦਾ ਸੀ ਉਹ ਆਣ ਕੇ, ਫੱਤੇ ਵਾਲ ਗ੍ਰਾਮ।

ਕੂਕਾ ਪਲਟਣ ਓਸ ਨੇ, ਸਾਜੀ ਵਿੱਚ ਕਸ਼ਮੀਰ।

ਸਿਰੇ ਚੜ੍ਹੀ ਨਾ ਕਾਰ ਉਹ, ਹੋਇਆ ਨਹੀਂ ਅਧੀਰ।

ਕਰੇ ਖਿਲਾਫ਼ ਫ਼ਿਰੰਗੀਆਂ, ਉਹ ਖੁੱਲ੍ਹਾ ਪ੍ਰਚਾਰ।

ਰੜਕ ਰਿਹਾ ਸੀ ਬਿੱਲੀਆਂ, ਅੱਖਾਂ ਦੇ ਵਿਚਕਾਰ।

ਖ਼ੂਨ ਅਚਾਨਕ ਹੋ ਗਿਆ, ਫੱਤੇ ਵਾਲ ਗ੍ਰਾਮ।

ਕਿਸ਼ਨ ਸਿੰਘ ਦੇ ਸੀਸ ਤੇ, ਮੜ੍ਹ ਦਿੱਤਾ ਇਲਜ਼ਾਮ।

ਖਾਸ ਬਹਾਨਾ ਲੱਭਿਆ, ਛੱਡੇ ਕਿਉਂ ਸਰਕਾਰ।

ਬੜੀ ਦੇਰ ਤੋਂ ਓਸ ਤੇ, ਖਾਂਦੀ ਸੀ ਜੋ ਖਾਰ।

ਐਪਰ ਕਿਸ਼ਨ ਸਿੰਘ ਸੀ, ਡਾਢਾ ਚਤੁਰ ਸੁਜਾਨ।

ਮਾਰ ਉਡਾਰੀ ਉੱਡਿਆ, ਕਰ ਕੇ ਪੁਲਿਸ ਹੈਰਾਨ।

ਉਹ ਵੀ ਛੱਡ ਪੰਜਾਬ ਨੂੰ, ਪਹੁੰਚਾ ਆਣ ਨੇਪਾਲ।

ਲੁਕ ਛਿਪ ਓਥੇ ਪਹੁੰਚਿਆ, ਹਿੰਮਤ ਬੜੀ ਵਖਾਲ।

ਅਠਾਰਾਂ ਸੌ ਅਠਾਹਟ ਦਾ, ਇਹ ਈਸਵੀ ਸਾਲ।

ਮੇਲ ਹੋ ਗਿਆ ਓਸ ਦਾ, ਨੰਦ ਰਾਮ ਦੇ ਨਾਲ।

ਸੀ ਪੰਜਾਬੀ ਇਹ ਵੀ, ਏਥੇ ਹੌਲਦਾਰ।

ਵਿੱਚ ਨੇਪਾਲ ਪੁਲੀਸ ਦੇ, ਕਰਦਾ ਸੋਹਣੀ ਕਾਰ।

ਘਾਟ ਘਾਟ ਦਾ ਕਿਸ਼ਨ ਸਿੰਘ, ਪਾਣੀ ਪੀਤਾ ਜਾਣ।

ਜੰਗ ਬਹਾਦਰ ਸਾਹਿਬ ਨੂੰ, ਮਿਲਿਆ ਵਕਤ ਪਛਾਣ।

ਉਹਨੇ ਕੂਕਾ ਲਹਿਰ ਦਾ, ਕੁੱਲ ਪ੍ਰੋਗਰਾਮ।

ਜੋ ਜੋ ਜਾਣ ਉਲੀਕਿਆ, ਭੈਣੀ ਵਾਲੇ ਰਾਮ।

ਮਿਸ਼ਨ ਅਜ਼ਾਦੀ ਵਾਲੜਾ, ਨਾਲ ਸਮਾਜ ਸੁਧਾਰ।

ਦੱਸਿਆ ਸਾਰਾ ਓਸ ਨੇ, ਓਥੇ ਕਰ ਵਿਸਥਾਰ।

ਜੰਗ ਬਹਾਦਰ ਏਸ ਤੋਂ, ਹੋ ਪ੍ਰਭਾਵਿਤ ਢੇਰ।

ਆਖੇ ਵਿੱਚ ਪੰਜਾਬ ਦੇ, ਐਸਾ ਵੀ ਹੈ ਸ਼ੇਰ?

ਮਿਲਣਾ ਚਾਹਿਆ ਓਸ ਨੇ, ਚੀਨੀ ਵਾਲੇ ਨਾਲ।

ਕਿਸ਼ਨ ਸਿੰਘ ਨੇ ਲਿਖ ਕੇ, ਘੱਲਿਆ ਸਾਰਾ ਹਾਲ।

ਐਪਰ ਸਤਿਗੁਰ ਜੀ ਨੇ, ਵੇਖ ਵਕਤ ਦੀ ਚਾਲ।

ਖੁਦ ਨੇਪਾਲ ਜਾਣ ਦੀ, ਅਜੇ ਨਾ ਕੀਤੀ ਕਾਹਲ।

ਸੋਚ ਰਹੇ ਅੰਗ੍ਰੇਜ਼ ਨੂੰ, ਹੋ ਜਾਵੇਗਾ ਸ਼ੱਕ।

ਜਿੰਨਾ ਚਿਰ ਹਾਲਾਤ ਨਾ, ਜਾਵਨ ਪੂਰੇ ਪੱਕ।

ਐਪਰ ਸੂਬਾ ਸਾਹਿਬ ਸਿੰਘ, ਕਾਹਨ ਸਿੰਘ ਨਿਹੰਗ।

ਭੇਜੇ ਰਾਜਦੂਤ ਕਰ, ਵੱਲ ਬਹਾਦਰ ਜੰਗ।

ਮਿਲੇ ਨੇਪਾਲ ਨਰੇਸ਼ ਨੂੰ, ਕੀਤੀ ਬੈਠ ਵੀਚਾਰ।

ਇੱਕ ਇੱਕ ਦੋ ਗਿਆਰਾਂ, ਜੇ ਬਣ ਜਾਈਏ ਯਾਰ।

ਦੋ ਮੱਝਾਂ ਦੋ ਖੱਚਰਾਂ, ਚੰਗੀ ਨਸਲ ਪਛਾਣ।

ਤੋਹਫ਼ਾ ਦਿੱਤਾ ਜਾ ਕੇ, ਕੀਤਾ ਬਹੁਤਾ ਮਾਣ।

ਸਤਿਗੁਰ ਜੀ ਨੇ ਸੋਚਿਆ, ਪੱਕੀ ਪਾਈਏ ਗੰਢ।

ਜਿਹੜੀ ਔਖੇ ਵਕਤ ਵੀ, ਰਹੇ ਹਮੇਸ਼ ਅਖੰਡ।

ਸੂਬੇ ਦੋਵੇਂ ਅੱਪੜੇ, ਜਦ ਬਣ ਕੇ ਮਹਿਮਾਨ।

ਕੀਤਾ ਸੀ ਸਰਕਾਰ ਨੇ, ਆ ਸ਼ਾਹੀ ਸਨਮਾਨ।

ਮਿਲ ਕੇ ਬੱਬਰ ਜੰਗ* ਨੂੰ, ਜੰਗ ਬਹਾਦਰ ਨਾਲ।

ਕੀਤੀ ਮੁਲਾਕਾਤ ਸੀ, ਦਿਲੋਂ ਉਮੰਗ ਵਖਾਲ।

ਬਾਬਾ ਕਾਹਨ ਸਿੰਘ ਜੀ, ਅਤੇ ਨੇਪਾਲ ਨਰੇਸ਼।

ਵਿੱਚ ਖਾਲਸਾ ਫੌਜ ਦੇ, ਦੋਵੇਂ ਰਹੇ ਵਿਸ਼ੇਸ਼।

ਸੀ ਪੁਰਾਣੀ ਵਾਕਫ਼ੀ ਫਿਰ, ਕਾਹਦੀ ਹਿਚਕਚਾਹਟ।

ਸੋਚਣ ਕਿਵੇਂ ਬੁਝਾਵਣੀ, ਜ਼ੋਰ ਜ਼ੁਲਮ ਦੀ ਲਾਟ।

ਮਿਲ ਕੇ ਗੱਲਾਂ ਕੀਤੀਆਂ, ਉਹਨਾਂ ਬੈਠ ਅਡੋਲ।

ਯਾਦਾਂ ਵੀ ਕੁਝ ਪਿਛਲੀਆਂ, ਲਈਆਂ ਨਾਲ ਫਰੋਲ।

ਉਸ ਰਾਜੇ ਰਣਜੀਤ ਦੀ, ਆਈ ਨਿੱਘੀ ਯਾਦ।

ਗੱਲਾਂ ਕਰ ਕੇ ਮਿੱਠੀਆਂ, ਹੋਏ ਸਵਾਦ ਸਵਾਦ।

ਆਇਆ ਉਸ ਦੇ ਰਾਜ ਦਾ, ਯਾਦ ਭਿਆਨਕ ਅੰਤ।

ਇਹ ਸੋਚ ਕੇ ਸੋਗ ਦੀ, ਛਾਈ ਘਟਾ ਅਨੰਤ।

ਹੋਲੀ ਖੇਡੀ ਖੂਨ ਦੀ, ਵਿੱਚ ਰਾਜ ਦਰਬਾਰ।

ਬੁਰਛਾਗਰਦੀ ਮੱਚ ਗਈ, ਹੋਏ ਮੀਤ ਮੱਕਾਰ।

ਮਾਂ ਤੋਂ ਪੁੱਤ ਵਿਛੋੜਿਆ, ਰਾਜਾ ਬਾਲ ਦਲੀਪ।

ਦੋਹਾਂ ਤਾਈਂ ਕਦੇ ਨਾ, ਦਿੱਤਾ ਆਉਣ ਸਮੀਪ।

ਕਿੱਦਾਂ ਦੌੜੀ ਕੈਦ 'ਚੋਂ, ਹੋਈ ਕਿਵੇਂ ਫਰਾਰ।

ਰਾਣੀ ਦੇਸ਼ ਪੰਜਾਬ ਦੀ, ਹੋਈ ਜਿਵੇਂ ਖੁਆਰ।

ਰਾਣੀ ਉਹ ਰਣਜੀਤ ਦੀ, ਕੋਲ ਨੇਪਾਲ ਨਰੇਸ਼।

ਕਰਦਾ ਆਦਰ ਓਸ ਦਾ, ਓਥੇ ਬੜਾ ਵਿਸ਼ੇਸ਼।

ਏਸੇ ਕਰਕੇ ਹੋਰ ਵੀ, ਬਣਿਆ ਠੀਕ ਅਧਾਰ।

ਮੁਲਾਕਾਤ ਇਹ ਨਿਬੜੀ, ਡਾਢੇ ਨਾਲ ਪਿਆਰ।

* ਸਪੁੱਤਰ ਜੰਗ ਬਹਾਦਰ

## ਰਾਜੇ ਨੇ ਤੋਹਫੇ ਭੇਜਣੇ

ਮੰਗੀ ਰੁਖ਼ਸਤ ਸੂਬਿਆਂ, ਰਹਿ ਸ਼ਾਹੀ ਮਹਿਮਾਨ।

ਜੰਗ ਬਹਾਦਰ ਤੋਰਿਆ, ਦੇ ਬਹੁਤਾ ਸਨਮਾਨ।

ਤੋਹਫੇ ਭੇਜੇ ਹੋਰ ਵੀ, ਚੀਨੀ ਵਾਲੇ ਵੱਲ।

ਨਾਲ ਬੜੇ ਸਤਿਕਾਰ ਦੇ, ਕੀਤੀ ਗੱਲ ਸਵੱਲ।

ਕਸਤੂਰੀ ਦੇ ਨਾਫ਼ਿਆਂ, ਵਾਲੀ ਮਾਲਾ ਜੋੜ।



Sri Satguru Jagjit Singh Ji eLibrary NamdhariElibrary@gmail.com

ਗਿਣਤੀ ਇੱਕ ਸੌ ਅੱਠ ਦੀ, ਰੀਤੀ ਧਰਮ ਨਿਚੋੜ।

ਸੋਨੇ ਦਾ ਫੁੱਲ ਓਸ ਦਾ, ਡਾਢੀ ਕੀਮਤ ਦਾਰ।

ਕੀਤੀ ਭੇਟ ਨਰੇਸ਼ ਨੇ, ਨਾਲ ਬੜੇ ਸਤਿਕਾਰ।

ਖੋਖਰੀਆਂ ਦੋ ਸੁਹਣੀਆਂ, ਜੜੀਆਂ ਰਤਨਾਂ ਨਾਲ।

ਇੱਕ ਦੁਸ਼ਾਲਾ ਕੀਮਤੀ, ਦਿੱਤਾ ਆਪ ਸੰਭਾਲ।

ਥਾਨ ਪੰਜਾਹ ਗਜ ਭੇਟਿਆ, ਬਸਤਰ ਜਾਣ ਬਨਾਤ।

ਨਗਦ ਰੁਪਈਏ ਪੰਜ ਸੌ, ਖ਼ਿੱਲਤ ਨਾਲ ਸੌਗਾਤ।

ਪਾਈ ਉਹਦੀ ਜੇਬ ਵਿੱਚ, ਚਿੱਠੀ ਗੁਪਤ ਵਿਸ਼ੇਸ਼।

ਜਿਸ ਦਾ ਰੱਖਿਆ ਗੁਰੂ ਜੀ, ਗੁੱਝਾ ਭੇਦ ਹਮੇਸ਼।

ਕੀਤਾ ਵਿਦਾ ਪੰਜਾਬ ਨੂੰ, ਨਾਲ ਬੜੇ ਸਤਿਕਾਰ।

ਭੇਟ ਅਮੁੱਲੀ ਦੇ ਕੇ, ਕੀਤਾ ਨੇਕ ਵਿਹਾਰ।

ਕੀਤਾ ਹੈ ਸੀ ਗੁਰਾਂ ਨੇ, ਪਹਿਲਾਂ ਉਂਜ ਸਚੇਤ।

ਮੂਲ ਲਿਆਣੀ ਨਾਲ ਨਾ, ਕੋਈ ਵਸਤ ਅਚੇਤ।

ਫਿਰ ਵੀ ਰਾਜੇ ਦਿੱਤੀਆਂ, ਸੱਭੇ ਜੋਰੋ ਜੋਰ।

ਵੇਖ ਭਾਵਨਾ ਓਸ ਦੀ, ਰੋਕ ਨਾ ਸੱਕੇ ਹੋਰ।

ਸਤਿਗੁਰ ਜੀ ਦੇ ਰੱਖੀਆਂ, ਜਾ ਚਰਨਾਂ ਵਿੱਚ ਆਣ।

ਆਖਣ ਲੱਗੇ ਕਾਜ ਇਹ, ਕੀਤਾ ਹੋ ਅਨਜਾਣ।

ਬੋਲੇ ਤੁਸਾਂ ਲਿਆਂਦੀਆਂ, ਕਿਉਂ ਸੁਗਾਤਾਂ ਨਾਲ।



Sri Satguru Jagjit Singh Ji eLibrary NamdhariElibrary@gmail.com

ਪੱਕੀ ਕਰ ਕੇ ਤੋਰਿਆ, ਸੀ ਏਥੋਂ ਹਰ ਹਾਲ।

ਦੂਰ ਅੰਦੇਸ਼ੀ ਗੁਰਾਂ ਦੀ, ਦਾ ਸੀ ਇਹ ਪ੍ਰਤੀਕ।

ਗੁਪਤ ਸੰਬੰਧ ਜੋੜਨੇ, ਕਿੰਨੀ ਸੋਚ ਬਰੀਕ।

ਕਿਸ਼ਨ ਸਿੰਘ ਨੂੰ ਆਪ ਜੀ, ਦਿੱਤਾ ਖਾਸ ਆਦੇਸ਼।

ਹੋਰ ਸੰਬੰਧ ਸਾਜਣੇ, ਨਾਲ ਨੇਪਾਲ ਵਿਸ਼ੇਸ਼।

---o---

ਜੋ ਸ਼ੇਰੇ ਪੰਜਾਬ ਦੇ, ਖੈਰ ਖਵਾਹ ਸਰਦਾਰ।

ਨਹੀਂ ਜ਼ਮੀਰਾਂ ਵੇਚੀਆਂ, ਹੋਏ ਜਾਣ ਫਰਾਰ।

ਪਹੁੰਚੇ ਵਿੱਚ ਨੇਪਾਲ ਦੇ, ਹੋ ਉਦਾਸੀ ਸਾਧ।

ਜਿਨ੍ਹਾਂ ਦੀ ਅੰਗ੍ਰੇਜ਼ ਨੇ, ਕੀਤੀ ਪਿੱਛੋਂ ਲਾਧ।

ਉਹ ਪੰਜਾਬੋਂ ਆਣ ਕੇ, ਲੱਗੇ ਵਕਤ ਲੰਘਾਣ।

ਵਿੱਚ ਨੇਪਾਲੀ ਫੌਜ ਦੇ,ਭਰਤੀ ਹੋਏ ਆਣ।

ਗੁੱਜਰਾਂ ਵਾਲੇ ਦਾ ਸੀ, ਅਛਰਾ ਸਿੰਘ ਵਸਨੀਕ।

ਵਿੱਚ ਫੌਜ ਦੇ ਆਣਕੇ, ਭਰਤੀ ਹੋਇਆ ਠੀਕ।

ਪੁੱਤਰ ਨਲੂਏ ਸ਼ੇਰ ਦਾ, ਮੋਤੀ ਸਿੰਘ ਸਰਦਾਰ।

ਉੱਚਾ ਅਹੁਦਾ ਫੌਜ ਦਾ, ਦਿੱਤਾ ਕਰ ਇਤਬਾਰ।

ਇਹਨਾਂ ਨਾਲ ਵਧਾ ਕੇ, ਕਿਸ਼ਨ ਸਿੰਘ ਨੇ ਮੇਲ।



Sri Satguru Jagjit Singh Ji eLibrary NamdhariElibrary@gmail.com

ਡੱਬੇ ਜੋੜੀ ਜਾ ਰਿਹਾ, ਸਤਿਗੁਰ ਜੀ ਦੀ ਰੇਲ।

ਕਰਨਲ ਰੈਜੀਡੈਂਸ ਸੀ, ਰਹਿੰਦਾ ਵਿੱਚ ਨੇਪਾਲ।

ਆਰ. ਸੀ. ਲਾਰੰਸ ਜੋ, ਰੱਖੇ ਬੜਾ ਖਿਆਲ।

ਉਹਨੇ ਡਿੱਠੀ ਕੂਕਿਆਂ, ਅਤੇ ਨੇਪਾਲ ਨਰੇਸ਼।

ਜੰਗ ਬਹਾਦਰ ਵਿੱਚ ਹੈ, ਹੁੰਦੀ ਬਾਤ ਵਿਸ਼ੇਸ਼।

ਉਸ ਭਾਰਤ ਸਰਕਾਰ ਨੂੰ, ਦਿੱਤੀ ਭੇਜ ਰਿਪੋਰਟ।

ਹਾਲਤ ਜਾਣ ਨੇਪਾਲ ਦੇ, ਸਾਰੇ ਕਰ ਕੇ ਨੋਟ।

ਲਿਖਿਆ ਨਾਲ ਨੇਪਾਲ ਦੇ, ਕੂਕੇ ਜੋੜ ਸੰਬੰਧ।

ਪਏ ਅਜ਼ਾਦੀ ਲੈਣ ਦਾ, ਕਰਦੇ ਨੇ ਪ੍ਰਬੰਧ।

ਭਾਰਤ ਅੰਦਰ ਕੂਕਿਆਂ, ਜੇਕਰ ਛੇੜੀ ਛੇੜ।

ਇਹ ਬਗਾਵਤ ਵਧ ਕੇ, ਹੋਵੇ ਵੱਡਾ ਭੇੜ।

ਆਵੇ ਫੇਰ ਨੇਪਾਲ ’ਚੋਂ, ਮਦਦ ਖਾਤਰ ਫੌਜ।

ਪੂਰੀ ਹੈ ਸੰਭਾਵਨਾ, ਬਣੇ ਭਿਆਨਕ ਮੌਜ।

ਏਸ ਰਿਪੋਰਟ ਦਾ ਸੀ, ਸਾਰਾ ਹਾਲ ਹਵਾਲ।

ਜੰਗ ਬਹਾਦਰ ਕੋਲ ਵੀ, ਪਹੁੰਚ ਗਿਆ ਤਤਕਾਲ।

ਇਹ ਰਿਪੋਰਟ ਵਾਚ ਕੇ, ਡਰਿਆ ਬੜਾ ਨਰੇਸ਼।

ਇਹ ਸੋਚ ਕੇ ਕਰਨਗੇ, ਗੋਰੇ ਕਪਟ ਕਲੇਸ਼।

ਨਾਲ ਕੂਕਿਆਂ ਦੋਸਤੀ, ਉਹਨੇ ਛੱਡੀ ਵਿੱਚ।



Sri Satguru Jagjit Singh Ji eLibrary NamdhariElibrary@gmail.com

ਹੱਥ ਵਧਾਇਆ ਡਰਦਿਆਂ, ਪਿੱਛੇ ਲੀਤਾ ਖਿੱਚ।

ਫੇਰ ਬਣਾਉਣ ਵਾਸਤੇ, ਉਹਨੇ ਇੰਜ ਇਤਬਾਰ।

ਕੀਤਾ ਗੋਰਾ ਸ਼ਾਹੀ ਦੀ, ਮਦਦ ਦਾ ਇਕਰਾਰ।

**ਅਫਗਾਨਿਸਤਾਨ ਨਾਲ ਸੰਬੰਧ**

ਸਾਡੇ ਭਾਰਤ ਵਰਸ਼ ਦੇ, ਉੱਤਰ ਪੱਛਮ ਵੱਲ।

ਅੱਜ ਦੇ ਪਾਕਿਸਤਾਨ ਤੋਂ, ਅੱਗੇ ਥੋੜ੍ਹਾ ਚੱਲ।

ਭਾਰਤ ਦੇ ਸੰਗ ਓਸ ਦੀ, ਮਿਲਦੀ ਸੀ ਸਰਹੱਦ।

ਨਾਂ ਅਫ਼ਗਾਨਸਤਾਨ ਹੈ, ਲੈਂਦੀ ਦੁਨੀਆਂ ਸੱਦ।

ਵੱਸਣ ਏਥੇ ਸੂਰਮੇ, ਸ਼ੇਰ ਦਿਲੇ ਅਫ਼ਗਾਨ।

ਹਰ ਵੇਲੇ ਉਹ ਵਿਚਰਦੇ, ਰੱਖ ਤਲੀ ਤੇ ਜਾਨ।

ਮਿੱਤਰ ਤਾਈ ਪਾਲਦੇ, ਪੱਕੇ ਕਰਦੇ ਕੌਲ।

ਚਾਹੁਣ ਹਮੇਸ਼ਾਂ ਸਿਰਜਣਾ, ਖੁਸ਼ਗਵਾਰ ਮਹੌਲ।

ਦੋਸਤ* ਨਾਮੇ ਏਸ ਦਾ, ਹਾਕਮ ਕਹਿਣ ਅਮੀਰ।

ਬੜਾ ਦਿਆਨਤਦਾਰ ਉਹ, ਹੈ ਸੀ ਅਮਨ ਪੁਜੀਰ।

ਨਾਲ ਗਵਾਂਢੀ ਸਲਤਨਤ, ਚਾਹਵੇ ਮਿੱਤਰਾ ਚਾਰ।

ਦਿਲ ਪਰਜਾ ਦਾ ਜਿੱਤਿਆ, ਉਸ ਦੇ ਨੇਕ ਵਿਹਾਰ।



Sri Satguru Jagjit Singh Ji eLibrary NamdhariElibrary@gmail.com

ਰਾਜ ਦੂਤ ਉਸ ਰੂਸ ਦਾ, ਰੱਖਿਆ ਅੰਦਰ ਰਾਜ।

ਐਪਰ ਨਾਲ ਫਰੰਗੀਆਂ, ਮਿਲੇ ਨਾ ਮੂਲ ਮਿਜਾਜ਼।

ਏਸੇ ਗੱਲ ਦੀ ਖਾਰ ਖਾ, ਜਾ ਚੜ੍ਹਿਆ ਅੰਗ੍ਰੇਜ਼।

ਲਾਰਡ ਆਕਲੈਂਡ ਨੇ, ਫੌਜਾਂ ਦਿੱਤੀਆਂ ਭੇਜ।

ਉਹਨਾਂ ਹਮਲਾ ਬੋਲ ਕੇ, ਕੀਤਾ ਕੈਦ ਅਮੀਰ।

ਗੱਦੀ ਸ਼ਾਹ ਸੁਜਾ ਨੂੰ, ਦਿੱਤੀ ਸੌਂਪ ਅਖੀਰ।

ਐਪਰ ਜਨਤਾ ਦਾ ਸੀ, ਉਹ ਦੋਸਤ ਸੁਲਤਾਨ।

ਲੋਕੀਂ ਉਸ ਦੇ ਵਾਸਤੇ, ਜਾਨ ਕਰਨ ਕੁਰਬਾਨ।

ਜਦੋਂ ਲੋਕਾਈ ਵੇਖਿਆ, ਜ਼ੁਲਮ ਸਿਤਮ ਦਾ ਹਾਲ।

ਕਰ ਬਗਾਵਤ ਫੇਰ ਸੀ, ਮੌਕਾ ਲਿਆ ਸੰਭਾਲ।

ਸ਼ਾਹ ਸੁਜਾ ਦਾ ਪਲਾਂ ਵਿੱਚ, ਕੀਤਾ ਕੰਮ ਤਮਾਮ।

ਮੁੜ ਕੇ ਤਖਤਾ ਪਲਟਿਆ, ਬਿਨ ਲਾਲਚ ਬਿਨ ਦਾਮ।

ਅਫ਼ਗਾਨਾ ਨੇ ਗੋਰਿਆਂ, ਉੱਤੇ ਹੱਲਾ ਬੋਲ।

ਮਾਰ ਮਾਰ ਬਰਤਾਨਵੀ, ਘੱਟ ਦਿੱਤੇ ਰੋਲ।

ਫੌਜੀ ਮਾਰੇ ਇਸ ਤਰ੍ਹਾਂ, ਸੋਲਾਂ ਜਾਣ ਹਜ਼ਾਰ।

ਹੋਇਆ ਕਾਬਲ ਕੋਲ ਸੀ, ਵੱਡਾ ਨਰ ਸੰਹਾਰ।

ਗੁੱਸੇ ਦੇ ਵਿੱਚ ਗੋਰਿਆਂ, ਕਾਬਲ ਦੇ ਵਿਚਕਾਰ।

ਲਾ ਲਾ ਅੱਗਾਂ ਸਾੜਿਆ, ਭਰਿਆ ਇੱਕ ਬਜ਼ਾਰ।

ਛੱਡਣਾ ਪੈ ਗਿਆ ਫੇਰ ਵੀ, ਉਹਨਾਂ ਤਾਈਂ ਅਮੀਰ।

ਅੰਗ੍ਰੇਜ਼ਾਂ ਨੇ ਦੋਸਤੀ, ਲੀਤੀ ਗੰਢ ਅਖੀਰ।

ਉਸ ਤੋਂ ਪਿੱਛੋਂ ਓਸ ਦਾ, ਅਲੀ ਸ਼ੇਰ ਸੀ ਪੁੱਤ।

ਬੈਠਾ ਗੱਦੀ ਮੱਲ ਕੇ, ਸਮਝੇ ਬਦਲੀ ਰੁੱਤ।

ਐਪਰ ਭਾਈ ਓਸ ਦਾ, ਲੜਦਾ ਰਿਹਾ ਹਮੇਸ਼।

ਅਫ਼ਜ਼ਲ ਉਹਦਾ ਨਾਮ ਸੀ, ਕਰਦਾ ਬਹੁਤ ਦਵੈਸ਼।

ਐਪਰ ਫੇਰ ਯਕੂਬ ਖਾਂ, ਸ਼ੇਰ ਅਲੀ ਫਰਜੰਦ।

ਉਸ ਅਫ਼ਜ਼ਲ ਦੀ ਫੌਜ ਦੇ, ਖੱਟੇ ਕੀਤੇ ਦੰਦ।

ਅਫ਼ਜ਼ਲ ਤਾਈਂ ਮਾਰ ਕੇ, ਸਾਂਭ ਲਿਆ ਉਸ ਰਾਜ।

ਸ਼ੇਰ ਅਲੀ ਨੇ ਸੀਸ ਤੇ, ਫੇਰ ਸਜਾਇਆ ਤਾਜ।

ਵੇਖ ਗ੍ਰਹਿ ਯੁੱਧ ਚੱਲਦਾ, ਚੁੱਪ ਰਿਹਾ ਅੰਗ੍ਰੇਜ਼।

ਫੁੱਟ ਪਾਉਣ ਤੋਂ ਉਸ ਨੂੰ, ਪਹਿਲਾਂ ਨਾ ਪ੍ਰਹੇਜ਼।

ਸ਼ੇਰ ਅਲੀ ਨੇ ਗੋਰਿਆਂ, ਵੱਲੋਂ ਬਦਲ ਵਿਹਾਰ।

ਉਹਨਾਂ ਦੇ ਵਿਵਹਾਰ ਤੋਂ, ਖਾਧੀ ਡਾਢੀ ਖਾਰ।

ਦੁਸ਼ਮਣ ਜੋ ਅੰਗ੍ਰੇਜ਼ ਦੇ, ਦੋਸਤ ਲਏ ਬਣਾ।

ਉਹਨਾਂ ਸੰਗ ਅਮੀਰ ਨੇ, ਲੀਤੀ ਸਾਂਝ ਵਧਾ।

ਨਾਲ ਰੂਸ ਦੇ ਓਸ ਨੇ, ਸਾਜੇ ਨੇੜ ਸੰਬੰਧ।

ਇਸ ਤਰ੍ਹਾਂ ਇਤਿਹਾਸ ਦਾ, ਲਿਖਿਆ ਨਵਾਂ ਸਕੰਧ।

ਭਾਰਤ ਅੰਦਰ ਵੇਖ ਕੇ, ਕੂਕੇ ਬਾਗੀ ਕੁੱਲ।
ਮਿੱਤਰ ਤਾਈ ਪਾ ਲਈ, ਉਹਨੇ ਫੇਰ ਅਮੁੱਲ।
ਬਾਬਾ ਬਿਸ਼ਨ ਸਿੰਘ ਸੀ, ਕੂਕਾ ਇੱਕ ਮਹਾਨ।
ਉਹ ਪੰਜਾਬੀ ਫਾਰਸੀ, ਪਸ਼ਤੋ ਦਾ ਵਿਦਵਾਨ।
ਚੀਨੀ ਵਾਲੇ ਭੇਜਿਆ, ਕਾਬਲ ਅਤੇ ਕੰਧਾਰ।
ਨਾਮਧਾਰੀ ਮਿਸ਼ਨ ਦਾ, ਕਰਨ ਲੱਗਾ ਪ੍ਰਚਾਰ।
ਭਰੀ ਸਿਆਣਪ ਕੁੱਟ ਕੇ, ਨੀਤੀਵਾਨ ਮਹਾਨ।
ਵਿਰਲੇ ਜੰਮਣ ਜੱਗ ਤੇ, ਐਹੋ ਜਿਹੇ ਇਨਸਾਨ।
ਸੀ ਅਫ਼ਗਾਨਸਿਤਾਨ ਦਾ, ਸ਼ੇਰ ਅਲੀ ਅਮੀਰ।
ਵਿੱਚ ਭਰੋਸੇ ਬਿਸ਼ਨ ਸਿੰਘ, ਉਹਨੂੰ ਲਿਆ ਅਖੀਰ।
ਉੱਚ ਆਦਰਸ਼ ਵੇਖ ਕੇ, ਰੀਝ ਗਿਆ ਸੁਲਤਾਨ।
ਬਿਸ਼ਨ ਸਿੰਘ ਨੇ ਓਸਦਾ, ਖਿੱਚਿਆ ਖਾਸ ਧਿਆਨ।
ਉਹਨੇ ਕੂਕਾ ਲਹਿਰ ਦੀ, ਉੱਚੀ ਜੀਵਨ ਜਾਚ।
ਅਤੇ ਉਦੇਸ਼ ਏਸ ਦਾ, ਸਭੀ ਸੁਣਾਇਆ ਵਾਚ।
ਕੂਟਨੀਤ ਅੰਗ੍ਰੇਜ਼ ਦੀ, ਦੱਸੀ ਸਭ ਫਰੋਲ।
ਕਿੱਦਾਂ ਸੱਚ ਕਾਨੂੰਨ ਨੂੰ, ਪੈਰੀਂ ਦੇਂਦਾ ਰੋਲ।
ਦੋਹੀਂ ਹੱਥੀਂ ਅਸਾਂ ਨੂੰ, ਰਿਹਾ ਲੁਟੇਰਾ ਲੁੱਟ।
ਵਿੱਚ ਭਰਾਵਾਂ ਪਾ ਕੇ, ਪਹਿਲਾਂ ਭੈੜੀ ਫੁੱਟ।

ਜੇ ਕਰ ਕੂਕਾ ਲਹਿਰ ਨੂੰ, ਸਾਥ ਦਿਓ ਅਨਮੋਲ।

ਦੁਨੀਆਂ ਭਰ 'ਚੋਂ ਓਸ ਦਾ, ਬਿਸਤਰ ਕਰੀਏ ਗੋਲ।

ਸੁਣ ਕੇ ਬਾਤ ਅਮੀਰ ਨੇ, ਕੀਤੀ ਬੈਠ ਵੀਚਾਰ।

ਪੁੱਤਰ ਕੀਤੇ ਆਪਣੇ, ਦੋਵੇਂ ਫੇਰ ਤਿਆਰ।

ਅਬਦੁਲ ਖਾਂ ਯਕੂਬ ਖਾਂ, ਭੇਜੇ ਭਾਰਤ ਵੱਲ।

ਆਖੇ ਅੱਖੀਂ ਵੇਖ ਕੇ, ਫੇਰ ਨਿਤਾਰੋ ਗੱਲ।

ਆਏ ਭੈਣੀ ਸਾਹਿਬ ਉਹ, ਸਤਿਗੁਰ ਜੀ ਦੇ ਕੋਲ।

ਕਰ ਵੀਚਾਰ ਵਟਾਂਦਰਾ, ਵਾਪਸ ਗਏ ਅਡੋਲ।

ਛੱਡੇ ਜੋ ਅੰਗ੍ਰੇਜ਼ ਨੇ, ਭੈਣੀ ਸਾਹਿਬ ਜਸੂਸ।

ਹਰ ਖਬਰ ਨੂੰ ਸੋਖਦੇ, ਵਾਂਗ ਸਿਆਹੀ ਚੂਸ।

ਉਹਨਾਂ ਏਥੇ ਆਉਣ ਦਾ, ਕੀਤਾ ਨੋਟ ਹਵਾਲ।

ਪਰ ਨਾ ਜਾਣੇ ਬਾਤ ਕੀ, ਹੋਈ ਉਹਨਾਂ ਨਾਲ।

ਮੁਲਾਕਾਤ ਦਾ ਜਾਣ ਨਾ, ਸੱਕੇ ਉੱਕਾ ਭੇਦ।

ਏਸ ਬਾਤ ਦਾ ਬਾਅਦ ਵਿੱਚ, ਡਾਢਾ ਕੀਤਾ ਖੇਦ।

* ਦੋਸਤ ਮੁਹੰਮਦ

## ਰੂਸ ਨਾਲ ਸੰਬੰਧ



Sri Satguru Jagjit Singh Ji eLibrary NamdhariElibrary@gmail.com

ਦੇਸ਼ ਅਜ਼ਾਦ ਕਰਾਉਣ ਦੀ, ਰੱਖਣ ਜਿਹੜੇ ਸਿੱਕ।
ਸੀ ਬਾਬਾ ਗੁਰਚਰਨ ਸਿੰਘ, ਉਹਨਾਂ ਵਿੱਚੋਂ ਇੱਕ।

ਜ਼ਿਲ੍ਹੇ ਸਿਆਲਕੋਟ ਦਾ, ਕੱਦਾ ਵਾਰ ਜਵਾਨ।
ਸੀ ਸ਼ਖਸੀਅਤ ਓਸ ਦੀ, ਬੜੀ ਪ੍ਰਤਿਭਾਵਾਨ।

ਬਾਬੇ ਜੋਤਾ ਸਿੰਘ ਤੋਂ, ਲਈ ਨਾਮ ਦੀ ਦਾਤ।
ਹੋਇਆ ਨਾਮਧਾਰੀਆ, ਲੈ ਕੇ ਅਣਖ ਸੌਗਾਤ।

ਸਤਿਗੁਰ ਜੀ ਨੇ ਪਰਖਿਆ, ਜਾਂ ਮਸਤਕ ਦਾ ਤੇਜ਼।
ਡਿੱਠਾ ਦੇਸ਼ ਪਿਆਰ ਤੇ, ਅਣਖ ਨਾਲ ਲਬਰੇਜ਼।

ਦੇ ਕੇ ਕੰਡ ਤੇ ਥਾਪੜਾ, ਦਿੱਤਾ ਉਹਨੂੰ ਤੋਰ।
ਦੇਸ਼ ਅਜ਼ਾਦ ਕਰਾਉਣ ਬਿਨ, ਨਾ ਮਨਸ਼ਾ ਕੋਈ ਹੋਰ।

ਮਿਸ਼ਨ ਓਸ ਨੂੰ ਸੌਂਪਿਆ, ਉਹਨਾਂ ਨੇ ਇੱਕ ਖਾਸ।
ਵੇਖ ਪਰਖ ਕੇ ਓਸ ਦਾ, ਉੱਚ ਆਤਮ ਵਿਸ਼ਵਾਸ।

ਵੱਲ ਰੂਸ ਦੇ ਭੇਜਿਆ, ਵੇਖ ਵਕਤ ਦੀ ਲੋੜ।
ਕੀਤੀ ਜਾ ਕੇ ਜ਼ਾਰ ਦੇ, ਨਾਲ ਓਸ ਗੱਠ ਜੋੜ।

ਕਾਬਲ ਅਤੇ ਕੰਧਾਰ ’ਚੋਂ, ਲੰਘਿਆ ਕਰ ਪ੍ਰਚਾਰ।
ਜਾ ਪਹੁੰਚਾ ਉਹ ਰੂਸ ਦੇ, ਸਮਰਕੰਦ ਵਿਚਕਾਰ।

ਉਹਨੇ ਜਾ ਪ੍ਰੇਰਿਆ, ਮਦਦ ਵਾਸਤੇ ਰੂਸ।
ਰਲ ਗੋਰੇ ਨੂੰ ਹਿੰਦ ’ਚੋਂ, ਵਾਂਗ ਉਡਾਈਏ ਫੂਸ।



Sri Satguru Jagjit Singh Ji eLibrary NamdhariElibrary@gmail.com

ਨਾਲ ਰੂਸ ਦੇ ਜੋੜ ਕੇ, ਨੀਤੀ ਵਾਲੇ ਤਾਰ।

ਆਜ਼ਾਦੀ ਦੀ ਜੰਗ ਦਾ, ਕੀਤਾ ਕਾਇਮ ਅਧਾਰ।

ਜਦੋਂ ਸਤਿਗੁਰੂ ਰਾਮ ਸਿੰਘ, ਚਲੇ ਗਏ ਪ੍ਰਦੇਸ।

ਹੁਕਮ ਨਾਮੇ ਭੇਜਦੇ, ਓਥੋਂ ਰਹੇ ਹਮੇਸ਼।

ਰੂਸ ਲਈ ਉਹ ਚਿੱਠੀਆਂ, ਰਹੇ ਭੇਜਦੇ ਵੱਖ।

ਭੈਣੀ ਸਾਹਿਬ ਆਉਂਦੀਆਂ, ਸਦਾ ਬਚਾ ਕੇ ਅੱਖ।

ਚਿੱਠੀਆਂ ਲੈ ਗੁਰਚਰਨ ਸਿੰਘ, ਰਿਹਾ ਪਹੁੰਚਦਾ ਰੂਸ।

ਰਿਹਾ ਵਿਊਂਤਾਂ ਵੇਢ ਦਾ, ਓਥੇ ਨਾਲ ਖਲੂਸ।

ਇੱਕ ਵਾਰ ਇਹ ਪਹੁੰਚਿਆ, ਜਾ ਕੇ ਤੁਰਕਿਸਤਾਨ।

ਕਟਕ ਕਰਘਨ ਨਗਰ ਵਿੱਚ, ਕਰਦਾ ਕਾਜ ਮਹਾਨ।

ਚੀਨੀ ਵਾਲੇ ਲਿਖੀ ਜੋ, ਚਿੱਠੀ* ਲੈ ਕੇ ਨਾਲ।

ਲੈ ਕੇ ਓਥੇ ਪਹੁੰਚਿਆ, ਬੜੀ ਸੰਭਾਲ ਸੰਭਾਲ।

ਸੀ ਉਨਾਸੀ ਈਸਵੀ, ਸਦੀ ਅਠਾਰਾਂ ਹੋਰ।

ਨੌ ਮਈ ਨੂੰ ਓਸ ਥਾਂ, ਪਹੁੰਚਾ ਜੋਰਾ ਜੋਰ।

ਅੱਗੇ ਸਮਰਕੰਦ ਨੂੰ, ਤੁਰਿਆ ਕਰ ਪੜਤਾਲ।

ਵਿੱਚ ਗੁਰਮੁਖੀ ਲਿਖੀ, ਜੋ ਚਿੱਠੀ ਲੈ ਕੇ ਨਾਲ।

ਓਥੇ ਅਫ਼ਸਰ ਰੂਸ ਦਾ, ਮੇਜਰ ਜਨਰਲ ਜਾਣ।

ਇਬਾਨੋਵ ਦੇ ਨਾਮ ਨਾਲ, ਉਸਦੀ ਭਲੀ ਪਛਾਣ।



Sri Satguru Jagjit Singh Ji eLibrary NamdhariElibrary@gmail.com

ਦਿੱਤੀ ਚਿੱਠੀ ਓਸ ਨੂੰ, ਡਾਢੇ ਨਾਲ ਪਿਆਰ।

ਦੱਸੀ ਜਾ ਕੇ ਹਿੰਦ ਦੀ, ਉਹਨੇ ਸਾਰੀ ਸਾਰ।

ਕੁਝ ਕੁ ਲਿਖਿਆ ਇਸ ਤਰ੍ਹਾਂ, ਚਿੱਠੀ ਦਾ ਮਜਮੂਨ।

ਚੀਨੀ ਵਾਲੇ ਲਿਖੀ ਜੋ, ਅੰਦਰ ਜੇਲ੍ਹ ਰੰਗੂਨ।

---o---

ਨੋਟ- ਇਹ ਚਿੱਠੀ ਫੌਜਾ ਸਿੰਘ ਕਰਤਾ ਕੂਕਾ ਮੂਵਮੈਂਟ ਅਨੁਸਾਰ ਹੈ।

**ਚਿੱਠੀ**

ਇੱਕ ਓਂਕਾਰ ਲਿਖ ਕੇ, ਤੇ ਸਤਿਗੁਰ ਪ੍ਰਸਾਦਿ।

ਹੈ ਤਮੰਨਾ ਅਸਾਂ ਦੀ, ਰਹੁ ਹਮੇਸ਼ਾਂ ਸ਼ਾਦ।

ਲਿਖਦਾ ਬਾਵਾ ਰਾਮ ਸਿੰਘ, ਰੂਸ ਨਾਥ ਦੇ ਵੱਲ।

ਸਮਝ ਲੈਣੀ ਗੁਰਚਰਨ ਸਿੰਘ, ਕੋਲੋਂ ਸਾਰੀ ਗੱਲ।

ਸੂਬਾ ਹੈ ਜੋ ਭੇਜਿਆ, ਚਿੱਠੀ ਲੈ ਕੇ ਨਾਲ।

ਦੱਸ ਜ਼ੁਬਾਨੀ ਖੋਹਲ ਕੇ, ਦੇਵੇ ਸਾਰਾ ਹਾਲ।

ਸਤਿਗੁਰ ਨਾਨਕ ਦੇਵ ਦਾ, ਹੁਕਮ ਨਾਲ ਪ੍ਰਤੀਤ।

ਆਵੇਗਾ ਜਦ ਨਾਥ ਜੀ, ਹੋਵੇ ਤਿਸ ਕੀ ਜੀਤ।

ਤ੍ਰੈ ਲੱਖ ਪੰਦਰਾਂ ਹਜ਼ਾਰ, ਸਿੰਘ ਅਸਾਡੇ ਵੱਸ।

ਹੋ ਜਾਵਣਗੇ ਹੋਰ ਵੀ, ਜਿਨ੍ਹਾਂ ਅਣਖੀ ਮੱਸ।



Sri Satguru Jagjit Singh Ji eLibrary NamdhariElibrary@gmail.com

ਉਜੜੇਗਾ ਪੰਜਾਬ ਇਹ, ਸੜ ਜਾਵਣ ਘਰ ਬਾਰ।

ਅੱਠ ਯੁੱਧ ਤਦ ਹੋਣਗੇ, ਏਥੇ ਲਵੋ ਵੀਚਾਰ।

ਚੌਂਤੀ ਬਰਸ ਰਹੇਗਾ, ਗੋਰਾ ਹਿੰਦੋਸਤਾਨ।

ਬਾਕੀ ਰਹਿੰਦੇ ਦੋ ਬਰਸ, ਇਹ ਲਿਖਿਆ ਅਨੁਮਾਨ।

ਪੀਤਨਪੁਰ* ਤੇ ਆਵਸੀ, ਉੱਡਦਾ ਉੱਤਰਾ# ਨਾਥ।

ਖਾਲੀ ਪਈਆਂ ਛਾਉਣੀਆਂ, ਵਿੱਚ ਪੰਜਾਬੇ ਸਾਥ।

ਦੰਗਾ ਕੀਤਾ ਖਾਲਸੇ, ਤੋੜ ਸਬਰ ਦੀ ਹੱਦ।

ਐਪਰ ਡੰਨੇ ਓਸ ਨੇ, ਬੇ-ਗੁਨਾਹੇਂ ਵੱਧ।

ਇੱਕ ਸੂਬਾ ਸੌ ਸਿੱਖ ਤਾਂ, ਬੇ-ਗੁਨਾਹੇਂ ਹੈਣ।

ਮੁਨਸਿਫ਼ ਪਾਪੀ ਹੋ ਕੇ, ਕਰੇ ਪਾਪ ਦਿਨ ਰੈਣ।

ਭਜਨ ਬੰਦਗੀ ਕਰਨ ਜੋ, ਅਗੇ ਡਾਨੇ ਤੋਪ।

ਜਾਣ ਸਿਵਾਏ ਉਨਾਹਟ ਤੋਂ, ਹੋਇਆ ਬੜਾ ਕਰੋਪ।

ਬਾਬੇ ਨਾਨਕ ਸਾਹਿਬ ਦਾ, ਹੁਕਮ ਹੈ ਤੁਸਾਂ ਵਿਸ਼ੇਸ਼।

ਕਰੋ ਅਸਾਡੀ ਰੱਛਿਆ, ਮਾਰੋ ਕੁੱਲ ਮਲੇਸ਼।

ਤ੍ਰੈ ਲੱਖ ਜੋ ਸਿੰਘ ਹਨ, ਪੰਦਰਾਂ ਨਾਲ ਹਜ਼ਾਰ।

ਹਮਰਾਹ ਤੁਹਾਡੀ ਵਾਸਤੇ, ਨੇ ਹਰ ਵਕਤ ਤਿਆਰ।

ਜਦ ਵੀ ਆਵੇ ਚੱਲ ਕੇ, ਸਭ ਹਾਜ਼ਰ ਹੋ ਜਾਣ।

ਤਨ ਮਨ ਧਨ ਸਭ ਲਾ ਕੇ, ਸੌਂਪਣ ਤੁਸਾਂ ਪ੍ਰਾਣ।



Sri Satguru Jagjit Singh Ji eLibrary NamdhariElibrary@gmail.com

ਅੱਠ ਯੁੱਧ ਹੋਵਣ ਜਿਸ ਜਗ੍ਹਾ, ਰੱਖਣਾ ਯਾਦ ਹਮੇਸ਼।

ਗੁਰੂ ਗੋਬਿੰਦ ਸਿੰਘ ਜੀ, ਕੀਤਾ ਬਚਨ ਵਿਸ਼ੇਸ਼।

ਕਾਬਲ ਵੱਲ ਪਹਾੜ ਹੈ, ਜਿਹੜਾ ਦੂਨ ਬਨਾਮ।

ਕਾਬਲ ਤੇ ਜਮਰੌਦ ਵਿੱਚ, ਅਤੇ ਪਸ਼ੌਰ ਗ੍ਰਾਮ।

ਜੰਮੂ ਅਤੇ ਲਹੌਰ ਵਿੱਚ, ਅੰਦਰ ਪੁਰੀ ਫਿਰੋਜ਼।

ਵਿੱਚ ਲੁਧਿਆਣੇ ਆਖਰੀ, ਹੋਵੇਗਾ ਇੱਕ ਰੋਜ।

ਬਾਬਾ ਬੁੱਧ ਸਿੰਘ ਜੀ, ਹੁਣ ਕਾਰ ਮੁਖਤਿਆਰ।

ਰਹਿੰਦੇ ਭੈਣੀ ਸਾਹਿਬ ਵਿੱਚ, ਕਰਦੇ ਨੇਕ ਵਿਹਾਰ।

ਪੈਂਤੀ ਸੂਬੇ ਓਸ ਦੇ, ਅੱਗੇ ਕਰਦੇ ਕਾਜ।

ਹੁਕਮ ਨਾ ਮੋੜਨ ਸੰਗਤਾਂ, ਮਾਰਨ ਇੱਕ ਅਵਾਜ਼।

ਅਠਾਰਾਂ ਸੌ ਉਨਾਸੀ, ਅਤੇ ਮਹੀਨਾ ਮਈ।

ਲਿਖ ਕੇ ਸਤਿਗੁਰ ਜੀ ਨੇ, ਹੇਠਾਂ ਪਾਈ ਸਹੀ।

* ਰੂਸ ਦੀ ਰਾਜਧਾਨੀ ਪੀਤਰੋ ਗਰਾਦ।

# ਉੱਤਰ ਦਿਸ਼ਾ ਤੋਂ ਉੱਤਰਾ ਨਾਥ ਭਾਵ ਰੂਸ।

ਗੁਰਮੁਖੀ ਤੋਂ ਫਾਰਸੀ, ਲਿਖਵਾਈ ਸੀ ਬਾਦ।

ਕੀਤਾ ਸੀ ਫਿਰ ਏਸ ਦਾ, ਰੂਸੀ ਵਿੱਚ ਅਨੁਵਾਦ।



Sri Satguru Jagjit Singh Ji eLibrary NamdhariElibrary@gmail.com

ਪਹਿਲੀ ਨਜ਼ਰੇ ਪੜ੍ਹਦਿਆਂ, ਸਮਝ ਨਾ ਆਵੇ ਸਾਰ।
ਭਰੀਆਂ ਭੇਦ ਬੁਝਾਰਤਾਂ, ਲਿਖੀਆਂ ਇੰਜ ਵੀਚਾਰ।
ਤਾਂ ਕਿ ਲੱਗੇ ਇਹ ਕਦੇ, ਜੇ ਦੁਸ਼ਮਣ ਦੇ ਹੱਥ।
ਰਹਿ ਜਾਵੇ ਉਹ ਉਲਝ ਕੇ, ਸਮਝ ਨਾ ਆਵਣ ਤੱਥ।
ਇਸ ਚਿੱਠੀ ਨੂੰ ਵਾਚੀਏ, ਜੇਕਰ ਨਾਲ ਵੀਚਾਰ।
ਮਾਰਗ ਦਰਸ਼ਨ ਰੂਸ ਦਾ, ਸਾਰਾ ਇਸ ਵਿਚਕਾਰ।
ਜਿਉਂ ਸੂਰਜ ਦੀ ਰੌਸ਼ਨੀ, ਅੰਦਰ ਸੱਤੇ ਰੰਗ।
ਕਿਰਨਾਂ ਜਾਪਣ ਚਿੱਟੀਆਂ, ਆਮ ਨਜ਼ਰ ਦੇ ਸੰਗ।
ਸ਼ੀਸ਼ੇ ਪਰ ਤ੍ਰਿਕੋਣ ’ਚੋਂ, ਆਲਮ ਜਦੋਂ ਲੰਘਾਉਣ।
ਸੱਤੇ ਰੰਗ ਨਿਖੇੜ ਕੇ, ਅੱਡੋ ਅੱਡ ਵਖਾਉਣ।
ਉਹ ਬਾਬਾ ਗੁਰਚਰਨ ਸਿੰਘ, ਸੀ ਸ਼ੀਸ਼ਾ ਤ੍ਰਿਕੋਣ।
ਐਪਰ ਸਾਰਾ ਭੇਦ ਹੁਣ, ਉਸ ਬਿਨ ਦੱਸੇ ਕੌਣ।
ਚਿੱਠੀ ਪੜ੍ਹ ਕੇ ਸਮਝ ਕੇ, ਕੀਤਾ ਖਾਸ ਵੀਚਾਰ।
ਕੀਤਾ ਨੇ ਗੁਰਚਰਨ ਸਿੰਘ, ਦਾ ਆਦਰ ਸਤਿਕਾਰ।
ਤੋਹਫਾ ਕੀਤਾ ਓਸ ਨੂੰ, ਭੇਟ ਰੂਸ ਸਰਕਾਰ।
ਚੋਗਾ ਸੱਤ ਕੁ ਸੌ ਦਾ, ਦਿੱਤਾ ਨਾਲ ਪਿਆਰ।
ਨਾਮ ਜਵਾਲਾ ਜਿਸ ਦਾ, ਇੱਕ ਵਪਾਰੀ ਜਾਣ।
ਉਸ ਦੀ ਸੇਵ ਸੰਭਾਲ ਤੇ, ਲਾਇਆ ਵਕਤ ਪਛਾਣ।



Sri Satguru Jagjit Singh Ji eLibrary NamdhariElibrary@gmail.com

ਪਿੱਛੋਂ ਸਤਿਗੁਰ ਹਰੀ ਸਿੰਘ, ਪੱਕੇ ਕਰੇ ਸੰਬੰਧ।

ਜਾਂਦਾ ਰਿਹਾ ਗੁਰਚਰਨ ਸਿੰਘ, ਵੱਲ ਰੂਸ ਪਾਬੰਦ।

ਹੁਕਮ ਮੰਨ ਕੇ ਯਾਤਰਾ, ਕੀਤੀਆਂ ਓਸ ਅਨੇਕ।

ਬੇੜੇ ਵਿੱਚ ਅੰਗ੍ਰੇਜ਼ ਦੇ, ਕਰਨ ਵਾਸਤੇ ਛੇਕ।



. Sri Satguru Jagjit Singh Ji eLibrary NamdhariElibrary@gmail.com .

## ਕਾਂਡ – ੧੬

## ਗਊ ਰੱਖਿਆ

ਭਾਰਤ ਵਰਸ਼ ਹਮੇਸ਼ ਤੋਂ, ਖੇਤੀ ਵਿੱਚ ਪ੍ਰਮੁੱਖ।
ਰਹੇ ਸਦਾ ਹਰਿਆਵਲੀ, ਏਸ ਧਰਤ ਦੀ ਕੁੱਖ।
ਨਦੀਆਂ ਇਹਦੀ ਹਿੱਕ ਤੇ, ਵਹਿਣ ਸਦਾ ਇੱਕ ਸਾਰ।
ਕਰਨ ਪਈਆਂ ਅਠਖੇਲੀਆਂ, ਡਾਢੇ ਨਾਲ ਪਿਆਰ।
ਪਰਬਤ ਉੱਤੋਂ ਉੱਤਰੇ, ਚਾਂਦੀ ਜੈਸਾ ਨੀਰ।
ਵਿੱਚ ਮੈਦਾਨਾਂ ਪਸਰ ਕੇ, ਸੋਨਾ ਬਣੇ ਅਖੀਰ।
ਦਿੱਤੀ ਸੁਹਣੇ ਰੱਬ ਨੇ, ਰੁੱਤਾਂ ਦੀ ਸੌਗਾਤ।
ਸਰਦ, ਸੀਤ, ਪਤਝੜ, ਬਸੰਤ, ਗਰਮੀ ਤੇ ਬਰਸਾਤ।
ਏਸੇ ਕਰਕੇ ਇਹ ਹੈ, ਖੇਤੀ ਦੇ ਅਨੁਕੂਲ।
ਦੱਬ ਕੇ ਵਾਹੋ ਰੱਜ ਕੇ, ਮਿਹਨਤ ਲਓ ਵਸੂਲ।
ਕਾਰਜ ਖੇਤੀ ਦਾ ਸੀ, ਚੁੱਕਿਆ ਕੰਧੇ ਬੈਲ।
ਨਾਲ ਕਿਸਾਨ ਗੱਭਰੂ, ਹੋਣ ਛਬੀਲੇ ਬੈਲ।
ਤਾਹੀਓਂ ਜਾਇਆ ਗਊ ਦਾ, ਕਹਿਣ ਹਮੇਸ਼ਾ ਧੰਨ।
ਜਿਹੜਾ ਕਰ ਕਰ ਮਿਹਨਤਾਂ, ਸਦਾ ਉਗਾਏ ਅੰਨ।
ਔਖਾ ਸੀ ਬਿਨ ਬੈਲ ਦੇ, ਏਸ ਧਰਤ ਤੇ ਰਹਿਣ।



. Sri Satguru Jagjit Singh Ji eLibrary NamdhariElibrary@gmail.com .

ਧਰਤੀ ਚੁੱਕੀ ਬੈਲ ਨੇ, ਸਿੰਗਾਂ ਉੱਤੇ ਕਹਿਣ।

ਖਾਣ ਖੁਰਾਕਾਂ ਰੱਜ ਕੇ, ਗੱਭਰੂ ਹੋਣ ਜਵਾਨ।

ਦੁੱਧ ਘਿਓ ਦੇ ਵਾਸਤੇ, ਹੋਵੇ ਗਊ ਮਹਾਨ।

ਏਸੇ ਕਰਕੇ ਪੂਜਦਾ, ਇਹਨੂੰ ਹਿੰਦੋਸਤਾਨ।

ਮਾਂ ਬਰਾਬਰ ਗਊ ਨੂੰ, ਦੇ ਵਿਸ਼ੇਸ਼ ਸਥਾਨ।

ਗੋਹਾ ਮੂਤਰ ਏਸ ਦਾ, ਖੇਤੀ ਖਾਤਰ ਖਾਦ।

ਦੁੱਧ ਘਿਓ ਦਾ ਸਮਝਿਓ, ਅੰਮ੍ਰਿਤ ਜਿਹਾ ਸਵਾਦ।

ਮੂਤਰ ਇਹਦਾ ਆਖਦੇ, ਹੈ ਔਸ਼ਧ ਅਕਸੀਰ।

ਦਿੱਤਾ ਵੇਦਾਂ ਵਿੱਚ ਹੈ, ਰੁਤਬਾ ਬੜਾ ਅਮੀਰ।

ਏਸੇ ਕਰਕੇ ਧਰਮ ਦਾ, ਬਣੀ ਅਨਿੱਖੜ ਅੰਗ।

ਪੂਜਣ ਲੋਕੀਂ ਏਸ ਨੂੰ, ਸ਼ਰਧਾ ਭਗਤੀ ਸੰਗ।

ਛੁਰੀ ਗਊ ਦੇ ਗਲੇ ਤੇ, ਕੋਈ ਟਿਕਾਵੇ ਆਣ।

ਰਣ ਤੱਤਿਓਂ ਨਾ ਸੰਗਦੇ, ਦੇਵਣ ਵਾਰ ਪ੍ਰਾਣ।

---o---

ਮਹਾਰਾਜੇ ਰਣਜੀਤ ਸਿੰਘ, ਦਾ ਜਾਂ ਆਇਆ ਰਾਜ।

ਸਿੱਧੇ ਕੀਤੇ ਧਰਮ ਦੇ, ਕੁਝ ਉਹਨੇ ਸੁਰ ਸਾਜ।

ਸਭ ਧਰਮਾਂ ਦਾ ਓਸ ਵਿੱਚ, ਹੈ ਸੀ ਆਦਰ ਮਾਣ।

ਏਸ ਲਈ ਰਣਜੀਤ ਦੇ, ਸਾਰੇ ਹੀ ਗੁਣ ਗਾਣ।

ਧਰਿਆ ਸੀ ਇੱਕ ਸਿੱਖ ਦੇ, ਸਿਰ ਤੇ ਤਾਜ ਜ਼ਰੂਰ।

ਫਿਰ ਵੀ ਰਾਜ ਪੰਜਾਬੀਆਂ, ਦਾ ਕਰ ਕੇ ਮਸ਼ਹੂਰ।

ਭਾਵੇਂ ਫ਼ਿਰਕੇ ਵੱਖਰੇ, ਸੀ ਇੱਕੋ ਪ੍ਰੀਵਾਰ।

ਜਾਤਾਂ ਗੋਤਾਂ ਇੱਕ ਹੀ, ਸਾਂਝਾ ਸੱਭਿਆਚਾਰ।

ਲਾਈ ਪੂਰਨ ਓਸ ਨੇ, ਗਊਕਸ਼ੀ ਤੇ ਰੋਕ।

ਫ਼ਾਇਦੇ ਇਹਦੇ ਸਮਝਦੇ, ਹੈ ਸਨ ਸਾਰੇ ਲੋਕ।

ਸੀ ਸ਼ੇਰੇ ਪੰਜਾਬ ਦਾ, ਹੁਕਮ ਸਭਸ ਲਈ ਖਾਸ।

ਵਰਤੇ ਵਿੱਚ ਪੰਜਾਬ ਨਾ, ਕੋਈ ਗਊ ਦਾ ਮਾਸ।

ਸ਼ਾਹ ਸੁਜਾਉਲ ਮੁਲਕ ਸੀ, ਹਾਕਮ ਜੋ ਅਫ਼ਗਾਨ।

ਤੇ ਅੰਗ੍ਰੇਜ਼ ਹਾਕਮਾਂ ਨੂੰ, ਕੀਤਾ ਫੁਰਮਾਨ।

ਫੌਜਾਂ ਜਦੋਂ ਲੰਘਾਉਣਗੇ, ਉਹ ਵਿੱਚੋਂ ਪੰਜਾਬ।

ਮੈਲੀ ਮੂਲ ਨਾ ਕਰਨਗੇ, ਇਹਦੀ ਪਾਵਨ ਆਬ।

ਲਿਖ ਕੇ ਦਿੱਤਾ ਦੋਹਾਂ ਨੇ, ਖਾਧੀ ਬੜੀ ਸੌਗੰਧ।

ਉਹ ਤੁਹਾਡੇ ਨਿਯਮ ਦੇ, ਸਦਾ ਰਹਿਣ ਪਾਬੰਦ।

ਲੰਘਣ ਜਦੋਂ ਪੰਜਾਬ ’ਚੋਂ, ਰੱਖਣ ਚੇਤੇ ਬਾਤ।

ਭੁੱਲ ਭੁਲੇਖੇ ਵੀ ਨਾ, ਕਰਨ ਗਊ ਦਾ ਘਾਤ।

ਮੁਸਲਮਾਨ ਵੀ ਤਾਂ ਹੈ, ਸਨ ਜੱਟ ਕਿਸਾਨ।



. Sri Satguru Jagjit Singh Ji eLibrary NamdhariElibrary@gmail.com .

ਬਿਨ ਬੈਲਾਂ ਦੇ ਕਿਸੇ ਦਾ, ਹੋਵੇ ਨਾ ਗੁਜ਼ਰਾਨ।

ਸਾਰੇ ਚਾਹਵਨ ਵੱਸਣਾ, ਸੁੱਖ ਸ਼ਾਂਤੀ ਦੇ ਨਾਲ।

ਫਿਰ ਹਮਸਾਇਆਂ ਦਾ ਕਿਉਂ, ਰੱਖਣ ਨਹੀਂ ਖਿਆਲ।

ਐਪਰ ਰਹਿੰਦਾ ਵਕਤ ਨਾ, ਸਦਾ ਕਦੇ ਇਕਸਾਰ।

ਰਹੇ ਹਮੇਸ਼ਾ ਬਦਲਦਾ, ਨਾਲ ਤੇਜ਼ ਰਫ਼ਤਾਰ।

ਕਰਵਟ ਲੀਤੀ ਸਮੇਂ ਨੇ, ਪਲਟੇ ਤਖਤੋ ਤਾਜ।

ਆਇਆ ਵਿੱਚ ਪੰਜਾਬ ਦੇ, ਅੰਗ੍ਰੇਜ਼ਾਂ ਦਾ ਰਾਜ।

ਫਿਰਕੂ ਪਾੜੇ ਪਾਉਣ ਵਿੱਚ, ਉਹ ਮੁੱਢੋਂ ਮਸ਼ਹੂਰ।

ਸਦਾ ਲੜਾ ਕੇ ਲੁੱਟਣਾ, ਹੀ ਉਹਦਾ ਦਸਤੂਰ।

ਵਿੱਥਾਂ ਲੱਭਦਾ ਫਿਰੇ ਉਹ, ਜਿੱਥੇ ਫਾਨਾ ਠੋਕ।

ਫਿਰਕੂ ਪਾੜੇ ਪਾ ਕੇ, ਪਿਆ ਲੜਾਵੇ ਲੋਕ।

ਹਿੰਦੂ ਪੂਜਣ ਗਊ ਨੂੰ, ਖਾਵਣ ਮੁਸਲਮਾਨ।

ਏਥੇ ਲੱਭਿਆ ਓਸ ਨੂੰ, ਨੁਕਤਾ ਬੜਾ ਅਸਾਨ।

ਗਊ ਭੱਖੀ ਖੁਦ ਵੀ, ਹੈ ਸਨ ਉਹ ਅੰਗ੍ਰੇਜ਼।

ਨਾ ਗਊ ਨਾ ਸੂਰ ਤੋ,ਂ ਉਹਨਾਂ ਨੂੰ ਪ੍ਰਹੇਜ਼।

ਜਦੋਂ ਰਾਜ ਸੀ ਬਦਲਿਆ, ਸਮੀਕਰਨ ਸਭ ਨਾਲ।

ਬਿੱਲੇ ਦਿੱਤੇ ਬਦਲ ਸਨ, ਕਰ ਕੇ ਕਪਟ ਖਿਆਲ।

ਅਠਾਰਾਂ ਸੌ ਛਿਆਲੀਆ, ਮਾਰਚ ਨੌਂ ਪਛਾਣ।

ਸੰਧੀ ਨਾਲ ਪੰਜਾਬ ਦੇ, ਉਹਨੇ ਕੀਤੀ ਆਣ।

ਸੰਧੀ ਉਹਨੂੰ ਆਖੀਏ, ਇਹ ਵੀ ਬਾਤ ਨਾ ਠੀਕ।

ਗੋਰੇ ਮਰਜ਼ੀ ਨਾਲ ਹੀ, ਲਿਖਦੇ ਲਫ਼ਜ਼ ਧਰੀਕ।

ਮਹਾਰਾਜਾ ਦਲੀਪ ਸਿੰਘ, ਅਜੇ ਨਬਾਲਗ ਆਖ।

ਬਣਿਆ ਸਰਪ੍ਰਸਤ ਉਹ, ਗਿੱਦੜ ਲੱਭੀ ਦਾਖ।

ਬਿੱਲਾ ਰਾਖਾ ਦੁੱਧ ਦਾ, ਬਣ ਕੇ ਬੈਠਾ ਆਪ।

ਮੁੱਛਾਂ ਪਿਆ ਸਵਾਰਦਾ ਅੰਦਰ ਭਾਰੀ ਪਾਪ।

ਸਿੱਖ ਰਾਜ ਦਾ ਪੈ ਗਿਆ, ਸਮਝੋ ਉੱਕਾ ਭੋਗ।

ਵਤਨ ਪ੍ਰਸਤਾਂ ਨੂੰ ਹੀ, ਹੋਇਆ ਡਾਢਾ ਸੋਗ।

ਮਗਰਮੱਛ ਦੇ ਜਬੜਿਆਂ, ਲੀਤਾ ਜਕੜ ਪੰਜਾਬ।

ਬੇ-ਨਿਆਈਆਂ ਵੇਖ ਕੇ, ਕੁਸਕੇ ਕੌਣ ਜਨਾਬ।

ਰਾਜਾ ਸਮਝ ਪੰਜਾਬ ਦਾ, ਸਰ ਹੈਨਰੀ ਲਾਰੰਸ।

ਉਗਰਸੈਨ ਕਰ ਕੈਦ ਜਿਉਂ, ਮਥਰਾ ਸਾਂਭੀ ਕੰਸ।

ਗੋਂਗਲੂਆਂ ਤੋਂ ਓਸ ਨੇ, ਪਹਿਲਾਂ ਮਿੱਟੀ ਝਾੜ।

ਹੁਕਮ ਸੁਣਾਇਆ ਆਪਣਾ, ਲਈ ਧਰਮ ਦੀ ਆੜ।

ਵਿੱਚ ਹਰਮੰਦਰ ਸਾਹਿਬ ਦੇ, ਫ਼ੌਜੀ ਬੂਟ ਸਮੇਤ।

ਕਦੇ ਕਰਨ ਪ੍ਰਵੇਸ਼ ਨਾ, ਰਹਿਣ ਹਮੇਸ਼ ਸੁਚੇਤ।

ਸਿੱਖੀ ਵਾਲੀ ਭਾਵਨਾ ਨੂੰ, ਲੱਗੇ ਨਾ ਠੇਸ।

ਸਿੱਖ ਧਰਮ ਦੇ ਵਿੱਚ ਨਾ, ਦੇਵਣ ਦਖਲ ਮਲੇਸ਼।

ਗਊ ਕਸ਼ੀ ਨਾ ਹੋਏਗੀ, ਅੰਮ੍ਰਿਤਸਰ ਦੇ ਵਿੱਚ।

ਹਿੰਦੂ ਜਿਸਨੂੰ ਵੇਖ ਕੇ, ਹੋਣ ਮਨਾ ਵਿੱਚ ਜਿੱਚ।

ਜੋੜੇ ਸਾਰੇ ਲਾਹੁਣਗੇ, ਪ੍ਰਕਰਮਾ ਤੋਂ ਬਾਹਰ।

ਏਸ ਪਵਿੱਤਰ ਥਾਂ ਦਾ, ਕਰੀਏ ਸਦ ਸਤਿਕਾਰ।

ਤਾਮਰ ਪੱਤਰ ਲੈ ਕੇ, ਉਸ ਉੱਤੇ ਲਿਖਵਾ।

ਹਰਮੰਦਰ ਦੇ ਬਾਹਰ ਉਹ, ਦਿੱਤਾ ਸੀ ਟੰਗਵਾ।

ਗਊ ਬਧ ਨਹੀਂ ਹੋਏਗਾ, ਅੰਮ੍ਰਿਤਸਰ ਵਿਚਕਾਰ।

ਸਭ ਨੂੰ ਮੰਨਣਾ ਪਵੇਗਾ, ਹੁਕਮ ਕਰੇ ਸਰਕਾਰ।

ਐਪਰ ਨਾਲ ਚਲਾਕੀਆਂ, ਗੱਲਾਂ ਕਰਦਾ ਹੋਰ।

ਮਾਰੇ ਮੋਮੋ ਠੱਗਣੀਆਂ, ਦਿਲ ਦੇ ਅੰਦਰ ਚੋਰ।

ਫਿਰਦੇ ਵੇਖ ਚੁਫੇਰ ਹੀ, ਉਹ ਗਊਆਂ ਦੇ ਵੱਗ।

ਸ਼ਿਕਰੇ ਵਾਂਗੂ ਤਾੜਦਾ, ਝਾੜਾਂ ਉਹਲੇ ਲੱਗ।

ਗਊਆਂ ਏਨੀਆਂ ਹੁੰਦਿਆਂ, ਮਿਲੇ ਨਾ ਮੋਟਾ ਮਾਸ।

ਕੋਲ ਹਕੂਮਤ ਹੁੰਦਿਆਂ, ਹੋਈਏ ਕਿਉਂ ਉਦਾਸ।

ਅੰਦਰ ਹੈਨ ਪੰਜਾਬ ਦੇ, ਗਊਆਂ ਬੇ-ਸ਼ੁਮਾਰ।

ਬੁੱਚੜ ਖਾਨੇ ਖੋਹਲੀਏ, ਕਰੀਏ ਖਾਸ ਵਪਾਰ।

ਮਾਸ ਮਿਲੇਗਾ ਖਾਣ ਨੂੰ, ਲਾਈਏ ਟੈਕਸ ਨਾਲ।



Sri Satguru Jagjit Singh Ji eLibrary NamdhariElibrary@gmail.com

ਚਮੜੇ ਦੇ ਵਿਓਪਾਰ ਦਾ, ਬੜਾ ਭਵਿਖ ਕਮਾਲ।

ਕਿਉਂਕਿ ਚਮੜਾ ਗਊ ਦਾ, ਵਿਕਦਾ ਮਹਿੰਗੇ ਮੁੱਲ।

ਏਸੇ ਕਰਕੇ ਓਸ ਨੇ, ਦਿੱਤੀ ਇਹਦੀ ਖੁੱਲ੍ਹ।

ਆਖਣ ਜਿਉਂਦੀ ਗਾਂ ਨੂੰ, ਮਾਰਨ ਛਮਕਾਂ ਮਾਰ।

ਰੱਤ ਇਕੱਠੀ ਹੋਂਵਦੀ, ਚਮੜੇ ਦੇ ਵਿਚਕਾਰ।

ਇਸ ਚਮੜੇ ਦੀ ਕਰਨ ਉਹ ਕੀਮਤ ਬੜੀ ਵਸੂਲ।

ਨੇਮ ਧਰਮ ਸਭ ਛੱਡ ਕੇ, ਛਿੱਕੇ ਟੰਗ ਅਸੂਲ।

ਬੱਚਾ ਕੱਢਣ ਪੇਟ ’ਚੋਂ, ਉਸ ਦੀ ਖੱਲ ਉਤਾਰ।

ਵਧੀਆ ਬੂਟ ਬਣਾਉਣ ਲਈ, ਕਰਦੇ ਉਲਟੀ ਕਾਰ।

ਸੋਹਣੇ ਸੋਹਣੇ ਵਹਿੜਕੇ, ਫੜ ਫੜ ਦਿੱਤੇ ਮਾਰ।

ਜਿਨ੍ਹਾਂ ਬਣਨਾ ਸੀ ਕਦੇ, ਖੇਤਾਂ ਦਾ ਸ਼ਿੰਗਾਰ।

ਜ਼ਾਲਮ ਵੇਖੋ ਜ਼ੁਲਮ ਦੀ, ਲੱਗੇ ਹੱਦ ਮੁਕਾਉਣ।

ਛਮਕਾਂ ਮਾਰਨ ਖੱਲ ਤੇ, ਤੇ ਡਾਢਾ ਤੜਪਾਉਣ।

ਅਣ ਮਨੁੱਖੀ ਕਾਜ ਕਰ, ਦੇਣ ਯਾਤਨਾ ਢੇਰ।

ਪਿੱਛੋਂ ਫੜ ਕੇ ਓਸ ਨੂੰ, ਜ਼ਿਬ੍ਹਾ ਕਰੇਂਦੇ ਫੇਰ।

ਮੁਸਲਮਾਨਾਂ ਨੂੰ ਉਹ, ਲੱਗੇ ਦੇਣ ਹਵਾ।

ਆਪੇ ਦਿੱਤੇ ਹੁਕਮ ਨੂੰ, ਆਪ ਰਹੇ ਪਲਟਾ।

ਹਾਕਮ ਹੋਇਆ ਹਿੰਦ ਦਾ, ਗੋਰਾ ਬੜਾ ਚਲਾਕ।



Sri Satguru Jagjit Singh Ji eLibrary NamdhariElibrary@gmail.com

ਉਹ ਸਮੇਂ ਦੀ ਨਾੜ ਤੇ, ਹਰ ਦਮ ਰੱਖੇ ਤਾਕ।

ਰਾਜ ਖੁੱਸਿਆ ਜਿਨ੍ਹਾਂ ਦਾ, ਹੋਵਣ ਲੋਕ ਕਰੋਪ।

ਮਤੇ ਇਕੱਠੇ ਹੋ ਕੇ, ਬਣਨ ਵਿਰੋਧੀ ਤੋਪ।

ਓਸ ਸੋਚਿਆ ਇਹਨਾਂ ਨੂੰ, ਆਪਸ ਵਿੱਚ ਲੜਾ।

ਮਸਲਾ ਹੋਰ ਬਣਾ ਕੇ, ਦੇਵਾਂ ਧਿਆਨ ਵਟਾ।

ਘੜੀ ਵਿਓਂਤ ਓਸ ਨੇ, ਵੇਖੋ ਕਹੀ ਕਮਾਲ।

ਮੁਸਲਮਾਨ ਲੜਾਉਣ ਦੀ, ਹਿੰਦੂ ਸਿੱਖਾਂ ਨਾਲ।

ਏਸ ਲਈ ਉਸ ਲੱਭਿਆ, ਸਭ ਤੋਂ ਸੌਖਾ ਰਾਹ।

ਆਣ ਨਿਮਾਣੀ ਗਊ ਦੇ, ਗਲੇ ਪਵਾਇਆ ਫਾਹ।

ਸੀ ਉਨੰਜਾ ਈਸਵੀ ਸੌ, ਅਠਾਰਾਂ ਨਾਲ।

ਤਿੰਨ ਮਈ ਨੂੰ ਲਿਖੀ ਉਸ, ਚਿੱਠੀ ਬਦਲ ਖਿਆਲ।

ਦਿੱਤੀ ਵਿੱਚ ਪੰਜਾਬ ਦੇ, ਗਊਕਸ਼ੀ ਦੀ ਖੁੱਲ੍ਹ।

ਗਊ ਮਾਸ ਦੇ ਚਾਹਵਾਨ, ਖਾਵਣ ਸਸਤੇ ਮੁੱਲ।

ਗੋਂਗਲੂਆਂ ਤੋਂ ਝਾੜਦਾ, ਮਿੱਟੀ ਨਾਲੋਂ ਨਾਲ।

ਪਿਆ ਵਰਾਵੇ ਭਾਰਤੀ, ਜਿਵੇਂ ਅੰਞਾਣੇ ਬਾਲ।

ਬੁੱਚੜ ਖਾਨੇ ਸ਼ਹਿਰ ਤੋਂ, ਖੋਹਲੇ ਜਾਵਣ ਬਾਹਰ।

ਗਊ ਮਾਸ ਨਾ ਵੇਚਿਆ, ਜਾਵੇ ਸ਼ਰੇ ਬਜ਼ਾਰ।

ਹਿੰਦੂ ਸਿੱਖਾਂ ਦੇ ਨਾ, ਦਿਲ ਨੂੰ ਲੱਗੇ ਠੇਸ।



Sri Satguru Jagjit Singh Ji eLibrary NamdhariElibrary@gmail.com

ਅਗਲੀ ਚਿੱਠੀ ਵਿੱਚ ਪਰ, ਦਿੱਤੀ ਪੱਟੀ ਮੇਸ।

ਪੈਰ ਧਰਾਵਾ ਕਰ ਲਵੇ, ਅਗਲਾ ਪੁੱਟੇ ਪੈਰ।

ਬਿੱਲਾ ਜਿੰਦਾਂ ਸ਼ਹਿ ਕੇ, ਬੁਰਾ ਕਮਾਉਂਦਾ ਵੈਰ।

ਵੀਹ ਮਈ ਨੂੰ ਜਲਦ ਹੀ, ਸੁਣਿਓਂ ਕਰ ਕੇ ਗੌਰ।

ਗਵਰਨਰ ਜਨਰਲ ਨੇ ਸੀ, ਚਿੱਠੀ ਭੇਜੀ ਹੋਰ।

ਦਿਵਸ ਅਠਾਰਾਂ ਬਾਅਦ ਹੀ, ਲਿਖਿਆ ਓਸ ਆਦੇਰ।

ਪੋਚਾ ਪਿਛਲੀ ਗੱਲ ਤੇ, ਦਿੱਤਾ ਸਾਰਾ ਫੇਰ।

ਧਰਮ ਗਵਾਂਢੀ ਦਾ ਜੋ, ਮੰਨਦੈ ਰੀਤ ਰਿਵਾਜ।

ਦਖਲ ਦਵੇ ਨਾ ਓਸ ਵਿੱਚ, ਕੋਈ ਤੁਨਕ ਮਿਜ਼ਾਜ।

ਨਹੀਂ ਇਜ਼ਾਜਤ ਕਿਸੇ ਨੂੰ, ਰੋਕੇ ਉਹਦੀ ਰੀਤ।

ਜਿਹੜੀ ਸ਼ਰਧਾ ਕਿਸੇ ਦੀ, ਗਾਵੇ ਓਹੋ ਗੀਤ।

ਜਾਣੇ ਵਿੱਚ ਇਸਲਾਮ ਦੇ, ਗਊਕਸ਼ੀ ਦੀ ਖੁੱਲ੍ਹ।

ਉਹਨਾਂ ਨੂੰ ਪਰਚਾ ਲਿਆ, ਉਹਨੇ ਸਸਤੇ ਮੁੱਲ।

ਇੱਕ ਤੀਰ ਦੇ ਨਾਲ ਉਸ, ਮਾਰੇ ਦੋ ਸ਼ਿਕਾਰ।

ਰਾਜ ਕਰਾਂ ਮਹਿਫੂਜ਼ ਮੈਂ, ਚੱਲੇ ਨਾਲ ਵਪਾਰ।

ਲੋਕੀਂ ਆਪੋ ਵਿੱਚ ਹੀ, ਲੜਦੇ ਮਰਦੇ ਰਹਿਣ।

ਬਿੱਲੇ ਤੀਲੀ ਲਾ ਕੇ ਜਾ, ਰੂੜੀ ਤੇ ਬਹਿਣ।

ਜਾਤ ਧਰਮ ਦੇ ਨਾਂ ਤੇ, ਹੋਏ ਰੋਜ ਕਲੇਸ਼।



Sri Satguru Jagjit Singh Ji eLibrary NamdhariElibrary@gmail.com

ਆਣ ਦਿਆਂ ਪਰਚਾਉਣੀਆਂ, ਸੋਚੇ ਘਾਗ ਮਲੇਸ਼।

ਉਹ ਜਾਣਦਾ ਲੋਕ ਜੋ, ਜੀਹਨਾਂ ਅਣਖੀ ਮੱਸ।

ਜਰਨ ਕਦੇ ਨਾ ਵੇਖ ਕੇ, ਆਉਣ ਕਮਾਨਾਂ ਕੱਸ।

ਨਾਮਧਾਰੀਏ ਰੜਕਦੇ, ਉਹਦੀ ਅੱਖ ਵਿਚਕਾਰ।

ਮਿਲੇ ਬਹਾਨਾ ਜਰਾ ਵੀ, ਫੜ ਕੇ ਕੱਢਾਂ ਬਾਹਰ।

ਕਿੰਨੇ ਲੋਕਾਂ ਵਿੱਚ ਹੈ, ਜਿਉਂਦੀ ਅਣਖ ਦਲੀਲ।

ਕਿਹੜੇ ਕਿਹੜੇ ਨਾਗ ਨਾ, ਆਏ ਅੰਦਰ ਕੀਲ।

ਮਾਰ ਫੁੰਕਾਰੇ ਆਉਣਗੇ, ਛਿੜੀ ਵੇਖ ਕੇ ਛੇੜ।

ਏਸੇ ਕਰਕੇ ਓਸ ਨੇ, ਪਾਈ ਆਣ ਦੁਫੇੜ।

ਅੰਮ੍ਰਿਤਸਰ ਦੀ ਸਦਾ ਹੀ, ਉੱਚੀ ਸੁੱਚੀ ਸ਼ਾਨ।

ਹਿੰਦੂ ਸਿੱਖਾਂ ਦਾ ਹੈ, ਤੀਰਥ ਬੜਾ ਮਹਾਨ।

ਮੰਡੀ ਅੰਤਰ ਰਾਸ਼ਟਰੀ, ਹੋਵੇ ਬੜਾ ਵਪਾਰ।

ਉਹਨੇ ਏਥੋਂ ਏਸ ਲਈ, ਸ਼ੁਰੂ ਕਰਾਈ ਕਾਰ।

ਕੀਤੀ ਮਸਲਤ ਸੱਦ ਕੇ, ਹਿੰਦੀ ਟੁੱਕੜ ਬੋਚ।

ਦੇ ਦਿੱਤੀ ਪ੍ਰਵਾਨਗੀ, ਜਿਨ੍ਹਾਂ ਉਲਟੀ ਸੋਚ।

ਸੱਦੇ ਉਹਨੇ ਆਪਣੇ, ਤਖਤ ਮੱਲ ਜਿਹੇ ਯਾਰ।

ਜੀ ਹਜ਼ੂਰੀ ਕਰਨ ਉਹ, ਜੋ ਚਾਹਵੇ ਸਰਕਾਰ।

ਬਾਹਰ ਲਹੌਰੀ ਗੇਟ ਦੇ, ਓਸ ਮਸ਼ਵਰਾ ਜੋੜ।

ਬੁੱਚੜ ਖਾਨੇ ਵਾਸਤੇ, ਜਗ੍ਹਾ ਚੁਣੀ ਜਿਉਂ ਲੋੜ।

ਉਸ ਕਸਾਈਆਂ ਨੂੰ ਸੀ, ਕੁਝ ਸ਼ਰਤਾਂ ਅਨੁਸਾਰ।

ਗਊ ਕਸ਼ੀ ਦੀ ਖੁੱਲ੍ਹ ਦੇ, ਕੀਤਾ ਗਰਮ ਬਜ਼ਾਰ।

ਓਧਰ ਬੁੱਚੜ ਮੁਸਲਮਾਨ, ਕੁਝ ਦਿੱਤੇ ਵਡਿਆ।

ਹਿੰਦੂ ਸਿੱਖਾਂ ਦੇ ਵੀ, ਹੰਝੂ ਰਿਹਾ ਪੂੰਝਾ।

ਗਊ ਕਸ਼ੀ ਦੇ ਵਾਸਤੇ, ਵਾੜਾ ਵਲੋਂ ਵਿਸ਼ੇਸ਼।

ਬੁੱਚੜ ਏਹਦੇ ਵਿੱਚ ਹੀ, ਕਾਰਜ ਕਰਨ ਹਮੇਸ਼।

ਅੰਦਰ ਕੂਚੇ ਕਿਸੇ ਵੀ, ਕੋਈ ਆਮ ਜਾਂ ਖਾਸ।

ਫੇਰੀ ਲਾ ਕੇ ਵੇਚਣਾ, ਮਨ੍ਹਾਂ ਗਊ ਦਾ ਮਾਸ।

ਬੁੱਚੜ ਖਾਨੇ ਤੋਂ ਜਾ, ਆਪ ਖਰੀਦਣ ਲੋਕ।

ਕਰੇ ਵਖਾਵਾ ਕੋਈ ਨਾ, ਲਾਈ ਪੂਰੀ ਰੋਕ।

ਤਾ ਕਿ ਹਿੰਦੂ ਸਿੱਖ ਦਾ, ਦਿਲ ਦੁਖੇ ਨਾ ਵੇਖ।

ਨਾਲੇ ਏਸ ਉਦੇਸ਼ ਦਾ, ਕੀਤਾ ਖਾਸ ਉਲੇਖ।

ਹੁਕਮ ਅਦੂਲੀ ਜੋ ਕਰੇ, ਬਣੇ ਕਸੂਰ ਵਾਰ।

ਸਖਤ ਸਜ਼ਾਵਾਂ ਓਸ ਨੂੰ, ਦੇਵੇਗੀ ਸਰਕਾਰ।

ਵੱਸੋਂ ਅੰਮ੍ਰਿਤਸਰ ਦੀ, ਓਸ ਵਕਤ ਅਨੁਮਾਨ।

ਅੱਧੇ ਹਿੰਦੂ ਵੱਸਦੇ, ਅੱਧੇ ਮੁਸਲਮਾਨ।

ਪਿੰਡਾਂ ਵਿੱਚੋਂ ਆ ਕੇ, ਸਿੱਖ ਰਾਜ ਤਰਖਾਣ।

ਕਰਨ ਮੁਸ਼ੱਕਤ ਏਸ ਥਾਂ, ਰੋਜੀ ਰੋਜ ਕਮਾਣ।

ਕੁਝ ਅਰੋੜੇ ਸਿੱਖ ਵੀ, ਸਨ ਦੁਕਾਨਦਾਰ।

ਫਿਰ ਵੀ ਗਿਣਤੀ ਕਿਸੇ ਵਿੱਚ, ਹੋਵੇ ਨਹੀਂ ਸ਼ੁਮਾਰ।

ਗਊ ਹੱਤਿਆ ਹੋਣ ਤੇ, ਹਿੰਦੂ ਮੁਸਲਮਾਨ।

ਭਾਈਚਾਰਾ ਤੋੜ ਕੇ, ਲੱਗੇ ਮੂੰਹ ਭਵਾਣ।

ਮਿੱਤਰਤਾਈਆਂ ਟੁੱਟੀਆਂ, ਪੈ ਗਈ ਮਨੀਂ ਤਰੇੜ।

ਗੰਢਾਂ ਦਿਲ ਵਿੱਚ ਬੱਝੀਆਂ, ਉਲਟਾ ਗਿੜਿਆ ਗੇੜ।

ਹਵਾ ਵਿਸ਼ੈਲੀ ਹੋ ਗਈ, ਹੋਈ ਤਲਖ ਫਿਜ਼ਾ।

ਘਰ ਘਰ ਚਰਚਾ ਚੱਲੀਆਂ, ਚੱਲੇ ਬਦਲ ਸੁਭਾ।

ਘਟੀਆਂ ਗਊਆਂ ਵੱਛੀਆਂ, ਦਿਨ ਆਏ ਮਨਹੂਸ।

ਦੁੱਧ ਘਿਓ ਦੀ ਘਾਟ ਵੀ, ਹੋਣ ਲੱਗੀ ਮਹਿਸੂਸ।

ਖੇਤੀ ਲਈ ਕ੍ਰਿਸਾਨ ਨੂੰ, ਬੈਲ ਨਾ ਮਿਲਦੇ ਮੂਲ।

ਕੀਮਤ ਡਿਓਢੀ ਦੁੱਗਣੀ, ਲੋਕੀਂ ਰਹੇ ਵਸੂਲ।

ਮਾੜੇ ਲੋਕੀਂ ਹਾਰ ਕੇ, ਝੋਟੇ ਲੱਗੇ ਵਾਹੁਣ।

ਸ਼ੋਹਦੇ ਤਰਲੇ ਮਾਰਦੇ, ਕਿੱਥੋਂ ਬੈਲ ਲਿਆਉਣ।

ਝੋਟਾ ਮਿਲੇ ਨਾ ਕਿਸੇ ਨੂੰ, ਲੈਣ ਝੋਟੀਆਂ ਜੋੜ।

ਤੰਗ ਦਸਤ ਜੋ ਲੋਕ ਸਨ, ਪੂਰੀ ਕਰਦੇ ਲੋੜ।

ਗਊ ਹੱਤਿਆ ਹੋਣ ਤੇ, ਦੁਖੀ ਹੋਏ ਉਹ ਲੋਕ।

ਸੋਚ ਰਹੇ ਕਿ ਕਿਸ ਤਰ੍ਹਾਂ, ਇਸ ਤੇ ਲੱਗੇ ਰੋਕ।

ਹਾਨੀ ਹੋਵੇ ਧਰਮ ਦੀ, ਸੱਕਣ ਕਿਵੇਂ ਸਹਾਰ।

ਐਪਰ ਪੇਸ਼ ਨਾ ਜਾਂਵਦੀ, ਬੈਠੇ ਬਾਜ਼ੀ ਹਾਰ।

ਬੜੇ ਅਮੀਰ ਜਗੀਰਦਾਰ, ਹਿੰਦੂ ਸਿੱਖ ਪ੍ਰੀਵਾਰ।

ਬਿੱਲੇ ਦੇ ਸਭ ਚਾਟੜੇ, ਮਾਇਆ ਨਾਲ ਪਿਆਰ।

ਧਰਮ ਕਰਮ ਕੀ ਜਾਣਦੇ, ਕੀ ਜਾਨਣ ਸੰਤਾਪ।

ਉਹਨਾਂ ਦਾ ਅੰਗ੍ਰੇਜ਼ ਹੀ, ਕੇਵਲ ਮਾਈ ਬਾਪ।

ਜੀ ਹਜ਼ੂਰੀ ਧਰਮ ਤੇ, ਮਾਇਆ ਹੋਈ ਰੱਬ।

ਗੈਰਤ ਬੈਠੇ ਵੇਚ ਉਹ, ਕਰਕੇ ਕੇਵਲ ਲੱਬ।

ਬੈਠੇ ਆਗੂ ਧਰਮ ਦੇ, ਬਣ ਕੇ ਸੰਤ ਮਹੰਤ।

ਉਹਨਾਂ ਵਿੱਚੋਂ ਭਾਵਨਾ, ਧਰਮੀ ਹੋਈ ਉਡੰਤ।

ਖਾ ਖਾ ਪੂਜਾ ਧਾਨ ਨੂੰ, ਮਾਰੀ ਐਸੀ ਮੱਤ।

ਕਰ ਕਰ ਐਸਪ੍ਰਸਤੀਆਂ, ਮਰ ਗਏ ਅਣਖੀ ਤੱਤ।

ਭਾਈ ਪ੍ਰਦੁਮਣ ਸਿੰਘ, ਪੀ ਕੇ ਰੋਜ ਸ਼ਰਾਬ।

ਕਥਾ ਕਰੇ ਦਰਬਾਰ ਦੇ, ਅੰਦਰ ਆਣ ਜਨਾਬ।

ਸ਼ੇਰਾਂ ਜਿਹਾ ਲਿਬਾਸ ਪਾ, ਬੈਠੇ ਵੜ ਕੇ ਖੁੱਡ।

ਗੈਰਤ ਉਹਨਾਂ ਅੰਦਰੋਂ, ਗਈ ਚਿਰਾਂ ਦੀ ਉੱਡ।

ਚੂਹੇ ਦੱਸੋ ਪਾਉਣ ਕੀ, ਬਿੱਲੀ ਦੇ ਗਲ ਟੱਲ।



Sri Satguru Jagjit Singh Ji eLibrary NamdhariElibrary@gmail.com

ਬੈਠ ਗਏ ਦੜ ਵੱਟ ਕੇ, ਜਰਾ ਨਾ ਗੌਲੀ ਗੱਲ।

ਐਪਰ ਜਨਤਾ ਆਮ ਨੂੰ, ਹੋਇਆ ਦਰਦ ਅਪਾਰ।

ਉਹ ਸਰਕਾਰ ਵਧੀਕੀਆਂ, ਸੱਕਣ ਕਿਵੇਂ ਸਹਾਰ।

ਗੁਰੂਆਂ ਤੋਂ ਵਰੋਸਾਇਆ, ਇਹ ਪਵਿੱਤਰ ਸ਼ਹਿਰ।

ਬੁੱਚੜ ਖਾਨੇ ਖੋਹਲ ਕੇ, ਬਿੱਲੇ ਕੀਤਾ ਕਹਿਰ।

ਐਪਰ ਹੋ ਕੇ ਬੇ-ਬੱਸ, ਬੈਠੇ ਮਨ ਮਸੋਸ।

ਅੰਦਰੋ ਅੰਦਰ ਉਬਲਦਾ, ਰਿਹਾ ਹਮੇਸ਼ਾ ਰੋਸ।

ਜੋ ਹਿਤਵਾਨ ਪੰਜਾਬ ਦੇ, ਧਰਮੀ ਪੁਰਸ਼ ਮਹਾਨ।

ਕਾਲ ਕੋਠੀਆਂ ਵਿੱਚ ਸਨ, ਸੁੱਟੇ ਉਹ ਇਨਸਾਨ।

ਮਹਾਰਾਜਾ ਦਲੀਪ ਸਿੰਘ, ਦਿੱਤਾ ਭੇਜ ਵਲੈਤ।

ਬਾਲ ਨਬਾਲਗ ਲੈ ਗਏ, ਉਹ ਅੰਗ੍ਰੇਜ਼ੀ ਦੈਂਤ।

ਐਪਰ ਧਰਤ ਪੰਜਾਬ ਦੀ, ਭਾਵੇਂ ਹੋਈ ਖੀਣ।

ਪੂਰੀ ਐਪਰ ਅਜੇ ਨਾ, ਹੋਈ ਅਣਖ ਵਿਹੀਣ।

ਬੁੱਚੜ ਗਊ ਮਾਸ ਹੁਣ, ਵੇਚਣ ਸ਼ਰੇ ਬਜ਼ਾਰ।

ਜਿਨ੍ਹਾਂ ਅਣਖੀ ਮੱਸ ਉਹ, ਕਿੱਦਾਂ ਲੈਣ ਸਹਾਰ।

ਮਸਲਾ ਬਣਿਆ ਮਜ਼ਹਬ ਦਾ, ਝਗੜੇ ਲੱਗੇ ਹੋਣ।

ਪਰ ਬਿੱਲੇ ਨਾ ਬਦਲਿਆ, ਜਰਾ ਦ੍ਰਿਸ਼ਟੀ ਕੋਣ।

ਹਿੰਦੂ ਪਾ ਪਾ ਅਰਜ਼ੀਆਂ, ਬੈਠੇ ਹਿੰਮਤ ਹਾਰ।

ਹੰਝੂ ਵੀ ਨਾ ਪੂੰਝਦੀ, ਉਹ ਜ਼ਾਲਮ ਸਰਕਾਰ।

ਰਾਮ ਦਾਸ ਗੁਰ ਸਾਜਿਆ, ਸੁਧਾ ਸਰੋਵਰ ਆਪ।

ਜਿਸ ਦੇ ਵਿੱਚ ਨਹਾਤਿਆਂ, ਉੱਤਰਦੇ ਸਭ ਪਾਪ।

ਏਸ ਪਵਿੱਤਰ ਥਾਂ ਦੀ, ਮੈਲੀ ਹੋਈ ਆਬ।

ਡਿੱਗਣ ਹੱਡੀਆਂ ਬੋਟੀਆਂ, ਹੋਵੇ ਧਰਮ ਖ਼ਰਾਬ।

ਇੱਲਾਂ, ਗਿਰਝਾਂ, ਕਾਂ ਚੁੱਕ, ਗਊਆਂ ਦੇ ਅਵਸ਼ੇਸ਼।

ਏਸ ਪਵਿੱਤਰ ਧਾਮ ਤੇ, ਕਰ ਜਾਂਦੇ ਪ੍ਰਵੇਸ਼।

ਗਊ ਮਾਸ ਦੀਆਂ ਬੋਟੀਆਂ, ਪ੍ਰਕਰਮਾ ਵਿਚਕਾਰ।

ਨਾਲੇ ਹੱਡ ਲਿਆ ਕੇ, ਦੇਂਦੇ ਰੋਜ ਖਿਲਾਰ।

ਹਰਮੰਦਰ ਦੇ ਕਲਸ ਤੇ, ਬੈਠਣ ਇੱਲਾਂ ਕਾਗ।

ਸੁੱਟਣ ਹੱਡੀਆਂ ਬੋਟੀਆਂ, ਲੱਗਾ ਭੈੜਾ ਦਾਗ।

ਐਪਰ ਕੁਸਕੇ ਕੋਈ ਨਾ, ਸਭ ਬੈਠੇ ਦੜ ਵੱਟ।

ਭਲੇ ਦਿਨਾਂ ਸੀ ਆਸ ਤੇ, ਰਹੇ ਜ਼ਮਾਨਾ ਕੱਟ।

ਬੁੱਚੜ ਖਾਨੇ ਖੁੱਲ੍ਹਿਆਂ, ਹੋਏ ਚੌਦਾਂ ਸਾਲ।

ਅਜੇ ਕਿਸੇ ਦੀ ਅਣਖ ਨੂੰ, ਆਇਆ ਨਹੀਂ ਉਬਾਲ।

ਹਿੰਦੂ ਸਿੱਖਾਂ ਰਲ ਕੇ, ਕੀਤੀ ਕੂਕ ਪੁਕਾਰ।

ਮਰਿਆਦਾ ਇਸ ਨਗਰ ਦੀ, ਕਾਇਮ ਕਰੇ ਸਰਕਾਰ।

ਪਰ ਸਰਕਾਰੀ ਅਫ਼ਸਰਾਂ, ਮਾਰੀ ਕੰਨਾਂ ਘੇਸ।



Sri Satguru Jagjit Singh Ji eLibrary NamdhariElibrary@gmail.com

ਏਹ ਵੇਖ ਕੇ ਹਿੰਦੂਆਂ, ਡਾਢੀ ਲੱਗੀ ਠੇਸ।

ਬਿੱਲੇ ਅੰਦਰੋ ਅੰਦਰੀਂ, ਖੁਸ਼ੀਆਂ ਪਏ ਮਨਾਉਣ।

ਮੁਸਲਮਾਨਾਂ ਨੂੰ ਸਗੋਂ, ਹੋਰ ਪਏ ਉਕਸਾਉਣ।

ਸੀ ਬੁੱਚੜਾਂ ਦੀ ਪਿੱਠ ਤੇ, ਉਹ ਜ਼ਾਲਮ ਸਰਕਾਰ।

ਉਹਨਾਂ ਤਾਈਂ ਹੋ ਗਿਆ, ਹੈਂਕੜ ਤੇ ਹੰਕਾਰ।

ਭਾਈਚਾਰੇ ਵਾਲੀਆਂ, ਸੱਭੇ ਹੱਦਾਂ ਤੋੜ।

ਸ਼ਹਿ ਪਾ ਕੇ ਅੰਗ੍ਰੇਜ਼ ਦੀ, ਹੋਏ ਬੜੇ ਅਮੋੜ।

ਸ਼ਰੇਆਮ ਹੁਣ ਵੇਚਦੇ, ਡੱਲਾਂ ਭਰ ਭਰ ਮਾਸ।

ਹਿੰਦੂ ਸਿੱਖ ਇਹ ਵੇਖ ਕੇ, ਹੋਏ ਬੜੇ ਉਦਾਸ।

ਭਾਈ ਦੇਵਾ ਸਿੰਘ ਨੇ, ਵਿੰਨੇ ਹਿਰਦੇ ਨਾਲ।

ਹੱਡੀ ਓਥੋਂ ਚੁੱਕ ਕੇ, ਕਰ ਕੇ ਖਾਸ ਖਿਆਲ।

ਜਾ ਦਰਬਾਰ ਸਾਹਿਬ ਦੇ, ਅੱਗੇ ਦਿੱਤੀ ਰੱਖ।

ਸ਼ਾਇਦ ਗੈਰਤ ਵੇਖ ਕੇ, ਜਾਗ ਪਵੇ ਪ੍ਰਤੱਖ।

ਕੰਨਾਂ ਉੱਤੇ ਕਿਸੇ ਦੇ, ਸਰਕੀ ਫੇਰ ਨਾ ਜੂੰ।

ਕੰਨ ਵਲੇਟੀ ਲੰਘ ਗਏ, ਕਿਸੇ ਨਾ ਕੀਤੀ ਚੂੰ।

ਕੀਤਾ ਦੇਵਾ ਸਿੰਘ ਨੂੰ, ਕੈਦ ਮੁਕੱਦਮਾ ਠੋਕ।

ਥੱਪਿਆ ਦੋਸ਼ ਫਰੰਗੀਆਂ, ਇਹ ਭੜਕਾਵੇ ਲੋਕ।

ਮੁਸਲਮਾਨਾਂ ਨੂੰ ਉਹ, ਦੇਂਦਾ ਰਿਹਾ ਹਵਾ।

ਹਿੰਦੂ ਸਿੱਖ ਨਿਰਦੋਸ਼ ਹੀ, ਦਿੱਤੇ ਓਸ ਦਬਾ।

ਨਾਲੇ ਫੇਰ ਫਰੰਗੀਆਂ, ਹੋਰ ਉਗਲਿਆ ਗੰਦ।

ਬੁੱਚੜ ਖਾਨੇ ਕਦੇ ਵੀ, ਨਹੀਂ ਹੋਣਗੇ ਬੰਦ।

ਇਹ ਵੇਖ ਕੇ ਬੁੱਚੜਾਂ, ਫੈਲਾਈ ਅਫਵਾਹ।

ਸਾਨੂੰ ਹੁਣ ਅੰਗ੍ਰੇਜ਼ ਨੇ, ਦੇਣੈ ਅਗਲਾ ਰਾਹ।

ਬੁੱਚੜ ਖਾਨਾ ਹੈ ਜੋ, ਘੰਟਾ ਘਰ ਦੇ ਕੋਲ।

ਓਥੇ ਗਊ ਮਾਸ ਦੀਆਂ, ਦੇਣ ਦੁਕਾਨਾਂ ਖੋਹਲ।

---o---

ਨਾਮਧਾਰੀ ਲਹਿਰ ਸੀ, ਭਰ ਜੋਬਨ ਪ੍ਰਵਾਨ।

ਸ੍ਰੀ ਸਤਿਗੁਰੂ ਰਾਮ ਸਿੰਘ, ਕਰਦੇ ਕਾਜ ਮਹਾਨ।

ਲਾਈ ਅੰਦਰ ਕੂਕਿਆਂ, ਖਾਸ ਅਣਖ ਦੀ ਪਾਣ।

ਸੁੱਤੇ ਜ਼ਜ਼ਬੇ ਟੁੰਬ ਕੇ, ਲਾਏ ਉੱਤੇ ਸਾਣ।

ਐਪਰ ਸ਼ਾਂਤਮਈ ਸੀ, ਅਜੇ ਏਸ ਦਾ ਰੰਗ।

ਦੇਸ਼ ਭਗਤੀ ਦੇ ਅਜੇ, ਗੂਹੜੇ ਕਰਨੇ ਰੰਗ।

ਚਾਹੁੰਦੇ ਸ਼ਾਂਤੀ ਨਾਲ ਹੀ, ਚੰਗਾ ਵਕਤ ਗੁਜ਼ਾਰ।

ਸੋਚਣ ਅਜੇ ਉਡੀਕੀਏ, ਵੇਲਾ ਸੂਤਰ ਧਾਰ।

ਅੰਮ੍ਰਿਤਸਰ ਵਿੱਚ ਵੱਸਦੇ, ਕੁਝ ਕੂਕੇ ਪ੍ਰੀਵਾਰ।

ਉਹਨਾਂ ਵਿਚੋਂ ਇੱਕ ਸੀ, ਲਹਿਣਾ ਸਿੰਘ ਸਰਦਾਰ।

ਪਿੰਡ ਪੰਨਵਾਂ ਓਸ ਦਾ, ਜ਼ਿਲ੍ਹਾ ਪੁਰੀ ਗੁਰਦਾਸ।

ਕੂਕੇ ਆ ਕੇ ਹੋਰ ਵੀ, ਬੈਠਣ ਉਹਦੇ ਪਾਸ।

ਦਸ ਜਣਿਆਂ ਨੇ ਬੈਠ ਕੇ, ਲੀਤੀ ਮਸਲਤ ਜੋੜ।

ਆਖਣ ਲਾਹੀਏ ਮੱਥਿਓਂ, ਇਹ ਅਵੱਲਾ ਕੋਹੜ।

ਹਰਮੰਦਰ ਦੀ ਸ਼ਾਨ ਉਂਜ, ਕਰੀਏ ਫੇਰ ਬਹਾਲ।

ਛੁਰੀ ਗਊ ਦੇ ਗਲੇ ਤੋਂ, ਲਾਹੀਏ ਹਿੰਮਤ ਨਾਲ।

ਸਤਿਗੁਰ ਜੀ ਤੋਂ ਆਗਿਆ, ਉਹਨਾਂ ਲਏ ਬਗੈਰ।

ਆਪੇ ਖਾਰੀ ਮੌਤ ਦੀ, ਵੱਲ ਵਧਾਇਆ ਪੈਰ।

ਸੋਚ ਰਹੇ ਕਿ ਗੁਰੂ ਜੀ, ਦੇਵਣਗੇ ਅਟਕਾ।

ਲੇਖੇ ਦਈਏ ਸੀਸ ਹੁਣ, ਅਸੀਂ ਧਰਮ ਦੇ ਲਾ।

ਧਰਮ ਬਚਾਵਣ ਵਾਸਤੇ, ਜਾਨ ਤਲੀ ਤੇ ਰੱਖ।

ਤੁਰੇ ਰਾਤ ਨੂੰ ਸੂਰਮੇ, ਜਰਾ ਬਚਾ ਕੇ ਅੱਖ।

ਸੰਧੂ ਬੀਹਲਾ ਸਿੰਘ ਸੀ, ਪਿੰਡ ਨਾਰਲੀ ਵਾਸ।

ਫਤਹਿ ਸਿੰਘ ਸੀ ਭਾਟੜਾ, ਅੰਮ੍ਰਿਤਸਰ ਦਾ ਖਾਸ।

ਹਾਕਮ ਸਿੰਘ ਪਟਵਾਰੀ ਦਾ, ਪਿੰਡ ਮੌੜ ਸੀ ਜਾਣ।

ਇਹ ਬ੍ਰਾਹਮਣ ਕੁੱਲ ਦਾ, ਬਣਿਆ ਲਾਲ ਨਿਸ਼ਾਨ।

ਅੰਮ੍ਰਿਤਸਰ ਦਾ ਇੱਕ ਸੀ, ਲਹਿਣਾ ਸਿੰਘ ਤਰਖਾਣ।



Sri Satguru Jagjit Singh Ji eLibrary NamdhariElibrary@gmail.com

ਇਹ ਸ਼ਹਿਰ ਦੇ ਕੂਕਿਆਂ, ਦਾ ਹੈ ਸੀ ਪ੍ਰਧਾਨ।

ਸੂਰੇ ਬੀੜਾ ਚੁੱਕਿਆ, ਮਾਰੋ ਹਿੱਕ ’ਚ ਬਾਣ।

ਛੱਟ ਜਲਾਲਤ ਵਾਲੜੀ, ਲਾਹੀਏ ਲਾ ਕੇ ਤਾਣ।

ਲਹਿਣਾ ਸਿੰਘ ਤੇ ਮਿਹਰ ਸਿੰਘ, ਲੋਪੋ ਦੇ ਵਸਨੀਕ।

ਨਾਲ ਸਿਪਾਹੀ ਲਾਲ ਸਿੰਘ, ਆਣ ਮਿਲਾਇਆ ਠੀਕ।

ਅੜਬੰਗੀ ਭਗਵਾਨ ਸਿੰਘ, ਪਿੰਡ ਮਰ੍ਹਾਣਾ ਜਾਣ।

ਝੰਡਾ ਸਿੰਘ ਸੀ ਠਠਿਓਂ, ਉਸ ਦੀ ਭਲੀ ਪਛਾਣ।

ਲਛਮਣ ਸਿੰਘ ਸੀ ਚਾਹਲ ਦਾ, ਸਾਰੇ ਮਰਦ ਦਲੇਰ।

ਸੱਚੇ ਸਿੱਖ ਸਤਿਗੁਰੂ ਦੇ, ਸਾਰੇ ਬੱਬਰ ਸ਼ੇਰ।

ਇਹਨਾਂ ਕਰ ਕੇ ਗੁਰਮਤਾ, ਲੀਤੀ ਬੰਨ੍ਹ ਤਰੀਕ।

ਏਸੇ ਕਾਰਜ ਵਾਸਤੇ, ਜਿਹੜੀ ਜਾਪੀ ਠੀਕ।

ਲੈ ਸਿਪਾਹੀ ਲਾਲ ਸਿੰਘ, ਆ ਪਹੁੰਚਾ ਹਥਿਆਰ।

ਬਾਕੀ ਸਫਾ ਜੰਗ ਸਨ, ਸਿੰਘਾਂ ਲਏ ਸਵਾਰ।

## ਸਿੰਘਾਂ ਦਾ ਰਵਾਨਾ ਹੋਣਾ

ਕਰੀ ਅਰਦਾਸ ਤੁਰੇ ਸਿੰਘ ਸੂਰੇ।

ਜੋ ਅਣਖਾਂ ਦੇ ਰਾਖੇ ਤੇ ਕਰਨੀ ਦੇ ਪੂਰੇ।



Sri Satguru Jagjit Singh Ji eLibrary NamdhariElibrary@gmail.com

ਉਹ ਦਸਵੇਂ ਪਿਤਾ ਜੀ ਦੀ ਪੜ੍ਹਦੇ ਨੇ ਬਾਣੀ।

ਸੀ ਰੋਕਣ ਲਈ ਜਿਨ੍ਹੇ ਤਸ਼ੱਦਦ ਨੂੰ ਠਾਣੀ।

"ਸਦਾ ਸਰਬਦਾ ਚਰਨ ਤੁਮਰੇ ਧਿਆਊਂ॥

ਤੁਮਨ ਮਿਹਰ ਸਿਉ ਦੁਸਟ ਸਗਲੇ ਖਪਾਊਂ॥

ਯਹੀ ਆਸ ਪੂਰਨ ਕਰੋ ਤੁਮ ਹਮਾਰੀ॥

ਮਿਟੇ ਕਸਟ ਗਊਅਨ ਛੁਟੇ ਖੇਦ ਭਾਰੀ॥"

ਪਕੜ ਕ੍ਰਿਪਾਨਾਂ ਸਫਾ ਜੰਗ ਸਵਾਰੇ।

ਜਾ ਮਸਤਕ ਝੁਕਾਇਆ ਗੁਰੂ ਦੇ ਦੁਆਰੇ।

ਤੇ ਮਸਤਕ ਨਿਵਾ ਮੰਗ ਮੰਗੀ ਅਨੋਖੀ।

ਕਰੋ ਮਿਹਰਬਾਨੀ ਮਿਟਾ ਦਈਏ ਦੋਖੀ।

ਅਸਾਂ ਸੀਸ ਤੁਮਰੇ ਨੇ ਚਰਨੀ ਟਿਕਾਏ।

ਇਹ ਜਨਮ ਤੋਂ ਲੇਖੇ ਤੁਮਾਰੇ ਲਿਖਾਏ।

ਜੋ ਦੀਪ ਸਿੰਘ ਵਾਂਗੂ ਧਰਮ ਲੇਖੇ ਲਾਈਏ।

ਬੇਅਦਬੀ ਗੁਰੂ ਘਰ ਦੀ ਹੋਣੋ ਹਟਾਈਏ।

ਸੀ ਹੈ ਜੂਨ ਚੌਦਾਂ ਅਤੇ ਪੂਰਨ ਮਾਸ਼ੀ।

ਵਿਛੀ ਚਾਂਦਨੀ ਸੀ ਧਰਾ ਤੇ ਚੌਪਾਸੀ।

ਚੱਲੇ ਘੰਟਾ ਘਰ ਵਾਲੇ ਬੁੱਚੜਾਂ ਦੇ ਖਾਨੇ।

ਜਾ ਪਹੁੰਚੇ ਸ਼ਹੀਦੀ ਸਜਾ ਗੁੱਟੀਂ ਗਾਨੇ।



Sri Satguru Jagjit Singh Ji eLibrary NamdhariElibrary@gmail.com

ਤੇ ਬੰਦ ਹੈ ਸੀ ਫਾਟਕ ਨਵੇਰਾ ਨਕੋਰਾ।

ਸੀ ਪਿਛਵਾੜੇ ਐਪਰ ਵਡੇਰਾ ਮਘੋਰਾ।

ਵਹਾਂ ਰੱਤ ਗਊਆਂ ਦੀ ਬੁੱਚੜ ਵਹਾਉਂਦੇ।

ਲਹੂ ਵਾਲਾ ਨਾਲਾ ਨੇ, ਅੰਦਰੋਂ ਚਲਾਉਂਦੇ।

ਜਣਾ ਇੱਕ ਲੰਘਾਇਆ ਮਘੋਰੇ ’ਚੋਂ ਅੰਦਰ।

ਜਿਵੇਂ ਕੋਈ ਵੜਦਾ ਪਹਾੜੀ ਦੀ ਕੰਦਰ।

ਦੀਆ ਖੋਹਲ ਫਾਟਕ ਦੱਬੇ ਪੈਰ ਜਾ ਕੇ।

ਬਿਨਾ ਸ਼ੋਰ ਕੀਤੇ ਜਾ ਧੀਰੇ ਹਿਲਾ ਕੇ।

ਸਭੀ ਤਰਫ ਅੰਦਰ ਪਤੰਦਰ ਨੇ ਨੱਸੇ।

ਸਫਾ ਜੰਗ ਚਲਾਏ ਦੀਏ ਕਾਟ ਰੱਸੇ।

ਭੁੱਖੀਆਂ ਤਿਹਾਈਆਂ ਜਾ ਗਊਆਂ ਛੁਡਾਈਆਂ।

ਨੱਸਣ ਛੂਟ ਵੱਟੀ ਉਹ ਝੱਟ ਬਾਹਰ ਆਈਆਂ।

ਇਹ ਹਿੱਲਜੁਲ ਜਾਂ ਹੋਈ ਬੁੱਚੜ ਉੱਠ ਕੇ ਬਹਿ ਗਏ।

ਪਵਣ ਲੱਗਾ ਰੌਲਾ ਕਿ ਸਿੱਖੜੇ ਨੇ ਪੈ ਗਏ।

ਅਲਾ ਏਨੀ ਸਿੱਖਾਂ ਤੇ ਕਰ ਦਿੱਤਾ ਧਾਵਾ।

ਫੜੋ ਜਲਦ ਸਿੱਖੜੇ ਨਾ ਭੱਜ ਜਾਣ ਸ਼ਾਵਾ।

ਦੁਖੇ ਕੂਕੇ ਜਾਨਾਂ ਤਲੀ ਧਰ ਕੇ ਆਏ।

ਲੈ ਵਾਂਗਰ ਹਨੇਰੀ ਸਫਾ ਜੰਗ ਚਲਾਏ।



Sri Satguru Jagjit Singh Ji eLibrary NamdhariElibrary@gmail.com

ਪਕੜ ਜਿਨ੍ਹਾਂ ਹੱਥੀਂ ਚੰਡੀਕਾ ਸਵਾਰੀ।
ਜਾ ਉਹਨਾਂ ਨੇ ਬੁੱਚੜਾਂ ਦੀ ਸੁਸਤੀ ਉਤਾਰੀ।
ਅੜੇ ਜੋ ਅਗੇਰੇ ਝੜੇ ਹੇਠ ਸਾਰੇ।
ਬਹੁ ਬੁੱਚੜ ਨਕਾਰੇ ਸੀ ਚੁਣ ਚੁਣ ਕੇ ਮਾਰੇ।
ਜੋ ਗਊਆਂ ਦੀ ਰੱਤ ਵਹਾਉਂਦੇ ਸੀ ਭਾਰੀ।
ਉਹਨਾਂ ਦੀ ਵੀ ਓਦਾਂ ਵਹਾ ਦਿੱਤੀ ਸਾਰੀ।
ਇਮਾਮੀ ਤੇ ਸ਼ਾਦੀ, ਜੀਊਣਾ ਤੇ ਪੀਰਾ।
ਹਤੇ ਜਾਣ ਏਦਾਂ ਕੱਟੇ ਜਿੱਦਾਂ ਖੀਰਾ।
ਕਰਮਦੀਨ, ਖੀਵਾ ਤੇ ਬਖਸ਼ਾ ਇਲਾਹੀ।
ਹੁਤੇ ਜਾਣ ਜ਼ਖਮੀ ਬਚੀ ਜਾਨ ਆਹੀ।
ਜਾਂ ਸਿੰਘਾਂ ਨੇ ਡਿੱਠਾ ਕਿ ਹੋ ਗਈ ਸਫਾਈ।
ਨਿਕਲ ਓਥੋਂ ਜਲਦੀ ਉਹ ਹੋਏ ਹਵਾਈ।
ਲਹੂ  ਭਿੱਜੇ ਕੱਪੜੇ ਜਾ ਸਾਰੇ ਉਤਾਰੇ।
ਪਹਿਨ ਲੀਤੇ ਦੂਜੇ ਜੋ ਸਾਂਭੇ ਸਵਾਰੇ।
ਧਰਾ ਨੀਚੇ ਸ਼ਸ਼ਤਰ ਜਾ ਡੂੰਘੇ ਦਬਾਏ।
ਸਭੀ ਵੱਖੋ ਵੱਖਰੇ ਵੜੇ ਸ਼ਹਿਰ ਜਾਏ।

## ਮੁਕੱਦਮਾ

ਸਿੰਘਾਂ ਬੁੱਚੜ ਸੋਧ ਕੇ, ਦੱਬੇ ਜਾ ਹਥਿਆਰ।

ਚੁੱਪ ਚਪੀਤੇ ਜਾ ਕੇ, ਲੱਗੇ ਕਾਰ ਵਿਹਾਰ।

ਬੁੱਚੜਾਂ ਦੇ ਇਸ ਕਤਲ ਦੀ, ਹੁੰਦੇ ਸਾਰ ਸਵੇਰ।

ਜੰਗਲ ਦੀ ਅੱਗ ਵਾਂਗਰਾਂ, ਫੈਲੀ ਖ਼ਬਰ ਚੁਫੇਰ।

ਧਰਮੀ ਲੋਕਾਂ ਵਾਸਤੇ, ਹੋਈ ਖੁਸ਼ੀ ਅਥਾਹ।

ਪਾਪੀ ਸਭੇ ਵੇਖ ਕੇ, ਗਏ ਬਹੁਤ ਘਬਰਾ।

ਫਿਰਨ ਕਸਾਈ ਕੰਬਦੇ, ਡਰੇ ਵੇਖ ਕੇ ਹਾਲ।

ਗਊ ਹੱਤਿਆ ਕੀਤਿਆਂ, ਬਚਣਾ ਹੋਏ ਮੁਹਾਲ।

ਬੁੱਚੜ ਖਾਨਾ ਛੱਡ ਕੇ, ਬੈਠੇ ਘਰੀਂ ਅਡੋਲ।

ਕੰਨੀਂ ਹੱਥ ਲਵਾ ਕੇ, ਮਸਲਾ ਹੋਇਆ ਗੋਲ।

ਹਰਕਤ ਦੇ ਵਿੱਚ ਆ ਗਈ, ਝਟਪਟ ਫੇਰ ਪੁਲੀਸ।

ਜੰਗੀ ਪੱਧਰ ਤੇ ਉਹ, ਕਰੇ ਪਈ ਤਫਤੀਸ਼।

ਵਿੱਚ ਹਨੇਰੇ ਮਾਰਦੀ, ਤੀਰ ਪਈ ਸਰਕਾਰ।

ਹੱਥ ਨਾ ਆਵੇ ਕੁਝ ਵੀ, ਹੋਈ ਬੜੀ ਲਾਚਾਰ।

ਉਹਨਾਂ ਸਖਤ ਸਜ਼ਾ ਦਾ, ਕਰ ਦਿੱਤਾ ਐਲਾਨ।

ਆਖਣ ਕਾਤਲ ਲੱਭਣੇ, ਲਾ ਕੇ ਸਾਰਾ ਤਾਣ।

ਕਾਤਲ ਜੋ ਪਕੜਾ ਦਵੇ, ਪਾਵੇ ਬਹੁਤ ਇਨਾਮ।

ਅੰਮ੍ਰਿਤਸਰੀਏ ਪੁਲਿਸ ਦੀ, ਮਦਦ ਕਰਨ ਤਮਾਮ।
ਬੁੱਚੜ ਸਾਰੇ ਸੱਦ ਕੇ, ਦੇਣ ਦਲੇਰੀ ਢੇਰ।
ਝੂਠ ਗਵਾਹੀ ਲੈਣ ਲਈ, ਪਕੜ ਲਿਆਏ ਫੇਰ।
ਪਕੜ ਬਹਾਏ ਪੁਲਿਸ ਨੇ, ਹਿੰਦੂ ਸ਼ਰਧਾਵਾਨ।
ਜਾਂ ਫਿਰ ਕੁਝ ਨਿਹੰਗ ਸਿੰਘ, ਜਿਨ੍ਹਾਂ ਨਹੀਂ ਗਿਆਨ।
ਬੁੱਚੜਾਂ ਨੂੰ ਜੋ ਲੰਘਦੇ, ਕਦੇ ਤੁਰਕੜੇ ਆਖ।
ਪਰ ਗ਼ੈਰਤ ਦੀ ਮੜ੍ਹੀ ਚੋਂ, ਪਏ ਫਰੋਲਣ ਰਾਖ।
ਐਪਰ ਇਸ ਤਫ਼ਤੀਸ਼ ਤੇ, ਜੰਮੇ ਨਹੀਂ ਯਕੀਨ।
ਲੱਭਣ ਤੰਦਾਂ ਫੜੇ ਜੋ, ਇਸ ਤੋਂ ਆਣ ਮਹੀਨ।
ਆਖਣ ਵਿੱਚ ਪੰਜਾਬ ਦੇ, ਜੋ ਸਭ ਤੋਂ ਹੁਸ਼ਿਆਰ।
ਕਹਿਣ ਕ੍ਰਿਸ਼ਟੀ ਓਸ ਨੂੰ, ਅਫ਼ਸਰ ਤੇਜ਼ ਤਰਾਰ।
ਉਹ ਅੰਮ੍ਰਿਤਸਰ ਭੇਜਿਆ, ਕਰਨ ਲਈ ਕੁਝ ਹੱਲ।
ਉਹਨੇ ਕੀਤੇ ਕੂੜ ਦੇ, ਵੱਡੇ ਖੜੇ ਮਹੱਲ।
ਪਹਿਲਾਂ ਬੰਦੇ ਫੜੇ ਜੋ, ਸਾਰੇ ਦਿੱਤੇ ਛੱਡ।
ਟੀਮ ਮੰਗਾ ਪੁਲੀਸ ਦੀ, ਆਣ ਬਹਾਈ ਅੱਡ।
ਝਟ ਪਟ ਫੇਰ ਕ੍ਰਿਸਟੀ, ਕੀਤਾ ਆਣ ਐਲਾਨ।
ਜੋ ਫੜਾਵੇ ਕਾਤਲਾਂ ਸਾਥੋਂ, ਲਏ ਇਨਾਮ ਵਿਸ਼ੇਸ਼।
ਗੁਪਤ ਪਛਾਣ ਓਸ ਦੀ, ਰੱਖੀ ਰਹੇ ਹਮੇਸ਼।

ਸੱਦੇ ਉਹਨੇ ਆਪਣੇ, ਮਦਦੀ ਟੁੱਕੜ ਬੋਚ।

ਜਿਨ੍ਹਾਂ ਦੀ ਸੀ ਮੁੱਢ ਤੋਂ, ਬਸਤੀਵਾਦੀ ਸੋਚ।

ਗੈਰਾਂ ਦੇ ਸੰਗ ਦੋਸਤੀ, ਗ਼ੈਰਾਂ ਨਾਲ ਪਿਆਰ।

ਵੇਚੀ ਬੈਠੇ ਗ਼ੈਰਤਾਂ, ਉਹ ਮਾਇਆ ਦੇ ਯਾਰ।

ਰਾਮਗੜ੍ਹੀਆ ਮੰਗਲ ਸਿੰਘ, ਰਾਜਾ ਸਾਹਿਬ ਦਿਆਲ।

ਰਾਇ ਮੂਲਾ ਸਿੰਘ ਤੇ, ਖਾਨ ਮੁਹੰਮਦ ਨਾਲ।

ਸੱਦ ਲਿਆ ਭਗਵਾਨ ਸਿੰਘ, ਤੁਰੇ ਵਿਦੇਸ਼ੀ ਤੋਰ।

ਸੱਦੇ ਮਦਦ ਵਾਸਤੇ, ਇਹਨਾਂ ਵਰਗੇ ਹੋਰ।

ਭਉਂਕਣ ਦੇਸੀ ਕੁੱਤੀਆਂ, ਬੋਲ ਵਿਦੇਸ਼ੀ ਬੋਲ।

ਅਣਖੋਂ ਅੰਦਰ ਖੋਖਲੇ, ਵਾਂਗ ਢੋਲ ਦੇ ਪੋਲ।

ਆਖਣ ਮਦਦ ਕਰਾਂਗੇ, ਲਾ ਕੇ ਸਾਰਾ ਤਾਣ।

ਆਖੇ ਮਾਈ ਬਾਪ ਦੇ, ਦਈਏ ਰੇਤਾ ਛਾਣ।

ਖਾਨ ਮੁਹੰਮਦ ਸ਼ਾਹ ਨੇ, ਲੀਤੀ ਮਸਲਤ ਜੋੜ।

ਲਾਲਚ ਵੇਖ ਇਨਾਮ ਦਾ, ਪਿਆ ਕਰੇ ਗਠਜੋੜ।

ਸੀ ਵਿਸ਼ਈ ਪੁੱਜ ਕੇ, ਐਬਾਂ ਵਿੱਚ ਗਲਤਾਨ।

ਪੂਛ ਹਿਲਾਵੇ ਗੋਰਿਆਂ, ਅੱਗੇ ਵਾਂਗ ਸਵਾਨ।

ਗੁਰਮੁਖ ਸਿੰਘ, ਨਿਹਾਲ ਸਿੰਘ, ਕਾਹਨ ਸਿੰਘ ਲੈ ਨਾਲ।

ਚੱਲੀ ਉਹਨੇ ਫੇਰ ਸੀ, ਬੜੀ ਅਨੋਖੀ ਚਾਲ।



. Sri Satguru Jagjit Singh Ji eLibrary NamdhariElibrary@gmail.com .

ਹਿੰਦੂ ਸਿੱਖਾਂ ਵਿੱਚ ਉਹ, ਆਖਣ ਹਿੱਕਾਂ ਠੋਕ।

ਬੁੱਚੜ ਮਾਰੇ ਅਸੀਂ ਨੇ, ਸੁਣਿਓਂ ਸਾਰੇ ਲੋਕ।

ਸੁਣ ਕੇ ਕਾਤਲ ਅਸਲ ਜੋ, ਉਗਲ ਦੇਣਗੇ ਭੇਤ।

ਪਕੜ ਲਵਾਂਗੇ ਓਸ ਨੂੰ, ਹੋ ਕੇ ਜਰਾ ਸੁਚੇਤ।

ਐਪਰ ਇਹ ਸਕੀਮ ਵੀ, ਆਈ ਨਾ ਕੁਝ ਰਾਸ।

ਪਰਤ ਪਏ ਝੱਖ ਮਾਰਦੇ, ਫਿੱਕੀ ਪੈ ਗਈ ਆਸ।

ਸੱਦੇ ਉਹਨੇ ਸ਼ਹਿਰ ਦੇ, ਹਿੰਦੂ ਸਿੱਖ ਬਦਮਾਸ਼।

ਪਰ ਨਾ ਲੱਭਾ ਫੇਰ ਵੀ ਨੁਕਤਾ ਕੋਈ ਖਾਸ।

ਉਹਨੇ ਬੁੱਚੜ ਸੱਦ ਕੇ, ਕੀਤੇ ਦਰਜ ਬਿਆਨ।

ਕੋਈ ਸ਼ੱਕੀ ਆਦਮੀ, ਸੋਚੋ ਨਾਲ ਧਿਆਨ।

ਉਹਨਾਂ ਏਦਾਂ ਦੱਸਿਆ, ਬੁੱਚੜ ਖਾਨੇ ਕੋਲ।

ਓਦਣ ਹੀਰਾ ਭਾਟੜਾ, ਫਿਰਦਾ ਰਿਹਾ ਅਡੋਲ।

ਚੱਕਰ ਕੱਟੇ ਓਸ ਨੇ, ਏਧਰ ਦੇ ਦੋ ਚਾਰ।

ਸਾਨੂੰ ਲੱਗਾ ਓਸ ਦਾ, ਓਦੋਂ ਅਜਬ ਵਿਹਾਰ।

ਹੀਰਾ ਸਿੰਘ ਨੂੰ ਪਕੜ ਕੇ, ਲੈ ਆਈ ਪੁਲੀਸ।

ਮੁੜ ਕੇ ਨਵੇਂ ਸਿਰੇ ਤੋਂ, ਹੋਣ ਲੱਗੀ ਤਫ਼ਤੀਸ਼।

ਮੰਜੀ ਲਾਈ ਓਸ ਨੂੰ, ਕੁੱਟ ਕੁੱਟ ਕੀਤਾ ਮੁੰਜ।

ਦੇ ਦੇ ਕਰੜੀ ਯਾਤਨਾ, ਦਿੱਤਾ ਜਿਗਰ ਕਲੁੰਜ।

ਪਹਿਲਾਂ ਤਾਂ ਉਸ ਖਾ ਕੇ, ਕਸਮਾਂ ਕਿਹਾ ਜ਼ਰੂਰ।

ਬੁੱਚੜ ਮਾਰੇ ਮੈਂ ਨਾ, ਫਸਿਆ ਬੇ-ਕਸੂਰ।

ਆਖਰ ਜਦੋਂ ਸਰੀਰ ਦਾ, ਟੁੱਟ ਗਿਆ ਸਭ ਤਾਣ।

ਉਹਨੇ ਸਮਝੇ ਏਸ ਤੋਂ, ਦੇਣੇ ਭਲੇ ਪ੍ਰਾਣ।

ਮੰਨ ਗਿਆ ਕਿ ਮੈਂ ਹੀ, ਕੀਤੇ ਕਤਲ ਜ਼ਰੂਰ।

ਸਮਝ ਮੋਰਚਾ ਮਾਰਿਆ, ਕੀਤਾ ਪੁਲਿਸ ਗਰੂਰ।

ਉਹਨੇ ਸਾਥੀ ਦੱਸਿਆ, ਇੱਕ ਅਹੀਆ ਬਦਮਾਸ਼।

ਫੜ ਕੇ ਉਹਨੂੰ ਕੁੱਟਿਆ, ਕੀਤਾ ਜਿੰਦਾ ਲਾਸ਼।

ਉਹ ਵੀ ਡਰਦਾ ਹੋ ਗਿਆ, ਵਾਅਦਾ ਮੁਆਫ਼ ਗਵਾਹ।

ਹੋਰ ਪੁਲੀਸ ਟੋਲਦੀ, ਅੱਗੋਂ ਅਗਲਾ ਰਾਹ।

ਓਸ ਸੇਠ ਜੈ ਰਾਮ ਦਾ, ਅਗੇ ਲੀਤਾ ਨਾਮ।

ਜੈ ਰਾਮ ਨੂੰ ਯਾਤਨਾ, ਦਿੱਤੀ ਫੇਰ ਤਮਾਮ।

ਉਹ ਵੀ ਡਰਦਾ ਕੁੱਟ ਤੋਂ, ਮੰਨ ਗਿਆ ਇਹ ਬਾਤ।

ਬੁੱਚੜ ਮਾਰੇ ਅਸਾਂ ਹੀ, ਆਖੇ ਓਸੇ ਰਾਤ।

ਵਾਅਦਾ ਮੁਆਫ਼ ਗਵਾਹ ਹੁਣ, ਉਹ ਵੀ ਬਣਿਆ ਝੱਟ।

ਲੋਕ ਬੇਦੋਸ਼ੇ ਹੋਰ ਵੀ, ਓਸ ਫੜਾਏ ਫੱਟ।

ਸ਼ਹਿਰੀ ਲਾਲੇ ਬਾਣੀਏ, ਮਾਰ ਨਾ ਜਾਨਣ ਮੂਸ।

ਖੜਕੇ ਕੁੰਡਾ ਹਵਾ ਸੰਗ, ਕੰਬਣ ਵਾਂਗੂ ਫੂਸ।



Sri Satguru Jagjit Singh Ji eLibrary NamdhariElibrary@gmail.com

ਅਸਲੀ ਕਾਤਲ ਤੁਸੀਂ ਹੋ, ਆਖੇ ਪਈ ਪੁਲੀਸ।

ਪੂਰੀ ਸੱਚੋ ਸੱਚ ਹੈ, ਇਹ ਸਾਰੀ ਤਫ਼ਤੀਸ਼।

ਕੁਝ ਅਕਾਲ ਬੁੰਗਿਓਂ, ਪਕੜੇ ਆਣ ਨਿਹੰਗ।

ਪਏ ਮਨਾਉਂਦੇ ਮਸਤੀਆਂ, ਪੀਣ ਘੋਟ ਕੇ ਭੰਗ।

ਆਏ ਅੜਿੱਕੇ ਪੁਲਿਸ ਦੇ, ਬਿੱਲੀ ਜਿਉਂ ਵਿੱਚ ਬੋਰ।

ਅਣ ਮਨੁੱਖੀ ਯਾਤਨਾ, ਸੁਣਿਓਂ ਕਰ ਕੇ ਗੌਰ।

---o---

ਫੜ ਕੇ ਵਾਂਗਰ ਧੋਬੀ ਭੁੰਜੇ ਸੁੱਟਦੇ।

ਛੱਲੀਆਂ ਵਾਂਗੂ ਡਾਂਗਾਂ ਫੜ ਕੇ ਕੁੱਟ ਦੇ।

ਪੱਟਾਂ ਵਿੱਚ ਅੜਾ ਕੇ ਡਾਂਗਾਂ ਪੁੱਠੀਆਂ।

ਉੱਤੇ ਚੜ੍ਹਿਆਂ ਜਾਵਣ ਜਾਨਾਂ ਕੁੱਠੀਆਂ।

ਪਾ ਲੱਤਾਂ ਨੂੰ ਰੱਸਾ ਪੁੱਠਾ ਟੰਗਦੇ।

ਚੋਭਾਂ ਮਾਰਨ ਜਿੱਦਾਂ ਬਿਸ਼ੀਅਰ ਡੰਗਦੇ।

ਚੀਰ ਚੀਰ ਕੇ ਲੂਣ ਲਗਾਵਣ ਚੀਰ ਤੇ।

ਗੁੱਝੀਆਂ ਮਾਰਨ ਸੱਟਾਂ ਸੋਹਲ ਸਰੀਰ ਤੇ।

ਵਾਲ ਪਕੜ ਕੇ ਐਸਾ ਝਟਕਾ ਝਟਕਦੇ।

ਸਾਹ ਸੀਨੇ ਦੇ ਅੰਦਰ ਸੁਣ ਕੇ ਅਟਕਦੇ।

ਠੰਡੇ ਪਾਣੀ ਅੰਦਰ ਸਿਰੀਆਂ ਡੋਬਦੇ।

ਪਿੱਛੋਂ ਤਿੱਖੀ ਆਰ ਪਿਛਾੜੀ ਚੋਭਦੇ।

ਨਾਲ ਜੰਬੂਰਾਂ ਫੜ ਫੜ ਕੇ ਨਹੁੰ ਖਿੱਚਦੇ।

ਚੀਕ ਪੁਕਾਰਾਂ ਸੁਣ ਸੁਣ ਵੀ ਨਾ ਮਿੱਚਦੇ।

ਭਰ ਕੁੱਤੇ ਦਾ ਗੰਦ ਤੋਬਰੇ ਚਾੜ੍ਹਦੇ।

ਗੰਦਗੀ ਭਰੀਆਂ ਕੋਠੜੀਆਂ ਵਿੱਚ ਤਾੜਦੇ।

ਕਰ ਕਰ ਲੋਹਾ ਤੱਤਾ ਪਿੰਡਾ ਦਾਗਦੇ।

ਚੂੰਡਣ ਬੋਟੀ ਬੋਟੀ ਵਾਂਗੂ ਕਾਗ ਦੇ।

ਦੇਣ ਗੁਦਾ ਵਿੱਚ ਡੰਡਾ ਜਰਾ ਨਾ ਸੰਗਦੇ।

ਸ਼ਰਮ ਧਰਮ ਸਭ ਛਿੱਕੇ ਉੱਤੇ ਟੰਗਦੇ।

ਇਹ ਜਮਦੂਤ ਨੇ ਬਿੱਲੇ ਯਮਰਾਜ ਦੇ।

ਜੋ ਝੂਠੇ ਨੂੰ ਸੱਚਾ ਆਖ ਨਿਵਾਜਦੇ।

ਬਿਨਾ ਗੁਨਾਹੋਂ ਇਹ ਨਰਕਾਂ ਵਿੱਚ ਸੁੱਟਦੇ।

ਜਾਂ ਨਾਂਹ ਸੁਣਦੇ ਫੇਰ ਦੁਬਾਰਾ ਕੁੱਟਦੇ।

ਟੁੱਟ ਗਏ ਨਿਰਦੋਸ਼ ਧੌਣਾਂ ਭੰਨੀਆਂ।

ਬੇ-ਕਸੂਰਾਂ ਸੱਭੇ ਗੱਲਾਂ ਮੰਨੀਆਂ।

ਬੁਰੇ ਤਸੀਹੇ ਸਹਿਣੇ ਮੰਦੇ ਮੌਤ ਤੋਂ।

ਡਰ ਜੀਵੰਦਿਆਂ ਆਏ ਵਧੇਰਾ ਫੌਤ ਤੋਂ।

ਤਿਲ ਤਿਲ ਕਰਕੇ ਮਰਨੋਂ ਫਾਂਸੀ ਬੁਰੀ ਨਾ।

ਟੁੱਟੀ ਜੀਵਨ ਆਸ ਅਗੇਰੇ ਤੁਰੀ ਨਾ।

---o---

ਇਹ ਤਸੀਹੇ ਸਹਿਣ ਤੋਂ, ਮਰਨਾ ਭਲਾ ਪਛਾਣ।

ਮੰਨ ਗਏ ਕਿ ਅਸਾਂ ਹੀ, ਕੀਤਾ ਬੁੱਚੜ ਘਾਣ।

ਲੋਕਾਂ ਇਸ ਤਫ਼ਤੀਸ਼ ਤੇ, ਕੀਤਾ ਬਹੁ ਅਫ਼ਸੋਸ।

ਐਪਰ ਡਰਨ ਹਕੂਮਤੋਂ, ਬੈਠੇ ਮਨ ਮਸੋਸ।

ਵੀਹ ਜੁਲਾਈ ਨੂੰ ਫਿਰ, ਕੀਤੀ ਮਿਸਲ ਤਿਆਰ।

ਅਠਾਰਾਂ ਇਕੱਤਰ ਈਸਵੀ, ਕਰਕੇ ਅੱਤਿਆਚਾਰ।

ਬਾਰਾਂ ਬੰਦੇ ਵੇਖ ਲਓ, ਕਰੇ ਕਸੂਰ ਵਾਰ।

ਬੁੱਚੜ ਬਧ ਦੀ ਜਿਨ੍ਹਾਂ ਨੂੰ, ਉੱਕਾ ਹੀ ਨਾ ਸਾਰ।

ਰਾਮ ਕਿਸ਼ਨ ਤੇ ਸੰਤ ਰਾਮ, ਮੰਨਾ ਸਿੰਘ ਨਿਹੰਗ।

ਮੂਲਾ, ਪੰਨਾ ਜੀ ਤੇ, ਜਵਾਲਾ ਸਿੰਘ ਵੀ ਸੰਗ।

ਸੁੰਦਰ ਸਿੰਘ, ਨਿਹਾਲ ਸਿੰਘ, ਸੋਭਾ, ਟੇਕਾ ਹੋਰ।

ਮਈਆ, ਭੂਪ ਸਿੰਘ ਨੂੰ, ਪਕੜ ਬਣਾਇਆ ਚੋਰ।

ਫਿਰ ਇੱਕੀ ਤਰੀਖ ਨੂੰ, ਝੱਟ ਮੁਕੱਦਮਾ ਤੋਰ।

ਵਿੱਚ ਅਦਾਲਤ ਬਿੱਲਿਆਂ, ਕੂੜ ਚਲਾਇਆ ਘੋਰ।

ਲੱਭ ਲਿਆਂਦੇ ਆਪਣੇ, ਉਹਨਾਂ ਝੋਲੀ ਚੁੱਕ।

ਦੇਣ ਗਵਾਹੀਆਂ ਠੋਕ ਕੇ, ਕੈਸਾ ਬੰਨਣ ਠੁੱਕ।

ਰੱਖਣ ਧਰਮ ਗ੍ਰੰਥ ਤੇ, ਹੱਥ ਸੌਗੰਧਾਂ ਖਾਣ।

ਅੱਖੀਂ ਵੇਖੇ ਬੁੱਚੜਾਂ ਦਾ, ਇਹ ਕਰਦੇ ਘਾਣ।

ਫਿਰ ਪੱਚੀ ਤਾਰੀਖ ਨੂੰ, ਝੱਟ ਪਟ ਕੰਮ ਨਬੇੜ।

ਕਾਤਲ ਕੀਤੇ ਨਾਮਜ਼ਦ, ਉਲਟਾ ਗੇੜਾ ਗੇੜ।

ਭੇਜੀ ਮਿਸਲ ਤਿਆਰ ਕਰ, ਉਹਨਾਂ ਡੀ. ਸੀ. ਕੋਲ।

ਉਸ ਨੇ ਦੇ ਪ੍ਰਵਾਨਗੀ ਭੇਜੀ, ਬਿਨ ਪੜਚੋਲ।

ਖੁਸ਼ ਹੋਏ ਅੰਗ੍ਰੇਜ਼ ਕਹਿ, ਸਾਲਵ ਹੋਇਆ ਕੇਸ।

ਮੁਸਲਮਾਨਾਂ ਨੂੰ ਵੀ, ਹੋਈ ਖੁਸ਼ੀ ਵਿਸ਼ੇਸ਼।

ਬੜੀ ਨਿਆਂਕਾਰ ਹੈ, ਆਖਣ ਇਹ ਸਰਕਾਰ।

ਦਿੱਤਾ ਜਿਨ੍ਹੇ ਦੁੱਧ ਚੋਂ, ਪਾਣੀ ਝੱਟ ਨਿਤਾਰ।

ਮਿਲੀ ਕ੍ਰਿਸਟੀ ਸਾਹਿਬ ਨੂੰ, ਅਕਲ ਹੁਨਰ ਦੀ ਦਾਦ।

ਐਪਰ ਵਿੱਚੋਂ ਖੋਖਲਾ, ਉਹ ਇਹਦਾ ਅਪਵਾਦ।

ਹਿੰਦੂ ਸਿੱਖਾਂ ਵਿੱਚ ਸੀ, ਫਿਰੀ ਸੋਗ ਦੀ ਲਹਿਰ।

ਬੇ-ਗੁਨਾਹੇਂ ਪਕੜ ਕੇ, ਆਖਣ ਕੀਤਾ ਕਹਿਰ।

ਲੱਭਾ ਕਿਹਾ ਨਿਆਂ ਦਾ, ਅੰਗ੍ਰੇਜ਼ਾਂ ਨੇ ਢੰਗ।

ਐਪਰ ਅੱਗੋਂ ਬਦਲਦਾ, ਸਮਾਂ ਅਨੋਖੇ ਰੰਗ।



Sri Satguru Jagjit Singh Ji eLibrary NamdhariElibrary@gmail.com

### ਬੀਹਲਾ ਸਿੰਘ ਤੇ ਲਹਿਣਾ ਸਿੰਘ ਨੇ ਭੈਣੀ ਸਾਹਿਬ ਆਉਣਾ

ਇੱਕ ਦਿਹਾੜੇ ਚੱਲ ਕੇ, ਆਏ ਕਰਨ ਦੀਦਾਰ।

ਬੀਹਲਾ ਸਿੰਘ ਜੀ ਨਾਰਲੀ, ਲਹਿਣਾ ਸਿੰਘ ਸਰਦਾਰ।

ਆਏ ਭੈਣੀ ਸਾਹਿਬ ਉਹ, ਸਤਿਗੁਰ ਜੀ ਦੇ ਪਾਸ।

ਚਰਨ ਪਰਸ ਕੇ ਗੁਰਾਂ ਦੇ, ਹੋਏ ਸੁਖੀ ਸਵਾਸ।

ਏਧਰ ਘਟਨਾ ਘਟ ਗਈ, ਰਾਇ ਕੋਟ ਵਿਚਕਾਰ।

ਅਣਪਛਾਤੇ ਬੰਦਿਆਂ, ਬੁੱਚੜ ਦਿਤੇ ਮਾਰ।

ਚੀਨੀ ਵਾਲੇ ਪੁੱਛਿਆ, ਅੰਮ੍ਰਿਤਸਰ ਦਾ ਹਾਲ।

ਲਹਿਣਾ ਸਿੰਘ ਹੱਥ ਜੋੜ ਕੇ, ਬੋਲ ਪਿਆ ਤਤਕਾਲ।

ਬੁੱਚੜ ਮਾਰੇ ਅਸਾਂ ਨੇ, ਸੁਣਿਓਂ ਦੀਨ ਦਿਆਲ।

ਫੜ ਨਿਰਦੋਸ਼ ਪੁਲੀਸ ਨੇ, ਅੰਦਰ ਲਏ ਬਹਾਲ।

ਨਾਲ ਅਸਾਂ ਦੇ ਪਾਤਸ਼ਾਹ, ਨੌਂ ਕੂਕੇ ਸਨ ਹੋਰ।

ਵੇਖ ਬੇਅਦਬੀ ਧਰਮ ਦੀ, ਆਇਆ ਗੁੱਸਾ ਘੋਰ।

ਜਰ ਨਾ ਸੱਕੇ ਪਾਤਸ਼ਾਹ, ਵੇਖ ਅਸੀਂ ਅਪਮਾਨ।

ਉਸ ਹਰਮੰਦਰ ਸਾਹਿਬ ਦਾ, ਜਿਸ ਦੀ ਉੱਚੀ ਸ਼ਾਨ।

ਸਤਿਗੁਰ ਜੀ ਨੇ ਆਖਿਆ, ਦੇ ਕੇ ਬਹੁਤਾ ਜੋਰ।

ਬੀਜੋ ਖੇਤੀ ਤੁਸੀਂ ਜੇ, ਵੱਢੇ ਕੋਈ ਹੋਰ।



Sri Satguru Jagjit Singh Ji eLibrary NamdhariElibrary@gmail.com

ਮੁਫ਼ਤੀ ਮਾਰੇ ਜਾਣਗੇ, ਉਹ ਲੋਕੀਂ ਨਿਰਦੋਸ਼।

ਕਾਰਜ ਕੀਤਾ ਜੋਸ਼ ਵਿੱਚ, ਆਓ ਅੰਦਰ ਹੋਸ਼।

ਧਰਮ ਕਮਾਇਆ ਤੁਸਾਂ, ਜੇ ਹੋ ਸੱਚੇ ਇਨਸਾਨ।

ਸੀਸ ਧਰਮ ਹਿਤ ਲਾਵਣੇ, ਕਾਰਜ ਬੜਾ ਮਹਾਨ।

ਬਿਨਾ ਕਸੂਰੋਂ ਫੜੇ ਜੋ, ਉਹ ਵੀ ਗਊ ਸਮਾਨ।

ਹੁਣੇ ਛਡਾਓ ਜਾ ਕੇ, ਜਾਨ ਕਰੋ ਕੁਰਬਾਨ।

ਅੰਨੇ ਏਸ ਕਾਨੂੰਨ ਦਾ, ਖੋਹਲ ਦਿਓ ਸਭ ਪਾਜ।

ਜਾਣ ਲੈਣ ਸਭ ਲੋਕ ਵੀ, ਇਹ ਹੈ ਜ਼ੁਲਮ ਰਾਜ।

ਬੀਜੀ ਖੇਤੀ ਆਪ ਜੋ, ਵੱਢੋ ਜਾ ਕੇ ਆਪ।

ਲਹਿ ਜਾਵੇ ਜੇ ਕੌਮ ਦੇ, ਸਾਰਾ ਸਿਰੋਂ ਸਰਾਪ।

ਹੈ ਪਾਵਨ ਗੁਰਧਾਮ ਦੀ, ਕੀਤੀ ਰੀਤ ਬਹਾਲ।

ਸੀਸ ਦਿਓ ਹੁਣ ਜਾ ਕੇ, ਆਪੇ ਸ਼ਰਧਾ ਨਾਲ।

ਵਿੱਚ ਕਚਹਿਰੀ ਜਾ ਕੇ, ਜੁਰਮ ਕਰੋ ਇਕਬਾਲ।

ਤਨ ਦੀ ਚਰਬੀ ਢਾਲ ਕੇ, ਦਿਓ ਮਿਸ਼ਾਲਾਂ ਬਾਲ।

ਬੀਹਲਾ ਸਿੰਘ ਨੇ ਉੱਠ ਕੇ, ਕਿਹਾ ਹਲੀਮੀ ਨਾਲ।

ਮੈਂ ਵੀ ਇਹਨਾਂ ਨਾਲ ਸਾਂ, ਦੱਸਾਂ ਖੋਹਲ ਹਵਾਲ।

ਸਤ ਬਚਨ ਫਿਰ ਆਖ ਕੇ, ਕੀਤੀ ਨਿਮਸਕਾਰ।

ਸੀਸ ਦੇਣ ਨੂੰ ਉੱਠ ਕੇ, ਹੋਏ ਝੱਟ ਤਿਆਰ।



Sri Satguru Jagjit Singh Ji eLibrary NamdhariElibrary@gmail.com

ਸਾਥੀ ਲੱਭੇ ਜਾ ਕੇ ਉਹਨਾਂ, ਕਰ ਕਰ ਭਾਲ।

ਜਿਹੜਾ ਮਿਲਦਾ ਉੱਠ ਕੇ, ਤੁਰ ਪੈਂਦਾ ਤਤਕਾਲ।

ਝੰਡਾ ਸਿੰਘ ਭਗਵਾਨ ਸਿੰਘ, ਨਾ ਉਹਨਾਂ ਦੀ ਸਾਰ।

ਮਿਹਰ ਸਿੰਘ ਵੀ ਤੁਰ ਗਿਆ, ਆਖਣ ਵੱਲ ਕੰਧਾਰ।

ਬਾਕੀ ਸੱਤੇ ਅੱਪੜੇ, ਵਿੱਚ ਕਚਹਿਰੀ ਚੱਲ।

ਉਹਨਾਂ ਓਥੇ ਪਹੁੰਚ ਕੇ, ਦੱਸੀ ਸਾਰੀ ਗੱਲ।

ਜਾ ਆਪਣੇ ਜ਼ੁਰਮ ਦਾ, ਕਰ ਲੀਤਾ ਇਕਬਾਲ।

ਇੰਜ ਫਰੰਗੀ ਕਾਜ ਤੇ, ਕੀਤੇ ਖੜ੍ਹੇ ਸਵਾਲ।

---o---

ਪਰ ਨਾ ਆਇਆ ਹਾਕਮਾਂ, ਨੂੰ ਉੱਕਾ ਇਤਬਾਰ।

ਹੋ ਹੈਰਾਨ ਸੋਚਦੇ, ਇਹ ਕੈਸਾ ਇਸਰਾਰ।

ਸਮਝਣ ਸੰਤ ਮਹਾਤਮਾ, ਹੈਨ ਖੁਦਾ ਦੇ ਯਾਰ।

ਮਾਲਾ ਫੇਰਨ ਬਿਨਾ ਨਾ, ਕਰਦੇ ਹੋਰ ਵਿਹਾਰ।

ਕਰ ਕੇ ਤਰਸ ਛੁਡਾਵਣੇ, ਚਾਹਵਣ ਦੋਸ਼ੀ ਆਪ।

ਜਾਓ ਸੰਤੋ ਆਖਦੇ ਕਰੋ, ਵਾਹਿਗੁਰੂ ਜਾਪ।

ਸਾਨੂੰ ਜਾਪੇ ਤੁਸੀਂ ਹੋ, ਦਇਆਵਾਨ ਇਨਸਾਨ।

ਦੇਵੋ ਹੋਰਾਂ ਵਾਸਤੇ, ਮੁਸ਼ਕਿਲ ਅੰਦਰ ਜਾਨ।



Sri Satguru Jagjit Singh Ji eLibrary NamdhariElibrary@gmail.com

ਦੋਸ਼ੀ ਪਕੜੇ ਅਸਾਂ ਨੇ, ਹੋਇਆ ਹੱਲ ਸਵਾਲ।

ਉਹਨਾਂ ਜੁਰਮ ਕਬੂਲਿਆ, ਕਰ ਲੀਤਾ ਇਕਬਾਲ।

ਬਹਿਸੇ ਖ਼ੂਬ ਵਕੀਲ ਨੇ, ਭੁਗਤੇ ਬੜੇ ਗਵਾਹ।

ਫ਼ਾਈਲਾਂ ਹੋਈਆ ਪੂਰੀਆਂ, ਜੱਜਾਂ ਕਰੀ ਸਲਾਹ।

ਹੁਣ ਤਾਂ ਕੇਵਲ ਸਜ਼ਾ ਦਾ, ਕਾਰਜ ਰਹਿ ਗਿਆ ਸ਼ੇਸ਼।

ਨਾ ਉਲਝਾਓ ਅਸਾਂ ਨੂੰ, ਤੁਸੀਂ ਦਿਸੋ ਦਰਵੇਸ਼।

ਪਰ ਲਹਿਣਾ ਸਿੰਘ ਆਖਿਆ, ਦਈਏ ਅਸੀਂ ਸਬੂਤ।

ਚੀਨੀ ਵਾਲੇ ਦੇ ਹਾਂ, ਸੱਚੇ ਸਭੀ ਸਪੂਤ।

ਰਾਖੇ ਗਊ ਗਰੀਬ ਦੇ, ਕਰੀਏ ਧਰਮੀ ਕਾਰ।

ਦੇਸ਼ ਕੌਮ ਦੇ ਵਾਸਤੇ, ਜਾਨਾਂ ਦਈਏ ਵਾਰ।

ਹਾਨੀ ਹੁੰਦੀ ਧਰਮ ਦੀ, ਸੱਕੇ ਨਹੀਂ ਸਹਾਰ।

ਬੰਦ ਕਰਾਉਣਾ ਕੌਮ ਤੇ, ਹੁੰਦਾ ਅੱਤਿਆਚਾਰ।

ਪਕੜੋ ਸਾਨੂੰ ਆਖੀਏ, ਛੱਡ ਦਿਓ ਬੇਦੋਸ਼।

ਬੈਠੀ ਸਾਡੇ ਵਾਸਤੇ, ਖੋਹਲੀ ਮੌਤ ਅਗੋਸ਼।

ਆਉਂਦਾ ਜੇ ਇਤਬਾਰ ਨਾ, ਚਲੋ ਸਾਡੇ ਨਾਲ।

ਵਰਤੇ ਨੇ ਹਥਿਆਰ ਜੋ, ਦਈਏ ਪੁੱਟ ਵਖਾਲ।

ਹੋਇਆ ਗੋਰਾ ਫੇਰ ਸੀ, ਸੋਚਣ ਤੇ ਮਜਬੂਰ।

ਮੂੰਹ ਤੇ ਛਾਈ ਕਾਲਿਮਾ, ਟੁੱਟਾ ਗਰਭ ਗਰੂਰ।

ਉਹਦੇ ਕੂੜ ਕਾਨੂੰਨ ਦਾ, ਉਘੜਿਆ ਸਭ ਪਾਜ।

ਵੇਖ ਅਨੋਖਾ ਚਮਤਕਾਰ, ਹਿੱਲਿਆ ਤਖਤੋ ਤਾਜ।

ਵੇਖੇ ਭਿੱਜੇ ਰੱਤ ਦੇ, ਲੀੜੇ ਤੇ ਹਥਿਆਰ।

ਮੱਥੇ ਤੇ ਹੱਥ ਰੱਖ ਕੇ, ਬੈਠ ਗਿਆ ਇੱਕ ਵਾਰ।

ਸੋਚੀਂ ਪੈ ਗਿਆ ਵੇਖ ਕੇ, ਵੱਖਰੀ ਨਵੀਂ ਮਿਸਾਲ।

ਕਦੇ ਨਾ ਸੁਣਿਆ ਵੇਖਿਆ, ਐਸਾ ਕਸਬ ਕਮਾਲ।

ਕਿਹੜੀ ਮਿੱਟੀ ਦੇ ਬਣੇ, ਸੱਚੇ ਨਿਡਰ ਜਵਾਨ।

ਕਰਨ ਮਖੌਲਾਂ ਮੌਤ ਨੂੰ, ਹੱਸ ਹੱਸ ਦੇਵਣ ਜਾਨ।

ਜਿਨ੍ਹੇ ਸਾਜੇ ਸਿੱਖ ਇਹ, ਉਸਦੀ ਸ਼ਕਤ ਕਿਆਸ।

ਹਿੱਲੇ ਪਾਵੇ ਤਖਤ ਦੇ, ਹੋਇਆ ਇੰਜ ਅਭਾਸ।

ਛੱਡ ਦਿੱਤੇ ਬੇਦੋਸ਼ ਸਭ, ਹੋ ਕੇ ਸ਼ਰਮ ਸਾਰ।

ਨਵੇਂ ਸਿਰੇ ਤੋਂ ਫਿਰ, ਲੱਗਾ ਕਰਨ ਤਿਆਰ।

ਨਵੇਂ ਸਿਰੇ ਤੋਂ ਕੇਸ ਫਿਰ, ਲੱਗਾ ਉਹ ਭੁਗਤਾਉਣ।

ਧੋਣ ਲਈ ਸ਼ਰਮਿੰਦਗੀ, ਲੱਗਾ ਬਣਤ ਬਣਾਉਣ।

ਸਿੰਘ ਗੁਲਾਬ ਬਣਾ ਲਿਆ, ਚਸ਼ਮਦੀਦ ਗਵਾਹ।

ਕਰੇ ਕੂੜੀਆਂ ਹਰਕਤਾਂ, ਲੈਣ ਲਈ ਵਾਹ ਵਾਹ।

ਛੇ ਦਿਨਾਂ ਦੇ ਵਿੱਚ ਹੀ, ਕੀਤਾ ਕੇਸ ਤਿਆਰ।

ਸ਼ਜ਼ਾ ਸੁਣਾਈ ਇਸ ਤਰ੍ਹਾਂ, ਸੁਣਿਓਂ ਸਾਰੀ ਸਾਰ।

ਬੀਹਲਾ ਸਿੰਘ ਜੀ ਨਾਰਲੀ, ਫਤਹਿ ਸਿੰਘ ਵੀ ਨਾਲ।

ਹਾਕਮ ਸਿੰਘ ਤੇ ਲਹਿਣਾ ਸਿੰਘ, ਚਾਰੇ ਕਰੋ ਖਿਆਲ।

ਤਿੰਨ ਸੌ ਦੋ ਲਗਾ ਕੇ, ਦਿੱਤਾ ਫਾਂਸੀ ਦੰਡ।

ਅੱਖਾਂ ਕਰੇ ਨਾ ਸਿਧੀਆਂ, ਖੜਾ ਭਵਾਈ ਕੰਡ।

ਲਹਿਣਾ ਸਿੰਘ ਸਰਦਾਰ, ਤੇ ਲਾਲ ਸਿੰਘ ਸੰਗ ਜੋਰ।

ਦਿੱਤਾ ਇਹਨਾਂ ਦੋਹਾਂ ਨੂੰ, ਕਾਲੇ ਪਾਣੀ ਤੋਰ।

ਲਹਿਣਾ ਸਿੰਘ ਇੱਕ ਤੀਸਰਾ, ਉਹਨੂੰ ਕਰਕੇ ਅੱਡ।

ਲੋਪੋਕੇ ਦਾ ਸਿੰਘ ਸੀ, ਉਹਨਾਂ ਦਿੱਤਾ ਛੱਡ।*

ਝੰਡਾ ਸਿੰਘ ਤੇ ਮਿਹਰ ਸਿੰਘ, ਅੜਬੰਗੀ ਭਗਵਾਨ।

ਇਹ ਭਗੌੜੇ ਹੋ ਗਏ, ਕਰ ਦਿੱਤਾ ਫੁਰਮਾਨ।

ਜਾਣ ਸਿਤੰਬਰ ਪੰਦਰਾਂ, ਦਿੱਤੀ ਬੰਨ੍ਹ ਤਰੀਕ।

ਫਾਂਸੀ ਲਾਉਣ ਵਾਸਤੇ, ਕਰ ਗੋਰੇ ਤਸਦੀਕ।

ਜਾਣ ਇਕਹੱਤਰ ਈਸਵੀ, ਸੌ ਅਠਾਰਾਂ ਨਾਲ।

ਇਹ ਸੁਣਾਇਆ ਫੈਸਲਾ, ਉਹਨਾਂ ਨੇ ਤਤਕਾਲ।

* ਲਹਿਣਾ ਸਿੰਘ ਲੋਪੋਕੇ ਨੂੰ ਛੱਡਿਆ ਸੀ। ਲਹਿਣਾ ਸਿੰਘ ਪੁੱਤਰ ਬਲਾਕਾ ਸਿੰਘ ਕਾਲੇ ਪਾਣੀ ਭੇਜੇ। ਇਸ ਸਾਕੇ ਵਿੱਚ ਤਿੰਨ ਲਹਿਣਾ ਸਿੰਘ ਸਨ। ਫਾਂਸੀ ਲੱਗਣ ਵਾਲਾ ਲਹਿਣਾ ਸਿੰਘ ਪੁੱਤਰ ਮੁਸੱਦਾ ਸਿੰਘ ਸੀ।

---o---



Sri Satguru Jagjit Singh Ji eLibrary NamdhariElibrary@gmail.com

ਜੱਜ ਸੁਣਾ ਕੇ ਫੈਸਲਾ, ਆਖਣ ਲੱਗਾ ਬੋਲ।

ਇੱਛਾ ਤੁਹਾਡੀ ਆਖਰੀ, ਦੱਸ ਦਿਓ ਸਭ ਖੋਹਲ।

ਅੱਗੋਂ ਸਿੰਘਾਂ ਆਖਿਆ, ਉੱਚੀ ਸ਼ਬਦ ਅਲਾ।

ਆਂਤੜੀਆਂ ਦੀ ਡੋਰ ਸੰਗ, ਅਸੀਂ ਨਾ ਲੈਣਾ ਫਾਹ।

ਰੱਸੇ ਹੋਵਣ ਰੇਸ਼ਮੀ, ਗਲ ਪਾਵਾਂਗੇ ਆਪ।

ਏਦਾਂ ਗਊ ਗਰੀਬ ਦਾ, ਲਾਹਵਾਂਗੇ ਸੰਤਾਪ।

ਰੱਸੇ ਸਾਡੇ ਗਲਾਂ ਵਿੱਚ, ਪਾਵੇ ਨਹੀਂ ਜਲਾਦ।

ਅਸੀਂ ਮਰਾਂਗੇ ਉਸ ਤਰ੍ਹਾਂ, ਜੋ ਸਾਡੀ ਮਰਿਆਦ।

ਹੱਥੀਂ ਰੱਸਾ ਆਪਣੇ, ਆਪੇ ਗਲ ਵਿੱਚ ਪਾ।

ਝੂਟਾ ਲਈਏ ਅਜ਼ਲ ਦਾ, ਉੱਚੀ ਫਤਹਿ ਗਜਾ।

ਸਿਰ ਤੋਂ ਗਊ ਗਰੀਬ ਦੇ, ਲਹਿ ਜਾਵਣ ਜੇ ਦੁੱਖ।

ਸਮਝੋ ਜੰਮਣ ਵਾਲੜੀ, ਹੋਈ ਸੁਲੱਖਣੀ ਕੁੱਖ।

ਜਾਈਏ ਸੁਧਾ ਸਰੋਵਰੋਂ, ਕਰ ਪਹਿਲਾਂ ਇਸ਼ਨਾਨ।

ਤੁਰੀਏ ਕਰਦੇ ਕੀਰਤਨ, ਲਾਈਏ ਆਪ ਦੀਵਾਨ।

---o---

ਦਿਨ ਪੰਦਰਾਂ ਸਿਤੰਬਰ ਦਾ ਆ ਗਿਆ।

ਮਾਰੂ ਰਾਗ ਕੋਈ ਫਿਜ਼ਾ ’ਚ ਵਜਾ ਗਿਆ।



Sri Satguru Jagjit Singh Ji eLibrary NamdhariElibrary@gmail.com

ਰੰਗ ਵੇਖ ਰਵੀ ਆਪਣਾ ਵਟਾ ਗਿਆ।
ਖੂਨੀ ਲਾਲਿਮਾ ਵਰ੍ਹਾਈ ਸਰਘੀ ਦੇ ਨੂਰ ਨੇ।
ਚੱਲੇ ਸੂਲੀ ਤੇ ਚੜ੍ਹਨ ਚਾਰੇ ਮਨਸੂਰ ਨੇ।

ਸੁਧਾ ਸਰ ਵਿੱਚ ਟੁੱਭੀਆਂ ਨੇ ਮਾਰ ਦੇ।
ਸੀਸ ਰੱਖ ਅੱਗੇ ਗੁਰੂ ਦਰਬਾਰ ਦੇ।
ਅੱਖਾਂ ਮੀਟ ਓਥੇ ਸ਼ੁਕਰ ਗੁਜ਼ਾਰ ਦੇ।
ਤੁਰੇ ਸੋਧ ਅਰਦਾਸ ਪਾਉਣ ਨਵੇਂ ਪੂਰਨੇ।
ਚੱਲੇ ਸੂਲੀ ਤੇ ਚੜ੍ਹਨ ਚਾਰੇ ਮਨਸੂਰ ਨੇ।

ਲਹਿਣਾ ਸਿੰਘ ਗਲ ਢੋਲਕੀ ਸਜਾਇ ਕੇ।
ਲਾ ਕੇ ਥਾਪ ਸੁੱਤੀ ਜਨਤਾ ਜਗਾਇ ਕੇ।
ਸੁਰ ਉੱਚੀ ਵਿੱਚ ਗੁਰਬਾਣੀ ਗਾਇ ਕੇ।
ਤਾਈਓਂ ਜੱਗ ਉੱਤੇ ਹੋਏ ਕੂਕੇ ਮਸ਼ਹੂਰ ਨੇ।
ਚੱਲੇ ਸੂਲੀ ਤੇ ਚੜ੍ਹਨ ਚਾਰੇ ਮਨਸੂਰ ਨੇ।

ਪਿੱਛੇ ਸਿੰਘ ਤਿੰਨੇ ਛੈਣੇ ਨੇ ਵਜਾਂਵਦੇ।
ਕੂਕਾਂ ਮਾਰ ਉੱਚੀ ਸ਼ਬਦ ਅਲ੍ਹਾਂਵਦੇ।


Sri Satguru Jagjit Singh Ji eLibrary NamdhariElibrary@gmail.com

ਲਾਲੀ ਗਿੱਠ ਗਿੱਠ ਚਿਹਰੇ ਤੇ ਚੜ੍ਹਾਂਵਦੇ।

ਤੱਕੇ ਜਾਂਵਦੇ ਨਾ ਮੁੱਖ ਵਾਂਗ ਕੋਹਿਨੂਰ ਨੇ।

ਚੱਲੇ ਸੂਲੀ ਤੇ ਚੜ੍ਹਨ ਚਾਰੇ ਮਨਸੂਰ ਨੇ।

---o---

ਕਰਨ ਕੀਰਤਨ ਲੰਘਦੇ, ਜਾਵਣ ਵਿੱਚ ਬਜ਼ਾਰ।

ਲੋਕੀਂ ਤਰਫ਼ ਬਜ਼ਾਰ ਦੇ, ਬੰਨ੍ਹੀ ਖੜ੍ਹੇ ਕਤਾਰ।

ਆਖਣ ਕੂਕੇ ਧੰਨ ਨੇ, ਕਰਦੇ ਕਰਮ ਕਮਾਲ।

ਧੰਨ ਇਹਨਾਂ ਦੇ ਮਾਂ ਪਿਓ, ਜਿਨ੍ਹਾਂ ਜਨਮੇ ਲਾਲ।

ਧੰਨ ਇਹਨਾਂ ਦਾ ਸਤਿਗੁਰੂ, ਜੀਹਨੇ ਸਾਜੇ ਸੰਤ।

ਲੈ ਕੇ ਆਇਆ ਜੱਗ ਤੇ, ਜਾਪੇ ਕਲਾ ਅਨੰਤ।

ਧਰਮ ਪਿਆਰਾ ਜਿਨ੍ਹਾਂ ਨੂੰ, ਜਾਨੋ ਵੱਧ ਹਮੇਸ਼।

ਵੇਖੋ ਗਊ ਗਰੀਬ ਦਾ, ਦਿੱਤਾ ਕੱਟ ਕਲੇਸ਼।

ਮੌਤ ਡਰਾਵਾ ਮਾਰਦਾ, ਥਰ ਥਰ ਕੰਬਣ ਲੋਕ।

ਕੂਕੇ ਜਲੀਆਂ ਪਾਂਵਦੇ, ਜਰਾ ਕਰਨ ਨਾ ਸ਼ੋਕ।

ਵੇਖੋ ਖਾਤਰ ਅਣਖ ਦੀ, ਹੋ ਚੱਲੇ ਕੁਰਬਾਨ।

ਜਾਪਣ ਅਸਲੀ ਖਾਲਸੇ, ਇਹ ਨੇ ਮਰਦ ਮਹਾਨ।

ਬੇ-ਦੋਸ਼ੇ ਛੁਡਵਾ ਕੇ, ਹਾਜ਼ਰ ਹੋਏ ਆਪ।



Sri Satguru Jagjit Singh Ji eLibrary NamdhariElibrary@gmail.com

ਉਹ ਲੋਕਾਂ ਦੇ ਦਿਲਾਂ ਤੇ, ਲਾ ਗਏ ਗੂਹੜੀ ਛਾਪ।

ਇੰਜ ਗੁਰਬਾਣੀ ਗਾਂਵਦੇ, ਜਾਵਣ ਵਿੱਚ ਬਜ਼ਾਰ।

ਲਾਹੁਣਾ ਆਖਣ ਜ਼ੁਲਮ ਦਾ, ਚੜ੍ਹਿਆ ਕਹਿਰ ਗੁਬਾਰ।

ਉੱਚੀ ਉੱਚੀ ਕੂਕਦੇ, ਉੱਚੀਆਂ ਸੁਰਾਂ ਅਲਾਹੁਣ।

ਦਰਸ਼ਕ ਨਾਲ ਹੈਰਾਨਗੀ, ਮੂੰਹ ਵਿੱਚ ਉਂਗਲਾਂ ਪਾਉਣ।

---o---

"ਕਬੀਰ ਜਿਸੁ ਮਰਨੇ ਤੇ ਜਗ ਡਰੈ ਮੇਰੇ ਮਨਿ ਆਨੰਦੁ॥

ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ॥"

"ਤੇਰੀ ਸਰਣਿ ਮੇਰੇ ਦੀਨ ਦਇਆਲਾ॥

ਸੁਖ ਸਾਗਰ ਮੇਰੇ ਗੁਰ ਗੋਪਾਲਾ॥

ਕਰਿ ਕਿਰਪਾ ਨਾਨਕ ਗੁਣ ਗਾਵੈ

ਰਾਖਹੁ ਸਰਮ ਅਸਾੜੀ ਜੀਉ॥" –ਮਾਝ ਮਹਲਾ ੫, ਪੰਨਾ ੧੦੫

ਸਿੰਘਾਂ ਨੇ ਫਾਂਸੀ ਚੜਨਾ

ਸੂਰੇ ਤਾਣ ਛਾਤੀਆਂ ਉੱਚੀਆਂ ਸੁਰਾਂ ਅਲਾਪਦੇ,

ਹੇਠਾਂ ਬੋਹੜ ਖਲੋਤੇ ਆ ਕੇ ਗੁਰੂ ਦੁਲਾਰੇ।

ਕੀਤੀ ਉਹਨਾਂ ਆਪਣੀ ਫਿਰ ਅੰਤਮ ਅਰਦਾਸ ਆ,

ਵੇਖੋ ਫਤਹਿ ਬੁਲਾਈ ਉੱਚੀ ਛੱਡ ਜੈਕਾਰੇ।

ਕੱਟ ਕੇ ਨੌ ਮਹੀਨੇ ਆਖਣ ਗਰਭ ਅਵਸਥਾ ਨੂੰ,

ਆ ਕੇ ਸਮਝੀਂ ਬਿੱਲਿਆ ਪਾਈਏ ਫੇਰ ਖਿਲਾਰੇ।

ਮੁੜ ਮੁੜ ਪਾ ਸ਼ਹਾਦਤ ਲਈਏ ਜਨਮ ਹਜ਼ਾਰ ਵੀ,

ਜਿੰਨਾ ਚਿਰ ਤੂੰ ਏਥੋਂ ਕਰਦਾ ਨਹੀਂ ਕਿਨਾਰੇ।

ਤੇਰੇ ਹੱਥਾਂ ਉੱਤੇ ਰਹਿਣ ਨਿਸ਼ਾਨ ਖ਼ੂਨ ਦੇ,

ਸਾਨੂੰ ਆਖ ਸ਼ਹੀਦ ਪੂਜਣ ਲੋਕੀਂ ਸਾਰੇ।

ਸਾਡੀ ਸਮਝ ਸ਼ਹਾਦਤ ਰਾਜ ਤੇਰੇ ਦੇ ਕੱਫ਼ਣ ਤੇ,

ਬਣ ਕੇ ਕਿੱਲ ਠੁਕੇਗੀ ਉੱਤੇ ਕੰਨੀਆਂ ਚਾਰੇ।

ਝੰਡਾ ਚੁੱਕਿਆ ਚੀਨੀ ਵਾਲੇ ਦੇਸ਼ ਅਜ਼ਾਦੀ ਦਾ,

ਅਸੀਂ ਹਾਂ ਫੌਜ ਓਸ ਦੀ ਦੇ ਰੰਗਰੂਟ ਪਿਆਰੇ।

ਵਾਰੀ ਵਾਰੀ ਰੱਸੇ ਗਲ ਵਿੱਚ ਪਾ ਕੇ ਫਾਂਸੀ ਦੇ,

ਝੂਟਣ ਝੂਟਾ ਜਿੱਦਾਂ ਲੈਂਦੀ ਪੀਂਘ ਹੁਲਾਰੇ।

ਅਰਸ਼ੋਂ ਫੁੱਲ ਬਰਸਾਵਣ ਆਏ ਨੇ ਕੁੱਲ ਦੇਵਤੇ।

ਹੰਝੂ ਕੇਰ ਲੋਕਾਈ ਕੀਤੇ ਵਿਦਾ ਪਿਆਰੇ।

ਟੋਪੀ ਲਾਹ ਕੇ ਬਿੱਲੇ ਦਿੱਤੀ ਫੇਰ ਸਲਾਮੀ ਐਂ,

ਅਚਰਜ਼ ਕੌਤਕ ਜਾਂ ਉਸ ਨੈਣਾਂ ਨਾਲ ਨਿਹਾਰੇ।

ਉਸ ਦੀ ਦੁਸ਼ਮਣ ਵੀ ਪ੍ਰਸੰਸਾ ਕਰਦੇ ਵੇਖੇ ਨੇ,

ਜਿਹੜੇ ਸੱਚ ਧਰਮ ਤੋਂ ਜਾਂਦੇ ਨੇ ਬਲਿਹਾਰੇ।

ਹੰਝੂ ਆਇਆ ਨਾ ਪਰ ਨੈਣੀ ਦੇਸ਼ ਗਦਾਰਾਂ ਦੇ,

ਬਾਕੀ ਕੁੱਲ ਲੋਕਾਈ ਨੈਣੀ ਨੀਰ ਨਿਤਾਰੇ।

ਜੀਣ ਗ਼ੁਲਾਮੀ ਨਾਲੋਂ ਮਰਨਾ ਚੰਗਾ ਜਾਣਿਆ,

ਲਾੜੀ ਮੌਤ ਵਿਆਹੀ ਛੱਡ ਕੇ ਤਖਤ ਹਜ਼ਾਰੇ।

ਦੇਹਾਂ ਨਾਲ ਬੋਹੜ ਦੇ ਲਟਕਦੀਆਂ ਨੇ 'ਬਾਜਵਾ'।

ਸੱਚ ਖੰਡ ਰੂਹਾਂ ਗਈਆਂ ਮਾਰੇ ਭੌਰ ਉਡਾਰੇ।

## ਸ਼ਹੀਦਾਂ ਦਾ ਸਸਕਾਰ

ਹਾਕਮ ਸਿੰਘ ਪਟਵਾਰੀ ਦਾ ਪਿੰਡ ਮੌੜੇ,

ਜਾਗ ਅਣਖ ਲਾਈ ਨਾਮਧਾਰੀਆਂ ਨੇ।

ਜਨਮ ਓਸ ਦਾ ਘਰ ਬ੍ਰਾਹਮਣਾਂ ਦੇ,

ਸੱਭੇ ਓਸ ਨੇ ਕੁੱਲਾਂ ਸਵਾਰੀਆਂ ਨੇ।

ਉਹਦੀ ਆਰਤੀ ਕੀਤੀ ਅਪਸਰਾਂ ਨੇ,

ਖੁੱਲ੍ਹ ਗਈਆਂ ਬਹਿਸ਼ਤ ਦੀਆਂ ਬਾਰੀਆਂ ਨੇ।

ਵਿਧਵਾ ਮਾਂ ਦਾ ਸੀ ਇੱਕੋ ਇੱਕ ਪੁੱਤਰ,

ਹੱਦਾਂ ਟੁੱਟੀਆਂ ਸਿਦਕ ਦੀਆਂ ਸਾਰੀਆਂ ਨੇ।

ਮਾਤਾ ਓਸ ਦੀ ਝੱਟ ਉਧੇੜ ਕੋਠਾ,

ਗੱਡੇ ਲੱਦੀਆਂ ਲੱਕੜਾਂ ਸਾਰੀਆਂ ਨੇ।

ਉਹਦੇ ਮੱਥੇ ਤੇ ਸ਼ਿਕਨ ਨਾ ਕਿਸੇ ਵੇਖੀ,

ਨੈਣੀਂ ਹੰਝੂਆਂ ਨਾ ਲਾਈਆਂ ਤਾਰੀਆਂ ਨੇ।

ਪੁੱਤ ਧਰਮ ਦੇ ਲਈ ਸ਼ਹੀਦ ਹੋਇਆ,

ਚੜ੍ਹੀਆਂ ਮਾਂ ਨੂੰ ਸਿਦਕ ਖੁਮਾਰੀਆਂ ਨੇ।

ਨਾਲ ਲੈ ਕੇ ਓਸ ਨੇ ਹੋਰ ਕੂਕੇ,

ਦੋਹਾਂ ਬੋਹੜਾਂ ਦੇ ਉੱਤੋਂ ਉਤਾਰੀਆਂ ਨੇ।

ਜਲ ਸੁਧਾ ਸਰੋਵਰ ਦਾ ਲੈ ਪਾਵਨ,

ਉਸ ਨਾਲ ਇਸ਼ਨਾਨ ਕਰਵਾ ਦਿੱਤਾ।

ਫੇਰ ਚਿਖਾ ਸ਼ਹੀਦਾਂ ਦੀ ਚਿਣ ਉਹਨੇ,

ਲਾਂਬੂ ਆਪਣੇ ਸੀ ਹੱਥੀਂ ਲਾ ਦਿੱਤਾ।

### ਮਾਂ ਦਾ ਸਿਦਕ

ਹਾਕਮ ਸਿੰਘ ਦੀ ਮਾਂ ਨੂੰ ਕਿਹਾ ਲੋਕਾਂ,

ਤੇਰੇ ਨਾਲ ਹੋਇਆ ਡਾਢਾ ਕਹਿਰ ਮਾਏ।

ਇੱਕੋ ਇੱਕ ਬੁਢਾਪੇ ਦਾ ਆਸਰਾ ਸੀ,

ਲੀਲ ਲੈ ਗਈ ਮੌਤ ਦੀ ਲਹਿਰ ਮਾਏ।

ਤੇਰਾ ਜੀਵਣਾ ਮਰਨਾ ਵਿਗਾੜ ਗਿਆ,

ਸੰਞ ਪਈ ਊ ਸਿਖਰ  ਦੁਪਹਿਰ ਮਾਏ।

ਗੁਲਸ਼ਨ ਫੁੱਲਾਂ ਤੇ ਆਣਕੇ ਗਿਆ ਉੱਜੜ,

ਜੀਵਨ ਹੋ ਗਿਆ ਵਾਂਗਰਾਂ ਸਹਿਰ ਮਾਏ।

ਅੱਗੋਂ ਹੱਸ ਕੇ ਆਖਿਆ ਇੰਜ ਮਾਤਾ,

ਲੋਕੋ ਭੁੱਲਿਓ ਜਰਾ ਵੀਚਾਰਿਓ ਵੇ।

ਮੇਰਾ ਲਾਲ ਜਹਾਨ ਤੇ ਸਦਾ ਜੀਵੇ।

ਮੈਨੂੰ ਦਿਓ ਵਧਾਈਆਂ ਪਿਆਰਿਓ ਵੇ।

ਮਰ ਜਾਂਦਾ ਜੇ ਤਾਪ ਸਰਾਪ ਅੰਦਰ,

ਕੀ ਕਿਸੇ ਦਾ ਜਾਂਦਾ ਸਵਾਰ ਲੋਕੋ।

ਹੁਣ ਤਾਂ ਏਸ ਨੇ ਪਾਇਆ ਹੈ ਅਸਲ ਜੀਵਨ,

ਦੁੱਖ ਗਊ ਗਰੀਬ ਨਿਵਾਰ ਲੋਕੋ।

ਧਰਮ ਹੇਤ ਨੇ ਜਿਨ੍ਹਾਂ ਨੇ ਸੀਸ ਦਿੱਤੇ,

ਜਿੰਦੇ ਰਹਿਣਗੇ ਬਰਸ ਹਜ਼ਾਰ ਲੋਕੋ।

ਦੇਸੋਂ ਕੱਢਣਾ ਇਹਨਾਂ ਫਰੰਗੀਆਂ ਨੂੰ,

ਜਨਮ ਲੈਣ ਜਲਦੀ ਦੂਜੀ ਵਾਰ ਲੋਕੋ।

ਮੇਰੇ ਜਿਹੀ ਸੁਭਾਗੀ ਨਾ ਅੱਜ ਕੋਈ,

ਪੁੱਤਰ ਜਿਸ ਦਾ ਪੂਰਨੇ ਪਾ ਗਿਆ ਏ।

ਚੀਨੀ ਵਾਲੇ ਦਾ 'ਬਾਜਵਾ' ਸਿੱਖ ਸੋਹਣਾ,

ਮਰ ਜੀਵਨ ਦੀ ਜਾਚ ਸਿਖਾ ਗਿਆ ਏ।*

* ਪੰਜਵਾਂ ਝੰਡਾ ਸਿੰਘ ਠੱਟਾ ਬਾਅਦ ਵਿੱਚ ਪਕੜਿਆ ਗਿਆ। ੪ ਅਗਸਤ ੧੯੭੩ ਈ. ਨੂੰ ਫਾਂਸੀ ਨਾਲ ਸ਼ਹੀਦ ਕੀਤਾ ਗਿਆ।

## ਰਾਇਕੋਟ ਦਾ ਸਾਕਾ

ਸਾਕਾ ਅੰਮ੍ਰਿਤਸਰ ਦਾ, ਸੱਜਰਾ ਸੱਜਰਾ ਘਾਅ।

ਓਪਰ ਰਾਇ ਕੋਟ ਵਿੱਚ, ਹੋਈ ਗਰਮ ਹਵਾ।

ਰਾਇ ਕੱਲੇ ਦਾ ਇਹ, ਪਿੰਡ ਬੜਾ ਮਸ਼ਹੂਰ।

ਸੇਵਾ ਜਿਸ ਦਸਮੇਸ਼ ਦੀ, ਕੀਤੀ ਛੱਡ ਗਰੂਰ।

ਉੱਕਾ ਨਹੀਂ ਤੁਅਸਬੀ, ਭਾਵੇਂ ਮੁਸਲਮਾਨ।

ਧਰਮ ਨਿਆਂ ਨੂੰ ਜਾਣਦਾ, ਉਹ ਸੱਚਾ ਇਨਸਾਨ।

ਆਏ ਦਸਵੇਂ ਪਾਤਸ਼ਾਹ, ਛੱਡ ਕੇ ਪੁਰੀ ਅਨੰਦ।

ਵਿਛੜਿਆ ਪ੍ਰੀਵਾਰ ਸੀ, ਉਲਝ ਗਈ ਸਭ ਤੰਦ।



Sri Satguru Jagjit Singh Ji eLibrary NamdhariElibrary@gmail.com

ਸਾਹਿਬਜ਼ਾਦੇ ਹੋ ਗਏ, ਵੱਡੇ ਦੋ ਸ਼ਹੀਦ।
ਵਿੱਚ ਗੜ੍ਹੀ ਚਮਕੌਰ ਦੇ, ਦੋ ਛਿਪੇ ਖੁਰਸ਼ੀਦ।
ਮਾਤਾ ਗੁਜਰੀ ਨਾਲ, ਦੋ ਛੋਟੇ ਛੋਟੇ ਲਾਲ।
ਜੋ ਸੂਬੇ ਸਰਹਿੰਦ ਨੇ, ਪਕੜ ਲਏ ਤਤਕਾਲ।
ਉਹਨਾਂ ਦੀ ਨਾ ਅਜੇ ਸੀ, ਸਤਿਗੁਰ ਜੀ ਨੂੰ ਸਾਰ।
ਬਾਜਾਂ ਵਾਲੇ ਰਾਇ ਨੂੰ, ਪੁੱਛਿਆ ਨਾਲ ਪਿਆਰ।
ਰਾਇ ਕੱਲੇ ਆਖਿਆ, ਹਾਜ਼ਰ ਦਾਸ ਹਮੇਸ਼।
ਪਤਾ ਮੰਗਾਵਾਂ ਹੁਣੇ ਹੀ, ਹੇ ਸੋਹਣੇ ਮ੍ਰਿਗੇਸ਼।
ਨੂਰਾ ਮਾਹੀ ਓਸ ਦਾ, ਚਾਰੇ ਡੰਗਰ ਮਾਲ।
ਨੌਕਰ ਖਿਦਮਤਗਾਰ ਉਹ, ਚਤੁਰ ਸੁਜਾਨ ਕਮਾਲ।
ਉਸ ਨੂੰ ਸਭ ਸਮਝਾ ਕੇ, ਘੱਲਿਆ ਵੱਲ ਸਰਹੰਦ।
ਜਿੱਥੇ ਆਖਣ ਕੈਦ ਨੇ, ਸਤਿਗੁਰ ਦੇ ਫ਼ਰਜ਼ੰਦ।
ਉਹਨੇ ਓਥੋਂ ਪਰਤ ਕੇ, ਦੱਸਿਆ ਸਾਰਾ ਹਾਲ।
ਡੋਲੇ ਮੂਲ ਨਾ ਧਰਮ ਤੋਂ, ਦਾਤਾ ਤੇਰੇ ਨਾਲ।
ਉਹ ਸ਼ਹੀਦੀ ਪਾ ਗਏ, ਸਿਦਕ ਧਰਮ ਤੇ ਤੋਲ।
ਕੋਮਲ ਕਲੀਆਂ ਸੀਸ ਤੇ, ਦੁੱਖੜੇ ਸਹੇ ਅਡੋਲ।
ਮਾਤਾ ਜੀ ਵੀ ਮਗਰ ਹੀ, ਗੁਰਪੁਰ ਗਏ ਸਿਧਾਰ।
ਜਾਨਾਂ ਦੇ ਜੱਗ ਜਿੱਤਿਆ, ਪਾਪੀ ਬੈਠੇ ਹਾਰ।



Sri Satguru Jagjit Singh Ji eLibrary NamdhariElibrary@gmail.com

ਬੈਠ ਕਿਨਾਰੇ ਢਾਬ ਦੇ, ਸੁਣਿਆਂ ਜਾਂ ਬ੍ਰਿਤਾਂਤ।

ਬੋਲੇ ਦੀਨ ਦਿਆਲ ਜੀ, ਕਰ ਕੇ ਮਸਤਕ ਸ਼ਾਂਤ।

ਐਡੀ ਅੰਦਰ ਸਭਾ ਦੇ, ਨਹੀਂ ਸੀ ਕੋਈ ਮਨੁੱਖ?

ਬੱਚੇ ਕੁੱਸਦੇ ਵੇਖ ਨਾ, ਕਿਸੇ ਮਨਾਇਆ ਦੁੱਖ?

ਅੱਗੋਂ ਨੂਰੇ ਆਖਿਆ, ਸੁਣਿਓਂ ਦੀਨ ਦਿਆਲ।

ਹਾਅ ਦਾ ਨਾਅਰਾ ਮਾਰਿਆ, ਸ਼ੇਰ ਖਾਨ ਤਤਕਾਲ।

ਦਿਲ ਉਹਦੇ ਵਿੱਚ ਵਿਚਰਦੇ, ਚੰਗੇ ਨੇਕ ਵੀਚਾਰ।

ਭਰੀ ਸਭਾ 'ਚੋਂ ਆਖ ਇਹ, ਚਲਾ ਗਿਆ ਉਹ ਬਾਹਰ।

ਹੱਦ ਨਾ ਤੋੜੋ ਜ਼ੁਲਮ ਦੀ, ਲਿਖਿਆ ਵਿੱਚ ਕੁਰਾਨ।

ਮਾਰੇ ਬਾਲ, ਬੀਮਾਰ, ਬ੍ਰਿਧ, ਉਹ ਕਾਹਦਾ ਇਨਸਾਨ।

ਸਤਿਗੁਰ ਜੀ ਨੇ ਆਖਿਆ, ਜੇ ਕਰ ਕਰਦਾ ਪੱਖ।

ਪੁੱਟੀ ਜਾਣੀ ਜੜ੍ਹੋਂ ਸੀ, ਲੀਤੀ ਉਹਨੇ ਰੱਖ।

ਬੂਟੇ ਕਾਹੀ ਦੇ ਮੁੱਢ, ਫੇਰ ਰਹੇ ਤਲਵਾਰ।

ਰਹਿ ਗਈ ਸੀ ਜੜ੍ਹ ਆਖਰੀ, ਦਿੱਤਾ ਹੱਥ ਖਲ੍ਹਾਰ।

ਖੁਸ਼ੀਆਂ ਬਖਸ਼ਣ ਰਾਇ ਨੂੰ, ਦੇਣ ਬਹੁਤ ਵਰਦਾਨ।

ਵਾਪਸ ਪਾ ਮਿਆਨ ਵਿੱਚ, ਬਖਸ਼ੀ ਉਹ ਕ੍ਰਿਪਾਨ।

ਗੰਗਾ ਸਾਗਰ ਬਖਸ਼ਿਆ, ਬੜਾ ਵਚਿੱਤਰ ਡੋਲ।

ਬੜੀ ਅਨੋਖੀ ਘੜਤ ਦਾ, ਉਹ ਪਾਤਰ ਅਨਮੋਲ।



Sri Satguru Jagjit Singh Ji eLibrary NamdhariElibrary@gmail.com

ਜਿਸ ਦੇ ਹੇਠ ਸੁਰਾਖ 'ਚੋਂ, ਕਿਰ ਜਾਂਦੀ ਸੀ ਰੇਤ।

ਐਪਰ ਪਾਣੀ ਵਗੇ ਨਾ, ਏਹੋ ਉਸ ਦਾ ਭੇਤ।

ਤੀਜੀ ਦਿੱਤੀ ਗੁਰਾਂ ਨੇ, ਇੱਕ ਨਿਸ਼ਾਨੀ ਰੇਲ੍ਹ*।

ਯਾਦਗਾਰ ਦੇ ਤੌਰ ਤੇ, ਉੱਤਮ ਜਾਣ ਸੁਮੇਲ।

ਆਏ ਮਾਛੀਵਾੜਿਓਂ, ਜੰਗਲ ਕਰ ਕੇ ਪਾਰ।

ਏਸ ਜਗ੍ਹਾ ਤੇ ਆਣ ਕੇ, ਬੈਠੇ ਵਕਤ ਵੀਚਾਰ।

ਜਿਸ ਕਿਨਾਰੇ ਢਾਬ ਦੇ, ਕੀਤਾ ਜਾ ਵਿਸ਼ਰਾਮ।

ਗੁਰਦੁਆਰਾ ਸਾਜਿਆ, ਟਾਹਲੀਆਣਾ ਨਾਮ।

ਉਹਦੇ ਨੇੜੇ ਗੋਰਿਆਂ, ਕਰ ਕੇ ਜ਼ੁਲਮ ਹਨੇਰ।

ਬੁੱਚੜਖਾਨਾ ਖੋਹਲਿਆ, ਪਹਿਲਾਂ ਥੋੜ੍ਹੀ ਦੇਰ।

ਹਰਿਮੰਦਰ ਦੇ ਵਾਂਗ ਹੀ, ਆ ਕੇ ਇੱਲਾਂ ਕਾਗ।

ਗਊ ਮਾਸ ਦੀਆਂ ਬੋਟੀਆਂ, ਸੁੱਟਣ ਮੰਦੇ ਭਾਗ।

ਬੜੇ ਪੁਜਾਰੀ ਜਿੱਚ ਸਨ, ਹੋਏ ਬੇਅਦਬੀ ਢੇਰ।

ਕਿਸ ਦੇ ਅੱਗੇ ਰੋਣ ਉਹ, ਸਭ ਜਾਂਦੇ ਮੂੰਹ ਫੇਰ।

ਕਿਹੜਾ ਪਾਵੇ ਸੋਚਦੇ, ਬਿੱਲੀ ਦੇ ਗਲ ਟੱਲ।

ਕੰਨਾਂ ਘੇਸੀ ਮਾਰ ਕੇ, ਲੰਘ ਜਾਣ ਸਭ ਗੱਲ।

ਜਾਨ ਪਿਆਰੀ ਜਾਣ ਕੇ, ਖਿਸਕ ਜਾਣ ਸਭ ਲੋਕ।

ਸੋਚਣ ਇਸ ਸਰਕਾਰ ਨੂੰ, ਕਿਹੜਾ ਸੱਕੇ ਰੋਕ।



Sri Satguru Jagjit Singh Ji eLibrary NamdhariElibrary@gmail.com

ਦੁਨੀਆਂ ਵੱਸੇ ਹੋਰ ਵੀ, ਸਾਨੂੰ ਵੀ ਕੀ ਲੋੜ।

ਸਿਰ ਦਈਏ ਵਿੱਚ ਉੱਖਲੀ, ਕਰੀਏ ਝੁੱਗਾ ਚੌੜ।

ਬਾਜਾਂ ਵਾਲੇ ਪਿਤਾ ਦਾ, ਉਹ ਪਾਵਨ ਅਸਥਾਨ।

ਜਿਸ ਨੇ ਦੱਸਿਆ ਜੀਵਣਾ, ਰੱਖ ਤਲੀ ਤੇ ਜਾਨ।

ਅੰਮ੍ਰਿਤ ਪਾਹੁਲ ਪਿਆਲ ਕੇ, ਗਿੱਦੜੋਂ ਕੀਤੇ ਸ਼ੇਰ।

ਲਾਹ ਬਾਣਾ ਮ੍ਰਿਗੇਸ਼ ਦਾ, ਗੀਦੀ ਹੋਏ ਫੇਰ।

ਛੱਡ ਰਹਿਤ ਦਸਮੇਸ਼ ਦੀ, ਹੰਸੋਂ ਹੋਏ ਕਾਗ।

ਭੁੱਲੇ ਬੋਲੀ ਆਪਣੀ, ਗਾਉਣ ਵਲੈਤੀ ਰਾਗ।

* ਰੀਹਲ ਵੀ ਕਹਿੰਦੇ ਹਨ, ਜਿਸ ਤੇ ਪੋਥੀ ਰੱਖ ਕੇ ਪੜ੍ਹਦੇ ਹਨ।

---o---

ਸਿੰਘ ਮਾਲਵੇ ਦੇਸ਼ ਦੇ, ਆਏ ਮੰਜ਼ਲ ਮਾਰ।

ਚੱਲੇ ਭੈਣੀ ਸਾਹਿਬ ਨੂੰ, ਕਰਨੇ ਦਰਸ ਦੀਦਾਰ।

ਟਾਹਲੀਆਣੇ ਆਣ ਕੇ, ਕੀਤਾ ਨੇ ਬਿਸ਼ਰਾਮ।

ਡੇਰਾ ਨੇੜੇ ਸੁਥਰਿਆਂ, ਕੀਤਾ ਕਾਇਮ ਮੁਕਾਮ।

ਟਾਹਲੀਆਣੇ ਸਾਹਿਬ ਦੇ, ਕਰਕੇ ਦਰਸ ਦੀਦਾਰ।

ਸੋਚਣ ਡੇਰੇ ਸੁਥਰਿਆਂ, ਲਈਏ ਰਾਤ ਗੁਜ਼ਾਰ।

ਬੈਠੇ ਡੇਰੇ ਵਿੱਚ ਉਹ, ਵੇਖਣ ਜ਼ੁਲਮ ਹਨੇਰ।

ਧੂਹੀ ਫਿਰਦੇ ਹੱਡੀਆਂ, ਕੁੱਤੇ ਖਾਂ ਚੁਫੇਰ।

ਪਾਣੀ ਪੀਂਦਾ ਛੱਪੜੋਂ, ਸਾਰੇ ਪਿੰਡ ਦਾ ਮਾਲ।

ਐਪਰ ਬੁੱਚੜ ਜਰਾ ਵੀ, ਕਰਦੇ ਨਹੀਂ ਖਿਆਲ।

ਪਾਣੀ ਅੰਦਰ ਹੱਡੀਆਂ, ਦੇਵਣ ਸੁੱਟ ਹਮੇਸ਼।

ਸਿੱਖਾਂ ਨੂੰ ਇਹ ਵੇਖ ਕੇ, ਹੋਇਆ ਬੜਾ ਕਲੇਸ਼।

ਆਵੇ ਮੁਸ਼ਕ ਚੁਫੇਰਿਓਂ, ਨਾਸਾਂ ਹੋਵਣ ਬੰਦ।

ਏਸ ਪਵਿੱਤਰ ਥਾਂ ਤੇ, ਆਖਣ ਏਨਾਂ ਗੰਦ।

ਪੁੱਛਣ ਸੇਵਾਦਾਰ ਨੂੰ, ਦੱਸੀਂ ਸੱਚ ਨਿਤਾਰ।

ਕਿੰਜ ਬਰਦਾਸ਼ਤ ਕਰ ਰਹੇ, ਏਨਾ ਗਲਤ ਵਿਹਾਰ।

ਫੇਰ ਗ੍ਰੰਥੀ ਦੱਸਿਆ, ਅੱਖਾਂ ਭਰਕੇ ਹਾਲ।

ਸਾਡਾ ਇਹਨਾਂ ਪਾਪੀਆਂ, ਕੀਤਾ ਜੀਣ ਮੁਹਾਲ।

ਬਿੱਲਾ ਪਿੱਠਾਂ ਠੋਕਦਾ, ਸਮਝਣ ਸਾਡਾ ਰਾਜ।

ਇਹ ਨਾ ਡਰਦਾ ਕਿਸੇ ਤੋਂ, ਕਰਦੇ ਨਹੀਂ ਲਿਹਾਜ।

ਸਾਡੀ ਚੱਲੇ ਪੇਸ਼ ਨਾ, ਕਰੀਏ ਯਤਨ ਹਜ਼ਾਰ।

ਕਿਉਂਕਿ ਇਹ ਕਰਵਾ ਰਹੀ, ਖੁਦ ਸਮਝੋ ਸਰਕਾਰ।

ਗੁਰਮੁਖ ਸਿੰਘ ਮਸਤਾਨ ਸਿੰਘ, ਸੁਣਕੇ ਚੜ੍ਹਿਆ ਜੋਸ਼।

ਗੁੱਸਾ ਪੀ ਕੇ ਕੂਕਿਆਂ, ਐਪਰ ਰੱਖੀ ਹੋਸ਼।

ਤਾਜਪੁਰੇ ਵਿੱਚ ਆਣਕੇ, ਲੀਤੀ ਮਸਲਤ ਜੋੜ।



Sri Satguru Jagjit Singh Ji eLibrary NamdhariElibrary@gmail.com

ਲਾਹ ਦੇਈਏ ਹੁਣ ਅਸੀਂ, ਵੀ ਮੱਥੇ ਉੱਤੋਂ ਕੋਹੜ।

ਰਾਖੀ ਗਊ ਗਰੀਬ ਦੀ, ਸਾਡਾ ਫ਼ਰਜ਼ ਮਹਾਨ।

ਜਰ ਲਈਏ ਗੁਰਧਾਮ ਦਾ, ਕਿੰਜ ਹੁੰਦਾ ਅਪਮਾਨ।

ਚਰਨ ਪਏ ਦਸਮੇਸ਼ ਦੇ, ਹੋਈ ਪਾਕ ਜ਼ਮੀਨ।

ਬੁੱਚੜ ਕਰਨ ਵਧੀਕੀਆਂ, ਸਾਡਾ ਵੀ ਕੀ ਜੀਣ।

ਪਹਿਲਾ ਨੰਬਰ ਲੈ ਗਏ, ਉਹ ਮਾਝੇ ਦੇ ਵੀਰ।

ਪਿੱਛੇ ਰਹੀਏ ਅਸੀਂ ਕਿਉਂ, ਨਹੀਂ ਅਣਖ ਤੋਂ ਕੀਰ।

ਓਥੋਂ ਭੈਣੀ ਸਾਹਿਬ ਨੂੰ, ਚੱਲੇ ਘੱਤ ਵਹੀਰ।

ਦਰਸ਼ਨ ਕਰਕੇ ਗੁਰਾਂ ਦੇ, ਹੋਏ ਹਰੇ ਸਰੀਰ।

ਐਪਰ ਬਲਦੀ ਦਿਲੀਂ ਸੀ, ਜੋ ਗੈਰਤ ਦੀ ਅੱਗ।

ਚੈਨ ਨਾ ਦੇਂਦੀ ਲੈਣ ਉਹ, ਮਸਲਤ ਕਰਨ ਅਲੱਗ।

ਬੈਠ ਸ਼ਹੀਦੀ ਜਥੇ ਨੇ, ਕੀਤੀ ਫੇਰ ਵੀਚਾਰ।

ਸੀਸ ਧਰਮ ਹਿੱਤ ਦੇਣ ਨੂੰ, ਹੋਏ ਸਿੰਘ ਤਿਆਰ।

ਅੜਬੰਗੀ ਭਗਵਾਨ ਸਿੰਘ, ਬੰਦਾ ਬੜਾ ਦਲੇਰ।

ਡਰ ਨਾ ਅੰਦਰ ਖੋਪਰੀ, ਜਿਗਰਾ ਵਾਂਗੂ ਸ਼ੇਰ।

ਉਹਨਾਂ ਲੀਤੇ ਨਾਲ ਇਹ, ਤਿੰਨ ਮਾਝੇ ਦੇ ਸਿੰਘ।

ਅੰਮ੍ਰਿਤਸਰ ਵਿੱਚ ਜਿਨ੍ਹਾਂ ਨੇ, ਪਹਿਲਾਂ ਕੱਢੇ ਵਿੰਗ।

ਪਰ ਇਹ ਕਾਬੂ ਆਏ ਨਾ, ਹੋਏ ਜਾਣ ਫਰਾਰ।

ਨਾਮ ਬਦਲ ਕੇ ਧਰਮ ਦਾ, ਕਰਦੇ ਫਿਰਨ ਵਿਹਾਰ।

ਅਠਾਰਾਂ ਸੌ ਇਕਹੱਤਰਾ, ਸੀ ਈਸਵੀ ਸਾਲ।

ਨਾਲ ਜੁਲਾਈ ਪੰਦਰਾਂ, ਸਾਰੇ ਕਰੋ ਖਿਆਲ।

ਕੀਤਾ ਪਹਿਲਾਂ ਹਵਨ ਸੀ, ਡਾਢੀ ਸ਼ਰਧਾ ਧਾਰ।

ਪੜ੍ਹਦੇ ਜੰਗੀ ਬਾਣੀਆਂ, ਉੱਚੀ ਬੋਲ ਉਚਾਰ।

ਬਾਣੀ ਜੋ ਦਸਮੇਸ਼ ਦੀ, ਪੜ੍ਹਦੇ ਮਰਦ ਦਲੇਰ।

ਕੱਢ ਦਿਲਾਂ ’ਚੋਂ ਕਾਇਰਤਾ, ਗਿੱਦੜੋਂ ਕਰਦੀ ਸ਼ੇਰ।

ਕਰ ਉਹਨਾਂ ਤ੍ਰਿਭੋਲ ਦਾ, ਪਹਿਲਾਂ ਕੜਾਹ ਪ੍ਰਸ਼ਾਦ।

ਖੁੱਲ੍ਹੇ ਗੱਫੇ ਲਾਂਵਦੇ, ਅੰਮ੍ਰਿਤ ਮਈ ਸਵਾਦ।

ਲੈ ਤਲਵਾਰਾਂ ਨੰਗੀਆਂ, ਕੱਫ਼ਣ ਸਿਰ ਤੇ ਬੰਨ੍ਹ।

ਚੱਲੇ ਜ਼ਾਲਮ ਪਾਪੀਆਂ, ਤਾਈਂ ਦੇਵਣ ਡੰਨ।

ਅੜਬੰਗੀ ਭਗਵਾਨ ਸਿੰਘ, ਲਹਿਣਾ ਸਿੰਘ ਸੰਭਾਲ।

ਮਿਹਰ ਸਿੰਘ ਨੂੰ ਲੈ ਕੇ, ਭੈਣੀ ਸਾਹਿਬੋਂ ਨਾਲ।

ਮਿਹਰ ਸਿੰਘ ਨੇ ਬਦਲਕੇ, ਪਿੱਛੋਂ ਆਪਣਾ ਨਾਮ।

ਰੱਖਿਆ ਸੰਤਾ ਸਿੰਘ ਸੀ, ਭੈਣੀ ਸਾਹਿਬ ਗ੍ਰਾਮ।

ਇਹ ਤਿੰਨੇ ਸਨ ਅੰਮ੍ਰਿਤਸਰ, ਸਾਕੇ ਦੇ ਵਿੱਚ ਸਾਥ।

ਹੋ ਗਏ ਰੂ ਪੋਸ਼ ਉਹ, ਕਦੇ ਨਾ ਆਏ ਹਾਥ।

ਗੁਰਮੁਖ ਸਿੰਘ ਮਸਤਾਨ ਸਿੰਘ, ਮੰਗਲ ਸਿੰਘ ਸੀ ਨਾਲ।

ਦੱਲੂ ਅਤੇ ਗੁਲਾਬ ਸਿੰਘ, ਆਣ ਰਲਾਈ ਚਾਲ।

ਅੜਬੰਗੀ ਨੇ ਆਖਿਆ, ਇਹਨਾਂ ਲਵੋ ਨਾ ਨਾਲ।

ਬੰਦੇ ਮਾੜੀ ਨੀਤ ਦੇ, ਚੱਲਣ ਉਲਟੀ ਚਾਲ।

ਪਿੱਛੋਂ ਮੁਖਬਰ ਹੋ ਗਏ, ਦੱਲੂ ਅਤੇ ਗੁਲਾਬ।

ਜਾਨ ਬਚਾਈ ਦੋਹਾਂ ਨੇ, ਦੇ ਕੇ ਗਲਤ ਹਿਸਾਬ।

ਅੱਠ ਤਲਵਾਰਾਂ ਕੱਠੀਆਂ, ਕਰਕੇ ਲੱਭ ਲਭਾ।

ਵਿੱਚ ਪਲਾਣੇ ਊਠ ਦੇ, ਲਈਆਂ ਕਹਿਣ ਲੁਕਾ।

ਭਾਰੀ ਬੜੀ ਸਵੇਰ ਤੋਂ, ਹੁੰਦੀ ਸੀ ਬਰਸਾਤ।

ਖੋਭਾ ਬੜਾ ਚੁਫੇਰ ਸੀ, ਸਿੱਲੀ ਸਿੱਲੀ ਰਾਤ।

ਚਿੱਕੜ ਵਿੱਚੋਂ ਲੰਘ ਕੇ, ਬਹੁਤੀ ਸੋਚ ਵੀਚਾਰ।

ਬੁੱਚੜਖਾਨੇ ਵਾਲੜਾ, ਜਾ ਖੜਕਾਇਆ ਬਾਰ।

ਸੀ ਸੰਗ੍ਰਾਂਦੀ ਮੱਸਿਆ, ਘੁੱਪ ਹਨੇਰੀ ਰਾਤ।

ਪਰ ਖਾਲਸੇ ਲਈ ਸੀ, ਇਹ ਵੀ ਇੱਕ ਸੌਗਾਤ।

ਅੱਗੋਂ ਬੁੱਚੜ ਪੁੱਛਦੇ, ਕਿੱਥੋਂ ਆਏ ਕੌਣ।

ਕਿਹਾ ਖਾਲਸੇ ਆਏ ਹਾਂ, ਹੁੱਕੇ ਅੱਗ ਪਵਾਉਣ।

ਊਠਾਂ ਵਾਲੇ ਅਸੀਂ ਹਾਂ, ਕਰੀਏ ਵਣਜ ਵਪਾਰ।

ਐਪਰ ਇਸ ਬਰਸਾਤ ਨੇ, ਕੀਤਾ ਬੜਾ ਖੁਆਰ।

ਇਹ ਜਾਣ ਕੇ ਬੁੱਚੜਾਂ, ਬੂਹਾ ਦਿੱਤਾ ਖੋਹਲ।

ਲੈ ਤਲਵਾਰਾਂ ਖਾਲਸੇ, ਅੰਦਰ ਵੜੇ ਅਡੋਲ।

ਝੱਟ ਗਊਆਂ ਦੇ ਕੋਲ ਜਾ, ਰੱਸੇ ਦਿੱਤੇ ਵੱਢ।

ਸੱਭੇ ਬੁੱਚੜਖਾਨਿਓਂ, ਬਾਹਰ ਦਿੱਤੀਆਂ ਕੱਢ।

ਰਾਂਝਾ, ਬੂਟਾ ਨਾਂ ਦੇ, ਬੁੱਚੜ ਕਰਦੇ ਕਾਰ।

ਐਪਰ ਜਾਨ ਬਚਾ ਕੇ, ਭੱਜੇ ਵਿੰਹਦੇ ਸਾਰ।

ਉਹਨਾਂ ਘਰ ਪ੍ਰਾਹੁਣੇ, ਆਏ ਸਨ ਕੁਝ ਹੋਰ।

ਉਹ ਅੜਿੱਕੇ ਚੜ੍ਹ ਗਏ, ਮਰੇ ਸਮਝਕੇ ਚੋਰ।

ਔਰਤ ਬੱਸੀ ਨਾ ਦੀ, ਮਰਦ ਦਸੌਂਧੀ ਜਾਣ।

ਉਹਨਾਂ ਦੇ ਸੀ ਦੇਵਣੇ, ਏਥੇ ਮਿਥੇ ਪ੍ਰਾਣ।

ਸੱਤ ਜਣੇ ਲੜਦੇ ਰਹੇ, ਜ਼ਖ਼ਮੀ ਹੋਏ ਢੇਰ।

ਕੂਕੇ ਬਿਨ ਨੁਕਸਾਨ ਤੋਂ, ਨੱਸੇ ਨਿਕਲ ਅਦੇਰ।

ਵਿੱਚ ਹਨੇਰੇ ਰਾਤ ਦੇ, ਖਿਸਕੇ ਕਰਕੇ ਘਾਣ।

ਵਾਪਸ ਜਾਂਦੇ ਮਾਰ ਕੇ, ਜਿਉਂ ਅਰਜਨ ਦੇ ਬਾਣ।

ਥਾਣਾ ਨੇੜੇ ਕੋਲ ਸੀ, ਪਹੁੰਚ ਗਈ ਝੱਟ ਸੋਅ।

ਐਪਰ ਬਲਦੀ ਅੱਗ ਦੀ, ਡਰੇ ਵੇਖ ਕੇ ਲੋਅ।

ਆਣ ਸਵੇਰੇ ਅੱਪੜੇ, ਖੋਜੀ ਲੈ ਕੇ ਨਾਲ।

ਕਾਤਲ ਨੱਸੇ ਕਿੱਧਰੋਂ, ਕਰਦੇ ਫਿਰਦੇ ਭਾਲ।

ਖੁਰਾ ਕੱਢਿਆ ਖੋਜੀਆਂ, ਪਹੁੰਚਾ ਨਾਭੇ ਤੀਕ।



Sri Satguru Jagjit Singh Ji eLibrary NamdhariElibrary@gmail.com

ਛੀਨੀਵਾਲੇ ਛਿਆਂ ਦੀ, ਪੈੜ ਪਹੁੰਚ ਗਈ ਠੀਕ।
ਦੋ ਬੰਦੇ ਨੇ ਨਿੱਖੜੇ, ਆਖਣ ਨਾਭੇ ਆਣ।
ਅੱਠਾਂ ਦਾ ਹੀ ਖੁਰਾ ਜੋ, ਖੋਜੀ ਰਹੇ ਪਛਾਣ।

---o---

ਨਾਭੇ ਪਟਿਆਲੇ ਦੀ ਰਿਆਸਤ 'ਚ ਗਿਆ ਖੁਰਾ,
ਮਿਲੇ ਆਣ ਰਾਜੇ ਝਟਪਟ ਅੰਗ੍ਰੇਜ਼ ਨੂੰ।
ਦੇਂਵਦੇ ਤਸੱਲੀ ਕਹਿਣ ਕਾਤਲ ਫੜਾਈਏ ਛੇਤੀ,
ਨਵਾਂ ਮੋੜ ਦਈਏ ਇਤਿਹਾਸ ਵਾਲੇ ਪੇਜ ਨੂੰ।
ਦੇਵੀਏ ਇਨਾਮ ਹਾਲ ਆਣ ਦੱਸੇ ਆਪ ਜਿਹੜਾ,
ਲਾਇਆ ਹੈ ਗ੍ਰਹਿਣ ਜਿਨ੍ਹਾਂ ਗੋਰਿਆਂ ਦੇ ਤੇਜ ਨੂੰ।
ਹੋਵੇ ਭਾਵੇਂ ਕਾਤਲ ਬਣਾਈਏ ਵਾਅਦਾ ਮੁਆਫ਼ ਉਹਨੂੰ,
ਬੁੱਚੜਾਂ ਦੇ ਨਾਲ ਉਹ ਜਤਾਉਣ ਲੱਗੇ ਹੇਜ ਨੂੰ।

ਹੀਰਾ ਸਿੰਘ ਰਲਿਆ ਸੀ ਜਦੋਂ ਅੰਗ੍ਰੇਜ਼ਾਂ ਨਾਲ,
ਚੀਨੀ ਵਾਲੇ ਆਖਿਆ ਸੀ ਸ਼ਬਦ ਨਿਤਾਰ ਕੇ।
ਧਰਿਆ ਹੈ ਪੈਰ ਹੀਰੇ ਡੁੱਬ ਰਹੀ ਬੇੜੀ ਵਿੱਚ,
ਡੁੱਬ ਜਾਣੈ ਇਹਨੇ ਹੁਣ ਛੇਤੀ ਬਾਜੀ ਹਾਰ ਕੇ।


Sri Satguru Jagjit Singh Ji eLibrary NamdhariElibrary@gmail.com

ਰਾਜਿਆਂ ਪਿਆਰੇ ਰਾਜ ਹੋਣ ਦੁਪਿਆਰੇ ਵੀਰ,

ਕਰ ਦਿੱਤੀ ਸੱਚ ਇਹ ਕਹਾਵਤ ਸਵਾਰ ਕੇ।

ਸਾਥ ਛੱਡ ਸਿੱਖਾਂ ਦਾ ਮਲੇਸ਼ਾਂ ਨਾਲ ਰਲੇ ਰਾਜੇ,

ਗੁਰੂਆਂ ਦਾ ਦਿੱਤਾ ਰਾਜ ਫੂਲ ਕੇ ਵਸਾਰ ਕੇ।*

* ਉੱਪਰੋਂ ਅੰਗ੍ਰੇਜ਼ਾਂ ਦਾ ਸਾਥ ਦੇਣਾ ਹੀਰਾ ਸਿੰਘ ਦੀ ਮਜ਼ਬੂਰੀ ਸੀ। ਮਨੋਂ ਉਹ ਆਪਣੇ ਆਪ ਨੂੰ ਕੂਕਿਆਂ ਦਾ ਹਮਦਰਦ ਸਮਝਦਾ ਸੀ ਕਿਉਂ ਜੁ ਉਸ ਭਜਨ ਰਾਜਾ ਬਣਨ ਤੋਂ ਪਹਿਲਾਂ ਲਿਆ ਸੀ।

---o---

ਸਿੱਖ ਰਾਜੇ ਰਾਜ ਲਈ ਬੁੱਚੜਾਂ ਦੇ ਸੱਕੇ ਹੋਏ,

ਧਾਮ ਦਸਮੇਸ਼ ਦਾ ਸੀ ਮਨ ’ਚੋਂ ਵਸਾਰਿਆ।

ਗੋਡੇ ਟੇਕ ਦਿੱਤੇ ਝੋਲੀ ਚੁੱਕ ਹੋਏ ਬਿੱਲਿਆਂ ਦੇ,

ਅਣਖਾਂ ਦਾ ਬੀਜ਼ ਸੀ ਸਵਾਰਥ ਨੇ ਮਾਰਿਆ।

ਵੇਖ ਗੁਰਧਾਮਾਂ ਦੀ ਬੇਅਦਬੀ ਨਾ ਕੁਸਕੇ ਜੋ,

ਬੁੱਚੜਾਂ ਦੇ ਵਾਸਤੇ ਮਚਾਈ ਹਾਲ ਪਾਹਰਿਆ।

ਇੱਕ ਵੇਖੋ ਅਣਖਾਂ ਦੇ ਲਈ ਜਾਨਾਂ ਦੇਣ ਚੱਲੇ,

ਇਕਨਾ ਨੇ ਗੈਰਤ ਨੂੰ ਸੁੱਖਾਂ ਉੱਤੋਂ ਵਾਰਿਆ।

ਸਿੱਧੇ ਸਾਧੇ ਸਿੰਘਾਂ ਕੋਲੋਂ ਗੱਲ ਸੀ ਨਿਕਲ ਗਈ,

ਕਾਹਨੇ ਕੋਲ ਪਹੁੰਚੀ ਉਹਨੂੰ ਚੜ੍ਹ ਗਈਆਂ ਲਾਲੀਆਂ।



Sri Satguru Jagjit Singh Ji eLibrary NamdhariElibrary@gmail.com

ਲਾਲਚ ਇਨਾਮ ਦਾ ਨਾ ਟਿਕ ਕੇ ਖਲੋਣ ਦੇਵੇ,
ਘਰ ਵਾਲੀ ਦੱਲੂ ਦੀ ਵੀਚਾਰਾਂ ਕਰੇ ਕਾਲੀਆਂ।
ਬੜੀ ਵਿਭਚਾਰਨ ਛਿਨਾਰ ਨਾਰ ਓਸਦੀ ਸੀ,
ਉਹਨੇ ਵੇਖੋ ਪੱਟੀਆਂ ਨੇ ਝੂਠ ਦੀਆਂ ਢਾਲੀਆਂ।
ਆਖਿਆ ਪੁਲੀਸ ਨੂੰ ਸੀ ਮੇਰੇ ਘਰ ਬੈਠ ਸਿੱਖਾਂ,
ਬਣਤਾਂ ਬਣਾਈਆਂ ਬੁੱਚੜਾਂ ਦੇ ਬਧ ਵਾਲੀਆਂ।

ਜੋੜ ਕੇ ਤੂਫਾਨ ਝੂਠ ਬੱਕਰਾ ਬਣਾਇਆ ਊਠ,
ਆਖਿਆ ਗਿਆਨੀ ਤੇ ਰਤਨ ਸਿੰਘ ਨਾਲ ਨੇ।
ਬੱਚਾ ਵੀ ਅਤਰ ਸਿੰਘ ਕਾਤਲ ਹੈ ਬੁੱਚੜਾਂ ਦਾ,
ਕਹੇ ਮਨ ਏਸਦੇ ਵੀ ਉਲਟੇ ਖਿਆਲ ਨੇ।
ਦੱਲੂ ਦੱਲਾ ਹੋ ਗਿਆ ਗੁਲਾਬਾ ਵਾਅਦਾ ਮਾਫ਼ ਹੋਇਆ,
ਰਲੇ ਗੋਰੇ ਨਾਲ ਚਾਲ ਕਰ ਕੇ ਕੁਚਾਲ ਨੇ।
ਸੂਰਮੇ ਹੀ ਸਦਾ ਸਿਰ ਧੜ ਵਾਲੀ ਬਾਜੀ ਲਾਉਣ,
ਪੂਰੀਆਂ ਕੀ ਪਾਉਣੀਆਂ ਨੇ ਮਾਤਾ ਵਾਲੇ ਮਾਲ ਨੇ।

ਕਿਹਾ ਮਸਤਾਨ ਸਿੰਘ ਤਾਈਂ ਜਾ ਕੇ ਤੇਜਾ ਸਿੰਘ,
ਪਹੁੰਚਿਆ ਪੁਲੀਸ ਦਲ ਜੇਠੂ ਪੂਰੇ ਆਇ ਕੇ।

ਲਵੋ ਨਾ ਰਿਸਕ ਤੇ ਖਿਸਕ ਜਾਓ ਛੇਤੀ ਏਥੋਂ,
ਗੁਪਤ ਟਿਕਾਣਾ ਲੱਭ ਬੈਠ ਜਾਓ ਜਾਇ ਕੇ।
ਸਿੰਘਾਂ ਕਿਹਾ ਅਸੀਂ ਨਾ ਫਰਾਰ ਹੋਣਾਂ ਮੂਲ ਏਥੋਂ,
ਵਾਰ ਦਈਏ ਜਾਨਾਂ ਹੱਸ ਮੌਤ ਗਲ ਲਾਇ ਕੇ।
ਹੱਸ ਹੱਸ 'ਬਾਜਵਾ' ਸ਼ਹੀਦ ਹੋਣ ਚੱਲੇ ਸਿੰਘ,
ਪੜ੍ਹਦੇ ਨੇ ਗੁਰਬਾਣੀ ਉੱਚੀ ਉੱਚੀ ਗਾਇ ਕੇ।

---o---

ਦਲ ਸਿੰਘ ਛੀਨੀਵਾਲ ਦਾ, ਕਾਤਲ ਹੈ ਸੀ ਨਾਲ।
ਐਪਰ ਮੌਕਾ ਵੇਖ ਕੇ, ਬਦਲ ਗਿਆ ਉਹ ਚਾਲ।
ਲੈ ਕੇ ਨਾਲ ਪੁਲੀਸ ਨੂੰ, ਆਇਆ ਆਪ ਫੜਾਉਣ।
ਮਤਲਬ ਖਾਤਰ ਆਖਦਾ, ਤੂੰ ਕੌਣ ਮੈਂ ਕੌਣ।
ਪਿੱਥੋਂ ਦੇ ਵਿੱਚ ਆਣ ਕੇ, ਪਹੁੰਚੀ ਝੱਟ ਪੁਲੀਸ।
ਆਖੇ ਸਿੰਘ ਫੜਾ ਦਿਓ, ਕਰਨੀ ਹੈ ਤਫ਼ਤੀਸ਼।
ਵਿਭਚਾਰਨ ਤੇ ਚਾਲਬਾਜ, ਸੀ ਦੱਲੂ ਦੀ ਨਾਰ।
ਓਸ ਆਖਿਆ ਪੁਲਿਸ ਨੂੰ, ਕਾਤਲ ਨੇ ਇਹ ਚਾਰ।
ਮੰਗਲ ਸਿੰਘ ਮਸਤਾਨ ਸਿੰਘ, ਗੁਰਮੁਖ ਸਿੰਘ ਵੀਚਾਰ।
ਲੜਕਾ ਬਾਰਾਂ ਸਾਲ ਦਾ, ਕੀਤਾ ਨਾਲ ਸ਼ੁਮਾਰ।

ਬਾਲ ਵੇਰਸ ਓਸ ਦੀ, ਅਤਰ ਸਿੰਘ ਸੀ ਨਾਮ।

ਪਕੜੇ ਆਣ ਪੁਲੀਸ ਨੇ, ਕੂਕੇ ਫੇਰ ਤਮਾਮ।

ਕਰ ਥੋੜ੍ਹੀ ਪੁਣਛਾਣ ਨੇ, ਬਾਕੀ ਦਿੱਤੇ ਛੱਡ।

ਐਪਰ ਤਿੰਨੇ ਸੂਰਮੇ, ਪਕੜ ਬਹਾਏ ਅੱਡ।

ਦੱਲੂ ਨੇ ਸੀ ਦੱਸਿਆ, ਰਤਨ ਸਿੰਘ ਦੇ ਨਾਲ।

ਕੀਤਾ ਇਹਨਾਂ ਮਸ਼ਵਰਾ, ਕਰ ਕੇ ਬਹੁਤ ਖਿਆਲ।

ਅਤੇ ਗਿਆਨੀ ਰਤਨ  ਸਿੰਘ, ਨੇ ਉਕਸਾਇਆ ਢੇਰ।

ਬੁੱਚੜ ਮਾਰਨ ਵਾਸਤੇ, ਭੇਜੇ ਇਹ ਨੇ ਫੇਰ।

ਚੂਹੜ ਚੱਕ ਗੁਲਾਬ ਸਿੰਘ, ਪਕੜ ਲਿਆਏ ਜਾ।

ਰਾਇ ਕੋਟ ਲਿਆ ਕੇ, ਦਿੱਤਾ ਕੇਸ ਚਲਾ।

ਦੱਲੂ, ਰਾਮ ਕੌਰ ਤੇ, ਕਾਹਨਾ ਬਣੇ ਗਵਾਹ।

ਮਹਾਂ ਅਕ੍ਰਿਤਘਣਾ ਨੇ, ਕੀਤਾ ਘਾਤ ਵਸਾਹ।

ਭੈਣੀ ਉਹਨਾਂ ਭੇਜਿਆ, ਇੱਕ ਸ਼ੁਤਰ ਅਸਵਾਰ।

ਸਤਿਗੁਰ ਜੀ ਨੂੰ ਸੱਦਿਆ, ਬਸੀਆਂ ਦੇ ਵਿਚਕਾਰ।

ਲੈ ਪਤਵੰਤੇ ਨਾਲ ਉਹ, ਸੂਬੇ ਤੇ ਕੁਝ ਹੋਰ।

ਹਾਜ਼ਰ ਹੋਏ ਆਣ ਕੇ, ਝੂਠ ਕਚਹਿਰੀ ਘੋਰ।

ਸੈਸ਼ਨ ਜੱਜ ਪੁਕਾਰਿਆ, ਰਾਮ ਸਿੰਘ ਨਰੇਸ਼।

ਕੂਕੇ ਸਿੱਖ ਭੜਕਾ ਕੇ, ਪਾਇਆ ਤੁਸਾਂ ਕਲੇਸ਼।



Sri Satguru Jagjit Singh Ji eLibrary NamdhariElibrary@gmail.com

ਇਹਨਾਂ ਨੂੰ ਉਕਸਾ ਕੇ, ਦਿੱਤਾ ਏਧਰ ਤੋਰ।

ਏਸ ਕਾਜ ਦੇ ਵਾਸਤੇ, ਖਰਚਾ ਦਿੱਤਾ ਹੋਰ।

ਸਤਿਗੁਰ ਜੀ ਨੇ ਆਖਿਆ, ਕੀ ਜਾਣਾ ਕੀ ਰਾਜ।

ਨਾ ਕਿਸੇ ਨੇ ਪੁੱਛ ਕੇ, ਮੈਨੂੰ ਕੀਤਾ ਕਾਜ।

ਨਾ ਕਿਸੇ ਨੂੰ ਭੇਜਿਆ, ਨਾ ਦਿੱਤਾ ਧਨ ਮਾਲ।

ਕੀਤਾ ਇਹਨਾਂ ਕਾਜ ਇਹ, ਆਪਣੀ ਮਰਜ਼ੀ ਨਾਲ।

ਹੁੰਦਾ ਜੇ ਕਰਵਾਵਣਾ, ਕਾਰਜ ਨਾਲ ਧਿਆਨ।

ਘੱਲਦੇ ਭੈਣੀ ਤੋਂ ਅਸੀਂ, ਚੁਣ ਚੁਣ ਹੋਰ ਜਵਾਨ।

ਐਪਰ ਹਿੰਸਾ ਵਿੱਚ ਨਾ, ਹੈ ਸਾਡਾ ਵਿਸ਼ਵਾਸ।

ਸੱਤ ਅਹਿੰਸਾ ਧਰਮ ਹੈ, ਮਕਸਦ ਸਾਡਾ ਖਾਸ।

ਪੈਸਾ ਧੇਲਾ ਕਿਸੇ ਨੂੰ, ਦਈਏ ਜਦੋਂ ਜਨਾਬ।

ਲਿਖ ਲੈਂਦੇ ਹਾਂ ਵਹੀ ਵਿੱਚ, ਸਾਰਾ ਜੋੜ ਹਿਸਾਬ।

ਫਿਰ ਵਹੀਆਂ ਮੰਗਵਾ ਕੇ, ਜੱਜ ਮੈਕਨਬ ਕੋਲ।

ਦਿੱਤੀਆਂ ਆਣ ਗੁਪਾਲ ਸਿੰਘ*, ਲਈਆਂ ਝੱਟ ਫਰੋਲ।

ਉਹਨਾਂ ਅੰਦਰ ਨਹੀਂ ਸੀ, ਲੈਣ ਦੇਣ ਦਾ ਸਾਰ।

ਰਾਇਕੋਟ ਦੇ ਦੋਸ਼ੀਆਂ, ਤੇ ਗੁਰ ਜੀ ਵਿਚਕਾਰ।

* ਸੂਬਾ ਗੋਪਾਲ ਸਿੰਘ

---o---



Sri Satguru Jagjit Singh Ji eLibrary NamdhariElibrary@gmail.com

ਅਠਾਰਾਂ ਸੌ ਇਕਹੱਤਰਾ ਉਹ ਈਸਵੀ ਦਾ ਸਾਲ ਤੇ,
ਜੁਲਾਈ ਦੀ ਸਤਾਈ ਆਈ ਜਾਣਿਓਂ ਤਰੀਕ ਸੀ।
ਮੰਨ ਕੇ ਗਵਾਹੀਆਂ ਦਾ ਅਧਾਰ ਕੀਤੇ ਦੋਸ਼ੀ ਚਾਰ।
ਮੌਤ ਦੀ ਸੁਣਾਈ ਸਜ਼ਾ ਚਾਰਾਂ ਤਾਈਂ ਠੀਕ ਸੀ।
ਗੁਰਮੁਖ ਸਿੰਘ, ਮੰਗਲ ਸਿੰਘ ਤੇ ਮਸਤਾਨ ਸਿੰਘ,
ਚੌਥਾ ਜੋ ਗੁਲਾਬ ਸਿੰਘ ਸਜ਼ਾ 'ਚ ਸ਼ਰੀਕ ਸੀ।
ਫਾਂਸੀ ਦੀ ਸੁਣਾ ਕੇ ਸਜ਼ਾ ਸਾਰਿਆਂ ਨੂੰ ਬਿੱਲਿਆਂ ਨੇ,
ਫੜ ਲਈਆਂ ਤੰਦਾਂ ਕੁਝ ਏਸ ਤੋਂ ਬਰੀਕ ਸੀ।

---o---

ਪਿੱਛੋਂ ਉਹਨਾਂ ਸੋਚਿਆ, ਇਹ ਹੋਵੇਗਾ ਠੀਕ।
ਅਜੇ ਗੁਲਾਬ ਸਿੰਘ ਦੀ, ਸਾਨੂੰ ਲੋੜ ਵਧੀਕ।
ਜਾਣ ਗਿਆ ਅੰਗ੍ਰੇਜ਼ ਸੀ, ਦੁਸ਼ਮਣ ਮੇਰਾ ਕੌਣ।
ਉਹ ਫਸਾਉਣਾ ਕੂਕਿਆਂ, ਤਾਈਂ ਕੇਵਲ ਚਾਹੁਣ।
ਓਦੋਂ ਉਹਦੀ ਅੱਖ ਦਾ, ਕੂਕੇ ਹੀ ਸਨ ਰੋੜ।
ਏਸ ਲਈ ਉਸ ਫੈਸਲਾ, ਕਰ ਕੇ ਦਿੱਤਾ ਤੋੜ।
ਕਰ ਗੁਲਾਬ ਸਿੰਘ ਨੂੰ, ਵਾਅਦਾ ਮੁਆਫ਼ ਗਵਾਹ।

ਫੰਧਾ ਫਾਂਸੀ ਵਾਲੜਾ, ਦਿੱਤਾ ਗਲ ’ਚੋਂ ਲਾਹ।

ਅੰਮ੍ਰਿਤਸਰ ਦੇ ਕੇਸ ਵਿੱਚ, ਸਮਝ ਓਸ ਦੀ ਲੋੜ।

ਨੱਕ ਮੋਮ ਵਾਂਗਰਾਂ, ਦਿੱਤਾ ਕੇਸ ਮਰੋੜ।

ਅੰਮ੍ਰਿਤਸਰ ਵੀ ਓਸ ਨੇ, ਦਿੱਤੀ ਚਿੱਠੀ ਭੇਜ।

ਕਰੀਏ ਖਾਨਾ ਪੂਰਤੀ, ਆਖੇ ਹੋ ਕੇ ਤੇਜ।

ਸਾਡੇ ਕੋਲ ਗੁਲਾਬ ਸਿੰਘ, ਵਧੀਆ ਬੰਦਾ ਥੋਕ।

ਜੋ ਖਿਲਾਫ਼ ਕੂਕਿਆਂ, ਦਏ ਗਵਾਹੀ ਠੋਕ।

ਕੇਵਲ ਫੜ ਕੇ ਕੂਕਿਆਂ, ਨੂੰ ਚਾਹਵੇ ਸਰਕਾਰ।

ਸਤਿਗੁਰ ਜੀ ਦੇ ਵਾਸਤੇ, ਚਾਹੁੰਦੇ ਬਣੇ ਅਧਾਰ।

ਕੋਈ ਬਹਾਨਾ ਲੱਭੀਏ, ਪਾਈਏ ਜਾ ਕੇ ਹੱਥ।

ਵਧਦੇ ਏਸ ਮੁਹਾਜ ਨੂੰ, ਪੈ ਜਾਵੇ ਜੇ ਨੱਥ।

ਸੀ ਇਕਹੱਤਰ ਈਸਵੀ, ਸੰਨ ਅਠਾਰਾਂ ਨਾਲ।

ਕੂਕੇ ਚੱਲੇ ਸੱਚ ਦੀ, ਕਾਇਮ ਕਰਨ ਮਿਸਾਲ।

ਪੰਜ ਅਗਸਤ ਆ ਗਈ, ਕਾਲਾ ਅੰਬਰ ਧਾਰ।

ਬੱਦਲ ਬਸਤੀਵਾਦ ਦੇ, ਗੱਜੇ ਵਿੱਚ ਹੰਕਾਰ।

ਬਿਜਲੀ ਕਾਲੇ ਰੰਗ ਤੇ, ਕਾਲੇ ਲਿਖਦੀ ਲੇਖ।

ਐਪਰ ਇਹ ਨੇ ਕੜਕਦੇ, ਚਿੱਟਿਆਂ ਉੱਤੇ ਵੇਖ।

ਬਲਦੀ ਸਾਮਰਾਜ ਦੀ, ਆਏ ਵੇਖਣ ਭੱਠ।

ਫਾਂਸੀ ਵਾਲੇ ਥਾਂ ਤੇ, ਹੋਇਆ ਬੜਾ ਇਕੱਠ।*

ਮੂੰਹ ਵਿੱਚ ਉਂਗਲਾਂ ਪਾ ਕੇ, ਵੇਖਣ ਲੋਕ ਹੈਰਾਨ।

ਮੌਤ ਵੇਖ ਨਾ ਵਿਚਲਦੇ, ਇਹ ਕੈਸੇ ਇਨਸਾਨ?

ਹੱਸ ਹੱਸ ਰੱਸੇ ਰੇਸ਼ਮੀ, ਪਾਉਣ ਗਲਾਂ ਵਿੱਚ ਆਪ।

ਆਖਣ ਲਹੁਣਾ ਜਾਨ ਦੇ, ਵਤਨ ਸਿਰੋਂ ਸੰਤਾਪ।

ਜਾਨ ਧਰਮ ਤੋਂ ਵਾਰ ਗਏ, ਉਹ ਤਿੰਨੇ ਸਰਦੂਲ।

ਅਣਖ ਗੁਆ ਕੇ ਜੀਣ ਤੋਂ, ਲੀਤੀ ਮੌਤ ਕਬੂਲ।

ਦੇਹਾਂ ਪਿੱਛੋ ਲੈ ਗਏ, ਆ ਕੇ ਰਿਸ਼ਤੇਦਾਰ।

ਗੁਰ ਮਰਿਆਦਾ ਨਾਲ ਸੀ, ਕਰ ਦਿੱਤਾ ਸਸਕਾਰ।

* ਫਾਂਸੀ ਵਾਲੀ ਜਗ੍ਹਾ ਬੁੱਚੜਖਾਨੇ ਦੇ ਪਾਸ ਸੀ। ਮੁਕੱਦਮਾ ਬਸੀਆਂ ਦੀ ਕੋਠੀ ਵਿੱਚ ਚੱਲਿਆ ਸੀ, ਜੋ ਰਾਇਕੋਟ ਦੇ ਪਾਸ ਹੀ ਹੈ।

## ਗਿਆਨੀ ਸਿੰਘ ਤੇ ਰਤਨ ਸਿੰਘ ਨੂੰ ਫਾਂਸੀ

ਸੂਬਾ ਗਿਆਨੀ ਸਿੰਘ ਸੀ, ਰਤਨ ਸਿੰਘ ਬਨਾਮ।

ਰਾਮ ਕਿਸ਼ਨ ਦਾ ਲਾਡਲਾ, ਮੰਡੀ ਵਿੱਚ ਮੁਕਾਮ।

ਰਤਨ ਸਿੰਘ ਸੀ ਦੂਸਰਾ, ਬੁੱਧ ਸਿੰਘ ਦਾ ਪੁੱਤ।

ਫਿਰਦੇ ਬਦਲਣ ਵਾਸਤੇ, ਖ਼ਿਜ਼ਾ ਗ਼ੁਲਾਮੀ ਰੁੱਤ।



Sri Satguru Jagjit Singh Ji eLibrary NamdhariElibrary@gmail.com

ਰਾਇ ਕੋਟ ਕੇਸ ਵਿੱਚ, ਐਪਰ ਬੇ-ਕਸੂਰ।

ਆਗੂ ਦੋਵੇਂ ਪੰਥ ਦੇ, ਉਂਜ ਬੜੇ ਮਸ਼ਹੂਰ।

ਏਸੇ ਗੱਲੋਂ ਹਾਕਮਾਂ, ਖਾਧੀ ਡਾਢੀ ਖਾਰ।

ਘੜ ਘੜ ਝੂਠ ਕਹਾਣੀਆਂ, ਦੋਸ਼ੀ ਕਰੇ ਕਰਾਰ।

ਦੱਲੂ, ਰਾਮੋ ਮੀਸਣੀ, ਅਤੇ ਗੁਲਾਬਾ ਕੌਣ।

ਮੁੱਠੀ ਦੇ ਵਿੱਚ ਹਾਕਮਾ, ਜੋ ਚਾਹਵਣ ਅਖਵਾਉਣ।

ਜਾਨ ਬਚਾਵਣ ਵਾਸਤੇ, ਬਦਲ ਗਏ ਉਹ ਥੋਕ।

ਦਿੱਤੇ ਨੇ ਨਿਰਦੋਸ਼ ਦੋ, ਭੱਠੀ ਅੰਦਰ ਝੋਕ।

ਉੱਤੇ ਫਿਰ ਬੇਦੋਸ਼ਿਆਂ, ਤਿੰਨ ਸੌ ਦੋ ਲਗਾ।

ਬੁੱਚੜ ਕਤਲ ਕੇਸ ਵਿੱਚ, ਦੋਸ਼ੀ ਲਏ ਬਣਾ।

ਇਹਨਾਂ ਦਿੱਤੇ ਕਾਤਲਾਂ ਨੂੰ, ਆਖਣ ਹਥਿਆਰ।

ਕਤਲਾਂ ਲਈ ਪ੍ਰੇਰ ਕੇ, ਕਾਤਲ ਕਰੇ ਤਿਆਰ।

ਏਸ ਗੁਨਾਹ ਦੇ ਵਾਸਤੇ, ਸਜ਼ਾ ਸੁਣਾਈ ਮੌਤ।

ਬਿਨਾ ਕਸੂਰੋਂ ਰਤਨ ਦੋ, ਹੱਸ ਹੱਸ ਹੋਏ ਫੌਤ।

ਵਿੱਚ ਲੁਧਿਆਣੇ ਸ਼ਹਿਰ ਦੇ, ਜੇਲ੍ਹੋਂ ਬਾਹਰ ਵਾਰ।

ਰੁੱਖ ਬੋਹੜ ਦਾ ਖੜ੍ਹਾ ਸੀ, ਲੰਮੇ ਟਾਹਣ ਖਿਲਾਰ।

ਕੂਕੇ ਦੋਵੇਂ ਓਸ ਥਾਂ, ਫਾਂਸੀ ਦਿੱਤੇ ਚਾਹੜ।

ਚਿਹਰਾ ਲਿਆ ਕਾਨੂੰਨ ਦਾ, ਮਰਜ਼ੀ ਨਾਲ ਵਿਗਾੜ।



Sri Satguru Jagjit Singh Ji eLibrary NamdhariElibrary@gmail.com

ਸੁੰਦਰ ਸਿੰਘ ਗੁਰਦਿੱਤ ਸਿੰਘ, ਦੇਹਾਂ ਫੇਰ ਉਤਾਰ।

ਜਾ ਬੁੱਢੇ ਦਰਿਆ ਤੇ, ਕਰ ਦਿੱਤਾ ਸਸਕਾਰ।



. Sri Satguru Jagjit Singh Ji eLibrary NamdhariElibrary@gmail.com .

## ਕਾਂਡ - ੧੭

## ਮਾਤਾ ਜੱਸਾਂ ਜੀ ਦੀ ਚੜ੍ਹਾਈ (ਅਕਤੂਬਰ ੧੯੭੧ ਈ.)

ਮਾਤਾ ਜੱਸਾਂ ਜੀ ਸਨ, ਸਤਿਗੁਰ ਜੀ ਦੇ ਮਹਿਲ।

ਮੰਨਣ ਹੁਕਮ ਹਮੇਸ਼ ਹੀ, ਸਦਾ ਕਮਾਉਂਦੇ ਟਹਿਲ।

ਏਦਾਂ ਰਹਿਣ ਹਜ਼ੂਰ ਸੰਗ, ਜਿਉਂ ਫੁੱਲਾਂ ਸੰਗ ਬਾਸ।

ਲਾਵਣ ਲੇਖੇ ਪਤੀ ਦੇ, ਜਿਹੜਾ ਆਏ ਸਵਾਸ।

ਸਤ ਬਚਨੀ ਦੀ ਧਾਰਨੀ, ਸੁਘੜ ਸਿਆਣੀ ਨਾਰ।

ਮੰਨੇ ਹੁਕਮ ਕਮਾਲ ਦਾ, ਹਰ ਦਮ ਤਾਬੇਦਾਰ।

ਕਿਰਪਾ ਉਸ ਤੇ ਹੋ ਗਈ, ਐਸਾ ਚੜ੍ਹਿਆ ਰੰਗ।

ਸਾਗਰ ਹੋਈ ਨਦੀ ਵੀ, ਰਲ ਕੇ ਸਾਗਰ ਸੰਗ।

ਜਪਣਾ ਨਾਮ ਅਕਾਲ ਦਾ, ਰਸਨਾ ਅੱਠੋ ਪਹਿਰ।

ਕਿਰਪਾ ਕਣੀਆਂ ਬਰਸੀਆਂ, ਲੱਥੀ ਹਉਮੈ ਗਹਿਰ।

ਰਹੇ ਉਛਾਲੇ ਮਾਰਦੀ, ਪ੍ਰੇਮ ਵਸਲ ਦੀ ਕਾਂਗ।

ਸੰਗ ਰਾਮ ਦਾ ਲੋਚਦੀ, ਮਾਤਾ ਸੀਤਾ ਵਾਂਗ।

ਸਤਿਗੁਰ ਜੀ ਜੇ ਆਖਣਾ, ਜੱਸਾਂ ਵਿੱਚ ਪ੍ਰਵਾਸ।

ਔਖਾ ਹੋਵੇ ਵਿਚਰਣਾ, ਤੂੰ ਰੱਖ ਘਰੇ ਨਿਵਾਸ।

ਆਪਣੀ ਨੀਂਦੇ ਸੌਂ ਤੂੰ, ਆਪਣੀ ਨੀਂਦੇ ਜਾਗ।



Sri Satguru Jagjit Singh Ji eLibrary NamdhariElibrary@gmail.com

ਪਾਣੀ ਠੰਡਾ ਪੀ ਕੇ, ਗਾ ਸੁਖਾਂ ਦਾ ਰਾਗ।

ਐਪਰ ਅੱਗੋਂ ਆਖਦੀ, ਨਾਲ ਤੁਹਾਡੇ ਦੂਰ।

ਛੱਪੜੀਆਂ ਦਾ ਨੀਰ ਵੀ, ਪੀਣਾ ਹੈ ਮਨਜ਼ੂਰ।

ਜੇਕਰ ਰੱਖਣ ਨਾਲ ਨਾ, ਹੋ ਡਾਢੀ ਬੇਚੈਨ।

ਦਿਵਸ ਉਦਾਸ ਗੁਜ਼ਾਰਦੀ, ਤੇ ਜਾਗਦਿਆਂ ਰੈਣ।

ਏਸੇ ਕਰ ਕੇ ਸੰਗਤਾਂ ਕਰ ਸ਼ਰਧਾ ਉਦਗਾਰ।

ਮਾਤਾ ਸੀਤਾ ਆਖ ਕੇ, ਕਰਨ ਬਹੁਤ ਸਤਿਕਾਰ।

ਮਾਤਾ ਜੀ ਵੀ ਆਖਦੇ, ਸਿੰਞਣ ਭਰ ਭਰ ਬੁੱਕ।

ਉਮਡੇ ਗੰਗਾ ਵਾਤਸਲ, ਮਨ 'ਚੋਂ ਸਦਾ ਅਮੁੱਕ।

ਐਪਰ ਰਹਿੰਦਾ ਬਦਲਣਾ, ਸਮਾਂ ਹਮੇਸ਼ਾਂ ਚਾਲ।

ਖੁਸ਼ੀਆਂ ਕਦੇ ਲਿਆਂਵਦਾ, ਕਦੇ ਲਿਆਵੇ ਕਾਲ।

ਕੇਲ ਕਰੇਂਦੇ ਹੰਝ ਨੂੰ, ਪੈਣ ਅਚਿੰਤੇ ਬਾਜ।

ਟੁੱਟੇ ਵੀਣਾ ਜਾਨ ਦੀ, ਮੌਤ ਵਜਾਵੇ ਸਾਜ।

ਕਿਸੇ ਨਾ ਏਥੇ ਨਾਬਰੀ, ਰਾਣਾ, ਰੰਕ, ਫਕੀਰ।

ਮੌਤ ਦਮਾਮਾ ਵੱਜਣਾ, ਸਭ ਦੇ ਸਿਰੀਂ ਅਖੀਰ।

---o---

"ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥



Sri Satguru Jagjit Singh Ji eLibrary NamdhariElibrary@gmail.com

ਤਿਨਾ ਪਿਆਰਿਆ ਭਾਈਆ ਅਗੈ ਦਿਤਾ ਬੰਨਿ੍॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ੍॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥”

---o---

ਅੰਮ੍ਰਿਤਸਰ ਦੀਪਾਵਲੀ, ਸਤਿਗੁਰ ਹੋਏ ਤਿਆਰ।
ਤਈਆ ਮਾਤਾ ਜੀ ਨੂੰ, ਚੜ੍ਹਿਆ ਕਹਿਰ ਗੁਜ਼ਾਰ।
ਆਖਣ ਲੱਗੇ ਫ਼ਿਕਰਮੰਦ, ਹੋ ਕੇ ਜ਼ਰਾ ਹਜ਼ੂਰ।
ਜੱਸਾਂ ਚੜ੍ਹ ਹੀ ਜਾਏ ਨਾ, ਕਿਧਰੇ ਅਗਲੇ ਪੂਰ।
ਆਈ ਜਾਣ ਦੀਪਾਵਲੀ, ਲੰਮੀ ਮੰਜ਼ਲ ਮਾਰ।
ਜਾਣਾ ਲੈ ਕੇ ਸੰਗਤਾਂ, ਅੰਦਰ ਹਰ ਦਰਬਾਰ।
ਚੱਲੇ ਖਲਕਤ ਤਾਰਦੇ, ਅੰਮ੍ਰਿਤਸਰ ਦੇ ਵੱਲ।
ਵਿੱਚ ਮੁਠੱਡੇ ਪਿੰਡ ਦੇ, ਮੇਲਾ ਕੀਤਾ ਚੱਲ।
ਓਧਰ ਮਾਤਾ ਜੀ ਦੇ, ਪੂਰੇ ਹੋਏ ਸਵਾਸ।
ਵਿੱਚ ਸਵਰਗਾਂ ਪੁਰੀ ਦੇ, ਕੀਤਾ ਚੱਲ ਨਿਵਾਸ।
ਏਧਰ ਲੱਗੀ ਹੋਈ ਸੀ, ਆਸਾ ਜੀ ਦੀ ਵਾਰ।
ਰਾਗੀ ਬਾਣੀ ਗੁਰਾਂ ਦੀ, ਮਿੱਠੀ ਰਹੇ ਉਚਾਰ।
ਬਣਿਆ ਹੋਇਆ ਸਮਾਂ ਸੀ, ਡਾਢਾ ਖ਼ੁਸ਼ਗਵਾਰ।


Sri Satguru Jagjit Singh Ji eLibrary NamdhariElibrary@gmail.com

ਸੰਗਤ ਮੰਤਰ ਮੁਗਧ ਹੋ, ਸੁਣਦੀ ਸ਼ਰਧਾ ਧਾਰ।

ਸਤਿਗੁਰ ਜੀ ਨੇ ਆਖਿਆ, ਕਰਕੇ ਕੁਝ ਵੀਚਾਰ।

ਬਾਣੀ ਮਾਰੂ ਰਾਗ ਦੀ, ਪੜ੍ਹੋ ਨਾਲ ਸਤਿਕਾਰ।

ਲੱਗੇ ਮਾਰੂ ਰਾਗ ਨੇ, ਹੁਕਮ ਵਜਾ ਕੇ ਗੌਣ।

ਹੈ ਹੈਰਾਨ ਸੋਚਦੇ, ਕਾਰਨ ਹੋਇਆ ਕੌਣ।

ਆਣ ਸੁਨੇਹਾ ਪਹੁੰਚਿਆ, ਪਿੱਛੋਂ ਥੋੜ੍ਹੀ ਦੇਰ।

ਮਾਤਾ ਜੀ ਦੇ ਜਾਣ ਦਾ, ਮਾਤਮ ਪਿਆ ਚੁਫ਼ੇਰ।

ਵਾਪਸ ਪਰਤੇ ਪਾਤਸ਼ਾਹ, ਏਨਾ ਆਖ ਪਿਛਾਂਹ।

ਸੰਗਤ ਅੰਮ੍ਰਿਤਸਰ ਨੂੰ, ਜਾਵੇ ਹੋਰ ਅਗਾਂਹ।

ਗੱਜ ਵੱਜ ਕੇ ਖਾਲਸਾ, ਪਹੁੰਚੇ ਅੰਮ੍ਰਿਤਸਰ।

ਆਣ ਮਿਲਾਂਗੇ ਤੁਸਾਂ ਨੂੰ, ਉਸ ਸਿਫ਼ਤੀ ਦੇ ਘਰ।

ਐਪਰ ਭੈਣੀ ਸਾਹਿਬ ਆ, ਡਿੱਠਾ ਅਜਬ ਵਿਹਾਰ।

ਬਿਨਾ ਉਡੀਕੇ ਗੁਰਾਂ ਨੂੰ, ਕਰ ਦਿੱਤਾ ਸਸਕਾਰ।

ਚੀਨੀ ਵਾਲੇ ਆਖਿਆ, ਉਲਟੀ ਕੀਤੀ ਕਾਰ।

ਮੇਰੇ ਆਏ ਤੋਂ ਬਿਨਾ, ਕਿਉਂ ਕੀਤਾ ਸਸਕਾਰ।

ਪਾਠ ਰਖਾ ਕੇ ਮੁੜ ਗਏ, ਸੁਧਾ ਸਰੋਵਰ ਵੱਲ।

ਸੰਗਤਾਂ ਜਾ ਨਿਵਾਜੀਆਂ, ਉਹਨਾਂ ਓਥੇ ਚੱਲ।



Sri Satguru Jagjit Singh Ji eLibrary NamdhariElibrary@gmail.com

## ਮਾਲਵੇ ਦੀ ਸੰਗਤ ਨੇ ਹੋਰ ਵਿਆਹ ਵਾਸਤੇ ਜ਼ੋਰ ਦੇਣਾ

ਮਾਈਸਰ ਖਾਨੇ ਵਿੱਚ ਸੀ, ਲੜਕੀ ਇੱਕ ਜੁਆਨ।
ਉਮਰ ਅਠਾਰਾਂ ਸਾਲ ਦੀ, ਭਰ ਜੋਬਨ ਪ੍ਰਵਾਨ।
ਜਿਉਂ ਕਵੀਆਂ ਦੀ ਕਲਪਨਾ, ਉਹਦੀ ਸੁੰਦਰ ਦਿੱਖ।
ਦਿੱਤੇ ਪਰ ਬਿਧ ਮਾਤ ਨੇ, ਕਰਮ ਅਵੱਲੇ ਲਿਖ।
ਖਿੱਚਣ ਰਸੀਏ ਸ਼ਾਇਰ ਜਿਉਂ, ਨਾਰੀ ਦੀ ਤਸਵੀਰ।
ਹੁਸਨ ਜਵਾਨੀ ਓਸ ਤੇ, ਏਦਾਂ ਬੇ-ਨਜ਼ੀਰ।
ਧੀ ਰਾਮੇ ਬੈਰਾੜ ਦੀ, ਅਤਰੀ ਉਹਦਾ ਨਾਮ।
ਉਹਦੇ ਵਰਗੀ ਹੋਰ ਨਾ, ਅੰਦਰ ਓਸ ਗ੍ਰਾਮ।
ਸੰਗਤ ਖਾਨੇ ਵਾਲੇ ਦੀ, ਕਰ ਕੇ ਵੱਡੀ ਆਸ।
ਆਈ ਮਸਲਤ ਜੋੜ ਕੇ, ਸਤਿਗੁਰ ਜੀ ਦੇ ਪਾਸ।
ਕਹਿਣ ਅਨੰਦ ਪੜ੍ਹਾ ਲਵੋ, ਹੈ ਸਾਡੀ ਅਰਦਾਸ।
ਵੇਲ ਵਧੇ ਪੀੜ੍ਹੀ ਚੱਲੇ, ਕਾਰਜ ਆਵਣ ਰਾਸ।
ਮਾਤਾ ਜੱਸਾਂ ਜੀ ਸਨ, ਰਹਿੰਦੇ ਕੁਝ ਬੀਮਾਰ।
ਏਸੇ ਕਰਕੇ ਸੰਗਤਾਂ, ਕੀਤੀ ਇਹ ਵੀਚਾਰ।
ਸਤਿਗੁਰ ਜੀ ਨੇ ਮੋੜਿਆ, ਪਰ ਕੁਝ ਅਰਸੇ ਬਾਦ।
ਆਖਣ ਸੁੰਞੇ ਘਰ ਨੂੰ, ਕਰੀਏ ਫੇਰ ਅਬਾਦ।

ਮਾਤਾ ਜੱਸਾਂ ਜੀ ਜਾਂ, ਚਲੇ ਗਏ ਪ੍ਰਲੋਕ।*

ਪੁੱਤਰ ਬਾਝੋਂ ਅੰਗਣਾਂ, ਸੁੰਞਾਂ ਆਖਣ ਲੋਕ।

ਸਤਿਗੁਰ ਜੀ ਨੇ ਆਖਿਆ, ਤਨ ਮਨ ਸਾਫ਼ ਸੰਭਾਲ।

ਲਾਹਿਆ ਮਗਰੋਂ ਅਸਾਂ ਹੈ, ਮਸਾਂ ਗ੍ਰਹਿਸਤ ਜੰਜਾਲ।

ਸਫ਼ਾ ਵਿਛਾਉਣੀ ਧਰਮ ਦੀ, ਪਾਪੀ ਸਫਾਂ ਵਲੇਟ।

ਏਥੋਂ ਅਸਾਂ ਮਲੇਸ਼ ਦਾ, ਕਰਨਾ ਮਲੀਆ ਮੇਟ।

ਦੇਸ਼ ਅਜ਼ਾਦੀ ਵਾਲੜਾ, ਸਾਡਾ ਮਿਸ਼ਨ ਮਹਾਨ।

ਨਾ ਉਲਟਾਓ ਅਸਾਂ ਦਾ, ਇਸ ਤੋਂ ਜਰਾ ਧਿਆਨ।

ਮੈਨੂੰ ਫੜ ਲੈ ਜਾਣਗੇ, ਬਿੱਲੇ ਵਿੱਚ ਵਿਦੇਸ਼।

ਕਿਉਂ ਜਵਾਨੀ ਏਸ ਦੀ, ਗਾਲੋ ਵਿੱਚ ਕਲੇਸ਼।

ਮੇਰੀ ਇਹਦੀ ਉਮਰ ਦਾ, ਫ਼ਰਕ ਸਮਝਿਓ ਆਪ।

ਕੋਲ ਖਲੋਤੇ ਲੱਗੀਏ, ਜਿਉਂ ਬੇਟੀ ਤੇ ਬਾਪ।

ਪਰ ਗਿਆਨੀ ਸਿੰਘ ਨੇ, ਲਾਹ ਅਤਰੀ ਦੀ ਛਾਪ।

ਜ਼ਬਰੀਂ ਪਾ ਕੇ ਗੁਰਾਂ ਨੂੰ, ਲੀਤਾ ਜਾਣ ਸਰਾਪ।

ਆਖਣ ਲੱਗੇ ਪਾਤਸ਼ਾਹ, ਗੁੱਸੇ ਅੰਦਰ ਆ।

ਮੇਰੇ ਗਲ ਜੋ ਪਾ ਰਹੇ, ਤੁਸੀਂ ਅਵੱਲਾ ਫਾਹ।

ਇਸ ਕਾਰਜ ਦੇ ਵਾਸਤੇ, ਲੱਭਾ ਨਾ ਕੋਈ ਹੋਰ।

ਜਿਸ ਵਾਸਤੇ ਤੁਸੀਂ ਹੈ, ਆਣ ਮਚਾਇਆ ਸ਼ੋਰ।



Sri Satguru Jagjit Singh Ji eLibrary NamdhariElibrary@gmail.com

ਐਪਰ ਬਚਨ ਨਾ ਮੰਨਿਆਂ, ਲੈ ਅਤਰੀ ਨੂੰ ਨਾਲ।

ਭੈਣੀ ਸਾਹਿਬ ਆਣ ਕੇ, ਕੀਤੀ ਚਾਲ ਕੁਚਾਲ।

ਚੀਨੀ ਵਾਲੇ ਆਖਿਆ, ਮੰਨੋ ਤੁਸੀਂ ਨਾ ਗੱਲ।

ਜਾਣਾ ਵਿੱਚ ਵਿਦੇਸ਼ ਦੇ, ਮੇਰਾ ਜਾਣਾ ਅਟੱਲ।

ਜੇ ਇਹ ਜਤ ਮਤ ਰੱਖ ਕੇ, ਕਰਦੀ ਰਹੇ ਉਡੀਕ।

ਮੇਰੇ ਵਾਪਸ ਆਉਣ ਤੀਕ, ਤਾਂ ਤੇ ਸਮਝਾਂ ਠੀਕ।

ਨਹੀਂ ਤੇ ਇਹ ਕਰਵਾ ਲਵੇ, ਸ਼ਾਦੀ ਕਿਧਰੇ ਹੋਰ।

ਜੋਬਨ ਰੁੱਤੇ ਪਤਾ ਕੀ, ਕਦ ਹੋਵੇ ਚਿੱਤ ਚੋਰ।

ਅਤਰੀ ਆਖੇ ਉਮਰ ਭਰ, ਐਪਰ ਕਰਾਂ ਉਡੀਕ।

ਬਚਨ ਨਾਲ ਜਤ ਸਤ ਦੇ, ਪਾਲਾਂਗੀ ਮੈਂ ਠੀਕ।

ਸਤਿਗੁਰ ਜੀ ਤਾਂ ਜਲਦ ਹੀ, ਬੈਠੇ ਮੱਲ ਰੰਗੂਨ।

ਐਪਰ ਅਤਰੀ ਦਾ ਨਾ, ਮੱਠਾ ਪਿਆ ਜਨੂੰਨ।

ਸਤਿਗੁਰ ਜੀ ਜਾਂ ਭੇਜਦੇ, ਹੁਕਮ ਨਾਮੇ ਹਰ ਵਾਰ।

ਕਰਦੇ ਬੜੀ ਤਾਕੀਦ ਸੀ, ਅਤਰੀ ਲਈ ਵੀਚਾਰ।

ਸ਼ਾਦੀ ਇਹ ਕਰਵਾ ਲਵੇ, ਕਰੇ ਨਾ ਪਈ ਉਡੀਕ।

ਜਤ ਸਤ ਵਾਲਾ ਪੁਰਸਲਾਤ, ਵਾਲੋਂ ਹੋਏ ਬਰੀਕ।

ਔਖਾ ਅਗਨ ਵਰੇਸ ਵਿੱਚ, ਲੰਘਣ ਇਸ ਨੂੰ ਪਾਰ।

ਮਨੂਆਂ ਥਿੜਕੇ ਜਰਾ ਵੀ, ਡਿੱਗ ਰੁੜ੍ਹੇ ਮੰਝਧਾਰ।

ਜੋਬਨ ਘੋੜਾ ਅੱਥਰਾ, ਜਾਂ ਹੋਵੇ ਮੂੰਹ ਜ਼ੋਰ।

ਅੱਗੇ ਵੇਗ ਅਵੱਲੜੇ, ਮਨ ਹੋਵੇ ਕਮਜ਼ੋਰ।

ਲੰਘਣ ਸੀਨਾ ਚੀਰ ਜਾਂ, ਕਾਮਦੇਵ ਦੇ ਤੀਰ।

ਕਿਰ ਜਾਵੇ ਮਨ ਮੁੱਠ ’ਚੋਂ, ਰੇਤੇ ਵਾਂਗ ਅਖੀਰ।

ਰਤੀ ਭਟਕ ਵਿੱਚ ਜੰਗਲਾਂ, ਫਿਰੇ ਢੂੰਡਦੀ ਹਾਣ।

ਸ਼ਰਮ ਧਰਮ ਸਭ ਉੱਡਦੇ, ਕਰ ਇਖਲਾਕੀ ਘਾਣ।

ਮੰਦਾ ਕੁੱਤਾ ਹੋਂਵਦਾ, ਖਸਮੇ ਆਵੇ ਗਾਲ।

ਮਤੇ ਕਵੇਲੇ ਭੰਡਦੀ, ਫਿਰੇ ਅਸਾਨੂੰ ਨਾਲ।

ਵਕਤ ਸੰਭਾਲੋ ਮਤ ਇਹ, ਵੇਲਾ ਜਾਏ ਵਿਹਾ।

ਛਿੱਟੇ ਪੈਸਣ ਕੂੜ ਦੇ, ਰਹਿਸੀ ਪੱਛੋ ਤਾ।

ਜੇਕਰ ਬਚਨ ਨਾ ਮੰਨਿਆਂ, ਜਾਵੇ ਗਰਕ ਜ਼ਰੂਰ।

ਮਿਹਣਾ ਚਿੱਟੀ ਪੱਗ ਕਿਉਂ, ਝੱਲੇ ਬਿਨਾ ਕਸੂਰ।

ਐਪਰ ਬਚਨ ਨਾ ਮੰਨਿਆਂ ,ਬੈਠੀ ਡੇਰਾ ਲਾ।

ਭੈਣੀ ਸਾਹਿਬ ਵਿੱਚ ਹੀ, ਆਖੇ ਕਰਾਂ ਨਿਭਾਅ।

ਸੰਗਤ ਲੱਗੀ ਓਸ ਨੂੰ, ਸਮਝਣ ਮਾਵਾਂ ਤੁੱਲ।

ਆਦਰ ਵਾਂਗਰ ਵੱਡਿਆਂ, ਦੇਵਣ ਲੱਗੇ ਕੁੱਲ।

ਅਤਰੀ ਦਾ ਮਨ ਫਿਟਕਿਆ, ਗਈ ਸਿਦਕ ਤੋਂ ਡੋਲ।

ਪੂਰੇ ਹੋਏ ਗੁਰਾਂ ਦੇ, ਆਖੇ ਬਚਨ ਅਡੋਲ।

ਮੰਦਾ ਹੋਇਆ ਓਸ ਦਾ, ਪਿੱਛੋਂ ਹਸ਼ਰ ਜ਼ਰੂਰ।

ਸੁਪਨੇ ਹੋਏ ਓਸ ਦੇ, ਸਾਰੇ ਚਕਨਾ ਚੂਰ।

* ਮਾਤਾ ਜੱਸਾਂ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ। ਇਹ ਅਨੰਦ ਦੀ ਅਰਜ਼ ਸੂਬਾ ਗਿਆਨੀ ਸਿੰਘ ਨੇ ਦਮਦਮੇ ਸਾਹਿਬ ਵੈਸਾਖੀ ਤੋਂ ਮੁੜਦਿਆਂ ਕੀਤੀ ਸੀ। ਉਦੋਂ ਮਾਤਾ ਜੀ ਜੀਵਤ ਸਨ।

## ਮਾਤਾ ਜੱਸਾਂ ਜੀ ਦਾ ਭੋਗ (੧੨ ਜਨਵਰੀ ੧੯੭੧ ਈ.)

ਮਾਤਾ ਜੱਸਾਂ ਜੀ ਨੇ, ਛੱਡੇ ਜਦੋਂ ਪ੍ਰਾਣ।

ਸਾਕੇ ਬੁੱਚੜਬਧ ਦੇ, ਹੋਏ ਓਦੋਂ ਜਾਣ।

ਤਿੰਨ ਮਹੀਨੇ ਬੀਤ ਗਏ, ਏਸੇ ਵਿੱਚ ਵਿਊਹ।

ਕੀਤੀ ਸੀ ਅੰਗ੍ਰੇਜ਼ ਨੇ, ਕਾਫ਼ੀ ਖਿੱਚਾ ਧੂਹ।

ਏਸੇ ਕਰਕੇ ਗੁਰਾਂ ਨੇ, ਦਿੱਤਾ ਆਪ ਆਦੇਸ਼।

ਲਿਖ ਕੇ ਪਾਵੋ ਚਿੱਠੀਆਂ, ਅੰਦਰ ਸਾਰੇ ਦੇਸ਼।

ਮਾਘੀ ਉੱਤੇ ਪੈਣਗੇ, ਜੱਸਾਂ ਜੀ ਦੇ ਭੋਗ।

ਓਦੋਂ ਹੁੰਮ ਹੁਮਾ ਕੇ, ਆਵਣ ਸੱਭੇ ਲੋਗ।

ਦੜਪ, ਦੁਆਬਾ, ਮਾਲਵਾ, ਮਾਝਾ, ਮੈਣ ਦੁਆਬ।

ਝਟ ਪਟ ਪਾਈਆਂ ਚਿੱਠੀਆਂ, ਸਾਰੇ ਵਿੱਚ ਪੰਜਾਬ।

ਮਾਘੀ ਉੱਤੇ ਸੰਗਤਾਂ, ਆਵਣ ਘੱਤ ਵਹੀਰ।

ਖਬਰ ਸੁਣਦਿਆਂ ਸਾਰ ਸਭ, ਆਏ ਨਦੀਆਂ ਚੀਰ।

ਮਾਨ ਸਰੋਵਰ ਜਾਣ ਜਿਉਂ, ਹੰਸ ਬਣਾ ਕੇ ਡਾਰ।

ਏਦਾਂ ਕੂਕੇ ਸੋਂਹਵਦੇ, ਰਾਹਵਾਂ ਦੇ ਵਿਚਕਾਰ।

ਆਵਣ ਗੱਜਦੇ ਵੱਜਦੇ, ਹੱਲੇ ਦੇ ਦੀਵਾਨ।

ਜਾਪੇ ਅੰਮ੍ਰਿਤ ਬਰਸਦਾ, ਗੂੰਜ ਰਿਹਾ ਅਸਮਾਨ।

ਉੱਠੇ ਮਨੋਂ ਤਰੰਗ ਜਾਂ, ਲਾਵੇ ਕੋਈ ਹੇਕ।

ਜਾਵੇ ਮਨ ਤਨ ਸੋਧਦੀ, ਗੁਰਬਾਣੀ ਦੀ ਟੇਕ।

ਸਫ਼ਾਂ ਵਿਛਾਈਆਂ ਸੇਵਕਾਂ, ਸੱਜਿਆ ਆਣ ਪੰਡਾਲ।

ਬੈਠੇ ਉੱਤੇ ਆਣ ਕੇ, ਬੁੱਢੇ ਨੱਢੇ ਬਾਲ।

ਆਸਣ ਉੱਤੇ ਗੁਰੂ ਜੀ, ਹੋਏ ਬਿਰਾਜਮਾਨ।

ਬੈਠੇ ਤਖਤ ਅਯੁੱਧਿਆ, ਜਿਵੇਂ ਰਾਮ ਭਗਵਾਨ।

ਆਸੇ ਪਾਸੇ ਅਵਧ ਦੇ, ਰਿਖੀਆਂ ਦੀ ਬਰਾਤ।

ਵੇਖ ਚੌਧਵੀਂ ਰਾਤ ਦਾ, ਚੰਦਾ ਹੋਇਆ ਮਾਤ।

ਦੇਵ ਲੋਕ ਤੋਂ ਦੇਵਤੇ, ਆਏ ਕਰਨ ਦੀਦਾਰ।

ਭੁੱਲੇ ਅਲਕਾ ਪੁਰੀ ਨੂੰ, ਨੂਰੀ ਵੇਖ ਨੁਹਾਰ।

ਪੱਚੀ ਆਦਿ ਗ੍ਰੰਥ ਸਾਹਿਬ, ਕਰ ਕੱਠੇ ਪ੍ਰਕਾਸ਼।

ਭੋਗ ਪਵਾਏ ਗੁਰੂ ਜੀ, ਪਹੁੰਚੀ ਧੁਨੀ ਅਕਾਸ਼।

ਪਾਠ ਇਕੋਤਰ ਸੌ ਦੇ, ਪਾਏ ਓਥੇ ਭੋਗ।



Sri Satguru Jagjit Singh Ji eLibrary NamdhariElibrary@gmail.com

ਬੈਠੇ ਮੰਤਰ ਮੁਗਧ ਹੋ, ਸਭ ਸੰਗਤ ਦੇ ਲੋਗ।

ਮਾਤਾ ਜੱਸਾਂ ਜੀ ਦੀ, ਰੱਖੇ ਅੰਦਰ ਯਾਦ।

ਅਤੇ ਸ਼ਹੀਦਾਂ ਦੀ ਵੀ, ਕੀਤੀ ਯਾਦ ਅਬਾਦ।

ਲੰਗਰ ਦੇ ਵਿੱਚ ਪੱਕਿਆ, ਪੰਜ ਸੌ ਮਣਾ ਅਨਾਜ।

ਇਸ ਮੇਲੇ ਤੇ ਚੱਲਿਆ, ਤਿੰਨ ਦਿਨ ਧਰਮੀ ਕਾਜ।

ਸੰਗਤ ਜੁੜੀ ਅਨੰਤ  ਹੀ, ਜਾਪੇ ਇੰਜ ਮਹੌਲ।

ਤਾਰੇ ਸਾਰੇ ਧਰਤ ਤੇ, ਉੱਤਰੇ ਜਿਵੇਂ ਅਡੋਲ।

ਪਰ ਮਲੇਰਕੋਟਲੇ, ਦੇ ਸਾਕੇ ਨੂੰ ਜਾਣ।

ਸਭ ਨੂੰ ਕੀਤਾ ਹੁਕਮ ਇਹ, ਸਤਿਗੁਰ ਵਕਤ ਪਛਾਣ।

ਸਾਰੀ ਸੰਗਤ ਘਰਾਂ ਨੂੰ, ਹੋਵੇ ਤੁਰਤ ਰਵਾਨ।

ਗੋਰੇ ਸ਼ਾਹੀ ਤੁਸਾਂ ਦਾ, ਕਰੇ ਮਤੇ ਨੁਕਸਾਨ।

ਲੋਕਾਂ ਹੁਕਮ ਕਬੂਲਿਆ, ਏਨੀ ਫੁਰਤੀ ਨਾਲ।

ਵਿੱਚ ਪਲਾਂ ਦੇ ਹੋ ਗਿਆ, ਖਾਲੀ ਵੇਖ ਪੰਡਾਲ।

ਏਥੇ ਖਲਕਤ ਆਈ ਨਾ, ਹੋਵੇ ਇੰਜ ਮਾਲੂਮ।

ਜਿੱਥੇ ਪਹਿਲਾਂ ਘੜੀ ਦੋ, ਜੁੜਿਆ ਬੜਾ ਹਜੂਮ।

ਹੋਏ ਗਾਇਬ ਇਸ ਤਰ੍ਹਾਂ, ਜਿਓਂ ਰੇਤੇ ਤੇ ਨੀਰ।

ਅੱਖ ਪਲਕ ਦੇ ਵਿੱਚ ਹੀ, ਅੰਦਰ ਜਾਵੇ ਜੀਰ।

## ਕਾਂਡ - ੧੯

## ਮਲੇਰ ਕੋਟਲੇ ਦਾ ਸਾਕਾ

ਗੁਰਮੁਖ ਸਿੰਘ ਫਰਵਾਹੀ ਦਾ, ਹੈ ਸੀ ਨੰਬਰਦਾਰ।
ਮਾਘੀ ਉੱਤੇ ਆ ਰਿਹਾ, ਰਸਤੇ ਦੇ ਵਿਚਕਾਰ।
ਸੋਚੇ ਪਹਿਲਾਂ ਮਾਮਲਾ, ਵਿੱਚ ਕਚਹਿਰੀ ਤਾਰ।
ਪਿੱਛੋਂ ਭੈਣੀ ਸਾਹਿਬ ਜਾ, ਕਰਸਾਂ ਦਰਸ ਦੀਦਾਰ।
ਪਹੁੰਚਾ ਗੁਰਮੁਖ ਸਿੰਘ ਜਾਂ, ਆਣ ਕੋਟਲੇ ਗੈਲ।
ਇੱਕ ਅਰਾਈਂ ਵੇਖਿਆ, ਚੜ੍ਹਿਆ ਉੱਤੇ ਬੈਲ।
ਪਹਿਲਾਂ ਹੀ ਸੀ ਲੱਦਿਆ, ਉੱਤੇ ਵਾਹਵਾ ਭਾਰ।
ਉਸ ਦੇ ਉੱਤੇ ਆਪ ਉਹ, ਹੋ ਬੈਠਾ ਅਸਵਾਰ।
ਬੈਲ ਮਰੇੜਾ ਜਿਹਾ ਸੀ, ਲੱਤਾਂ ਤੁਰੇ ਘਸੀਟ।
ਉੱਤੇ ਬੈਠਾ ਉਹ ਜਣਾ, ਹੋ ਕੇ ਡਾਢਾ ਢੀਠ।
ਇਹ ਵੇਖ ਕੇ ਸਿੰਘ ਨੂੰ, ਆਇਆ ਬਹੁਤਾ ਸਹਿਮ।
ਆਖੇ ਬੇ-ਜ਼ੁਬਾਨ ਤੇ, ਕਰੇਂ ਕਿਉਂ ਨਾ ਰਹਿਮ?
ਪਹਿਲਾਂ ਲੱਦਿਆ ਮੂਲੀਆਂ, ਵਾਲਾ ਉੱਤੇ ਭਾਰ।
ਉੱਤੋਂ ਬੈਠਾ ਹੋ ਕੇ, ਤੂੰ ਇਸ ਤੇ ਅਸਵਾਰ।
ਬੈਲ ਨਿਮਾਣਾ ਮਰ ਗਿਆ, ਰੁਕਣਾ ਤੇਰਾ ਕਾਜ।



Sri Satguru Jagjit Singh Ji eLibrary NamdhariElibrary@gmail.com

ਉੱਤਰ ਬੇ-ਜ਼ੁਬਾਨ ਤੋਂ, ਕਰ ਕੇ ਜ਼ਰਾ ਲਿਹਾਜ।
ਅੱਗੋਂ ਕਹੇ ਕਰੂੰਜੜਾ, ਨੱਕੋਂ ਨੂੰਹੇਂ ਡੇਗ।
ਕੱਲ੍ਹ ਮਾਰ ਕੇ ਏਸ ਨੂੰ, ਰਿੰਨਾਂਗਾ ਵਿੱਚ ਦੇਗ।
ਆਖੇ ਮੇਰਾ ਬੈਲ ਹੈ, ਕਹਿ ਅਕੜਾਵੇ ਧੌਣ।
ਤੂੰ ਹੋਵੇਂ ਦੱਸ ਏਸ ਤੋਂ, ਰੋਕਣ ਵਾਲਾ ਕੌਣ।
ਏਸੇ ਗੱਲੋਂ ਹੋ ਗਈ, ਦੋਹਾਂ ਵਿੱਚ ਤਕਰਾਰ।
ਦੋਵੇਂ ਜਾਂਦੇ ਝਗੜਦੇ, ਵੜੇ ਸ਼ਹਿਰ ਵਿਚਕਾਰ।
ਬੋਲੇ ਗੁਰਮੁਖ ਸਿੰਘ ਨੂੰ, ਉਹਨੇ ਮੰਦੇ ਬੋਲ।
ਪਾਪੀ ਗਾਲ੍ਹਾਂ ਕੱਢੀਆਂ, ਵੱਡੇ ਫੱਕੜ ਤੋਲ।
ਸੁਣ ਕੇ ਮਨ ਵਿੱਚ ਸਿੱਖ ਦੇ, ਆਣ ਉਪਜਿਆ ਰੋਸ।
ਵਿੱਚ ਕਚਹਿਰੀ ਜਾ ਕੇ, ਉਸ ਕੀਤਾ ਅਫ਼ਸੋਸ।
ਐਪਰ ਉਹਦੀ ਗੱਲ ਤੇ, ਧਰੇ ਕਿਸੇ ਨਾ ਕੰਨ।
ਵੇਖੋ ਏਸੇ ਬਾਤ ਨੇ, ਕਿਹਾ ਚੜ੍ਹਾਇਆ ਚੰਨ।
ਓਧਰ ਝੱਟ ਕਰੂੰਜੜੇ, ਕੀਤੀ ਆਣ ਸ਼ਿਕਾਇਤ।
ਕੋਤਵਾਲ ਦੇ ਕੋਲ ਜਾ, ਕੀਤੀ ਜਰਾ ਨਾ ਸਾਇਤ।
ਉਹਨੇ ਕਾਜੀ ਸੱਦ ਕੇ, ਕਿਹਾ ਤਿਊੜੀ ਭੰਨ।
ਲਾਓ ਸਿਖੜੇ ਏਸ ਨੂੰ, ਹੁਣ ਸ਼ਰਾ ਦਾ ਡੰਨ।
ਕਰੀ ਹਕੂਮਤ ਵਾਲਿਆਂ, ਪਹਿਲਾਂ ਕਿਹੜੀ ਘੱਟ।

ਭਰੇ ਖੁਦੀ ਹੰਕਾਰ ਦੇ, ਵੱਡੇ ਜ਼ਹਿਰੀ ਮੱਟ।

ਸਤਿਗੁਰ ਅਰਜਣ ਦੇਵ ਨੂੰ, ਤੱਤੀ ਤਵੀ ਬੈਠਾਲ।

ਨੀਹਾਂ ਵਿੱਚ ਚਿਣਵਾ ਕੇ, ਦਸਮ ਪਿਤਾ ਦੇ ਲਾਲ।

ਤੇਗ ਬਹਾਦਰ ਸਤਿਗੁਰੂ, ਸੱਦ ਚਾਂਦਨੀ ਚੌਂਕ।

ਕੀਤੇ ਜਦੋਂ ਸ਼ਹੀਦ ਸਨ, ਗਲੇ ਪੁਆ ਕੇ ਤੌਂਕ।

ਬੰਦੇ ਦਾ ਤੁੜਵਾ ਕੇ, ਨਾਲ ਜਮੂਰਾਂ ਮਾਸ।

ਕਰਨਾ ਚਾਹਿਆ ਅਣਖ ਦਾ, ਏਹਨਾਂ ਕਿੱਦਾਂ ਨਾਸ।

ਕੀਤੇ ਹੋਰ ਬੇਅੰਤ ਹੀ, ਨੇ ਨਿਰਦੋਸ਼ ਸ਼ਹੀਦ।

ਜ਼ਾਲਮ ਕੋਲੋਂ ਰੱਖੀਏ, ਕਾਹਦੀ ਹੋਰ ਉਮੀਦ।

ਨਹੀਂ ਸੀ ਇਹਨਾਂ ਬਖਸ਼ਿਆ, ਫੱਕਰ ਵੀ ਸਰਮੱਦ।

ਨਸ਼ੇ ਹਕੂਮਤ ਦੇ ਹੜ੍ਹੇ, ਤੋੜ ਦੇਣ ਸਭ ਹੱਦ।

ਵਿੱਚ ਮਲੇਰਕੋਟਲੇ, ਵੱਸਣ ਮੁਸਲਮਾਨ।

ਵੇਖ ਰਿਆਸਤ ਆਪਣੀ, ਡਾਢੇ ਭਰੇ ਗੁਮਾਨ।

ਦੂਜਾ ਸ਼ਹਿ ਅੰਗ੍ਰੇਜ਼ ਦੀ, ਸਾਮਰਾਜ ਦੇ ਯਾਰ।

ਬੜੇ ਵਧਾਏ ਹੌਸਲੇ, ਕਰਦੇ ਉਲਟੀ ਕਾਰ।

ਇੱਕ ਬਾਂਦਰੀ ਆਖਦੇ, ਦੂਜਾ ਸੜ ਗਏ ਪੈਰ।

ਹੋਵੇ ਹੱਥੋਂ ਜ਼ਾਲਮਾਂ, ਕਦੋਂ ਕਿਸੇ ਦੀ ਖੈਰ।

ਹਮਸਾਏ ਦੀ ਭਾਵਨਾ ਦਾ, ਨਾ ਕਰਨ ਖਿਆਲ।



Sri Satguru Jagjit Singh Ji eLibrary NamdhariElibrary@gmail.com

ਉਲਟਾ ਜੀਣਾ ਓਸ ਦਾ, ਕਰਦੇ ਸਗੋਂ ਮੁਹਾਲ।

ਚਾਹੁੰਦਾ ਸੀ ਅੰਗ੍ਰੇਜ਼ ਵੀ, ਕੋਈ ਬਹਾਨਾ ਟੋਲ।

ਨਾਮਧਾਰੀਆਂ ਦੀ ਸੱਤਾ, ਘੱਟੇ ਦੇਵਾਂ ਰੋਲ।

ਰਲ ਕੇ ਚੱਲੀ ਟੋਡੀਆਂ, ਓਥੇ ਉਲਟੀ ਚਾਲ।

ਆਖਣ ਸਾਹਵੇਂ ਸਿੱਖ ਦੇ, ਕਰੀਏ ਬੈਲ ਹਲਾਲ।

ਕੂਕਾ ਹੈ ਇਹ ਏਸ ਲਈ, ਖਾ ਅਣਖ ਦੀ ਚੋਟ।

ਦੌੜੇ ਭੈਣੀ ਸਾਹਿਬ ਨੂੰ, ਲੈਣ ਗੁਰੂ ਦੀ ਓਟ।

ਪਹਿਲੇ ਕਾਂਡਾਂ ਦਾ ਹੈ, ਕੂਕਿਆਂ ਅੰਦਰ ਰੋਸ।

ਨਵਾਂ ਬਖੇੜਾ ਖੜ੍ਹਾ ਕਰ, ਹੋਰ ਚੜ੍ਹਾਓ ਜੋਸ਼।

ਬਲਦੀ ਉੱਤੇ ਪਾ ਦਿਓ, ਛੇਤੀ ਛੇਤੀ ਤੇਲ।

ਮਿਲੇ ਬਹਾਨਾ ਅਸਾਂ ਨੂੰ, ਫੇਰ ਬਣਾਈਏ ਰੇਲ।

ਗੁਰਮੁਖ ਸਿੰਘ ਨੂੰ ਪਕੜ ਕੇ, ਉਹਨਾਂ ਨੇ ਤਤਕਾਲ।

ਕੀਤਾ ਉਹਦੇ ਸਾਹਮਣੇ, ਓਥੇ ਬੈਲ ਹਲਾਲ।

ਪਿੱਛੋਂ ਧੱਕੇ ਮਾਰ ਕੇ, ਦਿੱਤਾ ਉਹਨੂੰ ਕੱਢ।

ਧਰਮ, ਨਿਆਂ, ਇਖਲਾਕ ਦਾ, ਫਸਤਾ ਦਿੱਤਾ ਵੱਢ।

ਵੇਖ ਸਿੱਖ ਦੀ ਆਤਮਾ, ਹੋਈ ਲੀਰੋ ਲੀਰ।

ਇੱਜ਼ਤ ਧਰਮ ਗਵਾਚਿਆ, ਅੱਖੋਂ ਡੋਹਲੇ ਨੀਰ।

ਐਸਾ ਆਵੇ ਵਕਤ ਜੇ, ਅਣਖੀ ਮਰਦ ਜਵਾਨ।

ਅਣਖ ਬਚਾਵਣ ਵਾਸਤੇ, ਸਦਾ ਹੋਣ ਕੁਰਬਾਨ।

## ਗੁਰਮੁਖ ਸਿੰਘ ਦਾ ਭੈਣੀ ਸਾਹਿਬ ਪਹੁੰਚ ਕੇ ਸ਼ਹੀਦੀ ਜਥੇ ਨੂੰ ਹਾਲ ਦੱਸਣਾ

ਸੱਟ ਅਣਖ ਤੇ ਖਾ ਕੇ, ਤੁਰਿਆ ਵਾਂਗਰ ਤੀਰ।
ਦੱਸੀ ਸਾਰੀ ਵਾਰਤਾ, ਭੈਣੀ ਪਹੁੰਚ ਅਖੀਰ।
ਇਹ ਸੁਣ ਕੇ ਮਸਤਾਨਿਆਂ, ਅੰਦਰ ਆਇਆ ਰੋਸ।
ਲੋਹੇ ਲਾਖੇ ਹੋ ਗਏ, ਏਨਾਂ ਚੜ੍ਹਿਆ ਜੋਸ਼।
ਪਹਿਲਾਂ ਹੀ ਸੀ ਰੋਸ ਦੀ, ਅੰਦਰ ਬਲਦੀ ਲਾਟ।
ਰਤਨ, ਗਿਆਨੀ ਸਿੰਘ ਦੀ, ਕਰੇ ਸ਼ਹਾਦਤ ਕਾਟ।
ਕੂਕੇ ਸਿੰਘਾਂ ਨੂੰ ਸਜ਼ਾ, ਜੋ ਦਿੱਤੀ ਸਰਕਾਰ।
ਭਖਦੇ ਅੰਦਰ ਮਨਾਂ ਦੇ, ਗੁੱਸੇ ਦੇ ਅੰਗਿਆਰ।
ਗੁਰਮੁਖ ਸਿੰਘ ਨੇ ਆਣ ਕੇ, ਉੱਤੇ ਪਾਇਆ ਤੇਲ।
ਭਾਂਬੜ ਮੱਚੇ ਰੋਹ ਦੇ, ਗਿਆ ਵਿਗੜਦਾ ਖੇਲ।
ਆਣ ਸ਼ਹੀਦੀ ਜਥੇ ਤੇ, ਚੜ੍ਹਿਆ ਕਹਿਰ ਅਪਾਰ।
ਮਰ ਜਾਈਏ ਜਾਂ ਮਾਰੀਏ, ਇੱਕੋ ਦਿਸੇ ਅਧਾਰ।
ਬੈਠੇ ਮਸਲਤ ਜੋੜਦੇ, ਬੁੰਗੇ ਆਣ ਅਕਾਲ।
ਗੁੱਸੇ ਅੰਦਰ ਆਖਦੇ, ਕਰ ਕੇ ਚਿਹਰੇ ਲਾਲ।

ਹੁਣੇ ਸੋਧੀਏ ਜਾ ਕੇ, ਜ਼ਾਲਮ ਤੁਰਕ ਮਲੇਸ਼।

ਦੇਂਦੇ ਗਊ ਗਰੀਬ ਨੂੰ, ਜਿਹੜੇ ਕਸ਼ਟ ਹਮੇਸ਼।

ਹੋਏ ਇਕੱਠੇ ਓਸ ਥਾਂ, ਵੀਹਾਂ ਸੱਤ ਵਿਸ਼ੇਸ਼।

ਜਿਨ੍ਹਾਂ ਅੰਦਰ ਉਪਜਿਆ, ਵੱਡਾ ਜਾਣ ਕਲੇਸ਼।

ਇੰਦ ਕੌਰ ਤੇ ਖੇਮ ਕੌਰ, ਦੋ ਮਾਤਾਵਾਂ ਨਾਲ।

ਆਈਆਂ ਅੰਦਰ ਰੋਹ ਦੇ, ਚਿਹਰੇ ਕਰਕੇ ਲਾਲ।

ਦੋਵਾਂ ਮਾਈਆਂ ਧਾਰਿਆ, ਰਣ ਚੰਡੀ ਦਾ ਰੂਪ।

ਤੁਰੀਆਂ ਨਾਮਧਾਰਨਾਂ, ਕਾਰਜ ਕਰਨ ਅਨੂਪ।

ਇੰਦ ਕੌਰ ਨੇ ਉੱਠ ਕੇ, ਪੱਲੂ ਦਿੱਤਾ ਫੇਰ।

ਧਰਮ ਜਹਾਜ਼ ਤਿਆਰ ਹੈ, ਆਓ ਕਰੋ ਨਾ ਦੇਰ।

## ਮਾਈ ਇੰਦ ਕੌਰ ਦੀ ਤਕਰੀਰ

ਫੜ ਧੁਜਾ ਬਗਾਵਤ ਇੰਦ ਕੌਰ ਹੰਡਿਆਏ ਵਾਲੀ।

ਜਾ ਨਿਕਲੀ  ਅੱਗੇ ਜਥੇ ਦੇ ਮੁੱਖ ਛਬੀ ਨਿਰਾਲੀ।

ਉਹ ਸ਼ੀਹਣੀ ਦੇਸ਼ ਪੰਜਾਬ ਦੀ ਗੈਰਤ ਰਖਵਾਲੀ।

ਉਹ ਕੜਕੀ ਵਾਂਗਰ ਦਾਮਨੀ ਹੋ ਜਰਾ ਸਵਾਲੀ।

ਉਹ ਵੱਸੀ ਜਿੱਦਾਂ ਵੱਸਦੀ ਸਾਵਣ ਘਟ ਕਾਲੀ।

ਉਸ ਕਰ ਕੇ ਉੱਚੀ ਭੁਜਾ ਨੂੰ ਉਹ ਧੁਜਾ ਵਖਾਲੀ।



Sri Satguru Jagjit Singh Ji eLibrary NamdhariElibrary@gmail.com

ਜੋ ਧਰਮ ਯੁੱਧ ਦੇ ਵਾਸਤੇ ਹੱਥ ਓਸ ਸੰਭਾਲੀ।

ਉਹਦੇ ਨੈਣੀ ਲਾਟਾਂ ਬਲਦੀਆਂ ਚਿਹਰੇ ਭਾ ਲਾਲੀ।

ਉਸ ਸਿਰ ਤੇ ਕਫ਼ਣ ਬੰਨ੍ਹਿਆਂ ਵਡ ਜਿਗਰੇ ਵਾਲੀ।

ਜੋ ਵੇਖਣ ਨੂੰ ਸੀ ਜਾਪਦੀ ਕੋਮਲ ਜਿਹੀ ਡਾਲੀ।

ਹੁਣ ਬਣ ਕੇ ਖੜ੍ਹੀ ਫੌਲਾਦ ਉਹ ਸੱਚ ਸੱਚੇ ਢਾਲੀ।

ਉਸ ਭੁਜਾ ਉਠਾ ਕੇ ਆਖਿਆ ਸਿੰਘੋ ਸਰਦਾਰੋ।

ਵੇ ਵੇਲਾ ਜੇ ਅੱਜ ਜਾ ਕੇ ਵੈਰੀ ਲਲਕਾਰੋ।

ਰੱਖ ਸੀਸ ਤਲੀ ਤੇ ਗਊਆਂ ਦੇ ਜਾ ਕਸ਼ਟ ਨਿਵਾਰੋ।

ਤੇ ਬਦਲਾ ਗਿਆਨੀ ਸਿੰਘ ਦਾ ਵੀ ਸਿਰੋਂ ਉਤਾਰੋ।

ਹੁਣ ਪਾਈਏ ਚੱਲ ਸ਼ਹੀਦੀਆਂ ਨਾ ਬਾਤ ਨਕਾਰੋ।

ਵੇ ਖ਼ੂਨ ਡੋਹਲ ਕੇ ਹਿੱਕੜੀ ਧਰਤੀ ਦੀ ਠਾਰੋ।

ਗੁਰਮੁਖ ਸਿੰਘ ਦੇ ਬੇਨਤੀ ਹੁਣ ਕਿਵੇਂ ਸਹਾਰੋ।

ਉੱਨੀਆਂ ਦੀ ਇੱਕੀ ਪਾ ਦਿਓ ਨਾ ਵਕਤ ਵੀਚਾਰੋ।

ਵੇ ਦੱਸਿਆ ਦਸਵੇਂ ਪਾਤਸ਼ਾਹ ਰਸਤਾ ਕੁਰਬਾਨੀ।

ਜਦ ਜ਼ੁਲਮ ਬਰੂਹਾਂ ਟੱਪਦਾ ਹੈ ਜਾਇਜ਼ ਜ਼ਮਾਨੀ।

ਫਿਰ ਪਾਉਣਾ ਹੱਥ ਤਲਵਾਰ ਨੂੰ ਹੈ ਧਰਮ ਨਿਸ਼ਾਨੀ।

ਮਨ ਆਈਆਂ ਕਰਦਾ ਹੁਕਮਰਾਨ ਹੋ ਗਰਭ ਗੁਮਾਨੀ।

ਮੂੰਹ ਫੇਰ ਓਸ ਦਾ ਭੰਨਣਾ ਹੈ ਕਾਜ ਲਾਸਾਨੀ।

ਵੇ ਆਓ ਨਿੱਤਰੋ ਸੂਰਮੇ ਹੱਥ ਪਕੜ ਭਵਾਨੀ।

ਅੱਜ ਭਾਰਤ ਅੰਦਰ ਤੁਸਾਂ ਦਾ ਨਾ ਕੋਈ ਸਾਨੀ।

ਇਹ ਚਾਰ ਦਿਨਾਂ ਦੀ ਜ਼ਿੰਦਗੀ ਜੱਗ ਸਮਝੋ ਫਾਨੀ।

ਹੈ ਇੱਕ ਦਿਨ ਮਰਨਾ ਸਭਸ ਨੇ ਜੀਵਨ ਘਟ ਪਾਨੀ।

ਜਾ ਮਜ਼ਾ ਚਖਾਈਏ ਧਰਮ ਦੀ ਜੋ ਕਰਦੇ ਹਾਨੀ।

ਤੇ ਯਾਦ ਕਰਾਈਏ ਓਸ ਨੂੰ ਜਾ ਜਲਦੀ ਨਾਨੀ।

ਜੇ ਅੰਦਰ ਤਾਪ ਸਰਾਪ ਦੇ ਮਰ ਜਾਏ ਜਵਾਨੀ।

ਫਿਰ ਪੈਣਾ ਨਹੀਂ ਜੇ ਕਿਸੇ ਦਾ ਮੁੱਲ ਇੱਕ ਦੁਆਨੀ।

ਤੁਸੀਂ ਤੇਗ ਬਹਾਦਰ ਗੁਰੂ ਦੇ ਦਰ ਤੋਂ ਵਰੋਸਾਏ।

ਸਿਰ ਦਈਏ ਜਿਸ ਨੇ ਆਖਿਆ ਪਰ ਸਿਰੜ ਨਾ ਜਾਏ।

ਫਿਰ ਬਾਜਾਂ ਵਾਲੇ ਗਿੱਦੜੋਂ ਆ ਸ਼ੇਰ ਬਣਾਏ।

ਜਿਸ ਦਿੱਤਾ ਦੇਸ਼ ਧਰਮ ਤੋਂ ਸਰਬੰਸ ਲੁਟਾਏ।

ਤੇ ਸਵਾ ਲੱਖ ਦੇ ਨਾਲ ਜੋ ਇੱਕ ਸਿੰਘ ਲੜਾਏ।

ਹੋ ਤੁਸੀਂ ਬਹਾਦਰ ਸੀਹਣੀਆਂ ਮਾਵਾਂ ਦੇ ਜਾਏ।

ਤੁਮ ਸੂਰਮਿਆਂ ਦੀ ਅੰਸ਼ ਹੋ ਜਿਨ੍ਹਾਂ ਜ਼ੁਲਮ ਹਟਾਏ।



Sri Satguru Jagjit Singh Ji eLibrary NamdhariElibrary@gmail.com

ਚੜ੍ਹ ਜਿਨ੍ਹਾਂ ਉੱਤੇ ਚਰਖੜੀ ਤਨ ਕਦੇ ਪਿੰਜਾਏ।

ਤੇ ਦੇਸ਼ ਧਰਮ ਦੇ ਵਾਸਤੇ ਬੰਦ ਬੰਦ ਕਟਾਏ।

ਸਿਰ ਧਰਕੇ ਉੱਤੇ ਤਲੀ ਦੇ ਜੋ ਲੜਦੇ ਆਏ।

ਧਰ ਨਾਲ ਆਰਿਆਂ ਧੜ ਸੀ ਜਿਨ੍ਹਾਂ ਚਿਰਵਾਏ।

ਜਦ ਮਾਸ ਜੰਬੂਰਾਂ ਤੋੜਿਆ ਨਾ ਕੀਤੀ ਹਾਏ।

ਜੋ ਵੱਢੇ ਮਨੂ ਦਾਤਰੀ ਫਿਰ ਹੋਏ ਸਵਾਏ।

ਬੇਦਾਵੇ ਸਨ ਜਿਨ੍ਹਾਂ ਨੇ ਸਿਰ ਦੇ ਪੜਵਾਏ।

ਬਹਿ ਉਬਲਦੀ ਵਿੱਚ ਦੇਗ ਦੇ ਜੋ ਨਾ ਘਬਰਾਏ।

ਹੋ ਫੌਜ ਤੁਸੀਂ ਰਣਜੀਤ ਦੀ ਜਿਸ ਖਾਨ ਨਿਵਾਏ।

ਤੁਸੀਂ ਭਾਈ ਨਲੂਏ ਸ਼ੇਰ ਦੇ ਜਿਸ ਧਾਂਕ ਜਮਾਏ।

ਜਾ ਕਾਬਲ ਅਤੇ ਕੰਧਾਰ ਦੇ ਵਿੱਚ ਪਿੱਟਣੇ ਪਾਏ।

ਹੁਣ ਹੱਸ ਹੱਸ ਰੱਸੇ ਫਾਂਸੀਆਂ ਆਪੇ ਗਲ ਪਾਏ।

ਉਏ ਚਲੋ ਵਿਰਾਸਤ ਸਾਂਭ ਲਓ ਨਾ ਐਵੇਂ ਜਾਏ।

ਵੇ ਜੀਣ ਗ਼ੁਲਾਮੀ ਜੀਣ ਤੋਂ ਹੈ ਮਰਨ ਚੰਗੇਰਾ।

ਅੱਜ ਖ਼ੂਨ ਡੋਹਲ ਕੇ ਚੁੱਕਣਾ ਜ਼ਾਲਮ ਦਾ ਡੇਰਾ।

ਸਿਰ ਦਿੱਤਿਆਂ ਬਾਝ ਨਾ ਹੋਵਣਾ ਇਹ ਕਾਜ ਵਡੇਰਾ।

ਹੁਣ ਰਹਿਣ ਨਾ ਦੇਣਾ ਹਿੰਦ ਵਿੱਚ ਗੋਰੇ ਦਾ ਡੇਰਾ।

ਪੀ ਅੰਮ੍ਰਿਤ ਖੰਡੇ ਧਾਰ ਦਾ ਉੱਠ ਸੁੱਤਿਆ ਸ਼ੇਰਾ।

ਵੇ ਤੇਰੇ ਉੱਤੇ ਵਤਨ ਨੂੰ ਹੈ ਮਾਣ ਵਧੇਰਾ।

ਹੁਣ ਢਾਹ ਢਾਹ ਬਹੀਂ ਨਾ ਢੇਰੀਆਂ ਕਰ ਵੱਡਾ ਜੇਰਾ।

ਤੂੰ ਤਨ ਦੀ ਚਰਬੀ ਬਾਲ ਕੇ ਕਰ ਦੂਰ ਹਨੇਰਾ।

ਹੁਣ ਘੜਣੀ ਕਿਸਮਤ ਵਤਨ ਦੀ ਬਣ ਆਪ ਠਠੇਰਾ।

ਵੇ ਜਲਦੀ ਆਓ ਕਰੋ ਨਾ ਹੁਣ ਹੋਰ ਅਵੇਰਾ।

ਵੇ ਰਾਜੇ ਪਾਪੀ ਹੋ ਗਏ ਸਾਰੇ ਦੇ ਸਾਰੇ।

ਨਿੱਤ ਹਰਮ ਸੁਆਰਨ ਆਪਣੇ ਗੁਰਧਾਮ ਵਿਸਾਰੇ।

ਤੱਕ ਹਾਨੀ ਹੁੰਦੀ ਧਰਮ ਦੀ ਨਾ ਕਰਦੇ ਚਾਰੇ।

ਨੇ ਇਹਨਾਂ ਨੂੰ ਤਾਂ ਆਪਣੇ ਬੱਸ ਰਾਜ ਪਿਆਰੇ।

ਵੇ ਆਗੂ ਹੋਏ ਧਰਮ ਦੇ ਵਿਭਚਾਰੀ ਭਾਰੇ।

ਤੱਕ ਅਣਖ ਆਬਰੂ ਦਿਲਾਂ ’ਚੋਂ ਕਰ ਗਈ ਕਿਨਾਰੇ।

ਸਭ ਮਿੱਤਰ ਪੈਸੇ ਦੇ ਨੇ ਲਾਲਚ ਦੇ ਮਾਰੇ।

ਉਹਨਾਂ ਬਾਜਾਂ ਵਾਲੇ ਗੁਰਾਂ ਦੇ ਉਪਦੇਸ਼ ਨਿਕਾਰੇ।

ਹੁਣ ਟੋਪੀ ਵਾਲਾ ਸਿੱਖ ਕਹਿ ਜਾਵਣ ਬਲਿਹਾਰੇ।

ਜੁੱਗ ਰਾਜ ਸਵਾਇਆ ਏਸ ਦਾ ਬਹਿ ਨਾਹਰੇ ਮਾਰੇ।

ਹੁਣ ਸਿੱਖ ਲਿਆ ਹੈ ਜ਼ੁਲਮ ਨੂੰ ਇਹਨਾਂ ਨੇ ਸਹਿਣਾ।

ਗਲ ਤੌਂਕ ਗ਼ੁਲਾਮੀ ਸਮਝ ਕੇ ਇਹ ਬਹਿ ਗਏ ਗਹਿਣਾ।

ਸਭ ਭੁੱਲ ਗਏ ਨੇ ਜ਼ੁਲਮ ਦੇ ਸੰਗ ਲੜਨਾ ਖਹਿਣਾ।

ਬੱਸ ਵਾਂਗ ਸਹੇ ਦੇ ਸਿਖਿਆ ਤੱਕ ਬਿੱਲਾ ਸ਼ਹਿਣਾ।

ਇਹ ਕੰਡ ਲਗਾਉਣਾ ਭੁੱਲ ਗਏ ਹੁਣ ਸਿਖਿਆ ਢਹਿਣਾ।

ਇਹ ਉੱਚ ਸਵੈਮਾਨ ਦਾ ਭੁੱਲ ਬੈਠੇ ਮਹਿਣਾ।

ਵੇ ਆਇਆ ਕੈਸਾ ਹਿੰਦ ਤੇ ਇਹ ਸਮਾਂ ਕੁਲਹਿਣਾ।

ਸਿਰ ਦਿੱਤਿਆਂ ਬਾਝੋਂ ਦਾਗ ਨਾ ਹੁਣ ਮੱਥਿਓਂ ਲਹਿਣਾ।

ਅੱਜ ਵੇਖੋ ਆਣ ਵਿਦੇਸ਼ੀਆਂ ਨੇ ਲੁੱਟ ਮਚਾਈ।

ਲੈ ਚੱਲੇ ਇੰਗਲਸਤਾਨ ਨੂੰ ਖੋਹ ਪਾਈ ਪਾਈ।

ਉਸ ਬੁੱਚੜ ਖਾਨੇ ਖੋਹਲ ਕੇ ਹਿੰਦ ਕੌਮ ਸਤਾਈ।

ਨਾ ਉਸ ਦੇ ਦਿਲ ਵਿੱਚ ਰਹਿਮ ਹੈ ਜਨਤਾ ਦਾ ਰਾਈ।

ਨਿੱਤ ਪਾਟਕ ਪਾ ਪਾ ਕੇ ਭਾਈ ਤੋਂ ਮਰਵਾਵੇ ਭਾਈ।

ਉਸ ਹਮਸਾਇਆਂ ਦੇ ਦਿਲਾਂ ਵਿੱਚ ਆ ਪਾਈ ਖਾਈ।

ਉਸ ਗੈਰਤ ਸੀਖੇ ਚਾੜ੍ਹ ਕੇ ਹੁਣ ਡਾਢੀ ਤਾਈ।

ਹੁਣ ਪਿੱਛੇ ਪੈਰ ਨਾ ਰੱਖਣਾ ਜਦ ਗੈਰਤ ਆਈ।

ਸਭ ਆਖਣ ਲੋਕ ਲੜਾਈ ਦੇ ਫੱਟ ਹੁੰਦੇ ਢਾਈ।



. Sri Satguru Jagjit Singh Ji eLibrary NamdhariElibrary@gmail.com .

ਇੱਕ ਮਰ ਜਾਈਏ ਇੱਕ ਮਾਰੀਏ ਇੱਕ ਦਏ ਨਸਾਈ।

ਅੱਜ ਬੁੱਚੜਾਂ ਤਾਈਂ ਦੇਂਵਦੀ ਸ਼ਹਿ ਗੋਰਾ ਸ਼ਾਹੀ।

ਵੇ ਤਾਹੀਓਂ ਥਾਂ ਥਾਂ ਭੂਤਰੇ ਅੱਜ ਫਿਰਨ ਕਸਾਈ।

ਕੱਲ ਵਿੱਚ ਕੋਟਲੇ ਬੁੱਚੜਾਂ ਤਾਂ ਹੱਦ ਮੁਕਾਈ।

ਉਹ ਰਾਮ ਗਊਆਂ ਦੇ ਵੱਗ ਦੀ ਕਰ ਗਏ ਸਫ਼ਾਈ।

ਇਹ ਇੱਜ਼ਤ ਗੁਰਮੁਖ ਸਿੰਘ ਦੀ ਨਾ ਸਮਝੋ ਲਾਹੀ।

ਹੈ ਸਾਰੀ ਸਾਡੀ ਕੌਮ ਨੂੰ ਇੰਜ ਚੋਂਭੜ ਲਾਈ।

ਧਰਮ ਜਹਾਜ਼ ਤਿਆਰ ਹੈ ਜਿਸ ਚੜ੍ਹਨਾ ਭਾਈ।

ਆਵੋ ਟਿਕਟ ਕਟਾ ਲਵੋ ਨਾ ਕਰੋ ਢਿਲਾਈ।

ਉਸ ਸ਼ੀਹਣੀ ਵਾਂਗੂ ਗਰਜਕੇ ਜਦ ਬਾਤ ਸੁਣਾਈ।

ਆ ਭਾਂਬੜ ਮੱਚੇ 'ਬਾਜਵਾ' ਹੋ ਅਣਖ ਸਵਾਈ।

---o---

ਮਾਈ ਇੰਦ ਕੌਰ ਨੇ, ਬਿਨ ਕੀਤੇ ਕੁਝ ਦੇਰ।

ਕੋਠੇ ਚੜ੍ਹਕੇ ਪਲਾਂ ਵਿੱਚ, ਪੱਲੂ ਦਿੱਤਾ ਫੇਰ।

ਧਰਮ ਜਹਾਜ਼ ਤਿਆਰ ਹੈ, ਆਖੇ ਕਰੋ ਨਾ ਦੇਰ।

ਐਹੋ ਜਿਹਾ ਸੁਭਾਗੜਾ, ਸਮਾਂ ਨਾ ਮਿਲਣਾ ਫੇਰ।

ਆਓ ਲਾਈਏ ਖਾਲਸਾ, ਸੀਸ ਧਰਮ ਦੇ ਹੇਤ।



. Sri Satguru Jagjit Singh Ji eLibrary NamdhariElibrary@gmail.com .

ਜ਼ਾਲਮ ਤਾਈਂ ਵੰਗਾਰ ਕੇ, ਜਾ ਲੜੀਏ ਰਣ ਖੇਤ।

ਸਾਨੂੰ ਪਾਈ ਪਾਪੀਆਂ, ਜਾਣੋ ਅੱਜ ਵੰਗਾਰ।

ਆਓ ਜਾ ਕੇ ਖਾਲਸਾ, ਦਈਏ ਭੁਗਤ ਸਵਾਰ।

ਦੇਣੇ ਗਊ ਗਰੀਬ ਹਿਤ, ਜਿਸ ਜਿਸ ਨੇ ਵੀ ਸੀਸ।

ਆਓ ਸਿੰਘੋ ਤਾਰੀਏ, ਕਲਗੀਧਰ ਦੀ ਫੀਸ।

ਸੁਣ ਦਾਨੇ ਮਸਤਾਨੜੇ, ਆਏ ਛਾਲਾਂ ਮਾਰ।

ਕੰਨੀਂ ਪਈ ਵਲੇਲ ਜਾਂ, ਖੜਕੀ ਅਣਖੀ ਤਾਰ।

ਮਨ ਦੇ ਅੰਦਰ ਅਣਖ ਨੂੰ, ਚੜ੍ਹਿਆ ਆਣ ਜਵਾਰ।

ਸੁਣ ਕੇ ਆਉਂਦੇ ਉੱਡਦੇ, ਉੱਚੀ ਫਤਹਿ ਗੁਜ਼ਾਰ।

ਹੋਈ ਢਾਈ ਸੌ ਦੀ, ਗਿਣਤੀ ਓਥੇ ਝੱਟ।

ਸਾਰੇ ਵਧ ਵਧ ਆਂਵਦੇ, ਕੌਣ ਕਿਸੇ ਤੋਂ ਘੱਟ।

---o---

ਆਈ ਤੇਰਾਂ ਜਨਵਰੀ, ਸਰਫਰਾਜ਼ ਖਾਨ।

ਝੱਟ ਕਮਿਸ਼ਨਰ ਡਿਪਟੀ, ਪਹੁੰਚਾ ਭੈਣੀ ਆਣ।

ਨਿਗਰਾਨੀ ਦੇ ਵਾਸਤੇ, ਨਾਲ ਸਿਪਾਹੀ ਪੰਜ।

ਵੇਖੀ ਮੌਤ ਵਿਆਹੁਣ ਨੂੰ, ਚੜ੍ਹਦੀ ਉਹਨੇ ਜੰਜ।

ਬੋਲ ਰਹੇ ਸਰਕਾਰ ਦੇ, ਕੂਕੇ ਕਈ ਖਿਲਾਫ਼।

ਮਰਨ ਮਾਰਨ ਤੇ ਆਮਦਾ, ਇਹ ਗੱਲ ਦਿਸਦੀ ਸਾਫ਼।

ਉਹਨੇ ਸਤਿਗੁਰ ਜੀ ਦੇ, ਜਾ ਕੇ ਝਟਪਟ ਕੋਲ।

ਰੋਕੋ ਬਾਗੀ ਕੂਕਿਆਂ, ਆਖਣ ਲੱਗਾ ਬੋਲ।

ਜੇ ਬਗਾਵਤ ਕਰਨ ਤੇ, ਲਾਈ ਤੁਸਾਂ ਨਾ ਚਾਪ।

ਝੱਲਣਾ ਪੈਣਾ ਤੁਸਾਂ ਨੂੰ, ਵੀ ਇਹਦਾ ਸੰਤਾਪ।

ਸੂਬਾ ਲੱਖਾ ਸਿੰਘ ਨੂੰ, ਕਿਹਾ ਗੁਰਾਂ ਨੇ ਸੱਦ।

ਆਖਣ ਜਾ ਕਰਵਾ ਦਿਓ, ਸਾਰੀ ਮਸਲਤ ਰੱਦ।

ਲੱਖਾ ਸਿੰਘ ਨੇ ਜਾ ਕੇ, ਲਾਈ ਸਾਰੀ ਵਾਹ।

ਦਿੱਤਾ ਨਾ ਮਸਤਾਨਿਆ, ਐਪਰ ਕੋਈ ਰਾਹ।

ਆਖੇ ਕਾਹਲੀ ਕਰੋ ਨਾ, ਰੁਕੋ ਤੁਸੀਂ ਕੁਝ ਦੇਰ।

ਸਤਿਗੁਰ ਜੀ ਦੇ ਮਿਸ਼ਨ ਵਿੱਚ, ਪਾਵੋ ਨਹੀਂ ਖਲ੍ਹੇਰ।

ਉਹਨਾਂ ਦਾ ਇਹ ਹੁਕਮ ਹੈ, ਮੰਨ ਲਵੋ ਇਹ ਬਾਤ।

ਬਦਲ ਲਵੋ ਮਨ ਆਪਣਾ, ਅਜੇ ਵਕਤ ਨਾ ਸਾਤ।

ਐਪਰ ਸੀ ਮਸਤਾਨਿਆਂ, ਚੜ੍ਹਿਆ ਰੋਹ ਅਪਾਰ।

ਮੰਨੀ ਉਹਨਾਂ ਇੱਕ ਨਾ, ਬਦਲੇ ਨਹੀਂ ਵੀਚਾਰ।

ਨਹੀਂ ਇਰਾਦਾ ਬਦਲਿਆ, ਮੱਠਾ ਪਿਆ ਨਾ ਜੋਸ਼।

ਉੱਚੀ ਨਾਅਰੇ ਮਾਰਦੇ, ਕਰਨ ਪਏ ਜੈ ਘੋਸ਼।

ਸੂਬਾ ਲੱਖਾ ਸਿੰਘ ਨੇ, ਸਤਿਗੁਰ ਜੀ ਨੂੰ ਆਣ।



Sri Satguru Jagjit Singh Ji eLibrary NamdhariElibrary@gmail.com

ਦੱਸੀ ਸਾਰੀ ਵਾਰਤਾ, ਜਿੰਨੀ ਊਚ ਨਿਵਾਣ।

## ਸਤਿਗੁਰ ਜੀ ਨੇ ਅਕਾਲ ਬੁੰਗੇ ਜਾਣਾ

ਇਹ ਸੁਣ ਸਤਿਗੁਰ ਆਪ ਚੱਲ, ਬੁੰਗੇ ਗਏ ਅਕਾਲ।

ਕੀਤੀ ਜਾ ਕੇ ਵਾਰਤਾ, ਜਥੇ ਸ਼ਹੀਦੀ ਨਾਲ।

ਆਖਣ ਲੱਗੇ ਸੂਰਿਓ, ਸੁਣਿਓਂ ਨਾਲ ਧਿਆਨ।

ਥੋੜ੍ਹੇ ਹੀ ਦਿਨ ਹੋਰ ਜੇ, ਤੁਸੀਂ ਕਰੋ ਗੁਜ਼ਾਰਨ।

ਕਰਨਾ ਚਾਹੁੰਦੇ ਕਾਜ ਜੋ, ਹੱਥੀਂ ਤੇਗ ਸੰਭਾਲ।

ਹੋ ਜਾਵੇਗਾ ਖਾਲਸਾ, ਕੇਵਲ ਮਾਲਾ ਨਾਲ।

ਸ਼ਾਂਤੀ ਕਰਕੇ ਹੋਰ ਕੁਝ, ਲਈਏ ਵਕਤ ਗੁਜ਼ਾਰ।

ਆਖਣ ਲੱਗੇ ਅਜੇ ਨਾ, ਵੇਲਾ ਸੂਤਰਧਾਰ।

ਏਹੋ ਮਿਸ਼ਨ ਅਸਾਡੜਾ, ਬਾਤ ਨਹੀਂ ਕੁਝ ਹੋਰ।

ਐਪਰ ਰਸਤੇ ਸਾਫ਼ ਨਾ, ਅਜੇ ਤੁਰਨ ਲਈ ਤੋਰ।

ਅਜੇ ਪਨੀਰੀ ਨਹੀਂ ਹੈ, ਪੂਰੀ ਹੋਈ ਤਿਆਰ।

ਪੂਰਾ ਅੰਦਰ ਦੇਸ਼ ਦੇ, ਬਣਿਆ ਨਹੀਂ ਅਧਾਰ।

ਅਜੇ ਨਾ ਸਾਡੇ ਆਪਣੇ, ਸਾਰੇ ਸਾਡੇ ਨਾਲ।

ਲੱਗਿਆ ਨਹੀਂ ਫਰੰਗੀਆਂ, ਅਜੇ ਵਿਰੋਧ ਜੰਗਾਲ।

ਤਖਤੇ ਪਲਟ ਨਾ ਸੱਕਦਾ, ਓਨਾਂ ਚਿਰ ਇਹ ਯੁੱਧ।

ਜਿੰਨਾਂ ਚਿਰ ਨਾ ਮਨਾਂ ਤੋਂ, ਜਨਤਾ ਹੋਏ ਵਿਰੁੱਧ।

ਮਿੱਠੀ ਲੋਰੀ ਦੇ ਕੇ, ਲੋਕਾਂ ਨੂੰ ਅੰਗ੍ਰੇਜ਼।

ਥਾਪੜ ਰਹੇ ਸੁਆ ਨੇ, ਸਾਮਰਾਜ ਦੀ ਸੇਜ।

ਹੈ ਸ਼ਾਤਰ ਅੰਗ੍ਰੇਜ਼ ਬਹੁ, ਚੱਲੇ ਚਾਲ ਕੁਚਾਲ।

ਉਹਨੂੰ ਡਾਢੀ ਖਾਰ ਹੈ, ਨਾਮਧਾਰੀਆਂ ਨਾਲ।

ਪੱਤਾ ਪੱਤਾ ਪੰਥ ਦਾ, ਦੁਸ਼ਮਣ ਹੋਇਆ ਅੱਜ।

ਫਿਰੇ ਫਿਰੰਗੀ ਲੱਭਦਾ, ਸਾਡੀ ਖਾਤਰ ਪੱਜ।

ਡਰਦਾ ਹੈ ਖੋਹ ਲੈਣਗੇ, ਨਾਮਧਾਰੀਏ ਰਾਜ।

ਜੇ ਇਹਨਾਂ ਦਾ ਇਸ ਤਰ੍ਹਾਂ, ਵਧਦਾ ਗਿਆ ਮੁਹਾਜ।

ਰਾਜੇ ਦੀ ਨਾ ਹੋਂਵਦੀ, ਬਾਗੀ ਨੂੰ ਪ੍ਰਵਾਹ।

ਜੇਕਰ ਜਨਤਾ ਓਸ ਤੇ, ਪੂਰਾ ਕਰੇ ਵਸਾਹ।

ਭਾਵੇਂ ਸਾਡੇ ਹੋਣ ਨਾ, ਸਾਥੀ ਕਦੇ ਅਮੀਰ।

ਨਾਲ ਗਰੀਬਾਂ ਅਜੇ ਵੀ, ਪੂਰਾ ਪਿਆ ਨਾ ਸੀਰ।

ਜਦ ਆਵੇਗੀ ਚੇਤਨਾ, ਸਾਰੇ ਭਾਰਤ ਵਿੱਚ।

ਹੋ ਜਾਵੇ ਅੰਗ੍ਰੇਜ਼ ਵੀ, ਫੇਰ ਜਾਣ ਲਈ ਜਿੱਚ।

ਇਸ ਲਈ ਕਾਹਲੀ ਨਾ, ਕਰੋ ਮੰਨੋ ਮੇਰੀ ਬਾਤ।

ਛੇਤੀ ਹੀ ਦੇ ਦਿਆਂਗੇ, ਸਾਮਰਾਜ ਨੂੰ ਮਾਤ।

ਇਹ ਗੋਰੀ ਸਰਕਾਰ ਤਾਂ, ਲੱਭਦੀ ਫਿਰੇ ਅਧਾਰ।

ਤੇਲ ਵੇਖੀਏ ਅਜੇ ਜਾਂ, ਏਸ ਤੇਲ ਦੀ ਧਾਰ।

ਹੱਥ ਪਾਉਣ ਲਈ ਅਸਾਂ ਨੂੰ, ਕੋਈ ਬਣਤ ਬਣਾ।

ਚਾਹੁੰਦੇ ਏਸ ਮੁਹਾਜ ਦੇ, ਰੁਕ ਜਾਵਣ ਸਭ ਰਾਹ।

ਭਾਵੇਂ ਤੱਕ ਕੇ ਗਊ ਬਧ, ਛਕਣਾ ਅੰਨ ਹਰਾਮ।

ਫਿਰ ਵੀ ਕਾਹਲੀ ਨਾ ਕਰੋ, ਥੋੜ੍ਹਾ ਕਰੋ ਅਰਾਮ।

ਠਹਿਰੋ ਬਰਸ ਕੁ ਹੋਰ, ਜੇ ਮੰਨੋ ਮੇਰੀ ਬਾਤ।

ਹੋ ਜਾਵੇਗਾ ਬੰਦ ਇਹ, ਛੇਤੀ ਹੀ ਗਊ ਘਾਤ।

ਏਥੇ ਬੈਠੇ ਹੀ ਅਸੀਂ, ਕਰੀਏ ਮਸਲਾ ਹੱਲ।

ਸ਼ਾਂਤੀ ਰੱਖੋ ਅਜੇ ਨਾ, ਜਾਵੋ ਕਿਧਰੇ ਚੱਲ।

ਕਾਹਲੀ ਅੱਗੇ ਆਖਦੇ, ਟੋਏ ਹੋਣ ਹਮੇਸ਼।

ਅਧਵਾਟੇ ਨਾ ਰਹਿ ਜਾਣ, ਕਾਰਜ ਮਿਥੇ ਵਿਸ਼ੇਸ਼।

ਨਾ ਮਿਲਵਰਤਨ ਵਰਤੀਏ, ਸ਼ਾਂਤਮਈ ਦਾ ਢੰਗ।

ਛੱਡੇ ਭਾਰਤ ਆਪ ਹੀ, ਗੋਰਾ ਹੋ ਕੇ ਤੰਗ।

ਐਪਰ ਹੀਰਾ ਸਿੰਘ ਨੇ, ਦਿੱਤਾ ਮੋੜ ਜੁਆਬ।

ਤੇਗ ਬਹਾਦਰ ਸਤਿਗੁਰੂ, ਆਏ ਵਿੱਚ ਖਵਾਬ।

ਉਹਨਾਂ ਦਿੱਤਾ ਆਣਕੇ, ਸਾਨੂੰ ਆਪ ਆਦੇਸ਼।

ਜਾਨ ਤਲੀ ਤੇ ਰੱਖ ਕੇ, ਕਾਰਜ ਕਰੋ ਵਿਸ਼ੇਸ਼।

ਸਾਥੋਂ ਝੱਲਿਆ ਜਾਏ ਨਾ, ਗਊਆਂ ਦਾ ਸੰਤਾਪ।



Sri Satguru Jagjit Singh Ji eLibrary NamdhariElibrary@gmail.com

ਆਉਣ ਉਬਾਲੇ ਅਣਖ ਨੂੰ, ਚੜ੍ਹੇ ਰੋਸ ਦਾ ਤਾਪ।

ਹੁਣ ਨਾ ਪਿੱਛੇ ਪਰਤੀਏ, ਰੋਕੋ ਮੂਲ ਨਾ ਆਪ।

ਸਾਨੂੰ ਦੇ ਕੇ ਥਾਪੜਾ, ਤੋਰ ਦਿਓ ਹੇ ਬਾਪ।

ਬਚਨ ਤੁਹਾਡਾ ਜਾਣੀਏ, ਹਰ ਇੱਕ ਪੂਰਾ ਸੱਚ।

ਪਰ ਇਰਾਦੇ ਅਸਾਂ ਦੇ, ਵੀ ਨਾ ਸਮਝੋ ਕੱਚ।

ਬਿਨ ਕੁਰਬਾਨੀ ਦਿੱਤਿਆਂ, ਕੱਟੀ ਜਾਏ ਨਾ ਰਾਂਦ।

ਸਿਰ ਤੋਂ ਪਾਣੀ ਲੰਘਿਆ, ਹੁੰਦੀ ਨਹੀਂ ਜਰਾਂਦ।

ਕੱਫ਼ਣ ਲੀਤੇ ਅਸਾਂ ਨੇ, ਹੁਣ ਸਿਰਾਂ ਤੇ ਬੰਨ੍ਹ।

ਏਸ ਧਰਤ ਤੋਂ ਮੁੱਕਿਆ, ਦਾਤਾ ਸਾਡਾ ਅੰਨ।

ਜੇ ਕੁਰਬਾਨੀ ਅਸਾਂ ਦੀ, ਜਾਵੇ ਧਰਮ ਬਚਾ।

ਤਾਂ ਤੇ ਤਨ ਮਨ ਦੇਸ਼ ਦੇ, ਦਈਏ ਲੇਖੇ ਲਾ।

ਚੀਨੀ ਵਾਲੇ ਆਖਿਆ, ਦੱਸੋ ਹੁਣ ਕੀ ਲੋੜ।

ਸੱਕਦਾ ਨੌਂਵੇਂ ਗੁਰਾਂ ਦਾ, ਹੁਕਮ ਨਹੀਂ ਮੈਂ ਮੋੜ।

ਹੀਰਾ ਸਿੰਘ ਨੇ ਆਖਿਆ, ਸਾਨੂੰ ਜਾਂਦੀ ਵਾਰ।

ਹੱਥੀਂ ਆਪ ਛਕਾ ਦਿਓ, ਲੰਗਰ ਕਰਕੇ ਤਿਆਰ।

ਤੁਹੀਏਂ ਮਾਈ ਬਾਪ ਹੈਂ, ਤੁਧ ਬਿਨ ਹੋਰ ਨਾ ਸਾਕ।

ਧਨ ਦੌਲਤ ਇਸ ਜਗਤ ਦੀ, ਅਸੀਂ ਸਮਝੀਏ ਖਾਕ।

ਤੁਸਾਂ ਖਜ਼ਾਨਾ ਨਾਮ ਦਾ, ਦਿੱਤਾ ਜੋ ਅਨਮੋਲ।



. Sri Satguru Jagjit Singh Ji eLibrary NamdhariElibrary@gmail.com .

ਧਨ ਅਮੁੱਕ ਦਾਤਿਆ, ਸਾਰਾ ਸਾਡੇ ਕੋਲ।

ਹੁੰਦੀ ਹਾਨੀ ਧਰਮ ਦੀ, ਸੱਕੀਏ ਨਹੀਂ ਸਹਾਰ।

ਝੱਲ ਜ਼ੁਲਮ ਨੂੰ ਜੀਵਣਾ, ਸਾਨੂੰ ਨਾ ਦਰਕਾਰ।

ਦੱਸੀ ਮਰ ਕੇ ਜੀਊਣ ਦੀ, ਦਸਮ ਪਿਤਾ ਨੇ ਜਾਚ।

ਓਸ ਤੇਗ ਦੀ ਧਾਰ ਤੇ, ਕਰਨਾ ਦੱਸਿਆ ਨਾਚ।

ਤੁਸਾਂ ਪੜ੍ਹਾਈ ਅਣਖ ਦੀ, ਪੱਟੀ ਫੇਰ ਵਿਸ਼ੇਸ਼।

ਏਹੋ ਚੇਤੇ ਰਹਿ ਗਿਆ, ਮੁੱਕੇ ਹੋਰ ਕਲੇਸ਼।

ਤਨ ਸਰਮਾਇਆ ਕੌਮ ਦਾ, ਮਨ ਸਤਿਗੁਰ ਦੇ ਪਾਸ।

ਅਰਪਣ ਕੀਤੇ ਧਰਮ ਨੂੰ, ਸਾਰੇ ਅਸੀਂ ਸਵਾਸ।

## ਸਤਿਗੁਰ ਜੀ ਨੇ ਲੰਗਰ ਛਕਾਉਣਾ

ਸਤਿਗੁਰ ਜੀ ਕਰਵਾ ਕੇ, ਲੰਗਰ ਆਪ ਤਿਆਰ।

ਲੱਗੇ ਨੇ ਵਰਤਾਉਣ ਫਿਰ, ਸਿੰਘਾਂ ਦੇ ਵਿਚਕਾਰ।

ਛਕਿਆ ਬਹਿ ਮਸਤਾਨਿਆਂ, ਤ੍ਰਿਪਤ ਹੋਏ ਮਨ ਢੇਰ।

ਲੰਗਰ ਇਹ ਅਖੀਰ ਦਾ, ਛਕਿਆ ਜਾਂਦੀ ਵੇਰ।

ਲਹਿਣਾ ਸਿੰਘ ਨੇ ਪੁੱਛਿਆ, ਕਰੀਏ ਕਹਾਂ ਪੜਾਅ।

ਹੈ ਭੀ ਹੋ ਸੀ ਰੱਬ ਕਹਿ, ਦਿੱਤਾ ਹੁਕਮ ਸੁਣਾ।



Sri Satguru Jagjit Singh Ji eLibrary NamdhariElibrary@gmail.com

ਛਕਿਆ ਲੰਗਰ ਗੁਰਾਂ ਤੋਂ, ਹੋਈ ਤ੍ਰਿਪਤੀ ਢੇਰ।
ਬੁੰਗੇ ਵੱਲ ਅਕਾਲ ਦੇ, ਵਾਪਸ ਪਰਤੇ ਫੇਰ।

## ਰੀਠਿਆਂ ਦੀ ਸ਼ਰਦਾਈ

ਵੇਖ ਕੇ ਇਕੱਠ ਭਾਰਾ ਹਰਸ਼ਾਇਆ ਹੀਰਾ ਸਿੰਘ,
ਸੋਚਦਾ ਕਿ ਕਰ ਲਈਏ ਪਰਖ ਸਰੂਰ ਦੀ।
ਕੱਚਿਆਂ ਨੂੰ ਨਾਲ ਲੈ ਕੇ ਨਦੀ ਵਿੱਚ ਠਿੱਲਣਾ ਕੀ,
ਕਰੀਏ ਛੰਟਾਈ ਕੁੱਲ ਪੱਕੇ ਪੱਕੇ ਪੂਰ ਦੀ।
ਰੀਠਿਆਂ ਦੀ ਘੋਟ ਸ਼ਰਦਾਈ ਹੈ ਤਿਆਰ ਕੀਤੀ,
ਆਖਿਆ ਸ਼ਹੀਦੀ ਦੇਗ ਹਾਜ਼ਰ ਹਜ਼ੂਰ ਦੀ।
ਆਓ ਜਿਨ੍ਹਾਂ ਸੀਸ ਦੇਣੇ ਛਕੋ ਸ਼ਰਦਾਈ ਸਿੰਘੋ,
ਜਿਨ੍ਹੂੰ ਕੌੜੀ ਜਾਪਦੀ ਐ ਲੰਘ ਜਾਓ ਦੂਰ ਦੀ।

ਭਰ ਭਰ ਬਾਟੇ ਗਟਾ ਗਟ ਪੀਤੇ ਖਾਲਸੇ ਨੇ,
ਆਇਆ ਏ ਸਵਾਦ ਜਿਵੇਂ ਓਸ ’ਚੋਂ ਨਬਾਤ ਦਾ।
ਆਏ ਹਾਂ ਤਲੀ ਤੇ ਜਾਨਾਂ ਰੱਖ ਅਸੀਂ ਕਹਿਣ ਸਾਰੇ,
ਸਰਟੀਫਿਕੇਟ ਦਿੱਤਾ ਸੂਰਿਆਂ ਦੀ ਜਾਤ ਦਾ।

ਦੁੱਧ ਹੈ ਚੁੰਘਾਇਆ ਸਾਨੂੰ ਸ਼ੀਹਣੀਆਂ ਪੰਜਾਬਣਾਂ ਨੇ,
ਪੀਤਾ ਨਹੀਓਂ ਸ਼ੀਰ ਅਸੀਂ ਕਿਸੇ ਕਮਜਾਤ ਦਾ।
ਪਿੱਛੇ ਨਾ ਪਰਤਦੇ ਨੇ ਸਿੰਘ ਅਰਦਾਸ ਕਰ,
ਕਰੀਏ ਮੁਕਾਬਲਾ ਜਾ ਕਿਸੇ ਵੀ ਹਾਲਤ ਦਾ।

ਮੁੜ ਜਾਓ ਪਿੱਛੇ ਸਿੰਘੋ ਜਾਨ ਹੈ ਪਿਆਰੀ ਜਿਨੂੰ,
ਹੀਰਾ ਸਿੰਘ ਆਖਿਆ ਹੈ ਉੱਚੀ ਲਲਕਾਰ ਕੇ।
ਪਾਉਣੀ ਹੈ ਸ਼ਹੀਦੀ ਸੀਸ ਵਾਰਨੇ ਧਰਮ ਹਿੱਤ,
ਪਾਪ ਹੈ ਹਟਾਉਣਾ ਮੁੱਲ ਸਿਰਾਂ ਵਾਲਾ ਤਾਰ ਕੇ।
ਗਊ ਤੇ ਗਰੀਬ ਦੇ ਗਲੇ ਤੋਂ ਛੁਰੀ ਲਾਹੁਣ ਚੱਲੇ,
ਮਾਰਨਾ ਹੈ ਅਸੀਂ ਓਥੇ ਵੈਰੀ ਨੂੰ ਵੰਗਾਰ ਕੇ।
ਲੁੱਟਣੀ ਨਾ ਖਾਲਸਾ ਜੀ ਹੱਟ ਲੱਡੂ ਪੇੜਿਆਂ ਦੀ,
ਬਾਟਾ ਸੁਕਰਾਤ ਵਾਲਾ ਪੀਣਾ ਹੈ ਨਿਤਾਰ ਕੇ।

ਕੱਢ ਸ਼ਮਸ਼ੀਰ ਹੀਰਾ ਸਿੰਘ ਨੇ ਲਕੀਰ ਖਿੱਚੀ,
ਉਹ ਟੱਪੇ ਸਿੰਘੋ ਜਿਨੂੰ ਜਾਨ ਨਾ ਪਿਆਰੀ ਹੈ।
ਸੀਸ ਨੇ ਧਰਮ ਹਿਤ ਦੇਣੇ ਜੀਨ੍ਹੇ ਆਉਣ ਅੱਗੇ,
ਹਟ ਜਾਣ ਪਿੱਛੇ ਜਿਹੜੇ ਕਹਿਣ ਪੰਡ ਭਾਰੀ ਹੈ।


. Sri Satguru Jagjit Singh Ji eLibrary NamdhariElibrary@gmail.com .

ਮੋਹ ਮਾਇਆ ਮਮਤਾ ਦੇ ਜਾਲ ’ਚੋਂ ਅਜ਼ਾਦ ਹੋ ਕੇ,

ਅਣਖਾਂ ਦੇ ਅੰਬਰਾਂ ’ਚ ਮਾਰਨੀ ਉਡਾਰੀ ਹੈ।

‘ਬਾਜਵਾ’ ਜੀਉਣ ਲਈ ਮਰਨਾ ਸਿਖਾਇਆ ਗੁਰਾਂ,

ਸੁੱਤੇ ਜਜ਼ਬਾਤ ਜੀਹਦੇ ਕਾਹਦਾ ਨਾਮਧਾਰੀ ਹੈ।

---o---

ਸੁਣ ਕੇ ਹੀਰਾ ਸਿੰਘ ਦੀ, ਰੋਹ ਭਰੀ ਲਲਕਾਰ,

ਪਏ ਜੈਕਾਰੇ ਛੱਡਦੇ, ਉੱਚੀ ਬਾਂਹ ਉਲਾਰ।

ਦੌੜੇ ਛਾਲਾਂ ਮਾਰ ਕੇ, ਟੱਪ ਗਏ ਨੇ ਲੀਕ,

ਲੱਗੇ ਅਗਲੇ ਹੁਕਮ ਦੀ, ਅੱਗੋਂ ਕਰਨ ਉਡੀਕ।

ਇੱਕ ਸੌ ਚਾਲੀ ਸੂਰਮੇ, ਲੰਘ ਗਏ ਨੇ ਪਾਰ,

ਮਾਈਆਂ ਵੀ ਦੋ ਸਮਝਿਓ, ਇਹਨਾਂ ਵਿੱਚ ਸ਼ੁਮਾਰ।

ਹੰਡਿਆਏ ਦੀ ਇੰਦ ਕੌਰ, ਮਸਤੀ ਵਿੱਚ ਮਖਮੂਰ,

ਦਿੱਤੂ ਪੁਰਿਓਂ ਖੇਮ ਕੌਰ, ਸਵੈਮਾਨ ਭਰਪੂਰ।

ਬਾਰਾਂ ਤੇਰਾਂ ਸਾਲ ਦੇ, ਦੋ ਪਿਆਰੇ ਬਾਲ,

ਨਿਡਰ ਜਿਉਂ ਦਸਮੇਸ਼ ਦੇ, ਜਾਏ ਚਾਰੇ ਲਾਲ।

ਹੀਰਾ ਸਿੰਘ ਜਾਂ ਵੇਖਿਆ, ਪਰਖੇ ਗਏ ਜੁਆਨ,

ਪਿੱਛੇ ਮੂਲ ਨਾ ਹਟਣ ਇਹ, ਜਾਨ ਕਰਨ ਕੁਰਬਾਨ।



. Sri Satguru Jagjit Singh Ji eLibrary NamdhariElibrary@gmail.com .

ਰੋਹ ਦਿਲਾਂ ਵਿੱਚ ਭਰਨ ਲਈ, ਕੀਤੀ ਫਿਰ ਤਕਰੀਰ,

ਛੱਡੇ ਓਸ ਜ਼ਬਾਨ ’ਚੋਂ, ਜਜ਼ਬਾਤਾਂ ਦੇ ਤੀਰ।

## ਹੀਰਾ ਸਿੰਘ ਦੀ ਤਕਰੀਰ

ਚੀਨੀ ਵਾਲੇ ਦੇ ਸ਼ੇਰੋਂ ਦਲੇਰ ਮਰਦੋ,

ਲੋੜ ਵਤਨ ਨੂੰ ਅੱਜ ਕੁਰਬਾਨੀਆਂ ਦੀ।

ਮੱਥਾ ਲਾਉਣਾ ਤੂਫਾਨਾਂ ਦੇ ਨਾਲ ਪੈਣਾ,

ਧੌਣ ਭੰਨਣੀ ਗਰਭ ਗੁਮਾਨੀਆਂ ਦੀ।

ਮਾਤ ਭੂਮੀ ਗ਼ੁਲਾਮੀ ਜੰਜ਼ੀਰ ਜਕੜੀ,

ਸੋਹਣੀ ਧਰਤ ਸਰਬੰਸ ਦੇ ਦਾਨੀਆਂ ਦੀ।

ਪਾਇਆ ਆਣ ਫਰੰਗੀਆਂ ਫੇਰ ਗਲਬਾ,

ਮਸਾਂ ਲਾਹੀ ਸੀ ਛੱਟ ਦੁਰਾਨੀਆਂ ਸੀ।

ਸੌਂ ਗਈਆਂ ਗ਼ੁਲਾਮੀ ਦੀ ਨੀਂਦ ਗੂਹੜੀ,

ਮਾਣ ਦੇਸ਼ ਨੂੰ ਜਿਨ੍ਹਾਂ ਜਵਾਨੀਆਂ ਤੇ।

ਅੱਖਾਂ ਖੋਹਲ ਕੇ ਮਾਰੋ ਪੰਜਾਬੀਓ ਓਏ,

ਝਾਤੀ ਹੁੰਦੀਆਂ ਵਤਨ ਦੀਆਂ ਹਾਨੀਆਂ ਤੇ।

ਪਾਏ ਪੂਰਨੇ ਸਾਰੇ ਭੁਲਾ ਬੈਠੇ,
ਕਰੀਏ ਮਾਣ ਸਰਬੰਸ ਦੇ ਦਾਨੀਆਂ ਤੇ।
ਮੈਂ ਨਹੀਂ ਇਹ ਸਾਡਾ ਇਤਿਹਾਸ ਕਹਿੰਦੇ,
ਕੌਮ ਜੀਉਂਦੀ ਹੈ ਸਦਾ ਕੁਰਬਾਨੀਆਂ ਤੇ।

ਮੁੱਠੀ ਭਰ ਇਹ ਨਾ ਪਾਪੀ ਗੋਰਿਆਂ ਨੇ,
ਝੁੱਗਾ ਆਣ ਇਖਲਾਕ ਦਾ ਸਾੜ ਦਿੱਤਾ।
ਮਸਾਂ ਨਾਲ ਤਲਵਾਰ ਰਣਜੀਤ ਸੀਤਾ,
ਜਾਮਾ ਏਕਤਾ ਦਾ ਫੇਰ ਪਾੜ ਦਿੱਤਾ।
ਚੋਗਾ ਪਾ ਕੇ ਸਾਡਿਆਂ ਆਗੂਆਂ ਨੂੰ,
ਖ਼ੁਦਗਰਜ਼ੀ ਦੇ ਖੁੱਡੇ ਵਿੱਚ ਤਾੜ ਦਿੱਤਾ।
ਜਿੰਨ ਫਿਰਕਾਪ੍ਰਸਤੀ ਦਾ ਛੱਡ ਖੁੱਲ੍ਹਾ,
ਸਾਡਾ ਧਰਮ ਦਾ ਬਾਗ ਉਜਾੜ ਦਿੱਤਾ।

ਗੈਰਤ ਸਾਡੀ ਨੂੰ ਰੋਲਿਆ ਵਿੱਚ ਮਿੱਟੀ,
ਕਤਲ ਗਊਆਂ ਦੇ ਰੋਜ ਕਰਾਉਣ ਲੱਗਾ।
ਜ਼ਬਰ ਜ਼ੁਲਮ ਦੀ ਕਰੀ ਅਖੀਰ ਜਾਂਦਾ,
ਸਾਡੇ ਸਬਰ ਨੂੰ ਇੰਜ ਅਜਮਾਉਣ ਲੱਗਾ।

ਰਾਜ ਆਪਣਾ ਪੱਕਿਆਂ ਕਰਨ ਖਾਤਰ,
ਮਹਿਲ ਸਾਡੀ ਤਹਿਜ਼ੀਬ ਦੇ ਢਾਹੁਣ ਲੱਗਾ।
ਸਾਡੀ ਖਾਣ ਯਕੂਤ ਦੀ ਸਾਂਭ ਸਾਰੀ,
ਚੁੱਕ ਇੰਗਲਸਤਾਨ ਪੁਚੌਣ ਲੱਗਾ।

ਜਾਦੂ ਧੂੜਿਆ ਕੈਸਾ ਫਰੰਗੀਆਂ ਨੇ,
ਸਾਨੂੰ ਸਾਡੇ ਹੀ ਅੱਖਾਂ ਵਖਾਲਦੇ ਨੇ।
ਹੋਏ ਵਤਨ ਪ੍ਰਸਤਾਂ ਦੇ ਆਪ ਵੈਰੀ,
ਲੱਜ ਦੂਤੀਆਂ ਦੀ ਵੇਖੋ ਪਾਲਦੇ ਨੇ।
ਬਹੁਤੇ ਵੇਚ ਜ਼ਮੀਰ ਰਈਸ ਬੈਠੇ,
ਰਾਜੇ ਹੋਏ ਫਰੰਗੀ ਦੇ ਨਾਲ ਦੇ ਨੇ।
ਸਾਡੇ ਘਰਾਂ ਦੀ ਰੌਸ਼ਨੀ ਗੁੱਲ ਕਰਕੇ,
ਦੀਵੇ ਜਾ ਵਲੈਤ ਵਿੱਚ ਬਾਲਦੇ ਨੇ।

ਵੇਖੋ ਕੋਟਲੇ ਦੇ ਅੰਦਰ ਬੁੱਚੜਾਂ ਨੇ,
ਗਊਆਂ ਮਾਰ ਕੇ ਪੂਰ ਖਪਾ ਦਿੱਤੇ।
ਸ਼ਹਿ ਪਾ ਕੇ ਗੋਰਿਆਂ ਹਾਕਮਾਂ ਦੀ,
ਲਾਂਬੂ ਅਮਨ ਕਾਨੂੰਨ ਨੂੰ ਲਾ ਦਿੱਤੇ।


. Sri Satguru Jagjit Singh Ji eLibrary NamdhariElibrary@gmail.com .

ਗੁਰਮੁਖ ਸਿੰਘ ਦੇ ਨਾਲ ਅਣਹੋਈ ਕੀਤੀ,
ਡਰ ਮੌਤ ਦੇ ਮਨਾਂ ਤੋਂ ਲਾਹ ਦਿੱਤੇ।
ਆਓ 'ਬਾਜਵਾ' ਹੋਰ ਨਾ ਦੇਰ ਕਰੀਏ,
ਅਣਖ ਐਸੀਆਂ ਨੇ ਸਾਨੂੰ ਰਾਹ ਦਿੱਤੇ।

---o---

ਫਿਰ ਅਰਦਾਸਾ ਸੋਧਿਆ, ਧਰ ਸਤਿਗੁਰ ਦਾ ਧਿਆਨ।
ਜਦੋਂ ਜੈਕਾਰਾ ਛੱਡਿਆ, ਗੂੰਜ ਪਿਆ ਅਸਮਾਨ।
ਕੀਤਾ ਭੈਣੀ ਸਾਹਿਬ ਤੋਂ, ਝਟ ਪਟ ਉਹਨਾਂ ਕੂਚ।
ਅੰਦਰ ਲਾਵਾ ਉਬਲੇ, ਵੇਖਣ ਨੀਚ ਨਾ ਊਚ।
ਜੋ ਜੋ ਲੱਭਾ ਕਿਸੇ ਨੂੰ, ਮੌਕੇ ਤੇ ਹਥਿਆਰ।
ਤੁਰਿਆ ਲੈ ਕੇ ਖਾਲਸਾ, ਕਰਦਾ ਮਾਰੋ ਮਾਰ।

## ਪੁਲੀਸ ਨੂੰ ਇਤਲਾਹ

ਸਤਿਗੁਰ ਜੀ ਨੇ ਆਖਿਆ, ਸੁਣ ਲੈ ਥਾਣੇਦਾਰ।
ਸਿੰਘ ਇਕੱਠੇ ਹੋ ਕੇ, ਹੋ ਕਹਿਣੇ ਤੋਂ ਬਾਹਰ।
ਵੱਲ ਮਲੇਰ ਕੋਟਲੇ, ਚੱਲੇ ਗੁੱਸਾ ਧਾਰ।



. Sri Satguru Jagjit Singh Ji eLibrary NamdhariElibrary@gmail.com .

ਜੇਕਰ ਰੋਕੇ ਨਾ ਇਹ, ਦੇਵਣ ਕਹਿਰ ਗੁਜ਼ਾਰ।

ਇਹ ਫਸਾਦ ਕਰਨਗੇ, ਵਿੱਚ ਕੋਟਲੇ ਜਾ।

ਫੜ੍ਹਕੇ ਅੰਦਰ ਕਰ ਦਿਓ, ਜੇ ਹੋ ਜਾਏ ਬਚਾ।

ਦਿੱਤਾ ਪਹਿਲਾਂ ਵਕਤ ਤੋਂ, ਅਸੀਂ ਏਸ ਲਈ ਦੱਸ।

ਫ਼ਰਜ਼ ਨਿਭਾਇਆ ਆਪਣਾ, ਜੋ ਸਾਡੇ ਸੀ ਵੱਸ।

ਰੋਕ ਲਵੋ ਜੇ ਰੋਕਣਾ, ਲਾ ਕੇ ਸਾਰਾ ਜ਼ੋਰ।

ਮਤੇ ਅਸਾਨੂੰ ਨਾਲ ਹੀ, ਫੇਰ ਬਣਾਵੋ ਚੋਰ।

ਅੱਜ ਇਹਨਾਂ ਦੇ ਸੀਸ ਤੇ, ਚੜ੍ਹਿਆ ਅਜਬ ਜਨੂੰਨ।

ਤੋੜ ਦੇਣ ਅੰਗ੍ਰੇਜ਼ ਦਾ, ਸਾਰਾ ਅਮਨ ਕਾਨੂੰਨ।

ਭਾਵੇਂ ਇਹਨਾਂ ਕੋਲ ਨਾ, ਖਤਰਨਾਕ ਹਥਿਆਰ।

ਫਿਰ ਵੀ ਇਹ ਨਾ ਸਮਝਣਾ, ਇਹ ਚੱਲੇ ਬੇਕਾਰ।

ਅੱਗੋਂ ਥਾਣੇਦਾਰ ਨੇ, ਦਿੱਤਾ ਮੋੜ ਜਵਾਬ।

ਏਹਨਾਂ ਸੁੱਖਾ ਪੀਣਿਆ, ਕਰਨਾ ਕਿਆ ਜਨਾਬ?

ਏਹਨਾਂ ਨੇ ਹੋ ਜਾਵਣਾ, ਹੁਣੇ ਅੜਿੰਗ ਬੜਿੰਗ।

ਮੈਨੂੰ ਨਹੀਂ ਇਹ ਜਾਪਦਾ, ਕਿਤੇ ਫਸਾਵਣ ਸਿੰਗ।

ਐਪਰ ਵਿੱਚੋਂ ਖੁਸ਼ ਸੀ, ਵੇਖ ਵੇਖ ਇਹ ਕਾਰ।

ਘੱਲ ਸਿਪਾਹੀ ਆਖਦਾ, ਜੂਹੋਂ ਕਰ ਆ ਬਾਹਰ।

ਛੱਡੀ ਉਹਨੇ ਏਸ ਲਈ, ਕੰਨਾਂ ਘੇਸੀ ਮਾਰ।

ਉਹ ਖਿਲਾਫ਼ ਕੂਕਿਆਂ, ਚਾਹੁੰਦਾ ਬਣੇ ਅਧਾਰ।

ਝਟ ਪਟ ਬੰਦਾ ਆਪਣਾ, ਕਰ ਕੇ ਵਾਹਵਾ ਤੇਜ।

ਦਿੱਤਾ ਉਹਨੇ ਸੁਣਦਿਆਂ, ਲੁਧਿਆਣੇ ਨੂੰ ਭੇਜ।

ਉਹਨੇ ਓਥੇ ਪਹੁੰਚ ਕੇ, ਦੱਸੀ ਸਾਰੀ ਬਾਤ।

ਕਾਬੂ ਕਰਨੇ ਚਾਹੇ ਨਾ, ਪਰ ਉਹਨਾਂ ਹਾਲਾਤ।

ਸੂਬਾ ਲੱਖਾ ਸਿੰਘ ਨੂੰ, ਘੋੜੀ ਦੇ ਕੇ ਤੇਜ।

ਦਿੱਤਾ ਸਤਿਗੁਰ ਜੀ ਨੇ, ਲੁਧੇਆਣੇ ਭੇਜ।

ਉਹਨੇ ਓਥੇ ਜਾ ਕੇ, ਦੇ ਦਿੱਤਾ ਸੰਦੇਸ਼।

ਸਤਿਗੁਰ ਜੀ ਨੇ ਘੱਲਿਆ, ਜਿਹੜੇ ਨਾਲ ਉਦੇਸ਼।

ਡੀ. ਸੀ. ਕਾਵਨ ਕੋਲ ਜਾ, ਦੱਸੀ ਸਾਰੀ ਬਾਤ।

ਆਖੇ ਕਾਬੂ ਕਰ ਲਵੋ, ਇਹ ਵਿਗੜੇ ਹਾਲਾਤ।

ਗੋਰਾ ਬੈਠਾ ਸੋਚ ਸੀ, ਐਪਰ ਚਾਲ ਕੁਚਾਲ।

ਉਹਨੇ ਲੱਖਾ ਸਿੰਘ ਹੀ, ਪਕੜ ਲਿਆ ਤਤਕਾਲ।

ਵਾਪਸ ਦਿੱਤਾ ਆਉਣਾ  ਨਾ, ਅੰਦਰ ਦਿੱਤਾ ਡੱਕ।

ਪਹਿਲਾਂ ਹਮਲੇ ਤੋਂ ਹੀ, ਕਰ ਮਨਸੂਬੇ ਪੱਕ।

ਓਸ ਸ਼ਹੀਦੀ ਜਥੇ ਦਾ, ਨਹੀਂ ਰੋਕਿਆ ਰਾਹ।

ਰਿਹਾ ਤਮਾਸ਼ਾ ਵੇਖਦਾ, ਹੋ ਕੇ ਬੇਪ੍ਰਵਾਹ।

ਜੇ ਚਾਹੁੰਦਾ ਤਾਂ ਰੋਕ ਕੇ, ਹੋਣੀ ਦੇਂਦਾ ਟਾਲ।



Sri Satguru Jagjit Singh Ji eLibrary NamdhariElibrary@gmail.com

ਜੇਕਰ ਹੁਕਮ ਪੁਲੀਸ ਨੂੰ, ਦੇ ਦੇਂਦਾ ਤਤਕਾਲ।

ਐਪਰ ਚਾਹੁੰਦਾ ਸੀ ਉਹ, ਕੂਕੇ ਕਰਨ ਕਲੇਸ਼।

ਏਸ ਜ਼ੁਰਮ ਵਿੱਚ ਗੁਰਾਂ ਨੂੰ, ਤੋਰ ਦਿਆਂ ਪ੍ਰਦੇਸ।

ਉਂਜ ਅਫ਼ਸਰਾਂ ਕੋਲ ਉਸ, ਤਾਰਾਂ ਦਿੱਤੀਆਂ ਭੇਜ।

ਪਰ ਬਗਾਵਤ ਰੋਕਣੋਂ, ਆਖੇ ਕਰੋ ਗੁਰੇਜ਼।

ਆ ਕੇ ਕੂਕੇ ਕਰਨਗੇ, ਸਾਡਾ ਕੀ ਨੁਕਸਾਨ।

ਲੈਣੀ ਭਾਰਤੀਆਂ ਨੇ, ਭਾਰਤੀਆਂ ਦੀ ਜਾਨ।

ਉਪਦ੍ਰਵ ਏਸ ਦਾ, ਫ਼ਾਇਦਾ ਲਵੋ ਉਠਾ।

ਵੱਡੇ ਏਸ ਮੁਹਾਜ਼ ਦਾ, ਇੰਜ ਰੋਕੀਏ ਰਾਹ।

ਰਾਮ ਸਿੰਘ ਸਿਰ ਥੱਪ ਕੇ, ਇਹਦਾ ਕੁੱਲ ਇਲਜ਼ਾਮ।

ਸੱਚਾ ਸੁੱਚਾ ਰਹਾਂਗਾ, ਹੋਵਾਂ ਨਾ ਬਦਨਾਮ।

ਰਾਜੇ ਅਤੇ ਪੁਜਾਰੀਆਂ, ਕੋਲੋਂ ਲਵਾਂ ਲਿਖਾ।*

ਸਣੇ ਸੂਬਿਆਂ ਸਤਿਗੁਰੂ, ਦਿਆਂ ਵਿਦੇਸ਼ ਪੁਚਾ।

ਇਹਨੇ ਅਮਨ ਕਾਨੂੰਨ ਦਾ, ਕੀਤਾ ਮਲੀਆ ਮੇਟ।

ਖੁਸ਼ ਕਰਨ ਅੰਗ੍ਰੇਜ਼ ਉਹ, ਦੇਣ ਅਨੋਖੀ ਭੇਟ।

ਸ਼ਤਿਗੁਰ ਜੀ ਨੂੰ ਲੈ ਗਏ, ਜਦੋਂ ਇਲਾਹਾਬਾਦ।

ਓਦੋਂ ਸੀ ਅੰਗ੍ਰੇਜ਼ ਨੇ, ਲਿਖਵਾਇਆ ਕਰ ਯਾਦ।

ਰਾਜੇ ਨਾਭੇ ਵਾਲੜੇ ਇੰਜ, ਬਖਸ਼ਾਇਆ ਪਾਪ।



Sri Satguru Jagjit Singh Ji eLibrary NamdhariElibrary@gmail.com

ਪਿਛਲੀ ਭੁੱਲ ਸੁਧਾਰ ਕੇ, ਕੀਤਾ ਪਸਚਾਤਾਪ।

ਬ੍ਰਹਮ ਬੂਟੇ ਦਾ ਦੂਸਰਾ, ਵਤਨ ਪ੍ਰਸਤ ਮਹੰਤ।#

ਅਪਣੱਤ ਉਸਦੇ ਅੰਦਰੋਂ, ਅਜੇ ਨਾ ਹੋਈ ਉਡੰਤ।

ਡੇਰਾ ਇੱਕ ਧਿਆਨਪੁਰ, ਦਾ ਬੈਰਾਗੀ ਜਾਣ।

ਉਹਨਾਂ ਦਿੱਤੀ ਹੋਣ ਨਾ, ਜਰਾ ਧਰਮ ਦੀ ਹਾਣ।

ਅੰਦਰ ਜ਼ਿਲ੍ਹੇ ਫਿਰੋਜ਼ਪੁਰ, ਪਿੰਡ ਸੇਖਵਾਂ ਕਹਿਣ।

ਓਥੋਂ ਦੇ ਸੀ ਨਿਰਮਲੇ, ਸੁਹਣੇ ਸਿੰਘ ਨਰੈਣ।

ਇਹਨਾਂ ਨੇ ਇਸ ਬਾਤ ਤੋਂ, ਕਰ ਦਿੱਤਾ ਇਨਕਾਰ।

ਆਖਣ ਸਹਿਮਤ ਨਹੀਂ ਹਾਂ, ਅਸੀਂ ਨਾਲ ਸਰਕਾਰ।

* ਇਹ ਉਦੋਂ ਲਿਖਵਾਇਆ ਜਦੋਂ ਸਤਿਗੁਰੂ ਜੀ ਅਲਾਹਾਬਾਦ ਕਿਲੇ ਵਿੱਚ ਕੈਦ ਸਨ, ਸੂਬਿਆਂ ਸਣੇ।

# ਜਿਹਨਾਂ ਤਿੰਨਾਂ ਨੇ ਨਹੀਂ ਲਿਖ ਕੇ ਦਿੱਤਾ- ੧. ਬ੍ਰਹਮ ਬੂਟਾ ਅਖਾੜਾ ਅੰਮ੍ਰਿਤਸਰ ੨. ਬੈਰਾਗੀ ਡੇਰਾ ਧਿਆਨਪੁਰਾ ੩. ਸੇਖਵਾਂ (ਫਿਰੋਜ਼ਪੁਰ) ਦੇ ਨਿਰਮਲੇ ਸੰਤ ਨਰਾਇਣ ਦਾਸ ਜੀ।

ਹਰਨਾਮ ਸਿੰਘ ਦਾ ਸ਼ਹੀਦੀ ਜਥੇ ਨਾਲ ਰਲਣਾ

ਇਹ ਜਥਾ ਜਾਂ ਲੰਘਦਾ, ਪਹੁੰਚਾ ਪਿੰਡ ਧਮੋਟ।

ਜਾਣ ਵਹੀਰਾਂ ਘੱਤ ਕੇ, ਲੈ ਸਤਿਗੁਰ ਦੀ ਓਟ।



Sri Satguru Jagjit Singh Ji eLibrary NamdhariElibrary@gmail.com

ਅੱਗੇ ਕਰਦਾ ਕਾਰ, ਸੀ ਖੇਤੀਂ ਨੌਜਵਾਨ।

ਆਉਂਦਾ ਡਿੱਠਾ ਜਥਾ ਜਾਂ, ਉਹਨੇ ਨਾਲ ਧਿਆਨ।

ਰੋਕ ਲਿਆ ਹੱਲ ਓਸ ਨੇ, ਨਾਲ ਪਹੇ ਦੇ ਆਣ।

ਸੋਚੇ ਏਸ ਵਹੀਰ ਦਾ, ਕਾਰਨ ਲਈਏ ਜਾਣ।

ਅੱਗੇ ਅੱਗੇ ਆ ਰਿਹਾ, ਹੀਰਾ ਸਿੰਘ ਸਰਦਾਰ।

ਕਾਰਨ ਪਿੱਛੋਂ ਪੁੱਛਿਆ, ਕਰ ਪਹਿਲਾਂ ਸਤਿਕਾਰ।

ਦੱਸਿਆ ਹੀਰਾ ਸਿੰਘ ਨੇ, ਬਿਨ ਕੀਤੇ ਕੁਝ ਦੇਰ।

ਵਿੱਚ ਕੋਟਲੇ ਜ਼ਾਲਮਾਂ, ਪਾਇਆ ਬੜਾ ਹਨੇਰ।

ਦਿਨ ਦਿਹਾੜੇ ਵੱਢਦੇ, ਗਊਆਂ ਜ਼ਾਲਮ ਰੌਂਤ।

ਸੁੱਕੇ ਖੇਤੀ ਧਰਮ ਦੀ, ਚੱਲੇ ਕਰਨ ਤਰੌਂਤ।

ਦੱਸਿਆ ਉਹਨਾਂ ਖੋਹਲ ਕੇ, ਸਾਰਾ ਉਹਨੂੰ ਭੇਤ।

ਗੁਰਮੁਖ ਸਿੰਘ ਦੇ ਨਾਲ ਜੋ, ਘਟਨਾ ਘਟੀ ਅਚੇਤ।

ਚੱਲੇ ਬਦਲਾ ਲੈਣ ਹਾਂ, ਰੱਖ ਤਲੀ ਤੇ ਜਾਨ।

ਪਹਿਲਾਂ ਹੋਏ ਜਿਸ ਤਰ੍ਹਾਂ, ਕੂਕੇ ਨੇ ਕੁਰਬਾਨ।

ਸਤਿਗੁਰ ਭੈਣੀ ਵਾਲੜਾ, ਸਾਡਾ ਦੀਨ ਦਿਆਲ।

ਸਾਡੇ ਲਾਹੇ ਓਸ ਨੇ, ਸਾਰੇ ਜਰਮ ਜੰਜਾਲ।

ਦੇਸ਼ ਅਜ਼ਾਦ ਕਰੌਣ ਦਾ, ਬੀੜਾ ਚੁੱਕਿਆ ਆਪ।

ਸਾਨੂੰ ਇਹਨਾਂ ਗੋਰਿਆਂ, ਦਿੱਤਾ ਬਹੁ ਸੰਤਾਪ।

ਇਹ ਸ਼ਹੀਦੀ ਜਥਾ ਜਾ, ਪਾਪੀ ਜ਼ਾਲਮ ਮਾਰ।

ਖੇਡ ਜਾਏਗਾ ਜਾਨ ਤੇ, ਗਊ ਗਰੀਬ ਉਭਾਰ।

ਸਾਡੀ ਧਰਮ ਜ਼ਮੀਰ ਦਾ, ਨਿੱਤ ਕਰਦੇ ਅਪਮਾਨ।

ਮਿੱਟੀ ਅੰਦਰ ਮੇਲਦੇ, ਸਾਡੀ ਉੱਚੀ ਸ਼ਾਨ।

ਸੁਣਦੇ ਨਹੀਂ ਗਰੀਬ ਦੀ, ਜਰਾ ਦਾਦ ਫਰਿਆਦ।

ਏਸੇ ਕਰਕੇ ਫੂਕਿਆ, ਭੈਣੀ ਵਾਲੇ ਨਾਦ।

ਜੀਣ ਗ਼ੁਲਾਮੀ ਜੀਵਣਾ, ਸਾਨੂੰ ਨਾ ਦਰਕਾਰ।

ਐਸੇ ਜੀਵਨ ਤੋਂ ਤਾਂ, ਮਰਨਾ ਭਲਾ ਵੀਚਾਰ।

ਮੁੱਛ ਫੁੱਟ ਹਰਨਾਮ ਸਿੰਘ, ਸੋਹਣਾ ਅਜਬ ਜੁਆਨ।

ਚਿਹਰੇ ਝਲਕਣ ਲਾਲੀਆਂ, ਕਾਦਰ ਦਾ ਵਰਦਾਨ।

ਹੁਸਨ ਓਸ ਦਾ ਜਾਪਦਾ, ਯੂਸਫ਼ ਦੀ ਤਸਵੀਰ।

ਰਾਂਝਾ ਜਾਵੇ ਭੁੱਲ ਉਹ, ਵੇਖ ਲਵੇ ਜੇ ਹੀਰ।

ਡੌਲੇ ਵਾਂਗ ਫੌਲਾਦ ਦੇ, ਛਾਤੀ ਵਾਂਗ ਚਟਾਨ।

ਮੁਗਦਰ ਵਰਗੇ ਪੱਟ ਨੇ, ਘੜੇ ਓਸ ਭਗਵਾਨ।

ਵਾਂਗ ਸਰੂ ਦੇ ਜਾਪਦਾ, ਉੱਚਾ ਲੰਮਾ ਕੱਦ।

ਸਿੰਗੋਂ ਫੜ ਲਏ ਸਾਨ੍ਹ ਨੂੰ, ਮਾਰੇ ਪਰ੍ਹਾਂ ਉਲੱਦ।

ਮਸਤਕ ਉੱਤੇ ਡਲਕਦਾ, ਇੱਕ ਅਨੋਖਾ ਨੂਰ।

ਨਾਲ ਹਯਾ ਦੇ ਡੁੱਬੀਆਂ, ਅੱਖਾਂ ਵਿੱਚ ਸਰੂਰ।

ਤਨ ਸਨੁੱਖਾ ਮਨ ਹਰਾ, ਉੱਤਮ ਬੜੇ ਵੀਚਾਰ।

ਦਿਲ ਉਹਦੇ ਵਿੱਚ ਵੱਸਿਆ, ਵੱਡਿਆਂ ਦਾ ਸਤਿਕਾਰ।

ਸਿਰ ਤੇ ਸਾਫ਼ਾ ਸ਼ੀਟ ਦਾ, ਕੁੜਤਾ ਧਾਰੀਦਾਰ।

ਧੂੰਹਵਾਂ ਕਾਲਾ ਚਾਦਰਾ, ਬੰਨ੍ਹਿਆ ਤੇੜ ਸਵਾਰ।

ਨਾ ਉਹ ਨਾਮਧਾਰੀਆਂ, ਵਾਲੀ ਜਾਣੇ ਕਾਰ।

ਨਾ ਉਸ ਅੰਮ੍ਰਿਤ ਛਕ ਕੇ, ਪਹਿਰੇ ਪੰਜ ਕਰਾਰ।

ਖੁੱਲ੍ਹਾ ਡੁੱਲ੍ਹਾ ਜੱਟ ਉਹ, ਕਰੇ ਕਿਸਾਨੀ ਕਾਰ।

ਵਾਹੀ, ਜੋਤੀ, ਘਾਹ ਕੱਖ, ਉਸਦਾ ਆਮ ਵਿਹਾਰ।

ਐਪਰ ਸੁਣ ਕੇ ਵਾਰਤਾ, ਚੜ੍ਹਿਆ ਜੋਸ਼ ਅਪਾਰ।

ਸੁੱਟ ਪਰਾਣੀ ਪਰ੍ਹਾਂ ਉਹ, ਹੋਇਆ ਝੱਟ ਤਿਆਰ।

ਨਵਾਂ ਖੂਨ ਸੀ ਓਸ ਦਾ, ਗਿਆ ਉਬਾਲਾ ਖਾ।

ਆਖੇ ਮੈਨੂੰ ਨਾਲ ਹੀ, ਸੰਤੋ ਤੁਰੋ ਰਲਾ।

ਮਨ ਚਾਹਵੇ ਕਿ ਕਰ ਲਵਾਂ, ਮੈਂ ਵੀ ਪਰਉਪਕਾਰ।

ਅਣਖ ਗੁਆ ਕੇ ਜੀਵਣਾ, ਮੈਨੂੰ ਨਾ ਦਰਕਾਰ।

ਹਾਨੀ ਹੋਵੇ ਧਰਮ ਦੀ, ਸਾਡਾ ਵੀ ਕੀ ਜੀਣ।

ਇਸ ਤੋਂ ਚੰਗਾ ਜਾਪਦੈ, ਜ਼ਹਿਰ ਪਿਆਲਾ ਪੀਣ।

ਹੱਥ ਜੋੜ ਕੇ ਆਖਿਆ, ਕ੍ਰਿਪਾ ਕਰੋ ਹਜ਼ੂਰ।

ਮੈਨੂੰ ਬੇੜੇ ਚਾੜ੍ਹ ਕੇ, ਨਾਲ ਰਲਾਵੋ ਪੂਰ।

ਹੀਰਾ ਸਿੰਘ ਨੇ ਆਖਿਆ, ਸੁਣ ਕੇ ਨਾਲ ਪਿਆਰ।

ਕਾਕਾ ਜਾਹ ਕਰ ਆਪਣੇ, ਘਰ ਦੇ ਕਾਰ ਵਿਹਾਰ।

ਕਿਉਂ ਕਰ ਸੀਸ ਸਹੇੜਨੈ, ਤੂੰ ਅਣਿਆਈ ਮੌਤ।

ਪੱਕਾ ਨਿਸਚਾ ਅਸਾਂ ਦਾ, ਹੋ ਜਾਣਾ ਹੈ ਫੌਤ।

ਲੁੱਟਣ ਚੱਲੇ ਅਸੀਂ ਨਾ, ਕਿਤੋਂ ਮੁਫ਼ਤ ਦਾ ਮਾਲ।

ਸਾਡੇ ਪਿੱਛੇ ਲੱਗ ਕੇ, ਨਾ ਜਵਾਨੀ ਗਾਲ।

ਜੀਵਨ ਅੰਦਰ ਆਉਣਗੇ, ਮੌਕੇ ਹੋਰ ਹਜ਼ਾਰ।

ਕਰ ਲਈਂ ਸੇਵਾ ਦੇਸ਼ ਦੀ, ਭਰ ਕੇ ਪਰਉਪਕਾਰ।

ਕਾਕਾ ਵਾਪਸ ਪਰਤ ਜਾ, ਅੜੀ ਅੜਾਉਣੀ ਛੱਡ।

ਔਖਾ ਰਸਤਾ ਅਸਾਂ ਦਾ, ਵਾਂਗ ਭਿਆਨਕ ਖੱਡ।

ਟਾਲਣ ਖਾਤਰ ਆਖਿਆ, ਹੀਰਾ ਸਿੰਘ ਵੀਚਾਰ।

ਨਾ ਤੂੰ ਨਾਮਧਾਰੀਆ, ਧਾਰੇ ਨਹੀਂ ਕਕਾਰ।

ਫੇਰ ਕਿਹਾ ਹਰਨਾਮ ਨੇ, ਹੋਰ ਕਰੋ ਨਾ ਦੇਰ।

ਨਾਮਧਾਰੀਆ ਕਰ ਲਵੋ, ਮਨ ਦਾ ਮਣਕਾ ਫੇਰ।

ਵਾਪਸ ਹੁਣ ਨਾ ਪਰਤਸਾਂ, ਤੁਰਾਂ ਤੁਹਾਡੇ ਨਾਲ।

ਜਾਮ ਸ਼ਹੀਦੀ ਪੀ ਕੇ, ਮੈਂ ਹੋਵਾਂ ਖੁਸ਼ਹਾਲ।

ਹੀਰਾ ਸਿੰਘ ਸਮਝਾ ਕੇ, ਥੱਕ ਗਿਆ ਹਰ ਹਾਲ।

ਐਪਰ ਨਾ ਹਰਨਾਮ ਨੇ, ਕੀਤੀ ਚਾਲ ਕੁਚਾਲ।

ਨਾਲ ਤੁਹਾਡੇ ਆਖਦਾ, ਮਰਨਾ ਹੈ ਮਨਜ਼ੂਰ।

ਧਰਮ ਉਭਾਰਨ ਵਾਸਤੇ, ਦੇਵਾਂ ਸੀਸ ਜ਼ਰੂਰ।

ਹੀਰਾ ਸਿੰਘ ਨੇ ਕੰਨ ਵਿੱਚ, ਦੇ ਦਿੱਤਾ ਗੁਰਮੰਤ।

ਨਾਲ ਜਥੇ ਦੇ ਤੋਰਿਆ, ਪੂਰਾ ਕਰਕੇ ਸੰਤ।

ਸਤਿਗੁਰ ਜੀ ਸੀ ਆਖਿਆ, ਹੈ ਭੀ ਹੋਸੀ ਰੱਬ।

ਰੱਬੋਂ ਪਹੁੰਚੇ ਆਣ ਕੇ, ਚੰਗਾ ਜਾਣ ਸਬੱਬ।

ਏਸੇ ਕਰਕੇ ਏਸ ਥਾਂ, ਆ ਕੀਤਾ ਵਿਸ਼ਰਾਮ।

ਰਾਤ ਗੁਜ਼ਾਰੀ ਆਣ ਕੇ, ਨੇੜੇ ਏਸ ਗ੍ਰਾਮ।

ਬਾਹਰ ਵਾਰ ਖੂਹ ਤੇ, ਡੇਰਾ ਲਿਆ ਜਮਾ।

ਰਾਸ਼ਨ ਲੈ ਕੇ ਪਿੰਡ ਚੋਂ, ਲੰਗਰ ਲਿਆ ਸਜਾ।

ਸ਼ਬਦ ਕੀਰਤਨ ਕਰਦਿਆਂ, ਦਿੱਤਾ ਵਕਤ ਗੁਜ਼ਾਰ।

ਨਾਲੇ ਕੀਤਾ ਰਾਤ ਭਰ, ਗੁਰਮਤ ਦਾ ਪ੍ਰਚਾਰ।

ਨਿਤ ਕਰਮ ਕਰ ਤੜਕਸਾਰ, ਹੋ ਕੇ ਬੇਪ੍ਰਵਾਹ।

ਕੀਤਾ ਕੂਚ ਮਲੌਦ ਨੂੰ, ਉਹਨਾਂ ਵਾਹੋ ਦਾਹ।

## ਸਿੰਘਾਂ ਦਾ ਮਲੌਦ ਪਹੁੰਚਣਾ

ਵੱਡਾ ਵਿੱਚ ਮਲੌਦ ਦੇ, ਬਦਨ ਸਿੰਘ ਸਰਦਾਰ।

ਹੀਰਾ ਸਿੰਘ ਸਰਦਾਰ ਦਾ, ਹੈ ਸੀ ਰਿਸ਼ਤੇਦਾਰ।

ਉਹ ਜਾਗੀਰਦਾਰ ਸੀ, ਪਿਆ ਭੋਗਦਾ ਰਾਜ।

ਨੌਕਰ ਚਾਕਰ ਓਸ ਦਾ, ਸਦਾ ਸਵਾਰਨ ਕਾਜ।

ਭਾਵੇਂ ਵਾਂਗਰ ਰਾਜਿਆਂ, ਉਹਦਾ ਜੀਵਨ ਢੰਗ।

ਫਿਰ ਵੀ ਰਾਜਾ ਬਣਨ ਦੀ, ਦਿਲ ਵਿੱਚ ਰਹੇ ਉਮੰਗ।

ਹੀਰਾ ਸਿੰਘ ਸੰਗ ਇੱਕ ਵਾਰ, ਕੀਤੀ ਓਸ ਵੀਚਾਰ।

ਜਿੱਤ ਜੀਂਦ ਸੰਗਰੂਰ ਨੂੰ, ਨਾਭਾ ਲਈਏ ਮਾਰ।

ਬਦਨ ਸਿੰਘ ਨੂੰ ਸੌਂਪਣਾ, ਫਿਰ ਏਥੋਂ ਦਾ ਰਾਜ।

ਇਹ ਮਸਲਾਇਤ ਬੈਠ ਕੇ, ਲੀਤੀ ਉਹਨਾਂ ਸਾਜ।

ਬਦਨ ਸਿੰਘ ਨੇ ਆਖਿਆ, ਸਾਰੀ ਬਾਤ ਵੀਚਾਰ।

ਲੋੜ ਤੁਹਾਨੂੰ ਪਈ ਜੇ, ਮੈਂ ਦੇਵਾਂ ਹਥਿਆਰ।

ਮੈਂ ਤੁਹਾਡੀ ਕਰਾਂਗਾ, ਪੂਰੀ ਸਾਰੀ ਲੋੜ।

ਜਦ ਵੀ ਹਮਲਾ ਕਰਨ ਦਾ, ਬਣੇ ਤੁਸਾਂ ਦਾ ਜੋੜ।

ਸਿੰਘਾਂ ਕੋਲ ਨਹੀਂ ਸਨ, ਖਾਸ ਕੋਈ ਹਥਿਆਰ।

ਜਿਹੜੇ ਹੱਥੀਂ ਪਕੜ ਕੇ, ਲੈਣ ਕੋਟਲਾ ਮਾਰ।

ਹੀਰਾ ਸਿੰਘ ਨੇ ਸੋਚਿਆ, ਬਦਨ ਸਿੰਘ ਤੋਂ ਜਾ।

ਲੋੜੀਂਦੇ ਹਥਿਆਰ ਲੈ, ਅੱਗੇ ਜਾਈਏ ਧਾ।

ਏਸੇ ਲਈ ਮਲੌਦ ਵਿੱਚ, ਉਹ ਪਹੁੰਚੇ ਕਰ ਖਿੱਚ।

ਰਾਤ ਹਨੇਰੇ ਪਏ ਜਾ, ਵੜੇ ਕਿਲੇ ਦੇ ਵਿੱਚ।

ਦਿਨ ਸੀ ਚੌਂਦਾਂ ਜਨਵਰੀ, ਪਾਠਕ ਕਰੋ ਖਿਆਲ।

ਅਠਾਰਾਂ ਸੌ ਬਹੱਤਰਾ, ਜਾਣ ਈਸਵੀ ਸਾਲ।

ਉਨੀ ਸੌ ਅਠਾਈ ਦਾ, ਵਰ੍ਹਾ ਬਿਕਰਮੀ ਜਾਣ।

ਤਿੰਨ ਮਾਘ ਦੀ ਥਿੱਤ ਨੂੰ, ਪਹੁੰਚੇ ਓਥੇ ਆਣ।

ਬਦਨ ਸਿੰਘ ਨੂੰ ਖਾਲਸੇ, ਮਨਸ਼ਾ ਦੱਸੀ ਆਪ।

ਲਹੁਣਾ ਜਾ ਕੇ ਕੋਟਲੇ, ਗਊਆਂ ਤੋਂ ਸੰਤਾਪ।

ਤੂੰ ਵੀ ਨੇਕੀ ਖੱਟ ਲੈ, ਦੇ ਸਾਨੂੰ ਹਥਿਆਰ।

ਕਰ ਕੇ ਕਾਰਜ ਧਰਮ ਦਾ, ਅੱਗਾ ਲਵੀਂ ਸਵਾਰ।

ਬਦਨ ਸਿੰਘ ਨੇ ਸੋਚਿਆ, ਕੂਕੇ ਕਰਨ ਕਲੇਸ਼।

ਮੇਰੀ ਚੌਧਰ ਗੋਰਿਆਂ, ਕਰਕੇ ਬਣੀ ਵਿਸ਼ੇਸ਼।

ਨਾਲ ਕੂਕਿਆਂ ਓਸ ਦਾ, ਇੱਟ ਕੁੱਤੇ ਦਾ ਵੈਰ।

ਜੇ ਦਿੱਤੇ ਹਥਿਆਰ ਮੈਂ, ਫੇਰ ਨਾ ਮੇਰੀ ਖੈਰ।

ਮੈਨੂੰ ਕੀ ਜੇ ਜ਼ਾਲਮਾਂ, ਕੀਤੇ ਅੱਤਿਆਚਾਰ।

ਬੁੱਚੜ ਗਊਆਂ ਮਾਰਦੇ, ਮੈਨੂੰ ਕਾਹਦਾ ਭਾਰ।

ਮੁਸਲਮਾਨਾਂ ਨਾਲ ਮੈਂ, ਪਾਵਾਂ ਕਿਉਂ ਵਿਗਾੜ।

ਕਿਉਂਕਿ ਰੱਖੇ ਓਸ ਨੇ, ਸਾਰੇ ਸਿਰ ਤੇ ਚਾੜ੍ਹ।

ਰੱਖੇ ਉਸ ਕਸ਼ਮੀਰੀਏ, ਓਥੇ ਸਾ ਪ੍ਰੀਵਾਰ।



Sri Satguru Jagjit Singh Ji eLibrary NamdhariElibrary@gmail.com

ਉਹ ਰਸੋਈਏ ਓਸ ਦੇ, ਉਹੋ ਉਹਦੇ ਯਾਰ।

ਉਸ ਉਹਨਾਂ ਦੀਆਂ ਔਰਤਾਂ, ਰੱਖੀਆਂ ਵਾਂਗ ਰਖੇਲ।

ਸੋਚ ਰਿਹਾ ਕਿ ਵਿਗੜ ਨਾ, ਜਾਵੇ ਮੇਰਾ ਖੇਲ।

ਦੇਸ਼ ਧਰਮ ਦਾ ਓਸ ਨੂੰ, ਨਾ ਬਹੁਤਾ ਕੋਈ ਹੇਤ।

ਆਪਣਿਆਂ ਦੇ ਵਾਸਤੇ, ਹੋਇਆ ਖ਼ੂਨ ਸਵੇਤ।

ਸੀ ਪਿਆਰਾ ਆਪਣਾ, ਉਹਨੂੰ ਐਸ਼ ਅਰਾਮ।

ਜੋ ਜ਼ਮੀਰ ਵੇਚ ਕੇ, ਲੀਤਾ ਓਸ ਇਨਾਮ।

ਬਦਲ ਜ਼ੁਬਾਨੋਂ ਗਿਆ, ਉਹ ਕਰ ਦਿੱਤਾ ਇਨਕਾਰ।

ਆਖਣ ਲੱਗਾ ਮੂਲ ਨਾ, ਮੈਂ ਦੇਣੇ ਹਥਿਆਰ।

ਮਾਲਕ ਪਾਲਕ ਅਸਾਂ ਦੇ, ਹੈਨ ਭਲੇ ਅੰਗ੍ਰੇਜ਼।

ਸਵੀਂਏ ਉਹਨਾਂ ਆਸਰੇ, ਅਸੀਂ ਸੁੱਖਾਂ ਦੀ ਸੇਜ।

ਇਹਨਾਂ ਤਾਂ ਕਰ ਛੱਡਿਐ, ਰਾਮ ਰਾਜ ਨੂੰ ਮਾਤ।

ਦਿੱਤੇ ਹਿੰਦੋਸਤਾਨ ਨੂੰ, ਗੋਰੇ ਰੱਬ ਸੌਗਾਤ।

ਅਸਾਂ ਅਕਾਲ ਤਖਤ ਤੇ, ਲਿਆ ਗੁਰਮਤਾ ਸੋਧ।

ਭੁੱਲੇ ਸਿੱਖਾਂ ਨੂੰ ਹੁਣ, ਅਸਾਂ ਕਰਾਉਣਾ ਬੋਧ।

ਜਾਰੀ ਕੀਤਾ ਖਾਲਸੇ, ਇੱਕ ਨਵਾਂ ਫੁਰਮਾਨ।

ਟੋਪੀ ਵਾਲੇ ਸਿੱਖ ਦਾ, ਸਦਾ ਕਰੋ ਗੁਣਗਾਨ।

ਜੁੱਗ ਜੁੱਗ ਰਾਜ ਸਵਾਇਆ, ਕਹੇ ਕਰੋ ਅਰਦਾਸ।



Sri Satguru Jagjit Singh Ji eLibrary NamdhariElibrary@gmail.com

ਸਦਾ ਅਸੀਂ ਅੰਗ੍ਰੇਜ਼ ਦੇ, ਰਹੀਏ ਬਣ ਕੇ ਦਾਸ।

ਗੁੱਸਾ ਚੜ੍ਹਿਆ ਸੂਰਿਆਂ, ਏਨਾਂ ਸੁਣਦੇ ਸਾਰ।

ਪਾਰਾ ਪਹੁੰਚਾ ਸਿਰੇ ਤੇ, ਹੋਇਆ ਅਣਖ ਬੁਖਾਰ।

ਬਿਜਲੀ ਕੜਕੀ ਕਹਿਰ ਦੀ, ਬਦਨ ਸਿੰਘ ਸਿਰ ਆਣ।

ਇਹ ਵੇਖਦਿਆਂ ਓਸ ਦੇ, ਹੋਏ ਖ਼ੁਸ਼ਕ ਪ੍ਰਾਣ।

ਪਰ ਨਾ ਆਈ ਅੰਬਰੋਂ, ਇਹ ਧਰਤੀ ਦੀ ਨਾਰ।

ਗੂੰਜੀ ਫਿਰ ਫਿਜ਼ਾ ਦੇ, ਉਹਦੀ ਇੱਕ ਲਲਕਾਰ।

ਆਖੇ ਲਾਈ ਕੰਜਰਾ, ਤੂੰ ਸਿੱਖੀ ਨੂੰ ਲਾਜ।

ਕੁੱਤਾ ਤੂੰ ਅੰਗ੍ਰੇਜ਼ ਦਾ, ਖੁੱਲ੍ਹ ਗਿਆ ਹੁਣ ਪਾਜ।

ਪਾਈ ਬੈਠੇਂ ਗਿੱਦੜਾ, ਤੂੰ ਸ਼ੇਰ ਦੀ ਖੱਲ।

ਸਿੱਖੀ ਸਮਝੀ ਤੁਸਾਂ ਨੇ, ਐਸੀ ਵੈਸੀ ਗੱਲ।

ਸਿਰ ਤੇਰੇ ਜਿਹੇ ਗਿੱਦੜਾਂ, ਗੋਰਾ ਕਰਦਾ ਰਾਜ।

ਖੋਹ ਲੈਣੇ ਪਰ ਸੂਰਿਆਂ, ਛੇਤੀ ਉਹਦਾ ਤਾਜ।

ਏਨਾ ਸੁਣਦੇ ਪਈ ਇੱਕ, ਤਿੱਖੀ ਜਿਹੀ ਚਮਕਾਰ।

ਜਿੱਦਾਂ ਲਿਸ਼ਕੇ ਦਾਮਨੀ, ਬੱਦਲ ਦੇ ਵਿਚਕਾਰ।

ਆਇਆ ਸਫ਼ਾਜੰਗ ਦਾ, ਅੱਖ ਪਲਕ ਵਿੱਚ ਵਾਰ।

ਇੰਦ ਕੌਰ ਨੇ ਮਾਰਿਆ, ਮੱਥੇ ਦੇ ਵਿਚਕਾਰ।

ਛੁੱਟੀ ਝਟ ਪਟ ਮੱਥਿਓਂ, ਆਣ ਲਹੂ ਦੀ ਧਾਰ।

ਬਦਨ ਸਿੰਘ ਦਾ ਇਸ ਤਰ੍ਹਾਂ, ਲਾਹਿਆ ਤੇਜ਼ ਬੁਖਾਰ।

ਡਰਦਾ ਮਾਰਾ ਦੌੜ ਕੇ, ਓਥੋਂ ਹੋਇਆ ਤੀਰ।

ਵੜਿਆ ਵਿੱਚ ਜਨਾਨੀਆਂ, ਵੇਖੋ ਛੇੜ ਮਖੀਰ।

ਪਿੱਛੋਂ ਭੱਜੇ ਜਾਂਦਿਆਂ, ਸਿੰਘਾਂ ਡਾਂਗਾਂ ਮਾਰ।

ਉਸ ਗੀਦੀ ਦੀ ਪਿੱਠ ਤੇ, ਕੀਤੇ ਛੇ ਸੱਤ ਵਾਰ।

ਵੇਖ ਹਸ਼ਰ ਇਹ ਓਸ ਦਾ, ਉਹਦੇ ਟੁੱਕੜ ਬੋਚ।

ਆਣ ਚੁਫੇਰੇ ਘੱਤਿਆ, ਘੇਰਾ ਏਦਾਂ ਸੋਚ।

ਅਸੀਂ ਦਿਆਂਗੇ ਕੂਕਿਆਂ ਹੁਣੇ ਘੇਰ ਕੇ ਤਾੜ।

ਮਸਤੀ ਲਾਹੀਏ ਇਹਨਾਂ ਦੀ, ਕਰ ਕੇ ਬੰਦ ਕਵਾੜ।

ਐਪਰ ਉਹ ਨਾ ਜਾਣਦੇ, ਇਹ ਹੀਰੇ ਅਨਮੋਲ।

ਨਾਲ ਮੌਤ ਦੇ ਕਰਨ ਲਈ, ਨਿਕਲੇ ਅੱਜ ਕਲੋਲ।

ਹੀਰਾ ਸਿੰਘ ਨੇ ਆਖਿਆ, ਉੱਚੀ ਫਿਰ ਲਲਕਾਰ।

ਪਿੱਛੇ ਜਾਓ ਹਟ ਤੁਸੀਂ, ਕਰੋ ਨਹੀਂ ਤਕਰਾਰ।

ਸਾਡਾ ਵੈਰੀ ਨਹੀਂ ਹੈ, ਹਿੰਦੂ ਮੁਸਲਮਾਨ।

ਜਿਹੜਾ ਅਣਖ ਵੰਗਾਰਦਾ, ਉਹਦੇ ਦੁਸ਼ਮਣ ਜਾਨ।

ਲੈਣ ਆਏ ਹਥਿਆਰ ਹਾਂ, ਕਰਨ ਨਾ ਆਏ ਜੰਗ।

ਬਚਨ ਪਲਟ ਸਰਦਾਰ ਨੇ, ਰੰਗ ’ਚ ਪਾਇਆ ਭੰਗ।

ਆਣ ਪਏ ਕਸ਼ਮੀਰੀਏ, ਅਤੇ ਸਿੱਖ ਸਰਦਾਰ।

ਲੜਨਾ ਪੈ ਗਿਆ ਕੂਕਿਆਂ, ਕੀਤੇ ਨੇ ਹੱਥ ਚਾਰ।

ਏਧਰ ਫਿਰਦੇ ਸੂਰਮੇ, ਸੀਸ ਤਲੀ ਤੇ ਰੱਖ।

ਉੱਡ ਗਏ ਸਭ ਚਾਟੜੇ, ਵਾਂਗਰ ਸੁੱਕੇ ਕੱਖ।

ਮੁਨਸ਼ੀ ਨਬੀ ਬਖ਼ਸ਼, ਤੇ ਬੂਟਾ ਕੋਚਵਾਨ।

ਮਰ ਹੱਥੋਂ ਮਸਤਾਨਿਆਂ, ਮੁਫ਼ਤ ਗਵਾਈ ਜਾਨ।

ਦੋ ਸ਼ਹੀਦੀ ਜਥੇ ’ਚੋਂ, ਹੋਏ ਸਿੰਘ ਸ਼ਹੀਦ।

ਜ਼ਖ਼ਮੀ ਹੋਏ ਚਾਰ ਹੋਰ, ਹੋਏ ਨਹੀਂ ਕਸ਼ੀਦ।

ਲੋਕਾਂ ਪਕੜ ਪੁਲੀਸ ਨੂੰ, ਦਿੱਤੇ ਝੱਟ ਫੜਾ।

ਜਿਹੜੇ ਜ਼ਖ਼ਮੀ ਤੁਰਨ ਤੋਂ, ਅਟਕ ਗਏ ਵਿੱਚ ਰਾਹ।

ਇੰਦ ਕੌਰ ਦਾ ਪਤੀ ਸੀ, ਨੰਦ ਸਿੰਘ ਸਰਦਾਰ।

ਅਤਰ ਸਿੰਘ ਦੇ ਨਾਲ ਉਹ, ਗੁਰਪੁਰ ਗਿਆ ਸਿਧਾਰ।

ਸਿੰਘ ਭਗਵਾਨ ਗਿਆਨ ਸਿੰਘ, ਥੰਮਣ ਸਿੰਘ ਸਿੰਘ ਮਿਹਰ।

ਜ਼ਖ਼ਮੀ ਹੋਏ ਜਾਣਿਓਂ, ਚਾਰੇ ਸਿੰਘ ਦਲੇਰ।

ਸਿੰਘਾਂ ਕੱਢੇ ਜ਼ਬਰ ਥੀਂ, ਫਿਰ ਓਥੋਂ ਹਥਿਆਰ।

ਘੋੜੇ ਲੀਤੇ ਨਾਲ ਦੋ, ਫੜੀ ਤੇਜ਼ ਰਫਤਾਰ।

ਰਹੀ ਲੋਕਾਈ ਵੇਖਦੀ, ਖੁੱਲ੍ਹੇ ਰਹਿ ਗਏ ਵਾਤ।

ਹਰਨ ਹੋ ਗਿਆ ਖਾਲਸਾ, ਓਥੋਂ ਰਾਤੋ ਰਾਤ।

ਦਾਰੂ ਸਿੱਕਾ ਜੋ ਵੀ, ਆਇਆ ਉਹਨਾਂ ਹੱਥ।

ਕਰਦੇ ਮਾਰੋ ਮਾਰ ਉਹ, ਤੁਰੇ ਅਵੱਲੇ ਪੱਥ।

ਅੱਗੇ ਹੈ ਸੀ ਕੋਟਲਾ, ਸੱਤ ਕੋਸ ਦੀ ਵਾਟ।

ਸੂਰਜ ਡਰਦਾ ਠੰਡ ਤੋਂ, ਢੱਕੀ ਪਿਆ ਲਲਾਟ।

ਡਰਦੀ ਖਲਕਤ ਠੰਡ ਤੋਂ, ਪਈ ਰਜਾਈਆਂ ਘੁੱਟ।

ਅਜੇ ਵਿੱਚ ਅਸਮਾਨ ਦੇ, ਤਾਰੇ ਰਹੇ ਨੇ ਟੁੱਟ।

ਹੀਰਾ ਸਿੰਘ ਤੇ ਲਹਿਣਾ ਸਿੰਘ, ਹੋਏ ਘੋੜ ਸਵਾਰ।

ਬਾਕੀ ਪੈਦਲ ਨਾਲ ਹੀ, ਚੱਲੇ ਛਾਲਾਂ ਮਾਰ।

ਕੋਲ ਕੋਟਲੇ ਪਹੁੰਚ ਕੇ, ਲੀਤੀ ਸਾਰੀ ਸਾਰ।

ਕਿੱਦਾਂ ਹੱਲਾ ਬੋਲਣਾ, ਕੀਤੀ ਸੋਚ ਵੀਚਾਰ।

ਇੱਕ ਪੁਰਾਣੇ ਬਾਗ ਵਿੱਚ, ਬੈਠ ਗਏ ਉਹ ਜਾ।

ਓਥੇ ਅਗਲੇ ਕਾਜ ਦੀ, ਲੀਤੀ ਬਣਤ ਬਣਾ।

ਉੱਚੀ ਉੱਚੀ ਕੋਟਲੇ ਦੇ, ਸੀ ਕੰਧ ਚੁਫੇਰ।

ਪਹਿਰਾ ਲੱਗਾ ਠੀਕਰੀ, ਦਿੱਤੀ ਪੁਲਿਸ ਖਲੇਰ।

ਕੀਤੇ ਉਹਨਾਂ ਅੰਦਰੋਂ, ਸਭ ਦਰਵਾਜ਼ੇ ਬੰਦ।

ਮਰਜੀਵੜੇ ਫਾਹੁਣ ਲਈ, ਲਾਈ ਬੈਠੇ ਫੰਧ।

ਐਪਰ ਜਿਸ ਦੇ ਸਤਿਗੁਰੂ, ਹੋਵੇ ਹਰਦਮ ਨਾਲ।

ਬਿਨਾ ਹੁਕਮ ਤੋਂ ਓਸ ਦਾ, ਹੋਏ ਨਾ ਵਿੰਗਾ ਵਾਲ।

ਜਾਇਜ਼ਾ ਲਿਆ ਚੁਫੇਰ ਦਾ, ਕਿਵੇਂ ਲਗਾਉਣਾ ਫੰਧ।



. Sri Satguru Jagjit Singh Ji eLibrary NamdhariElibrary@gmail.com .

ਢੱਠੀ ਢਾਬੀ ਗੇਟ ਵੱਲ, ਡਿੱਠੀ ਥੋੜ੍ਹੀ ਕੰਧ।
ਦਿੱਤਾ ਓਥੋਂ ਲੰਘ ਕੇ, ਸੀ ਦਰਵਾਜ਼ਾ ਖੋਹਲ।
ਜਥਾ ਸ਼ਹੀਦੀ ਲੰਘਿਆ, ਅੰਦਰ ਫੇਰ ਅਡੋਲ।
ਬਦਲਾ ਕੋਤਵਾਲ ਤੋਂ, ਸੋਚਣ ਲਈਏ ਜਾ।
ਜਿਨ੍ਹੇ ਦਿੱਤਾ ਸਿੰਘ ਦੇ, ਸਾਹਵੇਂ ਬੈਲ ਕੁਹਾ।
ਚੋਰ ਮਾਰਾਂ ਦਾ ਜੋ, ਕੂਚਾ ਸੀ ਮਸ਼ਹੂਰ।
ਬੁੱਚੜ ਓਥੇ ਵਸਦੇ, ਵਿੱਚ ਹਉਮੈ ਮਗਰੂਰ।
ਏਸ ਬਾਤ ਨੂੰ ਰੋਕ ਕੇ, ਦੱਸਾਂ ਹੋਰ ਹਵਾਲ।
ਕਿੱਦਾਂ ਗੋਰਾ ਚੱਲਦਾ, ਵੇਖੋ ਅਗਲੀ ਚਾਲ।

## ਸਤਿਗੁਰੂ ਜੀ ਨੂੰ ਸੱਦ ਭੇਜਣਾ

ਲੁਧੇਆਣੇ ਜ਼ਿਲ੍ਹੇ ਦਾ, ਡੀ. ਸੀ. ਬੇਈਮਾਨ।
ਕਾਵਨ ਜਿਸਦਾ ਨਾਮ ਸੀ, ਉਹ ਅਬਲੀਸ ਸ਼ੈਤਾਨ।
ਕਿਸੇ ਅਨੋਖੀ ਖਬਰ ਦੀ, ਬੈਠਾ ਵਿੱਚ ਉਡੀਕ।
ਏਸ ਲਈ ਨਾ ਓਸ ਨੇ, ਕੂਕੇ ਰੋਕੇ ਠੀਕ।
ਆਈ ਖਬਰ ਮਲੌਦ ਤੋਂ, ਪੁੰਨੀ ਮਨ ਦੀ ਬਾਤ।
ਕਾਵਨ ਨੂੰ ਇਹ ਜਾਣਿਓਂ, ਘਟਨਾ ਮਿਲੀ ਸੌਗਾਤ।



Sri Satguru Jagjit Singh Ji eLibrary NamdhariElibrary@gmail.com

ਆਈ ਪੰਦਰਾਂ ਜਨਵਰੀ, ਖ਼ਬਰ ਮਿਲਦਿਆਂ ਸਾਰ।

ਵਿੱਚ ਅੰਬਾਲੇ ਫੋਰਸਿਥ, ਤਾਈਂ ਭੇਜੀ ਤਾਰ।

ਦੂਜਾ ਨਾਇਬ ਤਸੀਲਦਾਰ, ਲਹਿਣਾ ਸਿੰਘ ਨੂੰ ਘੱਲ।

ਸਤਿਗੁਰ ਜੀ ਨੂੰ ਆਖਿਆ, ਆਓ ਮਲੌਦ ਚੱਲ।

ਸੁਣ ਸੁਨੇਹਾ ਓਸ ਦਾ, ਸਤਿਗੁਰ ਹੋਏ ਤਿਆਰ।

ਸੁਰਖੀ ਘੋੜੀ ਤੇ ਉਹ, ਹੋ ਤੁਰੇ ਅਸਵਾਰ।

ਘੋੜ ਸਵਾਰ ਸੋਭਦੇ, ਪੰਜੇ ਸੂਬੇ ਨਾਲ

ਕਾਹਨ ਸਿੰਘ ਜਵਾਹਰ ਸਿੰਘ, ਸਿੰਘ ਖਜ਼ਾਨ ਸੰਭਾਲ।

ਜੋਗਾ ਸਿੰਘ ਤੇ ਸਾਹਿਬ ਸਿੰਘ, ਚੱਲੇ ਖਾਸ ਸਰੀਰ।

ਅੱਗੇ ਜਾਂਦੀ ਸੋਂਹਵਦੀ, ਉਹ ਮੋਹਣੀ ਤਸਵੀਰ।

ਪਹੁੰਚੇ ਜਾ ਮਲੌਦ ਉਹ, ਵੇਲਾ ਵਕਤ ਦੁਪਹਿਰ।

ਜਿੱਥੇ ਆਖਣ ਕੂਕਿਆਂ, ਲੁੱਟਿਆ ਕਰਕੇ ਕਹਿਰ।

ਡੀ. ਸੀ. ਕਾਵਨ ਓਸ ਥਾਂ, ਲੈ ਕੇ ਅਫ਼ਸਰ ਨਾਲ।

ਪਹੁੰਚ ਗਿਆ ਤਫ਼ਤੀਸ਼ ਤੇ, ਜਾਣ ਰਿਹਾ ਸੀ ਹਾਲ।

ਏਥੇ ਆ ਕੇ ਓਸ ਨੂੰ, ਖ਼ਬਰਾਂ ਮਿਲੀਆਂ ਹੋਰ।

ਗਏ ਮਲੇਰਕੋਟਲੇ ਨੂੰ, ਕੂਕੇ ਝਕਝੋਰ।

ਪਈ ਕੋਟਲੇ ਜਾਣ ਦੀ, ਫਿਰ ਉਹਨਾਂ ਨੂੰ ਕਾਹਲ।

ਸਤਿਗੁਰ ਜੀ ਨੂੰ ਆਖ ਕੇ, ਇੰਜ ਤੁਰੇ ਤਤਕਾਲ।



Sri Satguru Jagjit Singh Ji eLibrary NamdhariElibrary@gmail.com

ਸਿੱਖ ਤੁਹਾਡੇ ਕਰ ਰਹੇ, ਖ਼ੂਨ ਖਰਾਬਾ ਢੇਰ।

ਇਹ ਤੁਹਾਡੀ ਸ਼ਹਿ ਤੇ, ਢਾਹੁੰਦੇ ਕਹਿਰ ਹਨੇਰ।

ਲੋੜ ਪੈਣ ਤੇ ਲਵਾਂਗੇ, ਲੁਧੇਆਣੇ ਸੱਦ।

ਅਜੇ ਤੁਸਾਂ ਨਾ ਛੱਡਣੀ, ਉਹ ਭੈਣੀ ਦੀ ਹੱਦ।

ਪਰਤੇ ਵਾਪਸ ਸਤਿਗੁਰੂ, ਵਾਪਸ ਭੈਣੀ ਵੱਲ।

ਅਫ਼ਸਰ ਸਾਰੇ ਕੋਟਲੇ, ਪਹੁੰਚੇ ਓਥੋਂ ਚੱਲ।

ਓਥੇ ਜਾ ਕੇ ਜਾਣਿਆਂ, ਉਹਨੇ ਸਾਰਾ ਹਾਲ।

ਕੀਤੇ ਜ਼ਾਲਮ ਕਿਸ ਤਰ੍ਹਾਂ, ਸਿੰਘਾਂ ਕਹਿਣ ਹਲਾਲ।

## ਕੋਟਲੇ ਦਾ ਸਾਕਾ

ਆਓ ਵਾਪਸ ਅਸੀਂ ਵੀ, ਆਈਏ ਓਥੇ ਫੇਰ।

ਵੜੇ ਖਾਲਸੇ ਕੋਟਲੇ, ਕੀਤੇ ਜਰਾ ਅਦੇਰ।

ਜਿੱਥੇ ਬੁੱਚੜ ਮਾਰਦੇ, ਸਨ ਗਊਆਂ ਦੇ ਵੱਗ।

ਉਹ ਮੁਹੱਲਾ ਚਿੜੀ ਮਾਰ, ਕਰਕੇ ਜਾਣੇ ਜੱਗ।

ਏਥੇ ਹੀ ਸੀ ਕੋਤਵਾਲ, ਜਿਨ੍ਹੇ ਛੇੜੀ ਛੇੜ।

ਏਸੇ ਕਾਰਨ ਅੱਜ ਇਹ, ਹੋਣਾ ਵੱਡਾ ਭੇੜ।

ਹੀਰਾ ਸਿੰਘ ਨੇ ਜਥੇ ਨੂੰ, ਕੀਤੀ ਰੋਕ ਤਾਕੀਦ।



Sri Satguru Jagjit Singh Ji eLibrary NamdhariElibrary@gmail.com

ਚੀਨੀ ਵਾਲੇ ਦੇ ਅਸੀਂ, ਸੱਚੇ ਸਾਫ਼ ਮੁਰੀਦ।

ਸੱਚ ਧਰਮ ਦੇ ਧਾਰਨੀ, ਖਾਈਏ ਆਪਣਾ ਹੱਕ।

ਜ਼ੁਲਮ ਨਾ ਕਰੀਏ ਕਿਸੇ, ਤੇ ਮਾੜਾ ਵੇਖ ਨਿਹੱਕ।

ਹੱਲਾ ਕਰਕੇ ਅਸਾਂ ਹੈ, ਭਾਜੀ ਦੇਣੀ ਮੋੜ।

ਐਪਰ ਰੱਖਣਾ ਨਹੀਂ ਹੈ, ਵਿੱਚ ਦਿਲਾਂ ਦੇ ਕੋਹੜ।

ਨਾ ਕਿਸੇ ਵੀ ਵਸਤ ਨੂੰ, ਤੁਸਾਂ ਛੁਹਾਉਣਾ ਹੱਥ।

ਭਾਵੇਂ ਕਿੰਨੀ ਕੀਮਤੀ, ਹੋਵੇ ਕੋਈ ਵੱਥ।

ਭੁੱਲ ਕੇ ਨਾਰੀ ਕਿਸੇ ਨੂੰ, ਬੁਰੀ ਨਜ਼ਰ ਦੇ ਨਾਲ।

ਤੁਸਾਂ ਮੂਲ ਨਾ ਤੱਕਣਾ, ਰੱਖਣਾ ਸਦਾ ਖਿਆਲ।

ਅੱਗੇ ਆਇਆ ਵੇਖ ਕੇ, ਬਾਲ ਬਿਰਧ ਨਿਰਦੋਸ਼।

ਹੱਥ ਉਠਾਉਣਾ ਮੂਲ ਨਾ, ਰੱਖਣੀ ਕਾਇਮ ਹੋਸ਼।

### ਸਿੰਘਾਂ ਨੇ ਹੱਲਾ ਬੋਲਣਾ

ਜਾਂ ਸਿੰਘਾਂ ਅੰਦਰ ਵੜਦਿਆਂ ਛੱਡੇ ਜੈਕਾਰੇ।

ਹਫੜਾ ਦਫੜੀ ਮੱਚ ਗਈ ਸੁਣ ਕੇ ਲਲਕਾਰੇ।

ਤੇ ਚੀਕ ਚਿਹਾੜਾ ਪੈ ਗਿਆ ਕੂਚੇ ਦੇ ਅੰਦਰ।

ਡਰਦੇ ਲੋਕੀਂ ਨੱਚਦੇ ਜਿਉਂ ਨੱਚੇ ਬੰਦਰ।

ਐਪਰ ਆਮ ਲੋਕਾਈ ਦੇ ਨਾ ਕੂਕੇ ਵੈਰੀ।

ਉਹਨਾਂ ਦੀ ਤਾਂ ਬੁੱਚੜਾਂ ਉੱਤੇ ਅੱਖ ਕੈਰੀ।

ਕੋਤਵਾਲ ਜਾ ਸੋਧਣਾ ਜਿਸ ਬੈਲ ਕੁਹਾਇਆ।

ਕਾਜ਼ੀ ਲੱਭ ਕੇ ਮਾਰਨਾ ਜਿਸ ਫਤਵਾ ਲਾਇਆ।

ਲੱਭੇ ਕਿਤੇ ਕਰੂੰਜੜਾ ਝਟ ਮਜ਼ਾ ਚਖਾਈਏ।

ਇੱਜ਼ਤ ਗੁਰਮੁਖ ਸਿੰਘ ਦੀ ਇੰਜ ਮੋੜ ਲਿਆਈਏ।

ਲੈ ਤਲਵਾਰਾਂ ਨੰਗੀਆਂ ਹੀਰਾ ਤੇ ਲਹਿਣਾ।

ਆਖਣ ਹੱਲਾ ਬੋਲਦੇ ਹੁਣ ਜ਼ੁਲਮ ਨਾ ਸਹਿਣਾ।

## ਬੁੱਚੜ ਮਾਰਨੇ

ਉਹਨਾਂ ਟੋਲ ਟੋਲ ਕੇ ਬੁੱਚੜਾਂ ਤੇ ਤੇਗ ਚਲਾਈ।

ਸਭ ਵੱਢ ਵੱਢ ਕੀਤੇ ਡੱਕਰੇ ਜੋ ਅੜੇ ਕਸਾਈ।

ਫਿਰ ਲੱਗੀ ਕਰਨ ਮੁਕਾਬਲਾ ਆ ਪਈ ਲੋਕਾਈ।

ਪਰ ਜਾਂਦੀ ਤੇਗ ਬਹਾਦਰਾਂ ਜਮਪੁਰੀ ਪੁਚਾਈ।

ਉਹ ਪਿੱਛੇ ਮੂਲ ਨਾ ਹਟਦੇ ਕਰ ਪੈਂਦੇ ਧਾਈ।

ਫੜ ਬੁੱਚੜ ਮਾਰਨ ਟੋਲ ਕੇ ਕਰ ਦੇਣ ਸਫ਼ਾਈ।

ਫਿਰ ਅੜਿਆ ਆਣ ਕਰੂੰਜੜਾ ਥਾਂ ਤੇ ਝਟਕਾਇਆ।

ਫਿਰ ਉਹਨਾਂ ਕਾਜੀ ਲੱਭਿਆ ਜਿਸ ਫਤਵਾ ਲਾਇਆ।

ਤੇ ਝੱਟ ਸ਼ਹੀਦੀ ਜਥੇ ਨੇ ਮੂੰਹ ਫੇਰ ਭਵਾਇਆ।

ਆ ਕੋਤਵਾਲੀ ਸਾਹਮਣੇ ਲਲਕਾਰਾ ਲਾਇਆ।

ਅੱਗੋਂ ਕੋਤਵਾਲ ਨਿਕਲਿਆ ਲੈ ਨਾਲ ਸਿਪਾਹੀ।

ਉਸ ਨਾਲ ਕਰਨ ਮੁਕਾਬਲਾ ਕਰ ਕਰ ਕੇ ਧਾਈ।

ਪਰ ਕੂਕੇ ਅੱਗੋਂ ਵੇਖ ਕੇ ਨਾ ਜਰਕੇ ਰਾਈ।

ਜਾਂ ਡਿੱਠਾ ਕੋਤਵਾਲ ਨੂੰ ਝੱਟ ਤੇਗ ਵਰ੍ਹਾਈ।

ਆ ਯੁੱਧ ਸਵੇਰੇ ਮੱਚਿਆ ਰੱਤ ਨਦੀ ਵਹਾਈ।

ਚੁਣ ਚੁਣ ਕੇ ਮਾਰੇ ਸੂਰਿਆਂ ਸੱਤ ਹੋਰ ਸਿਪਾਹੀ।

ਇੰਜ ਕੋਤਵਾਲ ਨੂੰ ਮਾਰ ਕੇ ਠੰਡ ਸੀਨੇ ਪਾਈ।

---o---

ਤੱਕ ਅਹਿਮਦ ਖਾਂ ਕੁਤਵਾਲ ਨੂੰ ਗੁਰਮੁਖ ਸਿੰਘ ਧਾਇਆ।

ਉਹ ਕਹੇ ਨਾ ਜਾਈਂ ਭੱਜ ਕੇ ਜੇ ਮਾਂ ਦਾ ਜਾਇਆ।

ਤੂੰ ਟੂੰਬੀ ਮੇਰੀ ਅਣਖ ਸੀ ਜਦ ਬੈਲ ਕੁਹਾਇਆ।

ਫੜ ਤੂੰ ਹੀ ਮੇਰੀ ਆਬਰੂ ਨੂੰ ਲਾਬੂ ਲਾਇਆ।

ਲੱਭ ਕਿੱਥੇ ਕਾਜੀ ਆਪਣਾ ਜਿਸ ਫਤਵਾ ਲਾਇਆ।

ਉਏ ਮੈਂ ਤਾਂ ਓਦਣ ਮਰ ਗਿਆ ਸਾਂ ਤੇਰਾ ਤਾਇਆ।

ਹਾਂ ਜਾਨ ਤਲੀ ਤੇ ਰੱਖ ਕੇ ਮੁੜ ਏਥੇ ਆਇਆ।

ਹੁਣ ਜੰਮਣ ਵਾਲੀ ਯਾਦ ਕਰ ਜਿਸ ਦੁੱਧ ਚੁੰਘਾਇਆ।

ਉਏ ਉਹ ਨਾ ਮਾਂ ਨੂੰ ਜੰਮਿਆ ਜਿਸ ਸਿੰਘ ਸਤਾਇਆ।

ਮੈਂ ਉਸ ਗੁਰੂ ਦਾ ਸਿੱਖ ਹਾਂ ਜਿਸ ਬਿਗਲ ਵਜਾਇਆ।

ਤੇ ਵਿੱਚ ਅਜ਼ਾਦੀ ਜੀਣ ਦਾ ਹੈ ਪਾਠ ਪੜ੍ਹਾਇਆ।

ਫਿਰ ਇਹ ਆਖ ਕੇ ਸੂਰਮੇ ਤਲਵਾਰ ਚਲਾਈ।

ਜੋ ਬਦਨ ਸਿੰਘ ਦੇ ਨੌਕਰਾਂ ਸੀ ਸਾਣ ਚੜ੍ਹਾਈ।

ਅੱਜ ਮਿੱਤਰ ਉਹਦਾ ਮਾਰਿਆ ਉਹਦੀ ਸਰਵਾਹੀ।

ਇੰਜ ਸਿਰ ਤੋਂ ਭਾਰੀ ਸੂਰਮੇ ਨੇ ਭਾਜੀ ਲਾਹੀ।

ਔਹ ਅਹਿਮਦ ਖਾਂ ਸੀ ਡਿੱਗਿਆ ਖਾ ਚੋਟ ਕਰਾਰੀ।

ਪਰ ਨਹੀਂ ਓਸ ਦੀ ਧਾੜ ਨੇ ਵੀ ਘੱਟ ਗੁਜ਼ਾਰੀ।

ਫਿਰ ਹੋਇਆ ਸਖਤ ਮੁਕਾਬਲਾ ਸੀ ਵਾਰੋ ਵਾਰੀ।

ਇਓਂ ਡੁੱਲ੍ਹਿਆ ਲਹੂ ਜ਼ਮੀਨ ਜਿਉਂ ਫੈਲੀ ਫੁਲਕਾਰੀ।

ਪਰ ਕੋਤਵਾਲ ਦੇ ਮਰਦਿਆਂ ਹੋਈ ਇੱਕ ਦਾਰੀ।

ਫਿਰ ਛੱਡ ਮੈਦਾਨ ਭੱਜ ਗਏ ਸਾਰੇ ਹੰਕਾਰੀ।

ਕਰ ਫਤਹਿ ਕੋਟਲਾ ਕੂਕਿਆਂ ਫਿਰ ਫਤਹਿ ਗੁਜਾਰੀ।

ਤੇ ਵਾਪਸ ਪਰਤੇ ਸੂਰਮੇ ਲਾਹ ਜ਼ੁਲਮੀ ਖਾਰੀ।

ਤੱਕ ਅਣਖ ਬਚਾ ਕੇ ਜ਼ੁਲਮ ਦੀ ਛੱਟ ਸਿਰੋਂ ਉਤਾਰੀ।

ਸੁਣ ਮਲਕਾ ਕੰਬੀ ਤਖਤ ਤੇ ਹੋ ਗਈ ਵਿਚਾਰੀ।

ਅਸਾਂ ਸੋਚੇ ਹਿੰਦੋਸਤਾਨ 'ਚੋਂ ਸਭ ਗੈਰਤ ਮਾਰੀ।

ਫਿਰ ਕਿੱਥੋਂ ਜੰਮੇ ਸੂਰਮੇ ਏਡੇ ਬਲਕਾਰੀ।

ਸਭ ਅਫ਼ਸਰ ਡਾਇਰੀ ਖੋਹਲ ਕੇ ਫਿਰ ਅੱਗੇ ਧਰਦੇ।

ਉਹ ਦੱਸਣ ਅੱਖੀਂ ਵੇਖਿਆ ਲਾਹ ਸਾਰੇ ਪਰਦੇ।

ਕੁਝ ਉੱਠੇ ਨਾਮਧਾਰੀਏ ਕੂਕੇ ਸਿਰਕਰਦੇ।

ਇਹ ਰਾਜ ਅਸਾਥੋਂ ਖੋਹਣ ਦੇ ਨਿੱਤ ਹੀਲੇ ਕਰਦੇ।

ਇਹ ਕਰਨ ਮਜ਼ਾਕਾਂ ਮੌਤ ਨੂੰ ਤੇ ਮੂਲ ਨਾ ਡਰਦੇ।

ਇਹ ਸਾਮਰਾਜ ਦਾ ਭੁੱਲ ਕੇ ਪਾਣੀ ਨਾ ਭਰਦੇ।

ਇਹ ਹੱਸ ਹੱਸ ਲਾੜੀ ਮੌਤ ਨੂੰ ਵੇਖੇ ਨੇ ਵਰ੍ਹਦੇ।

ਇਹ ਝੂਠ ਨਾ ਬੋਲਣ ਭੁੱਲ ਕੇ ਗੱਲ ਸੱਚੀ ਕਰਦੇ।

ਤੱਕ ਹਾਨੀ ਹੁੰਦੀ ਧਰਮ ਦੀ ਨਾ ਉੱਕਾ ਜਰਦੇ।

ਇਹ ਵੇਖੇ ਸ਼ਹੁ ਦਰਿਆ ਨੂੰ ਬਿਨ ਬੇੜੀ ਤਰਦੇ।

ਇਹ ਨਹੀਂ ਜ਼ਮੀਰਾਂ ਵੇਚਦੇ ਨਾ ਗਹਿਣੇ ਧਰਦੇ।

ਉਹ ਵਫਾਦਾਰ ਨਾ ਅਸਾਂ ਦੇ ਨਾ ਬਣਦੇ ਬਰਦੇ।

ਜੋ ਕੀੜੀ ਤੀਕ ਨਾ ਮਾਰਦੇ ਹਨ ਸ਼ਾਕਾਹਾਰੀ।

ਸਭ ਆਖਣ ਗਊਆਂ ਵਾਸਤੇ ਨੇ ਪਰਉਪਕਾਰੀ।

ਨੇ ਉੱਚ ਆਚਰਣ ਰੱਖਦੇ ਛੱਡ ਚੋਰੀ ਯਾਰੀ।

ਨਾ ਇਹਨਾਂ ਵਿੱਚੋਂ ਵੇਖਿਆ ਕੋਈ ਵਿਭਚਾਰੀ।

ਇਹ ਅੱਖਾਂ ਪੁੱਟ ਨਾ ਵੇਖਦੇ ਪਰ ਧਨ ਪਰ ਨਾਰੀ।

ਹੈ ਇੱਜ਼ਤ ਇਹਨਾਂ ਜਾਨ ਤੋਂ ਵੀ ਵੱਧ ਪਿਆਰੀ।

ਇਹ ਛਕਣ ਹਮੇਸ਼ਾਂ ਵੰਡ ਕੇ ਵੰਡ ਕਰਨ ਨਾ ਕਾਣੀ।

ਇਹ ਪਾਉਂਦੇ ਖੱਦਰ ਕੱਤ ਕੇ ਉਣ ਹੱਥੀਂ ਤਾਣੀ।

ਇਹ ਹੱਥੋਂ ਲੈ ਕੇ ਗ਼ੈਰ ਦੇ ਨਾ ਪੀਂਦੇ ਪਾਣੀ।

ਮੁੜ ਰਾਜ ਲੈਣ ਦੀ ਲਾਲਸਾ ਮਨ ਅੰਦਰ ਠਾਣੀ।

ਇਹ ਗਾਉਂਦੇ ਕੂਕਾਂ ਮਾਰ ਕੇ ਉੱਚੀ ਗੁਰਬਾਣੀ।

ਇਹ ਬਾਤ ਭੇਦ ਦੀ ਜਾਣਦੇ ਨਾ ਕਦੇ ਬਤਾਣੀ।

ਹੈ ਆਗੂ ਏਸ ਮੁਹਾਜ ਦਾ ਜਿਸ ਕੀਤੇ ਤਾਜਾ।

ਭੈਣੀ ਵਿੱਚ ਰਹਿੰਦਾ ਰਾਮ ਸਿੰਘ ਇਹਨਾਂ ਦਾ ਰਾਜਾ।

ਉਸ ਬਿਗੁਲ ਅਜ਼ਾਦੀ ਫੂਕਿਆ ਛੱਡ ਸਾਡਾ ਵਾਜਾ।

ਉਸ ਨਵੀਂ ਹਕੂਮਤ ਸਾਜ ਕੇ ਕਰ ਲਿਆ ਅਗਾਜਾ।

ਹੈ ਜਿੱਥੋਂ ਜਿੱਥੋਂ ਲੰਘਦੀ ਉਹਦੀ ਅਸਵਾਰੀ।

ਸਭ ਲੋਕੀਂ ਹੁੰਦੇ ਓਸ ਦੇ ਮਿਲ ਪਹਿਲੀ ਵਾਰੀ।

ਹੈ ਰਾਹਬਰ ਉਸ ਨੂੰ ਮੰਨਦੀ ਹੁਣ ਜਨਤਾ ਸਾਰੀ।

ਹੈ ਉਹਦੇ ਅੰਦਰ ਸੁਣੀਦੀ ਕੋਈ ਸ਼ਕਤੀ ਭਾਰੀ।

ਸਭ ਪੂਜਣ ਵਾਂਗਰ ਪ੍ਰਭੂ ਦੇ ਉਹਨੂੰ ਨਰ ਨਾਰੀ।

ਹੈ ਉਹਦੀ ਵਿੱਚ ਜ਼ੁਬਾਨ ਦੇ ਤਾਸੀਰ ਨਿਆਰੀ।

ਨਾ ਕੋਈ ਉਹਦੇ ਹੁਕਮ ਤੋਂ ਹੋਏ ਇਨਕਾਰੀ।

ਉਹ ਮੰਗੇ ਭੇਟਾ ਸੀਸ ਦੀ ਨਾ ਕਰਨ ਜੁਹਾਰੀ।

ਹੈ ਸਿਰਜੀ ਉੱਚ ਇਖਲਾਕ ਦੀ ਉਸ ਆਪ ਅਟਾਰੀ।

ਹੁਣ ਜਾਪੇ ਰਾਜ ਲੈਣ ਦੀ ਕਰ ਰਿਹਾ ਤਿਆਰੀ।

ਉਸ ਪਿੱਛੇ ਭੱਜ ਭੱਜ ਲੱਗਦੀ ਜਨਤਾ ਨਿੱਤ ਭਾਰੀ।

ਸਭ ਭਰਮ ਭੁਲੇਖੇ ਤੋੜ ਤੇ ਸੱਟ ਐਸੀ ਮਾਰੀ।

ਉਹ ਫੂਕ ਮਾਰ ਕੇ ਕੰਨ ਵਿੱਚ ਕੋਈ ਮੰਤਰ ਪੜ੍ਹਦਾ।

ਫਿਰ ਓਸੇ ਵੇਲੇ ਸਿੱਖ ਦੇ ਸਿਰ ਜਾਦੂ ਚੜ੍ਹਦਾ।

ਉਹ ਨਵੇਂ ਸਿਰੇ ਤੋਂ ਜਾਪਦਾ ਬੰਦੇ ਨੂੰ ਘੜਦਾ।

ਸੁਣ ਨਾਰਾਂ ਹੋਵਣ ਸ਼ੀਹਣੀਆਂ ਲਾਹ ਸੁੱਟਣ ਪਰਦਾ।

ਸਭ ਨਸ਼ਿਆਂ ਉੱਤੋਂ ਵਰਜ ਕੇ ਉਸ ਲੋਕ ਹਟਾਏ।

ਲਾ ਬਹੇ ਅਦਾਲਤ ਆਪਣੀ ਸੱਚ ਨਿਆਂ ਕਮਾਏ।

ਕੋ ਵਿੱਚ ਕਚਹਿਰੀ ਓਸ ਦਾ ਕੂਕਾ ਨਾ ਜਾਏ।

ਕੁੱਲ ਖਰਚ ਫ਼ਜ਼ੂਲ ਕਰਨ ਤੋਂ ਉਸ ਲੋਕ ਹਟਾਏ।

ਉਹ ਸਵਾ ਰੁਪਈਏ ਵਿੱਚ ਹੀ ਸ਼ਾਦੀ ਕਰਵਾਏ।



Sri Satguru Jagjit Singh Ji eLibrary NamdhariElibrary@gmail.com

ਸਭ ਖਾਵਣ ਹੱਥੀਂ ਧਰਮ ਦੀ ਕਰ ਕਿਰਤ ਲਵਾਏ।

ਉਹ ਵਸਤੂ ਬਣੀ ਵਿਦੇਸ਼ ਦੀ ਨਾ ਮੂਲ ਹੰਢਾਉਂਦੇ।
ਉਹ ਰੇਲ ਅਸਾਡੀ ਛੱਡ ਕੇ ਪੰਧ ਆਪ ਮੁਕਾਉਂਦੇ।
ਉਹ ਡਾਕ ਮਹਿਕਮਾ ਅਸਾਂ ਤੋਂ ਵੱਖਰਾ ਚਲਵਾਉਂਦੇ।
ਉਹ ਪਹਿਰ ਰਾਤ ਨੂੰ ਉੱਠ ਕੇ ਸਣ ਕੇਸ ਨਹਾਉਂਦੇ।
ਉਹ ਨਾਮਧਾਰੀਏ ਗ਼ੈਰ ਨੂੰ ਨਾ ਹੱਥ ਛੁਹਾਉਂਦੇ।
ਰੱਖ ਕਦਮ ਅਗੇਰੇ ਜਰਾ ਨਾ ਪਿੱਛੇ ਪਰਤਾਉਂਦੇ।

ਹਨ ਬਾਜਾਂ ਵਾਲੇ ਗੁਰੂ ਦੇ ਪੱਕੇ ਅਨੁਆਈ।
ਸਭ ਪੜ੍ਹਨ ਪੋਥੀਆਂ ਉਹਦੀਆਂ ਬਿਨ ਕਰੇ ਉਕਾਈ।
ਇਹ ਸੁੱਤੀ ਜਨਤਾ ਝੂਣ ਕੇ ਨਿੱਤ ਜਾਣ ਜਗਾਈ।
ਹੁਣ ਗਿਣਤੀ ਹੋਈ ਜਾਂਵਦੀ ਨਿੱਤ ਦੂਣ ਸਵਾਈ।
ਜੇ ਲਹਿਰ ਏਸ ਤੇ ਅਸਾਂ ਨਾ ਪਾਬੰਦੀ ਲਾਈ।
ਫਿਰ ਛੇਤੀ ਸਾਨੂੰ ਦੇਣਗੇ ਕੱਢ ਓਥੋਂ ਭਾਈ।
ਮਾਰੇ ਇਹਨਾਂ ਜਿਸ ਤਰ੍ਹਾਂ ਉਸ ਰੋਜ ਕਸਾਈ।
ਇੰਜ ਇਹ 'ਬਾਜਵਾ' ਹਿੰਦ 'ਚੋਂ ਕਰ ਦੇਣ ਸਫਾਈ।

---o---

ਮਾਰੇ ਕੋਤਵਾਲ ਦੇ, ਸੱਤ ਸਿਪਾਹੀ ਨਾਲ।

ਮੋਏ ਲੋਕੀਂ ਹੋਰ ਵੀ, ਕਾਫ਼ੀ ਮੰਦੇ ਹਾਲ।

ਸੱਤ ਸ਼ਹੀਦੀ ਜਥੇ ਦੇ, ਹੋਏ ਸਿੰਘ ਸ਼ਹੀਦ।

ਜਿਨ੍ਹਾਂ ਸੁਰਗਾਪੁਰੀ ਦੀ, ਲਈ ਕਟਾ ਰਸੀਦ।

ਦੋ ਸਿੰਘਾਂ ਨੂੰ ਆਖਦੇ, ਲੱਗੇ ਫੱਟ ਗੰਭੀਰ।

ਹੋਏ ਇਕੱਤੀ ਜਥੇ ’ਚੋਂ, ਜ਼ਖ਼ਮੀ ਹੋਰ ਸਰੀਰ।

ਕੋਟਲਿਓਂ ਫਿਰ ਪਰਤ ਪਏ, ਸਿੰਘ ਵਿਖਾ ਕੇ ਜੋਰ।

ਸਭ ਨੂੰ ਜਥਾ ਸੰਭਾਲ ਕੇ, ਤੁਰਿਆ ਤਿੱਖੀ ਤੋਰ।

ਸਿੰਘਾਂ ਬਦਲਾ ਲੈ ਲਿਆ, ਗਊ ਘਾਤਕੀ ਮਾਰ।

ਵਿੱਚ ਕੋਟਲੇ ਮੱਚ ਗਈ, ਪਲ ਵਿੱਚ ਹਾਹਾਕਾਰ।

ਰੋਂਦੀਆਂ ਫਿਰਨ ਪਠਾਣੀਆਂ, ਪਾ ਪਾ ਲੰਮੇ ਵੈਣ।

ਖੌਫ ਪਿਆ ਵਿੱਚ ਸ਼ਹਿਰ ਦੇ, ਸੁੱਤੇ ਲੋਕ ਤ੍ਰੈਹਣ।

ਅੰਦਰ ਗਲੀਆਂ ਕੂਚਿਆਂ, ਚਰਚਾ ਛਿੜੀ ਚੁਫੇਰ।

ਮਰਨੋਂ ਡਰਦੇ ਮੂਲ ਨਾ, ਕੂਕੇ ਬੜੇ ਦਲੇਰ।

ਗਊਆਂ ਮਾਰੋ ਮੂਲ ਨਾ, ਛੱਡੋ ਮੋਟਾ ਮਾਸ।

ਆਖਣ ਮੁਸਲਮਾਨ ਸਭ, ਏਨਾ ਪਿਆ ਤ੍ਰਾਸ।

ਚਾਰ ਚੁਫੇਰੇ ਗਾਰਦਾਂ, ਚੜ੍ਹ ਚੜ੍ਹ ਪਈਆਂ ਆਉਣ।



Sri Satguru Jagjit Singh Ji eLibrary NamdhariElibrary@gmail.com

ਛਾਉਣੀ ਬਣਿਆ ਕੋਟਲਾ, ਰਾਜੇ ਮਦਦ ਪੁਚਾਉਣ।

ਜੀ ਹਜ਼ੂਰੀ ਕਰਨ ਦਾ, ਬਣਿਆਂ ਬੜਾ ਸਬੱਬ।

ਝੋਲੀ ਚੁੱਕ ਸਰਕਾਰ ਦੇ, ਜਾਨਣ ਸਾਰੇ ਢੱਬ।

ਵੇਖੇ ਲੜਦੇ ਸੂਰਮੇ, ਰੱਖ ਤਲੀ ਤੇ ਜਾਨ।

ਹਿੱਲੇ ਪਾਵੇ ਤਖਤ ਦੇ, ਕੰਬੀ ਮਲਕਾ ਮਾਨ।

ਸੋਚਣ ਇਹਨਾਂ ਵਿੱਚ ਜੋ, ਭਰਦਾ ਹੈ ਜਜ਼ਬਾਤ।

ਉਹਨੂੰ ਦੇਸ਼ੋਂ ਕੱਢ ਕੇ, ਦਈਏ ਬਦਲ ਹਾਲਾਤ।

ਤਾਰਾਂ ਖੜਕਣ ਲੱਗੀਆਂ, ਆਉਂਦਾ ਦਿਸੇ ਤੂਫ਼ਾਨ।

ਜੜ੍ਹਾਂ ਹਿਲਾਵੇ ਸੋਚਦੇ, ਕਰ ਵੱਡਾ ਨੁਕਸਾਨ।

ਏਸ ਸੁਨਾਮੀ ਲਹਿਰ ਨੂੰ, ਪਾਉਣ ਲਈ ਉਹ ਰੋਕ।

ਦਿੱਤੀ ਕੁੱਲ ਮਸ਼ੀਨਰੀ, ਇਸ ਕਾਰਜ ਵਿੱਚ ਝੋਕ।

ਘਬਰਾਏ ਅੰਗ੍ਰੇਜ਼ ਨੇ, ਫੜ ਹੋਛੇ ਹਥਿਆਰ।

ਲੱਗਾ ਉਤੇ ਕੂਕਿਆਂ, ਕਰਨ ਅਵੱਲੇ ਵਾਰ।

### ਸਿੰਘਾਂ ਨੇ ਰੜ੍ਹ ਪਿੰਡ ਪਰਤਣਾ

ਓਥੇ ਵਾਪਸ ਪਰਤ ਪਏ, ਵੇਖ ਪਰਖ ਹਾਲਾਤ।

ਸੋਚਣ ਭੜਕੇ ਕਿਉਂ ਨਾ, ਲੋਕਾਂ ਦੇ ਜਜ਼ਬਾਤ।

ਲੋਕੀਂ ਵੇਖੇ ਪੂਰਦੇ, ਸਾਮਰਾਜ ਦਾ ਪੱਖ।

ਰਵੀ ਅਜ਼ਾਦੀ ਵਾਲੜਾ, ਦੇਵੇ ਅਜੇ ਨਾ ਦੱਖ।

ਹੀਰਾ ਸਿੰਘ ਨੇ ਚੇਤਿਆ, ਸਤਿਗੁਰ ਦਾ ਫੁਰਮਾਨ।

ਸਿੰਘੋ ਕਹਾਲੀ ਨਾ ਕਰੋ, ਵੇਖ ਵਕਤ ਦਾ ਭਾਨ।

ਅਜੇ ਨਹੀਂ ਹੈ ਸੋਹਣਿਓਂ, ਵੇਲਾ ਸੂਰਤ ਧਾਰ।

ਤੇਗ ਬਰਾਬਰ ਕਾਜ ਇਹ, ਮਾਲਾ ਦਏ ਸੁਆਰ।

ਹੋਇਆ ਨੇ ਕੁਝ ਆਪਣੀ, ਗਲਤੀ ਦਾ ਅਹਿਸਾਸ।

ਫਿਰ ਵੀ ਲੇਖੇ ਧਰਮ ਦੇ, ਚੱਲੇ ਲਾਉਣ ਸਵਾਸ।

ਪਰਤ ਪਏ ਰੜ੍ਹ ਪਿੰਡ ਨੂੰ, ਫਿਰ ਓਥੋਂ ਤਤਕਾਲ।

ਆਂਦੇ ਜ਼ਖ਼ਮੀ ਸਿੰਘ ਵੀ, ਸਾਰੇ ਨਾਲ ਸੰਭਾਲ।

## ਸਮੁੰਦ ਖਾਂ ਨੇ ਹੱਲਾ ਬੋਲਣਾ

ਵਿੱਚ ਕੋਟਲੇ ਵੱਸਦਾ, ਸੂਰਬੀਰ ਬਲਵਾਨ।

ਧਨੀ ਕਹਾਵੇ ਤੇਗ ਦਾ, ਖਾਨ ਸਮੁੰਦ ਪਠਾਣ।

ਘਟਨਾ ਵਾਲੀ ਰਾਤ ਉਹ, ਕਿਤੇ ਗਿਆ ਸੀ ਦੂਰ।

ਖ਼ਬਰ ਸੁਣੀ ਜਾਂ ਆਣ ਕੇ, ਹੋਇਆ ਮਨੋ ਰੰਜੂਰ।

ਆਖੇ ਹੁੰਦਾ ਮੈਂ ਜੇ, ਏਥੇ ਪਿਛਲੀ ਰਾਤ।

ਹੁੰਦੇ ਅੰਦਰ ਕੋਟਲੇ, ਫੇਰ ਹੋਰ ਹਾਲਾਤ।



Sri Satguru Jagjit Singh Ji eLibrary NamdhariElibrary@gmail.com

ਬਚ ਕੇ ਸਿੱਖੜਾ ਇੱਕ ਨਾ, ਦੇਂਦਾ ਏਥੋਂ ਜਾਣ।

ਕਰਦਾ ਟੋਟੇ ਮਾਰ ਕੇ, ਲੈਂਦਾ ਖਿੱਚ ਪ੍ਰਾਣ।

ਹੋਇਆ ਵਿੱਚ ਹੰਕਾਰ ਦੇ, ਉਹ ਐਨਾ ਸੀ ਚੂਰ।

ਆਖੇ ਜਾ ਕੇ ਕੂਕਿਆਂ ਕਰ, ਦਿਆਂ ਚਰਨਾਂ ਚੂਰ।

ਜੋੜ ਰਸਾਲਾ ਚੋਣਵੇਂ, ਲੈ ਕੇ ਨਾਲ ਜੁਆਨ।

ਪਿੱਛੇ ਚੜ੍ਹਿਆ ਜਥੇ ਦੇ, ਸਾਂਭੀ ਆਪ ਕਮਾਨ।

ਆਖੇ ਕਿੱਥੇ ਜਾਣਗੇ, ਸਿੰਘ ਕੋਟਲਾ ਮਾਰ।

ਮੋੜਾਂ ਭਾਜੀ ਪਲਾਂ ਵਿੱਚ, ਦੇਵਾਂ ਸੀਸ ਉਤਾਰ।

ਭੂਦਨ ਵਾਲੇ ਖੂਹ ਤੇ, ਮਿਲਿਆ ਪਿੱਛੋਂ ਆਣ।

ਆਖ ਰਿਹਾ ਲਲਕਾਰ ਕੇ, ਦੇਵਾਂ ਤੁਸਾਂ ਨਾ ਜਾਣ।

ਵੇਖ ਸ਼ਹੀਦੀ ਜਥੇ ਨੇ, ਫੇਰ ਯੁੱਧ ਦੇ ਲਲ੍ਹ।

ਹੱਥ ਹਥਿਆਰ ਸੰਭਾਲ ਕੇ, ਲਿਆ ਮੋਰਚਾ ਮੱਲ।

ਸਮੁੰਦ ਖਾਂ ਨੇ ਸਿੰਘਾਂ ਨੂੰ ਲਲਕਾਰਨਾ

ਆਇਆ ਖਾਨ ਸਮੁੰਦ ਨੇੜੇ ਹੋਰ ਸੀ।

ਲਾਵੇ ਨਾਅਰੇ ਉੱਚੀ ਕਰਦਾ ਸ਼ੋਰ ਸੀ।

ਓ ਸਿੱਖੜਿਓ ਕਿੱਥੇ ਚੱਲੇ ਨੱਸ ਕੇ।



Sri Satguru Jagjit Singh Ji eLibrary NamdhariElibrary@gmail.com

ਚੋਰੀ ਚੋਰੀ ਬੱਦਲ ਵਾਂਗੂੰ ਵੱਸ ਕੇ।

ਬਣੇ ਬਹਾਦਰ ਲੋਕ ਉਨੀਂਦੇ ਮਾਰ ਕੇ।

ਆਓ ਮੇਰੇ ਵੇਖੋ ਹੱਥ ਸਵਾਰ ਕੇ।

ਜੇ ਹੁੰਦਾ ਮੈਂ ਏਥੇ ਵੈਰੀ ਤੁੱਧ ਦਾਪ

ਨਕਸ਼ਾ ਹੁੰਦਾ ਹੋਰ ਫੇਰ ਇਸ ਯੁੱਧ ਦਾ।

ਨੱਸੇ ਕਿੱਧਰ ਜਾਓ ਕਰੋ ਮੁਕਾਬਲਾ।

ਹੋ ਕੇ ਕਹੇ ਪਠਾਣ ਬੜਾ ਉਤਾਵਲਾ।

ਫੇਰ ਨਾ ਕਹਿਣਾ ਪਹਿਲਾਂ ਨਹੀਂ ਸੀ ਦੱਸਿਆ।

ਭੁੱਲ ਭੁਲੇਖੇ ਤੁਸਾਂ ਨਿਸ਼ਾਨਾ ਕੱਸਿਆ।

ਮਾਰਨ ਜੰਗਜੂ ਸੂਰੇ ਮਰਦ ਵੰਗਾਰ ਕੇ।

ਕਰਦੇ ਧਰਮੀ ਯੁੱਧ ਸਦਾ ਲਲਕਾਰ ਕੇ।

ਆਓ ਮੱਥਾ ਲਾਓ ਨਾਲ ਪਠਾਣ ਦੇ।

ਜੇਕਰ ਲੜਨਾ ਨਾਲ ਵੈਰੀਆਂ ਜਾਣ ਕੇ।

ਆਵੇ ਬੜਾ ਸੁਆਦ ਤੇਗ ਚਲਾਣ ਦਾ।

ਹੋਵੇ ਜੇਕਰ ਦੁਸ਼ਮਣ ਅੱਗੋਂ ਹਾਣ ਦਾ।

## ਹੀਰਾ ਸਿੰਘ ਦਾ ਜਵਾਬ

ਹੀਰਾ ਸਿੰਘ ਲਲਕਾਰਾ ਸੁਣ ਕੇ ਬੋਲਿਆ।

ਤੂੰ ਬਲ ਨਹੀਂ ਪਠਾਣਾ ਸਾਡਾ ਤੋਲਿਆ।

ਲੜ ਲੜ ਕੇ ਨਾ ਕਦੇ ਖਾਲਸਾ ਹੰਭਦਾ।

ਸਾਥੋਂ ਇਜ਼ਰਾਈਲ ਫ਼ਰਿਸ਼ਤਾ ਕੰਬਦਾ।

ਪਰ ਨਾ ਤੇਰੇ ਨਾਲ ਅਸਾਡਾ ਵੈਰ ਹੈ।

ਆਪਣੀ ਖੈਰ ਮਨਾ ਅਸਾਡੀ ਖੈਰ ਹੈ।

ਸ਼ੇਰ ਖਾਨ ਦਾ ਸਾਡੇ ਮਨ ਸਤਿਕਾਰ ਸੀ।

ਵਿੱਚ ਕੋਟਲੇ ਵੜਨਾ ਨਾ ਦਰਕਾਰ ਸੀ।

ਪਰ ਬੇਵਸ ਨਵਾਬ ਬਣਾਇਆ ਜੇਰ ਹੈ।

ਤਾਹੀਓਂ ਨੌਕਰਸ਼ਾਹੀ ਪਾਇਆ ਨ੍ਹੇਰ ਹੈ।

ਸ਼ਹਿ ਗੋਰੇ ਦੀ ਪਾ ਕੇ ਕਰਦੇ ਮਰਜ਼ੀਆਂ।

ਬੁੱਚੜ ਖਾਨੇ ਖੋਹਲੇ ਪਾ ਕੇ ਅਰਜ਼ੀਆਂ।

ਗੁਰਮੁਖ ਸਿੰਘ ਦੇ ਸਾਹਵੇਂ ਬੈਲ ਕੁਹਾ ਕੇ।

ਧੱਕੇ ਮਾਰੇ ਇਹਨੂੰ ਫੇਰ ਭਵਾ ਕੇ।

ਅਸਾਂ ਤਾਂ ਬਦਲਾ ਲੈਣਾ ਸੀ ਸੋ ਲਿਆ ਲੈ।

ਹੁਣ ਨਾ ਮਨਸ਼ਾ ਸਾਡੀ ਖਾਨਾ ਹੋਰ ਹੈ।

ਵਾਪਸ ਮੁੜ ਜਾ ਜਾਨ ਗਵਾ ਨਾ ਆਣ ਕੇ।

ਕੱਫ਼ਣ ਤੁਰਦੇ ਅਸੀਂ ਸਿਰਾਂ ਤੇ ਤਾਣ ਕੇ।



Sri Satguru Jagjit Singh Ji eLibrary NamdhariElibrary@gmail.com

ਤੁਸੀਂ ਭਰਾਵਾਂ ਨਾਲ ਲੜਨਾ ਜਾਣਦੇ।

ਗੋਰੇ ਦੇ ਹੋ ਰਾਖੇ ਕੁੱਤੇ ਖਾਣ ਦੇ।

ਤੁਸੀਂ ਨਾ ਜਾਣੋ ਸਾਡਾ ਦੇਸ਼ ਗ਼ੁਲਾਮ ਹੈ?

ਤੁਸੀਂ ਨਾ ਜਾਣੋ ਗੋਰਾ ਕਿਉਂ ਬਦਨਾਮ ਹੈ?

ਦੋਹੀਂ ਹੱਥੀਂ ਦੇਸ਼ ਫਰੰਗੀ ਲੁੱਟਦਾ।

ਚੁੱਕ ਅਸਾਡੀ ਦੌਲਤ ਲੰਦਨ ਸੁੱਟਦਾ।

ਆਓ ਰਲ ਕੇ ਇਹਦਾ ਫਸਤਾ ਵੱਢੀਏ।

ਭਾਰਤ ਵਿੱਚੋਂ ਗ਼ੈਰ ਫਰੰਗੀ ਕੱਢੀਏ।

## ਸਮੁੰਦ ਖਾਂ ਦਾ ਜਵਾਬ

ਰੁਕ ਜਾ ਸਿੰਘਾ ਬਾਤਾਂ ਹੋਰ ਬਣਾ ਨਾ।

ਗੱਲਾਂ ਵਿੱਚ ਲਗਾ ਕੇ ਮਨ ਉਲਝਾ ਨਾ।

ਆਇਓਂ ਤੜਕੇ ਸਾਥੀ ਮੇਰੇ ਮਾਰ ਕੇ।

ਛੱਡ ਨਸੀਹਤ ਕਰ ਲੈ ਯੁੱਧ ਨਿਤਾਰ ਕੇ।

ਵੇਖ ਲਵਾਂ ਮੈਂ ਤੇਰੀ ਕੁੱਲ ਬਹਾਦਰੀ।

ਮੇਰੀ ਕਰ ਕੇ ਆਇਐਂ ਕਤਲ ਬਰਾਦਰੀ।

ਇਹ ਆਖ ਕੇ ਉਹਨੇ ਘੋੜਾ ਛੇੜਿਆ।

ਉਲਟਾ ਖੂਹਾ ਕਿਸਮਤ ਵਾਲਾ ਗੇੜਿਆ।

**ਹੀਰਾ ਸਿੰਘ ਦਾ ਜਵਾਬ**

ਹੀਰਾ ਸਿੰਘ ਵੀ ਘੋੜਾ ਅੱਗੇ ਤੋਰਿਆ।

ਆ ਜਾ ਖਾਨਾ ਕਹੇ ਅਕਲ ਦੇ ਕੋਰਿਆ।

ਫੇਰ ਕਹੀਂ ਨਾ ਪਹਿਲਾਂ ਨਹੀਂ ਸੀ ਦੱਸਿਆ।

ਯੁੱਧ ਕਰਨ ਜੇ ਆਇਆਂ ਏਂ ਤੂੰ ਨੱਸਿਆ।

ਕਰ ਲੈ ਪਹਿਲਾ ਵਾਰ ਨਾ ਰਹਿਸੀ ਮਣਖ ਇਹ।

ਪਰਖੀ ਜਾਵੇ ਤੇਰੀ ਨਾਲੇ ਅਣਖ ਇਹ।

ਸਮੁੰਦ ਖਾਂ ਤੇ ਹੀਰਾ ਸਿੰਘ ਦਾ ਯੁੱਧ

ਆਇਆ ਖਾਨ ਸਮੁੰਦ ਗੁੱਸਾ ਖਾਇਕੇ।

ਅੱਗੇ ਵਧਿਆ ਉੱਚੀ ਤੇਗ ਉਠਾਇਕੇ।

ਕੀਤਾ ਵਾਰ ਕਰਾਰਾ ਹੀਰਾ ਸਿੰਘ ਤੇ।

ਧਰਤੀ ਕੰਬੀ ਵੇਖ ਧੌਲ ਦੇ ਸਿੰਗ ਤੇ।

ਬਾਂਹ ਖੱਬੀ ਨੂੰ ਹੀਰੇ ਢਾਲ ਬਣਾਇਕੇ।

ਰੋਕ ਲਿਆ ਉਸ ਵਾਰ ਭੁਜਾ ਉਠਾਇਕੇ।



Sri Satguru Jagjit Singh Ji eLibrary NamdhariElibrary@gmail.com

ਗਈ ਗੁੱਟ ਦੀ ਹੱਡੀ ਅੱਧੀ ਚੱਟ ਕੇ।

ਲੈ ਗਈ ਬੋਟੀ ਨਾਲ ਮਾਸ ਦੀ ਕੱਟ ਕੇ।

ਪਰ ਲਲਕਾਰਾ ਲਾਇਆ ਜ਼ਖ਼ਮੀ ਸ਼ੇਰ ਨੇ।

ਅਸਾਂ ਨਾ ਸਿੱਖੇ ਖਾਨਾ ਹੰਝੂ ਕੇਰਨੇ।

ਅੱਛਾ ਹੋਈਂ ਤਿਆਰ ਵਾਰੀ ਲਵਾਂ ਮੈਂ।

ਕਰ ਲੈ ਜਰਾ ਬਚਾ ਤੈਨੂੰ ਕਵ੍ਹਾਂ ਮੈਂ।

ਬਦਲ ਪੈਂਤੜਾ ਹੀਰਾ ਸਿੰਘ ਲਲਕਾਰ ਕੇ।

ਕੀਤਾ ਵਾਰ ਕਰਾਰਾ ਭੁਜਾ ਉਲਾਰ ਕੇ।

ਚਮਕੇ ਜਿੱਦਾਂ ਡਿੱਗਣ ਲੱਗੀ ਦਾਮਨੀ।

ਜਿੱਦਾਂ ਨੈਣੋਂ ਤੀਰ ਚਲਾਵੇ ਕਾਮਨੀ।

ਜਿੱਦਾਂ ਸ਼ਿਕਰਾ ਮਾਰੇ ਝਪਟ ਸ਼ਿਕਾਰ ਤੇ।

ਚੀਤਾ ਪੈਂਦਾ ਜਿਉਂ ਹਰਨਾਂ ਦੀ ਡਾਰ ਤੇ।

ਜਿੱਦਾਂ ਕੂਲੀ ਲਗਰ ਕੁਹਾੜੀ ਵੱਢਦੀ।

ਸੱਕ ਵੀ ਅੜਿਆ ਪਿੱਛੇ ਮੂਲ ਨਾ ਛੱਡਦੀ।

ਘੜੇ ਜਿਉਂ ਘੁਮਿਆਰ ਚੱਕੋਂ ਲਾਂਹਵਦਾ।

ਘੁੰਮੀ ਜਿੱਦਾਂ ਬਿਸ਼ੀਅਰ ਡੰਗ ਚਲਾਂਵਦਾ।

ਏਦਾਂ ਸ਼ੂਕੀ ਜਿਵੇਂ ਬਵੰਡਰ ਸ਼ੂਕਦਾ।

ਇੰਜ ਵਰ੍ਹੀ ਜਿਉਂ ਘੋੜਾ ਵਰ੍ਹੇ ਬੰਦੂਕ ਦਾ।



Sri Satguru Jagjit Singh Ji eLibrary NamdhariElibrary@gmail.com

ਲੰਘ ਗਿਆ ਜਿਉਂ ਚਾਕੂ ਮੂਲੀ ਕੱਟ ਦਾ।

ਪਲ ਵਿੱਚ ਪਿਆ ਪਠਾਣ ਧਰਤੀ ਚੱਟਦਾ।

ਸਿਰ ਵਾਂਗ ਹਦਵਾਣੇ ਰਿੜ੍ਹਦਾ ਜਾਂਵਦਾ।

ਸੀਸ ਬਿਨਾ ਧੜ ਪਿਆ ਉਛਾਲੇ ਖਾਂਵਦਾ।

ਜਦੋਂ ਖਾਨ ਦਾ ਡਿੱਠਾ ਹਸ਼ਰ ਵਹੀਰ ਨੇ।

ਛੱਡ ਮੈਦਾਨ ਹੋਏ ਓਥੋਂ ਤੀਰ ਨੇ।

ਭੱਜੀ ਜਾਂਦੀ ਵਾਹਰ ਜਰਾ ਕੁ ਨੱਸ ਕੇ।

ਗੋਲੀ ਦਾਗੀ ਪਿਛਾਂਹ ਨਿਸ਼ਾਨਾ ਕੱਸ ਕੇ।

ਹੀਰਾ ਸਿੰਘ ਤੋਂ ਮਸਾਂ ਨਿਸ਼ਾਨਾ ਉੱਕਿਆ।

ਅਜੇ ਨਾ ਉਹਦਾ ਦਾਣਾ ਪਾਣੀ ਮੁੱਕਿਆ।

ਗੋਲੀ ਨਾਗਣ ਵਰਗੀ ਕਹਿਰ ਗੁਜ਼ਾਰਿਆ।

ਘੋੜਾ ਉਹਦਾ ਗਿਆ ਅਜਾਈਂ ਮਾਰਿਆ।

ਐਪਰ ਡਰਦੇ ਮਾਰੇ ਦੌੜੇ ਜਾਂਵਦੇ।

ਮੁੜ ਮੁੜ ਝਾਤੀ ਪਿੱਛੇ ਜਾਵਣ ਪਾਂਵਦੇ।

ਖੜਕਾ ਸੁਣ ਕੇ ਡਰਨ ਆਪਣੇ ਪੈਰ ਦਾ।

ਸਮਝਣ ਕੂਕੇ ਆਉਂਦੇ ਵਕਤ ਨਾ ਖੈਰ ਦਾ।

ਵੱਲ ਕੋਟਲੇ ਦੌੜੀ ਤੇਜ ਵਹੀਰ ਸੀ॥

ਅੱਖੋਂ ਹੋਈ ਓਹਲੇ ਹੋ ਕੇ ਤੀਰ ਸੀ।

ਇਹ ਲੜਾਈ ਹੋਈ ਢਾਈ ਫੱਟ ਸੀ।

ਵਾ ਵਰੋਲੇ ਵਾਂਗੂ ਲੰਘੀ ਝੱਟ ਸੀ।

## ਜਥੇ ਦਾ ਰੜ੍ਹ ਪਿੰਡ ਪਹੁੰਚਣਾ

ਛੱਡ ਮੈਦਾਨ ਭੱਜ ਗਈ, ਜਦੋਂ ਗਾਂਢਵੀਂ ਧਾੜ।

ਜਥਾ ਸ਼ਹੀਦੀ ਬਹਿ ਗਿਆ, ਲੈ ਰੁੱਖਾਂ ਦੀ ਆੜ।

ਹੀਰਾ ਸਿੰਘ ਨੇ ਪਾੜ ਕੇ, ਕੁਝ ਸਿਰੋਂ ਦਸਤਾਰ।

ਪੱਟੀ ਬੱਧੀ ਜ਼ਖ਼ਮ ਤੇ, ਛੇਤੀ ਜ਼ਖ਼ਮ ਸਵਾਰ।

ਫੱਟ ਨਰੈਣ ਸਿੰਘ ਦਾ, ਬੱਧਾ ਉਹਨਾਂ ਖਿੱਚ।

ਗੁੱਟ ਓਸ ਦਾ ਕੱਟਿਆ, ਗਿਆ ਲੜਾਈ ਵਿੱਚ।

ਖ਼ੂਨ ਵਗਣ ਤੋਂ ਰੋਕਿਆ, ਅੱਗੇ ਹੋਏ ਤਿਆਰ।

ਲਹਿਣਾ ਸਿੰਘ ਨੇ ਆਖਿਆ, ਨਾਲ ਬੜੇ ਸਤਿਕਾਰ।

ਮੇਰੇ ਵਾਲੇ ਅਸ਼ਵ ਤੇ, ਹੋ ਜਾਵੋ ਅਸਵਾਰ।

ਕਰੀਏ ਅੱਗੇ ਜਾ ਕੇ, ਕੁਝ ਉਹਦਾ ਉਪਚਾਰ।

ਜਥਾ ਸ਼ਹੀਦੀ ਚੱਲ ਕੇ, ਰੜ੍ਹ ਪਹੁੰਚਿਆ ਆਣ।

ਟਿੱਬੇ ਉੱਤੇ ਬਾਹਰ ਹੀ, ਬੈਠਾ ਵਕਤ ਪਛਾਣ।

ਉਹਨਾਂ ਓਥੇ ਬੈਠ ਕੇ, ਕੀਤੀ ਫੇਰ ਵੀਚਾਰ।

ਸਤਿਗੁਰ ਜੀ ਦਾ ਆਖਿਆ, ਚੇਤੇ ਲਿਆ ਚਿਤਾਰ।
ਠੀਕ ਕਿਹਾ ਸੀ ਗੁਰਾਂ ਨੇ, ਵਕਤ ਨਾ ਸੂਤਰਧਾਰ।
ਲੋਕਾਂ ਦਾ ਨਾ ਮਨੋਬਲ, ਹੋਇਆ ਅਜੇ ਤਿਆਰ।
ਅਜੇ ਅਜ਼ਾਦ ਜੀਣ ਦੀ, ਲੋਕਾਂ ਵਿੱਚ ਨਾ ਚਾਹਤ।
ਅਜੇ ਗ਼ੁਲਾਮੀ ਵਿੱਚ ਹੀ, ਸਮਝ ਰਹੇ ਨੇ ਰਾਹਤ।
ਅਜੇ ਨਾ ਲੋਕਾਂ ਅੰਦਰੋਂ, ਜਾਗੀ ਅਣਖ ਜ਼ਮੀਰ।
ਜ਼ੁਲਮ ਤਸ਼ੱਦਦ ਸਹਿਣ ਦੇ, ਆਦੀ ਹੋਏ ਸਰੀਰ।
ਬਦਲਾ ਚਲੋ ਚੁਲਾ ਕੇ, ਸੀਨੇ ਪਾਈ ਠੰਡ।
ਸਿਰ ਦੇ ਉੱਤੋਂ ਸਮਝਦੇ, ਲਾਹੀ ਭਾਰੀ ਪੰਡ।
ਏਸ ਪ੍ਰੋਗਰਾਮ ਨੂੰ, ਏਥੇ ਪਾਈਏ ਰੋਕ।
ਜਾਈਏ ਪਾਉਣ ਸ਼ਹੀਦੀਆਂ, ਏਥੋਂ ਸਾਰੇ ਲੋਕ।
ਹੀਰਾ ਸਿੰਘ ਨੇ ਆਖਿਆ, ਆਓ ਦਈਏ ਸੀਸ।
ਤੇਗ ਬਹਾਦਰ ਗੁਰੂ ਦੀ, ਕਰੀਏ ਸਿੰਘੋ ਰੀਸ।
ਜਿਨ੍ਹਾਂ ਨੌਵੇਂ ਪਾਤਸ਼ਾਹ, ਦਿੱਤਾ ਹੁਕਮ ਵਿਸ਼ੇਸ਼।
ਓਨਾ ਕਾਰਜ ਅਸਾਂ ਨੇ, ਕੀਤਾ ਜਾਣ ਆਦੇਸ਼।
ਹੀਰਾ ਸਿੰਘ ਮਿਆਨ 'ਚੋਂ, ਕੱਢ ਲਈ ਤਲਵਾਰ।
ਧਰਤੀ ਉੱਤੇ ਓਸ ਨੇ, ਖਿੱਚੀ ਲੰਬੀ ਕਾਰ।
ਟੱਪੋ ਏਸ ਲਕੀਰ ਨੂੰ, ਜਿਸ ਨੇ ਦੇਣਾ ਸੀਸ।

ਬਾਕੀ ਜਾਓ ਘਰਾਂ ਨੂੰ, ਪਰਤ ਕਰੋ ਨਾ ਰੀਸ।

ਬੋਲਾ ਹੀਰਾ ਸਿੰਘ ਦਾ, ਸੁਣ ਕੇ ਸੋਚ ਵੀਚਾਰ।

ਰਸਤਾ ਆਪੋ ਆਪਣਾ, ਲਿਆ ਮਨਾਂ ਵਿੱਚ ਧਾਰ।

ਅੜਬੰਗੀ ਭਗਵਾਨ ਸਿੰਘ, ਦੂਜਾ ਹੀਰਾ ਦਾਸ।

ਮੂੰਮਾਂ ਗਹਿਲਾਂ ਵਾਲੜਾ, ਸਾਰੇ ਕਰੋ ਕਿਆਸ।

ਪਹਿਲਾਂ ਹੀਰਾ ਸਿੰਘ ਸੀ, ਇਹ ਹੋ ਕੇ ਰੂਪੋਸ਼।

ਨਾਲ ਸਾਧੂਆਂ ਰਲ ਕੇ, ਹੋਇਆ ਜਰਾ ਖਾਮੋਸ਼।

ਐਪਰ ਫਿਰ ਵੀ ਰਿਹਾ, ਉਹ ਕੂਕਾ ਮਨੋ ਹਮੇਸ਼।

ਭਾਵੇਂ ਬਣ ਕੇ ਵਿਚਰਿਆ, ਉਹ ਸਾਧੂ ਦਰਵੇਸ਼।

ਅੜਬੰਗੀ ਵੀ ਸਾਧ ਦਾ, ਲੀਤਾ ਭੇਸ ਵਟਾ।

ਸਦਾ ਰਿਹਾ ਅੰਗ੍ਰੇਜ਼ ਦੇ, ਅੱਖੀਂ ਘੱਟਾ ਪਾ।

ਪਿੱਛੋਂ ਇਸ ਨੇ ਮਾਰਿਆ, ਸੀ ਗੇਂਦਾ ਮਗਰੂਰ।

ਅੱਗੇ ਜਾ ਕੇ ਵਾਰਤਾ, ਇਸਦੀ ਲਿਖਾਂ ਜ਼ਰੂਰ।

ਬਾਕੀ ਹੋਰ ਸਰੀਰ ਵੀ, ਜੈਸੀ ਜਿਸ ਦੀ ਚਾਹ।

ਝਟਪਟ ਪੈ ਗਏ ਉੱਠ ਕੇ, ਆਪੋ ਆਪਣੇ ਰਾਹ।

ਕਿਉਂਕਿ ਕਾਰਜ ਅਜੇ ਸਨ, ਉਹਨਾਂ ਕਰਨੇ ਹੋਰ।

ਤੁਰ ਚੱਲੇ ਨੇ ਉੱਠ ਕੇ, ਬਿਨਾ ਕੀਤਿਆਂ ਸ਼ੋਰ।

ਐਪਰ ਟੱਪੇ ਫੇਰ ਵੀ, ਸੱਤਰ ਜਣੇ ਲਕੀਰ।

ਜਿਨ੍ਹਾਂ ਲੇਖੇ ਧਰਮ ਦੇ, ਲਾਉਣੇ ਮਿਥੇ ਸਰੀਰ।

ਜਥੇਦਾਰ ਪੁਕਾਰਿਆ, ਸਾਵਣ ਸਿੰਘ ਜੀ ਵੀਰ।

ਗਿਣ ਕੇ ਦੱਸੀਂ ਰਹਿ ਗਏ, ਕਿੰਨੇ ਮਗਰ ਸਰੀਰ।

ਜੋ ਸ਼ਹੀਦੀ ਪਾਉਣ ਲਈ, ਬੈਠੇ ਪੱਕੀ ਧਾਰ।

ਜਿਨ੍ਹਾਂ ਨੇ ਨਾ ਬਦਲਿਆ, ਮਨ ’ਚੋਂ ਅਜੇ ਵੀਚਾਰ।

ਸੌਣ ਸਿੰਘ ਨੇ ਆਖਿਆ, ਸੱਤਰ ਨੇ ਹੁਣ ਕੁੱਲ।

ਜਿਹੜੇ ਅਣਖ ਬਚਾਉਣਗੇ, ਤਾਰ ਸਿਰਾਂ ਦੇ ਮੁੱਲ।

ਹੀਰਾ ਸਿੰਘ ਨੇ ਆਖਿਆ, ਹੱਸ ਕੇ ਨਾਲ ਪਿਆਰ।

ਸਿੰਘ ਬਹੱਤਰ ਚਾਹੀਦੇ, ਸਨ ਜਥੇ ਵਿਚਕਾਰ।

ਰੜ੍ਹ ਪਿੰਡ ਛੇ ਸਿੰਘ ਸਨ, ਪਹਿਲਾਂ ਪਹੁੰਚੇ ਆਣ।

ਜਿਹੜੇ ਏਸੇ ਪਿੰਡ ਦੇ, ਸਾਰੇ ਲਵੋ ਪਛਾਣ।

ਹੀਰਾ ਸਿੰਘ, ਗੁਰਦਿੱਤ ਸਿੰਘ, ਬਿਸ਼ਨ ਸਿੰਘ, ਹਰਨਾਮ।

ਸੁੰਦਰ ਸਿੰਘ ਤੇ ਕਰਮ ਸਿੰਘ, ਆਏ ਏਸ ਗ੍ਰਾਮ।

ਗਏ ਹੋਏ ਸਨ ਕਰਨ ਉਹ, ਲੰਗਰ ਦਾ ਪ੍ਰਬੰਧ।

ਮਰਿਆਦਾ ਦੇ ਵਿੱਚ ਸਨ, ਜੋ ਪੂਰੇ ਪਾਬੰਦ।

ਕੱਚਾ ਰਾਸ਼ਨ ਲੈ ਕੇ, ਬਰਤਨ ਭਾਂਡੇ ਨਾਲ।

ਆਏ ਓਸੇ ਖੂਹ ਤੇ, ਉਹ ਵਾਪਸ ਤਤਕਾਲ।

ਲੰਗਰ ਕੀਤਾ ਆਣ ਕੇ, ਉਹਨਾਂ ਫੇਰ ਤਿਆਰ।

ਛਕਿਆ ਸਿੰਘਾਂ ਸਾਰਿਆਂ, ਨਾਲ ਬੜੇ ਸਤਿਕਾਰ।

ਕੀਤਾ ਆਪ ਤਿਆਰ ਸੀ, ਪ੍ਰਸ਼ਾਦਾ ਤੇ ਦਾਲ।

ਹੋਰ ਕੜਾਹ ਪ੍ਰਸ਼ਾਦ ਦੇ, ਖੀਰ ਬਣਾਈ ਨਾਲ।

ਲੰਗਰ ਛਕਿਆਂ ਜਥੇ ਨੂੰ, ਹੋਏ ਸੋਲਾਂ ਪਹਿਰ।

ਛਕਿਆ ਨਾਲ ਅਨੰਦ ਦੇ, ਉਹਨਾਂ ਓਥੇ ਠਹਿਰ।

ਗੱਫੇ ਲਾਏ ਖਾਲਸੇ, ਰਗੜ ਸ਼ਹੀਦੀ ਦੇਗ।

ਸਚਮੁੱਚ ਕੀਤੀ ਸੂਰਿਆਂ, ਫਤਹਿ ਦੇਗ ਤੇ ਤੇਗ।

ਵਿੱਚ ਕੜਾਹੀ ਕਾੜ੍ਹ ਕੇ, ਉਹਨਾਂ ਕੌੜਾ ਤੇਲ।

ਜ਼ਖ਼ਮ ਤਲੇ ਵਿੱਚ ਤੇਲ ਦੇ, ਵੇਖੋ ਵਾਂਗਰ ਖੇਲ੍ਹ।

ਉਹਨਾਂ ਵਿੱਚੋਂ ਦੋ ਸਿੰਘ, ਚਲੇ ਗਏ ਫਿਰ ਹੋਰ।

ਬਾਕੀ ਬੈਠੇ ਰਹੇ ਸਨ, ਰੱਖ ਦਾਤੇ ਤੇ ਡੋਰ।

ਸ਼ਬਦ ਪੜ੍ਹਨ ਕਰ ਜੋਟੀਆਂ, ਮੁੱਢ ਕਦੀਮੀ ਰੀਤ।

ਸ਼ਬਦ ਕੀਰਤਨ ਕਰਦਿਆਂ, ਕੀਤੀ ਰਾਤ ਬਤੀਤ।

## ਸਿੰਘਾਂ ਨੇ ਸ਼ੇਰਪੁਰ ਥਾਣੇ ਵੱਲ ਜਾਣਾ

ਆਈ ਸੋਲਾਂ ਜਨਵਰੀ, ਚੜ੍ਹਿਆ ਅਜੇ ਨਾ ਭਾਨ।

ਸਿੰਘਾਂ ਕੀਤਾ ਉੱਠ ਕੇ, ਖੂਹੇ ਤੇ ਇਸ਼ਨਾਨ।

ਨਾਮ  ਸਿਮਰ ਬਾਣੀ ਪੜ੍ਹੀ, ਫਿਰ ਕੀਤੀ ਅਰਦਾਸ।

ਗੁਰ ਜੀ ਲੇਖੇ ਧਰਮ ਦੇ, ਲਾਉਣੇ ਅਸਾਂ ਸਵਾਸ।

ਮਨ ਡੋਲਣ ਤੇ ਰਾਖਿਓ, ਸਰਬ ਕਲਾ ਸਮਰੱਥ।

ਰੱਖੋ ਸਾਡੀ ਕੰਡ ਤੇ, ਬਖਸ਼ਸ਼ ਭਰਿਆ ਹੱਥ।

ਸੱਚ ਧਰਮ ਦੇ ਵਾਸਤੇ, ਹੋਈਏ ਹੱਸ ਸ਼ਹੀਦ।

ਫੇਰ ਜਨਮੀਏਂ ਆਣ ਕੇ, ਏਥੇ ਨਾਲ ਉਮੀਦ।

ਟੁੱਟਣ ਕੜੀਆਂ ਬੇੜੀਆਂ, ਹੋਵੇ ਦੇਸ਼ ਆਜ਼ਾਦ।

ਗੋਰਾ ਜਾਵੇ ਹਿੰਦ ਚੋਂ, ਵਤਨ ਹੋਏ ਨੌਸ਼ਾਦ।

ਜ਼ਾਲਮ ਪਾਕ ਜ਼ਮੀਨ ਤੋਂ, ਜਾਵਣ ਸਫਾਂ ਵਲੇਟ।

ਖਾ ਖਾ ਮਾਲ ਹਰਾਮ ਦਾ, ਜਿਨ੍ਹਾਂ ਵਧਾਏ ਪੇਟ।

ਖਾਲਸਿਆਂ ਪ੍ਰਕਾਸ਼ ਕਰ, ਮਹਾਂ ਮਲੇਛਾਂ ਨਾਸ।

ਰਾਖੀ ਗਊ ਗਰੀਬ ਦੀ, ਧਰਮ ਕਰਮ ਦਾ ਵਾਸ।

ਬਖਸ਼ੀ ਔਗੁਣਹਾਰਿਆਂ, ਤੂੰ ਦਾਤਾ ਬਖਸ਼ਿੰਦ।

ਲਾਜ ਅਸਾਡੀ ਤੁਸਾਂ ਨੂੰ, ਬਖਸ਼ਣ ਹਾਰ ਗੋਬਿੰਦ।

ਲੇਖੇ ਲਾਇਆ ਧਰਮ ਦੇ, ਧਨ ਦੌਲਤ ਘਰ ਬਾਰ।

ਕੇਵਲ ਤਨ ਬਾਕੀ ਰਿਹਾ, ਉਹ ਵੀ ਦਈਏ ਵਾਰ।

ਸਾਡੀ ਇਹ ਅਰਦਾਸ ਹੈ, ਓੜਕ ਨਿਭੇ ਪ੍ਰੀਤ।

ਲੀਤੀ ਮਹਿੰਗੇ ਮੁੱਲ ਜੋ, ਟੁੱਟੇ ਨਾਹੀ ਰੀਤ।

ਸਤਿਗੁਰ ਚੀਨੀ ਵਾਲਿਆ, ਇਹ ਤੇਰੇ ਫਰਜੰਦ।
ਸਾਬਤ ਸੂਰਤ ਲੰਘ ਜਾਣ, ਉੱਪਰ ਕੱਚੇ ਤੰਦ।
ਹਿੰਮਤ ਬਖਸ਼ੀਂ ਦਾਤਿਆ, ਤਨ ਦੀ ਚਰਬੀ ਢਾਲ।
ਦੇਸ਼ ਅਜ਼ਾਦੀ ਵਾਲੜੀ, ਜਾਈਏ ਬਾਲ ਮਸ਼ਾਲ।
ਲਾਲੀ ਸਾਡੇ ਖ਼ੂਨ ਦੀ, ਚਾੜ੍ਹੇ ਗੂੜ੍ਹਾ ਰੰਗ।
ਅੰਦਰ ਸੁੱਤੇ ਹਿੰਦੀਆਂ, ਛੇੜੇ ਅਣਖ ਤਰੰਗ।
ਮਰਨਾ ਸਾਡਾ ਸਫਲ ਹੈ, ਹੋਵੇ ਦੇਸ਼ ਅਜ਼ਾਦ।
ਪੱਕੀ ਕਰੀਏ ਤੁਸਾਂ ਨੇ, ਜੋ ਰੱਖੀ ਬੁਨਿਆਦ।
ਅਸੀਂ ਗਲਾਂ ਵਿੱਚ ਫਾਂਸੀਆਂ, ਪਾਈਏ ਅੰਦਰ ਸ਼ੌਕ।
ਲਹਿ ਜਾਵੇ ਜੇ ਹਿੰਦੀਆਂ, ਗਲੋਂ ਗ਼ੁਲਾਮੀ ਤੌਕ।
ਅਸੀਂ ਗੋਲੀਆਂ ਹਿੱਕ ਤੇ, ਝੱਲੀਏ ਬੇਪ੍ਰਵਾਹ।
ਵਤਨ ਲਈ ਮਿਟ ਜਾਣ ਦੀ, ਇੱਕੋ ਸਾਡੀ ਚਾਹ।
ਲੋਕੀਂ ਜਾਨ ਬਚਾਉਣ ਨੂੰ, ਕਰਦੇ ਨੇ ਅਰਦਾਸ।
ਵੇਖੋ ਕੀਤੀ ਖਾਲਸੇ ਮੌਤ, ਵਰਨ ਦੀ ਆਸ।

---o---

ਥਾਣਾ ਸ਼ੇਰਪੁਰੇ ਦਾ, ਓਥੋਂ ਛੇ ਕੁ ਮੀਲ।
ਕੀਤਾ ਸਿੰਘਾਂ ਕੂਚ ਹੈ ,ਉੱਚੀ ਰੱਖ ਦਲੀਲ।

ਖਾਲੀ ਹੱਥੀਂ ਖਾਲਸਾ, ਹੋਇਆ ਤੁਰਤ ਤਿਆਰ।

ਓਥੇ ਪਿੰਡੋਂ ਬਾਹਰ ਹੀ, ਰੱਖ ਤੁਰੇ ਹਥਿਆਰ।

ਦੇਣ ਲਈ ਗ੍ਰਿਫਤਾਰੀਆਂ, ਤੁਰੇ ਖਾਲਸੇ ਆਪ।

ਲਾਉਣ ਜੈਕਾਰੇ ਗੱਜ ਕੇ, ਥਰ ਥਰ ਕੰਬੇ ਪਾਪ।

ਉਹ ਉਲਟ ਸਰਕਾਰ ਦੇ, ਨਾਅਰੇ ਕਰਨ ਬੁਲੰਦ।

ਉਹਨਾਂ ਵੇਖ ਬਗਾਵਤੀ, ਘੜੇ ਅਨੋਖੇ ਛੰਦ।

ਉੱਚੀ ਬਾਂਹ ਉਲਾਰ ਕੇ, ਉੱਚੀ ਸੁਰ ਵਿੱਚ ਗਾਉਣ।

ਇਹ ਸੰਦੇਸ਼ਾ ਗੁਰਾਂ ਦਾ, ਦੁਨੀਆਂ ਵਿੱਚ ਪੁਚਾਉਣ।

---o---

"ਏਥੋਂ ਚੁੱਕ ਲੈ ਫਰੰਗੀਆ ਡੇਰਾ,

ਰਾਜ ਲੈਣਾ ਖਾਲਸੇ ਨੇ।

---o---

ਭੱਜੇ ਜਾਂਦੇ ਗੋਰੇ ਹੁਣ ਕੀ ਵੇਖਨੈ,

ਦਿਨ ਤੇ ਰਹਿ ਗਏ ਥੋੜ੍ਹੇ ਹੁਣ ਕੀ ਵੇਖਨੈ।

---o---

ਭੱਜੇ ਜਾਣਗੇ ਫਿਰੰਗੀ ਵੱਜੇ ਘੁੰਗਰੂ,

ਓ ਭੱਜੇ ਜਾਣਗੇ ਫਰੰਗੀ ਵੱਜੇ ਘੁੰਗਰੂ।"



Sri Satguru Jagjit Singh Ji eLibrary NamdhariElibrary@gmail.com

---o---

ਕੂਕੇ ਜਾਵਣ ਕੂਕਦੇ, ਬਾਗੀ ਸੁਰਾਂ ਲਗਾਉਣ।
ਉਹ ਉਲਟ ਸਰਕਾਰ ਦੇ, ਗਾਉਂਦੇ ਜਾਵਣ ਗੌਣ।
ਨਾ ਮੱਥੇ ਤੇ ਸ਼ਿਕਨ ਹੈ, ਨਾ ਮੌਤ ਦਾ ਡਰ।
ਨੈਣਾਂ ਵਿੱਚੋਂ ਰਿਹਾ ਹੈ, ਨੂਰ ਅਗੰਮੀ ਝਰ।
ਰਸਤੇ ਦੇ ਵਿੱਚ ਵੇਖਦੇ, ਖੜ੍ਹ ਖੜ੍ਹ ਜੱਟ ਕਿਸਾਨ।
ਆਖਣ ਜਾਂਦੇ ਵੇਖ ਲਉ, ਸੂਰੇ ਮਰਦ ਮਹਾਨ।
ਧੂਹਾਂ ਪਾਉਂਦਾ ਮਨਾਂ ਨੂੰ, ਉਹਨਾਂ ਦਾ ਸੰਗੀਤ।
ਕੀਲੇ ਜਾਂਦੇ ਲੋਕ ਸੁਣ, ਵਤਨ ਪ੍ਰਸਤੀ ਗੀਤ।
ਆਣ ਚੜ੍ਹੇ ਵਿੱਚ ਗੱਡਿਆਂ, ਆਖਣ ਦੋ ਕ੍ਰਿਸਾਨ।
ਕਹਿਣ ਤੁਹਾਡੇ ਨਾਲ ਹੀ, ਹੋਣਾ ਹੈ ਕੁਰਬਾਨ।
ਹੀਰਾ ਸਿੰਘ ਨੇ ਆਖਿਆ, ਜ਼ਿੱਦ ਕਰੋ ਨਾ ਮੂਲ।
ਬਾਜਾਂ ਵਾਲੇ ਦੇ ਅਸੀਂ, ਚੱਲੇ ਪੜ੍ਹਨ ਸਕੂਲ।
ਜਿੱਥੇ ਪੈਂਦੀ ਤਾਰਨੀ, ਸਦਾ ਸਿਰਾਂ ਦੀ ਫੀਸ।
ਮਾਸੀ ਆਖੋ ਮੌਤ ਨੂੰ, ਕਿਉਂ ਕਰ ਸਾਡੀ ਰੀਸ।
ਨਹੀਂ ਬਣਾ ਕੇ ਗੋਰਿਆਂ, ਧਰਿਆ ਖੀਰ ਕੜਾਹ।
ਮਾਰ ਦੇਣਗੇ ਅਸਾਂ ਨੂੰ, ਪਾ ਗਲਾਂ ਵਿੱਚ ਫਾਹ।

ਐਪਰ ਕਹਿੰਦੇ ਮਰਾਂਗੇ, ਚੱਲ ਤੁਹਾਡੇ ਨਾਲ।

ਅੱਗੇ ਕਦਮ ਵਧਾ ਕੇ, ਪਿੱਛੇ ਮੁੜਨ ਮੁਹਾਲ।

ਸੌਣ ਸਿੰਘ ਨੇ ਆਖਿਆ, ਹੈ ਕੈਸਾ ਇਤਫ਼ਾਕ।

ਹੀਰਾ ਸਿੰਘ ਜੀ ਤੁਸਾਂ ਦਾ, ਪੂਰਾ ਹੋਇਆ ਵਾਕ।*

ਹੁਣ ਬਹੱਤਰ ਹੋ ਗਏ, ਸਿੰਘ ਜਥੇ ਦੇ ਵਿੱਚ।

ਜਿਹੜੇ ਸਮਝਣ ਮੌਤ ਨੂੰ, ਵਾਂਗ ਪਤੰਗੇ ਟਿੱਚ।

ਹੀਰਾ ਸਿੰਘ ਫਿਰ ਆਖਦਾ, ਸਾਵਣ ਸਿਹਾਂ ਸੰਭਾਲ।

ਸਤਿਗੁਰ ਜੀ ਨੂੰ ਜਾ ਕੇ, ਦੱਸੀਂ ਸਾਰਾ ਹਾਲ।

ਪਿੰਡ ਸਿਆੜ੍ਹ ਸਤਿਗੁਰੂ, ਬੈਠੇ ਹੋਏ ਆ।

ਮਿਲਿਆ ਓਥੇ ਸੌਣ ਸਿੰਘ, ਉਹਨਾਂ ਤਾਈਂ ਜਾ।

ਰੜ੍ਹ ਦਾ ਨੰਬਰਦਾਰ ਸੀ, ਜੈਮਲ ਉਹਦਾ ਨਾਮ।

ਨਾਲ ਜਥੇ ਦੇ ਰਲ ਗਿਆ, ਸੋਚੇ ਲਵਾਂ ਇਨਾਮ।

ਮਾਰੇ ਮੋਮੋਠੱਗਣੀਆਂ, ਚੱਲਣ ਖਾਤਰ ਚਾਲ।

ਸੋਚੇ ਮੈਂ ਫਸਾ ਲਵਾਂ, ਕੂਕੇ ਅੰਦਰ ਚਾਲ।

ਵਾਹ ਵਾਹ ਸਿੰਘੋ ਤੁਸਾਂ ਤੇ, ਮੈਂ ਹਾਂ ਬਾਗੋ ਬਾਗ।

ਬੋਲੀ ਬੋਲੇ ਹੰਸ ਦੀ, ਵਿੱਚੋਂ ਕਾਲਾ ਕਾਗ।

ਆਖਾਂ ਜਾ ਅੰਗ੍ਰੇਜ਼ ਨੂੰ, ਮੈਂ ਲਿਆਇਆਂ ਟੋਲ।

ਐਪਰ ਨਹੀਂ ਸਨ ਖਾਲਸੇ, ਵੀ ਏਨੇ ਅਣਭੋਲ।

ਹੀਰਾ ਸਿੰਘ ਨੇ ਆਖਿਆ, ਤੂੰ ਤੁਰਿਐਂ ਕਿਉਂ ਨਾਲ।

ਜੈਮਲ ਸਿੰਘਾ ਜਾਣੀਏ, ਤੇਰੇ ਦਿਲ ਦਾ ਹਾਲ।

ਤੂੰ ਟੋਡੀ ਸਰਕਾਰ ਦਾ, ਚਾਹੁੰਨੈ ਮਿਲੇ ਇਨਾਮ।

ਨੇਕ ਨਾਮੀਆਂ ਟੋਲਦੈਂ, ਟੁੱਕੜ ਬੋਚ ਗ਼ੁਲਾਮ।

ਰੱਖੇਂ ਹੱਥ ਗ੍ਰੰਥ ਤੇ, ਚੁੱਕੇਂ ਸੌਂਹ ਹਜ਼ਾਰ।

ਫਿਰ ਵੀ ਤੇਰੇ ਤੇ ਅਸੀਂ, ਕਰੀਏ ਨਾ ਇਤਬਾਰ।

ਯਾਰਾ ਚੱਲੇ ਅਸੀਂ ਤਾਂ, ਆਪ ਹੋਣ ਲਈ ਪੇਸ਼।

ਸਾਨੂੰ ਦੱਸ ਨਾ ਬਣ ਕੇ, ਤੂੰ ਬਹੁਤਾ ਦਰਵੇਸ਼।

ਤੂੰ ਸਚਮੁੱਚ ਦਾ ਸਿੱਖ ਹੈਂ, ਜਾਂ ਕੋਈ ਕਮਜਾਤ।

ਪਰਖ ਲਵਾਂਗੇ ਏਸ ਪੱਜ, ਤੇਰੀ ਵੀ ਔਕਾਤ।

ਹਾਂਡੀ ਜਾਵੇ ਟਕੇ ਦੀ, ਬਣੀ ਹੋਈ ਹੈ ਬਾਤ।

ਪਰਖੀ ਜਾਵੇ ਇਸ ਤਰ੍ਹਾਂ, ਕੁੱਤੇ ਦੀ ਵੀ ਜਾਤ।

ਵੇਖ ਲਵਾਂਗੇ ਚੱਲ ਕੇ, ਤੂੰ ਕੀਹਦਾ ਹੈਂ ਯਾਰ।

ਤੇਰੇ ਅੰਦਰ ਕੀ ਹੈ, ਸਾਨੂੰ ਸਾਰੀ ਸਾਰ।

ਰਸਤੇ ਵਿੱਚ ਪੰਜਾਬ ਸਿੰਘ, ਰਲਿਆ ਆ ਕੇ ਹੋਰ।

ਅਹਿਲਕਾਰ ਪਟਲੇਸ ਦਾ, ਤੇ ਅੰਦਰ ਦਾ ਚੋਰ।

ਜੈਮਲ ਸਿੰਘ ਦੇ ਨਾਲ ਉਹ, ਤੁਰੇ ਮਿਲਾ ਕੇ ਚਾਲ।

ਪੁੱਛੇ ਬਾਤਾਂ ਗੁੱਝੀਆਂ, ਜਿਵੇਂ ਅੰਞਾਣਾ ਬਾਲ।

ਮਨਸ਼ਾ ਇੱਕੋ ਦੋਹਾਂ ਦੀ, ਇੱਕੋ ਮਨੋ ਤਰੰਗ।

ਹਿੰਗ ਲੱਗੇ ਨਾ ਫਟਕੜੀ, ਆਵੇ ਚੋਖਾ ਰੰਗ।

ਉੱਤਮ ਸਿੰਘ ਵੀ ਆਣਕੇ, ਰਲਿਆ ਥਾਣੇਦਾਰ।

ਲੱਗਾ ਵਾਂਗਰ ਕੂਕਿਆਂ, ਉਹ ਵੀ ਕਰਨ ਵਿਹਾਰ।

ਐਪਰ ਉੱਤੋਂ ਹੋਰ ਉਹ, ਤੇ ਅੰਦਰ ਦੇ ਹੋਰ।

ਰੱਖਣ ਭੇਦ ਛੁਪਾ ਕੇ, ਮਨ ਪਾਪੀ ਤਨ ਚੋਰ।

ਓਥੇ ਜਾ ਕੇ ਕਹਾਂਗੇ, ਅਸੀਂ ਲਿਆਏ ਘੇਰ।

ਇਹ ਬਾਗੀ ਸਰਕਾਰ ਦੇ, ਹੱਥ ਨਾ ਆਉਂਦੇ ਫੇਰ।

ਕਾਬੂ ਕੀਤੇ ਅਸਾਂ ਨੇ, ਹਿਕਮਤ ਬੜੀ ਵਖਾਲ।

ਕੀਲੇ ਜ਼ਹਿਰੀ ਨਾਗ ਨੇ, ਬੀਨ ਅਨੋਖੀ ਨਾਲ।

ਮਿਲੇ ਖੁਸ਼ੀ ਸਰਕਾਰ ਦੀ, ਲਈਏ ਬਹੁਤ ਇਨਾਮ।

ਨਾਲ ਸੁਖਾਂ ਦੇ ਭੋਗੀਏ, ਰਹਿੰਦੀ ਉਮਰ ਤਮਾਮ।

ਥਾਣੇ ਜਾ ਕੇ ਸ਼ੇਰ ਪੁਰ, ਹੋਏ ਆਪੇ ਪੇਸ਼।

ਕੂਕੇ ਜੱਗੋਂ ਵੱਖਰੀ, ਕਰਦੇ ਬਾਤ ਹਮੇਸ਼।

ਝਟਪਟ ਜੈਮਲ ਬਦਲਿਆ, ਬੋਲਚਾਲ ਦਾ ਢੰਗ।

ਤਿੰਨੇ ਟੋਡੀ ਬਦਲ ਗਏ, ਗਿਰਗਟ ਵਾਂਗੂ ਰੰਗ।

ਹੀਰਾ ਸਿੰਘ ਨੇ ਆਖਿਆ, ਦੱਸੀਂ ਨੰਬਰਦਾਰ।

ਹੁਣ ਤੂੰ ਕੀਹਦਾ ਸਿੱਖ ਹੈਂ, ਤੇ ਹੈਂ ਕਿਸ ਦਾ ਯਾਰ।

ਪਰ ਜਿਨ੍ਹਾਂ ਨੇ ਘੋਟ ਕੇ, ਪੀਤੀ ਸ਼ਰਮ ਹਮੇਸ਼।

ਉਹਨਾਂ ਖਾਤਰ ਸੌਂਹ ਨਾ, ਰੱਖੇ ਅਰਥ ਵਿਸ਼ੇਸ਼।

ਕੀਤੇ ਕੂਕੇ ਜਾਂਦਿਆਂ, ਥਾਣੇ ਅੰਦਰ ਬੰਦ।

ਕਰਦੇ ਮਿਸਲ ਤਿਆਰ, ਹੁਣ ਜੋੜਣ ਝੂਠੇ ਤੰਦ।

ਓਹੋ ਜੈਮਲ ਸਿੰਘ ਹੈ, ਬਣਿਆ ਆਣ ਗਵਾਹ।

ਰਿਹਾ ਜਥੇ ਦੇ ਗੀਤ ਜੋ, ਗਾਉਂਦਾ ਸਾਰੇ ਰਾਹ।

* ਸ਼ੇਰਪੁਰ ਦੇ ਥਾਣੇ ਦੋ ਮਾਈਆਂ ਸਣੇ ੬੯ ਕੂਕੇ ਹੀ ਅੱਪੜੇ ਹਨ। ਇਹ ਰਾਹ ’ਚੋਂ ਰਲਣ ਵਾਲਾ ਪ੍ਰਸੰਗ ਵੀ ਹੈ।

---o---

ਆਇਆ ਸੀ ਪਟਿਆਲਿਓਂ, ਨਾਜ਼ਮ ਅਲੀ ਨਿਆਜ਼।

ਮਹਾਰਾਜੇ ਦੇ ਹੁਕਮ ਵਿੱਚ, ਕਰਦਾ ਸਾਰੇ ਕਾਜ।

ਕੂਕੇ ਥਾਣੇਦਾਰ ਨੇ, ਉਸ ਹਵਾਲੇ ਕਰ।

ਦਿੱਤਾ ਝੂਠ ਬਣਾ ਕੇ, ਪੇਟ ਫਾਈਲ ਦਾ ਭਰ।

ਲਿਖਿਆ ਪਕੜੇ ਕੂਕਿਆਂ, ਕੋਲੋਂ ਘੋੜੇ ਚਾਰ।

ਸੋਲਾਂ ਦੱਸੇ ਸ੍ਰੀ ਸਾਹਿਬ, ਨਾਲ ਹੋਰ ਹਥਿਆਰ।

ਇੱਕ ਬਰਛਾ ਕਈ ਸਫਾਜੰਗ, ਡਾਂਗਾਂ ਸੋਟੇ ਹੋਰ।

ਖੋਹੇ ਕਹਿਣ ਪੁਲੀਸ ਨੇ, ਲਾ ਕੇ ਸਾਰਾ ਜੋਰ।

ਕੂਕੇ ਤਾਂ ਹਥਿਆਰ ਸਭ, ਆਪ ਆਏ ਸਨ ਸੁੱਟ।
ਮਨ ਮਰਜ਼ੀ ਦੇ ਨਾਲ ਹੀ, ਕਦਮ ਅਨੋਖਾ ਪੁੱਟ।
ਉਹ ਥਾਣੇ ਸਨ ਅੱਪੜੇ, ਪੇਸ਼ ਹੋਣ ਲਈ ਆਪ।
ਲਾਹ ਕੇ ਗਊ ਗਰੀਬ ਦੇ, ਸਿਰ ਉੱਤੋਂ ਸੰਤਾਪ।
ਲਿਖਿਆ ਹੈ ਹਰਨਾਮ ਸਿੰਘ, ਬਗਲੀ ਵਾਲੇ ਸੱਚ।
ਜ਼ਾਲਮ ਪਏ ਬਣਾਂਵਦੇ, ਆਖਣ ਗੱਲਾਂ ਕੱਚ।
ਉਹਨਾਂ ਨੂੰ ਸੀ ਦੱਸਿਆ, ਪੰਡਤ ਦੇਵੀ ਦਿਆਲ।
ਅਤੇ ਸਮੁੰਦ ਸਿੰਘ ਨੇ, ਅੱਖੀਂ ਡਿੱਠਾ ਹਾਲ।
ਓਸ ਦਿਵਸ ਇਹ ਦੋਏ ਸਨ, ਰੜ ਪਿੰਡ ਵਿਚਕਾਰ।
ਆਏ ਰਿਸ਼ਤੇਦਾਰ ਦੇ ਕੋਲ, ਕਿਸੇ ਉਹ ਕਾਰ।
ਸਹੁਰਾ ਦੇਵਾ ਸਿੰਘ ਸੀ, ਉਸ ਦਾ ਨੰਬਰਦਾਰ।
ਉਸ ਵੀ ਆਖੇ ਦੱਸਿਆ, ਏਹੋ ਬਾਰੰਬਾਰ।
ਉੱਨੀਂ ਸੌ ਇਕਹੱਤਰਾ, ਸੰਮਤ ਜਦੋਂ ਵੀਚਾਰ।
ਲਿਖਿਆ ਉਹਦੇ ਵਿੱਚ ਹੈ, ਉਹਨੇ ਸਾ-ਵਿਸਥਾਰ।
ਛਪਿਆ ਸੰਤ ਖਾਲਸਾ, ਲਿਖਿਆ ਸਿੰਘ ਹਰਨਾਮ।
ਏਸ 'ਚ ਓਸੇ ਵਕਤ ਦਾ, ਦਿੱਤਾ ਹਾਲ ਤਮਾਮ।

## ਜਥੇਦਾਰ ਨੇ ਸਿੰਘਾਂ ਨੂੰ ਕਹਿਣਾ

ਸੀਸ ਲੈ ਚੁੱਕੇ ਜਦੋਂ ਜ਼ਾਲਮਾ ਦੇ,
ਆਪਣੇ ਸੀਸ ਵੀ ਦੇਣ ਨੂੰ ਤਿਆਰ ਹੋਈਏ।
ਗੌਰਮਿੰਟ ਦੇ ਪਾਸ ਹੁਣ ਅਸੀਂ ਸਾਰੇ,
ਆਪਣੇ ਆਪ ਜਾ ਕੇ ਗ੍ਰਿਫਤਾਰ ਹੋਈਏ।
ਆਪਣੇ ਆਪ ਸਰਕਾਰ ਨੂੰ ਹਾਲ ਦੱਸੋ,
ਗੌਰਮਿੰਟ ਤੇ ਨਹੀਂ ਫਰਾਰ ਹੋਈਏ।
ਦੇ ਕੇ ਧਰਮ ਤੇ ਸੀਸ ਹਰਨਾਮ ਸਿੰਘਾ,
ਭਵਜਲ ਏਸ ਸੰਸਾਰ ਤੋਂ ਪਾਰ ਹੋਈਏ।

ਜਿਹੜੇ ਓਸ ਵੇਲੇ ਵੀਰਨ ਵਹਾਂ ਸੀਗੇ,
ਸਾਨੂੰ ਉਹਨਾਂ ਦੱਸੇ ਸਮਾਚਾਰ ਬੇਲੀ।
ਆਪਣੇ ਆਪ ਠਾਣੇ ਜਾਣਾ ਦੱਸਦਾ ਸੀ,
ਨਾਨੂੰ ਸਿੰਘ ਰਾਈਸ ਸਰਦਾਰ ਬੇਲੀ।
ਏਵੇਂ ਕਿਵੇਂ ਨਾਹਣ ਵਾਲਾ ਦੱਸਦਾ ਥਾ,
ਦੇਵਾ ਸਿੰਘ ਕੂਕਾ ਨੰਬਰਦਾਰ ਬੇਲੀ।
ਲੈਹਣਾ ਸਿੰਘ ਮਹੰਤ ਨੇ ਕਿਹਾ ਏਵੇਂ,
ਪੌਂਟੇ ਸਾਹਿਬ ਦਾ ਜੋ ਵਿਸਵੇਦਾਰ ਬੇਲੀ।
ਏਵੇਂ ਕਿਵੇਂ ਸਾਡੇ ਬ੍ਰਾਹਮਣ ਗਏ ਦੱਸਦੇ,


Sri Satguru Jagjit Singh Ji eLibrary NamdhariElibrary@gmail.com

ਦੇਵੀ ਦਿਆਲ ਵਰਦੇ ਸਮਝਦਾਰ ਬੇਲੀ।

ਸਾਡੇ ਪਾਸ ਨੇ ਬਹੁਤ ਸਬੂਤ ਭਾਰੇ,

ਨਹੀਂ ਲਿਖਣ ਦੀ ਹੋਰ ਦਰਕਾਰ ਬੇਲੀ।

(ਹਰਨਾਮ ਸਿੰਘ ਬਗਲੀ ਕਲਾਂ)

ਅਮਰਗੜ੍ਹ ਦੇ ਕਿਲੇ ਵਿੱਚ, ਬੰਦੀ ਲਏ ਬਣਾ।

ਅੱਠਸਠ ਕੂਕੇ ਕੈਦ ਕਰ, ਤਾਲੇ ਦਿੱਤੇ ਲਾ।

ਰਾਜੇ ਤਾਈਂ ਦੱਸਿਆ, ਸਾਰਾ ਹਾਲ ਨਿਤਾਰ।

ਉਸ ਭੇਜੀ ਅੰਗ੍ਰੇਜ਼ ਨੂੰ, ਓਸੇ ਵੇਲੇ ਤਾਰ।

ਨਾਜ਼ਿਮ ਨਿਆਜ ਅਲੀ ਨੇ, ਪੜ੍ਹਿਆ ਆਪ ਬਿਆਨ।

ਚਾਰ ਸਿਪਾਹੀ ਨਾਲ ਲੈ, ਸਾਂਭੀ ਆਪ ਕਮਾਨ।

ਜੈਮਲ ਸਿੰਘ ਦੇ ਕਹਿਣ ਤੇ, ਪਹੁੰਚਾ ਪਿੰਡ ਦੁਪਹਿਰ।

ਰੜ ਵਿੱਚ ਕੂਕੇ ਘੇਰ ਲਏ, ਜਾ ਕੇ ਤੀਜੇ ਪਹਿਰ।

ਛੇਤੀ ਹੀ ਸੁਟਵਾ ਕੇ, ਉਹਨਾਂ ਤੋਂ ਹਥਿਆਰ।

ਐਸੇ ਕੀਤੇ ਅਸਾਂ ਨੇ ਸਨ, ਓਥੇ ਹੱਥ ਚਾਰ।

ਉਹਦੇ ਏਸ ਬਿਆਨ ਤੇ, ਨੰਬਰਦਾਰ ਪੰਜਾਬ।

ਸਹੀ ਲਗਾਈ ਆਪਣੀ, ਝੂਠਾ ਜੋੜ ਹਿਸਾਬ।



Sri Satguru Jagjit Singh Ji eLibrary NamdhariElibrary@gmail.com

ਵੇਖੋ ਇਹ ਬਿਆਨ ਨੇ, ਘੜੇ ਘੜਾਏ ਆਪ।

ਤਾਕਿ ਨਾਲ ਇਨਾਮ ਦੇ, ਮਿਲੇ ਕੰਡ ਤੇ ਥਾਪ।

ਐਪਰ ਸੋਲਾਂ ਜਨਵਰੀ, ਚਿੱਠੀ ਲਿਖੀ ਵਿਸ਼ੇਸ਼।

ਫੋਰਸਿਥ ਅੰਗ੍ਰੇਜ਼ ਨੂੰ, ਕਹਿ ਪਲਟੇਸ ਨਰੇਸ਼।

ਲੁਧੇਆਣੇ ਓਸ ਦੇ, ਜੋ ਏਜੰਟ ਵਕੀਲ।

ਉਹਨਾਂ ਭੇਜੀ ਸੂਚਨਾ, ਦੇ ਕੇ ਖਾਸ ਦਲੀਲ।

ਕੂਕੇ ਨਾਮਧਾਰੀਏ, ਸੱਤਰ ਜਣੇ ਕਰੀਬ।

ਪਹੁੰਚੇ ਸ਼ੇਰਪੁਰੇ ਨੇ, ਆਪ ਨਾਲ ਤਰਤੀਬ।

ਹੋਏ ਅਮਰਗੜ੍ਹ ਦੇ, ਨਾਜ਼ਮ ਅੱਗੇ ਪੇਸ਼।

ਜਿਨ੍ਹਾਂ ਵਿੱਚੋਂ ਤੀਹ ਕੁ, ਜ਼ਖਮੀ ਜਾਣ ਵਿਸ਼ੇਸ਼।

ਉਹਨਾਂ ਨੇ ਖੁਦ ਮੰਨਿਆਂ, ਵਿੱਚ ਕੋਟਲੇ ਜਾ।

ਹਮਲਾ ਕੀਤਾ ਬੁੱਚੜਾਂ, ਉੱਤੇ ਉਹਨਾਂ ਧਾ।

ਇਹ ਰੀਪੋਰਟ ਸੱਚ ਦੀ, ਕਰਦੀ ਏ ਤਸਦੀਕ।

ਬਾਕੀ ਮਤਲਬ ਵਾਸਤੇ, ਹੈਣ ਬਣਾਈਆਂ ਠੀਕ।

ਡਰਦਾ ਬਾਗੀ ਜਥੇ ਤੋਂ, ਨਾ ਨਾਜ਼ਮ ਨਾ ਹੋਰ।

ਰੜ ਪਿੰਡ ਨਾ ਪਹੁੰਚਿਆ, ਉਹ ਦਿਲ ਦਾ ਕਮਜ਼ੋਰ।

ਏਸ ਜਗਾ ਤੋਂ ਤੁਰੇ ਸਨ, ਸਿੰਘ ਗੁਰਮਤਾ ਸੋਧ।

ਪੇਸ਼ ਹੋਏ ਸਨ ਆਣਕੇ, ਆਪੇ ਬਿਨਾ ਵਿਰੋਧ।



Sri Satguru Jagjit Singh Ji eLibrary NamdhariElibrary@gmail.com

ਸਾਹਵੇਂ ਜਿਨ੍ਹਾਂ ਸਮੁੰਦ ਖਾਨ, ਵੀ ਨਾ ਸੱਕਿਆ ਅੜ।
ਨਾਜ਼ਮ ਚਾਰ ਸਿਪਾਹੀ ਲੈ, ਸਕਦਾ ਹੈ ਸੀ ਫੜ?
ਜੇ ਸ਼ਹੀਦੀ ਜਥੇ ਨਾ, ਹੋਣਾ ਹੁੰਦਾ ਪੇਸ਼।
ਉਹਨਾਂ ਦੇ ਕੀ ਛੁਪਣ ਨੂੰ, ਸੌੜਾ ਸੀ ਇਹ ਦੇਸ਼?
ਚਲੇ ਗਏ ਸਨ ਦੂਸਰੇ, ਜਿੱਦਾਂ ਚੁੱਪ ਖਾਮੋਸ਼।
ਖਿੱਲਰ ਪੁੱਲਰ ਇਹ ਵੀ, ਹੋ ਜਾਂਦੇ ਰੂ-ਪੋਸ਼।
ਐਪਰ ਪਕੜ ਬੇਦੋਸ਼ਿਆਂ, ਦਲਦੀ ਇਹ ਸਰਕਾਰ।
ਕੂਕੇ ਏਸ ਵਿਹਾਰ ਨੂੰ, ਸਕਦੇ ਕਿਵੇਂ ਸਹਾਰ?
ਤਾਹੀਓਂ ਦੇਣ ਸ਼ਹਾਦਤਾਂ, ਹਾਜ਼ਰ ਹੋਏ ਚੱਲ।
ਪਾਉਣੀ ਆਪਾ ਵਾਰ ਕੇ, ਕਹਿਣ ਜ਼ੁਲਮ ਨੂੰ ਠੱਲ੍ਹ।

---o---

ਡੀ. ਸੀ. ਲੁਧਿਆਣਿਓਂ, ਕਾਵਨ ਜਿਸ ਦਾ ਨਾਮ।
ਨੀਂਦਰ ਉਸ ਦੀ ਕੂਕਿਆਂ, ਕੀਤੀ ਕਹਿਣ ਹਰਾਮ।
ਵਿੱਚ ਮਲੌਦ ਬੈਠ ਕੇ, ਕਰੇ ਪਿਆ ਤਫ਼ਤੀਸ਼।
ਉਸ ਦੇ ਅੰਦਰ ਵੱਸਿਆ, ਓਸ ਵਕਤ ਇਬਲੀਸ।
ਨਾਜ਼ਮ ਉਸ ਵੱਲ ਦੌੜਿਆ, ਲੈਣ ਲਈ ਸ਼ਾਬਾਸ਼।
ਸੋਚੇ ਜਲਦੀ ਜਾ ਕੇ, ਕਹਾਂ ਕਹਾਣੀ ਖਾਸ।


Sri Satguru Jagjit Singh Ji eLibrary NamdhariElibrary@gmail.com

ਹੋਇਆ ਉਹਦਾ ਮੇਲ ਸੀ, ਰਸਤੇ ਦੇ ਵਿਚਕਾਰ।

ਉਸ ਕਾਵਨ ਨੂੰ ਵਾਰਤਾ, ਦੱਸੀ ਸਾ-ਵਿਸਥਾਰ।

ਕਾਵਨ ਦਿੱਤਾ ਓਸ ਨੂੰ, ਅੱਗੋਂ ਹੁਕਮ ਚੜ੍ਹਾ।

ਕੂਕੇ ਲੈ ਕੇ ਕੋਟਲੇ, ਛੇਤੀ ਪਹੁੰਚੋ ਜਾ।

ਓਧਰ ਦਿੱਤਾ ਰਾਜਿਆਂ, ਨੂੰ ਸੰਦੇਸ਼ਾ ਘੱਲ।

ਭੇਜੋ ਦਸਤੇ ਫੌਜ ਦੇ, ਹੁਣੇ ਕੋਟਲੇ ਵੱਲ।

ਆਵਣ ਫੌਜੀ ਤੁਸਾਂ ਦੇ, ਤੋਪਾਂ ਲੈ ਕੇ ਨਾਲ।

ਰੱਕੜ ਅੰਦਰ ਕੋਟਲੇ, ਨੇੜੇ ਪੁਰੇ ਜਮਾਲ।

ਦਿੱਤੇ ਝੱਟ ਰਿਆਸਤਾਂ, ਫੌਜੀ ਦਸਤੇ ਭੇਜ।

ਕਾਰਗੁਜ਼ਾਰੀ ਵੇਖ ਕੇ, ਖੁਸ਼ ਹੋਇਆ ਅੰਗ੍ਰੇਜ਼।

ਰੱਕੜ ਅੰਦਰ ਆਣ ਕੇ, ਤੋਪਾਂ ਲਈਆਂ ਬੀੜ।

ਕਿਸੇ ਕੂਕਿਆਂ ਦੀ ਨਾ, ਜਰਾ ਵੰਡਾਈ ਪੀੜ।

ਕਾਵਨ ਪਿਆ ਉਡੀਕਦਾ, ਬੇ-ਸਬਰੀ ਨਾਲ।

ਗੁੱਸੇ ਅੰਦਰ ਓਸ ਦਾ, ਹੋਇਆ ਚਿਹਰਾ ਲਾਲ।

ਆਉਂਦੇ ਉੱਤੇ ਗੱਡਿਆਂ, ਕੂਕੇ ਹੋਏ ਲੇਟ।

ਕਾਵਨ ਕਾਹਲਾ ਪੈ ਗਿਆ, ਕਰਦਾ ਕਰਦਾ ਵੇਟ।

ਜੋ ਮਨਸੂਬਾ ਬੰਨ੍ਹਿਆ, ਮਤ ਹੋ ਜਾਵੇ ਰੱਦ।

ਉਤਲੇ ਅਫ਼ਸਰ ਦੇਣ ਨਾ, ਉਸ ਦੀ ਬਾਤ ਉਲੱਦ।



Sri Satguru Jagjit Singh Ji eLibrary NamdhariElibrary@gmail.com

ਕੂਕੇ ਆਉਂਦੇ ਸਾਰ ਹੀ, ਚਾਹਵੇ ਦਿਆਂ ਉਡਾ।

ਤੋਪਾਂ ਉਹਨੇ ਬੀੜ ਕੇ, ਰੱਖੀਆਂ ਸ਼ਿਸ਼ਤ ਲੱਗਾ।

ਫੌਜੀ ਸਿੱਖ ਰਿਆਸਤਾਂ, ਦੇ ਹੋ ਤਾਬੇਦਾਰ।

ਤੋਪਾਂ ਬੀੜ ਖਲੋ ਗਏ, ਰੱਕੜ ਦੇ ਵਿਚਕਾਰ।

ਕਹੀ ਕਵੱਲੀ ਖੇਡਦਾ, ਗੋਰਾ ਖੇਡ ਮਕਾਰ।

ਸਿੱਖਾਂ ਨੂੰ ਮਰਵਾਉਣ ਲਈ, ਕੀਤੇ ਸਿੱਖ ਤਿਆਰ।

ਗ਼ੈਰਾਂ ਕੋਲੋਂ ਕਦੋਂ ਸੀ, ਪਹਿਲਾਂ ਆਸ ਉਮੈਦ।

ਆਪਣਿਆ ਦਾ ਹੋ ਗਿਆ, ਏਧਰ ਖ਼ੂਨ ਸਫੈਦ।

ਤੋਪਾਂ ਉਹਨਾਂ ਬੀੜੀਆਂ, ਨੌ ਰੱਕੜ ਵਿਚਕਾਰ।

ਇੰਤਜ਼ਾਰ ਵਿੱਚ ਬਾਗੀਆਂ, ਬੈਠਾ ਸਾਜ ਸਵਾਰ।

---o---

## ਕਾਵਨ ਨੇ ਕਮਿਸ਼ਨਰ ਨੂੰ ਚਿੱਠੀ ਲਿਖਣੀ

ਤਾਰਾਂ ਖੜਕਣ ਲੱਗੀਆਂ, ਵਾਇਸਰਾਇ ਤੀਕ।

ਕਾਵਨ ਕਰਨੀ ਨਹੀਂ ਸੀ, ਚਾਹੁੰਦਾ ਹੋਰ ਉਡੀਕ।

ਉਹਨੇ ਭੇਜੀ ਫੋਰਸਿਥ, ਤਾਈਂ ਅੱਗੋਂ ਤਾਰ।

ਲਿਖਿਆ ਉਹਦੇ ਵਿੱਚ ਸੀ, ਉਹਨੇ ਸਾ-ਵਿਸਥਾਰ।

ਤਾਰ ਤੁਹਾਡੀ ਮਿਲ ਗਈ, ਜਾਣ ਲਿਆ ਸਭ ਹਾਲ।



Sri Satguru Jagjit Singh Ji eLibrary NamdhariElibrary@gmail.com

ਲੁਧੇਆਣੇ ਕਿਹਾ ਆਪ, ਪਹੁੰਚੋਗੇ ਤਤਕਾਲ।

ਪਰ ਤੁਹਾਡੇ ਆਉਣ ਦੀ, ਹੁਣ ਨਾ ਉੱਕਾ ਲੋੜ।

ਸ਼ਾਂਤੀ ਕਾਇਮ ਹੋ ਗਈ, ਜੋੜ ਲਏ ਸਭ ਜੋੜ।

ਟੋਲਾ ਨਾਮਧਾਰੀਆਂ, ਵਾਲਾ ਜਾਣ ਤਮਾਮ।

ਦਿੱਤਾ ਨਾ ਜਾ ਸੱਕਦਾ, ਹੋਰ ਉਚਿਤ ਕੁਨਾਮ।

ਲੱਗਪਗ ਉਹਦੇ ਵਿੱਚ ਸਨ, ਇੱਕ ਸੌ ਪੱਚੀ ਲੋਕ।

ਪੂਰਨ ਪਾਈ ਅਸਾਂ ਨੇ, ਉਹਦੇ ਉੱਤੇ ਰੋਕ।

ਧਾਵਾ ਕੀਤਾ ਜਿਨ੍ਹਾਂ ਨੇ, ਹੱਥ ਪਕੜ ਹਥਿਆਰ।

ਮਾਰੇ ਗਏ ਮਲੌਂਦ ਦੋ, ਬੰਦੀ ਕੀਤੇ ਚਾਰ।

ਅੱਠ ਕੋਟਲੇ ਮਰ ਗਏ, ਫੱਟੜ ਇੱਕ ਤੇ ਤੀਸ।

ਪੱਚੀ ਛੱਬੀ ਨੱਸ ਗਏ, ਓਥੋਂ ਰੀਸੋ ਰੀਸ।

ਪਕੜ ਲਏ ਰੜ ਪਿੰਡ ਚੋਂ, ਜਾ ਕੇ ਸਿੰਘ ਅਠਾਹਟ।

ਖਿੱਲਰ ਗਿਆ ਗਿਰੋਹ, ਸਭ ਹੋ ਕੇ ਅੱਡੋ ਪਾਟ।

ਲੇਖਾ ਇਹਨਾਂ ਦਾ ਦਿਆਂ, ਨਗਦੋ ਨਗਦ ਚੁਕਾ।

ਚੜ੍ਹਦੇ ਸੂਰਜ ਕੱਲ ਹੀ, ਦੇਵਾਂ ਮਾਰ ਮੁਕਾ।

ਤੋਪਾਂ ਨਾਲ ਉਡਾ ਕੇ, ਜਾਂ ਫਾਂਸੀ ਤੇ ਟੰਗ।

ਇਹਨਾਂ ਜ਼ਹਿਰੀ ਬਿੱਛੂਆਂ, ਤੋੜ ਦਿਆਂ ਸਭ ਡੰਗ।

ਨਹੀਂ ਸਾਧਾਰਨ ਕੂਕਿਆਂ, ਜੋ ਕੀਤਾ ਅਪਰਾਧ।

ਬਾਗੀ ਹੋ ਸਰਕਾਰ ਤੋਂ, ਕੀਤੀ ਢੇਰ ਬਖਾਧ।

ਡਾਕੂ ਕਾਤਲ ਇਹ ਨਾ, ਆਮ ਮਾਮੂਲੀ ਜਾਣ।

ਚੈਲੰਜ ਏਹ ਸਰਕਾਰ ਨੂੰ, ਵੱਡਾ ਲਵੋ ਪਛਾਣ।

ਕਰਾਂ ਇਲਾਜ ਹੁਣੇ ਹੀ, ਮਤ ਵਧ ਜਾਵੇ ਰੋਗ।

ਚੱਕਰ ਦਮਨ ਚਲਾ ਕੇ, ਪਲ ਵਿੱਚ ਪਾਵਾਂ ਭੋਗ।

ਜ਼ਿੰਮੇਵਾਰੀ ਬੜੀ ਇਹ, ਚੁੱਕ ਲਈ ਮੈਂ ਆਪ।

ਪੂਰੀ ਤਰ੍ਹਾਂ ਸੁਚੇਤ ਹੋ, ਲਾਹ ਸੁੱਟਾਂ ਸੰਤਾਪ।

ਮੈਨੂੰ ਏਸੇ ਬਾਤ ਦੀ, ਹੈ ਸੰਤੁਸ਼ਟੀ ਢੇਰ।

ਹਿਤ ਸੋਚਾਂ ਸਰਕਾਰ ਦਾ, ਲਾਵਾਂ ਹੋਰ ਨਾ ਦੇਰ।

ਰਾਜ ਵਿਰੋਧੀ ਰਿਹਾ ਹੈ, ਜਿਹੜਾ ਅੰਕੁਰ ਫੁੱਟ।

ਬੂਟਾ ਇਹ ਵਿਦ੍ਰੋਹ ਦਾ, ਦਿਆਂ ਜੜ੍ਹਾਂ ਤੋਂ ਪੁੱਟ।

ਮਿਸਟਰ ਫੋਰਸਿਥ ਨੇ, ਪੱਤਰ ਪੜ੍ਹਦੇ ਸਾਰ।

ਕਾਵਨ ਦੇ ਵੱਲ ਭੇਜਿਆ, ਲਿਖ ਜਵਾਬ ਵੀਚਾਰ।

ਭੇਜੀ ਗਾਰਦ ਅਸਾਂ ਜੋ, ਪਹੁੰਚੇ ਨਾ ਜਦ ਤੀਕ।

ਸ਼ੇਰਪੁਰੇ ਦੇ ਵਿੱਚ ਹੀ, ਨੇ ਅਪਰਾਧੀ ਠੀਕ।

ਲੁਧਿਆਣੇ ਮੰਗਵਾ ਕੇ, ਕਰ ਮੁਕੱਦਮਾ ਦਾਇਰ।

ਵਿੱਚ ਕਚਹਿਰੀ ਕਰਾਂਗੇ, ਨਿਆਂ ਵਕਤ ਕੁਝ ਠਹਿਰ।

ਅਜੇ ਨਹੀਂ ਸੀ ਪਹੁੰਚਿਆ, ਜਥਾ ਕੋਟਲੇ ਆ।

ਕਾਸਦ ਕਾਵਨ ਕੋਲ, ਇਹ ਚਿੱਠੀ ਦਿੱਤੀ ਜਾ।

ਕਾਵਨ ਚਿੱਠੀ ਵਾਚ ਕੇ, ਲਈ ਜ਼ੇਬ ਵਿੱਚ ਪਾ।

ਅਮਲ ਨਾ ਕੀਤਾ ਓਸ ਤੇ, ਹੋ ਕੇ ਬੇਪ੍ਰਵਾਹ।

ਕਿਉਂਕਿ ਕਾਵਨ ਚਾਂਹਵਦਾ, ਕੂਕੇ ਦੇਵਾਂ ਮਾਰ।

ਮਨ ਦੇ ਅੰਦਰ ਬਾਤ ਇਹ, ਪੱਕੀ ਬੈਠਾ ਧਾਰ।

ਫੋਰਸਿਥ ਸੀ ਸਮਝਦਾ, ਕਾਵਨ ਨਿਯਮ ਵਿਰੁੱਧ।

ਚਾਹੁੰਦਾ ਕੂਕੇ ਮਾਰਨੇ, ਹੋ ਕੇ ਦਿਲੋਂ ਕਰੁੱਧ।

ਏਸੇ ਲਈ ਉਸ ਤੜਕਸਾਰ, ਚਿੱਠੀ ਦਿੱਤੀ ਘੱਲ।

ਤਾ ਕਿ ਉਸ ਦੇ ਜੋਸ਼ ਨੂੰ, ਪੈ ਜਾਵੇ ਕੁਝ ਠੱਲ।

ਓਸ ਕਿਹਾ ਸੀ ਕੂਕਿਆਂ, ਕੀਤੇ ਦੋ ਅਪਰਾਧ।

ਦੋ ਰਾਜਾਂ ਦੇ ਵਿੱਚ ਹੈ, ਵੱਖ ਵਧਾਈ ਰਾਧ।

ਇੱਕ ਅੰਗ੍ਰੇਜ਼ੀ ਰਾਜ ਦੀ, ਸੀਮਾ ਦੇ ਵਿਚਕਾਰ।

ਵਿੱਚ ਰਿਆਸਤ ਕੋਟਲੇ, ਦੂਜਾ ਲਵੋ ਵੀਚਾਰ।

ਵੱਖੋ ਵੱਖਰੇ ਚੱਲਣੇ, ਹੈਨ ਮੁਕੱਦਮੇ ਠੀਕ।

ਆਪੋ ਆਪਣੇ ਰਾਜ ਵਿੱਚ, ਹੈ ਇਹ ਯੋਗ ਵਧੀਕ।

ਦੇਣਾ ਹੋਵੇ ਦੋਸ਼ੀਆਂ ਨੂੰ, ਜੇ ਮ੍ਰਿਤੂ ਦੰਡ।

ਬਿਨ ਮਨਜ਼ੂਰੀ ਸਮਝਿਓ, ਕਾਰਜ ਬੜਾ ਉਦੰਡ।

ਚਾਹੀਦੀ ਹੈ ਭੇਜਣੀ, ਫਾਈਲ ਕਮਿਸ਼ਨਰ ਪਾਸ।

ਉਸ ਤੋਂ ਸਹੀ ਪਵਾ ਕੇ, ਕਾਰਜ ਹੋਵੇ ਖਾਸ।

ਏਸ ਵਾਸਤੇ  ਕਰ ਲਵੋ, ਪਹਿਲਾਂ ਮਿਸਲ ਤਿਆਰ।

ਚੰਗਾ ਨਹੀਂ ਹੈ ਆਪਣੇ, ਹੱਥ ਲੈਣਾ ਅਧਿਕਾਰ।

ਤੁਸਾਂ ਕਿਹਾ ਕਿ ਤੁਰਤ ਹੀ, ਦੇਵੋ ਆਪ ਆਦੇਸ਼।

ਗ਼ੈਰ ਜ਼ਰੂਰੀ ਸਮਝਦਾ, ਮੈਂ ਇਹ ਬਾਤ ਹਮੇਸ਼।

ਚਾਹੀਏ ਸਾਨੂੰ ਚੱਲਣਾ, ਨਿਯਮਾਂ ਦੇ ਅਨੁਸਾਰ।

ਹੱਥ ਕਾਨੂੰਨ ਲੈਣ ਦਾ, ਨਹੀਂ ਕਦੇ ਅਧਿਕਾਰ।

ਜਲਦੀ ਆਵਾਂ ਕੋਟਲੇ, ਤੁਸੀਂ ਰੁਕੋ ਕੁਝ ਦੇਰ।

ਅਗਲਾ ਕਾਰਜ ਕਰਾਂਗੇ, ਸੋਚ ਸਮਝ ਕੇ ਫੇਰ।

ਮੈਂ ਲੁਧਿਆਣੇ ਰਾਮ ਸਿੰਘ, ਤਾਈਂ ਰਿਹਾ ਉਡੀਕ।

ਉਹਦਾ ਕੰਮ ਨਬੇੜ ਕੇ, ਆ ਪਹੁੰਚਾਂਗਾ ਠੀਕ।

ਦੂਜਾ ਪੱਤਰ ਭੇਜਿਆ, ਫੋਰਸਿਥ ਤਤਕਾਲ।

ਐਪਰ ਕਾਵਨ ਉਹ ਵੀ, ਚੋਰੀ ਲਿਆ ਸੰਭਾਲ।

ਫਿਰ ਕਾਵਨ ਨੇ ਬਾਅਦ ਵਿੱਚ, ਦਿੱਤਾ ਇਹ ਬਿਆਨ।

ਵਿੱਚ ਸਫਾਈ ਆਪਣੇ, ਬੋਲੇ ਝੂਠ ਤੂਫਾਨ।

ਪੱਤਰ ਮਿਲਿਆ ਤੁਸਾਂ ਦਾ, ਮੈਨੂੰ ਆਖੇ ਲੇਟ।

ਜੇਕਰ ਪਹਿਲਾਂ ਪਹੁੰਚਦਾ, ਕਰ ਲੈਂਦਾ ਮੈਂ ਵੇਟ।

## ਸਿਵਲ ਸਰਜਨ ਦਾ ਕੋਟਲੇ ਆਉਣਾ

ਸਿਵਲ ਸਰਜਨ ਪਹੁੰਚਿਆ, ਕਰਨ ਤਿਆਰ ਰਿਪੋਰਟ।

ਪਹਿਲਾਂ ਓਸ ਮਲੌਦ ਵਿੱਚ, ਕੀਤਾ ਸਾਕਾ ਨੋਟ।

ਸੱਤ ਵਜੇ ਉਹ ਚੱਲ ਕੇ, ਗਿਆ ਕੋਟਲੇ ਆ।

ਉਹਨੇ ਏਸ ਹਾਲਾਤ ਦਾ, ਜਾਇਜ਼ਾ ਆਣ ਲਿਆ।

ਪਰ ਕੋਟਲੇ ਵਾਲਿਆਂ, ਲਾਸ਼ਾਂ ਚੁੱਕ ਚੁਕਾ।

ਦਿੱਤਾ ਝਟਪਟ ਉਹਨਾਂ ਦਾ, ਕਿਰਿਆ ਕਰਮ ਕਰਾ।

ਉਹਨੇ ਜ਼ਖ਼ਮੀ ਜਾਂਚ ਕੇ, ਮਰਹਮ ਪੱਟੀ ਲਾ।

ਅੰਦਰ ਹਸਪਤਾਲ ਉਹ, ਭਰਤੀ ਕੀਤੇ ਜਾ।

ਜਿਹੜੀ ਉਹਨੇ ਕੂਕਿਆਂ, ਬਾਰੇ ਲਿਖੀ ਰਿਪੋਰਟ।

ਕੀਤਾ ਡਾਇਰੀ ਵਿੱਚ ਸੀ, ਓਸ ਇਸ ਤਰ੍ਹਾਂ ਨੋਟ।

ਮਰੇ ਹੋਏ ਸੱਤ ਕੂਕਿਆਂ, ਦੀਆਂ ਲਾਸ਼ਾਂ ਦਾ ਢੇਰ।

ਲਾਇਆ ਕਮਰੇ ਇੱਕ ਵਿੱਚ, ਅੰਦਰ ਜਿਦ੍ਹੇ ਹਨੇਰ।

ਦਿਸਦੇ ਬਹੁਤੇ ਬੀਭਤਸ, ਵਿਗੜੇ ਹੋਏ ਸਰੀਰ।

ਲੱਗੇ ਫੱਟ ਬੇਅੰਤ ਹੀ, ਜਾਮੇ ਲੀਰੋ ਲੀਰ।

ਸ਼ਾਇਦ ਮਰਿਆਂ ਨੂੰ ਵੀ, ਰਹੇ ਮਾਰਦੇ ਲੋਕ।

ਗੁੱਸਾ ਸਾਰਾ ਕੱਢਿਆ, ਇਹਨਾਂ ਉੱਤੇ ਥੋਕ।

ਧੜ ਇੱਕ ਦੇ ਨਾਲ ਸੀ, ਅੜਿਆ ਥੋੜ੍ਹਾ ਸੀਸ।

ਵੱਢੀ ਹੋਈ ਧੌਣ ਸੀ, ਤੱਕਿਆਂ ਨਿਕਲੇ ਚੀਸ।

ਬਾਜੂ ਵੱਢੀ ਪਈ ਇੱਕ, ਲਾਸ਼ਾਂ ਦੇ ਵਿਚਕਾਰ।

ਮਰੇ ਹੋਏ ਦੀ ਨਹੀਂ ਸੀ, ਪਾਠਕ ਲੈਣ ਵੀਚਾਰ।

ਇਹ ਨਰੈਣ ਸਿੰਘ ਦੀ, ਵੱਢੀ ਅੰਦਰ ਜੰਗ।

ਹਿੰਮਤ ਜਿਸ ਦੀ ਵੇਖ ਕੇ, ਦੁਨੀਆਂ ਹੋਈ ਦੰਗ।

ਵੇਖੋ ਉਹਦਾ ਹੌਸਲਾ, ਗਿਆ ਜਥੇ ਦੇ ਨਾਲ।

ਐਪਰ ਕੀਤੀ ਸੀ ਨਾ, ਜਿਗਰਾ ਬੜਾ ਕਮਾਲ।

ਰੜ ਪਿੰਡ ਵਿੱਚ ਪਹੁੰਚ ਕੇ, ਟੁੰਡ ਤਲੇ ਉਹ ਫੇਰ।

ਐਪਰ ਕੀਤੀ ਸੀ ਨਾ, ਡਾਢਾ ਦਿਲੋਂ ਦਲੇਰ।

ਜ਼ਖ਼ਮੀ ਕੂਕੇ ਦੋਂਹ ਦਾ, ਲਿਖਿਆ ਉਹਨੇ ਹਾਲ।

ਜਿਨ੍ਹਾਂ ਦੀ ਨਾ ਕਿਸੇ ਨੇ, ਕੀਤੀ ਜਰਾ ਸੰਭਾਲ।

ਇੱਕ ਵਜ਼ੀਰ ਸਿੰਘ ਨੂੰ, ਤੇਗ ਗਈ ਸੀ ਚੱਟ।

ਪੰਜ ਇੰਚ ਦਾ ਪੇਟ ਵਿੱਚ, ਲੱਗਾ ਡੂੰਘਾ ਫੱਟ।

ਦੂਜੇ ਦਾ ਪਰ ਨਾਮ ਸੀ, ਉਸ ਤੋਂ ਰਿਹਾ ਅਕੱਥ।

ਬੋਲਣ ਤੋਂ ਜੋ ਸ਼ਾਇਦ ਸੀ, ਹੋਇਆ ਅਸਮਰਥ।

ਉਹਦਾ ਮੋਢਾ ਵੱਢਿਆ, ਗਿਆ ਨਾਲ ਤਲਵਾਰ।

ਬਹੁਤਾ ਜ਼ਖ਼ਮੀ ਹੋ ਗਿਆ, ਬੋਲਣ ਤੋਂ ਲਾਚਾਰ।

ਇਹਨਾਂ ਦੋਵਾਂ ਨਾਲ ਸੀ, ਕਿਵੇਂ ਬੀਤਿਆ ਫੇਰ।

ਕੀਤੀ ਇਹਦੀ ਖੋਜ ਨਾ, ਹੋਈ ਬਹੁਤੀ ਦੇਰ।

ਅਜੇ ਤੀਕ ਨਾ ਏਸ ਦਾ, ਕਿਸੇ ਜਾਣਿਆ ਭੇਦ।

ਏਸ ਬਾਤ ਦਾ ਅਸਾਂ ਨੂੰ, ਯਾਰੋ ਡਾਢਾ ਖੇਦ।

### ਸਿੰਘਾਂ ਦਾ ਸ਼ੇਰਪੁਰ ਤੋਂ ਕੋਟਲੇ ਜਾਣਾ

ਆਈ ਸਤਾਰਾਂ ਜਨਵਰੀ, ਲੈ ਕੇ ਕਹਿਰੀ ਸੀਤ।

ਕੂਕੇ ਤੁਰੇ ਪੁਗਾਉਣ ਨੇ, ਸੂਰਮਿਆਂ ਦੀ ਰੀਤ।

ਵੇਖ ਜ਼ੁਲਮ ਅੰਗਰੇਜ਼ ਦਾ, ਅੰਬਰ ਰੋਇਆ ਰਾਤ।

ਰਾਹ ਰੋਕ ਲਏ ਓਸ ਨੇ, ਕਰ ਭਾਰੀ ਬਰਸਾਤ।

ਏਸੇ ਕਰਕੇ ਆਖਦੇ, ਹੋਈ ਬਹੁਤ ਅਵੇਰ।

ਹੋ ਬੇਚੈਨ ਉਡੀਕਦਾ, ਕਾਵਨ ਨਜ਼ਰਾਂ ਫੇਰ।

ਨਾਜ਼ਮ ਤੁਰਿਆ ਲੈ ਕੇ, ਗੱਡੇ ਬਲਦ ਵੰਗਾਰ।

ਸ਼ੇਰਪੁਰੇ ਦੇ ਥਾਣਿਓਂ, ਕੱਚੇ ਰਾਹ ਮੰਝਾਰ।

ਦੋ ਦਿਨਾਂ ਤੋਂ ਖਾਲਸੇ, ਖੁੱਧਾ ਸਕੇ ਨਾ ਮੇਟ।

ਐਪਰ ਨਾਲ ਸਬੂਰੀਆਂ, ਭਰਿਆ ਉਹਨਾਂ ਪੇਟ।

ਗਾਉਂਦੇ ਜਾਵਣ ਬਾਣੀਆਂ, ਲਾਉਂਦੇ ਜਾਣ ਦੀਵਾਨ।

ਵੇਖਣ ਵਾਲੇ ਆਖਦੇ, ਵਾਹ ਕੈਸੇ ਇਨਸਾਨ।

ਅੱਗੇ ਖੜ੍ਹੀ ਉਡੀਕਦੀ, ਖੋਲ੍ਹ ਵਰਾਛਾਂ ਮੌਤ।

ਐਪਰ ਰੰਚਕ ਰੰਜ ਨਾ, ਕਰਨ ਹੋਣ ਦਾ ਫੌਤ।

ਵੇਖੋ ਜਾਵੇ ਕਾਫ਼ਲਾ ਦੁਹਰਾਉਂਦਾ ਇਤਿਹਾਸ।

'ਬੰਦੇ' ਦੀ ਵੀ ਗਈ ਸੀ, ਏਦਾਂ ਹੀ ਬਰਾਤ।

ਮੁਗਲ ਹਕੂਮਤ ਦੇ ਜਦੋਂ, ਕੀਤਾ ਯੁੱਧ ਵਿਰੁੱਧ।

ਫ਼ਰੁਖਸੀਅਰ ਬਾਦਸ਼ਾਹ, ਹੋਇਆ ਬੜਾ ਕਰੁੱਧ।

ਗੜ੍ਹੀ ਨੰਗਲ ਗੁਰਦਾਸ ਚੋਂ, ਪਕੜ ਬੇੜੀਆਂ ਮਾਰ।

ਦਿੱਲੀ ਖੜਿਆ ਓਸ ਨੂੰ, ਏਸੇ ਹੀ ਪ੍ਰਕਾਰ।

ਦੇ ਤਸੀਹੇ ਓਸ ਥਾਂ, ਕੀਤਾ ਫੇਰ ਸ਼ਹੀਦ।

ਮੁਗਲ ਹਕੂਮਤ ਦੀ ਜਿਸ, ਮਿੱਟੀ ਕਰੀ ਪਲੀਦ।

ਸਤਾਰਾਂ ਸੌ ਤੇ ਸੋਲਾਂ ਤੋਂ, ਏਸੇ ਹੀ ਪ੍ਰਕਾਰ।

ਸਤਾਰਾਂ ਸੌ ਸੰਤਾਲੀ ਤੀਕ, ਚੱਲਿਆ ਉਲਟ ਵਿਹਾਰ।

ਫੜ ਫੜ ਸਿੰਘਾਂ ਦੇ ਜਥੇ, ਭੇਜੇ ਬਹੁਤ ਲਹੌਰ।

ਦੇ ਕੇ ਸ਼ਾਹੀ ਆਗਿਆ, ਪੜ੍ਹਿਓ ਕਰਕੇ ਗੌਰ।

ਦੋਸ਼ ਬਗਾਵਤ ਕਰਨ ਦਾ, ਲਾ ਮੁਗਲੀਆ ਫੌਜ।

ਵਿੱਚ ਸ਼ਹੀਦ ਗੰਜ ਦੇ, ਕਤਲ ਕਰਾਉਂਦੇ ਰੋਜ।

ਸਿੱਖ ਰਾਜ ਦੇ ਖਾਤਮੇ, ਪਿੱਛੋਂ ਓਸੇ ਤੌਰ।



Sri Satguru Jagjit Singh Ji eLibrary NamdhariElibrary@gmail.com

ਉੱਤੇ ਰਾਜ ਵਿਰੋਧੀਆਂ, ਚੱਲੇ ਸਖਤੀ ਦੌਰ।

ਸਤਵੰਜਾ ਦੇ ਗਦਰ ਵਿੱਚ, ਮੁੜ ਦੁਹਰਾਈ ਕਾਰ।

ਫੜ ਫੜ ਉਹਨਾਂ ਭਾਰਤੀ, ਬਹੁਤੇ ਦਿੱਤੇ ਮਾਰ।

ਸੁਣੋ ਏਸ ਵਿਦ੍ਰੋਹ ਤੋਂ, ਪੰਦਰਾਂ ਸਾਲਾਂ ਬਾਅਦ।

ਚੱਲੇ ਰਸਤੇ ਮੌਤ ਦੇ, ਕੂਕੇ ਵੱਡ ਤਾਦਾਦ।

ਇਹਨਾਂ ਵਿੱਚ ਵਿਸ਼ੇਸ਼ਤਾ, ਐਪਰ ਵੱਖਰੀ ਹੋਰ।

ਹੱਸ ਮੌਤ ਨੂੰ ਵਰਨ ਦਾ, ਕੈਸਾ ਚੜ੍ਹਿਆ ਲੋਰ।

ਪੜ੍ਹਦੇ ਜਾਂਦੇ ਸ਼ਬਦ ਇਹ, 'ਮੋਹੇ ਮਰਨੇ ਕਾ ਚਾਵ'।

ਭਵ ਸਾਗਰ ਵਿੱਚ ਮਨਾਂ ਦੀ, ਡੋਲੀ ਮੂਲ ਨਾ ਨਾਵ।

---o---

ਮੀਂਹ ਪੈਣ ਤੋਂ ਹੋ ਗਿਆ, ਰਸਤਾ ਬੜਾ ਖ਼ਰਾਬ।

ਚਿੱਕੜ ਖੋਭਾ ਬਹੁਤ ਸੀ, ਬਣਿਆ ਬੜਾ ਅਜ਼ਾਬ।

ਗੱਡੇ ਅੱਗੇ ਤੁਰਨ ਨਾ, ਡਿੱਗ ਡਿੱਗ ਪੈਂਦੇ ਬੈਲ।

ਥੱਕੇ ਟੁੱਟੇ ਹਾਰ ਕੇ, ਹੋਏ ਪੱਥਰ ਸੈਲ।

ਤਨ ਮਨ ਕਾਵਨ ਦੇ ਨੂੰ, ਲੱਗੀ ਕਹਿਰੀ ਅੱਗ।

ਹਲਕੇ ਕੁੱਤੇ ਵਾਂਗਰਾਂ, ਮੂੰਹੋਂ ਛੱਡੇ ਝੱਗ।

ਜਥਾ ਸ਼ਹੀਦੀ ਜਿਉਂ ਜਿਉਂ, ਹੁੰਦਾ ਜਾਵੇ ਲੇਟ।



Sri Satguru Jagjit Singh Ji eLibrary NamdhariElibrary@gmail.com

ਕਾਵਨ ਲਏ ਕਚੀਚੀਆਂ, ਪਾਟਣ ਆਇਆ ਪੇਟ।

ਸੀ ਉਡੀਕ ਓਸ ਨੂੰ, ਦਿਨ ਚੜ੍ਹਦੇ ਦੇ ਨਾਲ।

ਜਥਾ ਮਲੇਰ ਕੋਟਲੇ, ਪਹੁੰਚੇਗਾ ਹਰ ਸਾਲ।

ਏਧਰ ਪਰ ਦੁਪਹਿਰ, ਦੇ ਬਾਰਾਂ ਚੱਲੇ ਵੱਜ।

ਕਾਹਲੀ ਅੰਦਰ ਓਸ ਦਾ, ਕੋਈ ਰਿਹਾ ਨਾ ਹੱਜ।

ਉਸ ਦੇ ਅੰਦਰ ਬੈਠਿਆਂ, ਹੈ ਸੀ ਅੰਧ ਵੀਚਾਰ।

ਚਾਹਵੇ ਆਉਂਦੇ ਸਾਰ ਹੀ, ਦਿਆਂ ਸਭਸ ਨੂੰ ਮਾਰ।

ਜੇਕਰ ਇਹਨਾਂ ਦੋਸ਼ੀਆਂ, ਤੁਰਤ ਨਾ ਦਿੱਤਾ ਦੰਡ।

ਅਗਨ ਮਤੇ ਵਿਦ੍ਰੋਹ ਦੀ, ਹੋ ਜਾਵੇ ਪ੍ਰਚੰਡ।

ਕੂਕੇ ਪਹੁੰਚੇ ਆਣ ਨਾ, ਬਾਰਾਂ ਵੱਜਦੇ ਤੀਕ।

ਕਹੇ ਪੁਲੀਸ ਕਪਤਾਨ ਨੂੰ, ਪਤਾ ਲਿਆਓ ਠੀਕ।

ਗਿਆ ਪਰਕਿੰਜ ਦੌੜਿਆ, ਲੈ ਕੇ ਘੋੜ ਸਵਾਰ।

ਵਾਪਸ ਮੁੜਿਆ ਵੇਖ ਕੇ, ਹੋਏ ਬੈਲ ਲਾਚਾਰ।

ਓਥੋਂ ਵਾਪਸ ਆਣ ਕੇ, ਬੈਲ ਮੰਗਾਏ ਹੋਰ।

ਜਲਦੀ ਜਲਦੀ ਜਥੇ ਵੱਲ, ਦਿੱਤੇ ਉਹਨੇ ਤੋਰ।

ਬੈਲ ਬਦਲ ਕੇ ਤੋਰਿਆ, ਫੜੀ ਜਰਾ ਰਫ਼ਤਾਰ।

ਪਹੁੰਚਦਿਆਂ ਪਰ ਕੋਟਲੇ, ਵੱਜ ਗਏ ਸਨ ਚਾਰ।

---o---



Sri Satguru Jagjit Singh Ji eLibrary NamdhariElibrary@gmail.com

ਕਾਵਨ ਬੈਠਾ ਭੋਰ ਦਾ, ਕਰ ਕੇ ਇੰਤਜ਼ਾਮ।

ਸੋਚੇ ਆਉਂਦੇ ਸਾਰ ਹੀ, ਕਰਸਾਂ ਕਾਮ ਤਮਾਮ।

ਪਟਿਆਲੇ ਤੇ ਜੀਂਦ ਤੋਂ, ਨਾਭਾ ਤੇ ਸੰਗਰੂਰ।

ਫੌਜੀ ਦਸਤੇ ਆਣ ਕੇ, ਹੋਏ ਜੀ ਹਜ਼ੂਰ।

ਤੋਪਾਂ ਲੈ ਕੇ ਤੋਪਚੀ, ਆਏ ਉਹਨਾਂ ਨਾਲ।

ਫਰੀਦਕੋਟ ਤੇ ਕੋਟਲਾ, ਨਾਲ ਰਲਾਵੇ ਚਾਲ।

ਰੱਕੜ ਅੰਦਰ ਬੀੜ ਕੇ, ਤੋਪਾਂ ਕਰੇ ਉਡੀਕ।

ਪਹਿਰਾ ਓਸ ਰਿਆਸਤਾਂ ਤੋਂ, ਕਰਵਾਇਆ ਠੀਕ।

ਤੋਪਾਂ ਨੌਂ ਓਸ ਬੀੜੀਆਂ, ਆ ਕੇ ਰੜੇ ਮੈਦਾਨ।

ਸੱਤ ਉਡਾਵਣ ਕੂਕਿਆਂ, ਦੋ ਰੋਕਣ ਘਮਸਾਨ।

ਡਰ ਸੀ ਉਹਨੂੰ ਵੇਖ ਕੇ, ਭੜਕ ਪੈਣ ਨਾ ਲੋਕ।

ਵੱਲ ਦਰਸ਼ਕਾਂ ਦੋ ਉਸ, ਕਰ ਮੂੰਹ ਛੱਡੀਆਂ ਰੋਕ।

ਸੋਚ ਰਿਹਾ ਸੀ ਕਰਨਗੇ, ਕੂਕੇ ਹਮਲਾ ਹੋਰ।

ਖਾਤਰ ਆ ਕੇ ਸਾਥੀਆਂ, ਮਤੇ ਵਖਾਵਣ ਜੋਰ।

ਗੱਡੇ ਲੈ ਕੇ ਜਥੇ ਨੂੰ, ਪਹੁੰਚੇ ਓਥੇ ਆ।

ਕਾਵਨ ਹੁਕਮ ਸੁਣਾਂਵਦਾ, ਛੇਤੀ ਦਿਓ ਉਡਾ।

ਸੈਨਿਕ ਸਾਡੇ ਸੱਤ ਸੌ, ਕੀਤੇ ਨੇ ਤੈਨਾਤ।

ਭੇਜੇ ਸਿੱਖ ਰਿਆਸਤਾਂ, ਕਰਨਾ ਸਿੱਖਾਂ ਘਾਤ।

ਆਏ ਅਫ਼ਸਰ ਸਿੱਖ ਹੀ, ਤੋਪਾਂ ਲੈ ਕੇ ਨਾਲ।

ਵਿੱਚ ਹੁਕਮ ਅੰਗ੍ਰੇਜ਼ ਦੇ, ਲਾਇਲ ਹੋਏ ਕਮਾਲ।

ਲਿਆ ਕੇ ਜਥਾ ਬੈਠਾ ਲਿਆ, ਅੰਦਰ ਰੜੇ ਮੈਦਾਨ।

ਜਿਨ੍ਹਾਂ ਮੱਥੇ ਸ਼ਿਕਨ ਨਾ, ਸਤਿਗੁਰ ਵੱਲ ਧਿਆਨ।

ਸਿੱਖ ਫੌਜੀਆਂ ਨੂੰ ਉਹ, ਪਾਉਣ ਪਏ ਧ੍ਰਿਕਾਰ।

ਦੇਣ ਗਾਲ ਅੰਗ੍ਰੇਜ਼ ਨੂੰ, ਉੱਚੀ ਸ਼ਬਦ ਉਚਾਰ।

ਹਾਂ ਹਾਂ ਆਖਣ ਅਸਾਂ ਹੀ, ਕੀਤਾ ਸਾਰਾ ਕਾਜ।

ਸਾਡੀ ਕਰਨੀ ਤੇ ਹੈ, ਸਾਨੂੰ ਬਹੁਤਾ ਨਾਜ।

ਹੀਰਾ ਸਿੰਘ ਨੂੰ ਪੁੱਛਿਆ, ਕਾਵਨ ਨਾਲ ਗੁਮਾਨ।

ਗਦਰ ਮਚਾਇਆ ਕਿਉਂ ਹੈ, ਸਾਨੂੰ ਦਿਓ ਬਿਆਨ।

ਹੀਰਾ ਸਿੰਘ ਨੇ ਗਰਜ ਕੇ, ਦਿੱਤਾ ਮੋੜ ਜਵਾਬ।

ਜਾਓ ਨਿਕਲ ਫਿਰੰਗੀਓ, ਨਾਲੇ ਨੜੇ ਨਵਾਬ।

ਨਹੀਂ ਚਾਂਹਵਦੇ ਅਸੀਂ, ਹੁਣ ਇਹ ਤੁਹਾਡਾ ਰਾਜ।

ਕਿਉਂ ਜੀਵੀਏ ਦੱਸ ਖਾਂ, ਹੋ ਤੇਰੇ ਮੁਹਤਾਜ?

ਇਹ ਰਜਵਾੜੇ ਤੁਸਾਂ ਦੇ, ਕੁੱਤੇ ਟੁੱਕੜ ਬੋਚ।

ਰਾਜ ਕਰਨ ਨਾ ਹਿੰਦ ਤੇ, ਏਹੋ ਸਾਡੀ ਸੋਚ।

ਚਾਹੀਦਾ ਹੈ ਅਸਾਂ ਨੂੰ, ਹੁਣ ਪੰਚਾਇਤੀ ਰਾਜ।



. Sri Satguru Jagjit Singh Ji eLibrary NamdhariElibrary@gmail.com .

ਜਿੰਨਾਂ ਚਿਰ ਨਾ ਹੋਇਗਾ, ਚੱਲਣ ਏਹੋ ਕਾਜ।

ਰਾਜ ਭਰਾਵਾਂ ਦਾ ਹੀ, ਸਾਨੂੰ ਹੈ ਮਨਜ਼ੂਰ।

ਡੋਬ ਦਿਆਂਗੇ ਜਲਦ ਹੀ, ਬਿੱਲਿਆਂ ਵਾਲਾ ਪੂਰ।

ਸਿਰ ਲੈ ਕੇ ਸਿਰ ਦਿਆਂਗੇ, ਚੈਨ ਨਾ ਦਈਏ ਲੈਣ।

ਜਨਮ ਲਵਾਂਗੇ ਬਾਰ ਬਾਰ, ਨਿਡਰ ਹੋ ਕੇ ਕਹਿਣ।

ਸਾਹ ਲਵਾਂਗੇ ਕੱਢ ਕੇ, ਕੁੱਲ ਮਲੇਸ਼ ਬਾਹਰ।

ਮਾਰੋ ਗਊ ਗਰੀਬ ਨੂੰ, ਸਾਨੂੰ ਨਾ ਦਰਕਾਰ।

ਅੱਗੋਂ ਕਾਵਨ ਆਖਦਾ, ਮੈਂ ਜਾਣਾ ਸਭ ਗੱਲ।

ਰਾਜ ਲੈਣ ਲਈ ਤੁਸਾਂ ਨੇ, ਗਦਰ ਮਚਾਇਆ ਕੱਲ।

ਰਾਜ ਅਸਾਂ ਨੂੰ ਬਖਸ਼ਿਆ, ਆਪ ਓਸ ਭਗਵਾਨ।

ਖੋਹ ਕਦੇ ਨਾ ਸੱਕਦੇ, ਤੁਸਾਂ ਜਿਹੇ ਇਨਸਾਨ।

ਐਪਰ ਕੂਕੇ ਆਖਦੇ, ਜਨਮ ਸੈਂਕੜੇ ਧਾਰ।

ਕੱਢ ਕੇ ਛੱਡੀਏ ਤੁਸਾਂ ਨੂੰ, ਭਾਰਤ ਵਿੱਚੋਂ ਬਾਹਰ।

---o---

ਹੀਰਾ ਸਿੰਘ ਫਿਰ ਆਖਦਾ, ਮਿਲੇ ਅਸਾਨੂੰ ਆਣ।

ਹੈ ਸਮੁੰਦ ਖਾਨ ਦਾ, ਪੁੱਤਰ ਕੋਈ ਪਠਾਣ।

ਹਾਂ ਹੈ ਉਸ ਨੇ ਆਖਿਆ, ਹੁਣੇ ਬੁਲਾਵਾਂ ਝੱਬ।

ਆਣ ਮਿਲੇ ਉਹ ਏਸ ਨੂੰ, ਜਲਦ ਲਿਆਓ ਲੱਭ।

ਪੁੱਤਰ ਉਹਦੇ ਦੋ ਸਨ, ਦੋਵੇਂ ਲਏ ਬੁਲਾ।

ਹੀਰਾ ਸਿੰਘ ਦੇ ਸਾਹਮਣੇ, ਦੋਏਂ ਖਲੋਤੇ ਆ।

ਦੋਹਵਾਂ ਦੇ ਸਿਰ ਰੱਖ ਕੇ, ਹੀਰਾ ਸਿੰਘ ਨੇ ਹੱਥ।

ਕਿਹਾ ਸਮੁੰਦ ਖਾਨ ਦੀ, ਕਰਨੀ ਹੈ ਸਮਰਥ।

ਇੱਕੋ ਇੱਕ ਸੀ ਅਸਲ ਵਿੱਚ, ਓਹੋ ਵੀਰ ਪਠਾਣ।

ਬਾਕੀ ਸਾਰੇ ਜੁੜੇ ਨੇ, ਗੱਲਾਂ ਦਾ ਹੀ ਖਾਣ।

ਦੇਣਾ ਹੋਏ ਕਿਸੇ ਨੂੰ, ਜੇਕਰ ਕਦੇ ਇਨਾਮ।

ਚਾਹੀਏ ਉਹਦੇ ਪੁੱਤਰਾਂ, ਤਾਈਂ ਦੇਣੇ ਦਾਮ।

ਹੀਰਾ ਸਿੰਘ ਸੀ ਗਰੇਵਾਲ, ਸੂਰਬੀਰ ਸਰਦਾਰ।

ਉੱਚ ਆਚਰਣ ਓਸ ਦਾ, ਡਿੱਠਾ ਪਾਕ ਵਿਹਾਰ।

ਦਮੜੇ ਦੋ ਸੀ ਸਿੰਘ ਕੋਲ, ਇੱਕ ਇੱਕ ਦਿੱਤਾ ਵੰਡ।

ਪੁੱਤਰ ਖਾਨ ਸਮੁੰਦ ਦੇ, ਹੱਥ ਫੇਰਿਆ ਕੰਡ।

ਹੱਥੋਂ ਮਰੇ ਸਮੁੰਦ ਖਾਨ, ਦਾ ਕੀਤਾ ਸਤਿਕਾਰ।

ਕਿਉਂਕਿ ਉਹ ਵੀ ਸੂਰਬੀਰ, ਯੋਧਾ ਸੀ ਬਲਕਾਰ।

ਵਰਤੀ ਨੀਤੀ ਕੂਟ ਨਾ, ਰਣ ਵਿੱਚ ਲੜਿਆ ਆਣ।

ਵਿੱਚ ਦਵੰਧ ਯੁੱਧ ਦੇ, ਉਸ ਨੇ ਤਜੇ ਪਾਣ।

## ਕਾਵਨ ਦਾ ਹੁਕਮ

ਕੂਕੇ ਪਹੁੰਚੇ ਜਦੋਂ ਆ, ਰੱਕੜ ਦੇ ਵਿਚਕਾਰ।
ਪਹਿਰੇ ਹੇਠ ਬਿਠਾ ਕੇ, ਇੱਕ ਤਰਫ ਸਰਕਾਰ।
ਬਿੱਲਾ ਹੁਕਮ ਸੁਣਾਂਵਦਾ, ਜਾ ਸਿੰਘਾਂ ਦੇ ਪਾਸ।
ਸਜ਼ਾ ਤੁਹਾਨੂੰ ਮੌਤ ਦੀ, ਦੇਣੀ ਹੈ ਹੁਣ ਖਾਸ।
ਫੇਰ ਆਖਿਆ ਫੌਜੀਆਂ ਨੂੰ, ਬਣ ਇਜ਼ਰਾਈਲ।
ਸਾਰੇ ਮੇਰੇ ਹੁਕਮ ਦੀ, ਜਲਦੀ ਕਰੋ ਤਾਮੀਲ।
ਕੂਕੇ ਬੰਨੋ ਸੱਤ ਸੱਤ, ਸੱਤਾਂ ਤੋਪਾਂ ਨਾਲ।
ਤੋਪਾਂ ਫੇਰ ਚਲਾ ਕੇ, ਮਾਰ ਦਿਓ ਤਤਕਾਲ।
ਸੱਤ ਸੱਤ ਕਰਕੇ ਇਸ ਤਰ੍ਹਾਂ, ਤੋਪਾਂ ਅੰਗੇ ਬੰਨ੍ਹ।
ਜਾਰੀ ਰੱਖੋ ਸਿਲਸਲਾ, ਸਭ ਨੂੰ ਦੇਵੋ ਡੰਨ।
ਕੂਕੇ ਤੁਸੀਂ ਪੰਜਾਹ ਕੁ, ਦੇਵੋ ਹੁਣੇ ਉਡਾ।
ਬਾਕੀ ਕਰੀਏ ਫੈਸਲਾ, ਵਿੱਚ ਮਲੌਦੇ ਜਾ।
ਸਾਰੇ ਮੇਰੇ ਹੁਕਮ ਦੇ, ਤੁਸੀਂ ਰਹੋ ਪਾਬੰਦ।
ਦੋ ਤੋਪਾਂ ਕਰ ਬਾਹਰ ਨੂੰ, ਕਰ ਦਿਓ ਰਸਤੇ ਬੰਦ।
ਕੂਕੇ ਆ ਕੇ ਪੈਣ ਨਾ, ਸਾਥੀ ਕਿਤੇ ਛੁਡਾਉਣ।
ਨਾ ਜਾਣੀਏ ਭੈਣੀਓਂ, ਵਾਂਗ ਹਨੇਰੀ ਆਉਣ।



Sri Satguru Jagjit Singh Ji eLibrary NamdhariElibrary@gmail.com

ਰੱਖੀ ਫਿਰਦੇ ਜਾਪਦੇ, ਇਹ ਤਲੀ ਤੇ ਜਾਨ।

ਕੀ ਪਤਾ ਹੈ ਕਦੋਂ ਇਹ, ਆਣ ਕਰਨ ਘਮਸਾਨ।

## ਕੂਕਿਆਂ ਦਾ ਜਵਾਬ

ਇਹ ਹੁਕਮ ਸੁਣ ਝੱਟ ਹੀ, ਕੂਕੇ ਉੱਠੇ ਕੂਕ।

ਕਿਉਂ ਅਸਾਡੇ ਨਾਲ ਤੁਮ, ਐਸਾ ਕਰੋ ਸਲੂਕ।

ਸਾਨੂੰ ਭੈ ਨਾ ਮੌਤ ਦਾ, ਸੁਣ ਲੈ ਕਰ ਕੇ ਕੰਨ।

ਅਸੀਂ ਤਾਂ ਆਏ ਆਪ ਹੀ, ਕੱਫ਼ਣ ਸਿਰ ਤੇ ਬੰਨ੍ਹ।

ਤੋਪਾਂ ਅੱਗੇ ਬੱਝ ਕੇ, ਮਰਨਾ ਨਾ ਮਨਜ਼ੂਰ।

ਵੇਖ ਸਾਮਨਾ ਮੌਤ ਦਾ, ਸਾਨੂੰ ਚੜ੍ਹੇ ਸਰੂਰ।

ਅਸੀਂ ਛਾਤੀਆਂ ਤਾਣ ਕੇ, ਹੋਵਾਂਗੇ ਕੁਰਬਾਨ।

ਫਿਰ ਅਰਦਾਸਾ ਸੋਧ ਕੇ, ਕਰ ਪਹਿਲਾਂ ਇਸ਼ਨਾਨ।

ਹੱਥ ਲਗਾਵੇ ਅਸਾਂ ਨੂੰ, ਨਾ ਕੋਈ ਅਬਲੀਸ।

ਅਸੀਂ ਮਿਥੇ ਨੇ ਧਰਮ ਹੇਤ, ਲਾਉਣੇ ਆਪੇ ਸੀਸ।

ਚਾਹ ਜਿਨ੍ਹਾਂ ਨੂੰ ਜੀਣ ਦੀ, ਉਹ ਬੰਨ੍ਹਣ ਦੀ ਲੋੜ।

ਅਸੀਂ ਤਾਂ ਨਾਤੇ ਜਗਤ ਦੇ, ਆਏ ਸਾਰੇ ਤੋੜ।

ਫੜ ਪਰਵਾਨੇ ਸ਼ਮਾਂ ਤੇ, ਕਿਹੜਾ ਸਕਦੈ ਸਾੜ।

ਆਉਂਦੇ ਮਰਜ਼ੀ ਨਾਲ ਉਹ, ਖੁੱਲ੍ਹੇ ਛੱਡ ਕਵਾੜ।

ਅਸੀਂ ਤੁਰੇ ਸਾਂ ਭੈਣੀਓਂ, ਕਾਰਜ ਕਰਨ ਮਹਾਨ।

ਦੇਸ਼ ਧਰਮ ਦੇ ਵਾਸਤੇ, ਮਿਥ ਕੇ ਦੇਣੀ ਜਾਨ।

ਰੇਖ ਮਿਟਾ ਬਦਕਿਸਮਤੀ, ਅਸਾਂ ਬਦਲਣੇ ਲੇਖ।

ਵਹੁਣੀ ਮੱਥੇ ਹਿੰਦ ਦੇ, ਸ਼ੁਭ ਕਿਸਮਤ ਦੀ ਰੇਖ।

ਜਿੰਨਾਂ ਜ਼ਿੰਮੇ ਅਸਾਂ ਦੇ, ਕਾਰਜ ਕਰ ਕੇ ਖਾਸ।

ਬਹੀਏ ਨੌਂਵੇਂ ਗੁਰਾਂ ਦੇ, ਜਾ ਚਰਨਾਂ ਦੇ ਪਾਸ।

ਉਡੀਏ ਤੋਪਾਂ ਨਾਲ ਜਾਂ, ਆਵੇ ਬੜਾ ਸਵਾਦ।

ਬਾਣੀ ਭਗਤ ਕਬੀਰ ਦੀ, ਪੜ੍ਹ ਪੜ੍ਹ ਕੀਤੀ ਯਾਦ।

"ਕਬੀਰ ਜਿਸ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥

ਮਰਨੇ ਤੇ ਹੀ ਪਾਈਐ ਪੂਰਨੁ ਪਰਮਾਨੰਦੁ॥"

## ਸਿੰਘਾਂ ਦਾ ਸ਼ਹੀਦ ਹੋਣਾ

ਹੁਕਮ ਉਡੀਕਣ ਤੋਪਚੀ ਭਰ ਤੋਪੀਂ ਗੋਲੇ।

ਅੱਜ ਸਿੱਖ ਮਲੇਸ਼ਾਂ ਦੇ ਨੇ ਆ ਲੱਗੇ ਗੋਲੇ।

ਹੈ ਹੋਈ ਜ਼ਮੀਰ ਜਿਨ੍ਹਾਂ ਦੀ ਸੜ ਕਾਲੇ ਕੋਲੇ।

ਫਹੁਣ ਬਟੇਰੇ ਜਿਸ ਤਰ੍ਹਾਂ ਕਰ ਆਪੇ ਬੋਲੇ।

ਬੋਲੀ ਤੇ ਅੰਗ੍ਰੇਜ਼ ਦੀ ਇੰਜ ਲੱਗੇ ਭੋਲੇ।

ਵੇਖੋ ਸਿੱਖ ਰਿਆਸਤਾਂ ਵਿਹੁ ਦੁੱਧੀਂ ਘੋਲੇ।

ਉਹ ਵਿੱਚ ਸਿਫ਼ਤ ਅੰਗ੍ਰੇਜ਼ ਦੀ ਬਹਿ ਗਾਉਂਦੇ ਢੋਲੇ।

ਹੁਣ ਦੱਸੋ ਉਹਨਾਂ ਕੌਣ ਕਿਸੇ ਤੱਕੜੀ ਤੇ ਤੋਲੇ।

ਚਾਰ ਚੁਫੇਰੇ ਸਹਿਮ ਦੀ ਘਟ ਕਾਲੀ ਛਾਈ।

ਪਰ ਜਗਿਆਸਾ ਮਨਾਂ ਵਿੱਚ ਹੋ ਗਈ ਸਵਾਈ।

ਜਦੋਂ ਖਾਲਸੇ ਮਰਨ ਦੀ ਗੱਲ ਆਪ ਉਠਾਈ।

ਸੁਣਿਆਂ ਤੋਪਾਂ ਸਾਹਵੇਂ ਕਰ ਆਵਣ ਧਾਈ।

ਭਾਰੀ ਢੁੱਕੀ ਆਣਕੇ ਚੌਂ-ਤਰਫ਼ ਲੋਕਾਈ।

ਵੇਖ ਰਹੀ ਸਾਹ ਰੋਕ ਕੇ ਮੂੰਹ ਉਂਗਲਾਂ ਪਾਈ।

ਓਥੇ ਸੀ ਇੱਕ ਛੱਪੜੀ ਜੋ ਨੀਰ ਭਰਾਈ।

ਰਾਤੀਂ ਇੰਦਰ ਦੇਵ ਨੇ ਬਹੁ ਛਹਿਬਰ ਲਾਈ।

ਪਾਣੀ ਠੰਡਾ ਠਾਰ ਸੀ ਕਿਉਂ ਬਰਫ਼ ਜਮਾਈ।

ਸਿੰਘਾਂ ਨੇ ਇਸ਼ਨਾਨ ਕਰ ਕੀਤਾ ਅਰਦਾਸਾ।

ਸਤਿਗੁਰ ਤੋਂ ਨਾ ਮੰਗਿਆ ਸੁਰਗਾਂ ਦਾ ਵਾਸਾ।

ਨਾ ਮੰਗੀ ਦੌਲਤ ਜਗਤ ਦੀ ਨਾ ਖੇਲ ਤਮਾਸਾ।

ਨਾ ਮੰਗੀਆਂ ਹੂਰ ਅਪੱਸਰਾਂ ਨਾ ਮੰਗਿਆ ਹਾਸਾ।

ਪਰ ਮੰਗਿਆ ਸਿੱਖੀ ਸਿਦਕ ਤੇ ਸਤਿਗੁਰ ਭਰਵਾਸਾ।

ਜੈ ਮੰਗੀ ਨੇ ਧਰਮ ਦੀ ਭੈ ਪਾਪ ਬਿਨਾਸਾ।

ਆਖਣ ਰਹੇ ਅਧਰਮ ਨਾ ਧਰਤੀ ਤੇ ਮਾਸਾ।

ਪਰ ਭਾਰਾ ਰਹੇ ਹਮੇਸ਼ ਹੀ ਸਤਿਗੁਰ ਦਾ ਪਾਸਾ।

ਭਾਰਤੀਆਂ ਨੂੰ ਸਮਝਦੇ ਜੋ ਵਾਂਗ ਮਵੇਸ਼ੀ।

ਸਾਨੂੰ ਕਰਨ ਜ਼ਲੀਲ ਨਾ ਹੁਣ ਹੋਰ ਵਿਦੇਸ਼ੀ।

ਪੁੱਟਿਆ ਜਾਵੇ ਜੜ੍ਹਾਂ ਤੋਂ ਇਹ ਰਾਜ ਮਲੇਸ਼ੀ।

ਸੱਤਾ ਸੰਭਾਲਣ ਹਿੰਦ ਦੀ ਮੁੜ ਕੇ ਸਵਦੇਸ਼ੀ।

ਭਾਰਤ ਹੋਏ ਅਜ਼ਾਦ ਤੇ ਨੱਸ ਜਾਣ ਫਿਰੰਗੀ।

ਹੋਵੇ ਗਊ ਗਰੀਬ ਨੂੰ ਨਾ ਬਿਲਕੁਲ ਤੰਗੀ।

ਰਾਜੇ ਹੋਏ ਪਤਿਤ ਜੋ ਗੋਰੇ ਦੇ ਸੰਗੀ।

ਲੱਥਣ ਥੱਲੇ ਤਖਤ ਤੋਂ ਗੱਲ ਹੋਵੇ ਚੰਗੀ।

ਸੂਲੀ ਉੱਤੇ ਜਿਨ੍ਹਾਂ ਨੇ ਮਾਨਵਤਾ ਟੰਗੀ।

ਹੋਰ ਨਾ ਚੱਲਣ ਚਾਟੜੇ ਇਹ ਚਾਲ ਕੁਢੰਗੀ।

ਜਨਮ ਧਾਰੀਏ ਬਾਰ ਬਾਰ ਭਾਰਤ ਦੇ ਅੰਦਰ।

ਜਿੰਨਾ ਚਿਰ ਨਾ ਨਿਕਲਦਾ ਇਹ ਬੂਰਾ ਬੰਦਰ।

ਅਸੀਂ ਨਚਾਈਏ ਏਸ ਨੂੰ ਬਣ ਆਪ ਕਲੰਦਰ।

ਫੇਰ ਬਣਾਈਏ ਧਰਮ ਦਾ ਜੋ ਢਹਿਆ ਮੰਦਰ।

ਸੱਤਾਂ ਸਿੰਘਾਂ ਉੱਠ ਕੇ ਜੈਕਾਰਾ ਲਾਇਆ।

ਸਤਿ ਸ੍ਰੀ ਅਕਾਲ ਕਹਿ ਅਕਾਸ਼ ਗੂੰਜਾਇਆ।

ਕਾਵਨ ਦਾ ਦਿਲ ਕੰਬਿਆ ਤੇ ਜੀ ਘਬਰਾਇਆ।

ਰਾਜ ਸਿੰਘਾਸਣ ਹਿੱਲਦਾ ਉਸ ਨਜ਼ਰੀਂ ਆਇਆ।

ਜਾਪੇ ਉਹਨੂੰ ਜ਼ਲਜਲੇ ਜਿਉਂ ਤਬਕ ਹਿਲਾਇਆ।

ਲੰਦਨ ਤੀਕਰ ਓਸ ਨੇ ਤਰਥੱਲ ਮਚਾਇਆ।

ਪਹਿਲੇ ਪੂਰ ਚੜ੍ਹਨ ਲਈ ਝੱਟ ਜਥਾ ਬਣਾਇਆ।

ਵੇਖੋ ਭਰਦਾ ਚੁੰਗੀਆਂ ਤੋਪਾਂ ਵੱਲ ਧਾਇਆ।

ਆਗੂ ਉਹਨਾਂ ਵਿੱਚ ਨੇ ਹੀਰਾ ਤੇ ਲਹਿਣਾ।

ਚੋਟ ਅਣਖ ਤੇ ਖਾ ਕੇ ਨਾ ਸਿੱਖਿਆ ਬਹਿਣਾ।

ਕਹਿੰਦੇ ਅੱਗੇ ਤੋਪ ਦੇ ਖੜ੍ਹ ਜ਼ੁਲਮ ਨਾ ਸਹਿਣਾ।

ਤੇਰਾ ਕਰਨੈ ਹਿੰਦ ਵਿੱਚ ਹੁਣ ਮੁਸ਼ਕਲ ਰਹਿਣਾ।

ਪੂਰਾ ਹੋਵੇ ਸਮਾਂ ਪਾ ਇਹ ਸਾਡਾ ਕਹਿਣਾ।

ਚੜ੍ਹਦੇ ਸੂਰਜ ਸਾਹਮਣੇ ਜਿਉਂ ਛੁਪੇ ਟਟਹਿਣਾ।

ਨਦੀਆਂ ਅੰਦਰ ਨੀਰ ਨਾ ਸਦ ਏਦਾਂ ਵਹਿਣਾ।

ਰਹਿਣ ਨਾ ਦੇਣਾ ਹਿੰਦ ਤੇ ਇਹ ਸਮਾਂ ਕੁਲਹਿਣਾ।



. Sri Satguru Jagjit Singh Ji eLibrary NamdhariElibrary@gmail.com .

ਹੀਰਾ ਸਿੰਘ ਨੇ ਤੋਪ ਅੱਗੇ ਖਲੋ ਕੇ ਕਾਵਨ ਨੂੰ ਆਖਣਾ

ਹੀਰਾ ਸਿੰਘ ਨੇ ਆਖਿਆ ਸੁਣੀ ਕਾਵਨ,

ਐਵੇਂ ਫੋਕੇ ਗੁਮਾਨ ਵਿੱਚ ਰਹੀਂ ਨਾ ਉਏ।

ਮੈਂ ਮਾਰ ਕੇ ਆਇਆ ਹਾਂ ਨਾਮਧਾਰੀ,

ਛਾਤੀ ਤਾਣ ਕੇ ਬਾਤ ਇਹ ਕਹੀਂ ਨਾ ਉਏ।

ਤੇਰੇ ਕਹੇ ਨਾ ਚੱਲਣੀ ਤੋਪ ਤੇਰੀ,

ਧਰਮ ਰਾਜ ਬਣਕੇ ਬਹੁਤਾ ਬਹੀਂ ਨਾ ਉਏ।

ਚੁੰਝ ਫੁੱਟੀ ਕਪਾਹ ’ਚ ਟੰਗ ਬੈਠੀਂ,

ਤੋਤੇ ਵਾਂਗਰਾਂ ਸਮਝ ਕੇ ਦਹੀਂ ਨਾ ਉਏ।

ਝੂਠਾ ਕਰ ਕੇ ਤੈਨੂੰ ਹੈ ਅਸੀਂ ਜਾਣਾ,

ਬਹੁਤਾ ਖੁਸ਼ੀ ਦੇ ਵਹਿਣ ਵਿੱਚ ਵਹੀਂ ਨਾ ਉਏ।

ਹੁਕਮ ਦੇ ਕੇ ਵੇਖ ਲੈ ਤੋਪਚੀ ਨੂੰ,

ਤੇਰੇ ਕਹੇ ਨਾ ਚੱਲਣੀ ਤੋਪ ਤੇਰੀ।

ਜਿੰਨਾ ਚਿਰ ਨਾ ਗੁਰਾਂ ਦਾ ਹੁਕਮ ਹੋਵੇ,

ਤੈਥੋਂ ਮੂਲ ਨਾ ਹੱਲਣੀ ਤੋਪ ਤੇਰੀ।

ਜੋਰ ਜਰਾ ਅਜਮਾ ਕੇ ਵੇਖ ਲੈ ਉਏ,



Sri Satguru Jagjit Singh Ji eLibrary NamdhariElibrary@gmail.com

ਝੂਠੀ ਕਰਕੇ ਘੱਲਣੀ ਤੋਪ ਤੇਰੀ।

ਜਿੰਨਾ ਚਿਰ ਨਾ 'ਬਾਜਵਾ' ਹੁਕਮ ਹੋਵੇ,

ਕਰ ਸੱਕੇ ਨਾ ਛਲਣੀ ਤੋਪ ਤੇਰੀ।

ਕਾਵਨ ਨੇ ਤੋਪ ਚਲਾਉਣ ਦਾ ਇਸ਼ਾਰਾ ਕਰਨਾ

ਸੱਤੀਂ ਕੱਪੜੀਂ ਲੱਗੀ ਸੂ ਅੱਗ ਸੁਣਕੇ,

ਕਾਵਨ ਫ਼ਾਇਰ ਦਾ ਹੁਕਮ ਸੁਣਾਂਵਦਾ ਹੈ।

ਉੱਚੀ ਚੁੱਕ ਕੇ ਬਾਂਹ ਫਿਰ ਸੁੱਟ ਥੱਲੇ,

ਇੰਜ ਨਾਲ ਇਸ਼ਾਰੇ ਬਤਾਂਵਦਾ ਹੈ।

ਹੁਕਮ ਤੋਪਚੀ ਪਾ ਤਿਆਰ ਹੋਇਆ,

ਝਟ ਪਟ ਪਲੀਤਾ ਲਗਾਂਵਦਾ ਹੈ।

ਚੱਟ ਗਈ ਪਲੀਤਾ ਨਾ ਤੋਪ ਚੱਲੀ,

ਕਾਵਨ ਦੂਸਰਾ ਫ਼ਾਇਰ ਕਰਾਂਵਦਾ ਹੈ।

ਫ਼ਾਇਰ ਤੀਸਰੀ ਵਾਰ ਵੀ ਮਿੱਸ ਹੋਇਆ,

ਆਖੇ ਸਿੰਘ ਤੂੰ ਕੀ ਸਾਨੂੰ ਮਾਰਨਾ ਏਂ।

ਖੇਤੀ ਧਰਮ ਦੀ ਅਣਖ ਦਾ ਬੀਜ ਪਾ ਕੇ,

ਅਸੀਂ ਸਿਰਾਂ ਦਾ ਮਾਮਲਾ ਤਾਰਨਾ ਏਂ।

ਝੂਠਾ ਤੂੰ ਤੇ ਤੇਰਾ ਕਾਨੂੰਨ ਝੂਠਾ,

ਸੱਚ ਜਿੱਤਣਾ ਤੇ ਝੂਠ ਹਾਰਨਾ ਏਂ।

ਧਰਤੀ ਸਿੰਞਣੀ 'ਬਾਜਵਾ' ਖ਼ੂਨ ਪਾ ਕੇ,

ਵਿੱਚ ਬੀਜ ਅਜ਼ਾਦੀ ਖਿਲਾਰਨਾ ਏਂ।

ਤਿੰਨ ਵਾਰ ਜੇਕਰ ਫਾਇਰ ਮਿੱਸ ਹੋਵੇ,

ਫੇਰ ਮਾਰਿਆਂ ਭਾਰੀ ਅਨੀਤ ਹੋਵੇ।

ਨਹੀਂ ਕਿਸੇ ਕਿਤਾਬ ਕਾਨੂੰਨ ਅੰਦਰ,

ਨਾ ਕੋਈ ਜਹਾਨ ਦੀ ਰੀਤ ਹੋਵੇ।

ਜਿਹੜਾ ਕਰੇ ਉਲੰਘਣਾ ਏਸ ਵਾਲੀ,

ਵੱਧ ਓਸ ਤੋਂ ਕੌਣ ਪਲੀਤ ਹੋਵੇ।

ਜ਼ਾਲਮ ਹਾਰਦੇ 'ਬਾਜਵਾ' ਲੈ ਜਾਨਾਂ,

ਤਨ ਵਾਰ ਸ਼ਹੀਦਾਂ ਦੀ ਜੀਤ ਹੋਵੇ।

---o---

ਹੀਰਾ ਸਿੰਘ ਨੇ ਆਖਿਆ, ਹੁਣ ਲਾਓ ਪਲੀਤਾ।

ਹੁਕਮ ਪਵਿੱਤਰ ਗੁਰਾਂ ਦਾ, ਸੁਣ ਲਵੀਂ ਪਲੀਤਾ।



Sri Satguru Jagjit Singh Ji eLibrary NamdhariElibrary@gmail.com

ਹੁਣ ਤੋਪ ਤੁਹਾਡੀ ਚੱਲਣੀ, ਜ਼ਾਲਮ ਬਦਨੀਤਾ।

ਨਾ ਦੇਰ ਲਗਾਓ ਉਡੀਏ, ਹੋ ਫੀਤਾ ਫੀਤਾ।

ਨਾ ਸਾਨੂੰ ਸਮਝੀਂ ਜੰਮਿਆਂ, ਤੂੰ ਕਿਸੇ ਸੁਰੀਤਾ।

ਉਏ ਦੁੱਧ ਅਸੀਂ ਹੈ ਸ਼ੀਹਣੀਆਂ, ਮਾਵਾਂ ਦਾ ਪੀਤਾ।

ਕੀਤਾ ਹੀਰਾ ਸਿੰਘ ਨੇ, ਜਦ ਆਪ ਇਸ਼ਾਰਾ।

ਅੱਡ ਅੱਡ ਅੱਖਾਂ ਵੇਖਦਾ, ਮੁਲਖਈਆ ਸਾਰਾ।

ਹੁਣ ਲਾਉਣ ਪਲੀਤਾ ਤੋਪਚੀ, ਜੱਗ ਵੱਖਰਾ ਕਾਰਾ।

ਸੱਤੇ ਤੋਪਾਂ ਗਰਜੀਆਂ, ਕਰ ਸ਼ੋਰ ਕਰਾਰਾ।

ਉੱਡ ਚੜ੍ਹੇ ਅਕਾਸ਼ੀਂ ਇਸ, ਤਰ੍ਹਾਂ ਸੱਤੇ ਬਲਕਾਰਾ।

ਔਹ ਵਿੱਚ ਹਵਾ ਦੇ ਉੱਠਿਆ, ਇੱਕ ਖ਼ੂਨ ਫੁਹਾਰਾ।

ਡਿੱਠਾ ਲੋਕਾਂ ਖੌਫ਼ਨਾਕ, ਉਹ ਅਜ਼ਬ ਨਜ਼ਾਰਾ।

ਉਡੀਆਂ ਹੱਡੀਆਂ ਬੋਟੀਆਂ, ਹੋ ਪਾਰਾ ਪਾਰਾ।

ਕੱਲਰ ਉੱਤੇ ਪੈ ਗਿਆ, ਇੱਕ ਅਜਬ ਖਿਲਾਰਾ।

ਧਰਤੀ ਏਸ ਗ਼ੁਲਾਮ ਤੇ, ਰੰਗ ਖ਼ੂਨ ਸਵਾਰਾ।

ਚਿੱਤਰ ਅਜ਼ਾਦੀ ਵਾਲੜਾ, ਇੰਜ ਜਾਣ ਸਵਾਰਾ।

ਲੋਕਾਂ ਅੱਖਾਂ ਮੀਟੀਆਂ, ਭੈ ਹੋਇਆ ਭਾਰਾ।

ਬੜਾ ਵੀਭਤਸ ਵੇਖਿਆ, ਜਾਂ ਹਸ਼ਰ ਨਿਆਰਾ।

ਦਿਲ ਕਮਜ਼ੋਰੇ ਦੇ ਬੈਠ ਗਏ, ਸੱਲ ਲੱਗਾ ਭਾਰਾ।

ਅਸ਼-ਅਸ਼ ਕੀਤੀ ਦਰਸ਼ਕਾਂ, ਧੰਨ ਧੰਨ ਪੁਕਾਰਾ।

ਫਿਰ ਆਏ ਛਾਲਾਂ ਮਾਰ ਕੇ, ਸੱਤ ਹੋਰ ਦੁਬਾਰਾ।

ਉਹ ਛਾਤੀ ਤਾਣ ਖਲੋ ਗਏ, ਛੱਡ ਫੇਰ ਜੈਕਾਰਾ।

ਔਹ ਸੱਤੇ ਤੋਪਾਂ ਗਰਜੀਆਂ, ਨੇ ਫੇਰ ਦੁਬਾਰਾ।

ਉੱਡ ਸੂਰੇ ਚੜ੍ਹੇ ਅਕਾਸ਼ ਨੂੰ, ਜਿਉਂ ਜਾਏ ਗੁਬਾਰਾ।

ਸਭ ਸੱਤ ਸੱਤ ਕਰ ਕੇ, ਆਂਵਦੇ ਨੇ ਵਾਰੋ ਵਾਰਾ।

ਉਹ ਕਰਨ ਮਜ਼ਾਖਾਂ ਮੌਤ ਨੂੰ, ਲਾ ਉੱਚਾ ਨਾਅਰਾ।

ਜਾ ਚਮਕਣ ਵਿੱਚ ਅਕਾਸ਼ ਦੇ, ਜਿਉਂ ਨੂਰ ਮੁਨਾਰਾ।

ਦੁੱਧ ਚਿੱਟਾ ਕੱਲਰ ਖ਼ੂਨ ਨੇ, ਰੰਗ ਦਿੱਤਾ ਸਾਰਾ।

ਤੇ ਲਹੂ ਮਿੱਝ ਦਾ ਧਰਤ ਤੇ, ਹੋ ਚੱਲਿਆ ਗਾਰਾ।

---o---

ਰਾਮਗੜ੍ਹੀਆ ਕੌਮ ਦਾ, ਹੀਰਾ ਸੀ ਹਰਨਾਮ।

ਬਾਰਾਂ ਤੇਰਾਂ ਸਾਲ ਦਾ, ਜਿਸ ਦਾ ਰੜ ਗ੍ਰਾਮ।

ਮਾਤਾ ਰਾਇ ਕੌਰ ਦੇ, ਉਹ ਨੈਣਾ ਦਾ ਨੂਰ।

ਚੜ੍ਹਤ ਸਿੰਘ ਦਾ ਲਾਡਲਾ, ਉਹ ਹੀਰਾ ਕੋਹਨੂਰ।

ਖਾ ਅਣਖ ਤੇ ਚੋਟ ਉਹ, ਆਇਆ ਮਾਮੇ ਨਾਲ।

ਮਾਮੇ ਉੱਤੇ ਮੋਢਿਆਂ, ਉਹਨੂੰ ਲਿਆ ਬੈਠਾਲ।



Sri Satguru Jagjit Singh Ji eLibrary NamdhariElibrary@gmail.com

ਆਖਣ ਲੱਗਾ ਖਾਰਿਓਂ, ਲਾਹੁਣਾ ਸੀ ਮੈਂ ਚੁੱਕ।

ਆ ਤੈਨੂੰ ਪਰਨਾ ਦਿਆਂ, ਹੁਣ ਜਾਈਏ ਨਾ ਉੱਕ।

ਤੇਰੀ ਜੰਞੇ ਚੜ੍ਹੇ ਨੇ, ਕਿੰਨੇ ਵੇਖ ਸ਼ਹੀਦ।

ਵਰ੍ਹਨਾ ਲਾੜੀ ਮੌਤ ਨੂੰ, ਡਾਢੀ ਨਾਲ ਉਮੀਦ।

ਘਰ ਹੁੰਦਾ ਤਾਂ ਖਾਰਿਓਂ, ਲਹੁੰਦਾ ਇਸ ਪ੍ਰਕਾਰ।

ਬਹਿ ਜਾ ਉੱਤੇ ਮੋਢਿਆਂ, ਕਰੀਏ ਓਹੋ ਕਾਰ।

ਹੋਣੀ ਪਈ ਉਡੀਕਦੀ, ਲੈ ਫੁੱਲਾਂ ਦੇ ਹਾਰ।

ਆਏ ਅਰਸ਼ੋਂ ਦੇਵਤੇ, ਕਰਨ ਲਈ ਸਤਿਕਾਰ।

ਮਾਮਾ ਲੈ ਕੇ ਤੋਪ ਦੇ, ਸਾਹਵੇਂ ਗਿਆ ਖਲੋ।

ਵਰ੍ਹਿਆ ਗੋਲਾ ਤੋਪ ਦਾ, ਚੜ੍ਹੇ ਅਕਾਸ਼ੀਂ ਉਹ।

ਦੋਵੇਂ ਮਾਮਾ ਭਾਣਜਾ, ਪਹੁੰਚੇ ਹਰੀ ਦੁਆਰ।

ਅਜ਼ਬ ਨਜ਼ਾਰਾ ਜੱਗ ਤੇ, ਡਿੱਠਾ ਪਹਿਲੀ ਵਾਰ।

---o---

ਅਸ਼-ਅਸ਼ ਕਰ ਲੋਕਾਈ ਉੱਠੀ,

ਮੂੰਹ ਵਿੱਚ ਉਂਗਲਾਂ ਪਾ ਕੇ, ਸੀਸ ਹਿਲਾ ਕੇ।

ਆਖਣ ਅਰਸ਼ੋਂ ਆਏ ਦੇਵਤੇ,

ਮਾਨਵ ਰੂਪ ਵਟਾ ਕੇ, ਹੁੰਮ ਹੁਮਾ ਕੇ।

ਗਊ ਗਰੀਬ ਗਲੋਂ ਲਾਹ ਛੁਰੀਆਂ,

ਆਪਣੇ ਗਲੀਂ ਲਗਾ ਕੇ, ਪਾਪ ਹਟਾ ਕੇ।

ਉੱਡਦੇ ਜਾਣ ਅਕਾਸ਼ਾਂ ਨੂੰ ਫਿਰ,

ਕੈਸੀ ਬਣਤ ਬਣਾ ਕੇ, ਗੋਲੇ ਖਾ ਕੇ।

ਆਖਣ ਯਾਰੋ ਏਸ ਧਰਤ ਦੇ, ਜਾਪਣ ਨਾ ਇਹ ਵਾਸੀ, ਨੇ ਪਰਵਾਸੀ।

ਹੱਸ ਖਲੋਂਦੇ ਤੋਪਾਂ ਦੇ ਸਾਹਵੇਂ, ਕਹਿਣ ਮੌਤ ਨੂੰ ਮਾਸੀ, ਕਰਕੇ ਹਾਸੀ।

ਹਸ਼ਰ ਦਿਹਾੜਾ ਤੱਕ ਕੇ ਛਾਈ, ਲੋਕਾਂ ਵਿੱਚ ਉਦਾਸੀ, ਡਾਢੀ ਖਾਸੀ।

ਦਿਸੇ ਹਕੂਮਤ ਪਾਪੀ ਯਾਰੋ ਮਰਦਾਂ, ਖੂਨ ਪਿਆਸੀ, ਸਭ ਨੂੰ ਭਾਸੀ।

ਇਹ ਤਾਂ ਸੰਤ ਫ਼ਕੀਰ ਸੂਰਮੇ, ਸੁਣ ਜ਼ਾਲਮ ਦੇ ਤਾਨੇ, ਬੰਦੇ ਦਾਨੇ।

ਆਪੇ ਵਰਨ ਮੌਤ ਨੂੰ ਆਏ, ਹੱਥੀਂ ਬੰਨ ਕੇ ਗਾਨੇ, ਏਸ ਬਹਾਨੇ।

ਵੇਖੋ ਹੱਸ ਹੱਸ ਕਿਵੇਂ ਸ਼ਮਾਂ ਤੇ, ਆਪ ਸੜਨ ਪ੍ਵਾਨੇ, ਮਰਦ ਮਹਾਨੇ।

ਬਣੇ ਗਵਾਹ ਕੌਮ ਦੇ ਸੂਰੇ, ਜ਼ਾਲਮ ਤਖਤ ਹਿਲਾਨੇ, ਯੁੱਗ ਪਲਟਾਨੇ।

ਓਥੇ ਇੱਕ ਅੰਗ੍ਰੇਜ਼ ਖਲੋਤਾ, ਵੇਖ ਰਿਹਾ ਕੁਰਬਾਨੀ, ਇੱਕ ਸੈਲਾਨੀ।

ਐਸਾ ਕਾਜ ਕਹੇ ਨਾ ਸੁਣਿਆ, ਡਿੱਠਾ ਵਿੱਚ ਜਹਾਨੀ, ਹੋਏ ਹੈਰਾਨੀ।

ਡਾਇਰੀ ਖੋਹਲ ਲਿਖੀ ਉਸ ਵਿਥਿਆ,



. Sri Satguru Jagjit Singh Ji eLibrary NamdhariElibrary@gmail.com .

ਵਰਤੀ ਕਹਿਰ ਕਹਾਨੀ, ਫੜ੍ਹ ਕੇ ਕਾਨੀ।

ਲਿਖਦਾ ਏਸ ਸ਼ਹਾਦਤ ਦਾ ਨਾ,

ਹੋਰ ਜਗਤ ਤੇ ਸਾਨੀ, ਹੈ ਲਾਸਾਨੀ।

ਆਖੇ ਇੱਕ ਈਸਾ ਤੇ ਯੋਰਪ, ਮਾਣ ਕਰੇਂਦਾ ਭਾਰੀ, ਹਰ ਨਰ ਨਾਰੀ।

ਡਿੱਠੇ ਅੱਜ ਅਨੇਕ ਮਸੀਹੇ, ਕਰਦੇ ਮੌਤ ਪਿਆਰੀ, ਇੱਕੋ ਵਾਰੀ।

ਭੱਜ ਭੱਜ ਆਵਣ ਤੋਪਾਂ ਸਾਹਵੇਂ, ਖੇਡਣ ਖੇਡ ਨਿਆਰੀ, ਬਾਜੀ ਮਾਰੀ।

ਵੱਲ ਮੌਤ ਦੇ ਨੱਸੇ ਆਵਣ, ਹੋਵਣ ਨਾ ਇਨਕਾਰੀ, ਲਾ ਕਿਲਕਾਰੀ।

---o---

ਲਿਖਿਆ ਗਿਆਨੀ ਗਿਆਨ ਸਿੰਘ, ਅੱਖੀਂ ਡਿੱਠਾ ਹਾਲ।

ਇਹ ਪੰਥ ਪ੍ਰਕਾਸ਼ ਦੀ, ਹੁਣ ਮੈਂ ਦਿਆਂ ਮਿਸਾਲ।

ਦੋਹਿਰਾ

ਉਨ ਸਿੱਖਨ ਕੋ ਹਾਲ ਤੋ ਲਿਖਿਓ ਕਿਤਾਬਨ ਮਾਹਿ।

ਹਮ ਨਿਜ ਨੈਨਨ ਪੇਖਿਓ ਸੋ ਅਬ ਸਾਚੁ ਸੁਨਾਹਿ।



. Sri Satguru Jagjit Singh Ji eLibrary NamdhariElibrary@gmail.com .

**॥ਚੌਂਪਈ॥**

ਸੰਮਤ ਉਨੀ ਸੈ ਅਠਾਈ।

ਕੂਕੇ ਸਿੰਘ ਮਿਲੇ ਤਭ ਆਈ।

ਜੋ ਬੁੱਚੜ ਥੇ ਮੌਤ ਰਮਾਦਤ।

ਤਿਨ ਕੋ ਸੋ ਸਿੰਘ ਭਏ ਬਿਦਾਰਤ।

ਜਬ ਸਿੰਘ ਸਾਠਕ ਪਕੜੇ ਗਏ।

ਫੜੇ ਮਲੇਰ ਕੋਟਲੇ ਅਏ।

ਉਨ ਹਿਤ ਹੁਕਮ ਅੰਗ੍ਰੇਜ਼ੀ ਆਇਓ।

ਇਨ ਕੋ ਤੋਪਨ ਸੰਗ ਉਡਾਇਓ।

ਜਬ ਇਹ ਹੁਕਮ ਤਿਨੇ ਸੁਨ ਪਾਇਓ।

ਖੁਸ਼ੀ ਭਏ ਅਤਿ ਹੀਅ ਹੁਲਸਾਇਓ।

ਮੁੱਖ ਪਰ ਲਾਲੀ ਚੜ੍ਹੀ ਵਧੇਰੇ।

ਗਾਵਤ ਗੁਰ ਕੇ ਸ਼ਬਦ ਉਚੇਰੇ।

ਦੀਵੇ ਪਰ ਜਿਉਂ ਆਏ ਪਤੰਗੇ।

ਤਯੋਂ ਤੋਪਨ ਦਿਸ ਆਏ ਨਿਸ਼ੰਗੇ।

ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ।

ਜਰਾ ਨਾ ਕੀਨੇ ਪ੍ਰਾਣ ਪਿਆਰੇ।



Sri Satguru Jagjit Singh Ji eLibrary NamdhariElibrary@gmail.com

ਇਹ ਹਮਨੇ ਖੁਦ ਨੈਨ ਨਿਹਾਰੇ।

ਦੇਖਤ ਥੇ ਜੋ ਲੋਗ ਅਪਾਰੇ।

ਰਹੇ ਹੈਰਾਨ ਤਿੰਨੇ ਪਿਖ ਸਾਰੇ।

ਇਹ ਸਿੰਘਨ ਕੀ ਰੀਤੀ ਵਰ ਹੈਂ।

ਸ਼ਸਤਰ ਕੀ ਮ੍ਰਿਤ ਤੇ ਨਾ ਡਰ ਹੈਂ।

ਸੰਮੁਖ ਸਤਰ ਜੰਗ ਮੈਂ ਜੇਹੈ।

ਮਰਨ ਮਾਰਨੋ ਨਾਹਿ ਟਰੇ ਹੈਂ।

---o---

ਕੂਕੇ ਉੱਡਣ ਜਾਂਵਦੇ ਲੈ, ਸਤਿਗੁਰ ਦਾ ਨਾਮ।

ਮੂੰਹ ਵਿੱਚ ਉਂਗਲਾਂ ਪਾ ਕੇ, ਵੇਖਣ ਲੋਕ ਤਮਾਮ।

ਛੇਤੀ ਕਰ ਓਏ ਬਿੱਲਿਆ, ਆਖਣ ਜਾਂਦਾ ਸਾਥ।

ਸਾਨੂੰ ਖੜ੍ਹੇ ਉਡੀਕਦੇ, ਸਤਿਗੁਰ ਦੀਨਾ ਨਾਥ।

ਸੱਤ ਸੱਤ ਕਰ ਕੇ ਆਂਵਦੇ, ਸੱਤਾਂ ਤੋਪਾਂ ਵੱਲ।

ਚੱਲਣ ਗੋਲੇ ਮੌਤ ਦੇ, ਦੇਣ ਅਕਾਸ਼ੀ ਘੱਲ।

ਉਹਨਾਂ ਪਿੱਛੋਂ ਹੋਂਵਦੇ, ਸੱਤੇ ਹੋਰ ਤਿਆਰ।

ਆਵਣ ਤੋਪਾਂ ਸਾਹਮਣੇ, ਓਸੇ ਹੀ ਪ੍ਰਕਾਰ।

ਸਿੰਘ ਉਨੰਜਾ ਹੋ ਗਏ ਨੇ, ਹੁਣ ਤੀਕ ਸ਼ਹੀਦ।
ਸੱਚ ਖੰਡ ਦੀ ਜਿਨ੍ਹਾਂ ਨੇ, ਲਈ ਕਟਾ ਰਸੀਦ।
ਇੰਜ ਸਿਲਸਲਾ ਮੌਤ ਦਾ, ਜਾਣ ਰਿਹਾ ਸੀ ਚੱਲ।
ਹੋਈ ਜੱਗੋਂ ਤੇਹਰਵੀਂ, ਹੋਰ ਅਨੋਖੀ ਗੱਲ।
ਵੱਲ ਤੋਪ ਦੇ ਜਾਂਵਦਾ, ਬਾਲਕ ਇੱਕ ਨਦਾਨ।
ਕੇਵਲ ਬਾਰਾਂ ਸਾਲ ਦਾ, ਜਾਪੇ ਨੰਨ੍ਹੀ ਜਾਨ।
ਗਲ ਵਿੱਚ ਮਾਲਾ ਓਸ ਦੇ, ਸਿਰ ਸਿੱਧੀ ਦਸਤਾਰ।
ਦੇਵਤਿਆਂ ਦੇ ਵਾਂਗਰਾਂ, ਉਸ ਦੀ ਦਿਸੇ ਨੁਹਾਰ।
ਨੈਣ ਸਰੋਵਰ ਨਿੱਤਰੇ, ਵਾਂਗ ਮੋਤੀਆਂ ਆਬ।
ਮਖਮਲ ਵਰਗੇ ਹੋਠ ਨੇ, ਮੁੱਖੜਾ ਫੁੱਲ ਗੁਲਾਬ।
ਚਿਹਰੇ ਤੇ ਗੰਭੀਰਤਾ, ਰਸਨਾ ਉੱਤੇ ਨਾਮ।
ਮੱਲਿਆ ਚੀਨੀ ਵਾਲੜੇ, ਦਿਲ ਦਾ ਪਾਵਨ ਧਾਮ।
ਭੋਲਾ ਭਾਲਾ ਮੁੱਖੜਾ, ਜਿਉਂ ਬਾਲਾਂ ਦਾ ਖਾਸ।
ਚੰਚਲਤਾਈ ਮੂਲ ਨਾ, ਨਾ ਰੂਹ ਦਿਸੇ ਉਦਾਸ।
ਮਸਤਕ ਚੰਨ ਸਮਾਨ ਹੈ, ਪਰ ਜਾਪੇ ਬੇ-ਦਾਗ।
ਜਾਪੇ ਪੂਰਨ ਨਿਕਲਿਆ, ਲੈ ਕੇ ਘਰੋਂ ਵੈਰਾਗ।
ਵਾਂਗ ਧਰੂ ਦੇ ਜਾਪਦਾ, ਭਗਤੀ ਵਿੱਚ ਲਬਰੇਜ਼।
ਦਿਸੇ ਅਨੋਖਾ ਡਲਕਦਾ, ਮਸਤਕ ਉੱਤੇ ਤੇਜ਼।

ਮਾਈ ਖੇਮ ਕੌਰ ਦਾ, ਸੋਹਣਾ ਦਿਸੇ ਸਪੂਤ।

ਬਾਲ ਬਹਾਦਰ ਕੌਮ ਦਾ, ਸਾਬਤ ਦਿਸੇ ਸਬੂਤ।

ਹੱਥੀਂ ਮਾਤਾ ਤੋਰਿਆ, ਹੋਵਣ ਲਈ ਸ਼ਹੀਦ।

ਸਿੱਖੀ ਸਿਦਕ ਨਿਭਾਉਣ ਦੀ, ਕਰ ਪੂਰੀ ਤਾਕੀਦ।

ਪੁੱਤਰ ਸਿੰਘ ਮਤਾਬ ਦਾ, ਰੜ ਪਿੰਡ ਦਾ ਵਸਨੀਕ।

ਭਾਈ ਤਿੰਨੇ ਆ ਗਏ, ਕਰ ਲਿਖਿਆ ਤਸਦੀਕ।

ਪੁੱਤ ਮਤਾਬ ਸਿੰਘ ਦੇ, ਹੋਏ ਤਿੰਨ ਸ਼ਹੀਦ।

ਸਾਲੇ ਇੱਕ ਸੁਹੇਲ ਸਿੰਘ, ਧੁਰ ਦੀ ਲਈ ਰਸੀਦ।

ਪੁੱਤਰ ਜਾਣੋ ਓਸ ਦੇ, ਹੀਰਾ, ਬਿਸ਼ਨ, ਨਰੈਣ।

ਇੱਕ ਜਵਾਈ ਨਾਲ ਸੀ, ਖੜਗ ਸਿੰਘ ਜੋ ਕਹਿਣ।

ਨਾਨਾ ਬਿਸ਼ਨ ਸਿੰਘ ਦਾ, ਲਿਖਿਆ ਨੱਥੀ ਰਾਮ।

ਪੇਕਾ ਖੇਮ ਕੌਰ ਦਾ, ਲਹਿਰਾ ਜਾਣ ਗ੍ਰਾਮ।

ਹੀਰਾ ਸਿੰਘ ਸਰਦਾਰ ਦੇ, ਉਹ ਮਾਮੇ ਦਾ ਪੁੱਤ*।

ਅਜੇ ਨਾ ਆਈ ਓਸ ਤੇ, ਜੋਬਨ ਵਾਲੀ ਰੁੱਤ।

ਮਾਈ ਦਿੜ੍ਹ ਪੁਰੇ ਦੀ, ਖੇਮ ਕੌਰ ਸੀ ਹੋਰ।

ਨਾਮ ਭੁਲੇਖਾ ਪਾਂਵਦੇ, ਪੜ੍ਹਿਓ ਕਰਕੇ ਗੌਰ।

ਭਾਵੇਂ ਹੱਥਾਂ ਨਾਲ ਨਾ, ਕੀਤਾ ਭਾਰਾ ਕਾਜ।

ਚਿਹਰੇ ਉੱਤੋਂ ਫੇਰ ਵੀ, ਅਣਖੀ ਦਿਸੇ ਮਿਜ਼ਾਜ਼।

ਪੈਰਾਂ ਵਿੱਚ ਰਵਾਨਗੀ, ਨੈਣਾਂ ਵਿੱਚ ਸਰੂਰ।

ਵਿੱਚ ਇਲਾਹੀ ਨਸ਼ੇ ਦੇ, ਉਹ ਜਾਪੇ ਮਖਮੂਰ।

ਬੈਠੀ ਕੁਰਸੀ ਡਾਹ ਕੇ, ਉਹ ਕਾਵਨ ਦੀ ਮੇਮ।

ਛੋਟਾ ਬੱਚਾ ਵੇਖ ਕੇ, ਦਿਲ ਆਇਆ ਤਰਸੇਮ।

ਰਹਿਮ ਉਛਾਲਾ ਮਾਰਿਆ, ਮਮਤਾ ਦਾ ਹੜ੍ਹ ਚਾੜ੍ਹ।

ਉਹਦੇ ਦਿਲੋਂ ਵਿਰੋਧ ਦਾ, ਦਿੱਤਾ ਰੁੱਖ ਉਖਾੜ।

ਮਨ ਪੰਘਰਿਆ ਵੇਖ ਕੇ, ਉਹ ਮਨਮੋਹਣਾ ਬਾਲ।

ਦੌੜੀ ਕਾਵਨ ਵੱਲ ਉਹ, ਵੇਖਦਿਆਂ ਤਤਕਾਲ।

ਸਾਖਸ਼ਾਤ ਫਿਰ ਜਾਪਦੈ, ਉਹ ਨਕਸ਼ਾ ਸਰਹੰਦ।

ਹੋਏ ਜਦੋਂ ਸ਼ਹੀਦ ਸਨ, ਸਤਿਗੁਰ ਦੇ ਫ਼ਰਜੰਦ।

ਹਾਅ ਦਾ ਨਾਅਰਾ ਮਾਰ, ਜਿਉਂ ਸ਼ੇਰ ਖਾਨ ਇੱਕ ਵਾਰ।

ਸੂਬੇ ਵਾਲਾ ਕੁਝ ਕੁ, ਕੀਤਾ ਨਰਮ ਵਿਹਾਰ।

ਤਾਕਤ ਮਮਤਾ ਦੀ ਤਾਂ, ਪੱਥਰ ਦਏ ਪਿਘਲਾ।

ਪਰ ਪੱਥਰ ਨਾ ਸੱਕਦਾ, ਰੇਸ਼ਮ ਰੂਪ ਵਟਾ।

ਏਦਾਂ ਹੀ ਉਸ ਮੇਮ ਨੇ, ਕੋਲ ਪਤੀ ਦੇ ਜਾ।

ਕੀਤੀ ਜਲਦੀ ਬੇਨਤੀ, ਡਾਢਾ ਤਰਲਾ ਪਾ।

* ਇਹ ਬਿਸ਼ਨ ਸਿੰਘ ਹੀਰਾ ਸਿੰਘ ਗਰੇਵਾਲ ਦੇ ਮਾਮੇ ਦਾ ਪੁੱਤਰ ਸੀ।



Sri Satguru Jagjit Singh Ji eLibrary NamdhariElibrary@gmail.com

## ਮੇਮ ਨੇ ਕਾਵਨ ਨੂੰ ਕਹਿਣਾ

ਦਿਲ ਨੇ ਲਿਆ ਉਛਾਲਾ  ਬਾਲ ਅੰਞਾਣਾ ਵੇਖ ਕੇ,
ਹਿਰਦਾ ਕੰਬਿਆ ਤੜਪੀ ਮੇਮ ਬੜਾ ਘਬਰਾਈ।
ਉੱਠ ਕੇ ਵੱਲ ਸਾਹਿਬ ਦੇ ਦੌੜੀ ਨੰਗੇ ਪੈਰ ਉਹ,
ਜਾ ਕੇ ਕੋਲ ਪਤੀ ਦੇ ਪਾਈ ਓਸ ਦੁਹਾਈ।
ਵੇ ਨਾ ਮਾਰ ਨਿਆਣਾ ਬਾਲ ਤਰਸ ਕਰ ਏਸ ਤੇ,
ਇਹਦਾ ਅਜੇ ਵਾਸਤਾ ਕਾਹਦਾ ਨਾਲ ਲੜਾਈ।
ਨਹੀਓਂ ਅਜੇ ਏਸ ਨੇ ਦੁਨੀਆਂ ਦਾ ਕੁਝ ਵੇਖਿਆ,
ਜਾਪੇ ਭੁੱਲ ਭੁਲੇਖੇ ਫਸਿਆ ਜੂਹ ਪਰਾਈ।
ਕੀ ਇਹ ਭੋਲਾ ਭਾਲਾ ਚਿਹਰਾ ਕਾਤਲ ਹੋ ਸਕਦੈ,
ਜਿਨੂੰ ਦੁਨੀਆਂਦਾਰੀ ਅਜੇ ਸਮਝ ਨਾ ਕਾਈ।
ਵੇਖਾਂ ਕਿਹਾ ਪਿਆਰਾ ਮੁੱਖੜਾ ਏਸ ਨਾਦਾਨ ਦਾ,
ਮੈਨੂੰ ਜਾਪ ਰਿਹਾ ਏ ਮੇਰਾ ਛੋਟਾ ਭਾਈ।
ਮੇਰੇ ਸੀਨੇ ਅੰਦਰ ਹੌਲ ਪਿਆ ਇਹ ਵੇਖ ਕੇ,
ਮੇਰੇ ਨੈਣਾਂ ਨੇ ਤੱਕ ਹੰਝੂਆਂ ਝੜੀ ਲਗਾਈ।
ਬੱਚੇ ਬ੍ਰਿਧ ਬੀਮਾਰ ਨਾਰੀ ਤਾਈਂ ਮਾਰਨਾ,
ਲਿਖਿਆ ਬਾਈਬਲ ਅੰਦਰ ਭਾਰੀ ਪਾਪ ਕਮਾਈ।

ਵੇ ਇਹ ਜਾਨ ਪਿਆਰੀ ਨਹੀਂ ਤੋਪ ਦੇ ਹਾਣ ਦੀ,

ਇਹਦੀ ਖੇਡਣ ਵਾਲੀ ਅਜੇ ਨਾ ਉਮਰ ਵਿਹਾਈ।

ਏਨਾ ਪਾਪ ਚੜ੍ਹਾ ਨਾ ਸਿਰ ਤੇ ਜਿਹੜਾ ਲੱਥੇ ਨਾ,

ਲੋਕੀਂ ਕਾਵਨ ਨਾਲੋਂ ਚੰਗੇ ਕਹਿਣ ਕਸਾਈ।

ਦੇ ਕੇ ਛੱਡ ਮੁਆਫੀ ਇਹ ਜਾਵੇ ਘਰ ਆਪਣੇ,

ਪਾਵੇ ਠੰਡ ਕਲੇਜੇ ਗਲੇ ਲਗਾ ਕੇ ਮਾਈ।

**ਕਾਵਨ ਦਾ ਜੁਆਬ**

ਅੱਗੋਂ ਕਾਵਨ ਬੋਲਦਾ, ਸੁਣੀ ਪਿਆਰੀ ਗੱਲ।

ਛੱਡ ਦਿਆਂ ਮੈਂ ਏਸ ਨੂੰ, ਲਾਵਾਂ ਇੱਕ ਨਾ ਪੱਲ।

ਰਾਮ ਸਿੰਘ ਤਰਖਾਣ ਦਾ, ਆਖ ਦਵੇ ਨਹੀਂ ਸਿੱਖ।

ਹੁਣੇ ਰਿਹਾਈ ਏਸ ਦੀ, ਹੱਥੀਂ ਦੇਵਾਂ ਲਿਖ।

ਆਖੇ ਕੂਕਾ ਨਹੀਂ ਹਾਂ, ਮੈਂ ਫਸਿਆ ਅਨਜਾਣ।

ਤੁਰ ਜਾਵੇ ਇਹ ਕਹਿ ਕੇ, ਕਰਾਂ ਨਾ ਇਸ ਦਾ ਘਾਣ।

ਮੇਰੇ ਨੇੜੇ ਆਣ ਕੇ, ਏਨਾ ਕਰੇ ਕਬੂਲ।

ਮੈਂ ਨਾ ਜਾਣਾਂ ਕੂਕਿਆਂ, ਵਾਲੇ ਕੋਈ ਅਸੂਲ।

ਸੁਣੀ ਗੱਲ ਜਾਂ ਸਾਹਿਬ ਦੀ, ਝਟਪਟ ਦੌੜੀ ਮੇਮ।

ਆਖੇ ਸਾਰਾ ਲਹਿ ਗਿਆ, ਤੇਰੇ ਸਿਰੋਂ ਬਲੇਮ।

ਬਿਸ਼ਨ ਸਿੰਘ ਨੂੰ ਆਖਦੀ, ਹੋਣੀ ਜਾਵੇ ਟਲ।

ਕੋਲ ਸਾਹਿਬ ਦੇ ਜਾ ਕੇ, ਕਹਿ ਦੇ ਇੱਕੋ ਗੱਲ।

ਰਾਮ ਸਿੰਘ ਦਾ ਸਿੱਖ ਨਾ, ਆਖ ਦਵੀਂ ਇੱਕ ਵੇਰ।

ਬਖਸ਼ ਦਵੇਗਾ ਜਾਨ ਉਹ, ਨਾਲ ਖੁਸ਼ੀ ਦੇ ਫੇਰ।

ਬਿਸ਼ਨ ਸਿੰਘ ਨੇ ਆਖਿਆ, ਏਨਾ ਸੁਣਦੇ ਸਾਰ।

ਮੈਂ ਸਾਹਿਬ ਦੇ ਕੰਨ ਵਿੱਚ, ਦੱਸਾਂ ਬਾਤ ਨਿਤਾਰ।

ਆਖਣ ਲੱਗੀ ਜਾ ਕੇ, ਮੇਮ ਸਾਹਿਬ ਦੇ ਕੋਲ।

ਮੰਨ ਗਿਆ ਹੈ ਬਾਤ ਸਭ, ਹੈ ਬੱਚਾ ਅਣਭੋਲ।

ਖੇਲ ਵੇਖ ਕੇ ਮੌਤ ਦਾ ਗਿਆ, ਸ਼ਾਇਦ ਇਹ ਸਹਿਮ।

ਹੁਣ ਤੁਸੀਂ ਵੀ ਕਰ ਦਿਓ, ਇਹਦੇ ਉੱਤੇ ਰਹਿਮ।

ਕੰਨ ਤੁਹਾਡੇ ਵਿੱਚ ਇਹ, ਆਖ ਦਵੇ ਸਭ ਬਾਤ।

ਉੱਚੀ ਕਹਿਣੋ ਸੰਗਦਾ, ਸ਼ਾਇਦ ਵੇਖ ਹਲਾਤ।

ਕਾਵਨ ਝੁਕਿਆ ਹੇਠ ਨੂੰ, ਨੇੜੇ ਕੀਤਾ ਕੰਨ।

ਪਰ ਅਨੋਖਾ ਸੂਰਮੇ, ਉਹਨੂੰ ਦਿੱਤਾ ਡੰਨ।

---o---

ਕਾਵਨ ਨੇ ਕੰਨ ਜਾਂ ਬਿਸ਼ਨ ਸਿੰਘ ਕੋਲ ਕੀਤਾ,

ਆਖਿਆ ਸੂ ਛੇਤੀ ਕੀਤੀ ਬਾਤ ਇਹ ਵੀਚਾਰ ਕੇ।



Sri Satguru Jagjit Singh Ji eLibrary NamdhariElibrary@gmail.com

ਸੋਚਦਾ ਹੈਂ ਮੰਨੀ ਇੱਕ ਸਿੰਘ ਨੇ ਤਾਂ ਈਨ ਮੇਰੀ,

ਕਰਾਂਗਾ ਮੈਂ ਗੱਲ ਕਲ ਵੱਡੀ ਫੜ ਮਾਰ ਕੇ।

ਕਰਾਂ ਪ੍ਰਚਾਰ ਕੂਕੇ ਮੰਗ ਕੇ ਮੁਆਫ਼ੀ ਗਏ,

ਪੂਰੀ ਹੋਈ ਬਾਤ ਦਿਲ ਆਇਆ ਸਾਂ ਜੋ ਧਾਰ ਕੇ।

ਦਾੜ੍ਹੀ ਫੜ ਕਾਵਨ ਦੀ ਝਟਕਾ ਲਗਾ ਕੇ ਆਖੇ,

ਕਰਦਾ ਹੈ ਦਿ਼ਲ ਤੈਨੂੰ ਸੁੱਟ ਦਿਆਂ ਮਾਰ ਕੇ।

ਕਹੇਂਗਾ ਤੂੰ ਫੇਰ ਭੈਣੀ ਵਾਲੜੇ ਦਾ ਸਿੱਖ ਨਾਹੀ,

ਸਿੱਖ ਹਾਂ ਮੈਂ ਗੁਰੂ ਦਾ ਹਜ਼ਾਰ ਵਾਰ ਕਹਾਂਗਾ।

ਦੱਸ ਖਾਂ ਉਏ ਮੰਦੇ ਬੋਲ ਬੋਲੇਂਗਾ ਜ਼ੁਬਾਨੋਂ ਫੇਰ,

ਦਾੜ੍ਹੀ ਤਾਈਂ ਝਟਕੇ ਮੈਂ ਮਾਰ ਮਾਰ ਕਰਾਂਗਾ।

ਵਾਰ ਦਿਆਂ ਜਾਨ ਦੇਸ਼ ਕੌਮ ਲਈ ਹੱਸ ਹੱਸ,

ਕਰੋ ਇਹ ਸਰੀਰ ਛੇਤੀ ਤਾਰ ਤਾਰ ਕਹਾਂਗਾ।

ਸੋਚਦਾ ਹੈਂ ਬਾਲ ਵੇਖ ਡਰ ਜਾਊ ਮੌਤ ਕੋਲੋਂ,

ਜਲਦੀ ਉਡਾਓ ਮੈਨੂੰ ਬਾਰ ਬਾਰ ਕਹਾਂਗਾ।

---o---

ਜਦ ਫੜਕੇ ਦਾਹੜੀ ਸ਼ੇਰ ਨੇ ਸੀ ਝਟਕਾ ਲਾਇਆ।

ਤਾਂ ਦਿਲ ਕਾਵਨ ਦਾ ਕੰਬਿਆ ਡਾਢਾ ਘਬਰਾਇਆ।

ਉਸ ਲੇਰਾਂ ਸੰਘੋਂ ਛੱਡੀਆਂ ਨਾ ਗਿਆ ਛੁਡਾਇਆ।

ਦਿਸਿਆ ਸਿਰ ਤੇ ਝੁਲਦਾ ਮ੍ਰਿਤੂ ਦਾ ਸਾਇਆ।

ਔਹ ਜਾਪੇ ਜਿੱਦਾਂ ਫੁੱਲ ਨੇ ਇੱਕ ਟਾਹਣ ਨਿਵਾਇਆ।

ਸਿਰ ਤੋਂ ਲੱਥਾ ਟੋਪ ਤੇ ਧਰਤੀ ਵੱਲ ਆਇਆ।

ਜਾਪੇ ਮਾਫ਼ੀ ਲੈਣ ਲਈ ਉਸ ਪੈਰੀਂ ਪਾਇਆ।

ਤੱਕ ਛੁਟੀਆਂ ਇੰਜ ਤਰੇਲੀਆਂ ਜਿਉਂ ਹੁਣੇ ਨਹਾਇਆ।

ਵੇਖ ਬਿਸ਼ਨ ਸਿੰਘ ਸੂਰਮੇ ਕਿੰਜ ਮਜ਼ਾ ਚਖਾਇਆ।

ਫਿਰ ਨੌਕਰ ਨਾਭੇ ਦਾ ਇੱਕ ਬਣ ਗਿਆ ਕਸਾਈ।

ਉਸ ਧੂ ਮਿਆਨੋ ਸ਼ੇਰ ਤੇ ਤਲਵਾਰ ਚਲਾਈ।

ਉਸ ਸੀਸ ਓਸ ਦਾ ਵੱਢਿਆ ਕਰ ਜਲਦੀ ਧਾਈ।

ਪਰ ਹੱਥ ਨਾ ਛੱਡੇ ਸੂਰਮੇ ਦਾੜ੍ਹੀ ਤੋਂ ਰਾਈ।

ਉਸ ਦੂਜੀ ਵਾਰੀ ਫੇਰ ਸੀ ਮਾਰੀ ਸਰਵਾਹੀ।

ਜੋ ਬਿਸ਼ਨ ਸਿੰਘ ਦੇ ਵੱਢ ਕੇ ਹੱਥ ਦੋਵੇਂ ਆਈ।

ਸੋਹਣੀ ਜ਼ਿੰਦਗੀ ਸੂਰਮੇ ਨੇ ਘੋਲ ਘੁਮਾਈ।

ਪਿੱਛੋਂ ਛੱਡੇ ਹੱਥ ਨੇ ਜਿੰਦ ਪਹਿਲਾਂ ਲਾਈ।

ਉਹ ਪਹੁੰਚਾ ਕੋਲ ਜੁਝਾਰ ਦੇ ਕਰ ਨੇਕ ਕਮਾਈ।

ਉਸ ਜਾ ਕੇ ਸਿੰਘ ਅਜੀਤ ਨੂੰ ਇੰਜ ਫਤਹਿ ਬੁਲਾਈ।

ਉਸ ਜ਼ੋਰਾਵਰ ਤੇ ਫਤਹਿ ਨੂੰ ਗਲਵੱਕੜੀ ਪਾਈ।

ਉਸ ਗੋਰੇ ਤਾਈਂ ਜਾਨ ਦੇ ਇਹ ਗੱਲ ਸਮਝਾਈ।

ਹੁਣ ਰਾਜ ਤੁਹਾਡਾ ਹਿੰਦ ਤੇ ਨਾ ਰਹਿਣਾ ਕਾਈ।

ਇਹ ਕਾਰਾ ਵੇਖ ਮਾਸੂਮ ਦਾ ਮਲਕਾ ਘਬਰਾਈ।

ਕਾਵਨ ਏਨਾ ਡਰ ਗਿਆ ਉਸ ਹੋਸ਼ ਗਵਾਈ।

ਤੇ ਤੋਪਾਂ ਝਟ ਪਟ ਰੋਕ ਕੇ ਹੋ ਗਿਆ ਹਵਾਈ।

---o---

ਵੇਖ ਜ਼ੁਲਮ ਅਕਾਸ਼ ਨੂੰ ਅੱਗ ਲੱਗੀ,

ਸੂਰਜ ਆਪਣਾ ਰੂਪ ਵਟਾ ਗਿਆ ਏ।

ਜ਼ੁਲਮ ਸਹਿ ਨਾ ਸੱਕਿਆ ਵੇਖ ਭਾਰਾ,

ਪੱਛਮ ਵਿੱਚ ਜਾ ਮੁੱਖ ਛਿਪਾ ਗਿਆ ਏ।

ਕਾਲਾ ਪੀਲਾ ਅਸਮਾਨ ਦਾ ਰੰਗ ਹੋਇਆ,

ਧੰਧੂਕਾਰ ਅਵੱਲੜਾ ਛਾ ਗਿਆ ਏ।

ਵੇਖ ਵੇਖ ਅਦੁੱਤੀ ਕੁਰਬਾਨੀਆਂ ਨੂੰ,

ਅੰਬਰ ਨੈਣਾਂ ’ਚੋਂ ਨੀਰ ਵਹਾ ਗਿਆ ਏ।

ਕੱਲਰ ਵਿੱਚ ਸ਼ਹੀਦਾਂ ਦੇ ਅੰਗ ਬਿਖਰੇ,

ਮਾਸ ਬੋਟੀਆਂ ਦੂਰ ਖਲੇਰੀਆਂ ਨੇ।
ਛੱਪੜ ਖ਼ੂਨ ਦਾ ਲੱਗਿਆ ਵਿੱਚ ਰੱਕੜ,
ਹੱਡ ਖਿੱਲਰੇ ਵਾਂਗ ਗਨੇਰੀਆਂ ਨੇ।
ਕਿਹੜਾ ਕਰੇ ਹਿੰਮਤ ਆ ਕੇ ਕੱਜ ਦੇਵੇ,
ਕੁੱਲ ਜਗਤ ਨੇ ਅੱਖੀਆਂ ਫੇਰੀਆਂ ਨੇ।
ਚਾਦਰ ਪਾ ਹਨੇਰੇ ਦੀ ਢਕ ਦਿੱਤੇ,
ਰਾਤ ਰਾਣੀ ਨੇ ਕਰ ਦਲੇਰੀਆਂ ਨੇ।

ਕਾਵਨ ਦਹਿਸ਼ਤ ਫੈਲਾਉਣ ਨੂੰ ਘਾਣ ਕੀਤਾ,
ਫਿੱਟੇ ਮੂੰਹ ਕਹਾ ਕੇ ਗਿਆ ਓਥੋਂ।
ਲੋਕਾਂ ਲਾਹਨਤਾਂ ਵੇਖ ਹਜ਼ਾਰ ਪਾਈਆਂ,
ਕਾਲਾ ਮੂੰਹ ਕਰਾ ਕੇ ਗਿਆ ਓਥੋਂ।
ਬਿਸ਼ਨ ਸਿੰਘ ਦੇ ਕੋਲੋਂ ਪੁਟਵਾ ਦਾੜ੍ਹੀ,
ਇੱਜ਼ਤ ਪੱਤ ਲੁਹਾ ਕੇ ਗਿਆ ਓਥੋਂ।
ਅਫ਼ਸਰਸ਼ਾਹੀ ਨੂੰ ਪੱਕਿਆਂ ਕਰਨ ਆਇਆ,
ਮਾਨੋ ਜੜ੍ਹਾਂ ਹਿਲਾ ਕੇ ਗਿਆ ਓਥੋਂ।

---o---

ਸੱਤ ਸੱਤ ਕਰ ਕੇ ਸੱਤ ਵਾਰ, ਦਿੱਤੇ ਸਿੰਘ ਉਡਾ।

ਕੁੱਲ ਉਣੰਜਾ ਇਸ ਤਰ੍ਹਾਂ, ਗਏ ਸ਼ਹੀਦੀ ਪਾ।

ਇੱਕ ਬਿਸ਼ਨ ਸਿੰਘ ਸੂਰਮਾ, ਮਾਰ ਨਾਲ ਤਲਵਾਰ।

ਹੋਏ ਕੁੱਲ ਪੰਜਾਹ ਨੇ, ਗਿਣਤੀ ਵਿੱਚ ਸ਼ੁਮਾਰ।

ਦੋ ਮਲੌਦ ਰਹਿ ਗਏ, ਵਿੱਚ ਲੜਾਈ ਖੇਤ।

ਅੱਠ ਮਲੇਰਕੋਟਲੇ, ਜ਼ਖਮੀ ਇੱਕ ਸਮੇਤ।

ਜੋ ਬਾਅਦ ਵਿੱਚ ਚੜ੍ਹ ਗਿਆ, ਕਾਰਨ ਡੂੰਘੇ ਫੱਟ।

ਵਿੱਚ ਸ਼ਹਿਰ ਦੇ ਲੜਦਿਆਂ, ਨੇਕੀ ਤੁਰਿਆ ਖੱਟ।

ਹੁਣ ਤੀਕ ਇਹ ਹੋ ਗਏ, ਗਿਣਤੀ ਅੰਦਰ ਸੱਠ।

---o---

ਹੀਰਾ ਸਿੰਘ ਤੇ ਲਹਿਣਾ ਸਿੰਘ, ਗਰੇਵਾਲ ਸਰਦਾਰ।

ਪਿੰਡ ਸਕਰੌਦੀ ਦੇ ਉਹ, ਦੋਵੇਂ ਜਥੇਦਾਰ।

ਮਿੱਤ ਸਿੰਘ ਵੀ ਨਾਲ ਹੀ, ਏਸੇ ਪਿੰਡੋਂ ਜਾਣ।

ਸਿੰਘ ਕਟਾਰ ਧਨੌਲਿਓਂ, ਸਾਰੇ ਲਵੋ ਪਛਾਣ।

ਪਰਸਾ ਸਿੰਘ ਸੀ ਗੁਰੂ ਸਰ, ਸੂਰਾ ਬੜਾ ਮਹਾਨ।

ਭੱਥਲਥੂਹਾ ਪਿੰਡ ਤੋਂ ਸਿੰਘ, ਰਤਨ ਸਿੰਘ ਧਿਆਨ।

ਪਿੰਡ ਦਿਆਲ ਗੜ੍ਹ ਤੋਂ, ਸਿੰਘ ਅਤਰ ਤੇ ਭੂਪ।



Sri Satguru Jagjit Singh Ji eLibrary NamdhariElibrary@gmail.com

ਗਿੱਲਾਂ ਦਾ ਹਰਨਾਮ ਸਿੰਘ, ਜਾਣੋ ਮਰਦ ਅਨੂਪ।

ਗੁੱਜਰ ਸਿੰਘ ਸੀ ਹਰੀਪੁਰੋਂ, ਜਿਗਰਾ ਜਿਦ੍ਹਾ ਬੁਲੰਦ।

ਦਏ ਜਣੇ ਹੰਡਿਆਏ ਤੋਂ, ਸਦਾ ਸਿੰਘ, ਸਿੰਘ ਨੰਦ।

ਦੋ ਜਣੇ ਬਰਨਾਲਿਓਂ, ਰਤਨ ਸਿੰਘ, ਵਰਿਆਮ।

ਸਿੰਘ ਹਰਨਾਮ ਧਮੋਟ ਦਾ, ਉੱਚਾ ਕਰ ਗਿਆ ਨਾਮ।

ਰਲਿਆ ਸੀ ਇਹ ਜਥੇ ਵਿੱਚ, ਆ ਰਸਤੇ ਵਿਚਕਾਰ।

ਜਾਮ ਸ਼ਹੀਦੀ ਪੀ ਗਿਆ, ਹੋ ਕੇ ਝੱਟ ਤਿਆਰ।

ਰੜ ਪਿੰਡ ਦੇ ਜਥੇ ਵਿੱਚ, ਸਿੰਘ ਸਮਝਿਓ ਅੱਠ।

ਸੱਦਾ ਸਿੰਘ, ਨਰੈਣ ਸਿੰਘ, ਅਤਰ ਸਿੰਘ ਲਓ ਪੱਠ।

ਦੋਵੇਂ ਬਾਰਾਂ ਸਾਲ ਦੇ, ਬਿਸ਼ਨ ਅਤੇ ਹਰਨਾਮ।

ਜੈਮਲ ਸਿੰਘ ਗੁਰਦਿੱਤ ਸਿੰਘ, ਹੀਰਾ ਸਿੰਘ ਤਮਾਮ।

ਦੀਵਾ ਪਿੰਡੋਂ ਸ਼ੇਰ ਸਿੰਘ, ਪਾਈ ਸ਼ਹੀਦੀ ਝੂਮ।

ਬੀਰ ਸਿੰਘ ਵਰਿਆਮ ਸਿੰਘ, ਵੱਸਣ ਵਾਲੇ ਮੂੰਮ।

ਕਾਲਾ ਸਿੰਘ ਦਿਆਲਪੁਰ, ਕੋਟਲਿਓਂ ਸੀ ਠੀਕ।

ਇੱਕ ਨਰੈਣ ਸਿੰਘ ਸੀ, ਰੰਗੀਆਂ ਦਾ ਵਸਨੀਕ।

ਗੁਰਮੁਖ ਸਿੰਘ ਫਰਵਾਹੀ, ਦਾ ਹੈ ਸੀ ਨੰਬਰਦਾਰ।

ਦੂਜਾ ਭੂਪ ਸਿੰਘ ਸੀ, ਓਥੋਂ ਦਾ ਸਰਦਾਰ।

ਚੂੰਘੋਂ ਇੱਕ ਨਰੈਣ ਸਿੰਘ, ਬਾਤ ਸਮਝਿਓ ਪੱਕ।

ਧਿਆਨ ਸਿੰਘ ਸੀ ਵੱਸਦਾ, ਕੂਕਿਆਂ ਵਾਲੇ ਚੱਕ।

ਖੜਗ ਸਿੰਘ ਫਰਵਾਹੀ ਦਾ, ਇੱਕ ਜਾਣਿਓਂ ਹੋਰ।

ਜੋ ਸ਼ਹੀਦੀ ਜਥੇ ਸੰਗ, ਤੁਰਿਆ ਰਲਕੇ ਤੋਰ।

ਫਤਹਿ ਸਿੰਘ ਤੇ ਅਤਰ ਸਿੰਘ, ਪਿੰਡ ਵਾਲੀਆਂ ਜਾਣ।

ਫਤਹਿ ਸਿੰਘ ਤੇ ਪ੍ਰੇਮ ਸਿੰਘ, ਗੱਗੜ ਪੁਰੋਂ ਪਛਾਣ।

ਮੰਡੀ ਦਾ ਹਰਨਾਮ ਸਿੰਘ, ਜਾਣ ਲਵੋ ਇਹ ਠੀਕ।

ਸੂਬੇ ਰਤਨ ਸਿੰਘ ਦੇ ਜੋ, ਪਿੰਡ ਦਾ ਵਸਨੀਕ।

ਜੋਧ ਸਿੰਘ ਤੇ ਅਤਰ ਸਿੰਘ, ਮਾਘਾ ਸਿੰਘ ਮਰ੍ਹਾਜ।

ਹੋਏ ਭਵਜਲ ਪਾਰ ਜੋ, ਚੜ੍ਹਕੇ ਧਰਮ ਜਹਾਜ਼।

ਸਾਦਕ ਤੋਂ ਹਰਨਾਮ ਸਿੰਘ, ਦੂਜਾ ਸਿੰਘ ਨਿਧਾਨ।

ਗੰਜੀ ਵਾਲਾ ਜਗਤ ਸਿੰਘ, ਨਾਲ ਭਇਆ ਪ੍ਰਵਾਨ।

ਉੱਤਮ ਸਿੰਘ ਤੇ ਚੜ੍ਹਤ ਸਿੰਘ, ਰੁੜਕੇ ਤੋਂ ਮਸ਼ਹੂਰ।

ਲਹਿਰੇ ਦਾ ਸੁਹੇਲ ਸਿੰਘ, ਚੜ੍ਹ ਗਏ ਪਹਿਲੇ ਪੂਰ।

ਹੈ ਸੀ ਲੋਹਗੜ੍ਹ ਪਿੰਡ ਦਾ, ਸਿੰਘ ਦੇਵਾ ਗਰੇਵਾਲ।

ਚਾਓ ਪਿੰਡ ਦੇ ਤਿੰਨ ਨੇ, ਹੇਠ ਲਿਖੇ ਸਿੰਘ ਨਾਲ।

ਸਿੰਘ ਹਜ਼ਾਰਾ ਮਹਾਂ ਸਿੰਘ, ਸਿੰਘ ਤੀਸਰਾ ਬੀਰ।

ਧੀਰ ਕੋਟੀਆ ਪ੍ਰੇਮ ਸਿੰਘ, ਸੀ ਯੋਧਾ ਰਣਧੀਰ।

ਕਿਸੇ ਆਖਿਆ ਏਸ ਨੂੰ, ਛੱਡ ਦਿਓ ਤਤਕਾਲ।



Sri Satguru Jagjit Singh Ji eLibrary NamdhariElibrary@gmail.com

ਇਹ ਤਾਂ ਮਜ਼੍ਹਬੀ ਸਿੱਖ ਹੈ, ਸੀਰੀ ਸਾਡੇ ਨਾਲ।

ਐਪਰ ਸਿੰਘ ਪ੍ਰੇਮ ਨੇ, ਆਖਿਆ ਇੰਜ ਵੰਗਾਰ।

ਮੈਂ ਨਾ ਸੀਰੀ ਕਿਸੇ ਦਾ, ਹਾਂ ਬਾਗੀ ਸਰਕਾਰ।

ਕੂਕਾ ਮੇਰੀ ਜਾਤ ਹੈ, ਕੂਕਾ ਮੇਰੀ ਕਾਰ।

ਰਾਮ ਸਿੰਘ ਸਤਿਗੁਰੂ ਦਾ, ਮੈਂ ਹਾਂ ਬਰਖੁਰਦਾਰ।

ਮੈਨੂੰ ਹੁਣੇ ਉਡਾ ਦਿਓ, ਰਲਾਂ ਸਾਥੀਆਂ ਨਾਲ।

ਮਾਫ਼ੀ ਸ਼ਾਫੀ ਦੇਣ ਦੇ, ਛੱਡੋ ਉਲਟ ਖਿਆਲ।

ਛਾਤੀ ਤਾਣ ਖਲੋ ਗਿਆ, ਤੋਪ ਸਾਹਮਣੇ ਜਾ।

ਤੂੰਬਾ ਤੂੰਬਾ ਕਰ ਕੇ, ਦਿੱਤਾ ਤੋਪ ਉਡਾ।

ਸੰਘੋ ਵਾਲੋਂ ਕਾਹਨ ਸਿੰਘ, ਬੱਲੋ ਜੀਵਨ ਸਿੰਘ।

ਜਿਨ੍ਹਾਂ ਕੱਢੇ ਬੁੱਚੜਾਂ, ਵਾਲੇ ਜਾ ਕੇ ਵਿੰਗ।

ਗੁਰਮੁਖ ਸਿੰਘ ਤੇ ਮੀਹਾਂ ਸਿੰਘ ਪਿੰਡ ਲਤਾਲਾ ਠੀਕ।

ਨੱਥਾ ਸਿੰਘ, ਵਜ਼ੀਰ ਸਿੰਘ, ਰੱਬੋਂ ਦੇ ਵਸਨੀਕ।

ਵਿੱਚ ਸ਼ਹੀਦੀ ਜਥੇ ਦੇ, ਮਾਈਆਂ ਵੀ ਦੋ ਨਾਲ।

ਇੰਦ ਕੌਰ ਤੇ ਖੇਮ ਕੌਰ, ਪਰਚਮ ਆਪ ਸੰਭਾਲ।

ਦਿੱਤੀਆਂ ਕਰ ਹਵਾਲੜੇ, ਉਹ ਪਟਿਆਲੇ ਰਾਜ।

ਸਾਨੂੰ ਉਹਨਾਂ ਦੇਵੀਆਂ, ਉੱਤੇ ਡਾਢਾ ਨਾਜ।

ਹੋ ਗਈਆਂ ਜੋ ਬਾਅਦ, ਵਿੱਚ ਓਥੋਂ ਜਾਣ ਰਿਹਾ।



. Sri Satguru Jagjit Singh Ji eLibrary NamdhariElibrary@gmail.com .

ਪਿੰਡਾਂ ਅੰਦਰ ਹਾਜ਼ਰੀ, ਐਪਰ ਦੇਵਣ ਜਾ।

ਉਹਨਾਂ ਤੋਂ ਸੁਣ ਲੇਖਕਾਂ, ਅੱਖੀਂ ਡਿੱਠਾ ਹਾਲ।

ਪਾਵਨ ਦਸਤਾਵੇਜ਼ ਉਹ, ਲਿਖ ਲਿਖ ਲਏ ਸੰਭਾਲ।

---o---

ਆਈ ਅਠਾਰਾਂ ਜਨਵਰੀ, ਤੋਂ ਡਾਢੀ ਨਿਸਤੇਜ।

ਐਪਰ ਅਜੇ ਨਾ ਰੱਜਿਆ, ਢਾਹ ਜ਼ੁਲਮ ਅੰਗ੍ਰੇਜ਼।

ਫੋਰਸਿਥ ਕਮਿਸ਼ਨਰ, ਅੰਬਾਲੇ ਦਾ ਜਾਣ।

ਕਾਵਨ ਵਾਲੀ ਅੱਤ ਨੂੰ, ਫਿਰ ਲੱਗਾ ਦੁਹਰਾਣ।

ਸਤਿਗੁਰ ਜੀ ਨੂੰ ਤੋਰ ਕੇ, ਵੱਲ ਇਲਾਹਾਬਾਦ।

ਆਣ ਪਹੁੰਚਿਆ ਕੋਟਲੇ ਉਹ, ਫਿਰ ਇਸ ਤੋਂ ਬਾਅਦ।

ਕਾਵਨ ਉੱਤੇ ਚਾਹੀਦਾ, ਲਾਉਣਾ ਸੀ ਇਲਜ਼ਾਮ।

ਹੁਕਮ ਅਦੂਲੀ ਕਰਨ ਦਾ, ਆ ਕੇ ਓਸੇ ਸ਼ਾਮ।

ਕਰ ਪਰੋਖੇ ਅੱਖ ਤੋਂ, ਉਹਦਾ ਇਹ ਕਸੂਰ।

ਉੱਤੇ ਨਾਮਧਾਰੀਆਂ, ਹੋਇਆ ਆਣ ਕਰੂਰ।

ਬਚਦੇ ਨਾਮਧਾਰੀਏ, ਸੋਲਾਂ ਹੋਰ ਜਵਾਨ।

ਉਹਨਾਂ ਉੱਤੇ ਚਾੜ੍ਹਿਆ, ਆ ਸ਼ਾਹੀ ਫੁਰਮਾਨ।

ਨਾਟਕ ਰਚਿਆ ਓਸ ਨੇ, ਕਰੇ ਮੁਕੱਦਮਾ ਠੋਕ।



Sri Satguru Jagjit Singh Ji eLibrary NamdhariElibrary@gmail.com

ਦੋਸ਼ੀ ਕੀਤੇ ਪਲਾਂ ਵਿੱਚ, ਉਹਨੇ ਸੋਲਾਂ ਲੋਕ।

ਸਜ਼ਾ ਸੁਣਾਈ ਮੌਤ ਦੀ, ਉਹਨਾਂ ਨੂੰ ਇਕ ਸਾਰ।

ਆਖੇ ਤੋਪਾਂ ਡਾਹ ਕੇ, ਸਭ ਨੂੰ ਦੇਵੋ ਮਾਰ।

ਲਿਖਿਆ ਹੱਥੀਂ ਆਪਣੀ, ਉਹਨੇ ਸੱਚ ਜ਼ਰੂਰ।

ਪੰਜਾਂ ਸਿੰਘਾਂ ਦਾ ਨਾ, ਇਸ ਵਿੱਚ ਕੋਈ ਕਸੂਰ।

ਜਿਹੜੇ ਰੋਜ ਨਿਆਂ ਦਾ, ਬੈਠੇ ਪਿੱਟਣ ਢੋਲ।

ਉਹਨਾਂ ਕਿੰਨਾ ਰੱਖਿਆ, ਉਹਦੇ ਅੰਦਲ ਪੋਲ।

ਕਰਦੀ ਕੈਸੇ ਫੈਸਲੇ, ਅੰਗ੍ਰੇਜ਼ੀ ਸਰਕਾਰ।

ਬੇ-ਗੁਨਾਹੇਂ ਮੌਤ ਦੇ, ਕਰ ਦਿੱਤੇ ਹੱਕਦਾਰ।

ਓਹੋ ਪਿਛਲੇ ਦਿਵਸ ਦੀ, ਫਿਰ ਦੁਹਰਾਈ ਕਾਰ।

ਆਵਣ ਤੋਪਾਂ ਸਾਹਮਣੇ, ਸਿੰਘ ਜੈਕਾਰੇ ਮਾਰ।

ਹੱਸ ਹੱਸ ਪਾਉਣ ਸ਼ਹੀਦੀਆਂ, ਉਹ ਕੂਕੇ ਬਲਬੀਰ।

ਦੌੜਨ ਵਾਰੀ ਵੇਖ ਕੇ, ਜਰਾ ਨਾ ਪਾਉਣ ਖਲ੍ਹੀਰ।

ਹੈ ਸੀ ਪਿੰਡ ਮਰ੍ਹਾਜ ਦਾ, ਇੱਕ ਸੂਰਾ ਵਰਿਆਮ।

ਆਇਆ ਅੱਗੇ ਤੋਪ ਦੇ, ਮੁੱਖੋਂ ਜਪਦਾ ਨਾਮ।

ਮਹਾਰਾਜੇ ਪਟਿਆਲੀਏ, ਦਾ ਉਹ ਕੁਨਬੇਦਾਰ।

ਆਈ ਸਿਫਾਰਸ਼ ਉਪਰੋਂ, ਵੇਲਾ ਵਕਤ ਵੀਚਾਰ।

ਰਾਜੇ ਤੇ ਨਾ ਲੱਗ ਜਾਏ, ਕੁਲ ਘਾਤ ਦਾ ਦੋਸ਼।

ਏਸੇ ਗੱਲ ਤੋਂ ਅਹਿਲਕਾਰ, ਆਏ ਅੰਦਰ ਹੋਸ਼।

ਆਖਣ ਇਹਨੂੰ ਛੱਡਣਾ, ਕੋਈ ਬਹਾਨਾ ਭਾਲ।

ਫਸਿਆ ਇਹ ਨਿਰਦੋਸ਼ ਹੈ, ਆ ਕੇ ਇਹਨਾਂ ਨਾਲ।

ਉਹਦੀ ਖਾਤਰ ਰਹਿਮ ਦੀ, ਕੀਤੀ ਗਈ ਅਪੀਲ।

ਆਖਣ ਬਖਸ਼ੋ ਏਸ ਨੂੰ, ਬੰਦਾ ਬੜਾ ਅਸੀਲ।

ਆਇਆ ਵਾਰੀ ਨਾਲ ਜਾਂ, ਵੱਲ ਤੋਪ ਦੇ ਚੱਲ।

ਜਾ ਕੇ ਕਾਵਨ ਤੋਪਚੀ, ਨੂੰ ਸਮਝਾਈ ਗੱਲ।

ਆਖੇ ਇਹਨੂੰ ਛੱਡਣਾ, ਮੌਕਾ ਵਕਤ ਪਛਾਣ।

ਆਖੋ ਆਉਂਦਾ ਨਹੀਂ ਹੈ, ਇਹ ਤੋਪ ਦੇ ਹਾਣ।

ਤੇਰਾ ਮਧਰਾ ਕੱਦ ਹੈ, ਕਿਹਾ ਤੋਪਚੀ ਵੇਖ।

ਕਿਸਮਤ ਜਾਗੀ ਤੁਸਾਂ ਦੀ, ਬਦਲ ਗਏ ਨੇ ਲੇਖ।

ਨਹੀਂ ਤੋਪ ਦੀ ਸੇਧ ਵਿੱਚ, ਆਉਂਦਾ ਤੇਰਾ ਕੱਦ।

ਤਾਹੀਓਂ ਦਿੱਤੀ ਸਾਹਿਬ, ਨੇ ਤੇਰੀ ਸਜ਼ਾ ਉਲੱਦ।

ਜਾ ਤੁਰ ਜਾ ਘਰ ਆਪਣੇ, ਜਾ ਕੇ ਮੌਜ ਮਨਾ।

ਤੈਨੂੰ ਹੈ ਸਰਕਾਰ ਨੇ, ਕੀਤਾ ਹੁਣੇ ਰਿਹਾ।

ਏਨੀ ਸੁਣ ਕੇ ਪਰਤਿਆ, ਪਿੱਛੇ ਉਹ ਵਰਿਆਮ।

ਤੁਰਿਆ ਜਾਵੇ ਬਾਹਰ ਨੂੰ, ਓਥੋਂ ਨਾਲ ਅਰਾਮ।

ਤੱਕੀਆਂ ਢੀਮਾਂ ਵਾਹਣ ਵਿੱਚ, ਓਥੋਂ ਥੋੜ੍ਹੀ ਦੂਰ।



Sri Satguru Jagjit Singh Ji eLibrary NamdhariElibrary@gmail.com

ਚੁਣ ਚੁਣ ਨਿੱਕੀਆਂ ਮੋਟੀਆਂ, ਉਹਨੇ ਨਾਲ ਸ਼ਊਰ*।

ਝੋਲੀ ਅੰਦਰ ਪਾ ਕੇ, ਲੈ ਆਇਆ ਤਤਕਾਲ।

ਜੋੜੇ ਅੱਗੇ ਤੋਪ ਦੇ, ਬੜੇ ਤਰੀਕੇ ਨਾਲ।

ਚੜ੍ਹ ਕੇ ਉੱਤੇ ਥੜੇ ਦੇ, ਖੜ੍ਹਿਆ ਛਾਤੀ ਤਾਣ।

ਅੱਖਣ ਲੱਗਾ ਤੋਪ ਦੇ, ਹੁਣ ਹੋਇਆ ਹਾਂ ਹਾਣ।

* ਸਿਆਣਪ

---o---

ਛਾਤੀ ਤਾਣ ਸੂਰਾ ਥੜੇ ਤੇ ਖਲੋ ਗਿਆ, ਜੋਸ਼ ਨਾਲ ਭਰ ਕੇ।

ਆਖਦਾ ਏ ਰਲਣਾ ਮੈਂ ਸਾਥੀਆਂ, ਲਾੜੀ ਮੌਤ ਵਰ ਕੇ।

ਡਰਦੇ ਮਰਨ ਤੋਂ ਨਾ ਕਦੇ ਸੂਰਮੇ, ਸਾਰਾ ਜੱਗ ਜਾਣਦਾ।

ਬੰਨ੍ਹ ਕੇ ਨਿਸ਼ਾਨਾ ਵੇਖ ਹੋਇਆਂ ਕਿ ਨਹੀਂ, ਤੋਪ ਦੇ ਮੈਂ ਹਾਣ ਦਾ।

ਹੀਲਾ ਕਰੇ ਕਿਉਂ ਸ਼ੇਰ ਨੂੰ ਪਾਪੀਆ, ਗਿੱਦੜ ਬਣਾਉਣ ਦਾ।

ਮੇਟ ਕੇ ਅਣਖ ਸੱਚੇ ਵਰਿਆਮ ਦੀ, ਮਿੱਟੀ 'ਚ ਮਿਲਾਉਣ ਦਾ।

ਮਾਰ ਕੇ ਜ਼ਮੀਰ ਨਹੀਓਂ ਸ਼ੌਕ ਪਾਲਣਾ, ਪਹਿਨਣ ਤੇ ਖਾਣ ਦਾ।

ਬੰਨ੍ਹ ਕੇ ਨਿਸ਼ਾਨਾ ਵੇਖ ਹੋਇਆਂ ਕਿ ਨਹੀਂ, ਤੋਪ ਦੇ ਮੈਂ ਹਾਣ ਦਾ।



. Sri Satguru Jagjit Singh Ji eLibrary NamdhariElibrary@gmail.com .

ਸ਼ਮਾਂ ਉੱਤੇ ਆਣ ਪ੍ਰਵਾਨਾ ਮੁੜ ਕੇ, ਵਾਪਸ ਨਾ ਜਾਂਵਦਾ।
ਸੱਚ ਲਈ ਵਾਰ ਕੇ ਸਰੀਰ ਰੁਤਬਾ, ਉਹੋ ਸ਼ਹੀਦੀ ਪਾਂਵਦਾ।
ਦੇਸ਼ ਕੌਮ ਲਈ ਜਾਨ ਦੇਵੇ ਹੱਸ ਕੇ, ਫਰਜ਼ ਪਛਾਣ ਦਾ।
ਬੰਨ੍ਹ ਕੇ ਨਿਸ਼ਾਨਾ ਵੇਖ ਹੋਇਆਂ ਕਿ ਨਹੀਂ, ਤੋਪ ਦੇ ਮੈਂ ਹਾਣ ਦਾ।

ਅਸੀਂ ਤਾਂ ਅਜ਼ਾਦੀ ਵਾਲੀ ਨੀਂਹ ਰੱਖਣੀ, ਚਰਬੀ ਨੂੰ ਢਾਲ ਕੇ।
ਰਾਹ ਰੁਸ਼ਨਾਉਣਾ ਹੈ ਹਮੇਸ਼ ਕੌਮ ਦਾ, ਹੱਡੀਆਂ ਨੂੰ ਬਾਲ ਕੇ।
ਖ਼ੂਨ ਪਾ ਕੇ ਅਣਖਾਂ ਦਾ ਰੁੱਖ ਸਿੰਜਣਾ, ਛਾਂਗਿਆ ਸ਼ੈਤਾਨ ਦਾ।
ਬੰਨ੍ਹ ਕੇ ਨਿਸ਼ਾਨਾ ਵੇਖ ਹੋਇਆਂ ਕਿ ਨਹੀਂ, ਤੋਪ ਦੇ ਮੈਂ ਹਾਣ ਦਾ।

ਜਿਹੜਾ ਰਾਜਾ ਮੈਨੂੰ ਹੈ ਬਚਾਉਣਾ ਚਾਂਹਵਦਾ, ਡੰਨਿਆ ਉਹ ਆਪ ਹੈ।
ਰਲ ਕੇ ਫਿਰੰਗੀ ਨਾਲ ਸਿੱਖ ਮਾਰ ਕੇ, ਕੀਤਾ ਘੋਰ ਪਾਪ ਹੈ।
ਕੰਮ ਅਸੀਂ ਕਰਨਾ ਹੈ ਇਹਨਾਂ ਪਾਪੀਆਂ, ਤਖਤੋਂ ਹਟਾਣ ਦਾ।
ਬੰਨ੍ਹ ਕੇ ਨਿਸ਼ਾਨਾ ਵੇਖ ਹੋਇਆਂ ਕਿ ਨਹੀਂ, ਤੋਪ ਦੇ ਮੈਂ ਹਾਣ ਦਾ।

ਚੀਨੀ ਵਾਲੇ ਆਣ ਅਵਤਾਰ ਧਾਰਿਆ, ਧਰਮ ਬਚਾਉਣ ਲਈ।
ਚੰਦਰੀ ਗੁਲਾਮੀ ਵਾਲਾ ਸਾਇਆ ਕੌਮ ਦੇ, ਸਿਰ ਤੋਂ ਹਟਾਉਣ ਲਈ।
ਛਾਨਣੀ ਦੇ ਓਹਲੇ ਹੀਲਾ ਕਰੇਂ ਪਾਪੀਆ, ਸੂਰਜ ਲੁਕਾਣ ਦਾ।

ਬੰਨ੍ਹ ਕੇ ਨਿਸ਼ਾਨਾ ਵੇਖ ਹੋਇਆਂ ਕਿ ਨਹੀਂ, ਤੋਪ ਦੇ ਮੈਂ ਹਾਣ ਦਾ।

---o---

ਫੇਰ ਕਿਹਾ ਵਰਿਆਮ ਸਿੰਘ, ਬੋਲੇ ਸੋ ਨਿਹਾਲ।

ਗਰਜੀ ਤੋਪ ਤੇ ਉਡਿਆ, ਕਹਿ ਸਤਿ ਸ੍ਰੀ ਅਕਾਲ।

ਚੱਲੀ ਰੂਹ ਅਕਾਸ਼ ਨੂੰ, ਬਹਿ ਕੇ ਵਿੱਚ ਬਬਾਣ।

ਪੰਜ ਭੂਤ ਦਾ ਪਿੰਜਰਾ, ਖਿੰਡਿਆ ਵਿੱਚ ਮੈਦਾਨ।

ਧੰਨ ਲੋਕਾਈ ਆਖਿਆ, ਹੋਈ ਜੈ ਜੈ ਕਾਰ।

ਸਾਮਰਾਜ ਨਾ ਰਹੇਗਾ, ਲੋਕੀਂ ਕਰਨ ਵੀਚਾਰ।

ਮੂੰਹ ਵਿੱਚ ਉਂਗਲਾਂ ਪਾ ਕੇ, ਆਖਣ ਲੋਕ ਤਮਾਮ।

ਸਾਡੇ ਵਾਂਗੂ ਨਹੀਂ ਸੀ, ਉਹ ਨਾਂ ਦਾ ਵਰਿਆਮ।

ਉਹ ਇਸ ਤਰ੍ਹਾਂ ਕਰ ਗਿਆ, ਆਪਣਾ ਨਾਮ ਸਾਕਾਰ।

ਏਦਾਂ ਪਾਪੀ ਰਾਜ ਦੇ, ਮੂੰਹ ਤੇ ਕਾਲਖ ਮਾਰ।

ਵਿੱਚ ਪਲਾਂ ਦੇ ਹੋ ਗਏ, ਸੋਲਾਂ ਹੋਰ ਸ਼ਹੀਦ।

ਭੈਣੀ ਵਾਲੇ ਦੇ ਜੋ, ਅਣਖੀ ਪਾਕ ਮੁਰੀਦ।

ਜੋ ਅਠਾਰਾਂ ਜਨਵਰੀ, ਉੱਡੇ ਤੋਪਾਂ ਨਾਲ।

ਨਾਮ ਗਿਣਾਵਾਂ ਕਿਵੇਂ ਨਾ, ਜਿਨ੍ਹਾਂ ਘਾਲੀ ਘਾਲ।

ਜਾਨ ਧਰਮ ਤੋਂ ਵਾਰ ਗਏ, ਜਿਹੜੇ ਏਥੇ ਆਣ।



Sri Satguru Jagjit Singh Ji eLibrary NamdhariElibrary@gmail.com

ਉਹਨਾਂ ਉੱਤੇ ਕੌਮ ਨੂੰ, ਸਦਾ ਰਹੇਗਾ ਮਾਣ।

ਬਾਲੀਆਂ ਦਾ ਅਲਬੇਲ ਸਿੰਘ, ਸੂਰਾ ਮਰਦ ਦਲੇਰ।

ਮੱਲੂ ਮਾਜਰਾ ਰੂੜ ਸਿੰਘ, ਆਖਣ ਬੱਗਾ ਸ਼ੇਰ।

ਸਕਰੌਂਦੀ ਤੋਂ ਆਖਦੇ, ਆਇਆ ਸਿੰਘ ਅਨੂਪ।

ਭਗਤ ਸਿੰਘ ਸੀ ਕਾਂਝਲਾ, ਭਗਤਾਂ ਜਿਹਾ ਸਰੂਪ।

ਜੋਗੇ ਪਿੰਡੋਂ ਸ਼ਾਮ ਸਿੰਘ*, ਬਾਲੀਆਂ ਸਿੰਘ ਜਵਾਹਰ।

ਸੀ ਕੇਸਰ ਸਿੰਘ ਗਿੱਲ ਦਾ, ਪਿੱਥੋ ਪਿੰਡ ਵੀਚਾਰ।

ਭੱਥਲ ਖੂਹੇ ਪਿੰਡ ਤੋਂ, ਸੋਭਾ ਸਿੰਘ ਸੀ ਨਾਮ।

ਹੀਰਾ ਸਿੰਘ ਸਰਦਾਰ ਦਾ, ਪਿੱਥੋਂ ਕੇ ਗ੍ਰਾਮ।

ਸੇਵਾ ਸਿੰਘ ਤੇ ਸੋਭਾ ਸਿੰਘ, ਰੱਬੋਂ ਦੇ ਵਸਨੀਕ।

ਛੰਨਾ ਬਹਾਦਰ ਸਿੰਘ ਦਾ, ਸਿੰਘ ਵਰਿਆਮ ਠੀਕ।

ਪਹਿਲਾ ਬੇਲਾ ਸਿੰਘ ਤੇ, ਦੂਜਾ ਸਿੰਘ ਸੁਜਾਨ।

ਰੱਬੋਂ ਦੇ ਦੋ ਹੋਰ ਇਹ, ਸੂਰੇ ਮਰਦ ਮਹਾਨ।

ਅੰਮ੍ਰਿਤਸਰ ਦੇ ਜ਼ਿਲ੍ਹੇ ਦਾ, ਹਾਕਮ ਸਿੰਘ ਝਬਾਲ।

ਹੈ ਸੀ ਫੂਲ ਮਰ੍ਹਾਜ ਦਾ, ਸਿੰਘ ਵਰਿਆਮ ਕਮਾਲ।

ਜ਼ਿਲ੍ਹੇ ਫਿਰੋਜ਼ਪੁਰ ਦਾ ਇਹ, ਸੂਰਾ ਰਣਧੀਰ।

ਮੌਤ ਵਰੀ ਸੀ ਜਿਸ ਨੇ, ਢੀਮਾਂ ਜੋੜ ਅਖ਼ੀਰ।

ਕੁਝ ਸ਼ਹੀਦੀ ਪਾ ਗਏ, ਸਿੰਘ ਛਿਅੱਤਰ ਜਾਣ।

ਸਾਕਾ ਹੋਇਆ ਕੋਟਲੇ, ਵੱਡਾ ਲਵੋ ਪਛਾਣ।

ਉਡੇ ਤੋਪਾਂ ਸਾਹਮਣੇ, ਪੂਰੇ ਸਿੰਘ ਛਿਆਹਟ।

ਜਿਥੇ ਬਲਦੀ ਰਹੇਗੀ, ਸਦਾ ਸ਼ਹੀਦੀ ਲਾਟ।

ਕਾਲੇ ਪਾਣੀ ਭੇਜਿਆ, ਚਾਰਾਂ ਨੂੰ ਸਰਕਾਰ।

ਓਥੇ ਜਾ ਕੇ ਉਹ ਵੀ, ਗਏ ਸਵਰਗ ਸਿਧਾਰ।

ਹੈ ਸੀ ਨੰਗਲ ਪਿੰਡ ਦਾ, ਸੂਰਾ ਸਿੰਘ ਭਗਵਾਨ।

ਪਿੰਡ ਫੁਲੇਰੀ ਦਾ ਸੀ, ਦੂਜਾ ਸਿੰਘ ਗਿਆਨ।

ਅਲਾਵਲ ਪੁਰੇ ਜਲੰਧਰੋਂ, ਮਿਹਰ ਗਿਆ ਸੁਰ ਮੇਲ।

ਚੌਥਾ ਥੰਮਣ ਸਿੰਘ ਸੀ, ਪੁੱਤਰ ਸਿੰਘ ਅਲਬੇਲ।

ਗਿਣੇ ਜਾਂਵਦੇ ਇਸ ਤਰ੍ਹਾਂ, ਅੱਸੀ ਸਿੰਘ ਸ਼ਹੀਦ।

ਜਿਨ੍ਹਾਂ ਤਨ ਦੀ ਬਲੀ ਦੇ, ਕਹਿਣ ਮਨਾਈ ਈਦ।

ਫਿਰ ਵੀ ਜਾਪੇ ਰਹਿ ਗਏ, ਅਣਗੌਲੇ ਇਸ ਪੂਰ।

ਜੋ ਵਕਤੀ ਦੀ ਧੂੜ ਵਿੱਚ, ਦੱਬੇ ਗਏ  ਜ਼ਰੂਰ।

ਜਿਹੜੇ ਜ਼ਖਮੀ ਕੋਟਲੇ, ਵੇਖੇ ਸਰਜਣ ਆਣ।

ਉਹਨਾਂ ਦਾ ਨਾਂ ਅਜੇ ਤੀਕ, ਮਿਲਿਆ ਪਤਾ ਨਿਸ਼ਾਨ।

ਗਰਦਸ਼ ਆਈ ਪੰਥ ਤੇ, ਝੁੱਲੇ ਜ਼ੁਲਮ ਹਨੇਰ।

ਕੁਝ ਅਣਗੌਲੇ ਰਹਿ ਗਏ, ਏਸੇ ਕਰਕੇ ਫੇਰ।

ਮੈਂ ਕੂਕਾ ਹਾਂ ਆਖ ਕੇ, ਮਿਲੇ ਮੁਸੀਬਤ ਮੁੱਲ।

ਵਿੱਚ ਥਾਣਿਆਂ ਹਾਜ਼ਰੀ, ਭਰਦੇ ਕੂਕੇ ਕੁੱਲ।

ਗਿਣਤੀ ਵਿੱਚ ਨਾ ਇਸ ਤਰ੍ਹਾਂ, ਆਏ ਕਈ ਸ਼ਹੀਦ।

ਹੈ ਅੰਦਾਜ਼ਾ ਅਸਾਂ ਦਾ, ਪਾਠਕ ਕਰਨ ਤਾਈਦ।

* ਪੈਪਸੂ ਮੁਜਾਰਾ ਲਹਿਰ ਦੇ ਆਗੂ ਤੇ ਅਜ਼ਾਦੀ ਘੁਲਾਟੀਏ ਪ੍ਰਸਿੱਧ ਕਮਿਊਨਿਸਟ ਆਗੂ ਕਾ. ਜਗੀਰ ਸਿੰਘ ਜੋਗਾ ਦੇ ਦਾਦੇ ਦਾ ਭਰਾ। ਜੋਗਾ ਜੀ ਤੇ ਉਹਨਾਂ ਦਾ ਪਰਿਵਾਰ ਸਤਿਗੁਰੂ ਜਗਜੀਤ ਸਿੰਘ ਦੇ ਪਹਿਰੇ ਵਿੱਚ ਇਹਨਾਂ ਸ਼ਹੀਦਾਂ ਦਾ ਮੇਲਾ ਮਨਾਉਂਦੇ ਰਹੇ। ਸ਼ਹੀਦੀ ਗੇਟ ਬਣਿਆ ਹੈ।

## ਸ਼ਹੀਦਾਂ ਦੇ ਅਵਸ਼ੇਸ਼

ਕਿਸੇ ਸੰਭਾਲੇ ਰਾਤ ਨਾ, ਸਿੰਘਾਂ ਦੇ ਅਵਸ਼ੇਸ਼।

ਏਸ ਬਾਤ ਦਾ ਕੂਕਿਆਂ, ਹੋਇਆ ਬੜਾ ਕਲੇਸ਼।

ਓਧਰ ਸਤਿਗੁਰ ਜੀ ਦਾ, ਪਿਆ ਵਿਛੋੜਾ ਆਣ।

ਨਾਮਧਾਰੀਆਂ ਦੇ ਉਹ ਲੈ, ਗਏ ਨਾਲ ਪ੍ਰਾਣ।

ਕੌਣ ਸੰਭਾਲੇ ਕਿਸੇ ਨੂੰ, ਮਾਤਮ ਪਿਆ ਚੁਫੇਰਾ।

ਚੱਲਿਆ ਚੱਕਰ ਜ਼ੁਲਮ ਦਾ, ਮੱਚਿਆ ਬੜਾ ਹਨੇਰ।

ਕੂਕੇ ਕੀਤੇ ਬਿੱਲਿਆਂ, ਵਿੱਚ ਘਰਾਂ ਦੇ ਕੈਦ।

ਡੱਕੇ ਜੇਲ੍ਹਾਂ ਵਿੱਚ ਨੇ, ਫੜ੍ਹ ਕੇ ਕਈ ਅਵੈਧ।

ਕਰਦਾ ਕਿਰਿਆ ਕ੍ਰਮ ਕੌਣ, ਰਸਤੇ ਹੋਏ ਸੀਲ।

ਖੁੱਲ੍ਹੇ ਫਿਰਦੇ ਚਾਟੜੇ, ਦੇਂਦੇ ਉਲਟ ਦਲੀਲ।

ਰੱਕੜ ਅੰਦਰ ਘੱਲਿਆ, ਉਹਨਾਂ ਚੌਕੀਦਾਰ।

ਵਿਗੜੇ ਵਾਤਾਵਰਨ ਨਾ, ਦੇਵੇ ਥਾਨ ਸਵਾਰ।

ਉਹਨੇ ਓਸੇ ਥਾਂ ਕੋਲ, ਡਿੱਠਾ ਡੂੰਘਾ ਖੂਹ।

ਜਿਹੋ ਜਿਹੇ ਸਰੀਰ ਸਨ, ਉਸ ਵਿੱਚ ਸੁੱਟੇ ਧੂਹ।

ਚੁਣ ਚੁਣ ਹੱਡੀਆਂ ਬੋਟੀਆਂ, ਉਸ ਵਿੱਚ ਦਿੱਤੀਆਂ ਸੁੱਟ।

ਲੱਤ ਕਿਸੇ ਬਾਂਹ ਕਿਸੇ ਦੀ, ਮਰ ਕੇ ਵੀ ਇੱਕ ਜੁੱਟ।

ਉੱਤੋਂ ਮਿੱਟੀ ਪਾ ਕੇ, ਉਹਨੇ ਦਿੱਤਾ ਪੂਰ।

ਸਾਮਰਾਜ ਦਾ ਮੁੱਢ ਤੋਂ, ਹੈ ਐਸਾ ਦਸਤੂਰ।

ਛੋਟੇ ਸਾਹਿਬਜ਼ਾਦਿਆਂ, ਤੇ ਮਾਂ ਗੁਜਰੀ ਨਾਲ।

ਜ਼ੁਲਮ ਕਮਾਇਆ ਜ਼ਾਲਮਾਂ, ਦਹਿਸ਼ਤ ਬੜੀ ਵਖਾਲ।

ਅੰਦਰ ਹੰਸਾਂ ਨਦੀ ਦੇ, ਲਾਸ਼ਾਂ ਦਿੱਤੀਆਂ ਸੁੱਟ।

ਲੋਕੀਂ ਕਹਿਣ ਵਜੀਦ ਦੇ, ਚੱਲੇ ਕਰਮ ਨਿਖੁੱਟ।

ਪਿੱਛੋਂ ਟੋਡਰ ਮੱਲ ਨੇ, ਕੀਤਾ ਸੀ ਸਸਕਾਰ।

ਮੋਹਰਾਂ ਹੇਠ ਵਿਛਾ ਕੇ, ਦੇ ਜ਼ਾਲਮ ਸਰਕਾਰ।

ਤੇਗ ਬਹਾਦਰ ਗੁਰੂ ਜੀ, ਕੀਤੇ ਜਦੋਂ ਸ਼ਹੀਦ।

ਆਖਣ ਚੁੱਕੇ ਕੌਣ ਆ, ਪਹਿਰਾ ਦੇਣ ਪਲੀਦ।

ਬੰਦੇ ਨੂੰ ਵੀ ਮਾਰ ਕੇ, ਸੁੱਟਿਆ ਵਿੱਚ ਖਡੱਲ।



Sri Satguru Jagjit Singh Ji eLibrary NamdhariElibrary@gmail.com

ਲਾਹ ਦਿੱਤੀ ਤਬਰੇਜ਼ ਦੀ, ਪੁੱਠੀ ਇਹਨਾਂ ਖੱਲ।

ਮੁਗਲ ਕਾਲ ਦੇ ਵਿੱਚ ਵੀ, ਲਾਹ ਸਿੰਘਾਂ ਦੇ ਸੀਸ।

ਟੰਗ ਲਿਜਾਂਦੇ ਨੇਜਿਆਂ, ਜਾ ਲੈਂਦੇ ਬਖਸ਼ੀਸ਼।

ਬੁਰੀਆਂ ਪਾਉਣ ਹਕੂਮਤਾਂ, ਲੋਕਾਂ ਵਿੱਚ  ਤ੍ਰਾਸ।

ਜ਼ਾਲਮ ਕੋਲੋਂ ਸਦਾ ਹੀ, ਹੁੰਦੀ ਏਹੋ ਆਸ।

ਤੋਹਫਾ ਘੱਲਿਆ ਪਿਓ ਨੂੰ, ਦਾਰੇ ਦਾ ਸਿਰ ਵੱਢ।

ਕੁੱਤੇ ਛੱਡਣ ਬਾਗੀਆਂ, ਧਰਤੀ ਅੰਦਰ ਗੱਡ।

ਵੈਰੀ ਕਾਹਦਾ ਕਰੇ ਜੋ, ਮਿੱਤਰ ਵੱਤ ਵਿਹਾਰ।

ਹੁੰਦਾ ਉਹਨੂੰ ਆਪਣੀ, ਤਾਕਤ ਤੇ ਹੰਕਾਰ।

ਐਪਰ ਉਹ ਨਾ ਜਾਣਦਾ, ਇਹ ਦੁਨੀਆਂ ਦਿਨ ਚਾਰ।

ਵੱਡੇ ਵੱਡੇ ਏਸ ਥਾਂ, ਗਏ ਦਮਾਮੇ ਮਾਰ।

ਰੁਲੇ ਸਮੇਂ ਦੀ ਧੂੜ ਵਿੱਚ, ਲੱਭਿਆ ਨਹੀਂ ਫਨੂਸ।

ਹੋਰਾਂ ਦੇ ਘਰ ਸਾੜਦੇ, ਗਏ ਵਿਚਲੇ ਲੂਸ।

ਚੱਲੇ ਜ਼ੁਲਮ ਕਮਾ ਕੇ, ਲੈ ਫਿਟਕਾਰਾਂ ਨਾਲ।

ਜੀਣਾ ਲੋਕਾਂ ਦਾ ਸੀ, ਕੀਤਾ ਜਿੰਨਾ ਮੁਹਾਲ।

ਜਿਨ੍ਹਾਂ ਖੱਟੀਆਂ ਨੇਕੀਆਂ, ਯਾਦ ਰਹਿਣ ਇਨਸਾਨ।

"ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।"

## ਕਾਂਡ – ੧੯

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਵਨ

ਚੀਨੀ ਵਾਲੇ ਵਿੱਢਿਆ, ਆਜ਼ਾਦੀ ਸੰਗਰਾਮ।
ਅੱਖਰਿਆ ਅੰਗਰੇਜ਼ ਨੂੰ, ਕੂਕਾ ਪੰਥ ਤਮਾਮ।
ਭਾਵੇਂ ਸ਼ਾਂਤ ਮਈ ਸੀ, ਇਹਦਾ ਸਾਰਾ ਕਾਜ।
ਨਾਲ ਬੜੀ ਤਰਤੀਬ ਦੇ, ਵੱਡਾ ਤੁਰੇ ਮੁਹਾਜ।
ਨਵ ਚੇਤਨਤਾ ਦੇਣ ਤੇ, ਔਖੀ ਸੀ ਸਰਕਾਰ।
ਪਰ ਨਾ ਰੋਕਾਂ ਪਾਉਣ ਦਾ, ਬਣਦਾ ਕੋਈ ਅਧਾਰ।
ਬੁੱਚੜਖਾਨੇ ਖੋਹਲ ਕੇ, ਪਾਇਆ ਬੜਾ ਹਨੇਰ।
ਗੁਰਧਾਮਾਂ ਦੀ ਬੇਪਤੀ, ਬਿੱਲੇ ਕੀਤੀ ਢੇਰ।
ਇੱਕ ਕਿਸਮ ਦੀ ਅਣਖ ਤੇ, ਮਾਰੀ ਉਹਨਾਂ ਸੱਟ।
ਗੈਰਤ ਦਾ ਰੁੱਖ ਦੇਸ਼ ’ਚੋਂ, ਸਮਝੇ ਦਿੱਤਾ ਪੱਟ।
ਕੂਕੇ ਸੱਕੇ ਅਣਖ ਤੇ, ਇਹ ਨਾ ਚੋਟ ਸਹਾਰ।
ਗੁੱਸੇ ਅੰਦਰ ਆਣ ਕੇ, ਬੁੱਚੜ ਦਿੱਤੇ ਮਾਰ।
ਨੀਂਦ ਗੁਲਾਮੀ ਸੌਂ ਗਿਆ, ਬਾਕੀ ਸਾਰਾ ਦੇਸ਼।
ਐਪਰ ਅੰਦਰ ਕੂਕਿਆਂ, ਜਾਗੀ ਅਣਖ ਵਿਸ਼ੇਸ਼।
ਚੀਨੀ ਵਾਲੇ ਭਰੀ ਸੀ, ਜੋ ਗੈਰਤ ਦੀ ਅੱਗ।



Sri Satguru Jagjit Singh Ji eLibrary NamdhariElibrary@gmail.com

ਜ਼ੁਲਮ ਵੇਖ ਕੇ ਭੜਕ ਪਈ, ਗਈ ਅਵੱਲੀ ਲੱਗ।

ਸਤਿਗੁਰ ਜੀ ਦੇ ਕੂਕਿਆਂ, ਕਹੇ ਬਿਨਾਂ ਬੇ-ਸ਼ੱਕ।

ਕਾਰਜ ਕੀਤੇ ਧਰਮ ਦੇ, ਮਰਦਿਆਂ ਚੱਬਿਆ ਅੱਕ।

ਸੀ ਅੰਗਰੇਜ਼ ਉਡੀਕਦਾ, ਛੇੜਨ ਕੋਈ ਛੇੜ।

ਦੇਵਾਂ ਏਸ ਸੰਗਠਨ ਦੇ, ਸਾਰੇ ਪੇਚ ਉਧੇੜ।

ਮਿਲੇ ਬਹਾਨਾ ਜਰਾ ਵੀ, ਦਈਏ ਜੜ੍ਹੋਂ ਉਖਾੜ।

ਭਾਵੇਂ ਰਾਈ ਦਾ ਹੀ, ਕਰਨਾ ਪਏ ਪਹਾੜ।

ਸਜ਼ਾ ਦੁਆਈ ਮੌਤ ਦੀ, ਜਿਨ੍ਹਾਂ ਕੀਤਾ ਕਾਜ।

ਨਿਰਦੋਸ਼ਾਂ ਦਾ ਫੇਰ ਵੀ, ਕੀਤਾ ਨਹੀਂ ਲਿਹਾਜ।

ਉਹਨਾਂ ਸਤਿਗੁਰ ਜੀ ਤੇ, ਥੱਪਿਆ ਦੋਸ਼ ਅਕੱਥ।

ਆਇਆ ਸੀ ਅੰਗਰੇਜ਼ ਦੇ, ਮਸਾਂ ਬਹਾਨਾ ਹੱਥ।

ਮੌਕਾ ਦੇਵਾਂ ਜਾਣ ਕਿਉਂ, ਕੀਤੀ ਉਸ ਵੀਚਾਰ।

ਅੰਦਰ ਉਹਦੇ ਰੜਕਦੀ, ਬੜੀ ਪੁਰਾਣੀ ਖਾਰ।

ਏਸ ਤੂਫਾਨੀ ਲਹਿਰ ਨੇ, ਕੀਤੀ ਨੀਂਦ ਹਰਾਮ।

ਔਖਾ ਹੋਇਆ ਗੋਰਿਆਂ, ਬਹਿਣਾ ਨਾਲ ਅਰਾਮ।

ਤਿੰਨਾਂ ਬੁੱਚੜ ਸਾਕਿਆਂ, ਦਾ ਸਾਰਾ ਇਲਜ਼ਾਮ।

ਸਤਿਗੁਰ ਜੀ ਤੇ ਥੱਪ ਕੇ, ਦਿੱਤਾ ਆਣ ਪੈਗਾਮ।

ਆਖੇ ਕਰੋ ਬਗਾਵਤਾਂ, ਤੁਸੀਂ ਦੇਸ਼ ਵਿਚਕਾਰ।



. Sri Satguru Jagjit Singh Ji eLibrary NamdhariElibrary@gmail.com .

ਚਾਹੁੰਦੇ ਹੋ ਕੇ ਰਾਜ ਦੀ, ਲਈਏ ਸਾਂਭ ਮੁਹਾਰ।

ਬਦਅਮਨੀ ਫੈਲਾਉਣ ਦਾ, ਲਾ ਕੇ ਓਸ ਅਰੋਪ।

ਅਣਕੀਤੇ ਹੀ ਦੋਸ਼ ਕਈ, ਦਿੱਤੇ ਝਟਪਟ ਥੋਪ।

---o---

ਸਤਿਗੁਰ ਜੀ ਸਨ ਜਾਣਦੇ, ਪਹਿਲਾਂ ਸਾਰੀ ਬਾਤ।

ਬਣ ਸਕਦੇ ਨੇ ਕਦੇ ਵੀ, ਨਾਅਨਕੂਲ ਹਾਲਾਤ।

ਏਸੇ ਕਰਕੇ ਪਾਤਸ਼ਾਹ, ਪਹਿਲਾਂ ਵਕਤ ਪਛਾਣ।

ਸਤਿਗੁਰ ਹਰੀ ਸਿੰਘ ਨੂੰ, ਦੱਸੀ ਊਚ ਨਿਵਾਣ।

ਪਹਿਲਾਂ ਬਾਬਾ ਬੁੱਧ ਸਿੰਘ, ਉਹਨਾਂ ਦਾ ਸੀ ਨਾਮ।

ਕਿਰਤ ਕਮਾਈ ਧਰਮ ਦੀ, ਕਰਦੇ ਨਾਲ ਅਰਾਮ।

ਛੇ ਮਾਂਹ ਪਹਿਲਾਂ ਜਾਣ ਤੋਂ, ਮੋਢੇ ਹਲ ਟਿਕਾ।

ਵੇਖੇ ਤਰਫੋਂ ਖੇਤ ਦੇ, ਆਏ ਜੋਤਾ ਲਾ।

ਚੀਨੀ ਵਾਲੇ ਆਖਿਆ, ਰਸਤੇ ਦੇ ਵਿੱਚ ਰੋਕ।

ਨਜ਼ਰਾਂ ਕਰਕੇ ਪਾਰਖੂ, ਚਿਹਰੇ ਵੱਲ ਆਲੋਕ।

ਹਲ ਪਕੜ ਕੇ ਆਪ ਹੀ, ਦਿੱਤੀ ਪਾਸੇ ਰੱਖ।

ਆਖਣ ਅੱਗੋਂ ਬਦਲਣਾ, ਹੈ ਜੀਵਨ ਦਾ ਪੱਖ।

ਲੰਗਰ ਵਿੱਚੋਂ ਅੱਜ ਤੋਂ, ਛਕਣਾ ਹੈ ਪ੍ਰਸ਼ਾਦ।

ਮੇਰੀ ਪੰਥਕ ਕਾਰਜਾਂ, ਵਿੱਚ ਕਰੋ ਇਮਦਾਦ।

ਸੇਵ ਸੰਭਾਲੋ ਸੰਗਤਾਂ, ਛੱਡੋ ਕਾਰ ਵਿਹਾਰ।

ਦੁਨੀਆਂਦਾਰੀ ਵਾਲੜੇ, ਧੰਦੇ ਦਿਓ ਵਿਸਾਰ।

ਦੋਹਾਂ ਦੀਆਂ ਪਤਨੀਆਂ, ਗਈਆਂ ਸਵਰਗ ਸਿਧਾਰ।

ਪੁੱਤਰ ਨਹੀਂ ਹੈ ਕਿਸੇ ਦਾ, ਮੇਰੇ ਸੁਣੋ ਵਿਚਾਰ।

ਮੇਰਾ ਵਿੱਚ ਵਿਦੇਸ਼ ਦੇ, ਜਾਣਾ ਜਾਣ ਅਟੱਲ।

ਕਾਰਜ ਸਾਧੀਂ ਕੁੱਲ ਤੂੰ, ਬੈਠੀਂ ਡੇਰਾ ਮੱਲ।

ਆਵਣ ਵਾਲੇ ਸਮੇਂ ਦਾ, ਦੂਰ ਦਰਸ਼ਤਾ ਨਾਲ।

ਹਿਤ ਸਾਧਿਆ ਪੰਥ ਦਾ, ਕਰਕੇ ਨੇਕ ਖਿਆਲ।

ਔਖੇ ਵੇਲੇ ਵਿੱਚ ਜਿਸ, ਧੀਰਜ ਦੀ ਸੀ ਲੋੜ।

ਭਾਈ ਬੁੱਧ ਸਿੰਘ ਵਿੱਚ, ਉਹ ਸ਼ਕਤੀ ਬੇ-ਜੋੜ।

ਏਸੇ ਕਰਕੇ ਸਤਿਗੁਰਾਂ, ਪੰਥਕ ਕਾਰਜ ਹੇਤ।

ਜਿੰਮੇਵਾਰੀ ਸੌਂਪ ਕੇ, ਦਿੱਤਾ ਕਰ ਸੁਚੇਤ।

---o---

ਸਤਿਗੁਰ ਜੀ ਨੂੰ ਸੱਦਿਆ, ਕਾਵਨ ਜਦੋਂ ਮਲੌਦ।

ਆਖਣ ਲੱਗਾ ਆਣ ਕੇ, ਡਾਢੇ ਵਿਚ ਕਰੋਧ।

ਬਾਬਾ ਸਾਹਿਬ ਆਪ ਨੇ, ਸਿੱਖਾਂ ਨੂੰ ਉਕਸਾ।

ਰਾਜ ਅਸਾਡਾ ਖੋਹਣ ਦੀ, ਲੀਤੀ ਬਣਤ ਬਣਾ।

ਪਰ ਤਾਕਤ ਅੰਗਰੇਜ਼ ਦੀ, ਤੁਸੀਂ ਨਾ ਸੱਕੇ ਜਾਣ।

ਤੁਸੀਂ ਹਿਲਾ ਨਾ ਸੱਕਦੇ, ਸਾਰਾ ਲਾ ਕੇ ਤਾਣ।

ਸੂਰਜ ਚੜ੍ਹਦੇ ਤੋਂ ਲੈ, ਸੂਰਜ ਲਹਿੰਦੇ ਤੀਕ।

ਰਾਜ ਅਸਾਡਾ ਫੈਲਿਆ, ਦੇਸ਼ ਦੇਸਾਂਤਰ ਠੀਕ।

ਸਾਮਰਾਜ ਅੰਗਰੇਜ਼ ਦਾ, ਵੱਡਾ ਜਾਣ ਪਹਾੜ।

ਤੇਰੇ ਮੁੱਠੀ ਭਰ ਨਾ, ਸੱਕਣ ਸਿੱਖ ਉਖਾੜ।

ਚੀਨੀ ਵਾਲੇ ਆਖਿਆ, ਚੰਗਾ ਨਾ ਹੰਕਾਰ।

ਸਦੀਆਂ ਦੇ ਇਤਿਹਾਸ, ਤੇ ਵੇਖੋ ਝਾਤੀ ਮਾਰ।

ਕਿੰਨੇ ਆਏ ਚੁੱਕ ਕੇ, ਸਿਰੀਂ ਜ਼ੁਲਮ ਦੀ ਪੰਡ।

ਰੋਲੇ ਏਦਾਂ ਵਕਤ ਨੇ, ਜਿਓਂ ਮਿੱਟੀ ਵਿੱਚ ਖੰਡ।

ਢਲੇ ਕਾਲ ਦੇ ਸਾਹਮਣੇ, ਜਿਉਂ ਅਗਨੀ ਤੇ ਮੋਮ।

ਦੱਸ ਮੁਗਲੀਆ ਸਲਤਨਤ, ਦਾ ਲੱਭਦਾ ਏ ਰੋਮ?

ਵੱਡੇ ਕੈਰੋਂ ਸੂਰਮੇ, ਕਿੱਥੇ ਨੇ ਉਹ ਦੱਸ?

ਮੂੰਹ ਕਾਲ ਨੇ ਅੱਡ ਕੇ, ਲੀਤੇ ਸਭ ਗ੍ਰੱਸ।

ਸ਼ਾਹ ਸਿਕੰਦਰ ਜੱਗ ਦਾ, ਜੇਤੂ ਕਹਿਣ ਮਹਾਨ।

ਵਾਂਗ ਫੂਸ ਦੇ ਉੱਡਿਆ, ਲੱਭਦਾ ਨਹੀਂ ਨਿਸ਼ਾਨ।

ਉਹ ਲੰਕਾ ਗੜ੍ਹ ਕਨਕ ਦਾ, ਉਹ ਰਾਵਨ ਦਾ ਰਾਜ।

ਡੁੱਬ ਗਿਆ ਜਿਉਂ ਡੁੱਬਦਾ, ਸਿੰਧੂ ਵਿੱਚ ਜਹਾਜ਼।

ਕਿਹੜੀ ਤਾਕਤ ਦਾ ਤੂੰ, ਕਰਦਾ ਹੈਂ ਹੰਕਾਰ।

ਤੇਰੇ ਜਿਹੇ ਅਨੇਕ ਹੀ, ਲੀਤੇ ਕਾਲ ਡਕਾਰ।

ਆਏ ਗੌਰੀ ਗਜ਼ਨਵੀ, ਕਰਦੇ ਕਤਲੇਆਮ।

ਸੁੱਤੇ ਲੰਮੀਆਂ ਤਾਣ ਕੇ, ਲੈ ਸਿਰ ਤੇ ਇਲਜ਼ਾਮ।

ਦੱਸ ਕਿੱਥੇ ਨਮੂਰਦ ਹੈ, ਦੱਸ ਕਿੱਥੇ ਫਰਿਓਨ?

ਵਾਂਗਰ ਸੁੱਕੇ ਕੱਖ ਦੇ, ਖੜੇ ਉਡਾ ਕੇ ਪੌਣ।

ਹਲਾਕੂ ਚੰਗੇਜ਼ ਖਾਂ, ਵਰਗੇ ਕਈ ਡਕੈਤ।

ਲੁੱਟ ਲਏ ਸਭ ਕਾਲ ਨੇ, ਕੀਤੀ ਨਹੀਂ ਰਿਆਇਤ।

ਤੂੰ ਮੂਲੀ ਕਿਸ ਬਾਗ ਦੀ, ਬੜਾ ਕਾਲ ਦਾ ਪੇਟ।

ਪੁੱਟਣ ਦੇਂਦਾ ਹੁੱਤ ਨਾ, ਲੈਂਦਾ ਜਦੋਂ ਵਲੇਟ।

ਜਿਹੜੇ ਤੁਸੀ ਨਿਆਂ ਦਾ, ਰਹੇ ਢੰਡੋਰਾ ਪਿੱਟ।

ਇਹਦੇ ਵਿੱਚ ਸਚਾਈ ਦੀ, ਦਿਸੇ ਨਾ ਮਾਤਰ ਛਿੱਟ।

ਗੁਰਮੁਖ ਸਿੰਘ ਦੇ ਸਾਹਮਣੇ, ਬੈਲ ਕੁਹਾਇਆ ਸਾਫ਼।

ਦੱਸ ਹਕੂਮਤ ਏਸ ਨੇ, ਕੀ ਕੀਤਾ ਇਨਸਾਫ਼।

ਪੱਖ ਪਾਤ ਦੇ ਬਿਨਾ ਨਾ, ਕਾਰਜ ਕੋਈ ਹੋਰ।

ਚੋਰ ਬਣਾਵੇਂ ਸਾਧ ਤੂੰ, ਸਾਧ ਬਣਾਵੇਂ ਚੋਰ।

ਅੱਗੋਂ ਉਹਨੂੰ ਸੁੱਝਿਆ ਨਾ, ਉਪ ਯੁਕਤ ਜਵਾਬ।

ਸੁਣ ਕੇ ਗੱਲਾਂ ਸੱਚੀਆਂ, ਹੋਇਆ ਭੁੱਜ ਕਬਾਬ।
ਲੜ ਕਾਵਨ ਖਿਸਕਾ ਗਿਆ, ਸੁਣ ਕੇ ਏਨੀ ਗੱਲ।
ਹੁਣ ਜਾਵੋ ਫਿਰ ਸੱਦੀਏ, ਜਲਦ ਸੁਨੇਹਾ ਘੱਲ।

---o---

ਓਥੋਂ ਸਤਿਗੁਰ ਚੱਲ ਕੇ, ਪਹੁੰਚੇ ਆਣ ਸਿਆੜ੍ਹ।
ਹੈ ਮਲੇਰ ਕੋਟਲਾ ਜਿਸ, ਤੋਂ ਵੱਲ ਪਹਾੜ।
ਭਾਈ ਬੇਲਾ ਸਿੰਘ ਦੇ, ਘਰ ਕੀਤਾ ਵਿਸ਼ਰਾਮ।
ਰਾਤ ਗੁਜ਼ਾਰੀ ਏਸ ਥਾਂ, ਤੀਕਰ ਅਗਲੀ ਸ਼ਾਮ।
ਦਿਨ ਸਤਾਰਾਂ ਜਨਵਰੀ, ਦਾ ਡਾਢਾ ਮਨਹੂਸ।
ਕਾਵਨ ਕਹੇ ਉਡਾ ਦਿਆਂ, ਕੂਕੇ ਵਾਂਗਰ ਫੂਸ।
ਏਥੇ ਆ ਕੇ ਸੌਣ ਸਿੰਘ*, ਦੱਸੀ ਸਾਰੀ ਬਾਤ।
ਓਸ ਵਕਤ ਜੋ ਵੇਖ ਕੇ, ਆਇਆ ਸੀ ਹਾਲਾਤ।
ਹੀਰਾ ਸਿੰਘ ਨੇ ਭੇਜਿਆ, ਸੀ ਸਤਿਗੁਰ ਜੀ ਪਾਸ।
ਕਿਵੇਂ ਸ਼ਹੀਦੀ ਪਾਉਣ ਨੂੰ, ਚੱਲੇ ਨਾਲ ਹੁਲਾਸ।
ਏਥੇ ਹੀ ਸਨ ਸ਼ਾਮ ਦੇ, ਵੱਜ ਗਏ ਜਾਂ ਪੰਜ।
ਲਾੜੀ ਮੌਤ ਵਿਆਹੁਣ ਜਾਂ, ਚੜ੍ਹੀ ਸ਼ਹੀਦੀ ਜੰਞ।
ਹੋਈ ਪਹਿਲੀ ਵਾਰ ਜਾਂ, ਤੋਪਾਂ ਦੀ ਗੜਗੱਜ।


Sri Satguru Jagjit Singh Ji eLibrary NamdhariElibrary@gmail.com

ਆਦਮ ਖਾਣੀ ਡੈਣ ਜਿਓਂ, ਹੱਸੇ ਵਾਂਗ ਨਿਲੱਜ।

ਆਈ ਵਿੱਚ ਸਿਆੜ੍ਹ ਦੇ, ਉਸ ਦੀ ਸਾਫ਼ ਅਵਾਜ਼।

ਉੱਡ ਕੇ ਪਹਿਲਾ ਪੂਰ ਜਾਂ, ਚੜ੍ਹਿਆ ਧਰਮ ਜਹਾਜ਼।

ਚੀਨੀ ਵਾਲੇ ਆਖਿਆ, ਕਾਹਨ ਸਿੰਘ ਨੂੰ ਬੋਲ।

ਤੋਪਾਂ ਚੱਲਣ ਦੀ ਹੈ, ਇਹ ਅਵਾਜ਼ ਅਡੋਲ।

ਕਾਹਨ ਸਿੰਘ ਨੇ ਆਖਿਆ, ਹਾਂ ਮੇਰੀ ਸਰਕਾਰ।

ਤੋਪਾਂ ਵਾਲੀ ਗੂੰਜ ਇਹ, ਲੱਗਦੀ ਹੈ ਭਰਮਾਰ।

ਸਤਿਗੁਰ ਜੀ ਨੇ ਆਖਿਆ, ਹੈ ਇਹੋ ਹੀ ਠੀਕ।

ਹਾਂ ਬੜੀ ਭਰਮਾਰ ਹੈ, ਇਹ ਤੋਪਾਂ ਦੀ ਚੀਕ।

ਚੰਗਾ ਹੋਇਆ ਚੜ੍ਹ ਗਏ, ਕਰਕੇ ਧਰਮੀ ਕਾਜ।

ਬੇ-ਵਿਸ਼ਵਾਸੇ ਹੋ ਕੇ, ਨਹੀਂ ਲਵਾਈ ਲਾਜ।

ਮੁੱਖੋਂ ਬਚਨ ਉਚਾਰਿਆ, ਦੋ ਸ਼ਸ਼ਤਰ ਨੇ ਮੂਲ।

ਪਹਿਲਾਂ ਜਾਣੋ ਨਿਮਰਤਾ, ਦੂਜਾ ਹੋਰ ਅਸੂਲ।

ਜੋ ਕੁਝ ਆਏ ਹੱਥ ਵਿੱਚ, ਮੌਕੇ ਤੇ ਹਥਿਆਰ।

ਭਾਵੇਂ ਛਿੱਤਰ ਲਾਹ ਕੇ, ਕਰਨਾ ਪੈ ਜਾਏ ਵਾਰ।

ਪਰ ਸੂਰੇ ਦਾ ਧਰਮ ਹੈ, ਪਿੱਛੇ ਮੁੜੇ ਨਾ ਮੂਲ।

ਰਣ ਵਿਚ ਕੰਡ ਦਿਖਾਵਣੀ, ਹੈ ਕਾਰਜ ਨਿਰਮੂਲ।

ਸਿਰ ਜਾਣੇ ਤੇ ਜਾਣ ਦਏ, ਮਾਰੇ ਪਿਛਾਂਹ ਨਾ ਝਾਤ।

ਝੁਕ ਜਾਣਾ ਨਿਰਮਾਣ ਹੋ, ਐਪਰ ਵੱਡੀ ਬਾਤ।

ਤੋਪਾਂ ਦੀ ਗੜਗੱਜ ਸੁਣ, ਪੜ੍ਹਦੇ ਬਾਰੰਬਾਰ।

ਸਵੈਯਾ ਸ੍ਰੀ ਦਸਮੇਸ਼ ਦਾ, ਉੱਚੀ ਕਹਿਣ ਉਚਾਰ।

"ਦੇਹ ਸਿਵਾ ਬਰ ਮੋਹਿ ਇਹੈ

ਸੁਭ ਕਰਮਨ ਤੇ ਕਬਹੂੰ ਨਾ ਟਰੋਂ॥

ਨਾ ਡਰੋਂ ਅਰ ਸੋ ਜਬ ਜਾਇ ਲਰੋ

ਨਿਸਚੈ ਕਰਿ ਅਪਨੀ ਜੀਤ ਕਰੋਂ॥"

---o---

ਦਿੱਲੀਓਂ ਤੁਰਦਿਆਂ ਫੋਰਸਿਥ, ਨੂੰ ਦਿੱਤਾ ਆਦੇਸ਼।

ਆਪ ਗਵਰਨਰ ਸਾਹਬ ਨੇ, ਪੱਕੀ ਤਰ੍ਹਾਂ ਵਿਸ਼ੇਸ਼।

ਰਾਮ ਸਿੰਘ ਤੇ ਓਸ ਦੇ, ਜੋ ਜੋ ਸੂਬੇ ਖਾਸ।

ਵਿੱਚ ਹਿਰਾਸਤ ਲੈ ਕੇ, ਭੇਜੋ ਮੇਰੇ ਪਾਸ।

ਹੁਕਮ ਚੜ੍ਹਾਇਆ ਫੋਰਸਿਥ, ਆ ਕੇ ਸਾਹਨੇਵਾਲ।

ਆਖੇ ਮੇਰੇ ਕਹੇ ਤੇ, ਅਮਲ ਕਰੋ ਤਤਕਾਲ।

ਗੁਰੂ ਰਾਮ ਸਿੰਘ ਪਕੜ ਕੇ, ਸੂਬੇ ਮੁਖੀ ਸਮੇਤ।

ਲੁਧੇਆਣੇ ਅਪੜੋ, ਹੋ ਕੇ ਜਰਾ ਸੁਚੇਤ।

ਪਰ ਕਾਵਨ ਨੇ ਗੁਰੂ ਜੀ, ਭੇਜੇ ਭੈਣੀ ਸਾਹਿਬ।



Sri Satguru Jagjit Singh Ji eLibrary NamdhariElibrary@gmail.com

ਵੇਖ ਕਮਿਸ਼ਨਰ ਸੋਚਿਆ, ਹੋਇਆ ਕੰਮ ਖ਼ਰਾਬ।

ਕਿਉਂਕਿ ਬਾਦ ਦੁਪਹਿਰ ਵੀ, ਪਹੁੰਚਾ ਕੋਈ ਨਾ ਆਣ।

ਏਸ ਬਾਤ ਤੋਂ ਫੋਰਸਿਥ, ਐਪਰ ਸੀ ਅਨਜਾਣ।

ਭੈਣੀ ਸਾਹਿਬ ਮਲੌਦ ਤੋਂ, ਬਿਨ ਕੀਤੇ ਪੜਤਾਲ।

ਵਾਪਸ ਸਤਿਗੁਰ ਜੀ ਨੂੰ, ਤੋਰ ਦਿੱਤਾ ਤਤਕਾਲ।

ਇਹ ਸੋਚ ਕੇ ਫੋਰਸਿਥ ਨੂੰ, ਹੋਈ ਘਬਰਾਹਟ।

ਮਸਤਕ ਸੋਚਾਂ ਘੇਰਿਆ, ਉੱਠੀ ਚਿੰਤਾ ਲਾਟ।

ਡੀ. ਆਈ. ਜੀ. ਪੁਲਿਸ, ਕਰਨਲ ਬੇਲੀ ਵੱਲ।

ਲਿਖ ਕੇ ਹੁਕਮ ਤਾਕੀਦ ਕਰ, ਚਿੱਠੀ ਦਿੱਤੀ ਘੱਲ।

ਲਿਖਿਆ ਓਸ ਪੁਲਿਸ ਦੇ, ਨਾਲ ਜੋੜ ਕੇ ਫੌਜ।

ਗੁਰੂ ਰਾਮ ਸਿੰਘ ਜੀ ਨੂੰ, ਜਲਦ ਲਿਆਓ ਖੋਜ।

ਸੂਬੇ ਸਾਰੇ ਪਕੜ ਕੇ, ਬੰਨ੍ਹ ਲਿਆਉਣੇ ਨਾਲ।

ਲੁਧੇਆਣੇ ਪਹੁੰਚਦੇ ਹੁਣੇ, ਕਰੋ ਹਰ ਹਾਲ।

ਖੋਹ ਲੈਣੇ ਹਰ ਤਰ੍ਹਾਂ ਦੇ, ਉਹਨਾਂ ਤੋਂ ਹਥਿਆਰ।

ਪੱਤਰ ਦਸਤਾਵੇਜ਼ ਸਭ, ਲੱਭਣੇ ਛਾਪਾ ਮਾਰ।

ਲੈਣੀ ਭੈਣੀ ਸਾਹਿਬ ਦੀ, ਕੁੱਲ ਤਲਾਸ਼ੀ ਫੋਲ।

ਸ਼ੰਕਾ ਭਰੀ ਸਮੱਗਰੀ, ਸਭ ਲਿਆਉਣੀ ਟੋਲ।

ਕੂਕੇ ਕਰਨ ਮੁਕਾਬਲਾ, ਜੇ ਕਰ ਕਰਕੇ ਜੋਰ।



. Sri Satguru Jagjit Singh Ji eLibrary NamdhariElibrary@gmail.com .

ਗੋਰਖਿਆਂ ਦੀ ਕੰਪਨੀ, ਫੇਰ ਮੰਗਾਉਣੀ ਹੋਰ।

ਛੇਤੀ ਕਰ ਗ੍ਰਿਫਤਾਰੀਆਂ, ਬੰਦੀ ਲਵੋ ਬਣਾ।

ਮੇਰੇ ਤੀਕਰ ਜਲਦ ਹੀ, ਭੇਜ ਦਿਓ ਇਤਲਾਹ।

ਫੌਜੀ ਦਸਤਾ ਕਰ ਦਿਓ, ਭੈਣੀ ਵਿੱਚ ਤੈਨਾਤ।

ਓਥੇ ਟਿਕਿਆ ਰਹੇ ਉਹ, ਤੀਕਰ ਅਗਲੀ ਬਾਤ।

ਕਰਨਲ ਬੇਲੀ ਦੌੜਿਆ, ਹੋ ਡਾਢਾ ਹੁਸ਼ਿਆਰ।

ਨਾਲ ਰਲਾਏ ਉਸ ਨੇ, ਪੱਚੀ ਘੋੜ ਸਵਾਰ।

ਉਹਨਾਂ ਵੱਲ ਮਲੌਂਦ ਦੇ, ਓਥੋਂ ਕੀਤਾ ਕੂਚ।

ਚੜ੍ਹਿਆ ਖਾਸ ਮੁਹਿੰਮ ਤੇ, ਵੇਖੇ ਨੀਚ ਨਾ ਊਚ।

ਜਦ ਉਹ ਡੇਹਲੋਂ ਅਪੜੇ, ਮਿਲੀ ਸੂਚਨਾ ਹੋਰ।

ਅੱਗੋਂ ਸੁਣ ਕੇ ਖਬਰ ਇਹ, ਬਦਲ ਲਈ ਨੇ ਤੋਰ।

ਸਤਿਗੁਰ ਭੈਣੀ ਸਾਹਿਬ ਨੂੰ, ਗਏ ਸਾਥੀਆਂ ਨਾਲ।

ਛੇਤੀ ਛੇਤੀ ਜਾ ਕੇ, ਘੇਰ ਲਵੋ ਤਤਕਾਲ।

ਪਹੁੰਚਾ ਸਾਹਨੇਵਾਲ ਉਹ, ਬੜੀ ਸ਼ਤਾਬੀ ਨਾਲ।

ਓਥੇ ਜਾ ਕੇ ਜਾਣਿਆ, ਉਹਨੇ ਅਗਲਾ ਹਾਲ।

ਡਿਪਟੀ ਇੰਸਪੈਕਟਰ, ਲੈ ਗਾਰਦਾਂ ਸੰਗ।

ਪਹੁੰਚਾ ਭੈਣੀ ਸਾਹਿਬ ਜਾ, ਤਿੱਖਾ ਕਰਕੇ ਡੰਗ।

ਸ਼ਾਹ ਵਲੀ ਖਾਂ ਨਾਲ ਹੈ, ਦੂਜਾ ਸਿੰਘ ਗੁਲਾਬ।



Sri Satguru Jagjit Singh Ji eLibrary NamdhariElibrary@gmail.com

ਪੱਚੀ ਨਾਲ ਜੁਆਨ ਲੈ, ਅੱਪੜ ਗਏ ਸ਼ਤਾਬ।

ਮਿਸਟਰ ਬੇਲੀ ਠਹਿਰਿਆ, ਐਪਰ ਸਾਹਨੇਵਾਲ।

ਓਥੇ ਬੈਠ ਵੀਚਾਰਦਾ, ਹੋਰ ਸਮੇਂ ਦੀ ਚਾਲ।

ਸ਼ਾਹ ਵਲੀ ਨੇ ਆਣ ਕੇ, ਦੱਸੀ ਸਾਰੀ ਗੱਲ।

ਆਖਣ ਲੱਗਾ ਹੋ ਗਿਆ, ਸਾਰਾ ਮਸਲਾ ਹੱਲ।

ਰਾਮ ਸਿੰਘ ਸਤਿਗੁਰੂ, ਤੇ ਸੂਬੇ ਸੇਵਕ ਚਾਰ।

ਲੈ ਕੇ ਗਿਆ ਗੁਲਾਬ ਸਿੰਘ, ਕਰ ਗੱਡੇ ਅਸਵਾਰ।

---o---

ਚੱਲੇ ਜਦੋਂ ਸਿਆੜ੍ਹ ਤੋਂ, ਸਤਿਗੁਰ ਭੈਣੀ ਵੱਲ।

ਪਾ ਕੇ ਸੂਹ ਪੁਲੀਸ ਵੀ, ਪਿੱਛੇ ਆਈ ਚੱਲ।

ਘੋੜਿਆਂ ਉੱਤੋਂ ਉੱਤਰੇ, ਹੈ ਸਨ ਅਜੇ ਸਵਾਰ।

ਹੁਕਮ ਸੁਣਾਇਆ ਆਣਕੇ, ਓਥੇ ਥਾਣੇਦਾਰ।

ਕਹੇ ਕਮਿਸ਼ਨਰ ਸਾਹਿਬ, ਨੇ ਸੱਦਿਆ ਹੈ ਤਤਕਾਲ।

ਲੁਧੇਆਣੇ ਅੱਪੜੋ, ਸੂਬੇ ਲੈ ਕੇ ਨਾਲ।

ਹੋ ਰਿਹਾ ਸੀ ਜਿਸ ਵਕਤ, ਇਹ ਵਾਰਤਾਲਾਪ।

ਹੋਇਆ ਸੁਣ ਕੇ ਸੰਗਤਾਂ, ਨੂੰ ਬਹੁਤਾ ਸੰਤਾਪ।

ਭਾਈ ਬੁੱਧ ਸਿੰਘ ਜੀ, ਆਣ ਖੜ੍ਹੇ ਹੱਥ ਜੋੜ।



Sri Satguru Jagjit Singh Ji eLibrary NamdhariElibrary@gmail.com

ਅਜੇ ਆਪ ਦੀ ਏਸ ਥਾਂ, ਆਖਣ ਬਹੁਤੀ ਲੋੜ।

ਮੈਂ ਤੁਹਾਡੀ ਥਾਂ ਤੇ, ਹੋ ਜਾਵਾਂਗਾ ਪੇਸ਼।

ਤੁਸੀਂ ਰਹੋ ਵਿੱਚ ਸੰਗਤਾਂ, ਕਰਦੇ ਕਾਜ ਵਿਸ਼ੇਸ਼।

ਲੈ ਲਵਾਂਗਾ ਆਪਣੇ, ਸਿਰ ਸਾਰਾ ਇਲਜ਼ਾਮ।

ਕਰ ਲਵਾਂ ਇਕਬਾਲ ਮੈਂ, ਇਹ ਅਪਰਾਧ ਤਮਾਮ।

ਤੋਰੋ ਦੇ ਅਸ਼ੀਰਵਾਦ, ਮੈਂ ਭੁਗਤਾਂਗਾ ਕੈਦ।

ਤੁਸੀਂ ਕਰੋ ਨਾ ਸੰਗਤਾਂ, ਤਾਈਂ ਨਾ-ਉਮੈਦ।

ਸਰਬ ਕਲਾ ਸਮਰਥ ਹੋ, ਮੈਂ ਬੰਦਾ ਨਾ ਚੀਜ਼।

ਹੋਰ ਉਗਾਓ ਧਰਮ ਦਾ, ਧਰਤੀ ਅੰਦਰ ਬੀਜ।

ਹੈ ਤੁਹਾਡੇ ਆਸਰੇ, ਸਿੱਖ ਪੰਥ ਦਾ ਬਾਗ।

ਹੋ ਜਾਣਗੇ ਏਸ ਦੇ, ਏਦਾਂ ਮੰਦੇ ਭਾਗ।

ਤੁਸੀਂ ਤਾਰਿਓ ਸੰਗਤਾਂ, ਦੇ ਦੇ ਕੇ ਉਪਦੇਸ਼।

ਮੇਰੇ ਜਾਵਣ ਨਾਲ ਨਾ, ਪੈਣਾ ਫ਼ਰਕ ਵਿਸ਼ੇਸ਼।

ਹੈ ਤੁਹਾਡੀ ਅਜੇ ਤਾਂ, ਦੇਸ਼ ਕੌਮ ਨੂੰ ਲੋੜ।

ਪੈ ਜਾਵੇਗਾ ਤੁਸਾਂ ਦੇ, ਜਾਇਆਂ ਵੱਡਾ ਬੋੜ।

ਕ੍ਰਿਪਾ ਕਰਕੇ ਆਗਿਆ, ਦੇਵੋ ਦੀਨਾ ਨਾਥ।

ਤੁਸੀਂ ਨਾ ਛੱਡੋ ਪੰਥ ਦਾ, ਕਿਸੇ ਵਕਤ ਵੀ ਸਾਥ।

ਐਪਰ ਅੱਗੋਂ ਗੁਰੂ ਜੀ, ਕਰ ਦਿੱਤਾ ਇਨਕਾਰ।

ਆਖਣ ਲੱਗੇ ਇਸ ਤਰ੍ਹਾਂ, ਹੀ ਤੁਰਨੀ ਹੈ ਕਾਰ।

ਫਿਰ ਕਿਹਾ ਨੇ ਜਲਦ ਹੀ, ਘੋੜੇ ਕਰੋ ਤਿਆਰ।

ਐਪਰ ਪਿੱਛੋਂ ਆਪ ਹੀ, ਦਿੱਤਾ ਬਦਲ ਵੀਚਾਰ।

ਘੋੜੇ ਥੱਕੇ ਹੋਏ ਨੇ, ਗੱਡਾ ਲਈਏ ਜੋੜ।

ਮੁੱਖੋਂ ਬੋਲੇ ਸਮੇਂ ਦੀ, ਏਹੋ ਹੀ ਹੈ ਲੋੜ।

ਤੂੰ ਭਾਈ ਗੁਰਦਿੱਤ ਸਿੰਘ, ਗੱਡਾ ਕਰੀਂ ਤਿਆਰ।

ਤੰਬੂ ਵਾਂਗੂ ਕਰ ਲਈਂ, ਲਾ ਪੁਖਲੀਆਂ ਚਾਰ।

ਲੈ ਆਇਆ ਗੁਰਦਿੱਤ ਸਿੰਘ, ਕਰਕੇ ਗੱਡਾ ਤਿਆਰ।

ਬੈਠ ਗਏ ਸਤਿਗੁਰੂ ਜੀ, ਹੋ ਛੇਤੀ ਅਸਵਾਰ।

ਕਾਲੀ ਕਮਲੀ ਓਢ ਕੇ, ਸਸੀਆ* ਬੱਧੀ ਸੀਸ।

ਜਿਉਂ ਗੋਕਲ ਨੂੰ ਛੱਡਿਆ, ਕਹਿਣ ਕਾਹਨ ਜਗਦੀਸ਼।

ਛੱਡ ਕੇ ਜਿਵੇਂ ਅਯੁੱਧਿਆ, ਰਾਮ ਲਿਆ ਬਨਵਾਸ।

ਦੇ ਅਯੁੱਧਿਆ ਵਾਸੀਆਂ ਨੂੰ, ਧੀਰਜ ਧਰਵਾਸ।

ਦਸ਼ਰਥ ਵਾਗੂੰ ਪਿਤਾ ਦਾ, ਚੱਲੇ ਸਾਥ ਵਿਛੋੜ।

ਭਾਈ ਵਾਂਗਰ ਭਰਥ ਦੇ, ਵੇਖ ਖੜ੍ਹਾ ਹੱਥ ਜੋੜ।

ਵਿੱਚ ਅਯੁੱਧਿਆ ਪੁਰੀ ਦੇ, ਜਿਵੇਂ ਪਿਆ ਕੁਰਲਾਹਟ।

ਓਵੇਂ ਭੈਣੀ ਅੰਦਰੋਂ, ਉੱਠੀ ਬ੍ਰਿਹਾ ਲਾਟ।

ਕਾਂਗ ਗ਼ਮਾਂ ਦੀ ਘੇਰਿਆ, ਛੁੱਟਾ ਆਣ ਵੈਰਾਗ।

ਆਖਣ ਕੂਕੇ ਚੀਕਦੇ, ਮੱਥਿਓਂ ਫੁੱਟੇ ਭਾਗ।

ਭੈਣੀ ਜਿਸ ਦੇ ਆਸਰੇ, ਆ ਆ ਮੁੜਦੇ ਭੌਣ।

ਦਿਲ ਦਾ ਜਾਨੀ ਤੁਰ ਗਿਆ, ਆਣ ਵਰਾਵੇ ਕੌਣ।

ਭਾਵੇਂ ਚੀਨੀ ਵਾਲੜੇ, ਇਹ ਦਿੱਤਾ ਸੰਦੇਸ਼।

ਆਇਆ ਹੁਕਮ ਅਕਾਲ ਦਾ, ਮੈਂ ਜਾਣਾ ਪ੍ਰਦੇਸ਼।

ਜਾਵੋ ਸਾਰੇ ਘਰਾਂ ਨੂੰ, ਏਥੇ ਰਹੋ ਨਾ ਮੂਲ।

ਏਥੇ ਵਾਤਾਵਰਨ ਹੁਣ, ਰਹਿਣਾ ਨਾ ਅਨੁਕੂਲ।

ਜੋ ਏਥੇ ਰਹਿ ਜਾਣਗੇ, ਦੁੱਖ ਉਠਾਵਣ ਢੇਰ।

ਏਥੇ ਹੁਣ ਅੰਗਰੇਜ਼ ਨੇ, ਢਾਹੁਣਾ ਜ਼ੁਲਮ ਹਨੇਰ।

ਕੋਲ ਖਲੋ ਖਰਾਸ ਦੇ, ਆਖਣ ਸਮਝੋ ਬਾਤ।

ਹੁਣ ਨਾ ਰਹਿਣੇ ਏਸ ਥਾਂ, ਪਹਿਲਾਂ ਜਿਹੇ ਹਾਲਾਤ।

ਏਥੋਂ ਅੱਗੇ ਪੁੱਟਣਾ, ਤੁਸੀਂ ਨਹੀਂ ਹੁਣ ਪੈਰ।

ਮੇਰੇ ਮਗਰ ਨਾ ਆਵਣਾ, ਏਥੇ ਜਾਣਾ ਠਹਿਰ।

ਐਪਰ ਕੂਕੇ ਰੁਕਣ ਨਾ, ਮੋਹ ਦੀਆਂ ਤੰਦਾ ਤੋੜ।

ਰੋ ਰੋ ਆਖਣ ਜਾਓ ਨਾ, ਇੰਜ ਅਸਾਂ ਨੂੰ ਛੋੜ।

* ਉੱਨ ਦੀ ਦਸਤਾਰ।



. Sri Satguru Jagjit Singh Ji eLibrary NamdhariElibrary@gmail.com .

## ਸੰਗਤ ਨੇ ਵਰਲਾਪ ਕਰਨਾ

ਰੋਂਦੇ ਨਰ ਨਾਰ ਭੁੱਬਾਂ ਮਾਰ ਮਾਰ ਕੇ।
ਆਖਦੀ ਹੈ ਸਾਰੀ ਸੰਗਤ ਪੁਕਾਰ ਕੇ।
ਦੱਸੋ ਅਸੀਂ ਕੀਤਾ ਕੀ ਕਸੂਰ ਗੁਰ ਜੀ।
ਛੱਡ ਕੇ ਨਾ ਜਾਓ ਸਾਨੂੰ ਦੂਰ ਗੁਰ ਜੀ।

ਵੱਸਦਾ ਸੀ ਜਿੰਨੀ ਨੈਣੀ ਤੇਰਾ ਨੂਰ ਜੀ।
ਹੰਝੂਆਂ ਦੇ ਭਰ ਭਰ ਲਹਿੰਦੇ ਪੂਰ ਜੀ।
ਦਿਸਦਾ ਏ ਕਹਿਰ ਕਹਿਲੂਰ ਗੁਰ ਜੀ।
ਛੱਡ ਕੇ ਨਾ ਜਾਓ ਸਾਨੂੰ ਦੂਰ ਗੁਰ ਜੀ।

ਦਿਲ ਦਾ ਦੁਆਰ ਆ ਗ਼ਮਾਂ ਨੇ ਮੱਲਿਆ
ਤੇਰਾ ਨਾ ਵਿਛੋੜਾ ਸਾਥੋਂ ਜਾਣਾ ਝੱਲਿਆ।
ਹੋਏ ਅਰਮਾਨ ਚੂਰ ਚੂਰ ਗੁਰ ਜੀ।
ਛੱਡ ਕੇ ਨਾ ਜਾਓ ਸਾਨੂੰ ਦੂਰ ਗੁਰ ਜੀ।

ਤੁਸੀਂ ਆਖੋ ਗੋਰਾ ਦੇਸ਼ ਵਿੱਚੋਂ ਕੱਢਣਾ।
ਏਸ ਲਈ ਸਾਨੂੰ ਪੈਣਾ ਦੇਸ ਛੱਡਣਾ।



. Sri Satguru Jagjit Singh Ji eLibrary NamdhariElibrary@gmail.com .

ਸਾਨੂੰ ਨਾ ਇਹ ਬਾਤ ਮਨਜੂਰ ਗੁਰ ਜੀ।
ਛੱਡ ਕੇ ਨਾ ਜਾਓ ਸਾਨੂੰ ਦੂਰ ਗੁਰ ਜੀ।

ਜਿਹੜੇ ਕੇਸ ਤੇਰੇ ਚਰਨੀਂ ਝੁਲਾਉਦੀਆਂ।
ਭਰ ਬੁੱਕ ਉਹਨਾਂ ਵਿੱਚ ਖਾਕ ਪਾਉਂਦੀਆਂ।
ਸੰਗਤਾਂ ਗਵਾਉਣ ਰੋ ਰੋ ਨੂਰ ਗੁਰ ਜੀ।
ਛੱਡ ਕੇ ਨਾ ਜਾਓ ਸਾਨੂੰ ਦੂਰ ਗੁਰ ਜੀ।

ਹਾਲੋਂ ਹੋ ਬੇਹਾਲ ਕੂਕੇ ਕੂਕਾਂ ਮਾਰਦੇ।
ਛੱਡ ਕੇ ਨਾ ਜਾਈਂ ਦਾਤਿਆ ਪੁਕਾਰਦੇ।
ਲੱਗੀਆਂ ਨਿਭਾਉਣਾ ਦਸਤੂਰ ਗੁਰ ਜੀ।
ਛੱਡ ਕੇ ਨਾ ਜਾਓ ਸਾਨੂੰ ਦੂਰ ਗੁਰ ਜੀ।

ਹੋਏ ਵਿਰਲਾਪ ਜਾਂਵਦਾ ਨਾ ਝੱਲਿਆ।
ਕਰੁਣਾ ਦਾ ਹੜ੍ਹ ਨਾ ਕਿਸੇ ਤੋਂ ਠੱਲਿਆ।
ਡੋਬਿਓ ਨਾ ਆਸਾਂ ਵਾਲੇ ਪੂਰ ਗੁਰ ਜੀ।
ਛੱਡ ਕੇ ਨਾ ਜਾਓ ਸਾਨੂੰ ਦੂਰ ਗੁਰ ਜੀ।

ਛੱਡ ਜਾਣਾ ਹੋਵੇ ਨਹੀਂ ਪ੍ਰੇਮ ਪਾਈਦਾ।

ਲੱਗੀਆਂ ਨੂੰ ਆਖਦੇ ਨਿਭਾਉਣਾ ਚਾਹੀਦਾ।

'ਬਾਜਵਾ' ਮਿਸਾਲ ਮਸ਼ਹੂਰ ਗੁਰ ਜੀ।

ਛੱਡ ਕੇ ਨਾ ਜਾਓ ਸਾਨੂੰ ਦੂਰ ਗੁਰ ਜੀ।

---o---

ਗੱਡਾ ਤੁਰਿਆ ਵੇਖ ਕੇ, ਪਈ ਦਿਲਾਂ ਵਿੱਚ ਧੂਹ।

ਟੋਟੇ ਟੋਟੇ ਹੋ ਗਈ, ਅੱਜ ਭੈਣੀ ਦੀ ਰੂਹ।

ਚੀਨੀ ਸੁਰਖੀ ਰੋਂਦੀਆਂ, ਡਾਢੇ ਵਿੱਚ ਵੈਰਾਗ।

ਹੋਏ ਨਾ ਅਸਵਾਰ ਗੁਰ, ਜਾਪਣ ਮੰਦੇ ਭਾਗ।

ਜਿਸ ਚੀਨੀ ਦੇ ਬਿਨਾਂ ਨਾ, ਸਤਿਗੁਰ ਕਿਧਰੇ ਜਾਣ।

ਵਿੱਚ ਤਬੇਲੇ ਛੱਡ ਉਹ, ਗੱਡੇ ਚੜ੍ਹ ਗਏ ਆਣ।

ਰੋਵਣ ਗਊਆਂ ਵੱਛੀਆਂ, ਮੁੱਖੋਂ ਛੁੱਟਾ ਘਾਹ।

ਆਖਣ ਵਾਂਗਰ ਕਾਹਨ ਦੇ, ਨਾ ਗੋਕੁਲ ਤੋਂ ਜਾਹ।

ਚੁੱਪ ਚੁੱਪ ਹੰਝੂ ਕੇਰਦੇ, ਹੋਏ ਰੁੱਖ ਉਦਾਸ।

ਸੋਗ ਚੁਫੇਰੇ ਵਰਤਿਆ, ਕੌਣ ਦਵੇ ਧਰਵਾਸ।

ਜਾਏ ਕਲੇਜਾ ਚੀਰਦਾ, ਨੰਦਾਂ ਦਾ ਵਿਰਲਾਪ।

ਜਿਸ ਦਾ ਵਿਛੜ ਚੱਲਿਆ, ਬਿਨ ਤਕਸੀਰੋਂ ਬਾਪ।



Sri Satguru Jagjit Singh Ji eLibrary NamdhariElibrary@gmail.com

ਬਾਪੂ ਨੂੰ ਹਟਕੋਰਿਓਂ, ਕੌਣ ਲਿਆਵੇ ਬਾਹਰ।

ਹੋਇਆ ਜਿਸ ਦੇ ਵਾਸਤੇ, ਇਹ ਧੁੰਧਲਾ ਸੰਸਾਰ।

ਪਾਈ ਬ੍ਰਿਹੋਂ ਕੁੱਠਿਆਂ, ਕੇਸਾਂ ਅੰਦਰ ਖ਼ਾਕ।

ਪ੍ਰੀਤਮ ਤੁਰਦਾ ਵੇਖ ਕੇ, ਸੀਨੇ ਹੋਏ ਚਾਕ।

ਵੱਸਣ ਸਾਵਣ ਭਾਦਰੋਂ, ਵਾਗੂੰ ਸਭ ਦੇ ਨੈਣ।

ਤਨ ਮਨ ਬ੍ਰਿਹਾ ਵਿੰਨਿਆਂ, ਘੇਰ ਕਲੇਜੇ ਪੈਣ।

ਰੋ ਰੋ ਕੂਕਾਂ ਮਾਰਦੇ, ਹੁੰਦੇ ਜਾਣ ਬੇਹਾਲ।

ਲੱਥੀਆਂ ਪੱਗਾਂ ਚੁੰਨੀਆਂ, ਖਿੱਲਰ ਚੱਲੇ ਵਾਲ।

ਸ਼ੁਕੇ ਨਦੀਆਂ ਵਾਂਗਰਾਂ, ਮੁੜ ਮੁੜ ਕਾਂਗ ਵੈਰਾਗ।

ਬ੍ਰਿਹਾ ਭੁਜੰਗਮ ਬੇਧਿਆ, ਫੁੱਟ ਗਏ ਨੇ ਭਾਗ।

ਡਿੱਗ ਡਿੱਗ ਪੈਂਦੇ ਉੱਠਦੇ, ਆਖਣ ਬਾਂਹ ਉਲਾਰ।

ਤੇਰਾ ਬ੍ਰਿਹਾ ਪ੍ਰੀਤਮਾ, ਹੋਣਾ ਨਹੀਂ ਸਹਾਰ।

ਲੈਂਦੇ ਉੱਭੇ ਸਾਹ ਕਈ, ਧਰਤੀ ਉੱਤੇ ਲੇਟ।

ਦੇਵਣ ਜਾਂਦੀ ਵਾਰ ਦੀ, ਬੁੱਕ ਬੁੱਕ ਹੰਝੂ ਭੇਟ।

ਟੁੱਟ ਪਿਆ ਸੀ ਕਹਿਰ ਦਾ, ਜਾਪੇ ਕੋਈ ਪਹਾੜ।

ਭੈਣੀ ਵੱਸਦੀ ਰੱਸਦੀ, ਹੋਈ ਵਾਂਗ ਉਜਾੜ।

ਮਾਰਨ ਕੰਧੀਂ ਟੱਕਰਾਂ, ਖੋਹ ਖੋਹ ਸੁੱਟਣ ਵਾਲ।

ਵਿੱਚ ਵਿਛੋੜੇ ਗੁਰਾਂ ਦੇ, ਹਾਲੋਂ ਹੋਏ ਬੇਹਾਲ।

ਆਖਣ ਜਾਵੋ ਛੱਡ ਨਾ, ਜਾਂ ਲੈ ਜਾਵੋ ਨਾਲ।

ਤੇਰੇ ਬਾਝੋਂ ਅਸਾਂ ਦਾ, ਜੀਣਾ ਹੋਏ ਮੁਹਾਲ।

ਚੀਨੀ ਵਾਲੇ ਵੇਖਿਆ, ਸੰਗਤ ਦਾ ਵੈਰਾਗ।

ਉੱਜੜਦਾ ਅੱਜ ਜਾਪਿਆ, ਹੱਥੀਂ ਲਾਇਆ ਬਾਗ।

ਗਏ ਪਸੀਜ ਵੇਖ ਕੇ, ਕਿਹਾ ਸੁਣੀਂ ਗੁਰਦਿੱਤ।

ਗੱਡਾ ਰੋਕੀਂ ਜਰਾ ਕੁ, ਕਹਿ ਕੇ ਭਰਿਆ ਚਿੱਤ।

ਹੱਥ ਉਠਾ ਕੇ ਆਖਿਆ, ਆਪਣਾ ਆਪ ਸੰਭਾਲ।

ਜਿੱਦਾਂ ਕੋਈ ਵਰਾਂਵਦਾ, ਹੋਏ ਅੰਵਾਣੇ ਬਾਲ।

ਛੇਤੀ ਆਵਾਂਗਾ ਮੈਂ ਦੇ, ਤੁਰਿਆ ਧਰਵਾਸ।

ਸੰਗਤ ਦੇ ਸੰਗ ਪਿਆਰ ਦੇ, ਕਰਕੇ ਬਚਨ ਬਿਲਾਸ।

ਭਾਣਾ ਪੁਰਖ ਅਕਾਲ ਦਾ, ਮੰਨੋ ਮਿੱਠਾ ਜਾਣ।

ਨਾਮ ਜਪੋ ਬਾਣੀ ਪੜ੍ਹੋ, ਲਾ ਕੇ ਸਾਰਾ ਤਾਣ।

ਅੰਗ ਸੰਗ ਮੈਨੂੰ ਸਮਝਣਾ, ਜਦੋਂ ਕਰੋ ਅਰਦਾਸ।

ਕਹਿਣਾ ਧਰਮ ਉਭਾਰ ਕੇ, ਕਰੋ ਮਲੇਸ਼ਾਂ ਨਾਸ।

ਡਰ ਮੇਰੀ ਇਸ ਦੇਹ ਦਾ, ਗੋਰੇ ਖਾਤਰ ਕਾਲ।

ਸੋਚਣ ਏਥੇ ਰਹਿ ਕੇ, ਜੀਣਾ ਕਰੇ ਮੁਹਾਲ।

ਏਸ ਲਈ ਲੈ ਜਾ ਰਹੇ, ਮੈਨੂੰ ਏਥੋਂ ਦੂਰ।

ਕਾਲ ਚੱਕਰ ਦਾ ਸੰਗਤੇ, ਐਸਾ ਹੀ ਦਸਤੂਰ।

ਬਾਤ ਅਸਾਡੀ ਸਮਝਿਓ, ਬੰਦ ਕਰੋ ਕੁਰਲਾਹਟ।
ਮੱਠੀ ਦੇਣੀ ਹੋਣ ਨਾ, ਕਦੇ ਅਜ਼ਾਦੀ ਲਾਟ।
ਸੁਪਨੇ ਸਾਡੇ ਹੋਣਗੇ, ਤਾਂ ਸਾਰੇ ਸਾਕਾਰ।
ਸਦਾ ਚਲਾਈ ਰੱਖਣੀ, ਏਦਾਂ ਹੀ ਇਹ ਕਾਰ।
ਨਿਓਂ ਕੇ ਵਕਤ ਗੁਜ਼ਾਰਨਾ, ਤਨ ਮਨ ਰੱਖਣਾ ਸ਼ਾਂਤ।
ਬਾਈਕਾਟ ਅੰਗ੍ਰੇਜ਼ ਦਾ, ਰੱਖਣਾ ਏਸੇ ਭਾਂਤ।
ਆਏ ਅਜ਼ਾਦੀ ਵਾਲੜੀ, ਛੇਤੀ ਸੋਨ ਸਵੇਰ।
ਰੱਬ ਦੇ ਘਰ ਵਿੱਚ ਦੇਰ ਹੈ, ਐਪਰ ਨਹੀਂ ਹਨੇਰ।
ਸਦਾ ਆਦਰਸ਼ ਰੱਖਣਾ, ਜੀਵਨ ਦਾ ਆਧਾਰ।
ਗਿਰਨਾ ਨਾ ਇਖਲਾਕ ਤੋਂ, ਜੀਣਾ ਆਪਾ ਵਾਰ।
ਮੁਸ਼ਕਲ ਵਿੱਚ ਵੀ ਰੱਖਣਾ, ਸਦਾ ਸਬਰ ਸੰਤੋਖ।
ਛਕਣਾ ਸਭਨਾ ਵੰਡ ਕੇ, ਦੇਂਦੇ ਰਹਿਣਾ ਮੋਖ।
ਭੋਗ ਪਵਾਉਣੇ ਪਾਠ ਕਰ, ਕਰ ਕੇ ਦੇਗ ਤਿਆਰ।
ਆਪੋ ਦੇ ਵਿੱਚ ਰੱਖਣਾ, ਏਸੇ ਤਰ੍ਹਾਂ ਪਿਆਰ।

---o---

ਸੰਗਤ ਨੂੰ ਸਮਝਾ ਕੇ, ਪਿੱਛੇ ਦਿੱਤਾ ਤੋਰ।
ਗੱਡਾ ਅੱਗੇ ਤੋਰਿਆ, ਮੱਠਾ ਹੋਇਆ ਸ਼ੋਰ।


. Sri Satguru Jagjit Singh Ji eLibrary NamdhariElibrary@gmail.com .

ਅੱਗੇ ਪਿੱਛੇ ਲਾ ਕੇ, ਦੋ ਦੋ ਘੋੜ ਸਵਾਰ।

ਜਾਵੇ ਲਈ ਗੁਲਾਬ ਸਿੰਘ, ਹੋ ਡਾਢਾ ਹੁਸ਼ਿਆਰ।

ਲੁਧਿਆਣੇ ਅੱਪੜੇ, ਜਾ ਕੇ ਅੱਧੀ ਰਾਤ।

ਗੱਡਾ ਵਾਪਸ ਤੋਰਿਆ, ਉਹਨਾਂ ਉਸੇ ਰਾਤ।

ਜਾ ਕਮਿਸ਼ਨਰ ਸਾਹਮਣੇ, ਕੀਤਾ ਉਹਨਾਂ ਪੇਸ਼।

ਸਤਿਗੁਰ ਤੇ ਸੂਬਿਆਂ, ਘੱਲਣ ਲਈ ਵਿਦੇਸ਼।

ਫੋਰਸਿਥ ਨੇ ਬੈਠ ਕੇ, ਪੁੱਛੇ ਕਈ ਸਵਾਲ।

ਦਿੱਤਾ ਉੱਤਰ ਸਤਿਗੁਰਾਂ, ਸਭਨਾਂ ਦਾ ਤਤਕਾਲ।

ਉਹਨਾਂ ਉੱਤੇ ਦੋਸ਼ ਨਾ, ਹੋਇਆ ਕੋਈ ਸਿੱਧ।

ਪਰ ਹੈ ਸੀ ਅੰਗ੍ਰੇਜ਼ ਦੀ, ਹੋਈ ਦ੍ਰਿਸ਼ਟੀ ਗਿੱਧ।

ਭਾਵੇਂ ਸਜ਼ਾ ਦੇਣ ਦਾ, ਬਣਿਆ ਨਹੀਂ ਅਧਾਰ।

ਵੈਰੀ ਆਇਆ ਹੱਥ ਵੀ, ਛੱਡਣਾ ਨਾ ਦਰਕਾਰ।

ਉਹਨੇ ਲਿਖ ਕੇ ਭੇਜਿਆ, ਸਾਰੀ ਗੱਲ ਦਾ ਸਾਰ।

ਭੇਜ ਪੰਜਾਬ ਸੈਕਟਰੀ, ਦਿੱਲੀ ਵੱਲੇ ਤਾਰ।

ਲਿਖਿਆ ਰਾਮ ਸਿੰਘ ਤੇ, ਸਿੱਧ ਨਾ ਹੁੰਦੇ ਦੋਸ਼।

ਸਾਰੇ ਕਾਂਡਾਂ ਵਿੱਚ ਹੀ, ਉਹ ਜਾਪੇ ਨਿਰਦੋਸ਼।

ਫਿਰ ਵੀ ਉਹਨੂੰ ਛੱਡਣਾ, ਨਹੀਂ ਜਾਪਦਾ ਠੀਕ।

ਖਤਰਾ ਹੈ ਸਰਕਾਰ ਨੂੰ, ਇਸ ਤੋਂ ਹੋਰ ਵਧੀਕ।



Sri Satguru Jagjit Singh Ji eLibrary NamdhariElibrary@gmail.com

ਕਰ ਲੋਕਾਂ ਨੂੰ ਜਾਗਰੂਕ, ਇਹ ਸਮਝਾਏ ਮੂਲ।

ਏਸੇ ਕਰਕੇ ਸਿੱਖ ਇਹ, ਲੜਦੇ ਜਾਨਾਂ ਹੂਲ।

ਜੇਕਰ ਲਾਈ ਰੋਕ ਨਾ, ਉੱਤੇ ਇਹਦੇ ਕਾਜ।

ਸ਼ੱਕ ਨਹੀਂ ਕਿ ਲੈ ਲੈਣ, ਜਲਦੀ ਸਾਥੋਂ ਰਾਜ।

ਏਸੇ ਲਈ ਮੈਂ ਏਸ ਤੇ, ਥੱਪਾਂ ਏਹੋ ਦੋਸ਼।

ਭਰਦਾ ਸਿੰਘਾਂ ਵਿੱਚ ਇਹ, ਵਤਨ ਪ੍ਰਸਤੀ ਜੋਸ਼।

ਭੈਣੀ ਅੰਦਰ ਮੀਟਿੰਗਾਂ, ਕਰਦੇ ਸਨ ਜਾ ਸਿੱਖ।

ਇਹਨਾਂ ਓਦੋਂ ਹਾਲ ਇਹ, ਕਿਉਂ ਨਾ ਦਿੱਤਾ ਲਿਖ।

ਇਹਨਾਂ ਨੇ ਸਰਕਾਰ ਨੂੰ, ਕੀਤਾ ਨਹੀਂ ਸੁਚੇਤ।

ਦੇਣਾ ਚਾਹੀਦਾ ਸੀ, ਸਾਨੂੰ ਸਾਰਾ ਭੇਤ।

ਸੂਬਾ ਲੱਖਾ ਸਿੰਘ ਨੂੰ, ਭਾਵੇਂ ਉਹਨਾਂ ਘੱਲ।

ਪਹਿਲਾਂ ਹਮਲਾ ਹੋਣ ਤੋਂ, ਦੱਸੀ ਸਾਰੀ ਗੱਲ।

ਪਰ ਬਹਾਨੇ ਟੋਲ ਕੇ, ਉਹ ਜ਼ਾਲਮ ਸਰਕਾਰ।

ਸਤਿਗੁਰ ਜੀ ਨੂੰ ਭੇਜਣਾ, ਚਾਹੁੰਦੀ ਦੇਸੋਂ ਬਾਹਰ।

ਡਰੇ ਹੋਏ ਅੰਗ੍ਰੇਜ਼ ਨੇ, ਬਿਨਾ ਚਲਾਏ ਕੇਸ।

ਰੱਖਣ ਖਾਤਰ ਨਜ਼ਰਬੰਦ, ਦੇ ਦਿੱਤੇ ਆਦੇਸ਼।



Sri Satguru Jagjit Singh Ji eLibrary NamdhariElibrary@gmail.com

ਸੇਵਕ ਨਾਨੂੰ ਸਿੰਘ ਤੇ, ਤਿੰਨੇ ਸੂਬੇ ਨਾਲ।

ਇੱਕ ਸਪੈਸ਼ਲ ਰੇਲ ਤੇ, ਦਿੱਤੇ ਝੱਟ ਬਹਾਲ।

ਸੂਬਾ ਲੱਖਾ ਸਿੰਘ ਸੀ, ਪਹਿਲਾਂ ਦਾ ਗ੍ਰਿਫਤਾਰ।

ਦੂਜਾ ਸਾਹਿਬ ਸਿੰਘ ਤੇ, ਤੀਜਾ ਸਿੰਘ ਜਵਾਹਰ।

ਚਾਰ ਵਜੇ ਲੁਧਿਆਣਿਓਂ ,ਗੱਡੀ ਦਿੱਤੀ ਤੋਰ।

ਵੇਖੋ ਬਸਤੀਵਾਦੀਆਂ, ਪਾਪ ਕਮਾਇਆ ਘੋਰ।

ਰੱਖਣ ਲਈ ਨਿਰਗਾਨੀਆਂ, ਗਾਰਦ ਭੇਜੀ ਨਾਲ।

ਘੱਲੇ ਬਾਰਾਂ ਡੋਗਰੇ, ਰੱਖਣ ਲਈ ਖਿਆਲ।

ਅਫ਼ਸਰ ਜੈਕਸਨ ਭੇਜਿਆ, ਇੱਕ ਨਾਲ ਅੰਗ੍ਰੇਜ਼।

ਕਾਰਜ ਕੀਤਾ ਬਿਲਿਆਂ, ਬੜਾ ਸਨਸਨੀ ਖੇਜ।

ਏਨਾ ਕਾਰਾ ਕਰਕੇ, ਅਜੇ ਨਾ ਆਇਆ ਚੈਨ।

ਇੱਕ ਇੱਕ ਕੂਕੇ ਸਿੰਘ ਤੇ, ਚਾਹੁਣ ਲਗਾਈਏ ਬੈਨ।

ਸਤਿਗੁਰ ਜੀ ਨੂੰ ਤੋਰ ਕੇ, ਵੱਲ ਇਲਾਹਾਬਾਦ।

ਫੌਜੀ ਭੈਣੀ ਸਾਹਿਬ ਨੂੰ, ਭੇਜੇ ਵੱਡ ਤਾਦਾਦ।

ਇੱਕ ਗਾਰਦ ਵਿੱਚ ਗੋਰਖੇ, ਅਤੇ ਸਿਪਾਹੀ ਹੋਰ।

ਉਹਨੇ ਭੈਣੀ ਸਾਹਿਬ ਨੂੰ, ਝਟ ਪਟ ਦਿੱਤੇ ਤੋਰ।

ਬੈਠਾ ਸਾਹਨੇਵਾਲ ਜਾ, ਬੇਲੀ* ਹੋ ਹੁਸ਼ਿਆਰ।

ਭੈਣੀ ਸਾਹਿਬ ਜਾਣ ਲਈ, ਹੋਇਆ ਤੁਰਤ ਤਿਆਰ।



Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਸੀ ਜੋ ਭੇਜਿਆ, ਕਰਨ ਲਈ ਪੁਣ ਛਾਣ।

ਫੌਜੀ ਦਸਤਾ ਇੱਕ ਸੀ, ਅੱਗੋਂ ਮਿਲਿਆ ਆਣ।

ਨਾਲ ਲਿਆਏ ਸਨ ਉਹ, ਸੂਬੇ ਫੜ ਕੇ  ਹੋਰ।

ਬਿਨਾਂ ਗੁਨਾਹੋਂ ਪਾਪੀਆਂ, ਪਕੜ ਬਣਾਏ ਚੋਰ।

ਹੁਕਮਾ ਸਿੰਘ ਤੇ ਬ੍ਰਹਮਾ ਸਿੰਘ, ਕਾਹਨ ਸਿੰਘ ਨਿਹੰਗ।

ਪਹਾੜਾ ਸਿੰਘ ਗੋਪਾਲ ਸਿੰਘ, ਪਕੜ ਲਿਆਂਦੇ ਸੰਗ।

ਆਇਆ ਇੱਕ ਸੁਜਾਨ ਸਿੰਘ, ਉਹਨਾਂ ਦੇ ਸੰਗ ਚੱਲ।

ਲੁਧੇਆਣੇ ਜਲਦ, ਹੀ ਸਾਰੇ ਦਿੱਤੇ ਘੱਲ।

ਸੂਬਾ ਇੱਕ ਗੋਪਾਲ ਸਿੰਘ, ਦੂਜਾ ਸਿੰਘ ਸੁਜਾਨ।

ਵਾਪਸ ਦਿੱਤੇ ਭੇਜ ਸਨ, ਕਰ ਥੋੜ੍ਹੀ ਪੁਣ ਛਾਣ।

ਫੇਰ ਇਲਾਹਾਬਾਦ ਨੂੰ, ਦਿੱਤੇ ਸਾਰੇ ਤੋਰ।

ਉਸ ਤੋਂ ਪਿੱਛੋਂ ਜਾ ਕੇ, ਪਕੜ ਲਿਆਏ ਹੋਰ।

ਮਾਨ ਸਿੰਘ ਤੇ ਰੂੜ ਸਿੰਘ, ਤੀਜਾ ਸਿੰਘ ਮਲੂਕ।

ਕੀਤਾ ਇਹਨਾਂ ਨਾਲ ਵੀ, ਉਹਨਾਂ ਜਿਹਾ ਸਲੂਕ।

ਇਹਨਾਂ ਸਭਨਾ ਨੂੰ ਸੀ, ਬੰਗਾਲ ਐਕਟ ਅਨੁਸਾਰ।

ਵਿੱਚ ਹਿਰਾਸਤ ਰੱਖਿਆ, ਬੰਦੀ ਕਰ ਸਰਕਾਰ।

ਏਸ ਕਾਨੂੰਨ ਵਿੱਚ ਸੀ, ਕੀਤਾ ਉਹਨਾਂ ਪਾਸ।

ਕੈਦੀ ਹੋਵੇ ਰਾਜਸੀ, ਜਿਹੜਾ ਬੰਦਾ ਖਾਸ।

ਜਿਸ ਤੋਂ ਖਤਰਾ ਸਮਝਦੀ, ਹੋਏ ਇਹ ਸਰਕਾਰ।

ਕਰ ਸਕਦੀ ਹੈ ਉਸਨੂੰ, ਬੰਦੀ ਬਿਨਾ ਅਧਾਰ।

ਲੀਤਾ ਸਾਰੇ ਰਾਜਿਆਂ, ਕੋਲੋਂ ਉਲਟ ਲਿਖਾ।

ਲਏ ਮਹੰਤ ਪੁਜਾਰੀਆਂ, ਤੋਂ ਦਸਖਤ ਕਰਵਾ।

ਇਹ ਸਤਿਗੁਰੂ ਰਾਮ ਸਿੰਘ, ਜੀ ਨੂੰ ਦਏ ਦਿਖਾਲ।

ਭੈਣੀ ਵਾਪਸ ਜਾਣ ਦਾ, ਛੱਡੋ ਕਹਿਣ ਖਿਆਲ।

ਇਹ ਤੁਹਾਡੇ ਆਪਣੇ, ਮਨ ਤੋਂ ਏਹੋ ਚਾਹੁਣ।

ਲਿਖਦੇ ਰਾਮ ਸਿੰਘ ਨੂੰ, ਵਾਪਸ ਦਿਓ ਨਾ ਆਉਣ।

ਬ੍ਰਹਮ ਬੂਟੇ ਦਾ ਸੀ, ਜਿਹੜਾ ਸੇਵਾਦਾਰ।

ਜਾਂ ਫਿਰ ਨਾਭੇ ਵਾਲਿਆਂ, ਕਰ ਦਿੱਤਾ ਇਨਕਾਰ।

ਧਿਆਨ ਪੁਰ ਬੈਰਾਗੀਆਂ, ਦਾ ਜੋ ਡੇਰੇਦਾਰ।

ਉਸ ਵੀ ਹਾਮੀ ਨਾ ਭਰੀ, ਕਰਨ ਦੇਸ ਤੋਂ ਬਾਹਰ।

ਜਾਂ ਸੇਖਵਾਂ ਵਾਲਿਆਂ, ਮੰਨੀ ਨਾ ਇਹ ਬਾਤ।

ਆਖਣ ਕਰਨਾ ਅਸਾਂ ਨਾ, ਆਪਣਿਆਂ ਦਾ ਘਾਤ।

ਬਾਕੀ ਕੁੱਲ ਪੰਜਾਬ ਦੇ, ਰਾਜੇ ਸੰਤ ਮਹੰਤ।

ਲਿਖ ਪ੍ਰਵਾਨੇ ਘੱਲਦੇ, ਛੱਡੋ ਨਹੀਂ ਕਦੰਤ।

ਇਹ ਗਵਾਹੀਆਂ ਸਾਰੀਆਂ, ਬਣੀਆਂ ਖਾਸ ਅਧਾਰ।

ਰੱਖਣ ਖਾਤਰ ਨਜ਼ਰਬੰਦ, ਦੇ ਦਿੱਤਾ ਅਧਿਕਾਰ।

* ਕਰਨਲ ਬੇਲੀ (ਡੀ. ਆਈ. ਜੀ. ਪੁਲੀਸ)

**ਸੂਬਿਆਂ ਨੂੰ ਨਜ਼ਰਬੰਦ ਕਰਨਾ**

ਸਤਿਗੁਰ ਜੀ ਨੂੰ ਭੇਜ ਕੇ, ਉਹਨਾਂ ਵਿੱਚ ਵਿਦੇਸ਼।

ਸੂਬੇ ਸਾਰੇ ਫੜਨ ਦੇ, ਦਿੱਤੇ ਖਾਸ ਆਦੇਸ਼।

ਸਾਰੇ ਜ਼ਿਲ੍ਹਿਆਂ ਵਿੱਚ ਹੀ, ਕਰਨ ਲਈ ਪੜਤਾਲ।

ਜਿੱਥੇ ਜਿੱਥੇ ਵੱਸਦੇ, ਸੂਬੇ ਜਿਹੜੇ ਹਾਲ।

ਹਰਕਤ ਦੇ ਵਿੱਚ ਆ ਗਈ, ਝੱਟ ਪੁਲੀਸ ਪੰਜਾਬ।

ਹੋਈਆਂ ਸੂਲਾਂ ਤਿੱਖੀਆਂ, ਵਿੰਨ੍ਹਣ ਲਈ ਗੁਲਾਬ।

ਦੌੜ ਪਏ ਸਭ ਚਾਟੜੇ, ਖੱਟਣ ਖਾਤਰ ਭੱਲ।

ਸੂਬੇ ਆਪ ਫੜਾ ਕੇ, ਮਾਰਨ ਵੱਡੀ ਮੱਲ।

ਵੱਲ ਇਲਾਹਾਬਾਦ ਦੇ, ਸਾਰੇ ਦਿੱਤੇ ਭੇਜ।

ਨਿਰਦੋਸ਼ਾਂ ਨੂੰ ਫੜ੍ਹਨ ਤੋਂ, ਕੀਤਾ ਨਹੀਂ ਗੁਰੇਜ਼।

ਫੇਰ ਇਲਾਹਾਬਾਦ ਜਾ, ਸਭ ਦੇ ਲਏ ਬਿਆਨ।

ਐਪਰ ਨਹੀਂ ਕਾਨੂੰਨ ਦਾ, ਰੱਖਿਆ ਜਰਾ ਧਿਆਨ।

ਛੱਡਣੇ ਤਾਂ ਉਸ ਨਹੀਂ ਸਨ, ਇਹ ਸੂਬੇ ਹਰ ਹਾਲ।

ਅੱਖੀਂ ਘੱਟਾ ਪਾਉਣ ਲਈ, ਇਹ ਕੀਤੀ ਪੜਤਾਲ।



. Sri Satguru Jagjit Singh Ji eLibrary NamdhariElibrary@gmail.com .

ਝੂਠਾ ਸੱਚਾ ਕਰ ਲਿਆ, ਉਹਨਾਂ ਕੇਸ ਤਿਆਰ।

ਕੌਂਸਲ ਦੇ ਵਿੱਚ ਏਸ ਤੇ, ਹੋਇਆ ਫੇਰ ਵੀਚਾਰ।

ਸਾਰੀ ਬਾਤ ਵੀਚਾਰ ਕੇ, ਹੁਕਮ ਸੁਣਾਇਆ ਫੇਰ।

ਵੱਖੋ ਵੱਖਰੇ ਕਰ ਦਿਓ, ਸਾਰੇ ਕਰੋ ਨਾ ਦੇਰ।

ਜੇਲ੍ਹਾਂ ਅੰਦਰ ਦੂਰ ਦੂਰ, ਸਭ ਕਰ ਦੇਵੋ ਬੰਦ।

ਇਹ ਅਨਿਸਚਿਤ ਕਾਲ ਲਈ, ਕਰ ਕਰੜੇ ਪ੍ਰਬੰਧ।

ਏਸ ਹੁਕਮ ਦੀ ਪਾਲਣਾ, ਕਰਕੇ ਇਸ ਪ੍ਰਕਾਰ।

ਸਾਰੇ ਕੈਦੀ ਰਾਜਸੀ, ਦੇਣੇ ਦੂਰ ਖਿਲਾਰ।

ਕਿਲਿਆਂ ਅੰਦਰ ਬੰਦ ਉਹ, ਕਰਨੇ ਦੂਰ ਦਰਾਜ।

ਆਖਣ ਮਲਕਾ ਵਾਲੜਾ, ਇੰਜ ਬਚਾਉਣਾ ਤਾਜ।

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗ੍ਰੇਜ਼ ਨੇ ਪੁੱਛਣਾ

ਚੀਨੀ ਵਾਲੇ ਨੂੰ ਕਿਹਾ ਅੰਗ੍ਰੇਜ਼ ਏਦਾਂ,

ਬੰਦੋ ਬਸਤ ਪੱਕੇ ਕਰਕੇ ਧਰ ਦਿੱਤੇ।

ਸਾਰੇ ਸਣੇ ਤੁਹਾਡੇ ਮੈਂ ਪਕੜ ਸੂਬੇ,

ਵਿੱਚ ਜੇਲ੍ਹਾਂ ਦੇ ਬੰਦ ਨੇ ਕਰ ਦਿੱਤੇ।

ਜਿਹੜੇ ਰਹੇ ਪੰਜਾਬ ਦੇ ਵਿੱਚ ਬਾਕੀ,



Sri Satguru Jagjit Singh Ji eLibrary NamdhariElibrary@gmail.com

ਕੈਦ ਕਰ ਸਾਰੇ ਘਰ ਘਰ ਦਿੱਤੇ।
ਹੁਣ ਕਰੋਗੇ 'ਬਾਜਵਾ' ਕੀ ਹੀਲਾ,
ਪਾ ਲੋਕਾਂ ਨੂੰ ਮੌਤ ਦੇ ਡਰ ਦਿੱਤੇ।

ਹੱਸ ਕਿਹਾ ਅੱਗੋਂ ਸੱਚੇ ਪਾਤਸ਼ਾਹ ਨੇ,
ਸ਼ਕਤੀ ਵਿੱਚ ਲੋਕਾਂ ਐਸੀ ਭਰ ਦਿਆਂਗਾ।
ਇਹ ਲਾਟ ਅਜ਼ਾਦੀ ਦੀ ਬਣੂੰ ਭਾਂਬੜ,
ਚੁੱਕ ਦਿਲਾਂ ਵਿੱਚੋਂ ਤੇਰਾ ਡਰ ਦਿਆਂਗਾ।
ਮੁਸ਼ਕਲ ਕਰਨ ਰਹਿਣਾ ਤੇਰਾ ਦੇਸ਼ ਅੰਦਰ,
ਇਹਨਾਂ ਹਿੰਦੀਆਂ ਨੂੰ ਐਸਾ ਵਰ ਦਿਆਂਗਾ।
ਇੱਕ ਵੇਰ ਅੱਗੇ ਤੈਨੂੰ ਆਖਿਆ ਹੈ,
ਘਰ ਘਰ ਮੈਂ ਰਾਮ ਸਿੰਘ ਕਰ ਦਿਆਂਗਾ।

---o---

ਕਿਲਾ ਇਲਾਹਾਬਾਦ ਦਾ, ਸੰਗਮ ਤੇ ਮਸ਼ਹੂਰ।
ਗੰਗਾ ਜਮੁਨਾ ਸੁਰਸਤੀ, ਏਥੇ ਮਿਲਣ ਜ਼ਰੂਰ।
ਨਾਮ ਪੁਰਾਣਾ ਏਸ ਦਾ, ਹੈ ਪ੍ਰਯਾਗ ਰਾਜ।
ਐਪਰ ਅਕਬਰ ਬਾਦਸ਼ਾਹ, ਉਲਟਾ ਕੀਤਾ ਕਾਜ।


Sri Satguru Jagjit Singh Ji eLibrary NamdhariElibrary@gmail.com

ਮੰਦਰ ਢਾਹ ਉਸਾਰਿਆ, ਕਿਲਾ ਉਸ ਤੇ ਆਣ।

ਨਾਮ ਬਦਲ ਕੇ ਏਸ ਦਾ, ਦਿੱਤੀ ਬਦਲ ਪਛਾਣ।

ਏਹ ਪਵਿੱਤਰ ਥਾਂ ਹੈ, ਤੀਰਥ ਬੜਾ ਮਹਾਨ।

ਇਹਦਾ ਹਿੰਦੂ ਧਰਮ ਵਿੱਚ, ਹੈ ਉੱਚਾ ਅਸਥਾਨ।

ਲੱਖਾਂ ਲੋਕੀਂ ਆਂਵਦੇ, ਏਥੇ ਸ਼ਰਧਾ ਧਾਰ।

ਸੰਗਮ ਤੇ ਇਸ਼ਨਾਨ ਕਰ, ਲੈਂਦੇ ਜਨਮ ਸਵਾਰ।

ਬੈਠਾ ਅੱਜ ਸਮੇਟ ਇਹ, ਯਾਦਾਂ ਗੁਪਤ ਅਨੇਕ।

ਜਿੱਦਾਂ ਜਿੱਦਾਂ ਹਿੰਦ ਦੇ, ਰਹੇ ਬਦਲਦੇ ਲੇਖ।

ਏਸ ਕਿਲੇ ਨੂੰ ਜੇਲ੍ਹ ਦੇ, ਵਾਂਗ ਬਣਾ ਅੰਗ੍ਰੇਜ਼।

ਬੰਦੀ ਕਰਕੇ ਸਤਿਗੁਰੂ, ਦਿੱਤੇ ਓਥੇ ਭੇਜ।

ਸੇਵਕ ਨਾਨੂੰ ਸਿੰਘ ਤ, ਕੁਝ ਸੂਬੇ ਨਾਲ।

ਏਥੇ ਡੱਕੇ ਆਣ ਕੇ, ਉਹਨਾਂ ਨੇ ਤਤਕਾਲ।

ਏਸ ਕਿਲੇ ਵਿੱਚ ਗੁਰੂ ਜੀ, ਰਹੇ ਇਕਵੰਜਾ ਰੋਜ।

ਭੇਜੇ ਫੇਰ ਰੰਗੂਨ ਨੂੰ, ਲਿਖਿਆ ਕਰਕੇ ਖੋਜ।

ਸੂਬੇ ਪਕੜ ਪੰਜਾਬ ਚੋਂ, ਬਾਕੀ ਦੇ ਵੀ ਫੇਰ।

ਏਥੇ ਡੱਕੇ ਆਣ ਕੇ, ਬਿਨ ਕੀਤੇ ਕੁਝ ਦੇਰ।

ਵਰਤੀ ਏਥੇ ਆਣ ਕੇ, ਬਾਤ ਸਨਸਨੀਖੇਜ।

ਇੱਕ ਦਿਹਾੜੇ ਆਣ ਕੇ, ਦੱਸ ਗਿਆ ਅੰਗ੍ਰੇਜ਼।



Sri Satguru Jagjit Singh Ji eLibrary NamdhariElibrary@gmail.com

ਨਾਨੂੰ ਸਿੰਘ ਦੇ ਕੰਨ ਵਿੱਚ, ਉਹ ਅਵੱਲਾ ਭੇਤ।

ਝੱਟ ਆਖ ਕੇ ਤੁਰ ਗਿਆ, ਜਿਓਂ ਪਾਣੀ ਵਿੱਚ ਰੇਤ।

ਨਾਨੂੰ ਸਿੰਘ ਨੂੰ ਪੁੱਛਿਆ, ਬਾਬੇ ਸਿੰਘ ਜਵਾਹਰ।

ਆਖ ਗਿਆ ਅੰਗ੍ਰੇਜ਼ ਕੀ, ਦੱਸੀਂ ਸਾਰੀ ਸਾਰ।

ਓਸ ਆਖਿਆ ਕਹਿ ਗਿਆ, ਫਾਂਸੀ ਹੈ ਮਨਜ਼ੂਰ।

ਪਾਇਆ ਆਖੇ ਤੁਸਾਂ ਨੇ, ਵਿੱਚ ਪੰਜਾਬ ਫਤੂਰ।

ਸੁਣ ਕੇ ਕਿਹਾ ਜਵਾਹਰ ਸਿੰਘ, ਬਾਣੀ ਗੁਰੂ ਉਚਾਰ।

"ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥

ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥"

ਸੁਣ ਕੇ ਬਾਬੇ ਸਾਹਿਬ ਸਿੰਘ, ਸ਼ੰਕਾ ਕੀਤੀ ਹੋਰ।

ਰਾਸ ਨਾ ਆਈ ਅਸਾਂ ਨੂੰ, ਇਹ ਨੇਕੀ ਦੀ ਤੋਰ।

ਕੇਸਾਂ ਵਿੱਚ ਜਲ ਪਾਉਂਦਿਆਂ, ਘਸ ਘਸ ਲੱਥੇ ਵਾਲ।

ਹੋਇਆ ਸਾਡਾ ਫੇਰ ਵੀ, ਓੜਕ ਏਹੋ ਹਾਲ।

ਭੈ ਮੌਤ ਦਾ ਵੇਖ ਕੇ, ਥਿੜਕ ਜਾਣ ਬਲਵਾਨ।

ਵਿਰਲਾ ਸਾਬਤ ਨਿਕਲਦਾ, ਜਿਸ ਰੱਖੇ ਭਗਵਾਨ।

ਮੰਗਲ ਸਿੰਘ ਵੀ ਆਖਿਆ, ਲੈ ਤੁਹਾਥੋਂ ਨਾਮ।

ਦੱਸੋ ਮੈਂ ਕੀ ਖੱਟਿਆ, ਖੋਇਆ ਚੈਨ ਅਰਾਮ।

ਜਿੱਦਾਂ ਜਾਵੇ ਪੀਸਿਆ, ਘੁਣ ਆਟੇ ਦੇ ਨਾਲ।



Sri Satguru Jagjit Singh Ji eLibrary NamdhariElibrary@gmail.com

ਨਾਲ ਤੁਸਾਂ ਦੇ ਹੋ ਗਿਆ, ਮੇਰਾ ਮੰਦਾ ਹਾਲ।

ਮੇਰੇ ਘਰ ਦੇ ਵਿੱਚ ਸਨ, ਸਾਰੇ ਸੁੱਖ ਅਰਾਮ।

ਜੀਵਨ ਗਿਆ ਅਕਾਰਥੇ, ਵਿਗੜੇ ਕਾਮ ਤਮਾਮ।

ਸਤਿਗੁਰ ਜੀ ਨੇ ਆਖਿਆ, ਵੇਖ ਚਾਖ ਕਰ ਗੌਰ।

ਇਹ ਮੰਗਲ ਸਿੰਘ ਹੋਰ ਹੈ, ਉਹ ਮੰਗਲ ਸੀ ਹੋਰ।

ਆਖਣ ਲੱਗੇ ਫ਼ਿਕਰ ਨਾ, ਕਰਨਾ ਜਰਾ ਜਨਾਬ।

ਛੇਤੀ ਹੀ ਤੂੰ ਛੁੱਟ ਕੇ, ਜਾਵੇਂ ਪਰਤ ਪੰਜਾਬ।

ਸਤਿਗੁਰ ਜੀ ਨੇ ਆਖਿਆ, ਹੇ ਦਾਤਾ ਕਿਰਪਾਲ।

ਜੋ ਭਾਵੇ ਕਰ ਆਪ ਤੂੰ, ਅੱਛਾ ਦੀਨ ਦਿਆਲ।

"ਤੇਰਾ ਕੀਆ ਮੀਠਾ ਲਾਗੈ" ਮੰਨੀਏ ਸਿਰ ਸਮਰੱਥ।

ਜੀ ਚਾਹਵੇ ਜਦ ਖੱਸ ਲਏਂ, ਤੇਰੀ ਦਿੱਤੀ ਵੱਥ।

ਕਰ ਸੰਬੋਧਨ ਸਭਸ ਨੂੰ, ਬੋਲੇ ਦੀਨਾ ਨਾਥ।

ਰੱਛਿਆ ਸਭ ਦੀ ਕਰਨਗੇ, ਪ੍ਰਭ ਜੀ ਦੇ ਕੇ ਹਾਥ।

ਕਰੋ ਸਭੀ ਜਪੁ ਸਾਹਿਬ, ਦੇ ਪੱਚੀ ਪੱਚੀ ਪਾਠ।

ਵੇਖੋ ਕਿੱਥੇ ਡਿਗਦੀ, ਇਹ ਕਾਲ ਦੀ ਲਾਠ।

ਲਾਰਡ ਮੇਓ ਹਿੰਦ ਦਾ, ਵਾਇਸਰਾਇ ਆਪ।



Sri Satguru Jagjit Singh Ji eLibrary NamdhariElibrary@gmail.com

ਜਿਹੜਾ ਬਣਤ ਬਣਾਂਵਦਾ, ਧਾਰ ਦਿਲੇ ਵਿੱਚ ਪਾਪ।

ਕਰਨ ਗਿਆ ਤਫ਼ਤੀਸ਼, ਉਹ ਟਾਪੂ ਅੰਡੇਮਾਨ।

ਕਾਲੇ ਪਾਣੀ ਆਖਦਾ, ਜਿਨੂੰ ਕੁੱਲ ਜਹਾਨ।

ਜਿਸ ਤੋਂ ਖ਼ਤਰਾ ਜਾਣਦੇ, ਹਿੰਦ ਅੰਦਰ ਅੰਗ੍ਰੇਜ਼।

ਦੇਸ਼ ਨਿਕਾਲਾ ਦੇ ਕੇ, ਏਥੇ ਦੇਂਦੇ ਭੇਜ।

ਸਜ਼ਾ ਏਸ ਥਾਂ ਕੱਟਦਾ, ਮੋਮਨ ਇੱਕ ਪਠਾਣ।

ਐਪਰ ਬੇਗੁਨਾਹ ਉਹ, ਫਸਿਆ ਏਥੇ ਆਣ।

ਉਸ ਨੇ ਅਰਜ਼ੀ ਲਿਖ ਕੇ, ਲੀਤੀ ਕਰ ਤਿਆਰ।

ਸੋਚੇ ਲਾਰਡ ਸਾਹਿਬ ਨੂੰ, ਅਰਜ਼ ਕਰਾਂ ਇੱਕ ਵਾਰ।

ਬੇਗੁਨਾਹਾ ਫਸ ਗਿਆ, ਕਰ ਵੇਖੋ ਤਫਤੀਸ਼।

ਦਿੱਤਾ ਫੜ੍ਹ ਕੇ ਦੋਖੀਆਂ, ਚੱਕੀ ਅੰਦਰ ਪੀਸ।

ਸ਼ੇਰ ਅਲੀ ਉਹ ਸਖਸ਼ ਸੀ, ਅਤੇ ਮੁਕਾਮ ਪਸ਼ੌਰ।

ਰੱਖ ਸ਼ਰੀਕਾਂ ਫਾਸਿਆ, ਦਿਲ ਦੇ ਅੰਦਰ ਖੋਰ।

ਆਖ ਆਖ ਸਰਕਾਰ ਨੂੰ, ਝੂਠੇ ਥੱਪ ਥੱਪ ਦੋਸ਼।

ਗੁਨਾਹਗਾਰ ਐਲਾਨਿਆ, ਮੈਂ ਬੰਦਾ ਨਿਰਦੋਸ਼।

ਉਹਨੇ ਲਾਰਡ ਕੋਲ ਜਾ, ਦਿੱਤੀ ਅਰਜ਼ ਗੁਜ਼ਾਰ।

ਐਪਰ ਲਾਰਡ ਤੁਰ ਗਿਆ, ਝਾਤ ਸਰਸਰੀ ਮਾਰ।

ਸ਼ੇਰ ਅਲੀ ਜਾਂ ਵੇਖਿਆ, ਕਿਸਮਤ ਦੇ ਗਈ ਹਾਰ।

ਲਾਰਡ ਦਾ ਜਾਂ ਵੇਖਿਆ, ਰੁੱਖਾ ਓਸ ਵਿਹਾਰ।
ਅੰਦਰ ਲਾਵਾ ਉਬਲਿਆ, ਭਰਿਆ ਗੁੱਸੇ ਨਾਲ।
ਮਨ ਵਿੱਚ ਆਖੇ ਗੋਰਿਆ, ਆਇਆ ਤੇਰਾ ਕਾਲ।
ਛੁਰੀ ਲੁਕਾ ਕੇ ਉਸ ਦੇ, ਪਿੱਛੇ ਗਿਆ ਜਵਾਨ।
ਰਸਤੇ ਵਿੱਚ ਖਲੋ ਗਿਆ, ਰੱਖ ਤਲੀ ਤੇ ਜਾਨ।
ਲਾਰਡ ਉੱਤਰ ਪੌੜੀਆਂ, ਹੇਠਾਂ ਧਰਿਆ ਪੈਰ।
ਬਿਜਲੀ ਡਿੱਗੀ ਉਸ ਤੇ, ਹੋ ਕੇ ਕਹਿਰੋ ਕਹਿਰ।
ਛੁਰਾ ਪੇਟ ਵਿੱਚ ਮਾਰ ਕੇ, ਦਿੱਤੀ ਖੇਡ ਮੁਕਾ।
ਮਾਰਨ ਵਾਲਾ ਮਰ ਗਿਆ, ਤੁਰਿਆ ਛੱਡ ਛੁਡਾ।
ਫਾਹੇ ਲਾਉਣੇ ਆਣ ਕੇ, ਸਨ ਜਿਸ ਨੇ ਗੁਰਸਿੱਖ।
ਸਤਿਗੁਰ ਉਹਨਾਂ ਦੇ ਸਣੇ, ਆਪ ਗਿਆ ਸੀ ਲਿਖ।
ਵਾਇਸਰਾਇ ਦੂਸਰਾ, ਆਇਆ ਓਸ ਮੁਕਾਮ।
ਉਹਨੇ ਰਾਇ ਓਸ ਦੀ, ਦਿੱਤੀ ਬਦਲ ਤਮਾਮ।
ਸਤਿਗੁਰ ਜੀ ਨੂੰ ਉਸ ਨੇ, ਭੇਜਣ ਲਈ ਰੰਗੂਨ।
ਨਵੇਂ ਸਿਰੇ ਤੋਂ ਘੜ ਕੇ, ਲਿਆਂਦੇ ਹੋਰ ਕਾਨੂੰਨ।

---o---

ਇੱਕ ਦਿਹਾੜੇ ਕਿਲੇ ਵਿੱਚ, ਬੈਠੇ ਚੱਲੀ ਬਾਤ।

ਸਹਿਜ ਸੁਭਾ ਆਖਿਆ, ਸਤਿਗੁਰ ਜੀ ਇਸ ਭਾਂਤ।

ਬਾਣੀ ਵੱਡੀ ਚੀਜ਼ ਹੈ, ਫੇਰ ਕਿਹਾ ਗੁਰ ਰਾਮ।

ਐਪਰ ਬਾਣੀ ਨਾੜ ਹੈ, ਕੇਵਲ ਸਿੱਟਾ ਨਾਮ।

ਫੇਰ ਆਖਿਆ ਨਾਮ ਤਾਂ, ਤੋਹ ਹੀ ਸਮਝੋ ਸਾਰ।

ਪੁੱਛੇ ਦਾਣਾ ਕੀ ਹੈ, ਸੂਬਾ ਸਿੰਘ ਜਵਾਹਰ।

ਸਤਿਗੁਰ ਜੀ ਨੇ ਆਖਿਆ, ਸਿੱਟਾ ਹੈ ਪ੍ਰਤੀਤ।

ਨਾਮ ਬਾਣੀਆਂ ਸਿਦਕ ਬਿਨ, ਜਾਣੋ ਸਸਤੀ ਰੀਤ।

ਐਪਰ ਹੈ ਸੀ ਕਿਲੇ ਦੀ, ਢੱਠੀ ਹੋਈ ਕੰਧ।

ਜਮਨਾ ਵਾਲੇ ਪਾਸਿਓਂ , ਨਾ ਪੁਖਤਾ ਪ੍ਰਬੰਧ।

ਜਾਂ ਡਿੱਠਾ ਸਰਕਾਰ ਨੇ, ਕਰ ਕੇ ਸੋਚ ਬਰੀਕ।

ਨਜ਼ਰ ਸੁਰੱਖਿਆ ਦੀ ਤੋਂ, ਇਹ ਕਿਲਾ ਨਾ ਠੀਕ।

ਨਾਲੇ ਇੱਕੋ ਥਾਂ ਤੇ, ਰੱਖਣੇ ਇਸ ਪ੍ਰਕਾਰ।

ਖਤਰਾ ਪੈਦਾ ਹੋਣ ਤੋਂ, ਡਰਦੀ ਸੀ ਸਰਕਾਰ।

ਏਸ ਲਈ ਅੰਗ੍ਰੇਜ਼ ਨੇ, ਭੇਜੇ ਦੂਰੋਂ ਦੂਰ।

ਕਰ ਕੇ ਵੱਖੋ ਵੱਖਰੇ, ਸੂਬੇ ਬਿਨਾ ਕਸੂਰ।

ਦੂਰ ਦਰਾਜ ਥਾਂ ਤੇ, ਦਿੱਤੇ ਏਥੋਂ ਘੱਲ।

ਇਹ ਜਾਣੋ ਸਰਕਾਰ ਨੇ, ਮਾਰੀ ਵੱਡੀ ਮੱਲ।

ਏਥੇ ਸਤਿਗੁਰ ਜੀ ਦੇ, ਰੱਖੇ ਸਨ ਜੋ ਨਾਲ।



Sri Satguru Jagjit Singh Ji eLibrary NamdhariElibrary@gmail.com

ਸੂਬੇ ਸਨ ਪ੍ਰਮੁੱਖ ਜੋ, ਸਾਰੇ ਕਰੋ ਖਿਆਲ।

ਲੱਖਾ ਸਿੰਘ, ਸਾਹਿਬ ਸਿੰਘ, ਸੂਬਾ ਸਿੰਘ ਜਵਾਹਰ।

ਬ੍ਰਹਮਾ ਸਿੰਘ ਤੇ ਰੂੜ ਸਿੰਘ, ਵੀ ਬੈਠੇ ਵਿਚਕਾਰ।

ਸਿੰਘ ਪਹਾੜਾ, ਕਾਹਨ ਸਿੰਘ, ਸੂਬਾ ਸਿੰਘ ਮਲੂਕ।

ਹੁਕਮਾ ਸਿੰਘ ਤੇ ਮਾਨ ਸਿੰਘ, ਬੈਠੇ ਨਾਲ ਸਲੂਕ।

ਬਿਸ਼ਨਪੁਰੇ ਦਾ ਪਕੜਿਆ, ਮੰਗਲ ਸਿੰਘ ਸਰਦਾਰ।

ਮਹਾਰਾਜੇ ਪਟਿਆਲੀਏ, ਕੱਢੀ ਕੋਈ ਖਾਰ।

ਕੋਈ ਤਨਾਜਾ ਉਸ ਦਾ, ਮਹਾਰਾਜੇ ਦੇ ਨਾਲ।

ਬਦਲਾ ਉਹਨੇ ਲੈ ਲਿਆ, ਵੇਖ ਹਵਾ ਦੀ ਚਾਲ।

ਕੂਕਾ ਸੀ ਉਹ ਹੋ ਗਿਆ, ਹੈ ਸੀ ਬੜਾ ਰਈਸ।

ਕੀਤਾ ਉਸ ਵਕੀਲ ਫਿਰ, ਭਰ ਕੇ ਵੱਡੀ ਫੀਸ।

ਉਹ ਇਕੱਲਾ ਏਸ ਲਈ, ਰਿਹਾ ਇਲਾਹਾਬਾਦ।

ਬਾਕੀ ਭੇਜੇ ਦੂਰ ਸਨ, ਕੈਦੀ ਬੇ-ਮਿਆਦ।

ਛੱਡ ਦਿੱਤਾ ਸੀ ਉਸ ਨੂੰ, ਕੁਝ ਦਿਨਾਂ ਦੇ ਬਾਅਦ।

ਕਿਉਂਕਿ ਸਤਿਗੁਰੂ ਜੀ ਨੇ, ਕੀਤਾ ਸੀ ਇਰਸ਼ਾਦ।

ਜਿਹੜੇ ਰਾਜੇ ਭੇਜਿਆ, ਉਸੇ ਲਿਆ ਬੁਲਾ।

ਉਸੇ ਦੀ ਫ਼ਰਮਾਇਸ਼ ਤੇ, ਵਾਪਸ ਪਹੁੰਚਾ ਆ।

---o---

ਪਹਾੜਾ ਸਿੰਘ, ਮਲੂਕ ਸਿੰਘ, ਰੂੜ ਸਿੰਘ ਕਰ ਵੱਖ।

ਕਿਲੇ ਸੀ ਗੜ੍ਹ ਵਿੱਚ, ਭੇਜੇ ਨੇ ਪ੍ਰਤੱਖ।

ਵਿਚ ਬਹੱਤਰ ਈਸਵੀ, ਕੀਤੀ ਸੀ ਇਹ ਕਾਰ।

ਏਸ ਕਿਲੇ ਨੂੰ ਆਖਦੇ, ਨੇ ਦੱਖਣ ਦਾ ਦੁਆਰ।

ਸਤ ਪੁੜਾ ਪਹਾੜੀਆਂ, ਉੱਤੇ ਹੈ ਅਸਥਿਤ।

ਉੱਚਾ ਅਤੇ ਸੁਰੱਖਿਅਤ, ਇਹ ਸਥਾਨ ਅਜਿੱਤ।

ਏਸ ਕਿਲੇ ਵਿੱਚ ਰਹਿੰਦਿਆਂ, ਬਾਰਾਂ ਸਾਲਾਂ ਬਾਅਦ।

ਸੂਬਾ ਰੂੜ ਸਿੰਘ ਸਨ, ਛੱਡ ਗਏ ਸੰਸਾਰ।

ਸੂਬਾ ਮਾਨ ਸਿੰਘ ਤੇ, ਹੁਕਮਾ ਸਿੰਘ ਸਰਦਾਰ।

ਭੇਜੇ ਕਿਲੇ ਚੁਨਾਰ ਦੇ, ਅੰਦਰ ਸਨ ਸਰਕਾਰ।

ਕੰਢੇ ਗੰਗਾ ਨਦੀ ਦੇ, ਸ਼ਹਿਰ ਬਨਾਰਸ ਪਾਸ।

ਬਣਿਆ ਕਿਲਾ ਚੁਨਾਰ ਦਾ, ਬਹੁਤ ਪੁਰਾਤਨ ਖਾਸ।

ਏਸ ਕਿਲੇ ਦਾ ਹੋਰ ਵੀ, ਹੈ ਇਤਿਹਾਸਕ ਪੱਖ।

ਜਿੰਦਾਂ ਰਾਣੀ ਏਸ ਥਾਂ, ਕੈਦ ਰਹੀ ਸੀ ਵੱਖ।

ਨਾਲ ਉਸ ਦੇ ਕੈਦ ਸਨ, ਉਸਦੇ ਕਈ ਵਜ਼ੀਰ।

ਪੁੱਠੀ ਹੋ ਗਈ ਜਿਨ੍ਹਾਂ ਸੀ, ਲੋਕ ਕਹਿਣ ਤਕਦੀਰ।

ਉਹਨਾਂ ’ਚੋਂ ਇੱਕ ਓਸ ਦਾ, ਬੂਟਾ ਸਿੰਘ ਦੀਵਾਨ।



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆਂ ਵਿੱਚ ਸੀ, ਉਸ ਦਾ ਬਹੁ ਸਨਮਾਨ।

ਨਾਮਧਾਰੀਆ ਹੋ ਗਿਆ, ਵੱਸੇ ਵਿੱਚ ਲਹੌਰ।

ਛਾਪਾ ਖਾਨਾ ਖੋਹਲਿਆ, ਉਹਨੇ ਕਰ ਕੇ ਗੌਰ।

ਚੀਨੀ ਵਾਲੇ ਏਸ ਤੋਂ, ਜਾਣੇ ਸਾਰਾ ਪੰਥ।

ਪਹਿਲੀ ਵਾਰ ਛਪਾ ਕੇ, ਲਿਆਂਦੇ ਆਦਿ ਗ੍ਰੰਥ।

ਰੱਖੇ ਸਨ ਅੰਗ੍ਰੇਜ਼ ਨੇ, ਮਾਤ ਭੁਮ ਤੋਂ ਦੂਰ।

ਹਾਰੇ ਹਾਕਮ ਦੇਸ਼ ਦੇ, ਮਤ ਕੋਈ ਕਰਨ ਫਤੂਰ।

ਐਪਰ ਜਿੰਦਾਂ ਫੇਰ ਵੀ, ਅੱਖੀਂ ਘੱਟਾ ਪਾ।

ਦੌੜ ਗਈ ਸੀ ਕਿਲੇ 'ਚੋਂ, ਲਾ ਕੇ ਸਾਰੀ ਵਾਹ।

ਰੁਲਦੀ ਖੁਲਦੀ ਪਹੁੰਚ ਗਈ, ਅੰਦਰ ਦੇਸ਼ ਨੇਪਾਲ।

ਜੰਗ ਬਹਾਦਰ ਉਸ ਨੂੰ, ਦਿੱਤੀ ਸ਼ਰਨ ਕਮਾਲ।

ਏਸ ਕਿਲੇ ਦੇ ਵਿੱਚ ਹੁਣ, ਦੋਵੇਂ ਕੂਕੇ ਸ਼ੇਰ।

ਡੱਕੇ ਆ ਅੰਗ੍ਰੇਜ਼ ਨੇ, ਗਿਣੇ ਮਿਥੇ ਬਿਨ ਦੇਰ।

---o---

ਮਾਨ ਸਿੰਘ ਦੀ ਸਿੰਘਣੀ, ਜਿਊਣੀ ਝੱਲ ਤਰਾਸ।

ਪਹੁੰਚੀ ਕਿਲੇ ਚੁਨਾਰ ਲੈ, ਪਤੀ ਮਿਲਣ ਦੀ ਆਸ।

ਦੋ ਮਹੀਨੇ ਬੈਠ ਕੇ, ਕਰਦੀ ਰਹੀ ਉਡੀਕ।



Sri Satguru Jagjit Singh Ji eLibrary NamdhariElibrary@gmail.com

ਪਰ ਇਜ਼ਾਜਤ ਉਸ ਨੂੰ, ਦਿੱਤੀ ਕਿਸੇ ਨਾ ਠੀਕ।

ਭਰਤਾ ਅੰਦਰ ਕਿਲੇ ਦੇ, ਦਰਵਾਜ਼ੇ ਤੇ ਨਾਰ।

ਲੱਖ ਜਤਨ ਦੇ ਬਾਅਦ ਵੀ, ਹੋਇਆ ਨਹੀਂ ਦੀਦਾਰ।

ਡਾਢੇ ਪੱਥਰ ਦਿਲਾਂ ਦੇ, ਪਾਪੀ ਗੋਰੇ ਲੋਕ।

ਜੋ ਹੰਝੂ ਬੇਬਸੀ ਦੇ, ਸੱਕੇ ਨਹੀਂ ਅਲੋਕ।

ਪੰਘਰਿਆ ਨਾ ਕਿਸੇ ਦਾ, ਹਾਲ ਵੇਖ ਜ਼ਜਬਾਤ।

ਨਾ ਪਵਾਈ ਕਿਸੇ ਨੇ, ਦੂਰੋਂ ਵੀ ਇੱਕ ਝਾਤ।

ਜ਼ਬਰ ਜ਼ੁਲਮ ਦੀ ਹੋਰ, ਕੀ ਹੋਵੇਗੀ ਤਸਵੀਰ।

ਜਾਮਾ ਮਾਨਵਤਾ ਦਾ, ਕੀਤਾ ਲੀਰੋ ਲੀਰ।

ਰੋਜ਼ ਕਿਲੇ ਦੇ ਸਾਹਮਣੇ, ਬੈਠੇ ਕਰ ਵਿਸ਼ਵਾਸ।

ਸ਼ਾਇਦ ਭਰਤਾ ਮਿਲਣ ਦੀ, ਪੂਰੀ ਹੋਵੇ ਆਸ।

ਐਪਰ ਵਾਪਸ ਆ ਗਈ, ਹੋ ਕੇ ਬਹੁਤ ਨਿਰਾਸ਼।

ਆਖੇ ਤੇਰਾ ਬਿੱਲਿਆ, ਹੋਵੇ ਸਤਿਆਨਾਸ਼।

---o---

ਸੂਬਾ ਲੱਖਾ ਸਿੰਘ ਤੇ, ਸੂਬਾ ਸਿੰਘ ਜਵਾਹਰ।

ਬ੍ਰਹਮਾ ਸਿੰਘ ਦੇ ਨਾਲ, ਹੀ ਘੱਲੇ ਸਾਗਰ ਪਾਰ।

ਬਰਮਾ ਅੰਦਰ ਮੌਲਮੀਨ, ਜਿੱਥੇ ਕੀਤੇ ਬੰਦ।

ਬੇ-ਮਿਆਦੀ ਕੈਦ ਵਿੱਚ, ਭੇਜੇ ਗੈਰਤ ਮੰਦ।

ਸੂਬਾ ਜਵਾਹਰ ਸਿੰਘ ਤਾਂ, ਗਏ ਸਵਰਗ ਸਿਧਾਰ।

ਮੌਲਮੀਨ ਦੇ ਵਿੱਚ ਹੀ, ਛੱਡ ਗਏ ਸੰਸਾਰ।

ਸੂਬਾ ਬ੍ਰਹਮਾ ਸਿੰਘ ਨੂੰ, ਛੱਡ ਦਿੱਤਾ ਸਰਕਾਰ।

ਵਾਪਸ ਪਰਤੇ ਦੇਸ਼ ਉਹ, ਉੱਥੋਂ ਇਸ ਪ੍ਰਕਾਰ।

ਸੂਬਾ ਲੱਖਾ ਸਿੰਘ ਦੀ, ਹੋਈ ਸਿਹਤ ਖਰਾਬ।

ਐਪਰ ਨਾ ਅੰਗ੍ਰੇਜ਼ ਨੇ, ਭੇਜੇ ਦੇਸ਼ ਪੰਜਾਬ।

ਦਿੱਤਾ ਹੁਕਮ ਵਿਸ਼ੇਸ਼ ਸੀ, ਕਰਕੇ ਜੇਲ੍ਹੋਂ ਬਾਹਰ।

ਮੌਲਮੀਨ ਦੇ ਵਿੱਚ ਹੀ, ਜੀਵਨ ਲਵੋ ਗੁਜ਼ਾਰ।

ਪੈਨਸ਼ਨ ਵੀ ਸਰਕਾਰ ਨੇ, ਦਿੱਤੀ ਫੇਰ ਲਗਾ।

ਬਰਮੀ ਔਰਤ ਨਾਲ ਉਸ, ਸ਼ਾਦੀ ਲਈ ਕਰਾ।

ਪੁੱਤਰੀਆਂ ਦੋ ਉਸ 'ਚੋਂ, ਪੈਦਾ ਹੋਈਆਂ ਜਾਣ।

ਵੱਸੇ ਬਰਮਾ ਦੇਸ਼ ਵਿੱਚ, ਮੌਕਾ ਵਕਤ ਪਛਾਣ।

ਐਪਰ ਉਥੇ ਰਹਿੰਦਿਆਂ, ਗਏ ਸਵਰਗ ਸਿਧਾਰ।

ਵਾਪਸ ਪਰਤ ਪੰਜਾਬ ਨਾ, ਉਹ ਆਏ ਇੱਕ ਵਾਰ।

ਸੂਬਾ ਸਾਹਿਬ ਸਿੰਘ ਤੇ, ਕਾਹਨ ਸਿੰਘ ਨਿਹੰਗ।



Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਤੋਂ ਸਨ ਜਾਪਦੇ, ਗੋਰੇ ਬਹੁਤੇ ਤੰਗ।

ਉਹ ਇਲਾਹਾਬਾਦ ਤੋਂ, ਅਦਨ ਪੁਚਾਏ ਫੇਰ।

ਡੱਕੇ ਅੰਦਰ ਪਿੰਜਰੇ, ਦੋਵੇਂ ਬੱਗੇ ਸ਼ੇਰ।

ਉਹ ਦੋਵੇਂ ਹੀ ਗਏ ਸਨ, ਰਾਜੇ ਕੋਲ ਨੇਪਾਲ।

ਭੇਜੇ ਸਤਿਗੁਰ ਜੀ ਨੇ, ਕਰਕੇ ਬੜਾ ਖਿਆਲ।

ਸੂਬੇ ਦੋਵੇਂ ਹੋ ਗਏ, ਉਥੇ ਜਦੋਂ ਬੀਮਾਰ।

ਜਲਵਾਯੂ ਪਰਿਵਰਤਨ ਨਾ, ਆਇਆ ਰੁਕਸਾਰ।

ਇਹ ਵੇਖ ਸਰਕਾਰ ਨੇ, ਵਿੱਚ ਹਜ਼ਾਰੀ ਬਾਗ।

ਬਦਲੀ ਕੀਤੀ ਜੇਲ੍ਹ ਦੀ, ਨਹੀਂ ਬਦਲਿਆ ਰਾਗ।

ਸੂਬਾ ਸਾਹਿਬ ਸਿੰਘ ਤਾਂ, ਛੱਡ ਤੁਰੇ ਸੰਸਾਰ।

ਵਿੱਚ ਅਠੱਤਰ ਈਸਵੀ, ਗਏ ਸਵਰਗ ਸਿਧਾਰ।

ਰਹੇ ਇਕੱਲੇ ਕਾਹਨ ਸਿੰਘ, ਇਹ ਵੇਖ ਸਰਕਾਰ।

ਉਹਨਾਂ ਤਾਈਂ ਭੇਜਿਆ, ਅੰਦਰ ਕਿਲੇ ਚੁਨਾਰ।

ਉਮਰ ਵਡੇਰੀ ਵੇਖ ਕੇ, ਖਤਰਾ ਘੱਟ ਪਛਾਣ।

ਛੱਡ ਦਿੱਤੇ ਸਰਕਾਰ ਨੇ, ਕਰ ਪੂਰੀ ਪੁਣ-ਛਾਣ।

ਪਿੰਡ ਆਪਣੇ ਆਣ ਕੇ, ਕੁਛ ਬਿਤਾਏ ਸਾਲ।

ਫਿਰ ਅੰਮ੍ਰਿਤਸਰ ਤੁਰ ਗਏ, ਉਹ ਗੁਰੂ ਦੇ ਲਾਲ।

ਬਾਕੀ ਉਮਰਾ ਉਸ ਥਾਂ, ਰਹਿੰਦੇ ਦਈ ਗੁਜ਼ਾਰ।

ਅੰਦਰ ਸੰਨ ਸਤਾਨਵੇਂ, ਪਹੁੰਚੇ ਹਰੀ ਦੁਆਰ।

ਨੋਟ : ਪੰਜ ਸੂਬੇ ਜੋ ਰਿਹਾਅ ਕੀਤੇ, ਉਹਨਾਂ ਤੇ ਸ਼ਰਤ ਸੀ ਕਿ ਉਹ ਭੈਣੀ ਸਾਹਿਬ ਨਹੀਂ ਜਾਣਗੇ ਅਤੇ ਨਾ ਹੀ ਓਹ ਕੂਕਿਆਂ ਨੂੰ ਖੁੱਲ੍ਹਾ ਮਿਲ ਸੱਕਦੇ ਸਨ।

ਪੰਜ* ਪਾ ਗਏ ਸ਼ਹੀਦੀਆਂ, ਬੰਦੀ ਦੇ ਵਿਚਕਾਰ।

ਬਾਕੀ ਬਚਦੇ ਫੇਰ ਸਨ, ਛੱਡ ਦਿੱਤੇ ਸਰਕਾਰ।

ਮਹਾਰਾਣੀ ਵਿਕਟੋਰੀਆ, ਦੇ ਵਿੱਚ ਸ਼ਾਸ਼ਨ ਕਾਲ।

ਆਇਆ ਜ਼ੁਬਲੀ ਗੋਲਡਨ, ਉਹਦੀ ਵਾਲਾ ਸਾਲ।

ਜਿਹੜੇ ਜਿਹੜੇ ਦੇਸ਼ ਤੇ, ਹੈ ਸੀ ਉਹਦਾ ਰਾਜ।

ਜਸ਼ਨ ਮਨਾਓ ਆਖਿਆ, ਉਹਨੇ ਕੁਝ ਸਮਾਜ।

ਛੱਡੇ ਏਸ ਸੰਬੰਧ ਵਿੱਚ, ਕੈਦੀ ਉਹਨਾਂ ਫੇਰ।

ਜੇਲ੍ਹਾਂ ਅੰਦਰ ਜਿਨ੍ਹਾਂ ਨੂੰ, ਬੀਤੀ ਬਹੁਤੀ ਦੇਰ।

ਸੂਬੇ ਇਸ ਅਨੁਸਾਰ ਹੀ ਹੋਏ ਫੇਰ ਰਿਹਾ।

ਐਪਰ ਇੱਕ ਦੋ ਅਜੇ ਵੀ, ਰੱਖੇ ਕੈਦ ਕਰਾ।

ਉਹਨਾਂ ਕੋਲੋਂ ਅਜੇ ਵੀ, ਡਰਦੀ ਸੀ ਸਰਕਾਰ।

ਏਸ ਲਈ ਨਾ ਉਸ ਨੇ, ਛੱਡੇ ਇਸ ਪ੍ਰਕਾਰ।

* ਸਾਹਿਬ ਸਿੰਘ, ਪਹਾੜਾ ਸਿੰਘ, ਜਵਾਹਰ ਸਿੰਘ, ਅਰੂੜ ਸਿੰਘ ਕੈਦ ਵਿੱਚ ਤੇ ਮਾਂਡਲੇ ਹੀ ੫ ਫਰਵਰੀ ੧੯੦੩ ਈ. ਨੂੰ ਲੱਖਾ ਸਿੰਘ ਚੜ੍ਹੇ।

ਬਾਕੀ ਸੂਬੇ ਰਹਿ ਗਏ, ਜਿਹੜੇ ਅੰਦਰ ਦੇਸ਼।

ਉਹਨਾਂ ਦਾ ਵੀ ਹਾਲ ਮੈਂ, ਦੱਸਾਂ ਕੁਝ ਵਿਸ਼ੇਸ਼।

ਸੂਬਾ ਸੁੱਧ ਸਿੰਘ ਜੀ, ਵੱਸਣ ਵਿੱਚ ਸੰਢੌਰ।

ਕਰਦੇ ਸਨ ਪ੍ਰਚਾਰ ਇਹ, ਰਹਿ ਕੇ ਏਸੇ ਠੌਰ।

ਅੰਦਰ ਫੱਤੇਵਾਲ ਦੇ, ਵੱਸੇ ਸਿੰਘ ਭਗਵਾਨ।

ਸੂਬਾ ਲਾਲੂਵਾਲ ਵਿੱਚ, ਸੁਰਮੁਖ ਸਿੰਘ ਸੁਜਾਨ।

ਸੂਬਾ ਗਿਆਨੀ ਰਤਨ ਸਿੰਘ, ਹੋਇਆ ਜਾਣ ਸ਼ਹੀਦ।

ਮੰਡੀ ਕਲਾਂ 'ਚ ਜਨਮਿਆ, ਵੇਖੋ ਕਰ ਤਨਕੀਦ।

ਸੂਬਾ ਰਾਜਾ ਸਿੰਘ ਦਾ, ਜ਼ਿਲ੍ਹਾ ਸਿਆਲਕੋਟ।

ਪਿੰਡ ਤਰਾਂਡੀ ਵੱਸਦਾ, ਲੈ ਸਤਿਗੁਰ ਦੀ ਓਟ।

ਸੂਬਾ ਸਿੰਘ ਜਮੀਤ ਸੀ, ਗੁਰੂ ਪਿਆਰਾ ਗਿੱਲ।

ਰਹੇ ਸਿਆਲਕੋਟ ਤੇ, ਭੈਣੀ ਅੰਦਰ ਦਿਲ।

ਸੂਬੇ ਸਿੰਘ ਨਰਾਇਣ ਦਾ, ਚਹਾਰਮੀ ਖਟੜਾ ਪਿੰਡ।

ਇਹ ਲੁਧਿਆਣੇ ਜ਼ਿਲ੍ਹੇ ਦਾ, ਬਿੱਲੇ ਲਈ ਭਰਿੰਡ।

ਇਹਨਾਂ ਤਾਈਂ ਲੱਭ ਲੱਭ, ਥੱਕ ਗਈ ਸਰਕਾਰ।

ਐਸੋ ਹੋਏ ਗੁਪਤ ਇਹ, ਮਿਲੇ ਨਹੀਂ ਇੱਕ ਵਾਰ।

ਸੂਬੇ ਜੋਤਾ ਸਿੰਘ ਦਾ, ਪਿੰਡ ਢਪਈ ਜਾਣ।

ਵਿੱਚ ਸਿਆਲਕੋਟ ਦੇ, ਉਹਦੀ ਭਲੀ ਪਛਾਣ।

ਸੂਬਾ ਸੀ ਖੁਸ਼ਹਾਲ ਸਿੰਘ, ਰਹਿੰਦਾ ਵਿੱਚ ਥਰਾਜ।

ਅੰਦਰ ਜਿਲੇ ਹਿਸਾਰ ਦੇ, ਆਖਣ ਦੂਰ ਦਰਾਜ।

ਰੁਤਬਾ ਉੱਚਾ ਪਾ ਲਿਆ, ਸਾਰੇ ਵਿੱਚ ਸਮਾਜ।

ਹਰ ਕਿਸੇ ਨੂੰ ਅੱਜ ਵੀ, ਹੈ ਉਹਨਾਂ ਤੇ ਨਾਜ।

ਮਾਤਾ ਜੀਵਨ ਕੌਰ ਦੇ, ਪਿਤਾ ਹੋਣ ਦਾ ਮਾਣ।

ਮਿਲਿਆ ਹੈ ਸੀ ਆਪ ਨੂੰ, ਵੱਖਰੀ ਬਣੀ ਪਛਾਣ।

ਸੂਬਾ ਇੱਕ ਸਮੁੰਦ ਸਿੰਘ, ਖੋਟੇ ਦਾ ਵਸਨੀਕ।

ਜ਼ਿਲ੍ਹੇ ਫਿਰੋਜ਼ਪੁਰੇ ਦਾ, ਉਹ ਬਸ਼ਿੰਦਾ ਠੀਕ।

ਕਾਰਜ ਕਰਮ ਲੁਹਾਰ ਦਾ, ਸੂਬਾ ਸਿੰਘ ਖਜ਼ਾਨ।

ਜ਼ਿਲ੍ਹਾ ਜਲੰਧਰ ਏਸ ਦਾ, ਪਿੰਡ ਲਧਾਣਾ ਜਾਣ।

ਸੂਬਾ ਰਹੇ ਗੋਪਾਲ ਸਿੰਘ, ਰੱਖੜ ਵਿੱਚ ਮਰੋੜ।

ਇਹ ਪਟਿਆਲੇ ਜ਼ਿਲ੍ਹੇ ਵਿੱਚ, ਰਿਹਾ ਜੋੜਦਾ ਜੋੜ।

ਇਹ ਸੂਬੇ ਸਭ ਘਰਾਂ ਵਿੱਚ, ਕਰਕੇ ਰੱਖੇ ਬੰਦ।

ਮਤੇ ਬਗਾਵਤ ਵਾਲੜੇ, ਜੋੜ ਲੈਣ ਮੁੜ ਤੰਦ।



Sri Satguru Jagjit Singh Ji eLibrary NamdhariElibrary@gmail.com

ਪਏ ਲਵਾਉਣੀ ਹਾਜ਼ਰੀ, ਸਭ ਨੂੰ ਸ਼ਾਮ ਸਵੇਰ।

ਹਮਸਾਏ ਵੀ ਵੇਖ ਕੇ, ਬੈਠੇ ਅੱਖਾਂ ਫੇਰ।

---o---

ਡਰਦੇ ਸਿੱਖਾਂ ਬਹੁਤਿਆਂ, ਬਦਲ ਲਏ ਨੇ ਰਾਹ।

ਕੱਚੇ ਪਿੱਲੇ ਕੂਕਿਆਂ, ਕੱਛਾਂ ਸੁੱਟੀਆਂ ਲਾਹ।

ਜੋ ਬਣੇ ਸਨ ਖਾਣ ਲਈ, ਕੇਵਲ ਖੀਰ ਕੜਾਹ।

ਪਏ ਨਿਸ਼ਾਨ ਮਿਟਾਂਵਦੇ, ਮਲ ਮਲ ਵੇਖ ਸੁਆਹ।

ਦੁਸ਼ਮਣ ਹੋਏ ਕੂਕਿਆਂ, ਗਲੀਆਂ ਦੇ ਵੀ ਕੱਖ।

ਨਜ਼ਰੀਂ ਸ਼ੱਕੀ ਵੇਖਦੇ, ਰੱਖਣ ਕੈਰੀ ਅੱਖ।



Sri Satguru Jagjit Singh Ji eLibrary NamdhariElibrary@gmail.com

## ਕਾਂਡ - ੨੦

### ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਿੱਖਾਂ ਨੇ ਮਿਲਣ ਜਾਣਾ

ਅਠਾਰਾਂ ਸੌ ਬਹੱਤਰਾ, ਜਾਣ ਈਸਵੀ ਸਾਲ।

ਦਸ ਮਾਰਚ ਨੂੰ ਹਾਵੜਾ, ਪਹੁੰਚੇ ਦੀਨ ਦਿਆਲ।

ਕੈਦੀ ਕਰਨੇ ਰਾਜਸੀ, ਬ੍ਰਿਟਿਸ਼ ਬਰਮਾ ਭੇਜ।

ਕੀਤਾ ਸਖਤੀ ਨਾਲ ਸੀ, ਹੁਕਮ ਆਪ ਅੰਗ੍ਰੇਜ਼।

ਅੱਗੇ ਫਿਰ ਕਲਕੱਤਿਓਂ, ਬਹਿਰੀ ਵਿੱਚ ਜਹਾਜ਼।

ਦਿੱਤੇ ਭੇਜ ਰੰਗੂਨ ਨੂੰ, ਕੀਤਾ ਨਹੀਂ ਲਿਹਾਜ।

ਸੇਵਨ ਨਾਨੂੰ ਸਿੰਘ ਹੀ, ਹੈ ਸੀ ਕੇਵਲ ਨਾਲ।

ਜਿਹੜਾ ਸਤਿਗੁਰ ਜੀ ਦੀ, ਸੇਵਾ ਕਰੇ ਕਮਾਲ।

ਸਤਿਗੁਰ ਜੀ ਨੂੰ ਭੇਜ ਕੇ, ਝਟਪਟ ਫੇਰ ਰੰਗੂਨ।

ਜਾਣ ਲਵੋ ਅੰਗ੍ਰੇਜ਼ ਨੂੰ, ਆਇਆ ਜਰਾ ਸਕੂਨ।

---o---

ਸ੍ਰੀ ਸਤਿਗੁਰੂ ਰਾਮ ਸਿੰਘ, ਪਹੁੰਚੇ ਆਣ ਰੰਗੂਨ।

ਕੀਤੇ ਕੈਦ ਫਰੰਗੀਆਂ, ਵੇਖੋ ਬਿਨਾ ਕਾਨੂੰਨ।

ਓਥੇ ਅੰਦਰ ਜੇਲ੍ਹ ਦੇ, ਉਹਨਾਂ ਫੱਟੇ ਜੋੜ।



Sri Satguru Jagjit Singh Ji eLibrary NamdhariElibrary@gmail.com

ਵਲਿਆ ਵਾੜਾ ਵੱਖਰਾ, ਵੇਖ ਵਕਤ ਦੀ ਲੋੜ।

ਦਿੱਤੀਆਂ ਸਭ ਸਹੂਲਤਾਂ, ਕਰ ਕੇ ਬੜਾ ਧਿਆਨ।

ਕੈਦੀ ਰਾਜੇ ਵਾਂਗਰਾਂ, ਉੱਚੀ ਜਿਸ ਦੀ ਸ਼ਾਨ।

ਅੰਦਰ ਅੰਦਰ ਫਿਰਨ ਦੀ, ਦਿੱਤੀ ਪੂਰੀ ਖੁੱਲ੍ਹ।

ਐਪਰ ਦੁਨੀਆਂ ਬਾਹਰ ਦੀ, ਆਖਣ ਜਾਓ ਭੁੱਲ।

ਸੇਵਾ ਖਾਤਰ ਉਸ ਥਾਂ, ਲਾਏ ਹਿੰਦੂ ਤਿੰਨ।

ਰੱਖੇ ਸਤਿਗੁਰ ਜੀ ਨੇ, ਜੋ ਹੋ ਕੇ ਪ੍ਰਸੰਨ।

ਚੌਥਾ ਸੇਵਕ ਆਪਦਾ, ਨਾਨੂੰ ਸਿੰਘ ਵੀਚਾਰ।

ਜਿਸ ਦੇ ਅੰਦਰ ਵੱਸਿਆ, ਪਿਆਰ ਅਤੇ ਸਤਿਕਾਰ।

ਜੋ ਆਇਆ ਸੀ ਚੱਲ ਕੇ, ਮਨ ਮਰਜ਼ੀ ਦੇ ਨਾਲ।

ਲੈ ਕੇ ਸ਼ਰਧਾ ਭਾਵਨਾ, ਵਾਲੇ ਨੇਕ ਖਿਆਲ।

ਮਨ ਮਰਜ਼ੀ ਦੀ ਦੇਂਵਦੇ, ਭਾਵੇਂ ਖਾਧ ਖੁਰਾਕ।

ਫਲ ਮੇਵੇ ਤੇ ਦੁੱਧ ਘਿਓ, ਰਗਜਾ ਪਵਿੱਤਰ ਪਾਕ।

ਫਿਰ ਵੀ ਆਖਣ ਏਸ ਥਾਂ, ਹੁੰਮਸ ਹੋਏ ਢੇਰ।

ਰਾਤ ਗਵਾਚੇ ਜਾਗ ਕੇ, ਚੈਨ ਗਵਾਚੇ ਫੇਰ।

ਕੀਤੀ ਸੀ ਅਧਿਕਾਰੀਆਂ, ਤਾਈਂ ਆਪ ਸ਼ਿਕਾਇਤ।

ਇਹ ਵੇਖ ਅੰਗ੍ਰੇਜ਼ ਨੇ, ਦਿੱਤੀ ਖਾਸ ਰਿਆਇਤ।

ਛਾਉਣੀ ਅੰਦਰ ਬੰਗਲਾ, ਜਿਹੜਾ ਆਖਣ ਡਾਕ।



. Sri Satguru Jagjit Singh Ji eLibrary NamdhariElibrary@gmail.com .

ਮੁਗਲ ਬਾਦਸ਼ਾਹ ਆਖਰੀ, ਰਲਿਆ ਜਿੱਥੇ ਖਾਕ।

ਰਿਹਾ ਬਹਾਦਰ ਸ਼ਾਹ ਸੀ, ਇਹਦੇ ਅੰਦਰ ਬੰਦ।

ਉਸੇ ਵਿੱਚ ਰਿਹਾਇਸ਼ ਦਾ, ਕਰ ਦਿੱਤਾ ਪ੍ਰਬੰਧ।

ਹਫਤੇ ਅੰਦਰ ਤਿੰਨ ਦਫਾ, ਕਹਿਣ ਕਰਾਓ ਸੈਰ।

ਘੋੜਾ ਬੱਘੀ ਭੇਜ ਕੇ, ਪਾਉਣ ਨਾ ਭੁੰਜੇ ਪੈਰ।

ਨਾਲੇ ਆਖਣ ਜੇਲ੍ਹ ਵਿੱਚ, ਖਤਰਾ ਸੀ ਇਸ ਭਾਂਤ।

ਮਤੇ ਕੈਦੀਆਂ ਨਾਲ ਨਾ, ਰਮਜ ਰਲਾਵਣ ਰਾਤ।

ਬਾਲ ਦੇਣ ਨਾ ਏਸ ਥਾਂ, ਵੀ ਵਿਦਰੋਹੀ ਅੱਗ।

ਕਰਕੇ ਮੂਰਖਤਾ ਕਿਉਂ, ਅਸੀਂ ਹਸਾਈਏ ਜੱਗ।

ਰੱਖੀਆਂ ਮੱਦੇਨਜ਼ਰ ਇਹ, ਗੱਲਾਂ ਸੱਭੇ ਖਾਸ।

ਡਾਕ ਬੰਗਲੇ ਰੱਖਣਾ ਮਤਾ, ਕਰਾਇਆ ਪਾਸ।

ਫੇਰ ਲਿਆ ਕੇ ਜੇਲ੍ਹ ’ਚੋਂ, ਏਥੇ ਨਵੇਂ ਅਵਾਸ।

ਸਤਿਗੁਰ ਕੀ ਦਾ ਸਾਜਿਆ, ਉਹਨਾਂ ਨਵਾਂ ਨਿਵਾਸ।

---o---

ਕਰ ਲੈਂਦੇ ਸਨ ਬੰਦਗੀ, ਇੱਕ ਮਨ ਹੋ ਇੱਕ ਚਿੱਤ।

ਐਪਰ ਪੜ੍ਹਦੇ ਬਾਣੀਆਂ, ਵੀ ਉਹ ਹੈ ਸਨ ਨਿੱਤ।

ਏਸ ਲਈ ਸਰਕਾਰ ਤੋਂ, ਮੰਗੀਆਂ ਕਰ ਵੀਚਾਰ।



. Sri Satguru Jagjit Singh Ji eLibrary NamdhariElibrary@gmail.com .

ਗੁਰਬਾਣੀ ਦੀਆਂ ਪੋਥੀਆਂ, ਉਹਨਾਂ ਇਸ ਪ੍ਰਕਾਰ।

ਪੰਜ ਗ੍ਰੰਥੀ ਜਿਸ ਵਿੱਚ, ਦੱਖਣੀ ਇੱਕ ਓਂਕਾਰ।

ਬਾਵਨ ਅੱਖਰੀ ਸੁਖਮਣੀ, ਤੇ ਆਸਾ ਦੀ ਵਾਰ।

ਹੋਏ ਕੀਰਤਨ ਸੋਹਿਲਾ, ਪੜ੍ਹੀਏ ਰੋਜ਼ ਅਲੋਕ।

ਹੋਵਨ ਨਾਵੇਂ ਗੁਰਾਂ ਦੀ, ਬਾਣੀ ਸਣੇ ਸਲੋਕ।

ਹੱਥ ਲਿਖਤ ਦੀ ਭੇਜਣੀ, ਛਾਪੇ ਦੀ ਨਾ ਮੂਲ।

ਹੋਵੇ ਜਿਹੜੀ ਕਿਸੇ ਵੀ, ਗਲਤੀ ਤੋਂ ਨਿਰਮੂਲ।

ਦਸ ਗ੍ਰੰਥੀ ਦੂਸਰੀ, ਬਾਣੀ ਜੋ ਦਸਮੇਸ਼।

ਇਹਦੇ ਅੰਦਰ ਬਾਣੀਆਂ, ਲਿਖੀਆਂ ਹੋਣ ਵਿਸ਼ੇਸ਼।

ਅਕਾਲ ਉਸਤਤ, ਜਾਪ ਸਾਹਿਬ, ਤੇ ਚੰਡੀ ਦੀ ਵਾਰ।

ਚੰਡੀ ਚਰਿਤ੍ਰ, ਸਵੱਯੇ, ਲਿਖੇ ਹੋਏ ਇਕਸਾਰ।

ਬਚਿਤ੍ਰ ਨਾਟਕ ਆਖਿਆ, ਅਤੇ ਗਿਆਨ ਪ੍ਰਬੋਧ।

ਇਹ ਬਾਣੀਆਂ ਜਿਸ ਵਿੱਚ, ਲਿਖੀਆਂ ਹੋਵਣ ਸੋਧ।

ਪਰ ਬਚਿਤ੍ਰ ਨਾਟਕ ਤੇ, ਕਰ ਉਹਨਾਂ ਇਤਰਾਜ਼।

ਬਿਨਾ ਏਸ ਤੋਂ ਭੇਜੀਆਂ, ਜਾਣੋ ਇਹਦਾ ਰਾਜ਼।

ਟੁੰਬਦੀ ਅਣਖ ਓਮੀਰ ਨੂੰ, ਇਸ ਤੋਂ ਖਤਰਾ ਜਾਣ।

ਕਰ ਦਿੱਤਾ ਇਨਕਾਰ ਸੀ, ਉਹਨਾਂ ਬਾਤ ਪਛਾਣ।

ਦਿਲ ਵਿੱਚ ਚਾਹਿਆ ਜਾਨਣਾ, ਦੇਸ਼ ਕੌਮ ਦਾ ਹਾਲ।



Sri Satguru Jagjit Singh Ji eLibrary NamdhariElibrary@gmail.com

ਚਿੱਠੀ ਓਥੇ ਬੈਠ ਕੇ, ਫੇਰ ਲਿਖੀ ਤਤਕਾਲ।

## ਚਿੱਠੀ

ਲਿਖਤੁਮ ਰਾਮ ਸਿੰਘ ਅਤੇ ਨਾਨੂੰ ਸਿੰਘ ਅੱਗੇ,

ਭਾਈ ਬੁੱਧ ਸਿੰਘ ਤੇ ਗੋਪਾਲ ਸਿੰਘ ਭਾਖਣੀ।

ਖਾਲਸੇ ਸਮੂਹ ਤਾਈ ਫਤਹਿ ਹੈ ਬੁਲਾਉਣੀ ਸਾਡੀ,

ਬੀਬੀ ਨੰਦਾਂ ਨੂੰ ਵੀ ਸਾਡੀ ਰਾਮ ਸਤ ਆਖਣੀ।

ਠੀਕ ਹੈ ਸਰੀਰ ਅੰਨ ਕੱਪੜਾ ਵੀ ਮਿਲਦਾ ਏ,

ਪਰ ਸਾੜੇ ਬ੍ਰਿਹੋਂ ਦੀ ਅੱਗ ਬਣ ਡਾਕਣੀ।

ਹੋਰ ਨਾਹੀਂ ਦੁੱਖ ਹੈ ਵਿਛੋੜਾ ਵੱਡਾ ਸੰਗਤਾਂ ਦਾ,

ਏਥੇ ਕਿਵੇਂ ਬੀਤਦੀ ਹੈ ਦੱਸੋ ਬਾਤ ਆਪਣੀ।

ਸਾਢੇ ਚਾਰ ਦਿਨੀਂ ਲੰਬੀ ਯਾਤਰਾ ਮੁਕਾਈ ਅਸਾਂ।

ਪਹੁੰਚੇ ਏਸ ਜਗਾ ਕਰ ਸਾਗਰ ਨੂੰ ਪਾਰ ਹਾਂ।

ਨਗਰੀ ਦਾ ਨਾਮ ਹੈ ਰੰਗੂਨ ਦੇਸ਼ ਬਰਮਾ ਦਾ।

ਆਏ ਬਹਿਰੀ ਬੇੜੇ ਉੱਤੇ ਹੋ ਅਸਵਾਰ ਹਾਂ।

ਵੱਡੇ ਬਾਬਾ ਜੀ ਦਾ ਹਾਲ ਲਿਖਣਾ ਜ਼ਰੂਰ ਤੁਸੀਂ।

ਗਏ ਤਾਂ ਗੁਜ਼ਰ ਨਾਹੀ ਚਾਹੁੰਦੇ ਸਾਰੀ ਸਾਰ ਹਾਂ।
ਸਾਨੂੰ ਇੱਕੋ ਗੁਰੂ ਤੇ ਭਰੋਸਾ ਹੈ ਹਮੇਸ਼ ਜਾਣੋ।
ਭਾਗਾਂ ਵਿੱਚ ਲਿਖੀ ਬਦਬਖਤੀ ਸ਼ਿਕਾਰ ਹਾਂ।

ਸਾਡੀ ਸਰਕਾਰ ਜਾਇਦਾਦ ਜੋ ਜ਼ਬਤ ਕੀਤੀ,
ਮੋੜ ਦਿੱਤੀ ਹੈ ਜਾਂ ਕੁਝ ਰੱਖ ਲਈ ਪਾਸ ਹੈ।
ਫੜੇ ਜਿਹੜੇ ਲੋਕ ਰਾਇਪੁਰ ਤੇ ਸਢੌਰੇ ਵਾਲੇ,
ਕਾਹਨ ਸਿੰਘ ਸਣੇ ਕੀ ਰਿਹਾਈ ਹੋਈ ਰਾਸ ਹੈ।
ਲਿਖਣਾ ਹੈ ਚਿੱਠੀ ਵਿੱਚ ਕਿੱਥੇ ਹੈਨ ਐਸ ਵੇਲੇ,
ਸੰਗਤਾਂ ਨੂੰ ਸਾਡੇ ਵਲੋਂ ਦੇਣੀ ਧਰਵਾਸ ਹੈ।
ਮਿਲਦਾ ਹੈ ਅੰਨ ਧਨ ਕੱਪੜਾ ਗੁਜਾਰੇ ਜੋਗਾ,
ਸੰਗਤਾਂ ਦੇ ਦਰਸ਼ਨ ਦੀ ਮਨ ’ਚ ਪਿਆਸ ਹੈ।

ਮਿਤਰਤਾ ਪੂਰਵਕ, ਰਹਿਣਾ ਤੁਸਾਂ ਦੋਵਾਂ ਰਲ,
ਆਪੋ ਵਿੱਚ ਕਰਨੀ ਨਾ, ਭੁੱਲ ਤਕਰਾਰ ਹੈ।
ਨਾਸ਼ਵਾਨ ਆਤਮਾਵਾਂ, ਕਰਮਾਂ ਦੇ ਗੇੜ ਵਿੱਚ,
ਵਸਲ ਵਿਛੋੜਾ ਮੁੱਢੋਂ, ਵਕਤ ਦਾ ਵਿਹਾਰ ਹੈ।
ਮੱਝਾਂ, ਗਾਵਾਂ, ਬੈਲ ਜਿਹੜੇ, ਦਾਨ ’ਚ ਮਿਲਣ ਏਥੇ,

ਗੁਰੂ ਲੇਖੇ ਲਾ ਦੇਣੇ, ਨਾਲ ਸਤਿਕਾਰ ਹੈ।
ਨੰਦਾਂ ਤਾਈਂ ਰੱਖਣਾ, ਹਮੇਸ਼ ਸੁਖੀ ਹਰ ਵੇਲੇ,
ਦੇਣੀ ਧਰਵਾਸ ਸਦਾ, ਕਰਨਾ ਪਿਆਰ ਹੈ।

ਆਪਣੀ ਚਿੱਠੀ ਤੇ ਪਤਾ ਏਸ ਤਰ੍ਹਾਂ ਲਿਖਣਾ ਹੈ,
ਏਸ ਬਾਤ ਵਾਲਾ ਜਰਾ ਰੱਖਣਾ ਧਿਆਨ ਹੈ।
ਦਫ਼ਤਰ ਜੇਲ੍ਹ ਮਾਰਫਤ ਸੁਪਰਇੰਨਟੈਂਡੈਂਟ।
ਮਿਲੇ ਰਾਮ ਸਿੰਘ ਨੂੰ ਰੰਗੂਨ ਪ੍ਰਵਾਨ ਹੈ।
ਲਿਖਣਾ ਹੈ ਪਤਾ ਅੰਗ੍ਰੇਜ਼ੀ ਤੇ ਗੁਰਮੁਖੀ 'ਚ।
ਲੈਣਾ ਲਿਖਵਾ ਜਿਨੂੰ ਏਸ ਦਾ ਗਿਆਨ ਹੈ।
ਲਿਖਣਾ ਹੈ ਹਾਲ ਪ੍ਰੀਵਾਰ ਨਾਨੂੰ ਸਿੰਘ ਦੇ ਦਾ,
ਉਹਨਾਂ ਨੂੰ ਵੀ ਇਹਦਾ ਕਰਵਾ ਦੇਣਾ ਭਾਨ ਹੈ।

ਰੁੜਕੀ ਤੋਂ ਚਿੱਠੀ ਲਿਖਵਾ ਕੇ ਭੇਜ ਦੇਣੀ ਨਾਲ,
ਚਾਚੇ ਨਾਨੂੰ ਸਿੰਘ ਦੇ ਤੋਂ ਹੱਥੀਂ ਲਿਖਵਾਇ ਕੇ।
ਲਿਖ ਦੇਣਾ ਹਾਲ ਸਾਰਾ ਉਹਦੇ ਪ੍ਰੀਵਾਰ ਵਾਲਾ,
ਪੂਰਾ ਲਿਖਵਾ ਲੈਣਾ ਸਾਰਾ ਸਮਝਾਇ ਕੇ।
ਸਤਿਗੁਰੂ ਬਾਬਤ ਵੀ ਪੂਰੀ ਤਰ੍ਹਾਂ ਲਿਖਣਾ ਹੈ,


Sri Satguru Jagjit Singh Ji eLibrary NamdhariElibrary@gmail.com

ਹਾਲ ਸਾਰਾ ਹਜ਼ਰੋਂ ਦਾ ਦੱਸਣਾ ਬਤਾਇ ਕੇ।
ਮੇਰੇ ਭਲੇ ਲਈ ਪਾਠ ਕਰੋ ਗੁਰਬਾਣੀ ਵਾਲੇ,
ਦਾਨ ਪੁੰਨ ਕਰੋ ਭੋਗ ਪਾਠਾਂ ਦੇ ਪਵਾਇ ਕੇ।

ਭੋਲੀ ਤਾਈਂ ਦੱਸ ਦੇਣਾ ਚੰਦੋ ਕੋਲੋਂ ਹੁਣ ਉਹਨੂੰ,
ਵਾਪਸ ਰੁਪਈਏ ਨਾ ਮਿਲਣ ਵਾਲੀ ਆਸ ਹੈ।
ਜਾਣ ਲਵੇ ਪੈਸੇ ਪੁੰਨ ਦਾਨ ਕੀਤੇ ਭਲੇ ਲਈ,
ਇੰਜ ਉਹਦੇ ਦਿਲ ਤਾਈਂ ਦੇਣੀ ਧਰਵਾਸ ਹੈ।
ਬੁੱਧ ਸਿੰਘ ਨੰਦਾਂ ਰਹਿਣ ਮੇਰੇ ਵਾਲੇ ਕਮਰੇ 'ਚ,
ਛੱਡਣਾ ਨਾ ਖਾਲੀ ਸਦਾ ਰਹਿਣਾ ਉਹਦੇ ਪਾਸ ਹੈ।
ਹੋਇਆ ਸਭ ਪੁਰਖ ਅਕਾਲ ਦੇ ਹੁਕਮ ਵਿੱਚ,
ਜਿਹੜਾ ਸਾਰੇ ਜੀਆਂ ਵਿੱਚ ਕਰਦਾ ਨਿਵਾਸ ਹੈ।

ਚਿੱਠੀ ਦਾ ਜਵਾਬ ਛੇਤੀ ਦੇਵਣਾ ਜ਼ਰੂਰ ਤੁਸੀਂ,
ਲਿਖ ਦੇਣਾ ਜੋ ਜੋ ਉੱਤੇ ਲਿਖਿਆ ਵੀਚਾਰ ਹੈ।
ਭੁੱਲਣਾ ਨਾ ਹਾਲ ਪ੍ਰੀਵਾਰ ਨਾਨੂੰ ਸਿੰਘ ਦੇ ਦਾ,
ਸਾਰਾ ਲਿਖ ਦੇਣਾ ਰਹਿੰਦਾ ਜਿਸ ਪ੍ਰਕਾਰ ਹੈ।
ਹਾੜ ਵਦੀ ਚੌਧ ਸੰਮਤ ਉੱਨੀਂ ਸੌ ਉਨੱਤੀ ਅੱਜ,


Sri Satguru Jagjit Singh Ji eLibrary NamdhariElibrary@gmail.com

ਬਿਕਰਮੀ ਦਾ ਸਾਲ ਹਾਲ ਇਸ ਪ੍ਰਕਾਰ ਹੈ।
ਇਹ ਚਿੱਠੀ ਲਿਖ ਚੀਨੀ ਵਾਲੇ ਭੇਜੀ ਵਤਨਾਂ ਨੂੰ,
'ਬਾਜਵਾ' ਜ਼ਬਤ ਕਰ ਲੀਤੀ ਸਰਕਾਰ ਹੈ।

---o---

ਚਿੱਠੀ ਬਰਮਾ ਵਾਲਿਆਂ, ਭੇਜੀ ਭਾਰਤ ਵੱਲ।
ਕਹਿਣ ਵਿਦੇਸ਼ ਵਿਭਾਗ, ਨੂੰ ਜਰਾ ਵੀਚਾਰੋ ਗੱਲ।
ਉਹਨਾਂ ਚਿੱਠੀ ਦੇਣ ਤੋਂ, ਕਰ ਦਿੱਤਾ ਇਨਕਾਰ।
ਹਾਕਮ ਕਹਿਣ ਅਯੋਗ, ਹੈ ਇਹ ਪੱਤਰਾਚਾਰ।
ਰਾਹ ਨੁਮਾ ਤੇ ਕੂਕਿਆਂ, ਏਦਾਂ ਜੁੜਨ ਸੰਬੰਧ।
ਚਿੱਠੀ ਵਿੱਚੋਂ ਆਖਦੇ, ਆਏ ਬਗਾਵਤ ਗੰਧ।
ਭਾਵੇਂ ਚਿੱਠੀ ਵਿੱਚ ਨਾ, ਕੁਝ ਇਤਰਾਜ਼ ਯੋਗ।
ਡਰਦੇ ਬਿੱਲੇ ਫੇਰ ਵੀ, ਪਾਇਆ ਜਰਾ ਨਾ ਭੋਗ।
ਡਰਦਾ ਸਤਿਗੁਰ ਜੀ ਤੋਂ, ਕਾਰਜ ਕਰੇ ਵਿਰੁੱਧ।
ਲੱਸੀ ਪੀਵੇ ਫੂਕ ਕੇ, ਆਖਣ ਸਾੜਿਆ ਦੁੱਧ।
ਚਿੱਠੀ ਪੱਤਰ ਹੋਂਵਦਾ, ਜੇਕਰ ਸੰਗਤ ਨਾਲ।
ਚੀਨੀ ਵਾਲੇ ਫੇਰ ਸੀ, ਲੈਣੀ ਵਾਗ ਸੰਭਾਲ।
ਫੇਰ ਕਿਉਂ ਸਰਕਾਰ ਇਹ, ਲੈਂਦੀ ਖਤਰਾ ਮੁੱਲ।


. Sri Satguru Jagjit Singh Ji eLibrary NamdhariElibrary@gmail.com .

ਕਿਉਂ ਕਰਵਾਉਂਦੀ ਤਖਤ ਦਾ, ਆਪੇ ਦੀਵਾ ਗੁੱਲ।

ਐਪਰ ਪੁੱਛਿਆ ਹਾਕਮਾਂ, ਦੱਸੋ ਸਾਨੂੰ ਗੱਲ।

ਭੈਣੀ ਅੰਦਰ ਸੰਪਤੀ, ਜਿਹੜੀ ਚੱਲ ਅਚੱਲ।

ਬਾਝ ਤੁਹਾਡੇ ਉਸ ਥਾਂ, ਕੌਣ ਸੰਭਾਲੇ ਕਾਜ।

ਕਿਸ ਨੂੰ ਦਈਏ ਚਾਬੀਆਂ, ਹੈ ਕਿਹੜਾ ਸਰਤਾਜ।

ਸਤਿਗੁਰੂ ਜੀ ਨੇ ਆਖਿਆ, ਬੁੱਧ ਸਿੰਘ ਸਿਰਮੌਰ।

ਮੇਰੀ ਗੈਰ ਮੌਜੂਦਗੀ ਉਹ, ਮਾਲਕ ਉਸ ਠੌਰ।

ਕਰ ਪੂਰੇ ਸਰਕਾਰ ਨੇ, ਕਾਗਜ਼ ਫਿਰ ਤਤਕਾਲ।

ਭਾਈ ਬੁੱਧ ਸਿੰਘ ਨੂੰ, ਦਿੱਤੀ ਵਸਤ ਸੰਭਾਲ।

ਜਿਹੜਾ ਕੀਤਾ ਜ਼ਬਤ ਸੀ, ਉਹਨਾਂ ਨੇ ਧਨ ਮਾਲ।

ਵਾਪਸ ਭੈਣੀ ਸੌਂਪਿਆ, ਸਾਰਾ ਨਾਲ ਖਿਆਲ।

---o---

ਭਾਵੇਂ ਕੀਤਾ ਆਪ ਨੂੰ, ਗੋਰੇ ਕੈਦ ਵੀਚਾਰ।

ਬਾਦਸ਼ਾਹਾਂ ਵਾਂਗਰਾਂ, ਐਪਰ ਕਰੇ ਵਿਹਾਰ।

ਆਏ ਫਰੰਗੀ ਜਦੋਂ ਵੀ, ਪੁੱਛਣ ਖਾਤਰ ਨਾਲ।

ਵੈਲ ਹੋ ਰਾਜਾ ਰਾਮ ਸਿੰਘ, ਕਰਦਾ ਆਣ ਸਵਾਲ।

ਖਰਚਾ ਕਰਦੇ ਸਤਿਗੁਰੂ ਜੀ, ਉੱਤੇ ਹਰ ਮਾਸ।

ਕੁੱਲ ਰੁਪਏ ਅਠਾਨਵੇਂ, ਬਾਰਾਂ ਆਨੇ ਖਾਸ।

ਵਿੱਚ ਰੰਗੂਨ ਭੇਜਿਆ, ਹੋਏ ਤਿੰਨ ਕੁ ਸਾਲ।

ਐਪਰ ਮਿਲ ਨਾ ਸੱਕਦੇ, ਕਦੇ ਕਿਸੇ ਦੇ ਨਾਲ।

ਵਿੱਚ ਤਿਹੱਤਰ ਈਸਵੀ, ਦਿੱਤੀ ਬਾਤ ਉਲੱਦ।

ਅਰਜ਼ੀ ਪਾਈ ਮਿਲਣ ਦੀ, ਕਰ ਦਿੱਤੀ ਸੁ ਰੱਦ।

ਸ੍ਰੀ ਸਤਿਗੁਰੂ ਹਰੀ ਸਿੰਘ, ਗਏ ਫਿਰੰਗੀ ਪਾਸ।

ਪੀਆ ਤਾਈਂ ਮਿਲਣ ਦੀ, ਲੈ ਦਿਲੇ ਵਿੱਚ ਆਸ।

ਐਪਰ ਅਰਜ਼ੀ ਗੋਰਿਆਂ, ਕੀਤੀ ਨਾ ਮਨਜ਼ੂਰ।

ਦਿੱਤਾ ਕੁਝ ਵੀ ਭੇਦ ਨਾ, ਹੋਏ ਦਿਲੋਂ ਮਨੂਰ।

ਵਿੱਚ ਰੰਗੂਨ ਕੈਦ ਦਾ, ਗੋਰੇ ਰਖਿਆ ਭੇਤ।

ਨਹੀਂ ਕੂਕਿਆਂ ਦੱਸਿਆ, ਕਰ ਉਹਨਾਂ ਕੁਝ ਹੇਤ।

ਐਪਰ ਭੌਰੇ ਦਰਸ ਦੇ, ਬੜੇ ਹੋਣ ਬੇਚੈਨ।

ਦਿਵਸ ਗਵਾਚੇ ਰੋਂਦਿਆਂ, ਤੇ ਜਾਗਦਿਆਂ ਰੈਣ।

ਚੁੱਕ ਚੁੱਕ ਵੇਖਣ ਅੱਡੀਆਂ, ਕੂਕੇ ਰਾਹਵਾਂ ਵੱਲ।

ਹਉਕੇ ਨਿਕਲਣ ਸੀਨਿਓਂ, ਨਾ ਹੋਵੇ ਕੁਝ ਗੱਲ।

ਉੱਡਦੇ ਜਾਂਦੇ ਪੰਛੀਆਂ ਨੂੰ, ਉਹ ਕਰਨ ਸਵਾਲ।

ਜਾਇਓ ਵੇ ਕੋਈ ਦੱਸ ਕੇ, ਉਸ ਮਾਹੀ ਦਾ ਹਾਲ।

ਝੋਲੀ ਅੱਡ ਅੱਡ ਆਖਦੇ, ਜ਼ਖਮੀ ਜਿਗਰ ਫਰੋਲ।

ਖੰਭ ਉਧਾਰੇ ਦੇ ਦਿਉ, ਲਵਾਂ ਮੈਂ ਸੱਜਣ ਟੋਲ।

ਉੱਡ ਭੈਣੀ ’ਚੋਂ ਰੌਣਕਾਂ, ਸੱਥਰ ਵਿਛੇ ਚੁਫੇਰ।

ਧੁਨੀ ਮਾਤਮੀ ਵੱਜਦੀ, ਜਾਪੇ ਵਿੱਚ ਹਨੇਰ।

ਬਾਬੇ ਜੱਸੇ ਮੱਲ ਲਈ, ਮੌਤ ਛਈਆ ਇਹ ਵੇਖ।

ਰਾਮ ਗਿਆ ਪ੍ਰਦੇਸ ਨੂੰ, ਬਦਲ ਗਿਆ ਸ਼ੁਭ ਲੇਖ।

ਕਲਮ ਲਿਖੇਂਦੀ ਕੰਬਦੀ, ਧੀ ਨੰਦਾਂ ਦਾ ਹਾਲ।

ਰੋ ਰੋ ਪਿਤਾ ਵਿਯੋਗ ਵਿੱਚ, ਦੀਦੇ ਬੈਠੀ ਗਾਲ।

ਰੱਖ ਖੜਾਵਾਂ ਤਖਤ ਤੇ, ਭਰਥ ਕਰੇ ਪਿਆ ਰਾਜ।

ਕਾਜ ਸੰਭਾਲੋ ਆਣ ਕੇ, ਕਹੇ ਗਰੀਬ ਨਿਵਾਜ।

ਪੰਛੀ ਪਸ਼ੂ ਜਨੌਰ ਵੀ, ਕਰਦੇ ਰਹਿਣ ਵੈਰਾਗ।

ਵਾਂਗ ਅਯੁੱਧਿਆ ਪੁਰੀ ਦੇ, ਬੁਝੇ ਕੁਲ ਚਿਰਾਗ।

ਵਿੱਚ ਤਬੇਲੇ ਕੇਰਦੀ, ਚੀਨੀ ਅੱਖੋਂ ਨੀਰ।

ਸੁੱਕੀ ਵਿੱਚ ਵਿਯੋਗ ਦੇ, ਵਿੱਚੋਂ ਲੰਘੇ ਤੀਰ।

ਗਊਆਂ ਵਿੱਚ ਤਬੇਲਿਆਂ, ਭਰਨ ਨਹੀਂ ਹੁੰਕਾਰ।

ਡੁਸਕੇ ਪਤੀ ਵਿਯੋਗ ਵਿੱਚ, ਜਿਵੇਂ ਵਿਯੋਗਣ ਨਾਰ।

ਰਾਮ ਸਰੋਵਰ ਦਾ ਉਹ, ਪਾਵਨ ਨਿਰਮਲ ਨੀਰ।

ਪੰਪਾ ਸਰ ਦੇ ਵਾਂਗਰਾਂ, ਹੋਇਆ ਜਾਪੇ ਕੀਰ।

ਰੁੱਖ ਨਿਮਾਣੇ ਰੋਂਵਦੇ ਝੜ, ਝੜ ਜਾਵਣ ਪੱਤ।

ਆਇਆ ਵਕਤ ਅਵੱਲੜਾ, ਰੋਵੇ ਨੀਲੀ ਛੱਤ।

ਗੁੱਠੇ ਛੈਣੇ ਢੋਲਕੀ ਲੱਗੇ, ਇੰਜ ਖਾਮੋਸ਼।

ਵਿੱਚ ਵਿਛੋੜੇ ਜਾਪਦੇ, ਹੋਏ ਪਏ ਬੇਹੋਸ਼।

ਕੂਕੇ ਕਹਿਣ ਪੁਕਾਰ ਕੇ, ਭਰ ਹਉਕੇ ਨਰ ਨਾਰ।

ਪੀਆ ਜਾ ਪ੍ਰਦੇਸ ਵਿੱਚ, ਦਿੱਤਾ ਕਿਉਂ ਵਿਸਾਰ।

ਤੜਪਣ ਬੱਧੇ ਪ੍ਰੇਮ ਦੇ, ਜਿਉਂ ਪਾਣੀ ਬਿਨ ਮੀਨ।

ਚੰਦੇ ਬਿਨ ਚਕੋਰੀਆਂ, ਬਰਸ ਬਿਤਾਏ ਤੀਨ।

ਜਿਉਂ ਚਕਵੀ ਦੇ ਵਾਸਤੇ, ਲੰਬੀ ਹੋਈ ਰਾਤ।

ਹਉਕੇ ਭਰ ਭਰ ਆਖਦੀ, ਕਦ ਹੋਵੇ ਪ੍ਰਭਾਤ।

ਗੋਕਲ ਵਿੱਚ ਜਿਉਂ ਗੋਪੀਆਂ, ਰੋਵਣ ਕਰ ਵਿਰਲਾਪ।

ਚੜ੍ਹਿਆ ਬ੍ਰਿਹੋਂ ਵਾਲੜਾ, ਦਿਸੇ ਅਵੱਲਾ ਤਾਪ

ਵਾਂਗ ਅਵਧ ਦੇ ਵਰਤਿਅ,ਾ ਭੈਣੀ ਅੰਦਰ ਸੋਗ।

ਰਾਮ ਗਏ ਬਨਵਾਸ ਨੂੰ, ਲਾ ਕੇ ਬ੍ਰਿਹਾ ਰੋਗ।

ਧਰਤ ਪਿਆਸੀ ਮੇਘ ਬਿਨ, ਜਾਪੇ ਜਿਵੇਂ ਬਰਾਨ।

ਬੂੰਦ ਵਸਲ ਦੀ ਵਾਸਤੇ, ਆਈ ਲਬਾਂ ਤੇ ਜਾਨ।

ਜਿਵੇਂ ਪਪੀਹਾ ਕੂਕਦਾ, ਕਰ ਪੀਹੂ ਦਾ ਸ਼ੋਰ।

ਨਜ਼ਰ ਨਾ ਆਏ ਉਸ ਨੂੰ, ਕਿਤੇ ਘਟਾ ਘਨਘੋਰ।

ਵਿੱਚ ਤ੍ਰਿਸ਼ਨਾ ਭਟਕਦੀ, ਜਿਉਂ ਮਿਰਗਾਂ ਦੀ ਡਾਰ।

ਪਏ ਭੁਲੇਖਾ ਨੀਰ ਦਾ, ਮਾਰੂਥਲ ਵਿਚਕਾਰ।

ਝੌਲੇ ਪੈਂਦੇ ਦੂਰ ਤੋਂ, ਜਾਣ ਨਾ ਸੱਕਣ ਭੇਤ।

ਐਪਰ ਨੇੜੇ ਪਹੁੰਚਿਆਂ, ਮਿਲਦੀ ਤੱਤੀ ਰੇਤ।

ਕੂਕੇ ਕਰ ਕਰ ਥੱਕ ਗਏ, ਆਖਣ ਯਤਨ ਹਜ਼ਾਰ।

ਐਪਰ ਭੇਦ ਨਾ ਦੱਸਦੀ, ਇਹ ਜ਼ਾਲਮ ਸਰਕਾਰ।



. Sri Satguru Jagjit Singh Ji eLibrary NamdhariElibrary@gmail.com .

## ਕਾਂਡ – ੨੧

## ਬਾਰਬਟਨ ਦੀ ਮੇਮ ਨੇ ਦੱਸਣਾ ਤੇ

ਕੂਕਿਆਂ ਦਾ ਸਾਗਰ ਪਾਰ ਜਾਣਾ ਦਰਸ਼ਨਾਂ ਵਾਸਤੇ

ਦਰਬਾਰਾ ਸਿੰਘ ਗਰੇਵਾਲ, ਰਾਇਪੁਰ ਵਸਨੀਕ।

ਇੱਕ ਦਿਹਾੜੇ ਪਹੁੰਚਿਆ, ਬਾਰਬਟਨ ਨਜ਼ਦੀਕ।

ਬਾਰਬਟਨ ਤੋਂ ਪੁੱਛਿਆ, ਸਤਿਗੁਰ ਜੀ ਦਾ ਹਾਲ।

ਪਾ ਕੇ ਰੱਬ ਦਾ ਵਾਸਤਾ, ਬੜੀ ਹਲੀਮੀ ਨਾਲ।

ਅਫ਼ਸਰ ਉਹ ਪੁਲੀਸ ਦਾ, ਐਪਰ ਪੱਥਰ ਚਿੱਤ।

ਕਦੇ ਫਰੰਗੀ ਕੂਕਿਆਂ ਦੇ, ਨਾ ਹੋਵਣ ਮਿੱਤ।

ਕਰ ਦਿੱਤੀ ਸੀ ਓਸ ਨੇ, ਅੱਗੋਂ ਟਾਲ ਮਟੋਲ।

ਏਸ ਬਾਤ ਤੋਂ ਆਖਦਾ, ਮੈਂ ਬਿਲਕੁਲ ਅਣਭੋਲ।

ਐਪਰ ਹੈ ਸੀ ਰਹਿਮ ਦਿਲ, ਬਾਰਬਟਨ ਦੀ ਮੇਮ।

ਉਹਦਾ ਮਨ ਪਸੀਜਿਆ, ਆਖੇ ਨਾਲ ਪ੍ਰੇਮ।

ਚੋਰੀ ਉਹਨੇ ਪਤੀ ਤੋਂ, ਕਰਕੇ ਜਰਾ ਵਲਾ।

ਗਰੇਵਾਲ ਨੂੰ ਭੇਦ ਦੀ, ਦਿੱਤੀ ਬਾਤ ਬਤਾ।

ਡਰਬਾਰਾ ਸਿੰਘ ਜਾਨਟੇ ਹੋ, ਕਿਆ ਟੁਮ ਯੇ ਬਾਟ।

ਗੁਰੂ ਟੁਮਾਰਾ ਕਹਾਂ ਹੈ, ਹੋ ਜਿਸ ਲੀਏ ਉਚਾਟ।

ਗੁਰੂ ਟੁਮਾਰਾ ਕੈਦ ਹੈ, ਬਰਮਾ ਬੀਚ ਰੰਗੂਨ।

ਲਾਗੂ ਹੈ ਬ੍ਰਿਟਾਨੀਆਂ, ਉਸ ਪਰ ਸਖਤ ਕਾਨੂੰਨ।

ਜਿਸ ਬੰਗਲੇ ਮੇਂ ਬਾਦਸ਼ਾਹ, ਰਹਾ ਬਹਾਦਰ ਸ਼ਾਹ।

ਗੁਰੂ ਟੁਮਾਰਾ ਵਹੀਂ ਹੈ, ਖੋਜੋ ਉਸਕੋ ਜਾ।

ਨਾਲੇ ਦੱਸਿਆ ਉਸ ਨੇ, ਰਸਤਾ ਨਾਲ ਪਿਆਰ।

ਬੰਗਲਾ ਕਿਹੜੀ ਤਰਫ਼ ਹੈ, ਸਭ ਸਮਝਾਇਆ ਸਾਰ।

ਜਿਵੇਂ ਪਿਆਸੇ ਕਿਸੇ ਨੂੰ, ਮਿਲਦੀ ਨੀਰ ਸੌਗਾਤ।

ਮਰਨ ਕਿਨਾਰੇ ਬੈਠਿਆਂ, ਲੱਭੇ ਆਬ ਹਯਾਤ।

ਜਿੱਦਾਂ ਕਿਸੇ ਕੰਗਾਲ ਨੂੰ, ਮਿਲਦਾ ਧਨ ਕੁਬੇਰ।

ਆਵੇ ਰਿਸ਼ਮ ਸਵੇਰ ਦੀ, ਅੰਦਰ ਕਿਸੇ ਹਨੇਰ।

ਜਿਉਂ ਭੁੱਖੇ ਨੂੰ ਅੰਨ ਦੀ, ਪਾਵੇ ਕੋਈ ਦੱਸ।

ਜਿੱਦਾਂ ਬੱਦਲ ਮਿਹਰ ਦਾ, ਪਏ ਬਰਾਨੀ ਵੱਸ।

ਨਾਰ ਵਿਯੋਗਣ ਨੂੰ ਬਣੇ, ਪਤੀ ਮਿਲਣ ਦੀ ਆਸ।

ਚਿੱਤੋਂ ਮੁੱਕੇ ਚਿਤਾਵਨੀ, ਹੋ ਜਾਵੇ ਧਰਵਾਸ।

ਪਾਵੇ ਵਿਛੱੜੀ ਮਾਂ ਨੂੰ, ਕੋਈ ਬਾਲ ਦੀ ਦੱਸ।

ਜੀ ਚਾਹਵੇ ਕਿ ਉਸ ਨੂੰ, ਮਿਲਾਂ ਅਗਾਊਂ ਨੱਸ।

ਨੀਰੋਂ ਵਿਛੜ ਰੇਤ ਤੇ, ਛਟਪਟਾਉਂਦੀ ਮੀਨ।

ਆਵੇ ਛੱਲ ਸੁਵੱਲ ਦੀ, ਹੋਵੇ ਨੀਰ ਵਿਲੀਨ।



Sri Satguru Jagjit Singh Ji eLibrary NamdhariElibrary@gmail.com

ਜਿਵੇਂ ਪੰਖੇਰੂ ਸੁੱਟਿਆ, ਝੜੀ ਤੂਫਾਨਾਂ ਝੰਬ।

ਲੈ ਪ੍ਰਸੇਅ ਧੁੱਪ ਦਾ, ਪਿਆ ਸਵਾਰੇ ਖੰਭ।

ਸੋਕੇ ਮਾਰੇ ਰੁੱਖ ਨੂੰ, ਪਾਵੇ ਕੋਈ ਨੀਰ।

ਮੁੜ ਮੁਰਝਾਈਆਂ ਕੋਪਲਾਂ, ਟਹਿਕ ਹੋਣ ਰਸਗੀਰ।

ਜਿਵੇਂ ਭਟਕਦੇ ਮਿਰਗ ਨੂੰ, ਮਿਲੇ ਸਰੋਵਰ ਸ਼ਾਂਤ।

ਮੁੱਖ ਪਪੀਹੇ ਆ ਪਵੇ, ਜਿੱਦਾਂ ਬੂੰਦ ਸਵਾਂਤ।

ਜਿੱਦਾਂ ਕੈਦੀ ਕਿਸੇ ਦੀ, ਮੰਨੀ ਜਾਏ ਅਪੀਲ।

ਆਵੇ ਰੌਣਕ ਮੂੰਹ ਤੇ, ਜਾਵੇ ਬਦਲ ਦਲੀਲ।

ਗੋਤੇ ਖਾਂਦੇ ਦਾ ਜਿਵੇਂ, ਪਏ ਕਿਨਾਰੇ ਹੱਥ।

ਜਿਵੇਂ ਗਵਾਚੀ ਕਿਸੇ ਨੂੰ, ਮਿਲੇ ਅਮੁੱਲੀ ਵੱਥ।

ਜੰਗਲ ਅੰਦਰ ਭਟਕਦੇ, ਨੂੰ ਲੱਭੇ ਕੋਈ ਰਾਹ।

ਦਿਸੇ ਅਬਾਦੀ ਸਾਹਮਣੇ, ਆਵੇ ਸੁੱਖ ਦਾ ਸਾਹ।

ਏਦਾਂ ਚਿੰਤਾ ਸਿੱਖ ਦੀ, ਹੋਈ ਝੱਟ ਕਾਫੂਰ।

ਮੁਰਦੇ ਹਾਣੀ ਉੱਡ ਗਈ, ਫੇਰ ਪਰਤਿਆ ਨੂਰ।

ਓਥੋਂ ਵਾਪਸ ਪਰਤਿਆ, ਕਰਦਾ ਲੱਖ ਕਿਆਸ।

ਲੈ ਕੇ ਅੰਦਰ ਆਪਣੇ, ਪੀਆ ਮਿਲਣ ਦੀ ਆਸ।

---o---



Sri Satguru Jagjit Singh Ji eLibrary NamdhariElibrary@gmail.com

ਉੱਡਦਾ ਭੈਣੀ ਪਹੁੰਚਿਆ, ਕੀਤਾ ਨਹੀਂ ਵਿਲੰਭ।

ਲਾਏ ਉਹਨੂੰ ਮੇਮ ਨੇ, ਹੁਣੇ ਆਸ ਦੇ ਖੰਭ।

ਬਾਬੇ ਬੁੱਧ ਸਿੰਘ ਤੋਂ, ਜਾ ਕੇ ਭੈਣੀ ਸਾਹਿਬ।

ਤੁਰਿਆ ਲੈ ਕੇ ਆਗਿਆ, ਖੱਟਣ ਲਈ ਸਵਾਬ।

ਘਰ ਪਹੁੰਚ ਕੇ ਉਸ ਨੇ, ਸਫ਼ਰ ਲੋੜ ਅਨੁਸਾਰ।

ਲੀੜਾ ਲੱਤਾ ਬੰਨ੍ਹ ਕੇ, ਹੋਇਆ ਤੁਰਤ ਤਿਆਰ।

ਪੁੱਤਰ ਤਾਈਂ ਆਖਿਆ, ਪੁੱਛੇ ਕੋਈ ਆ।

ਆਖੀਂ ਅੰਦਰ ਨਿਤਨੇਮ, ਕਰੇ ਚੌਂਕੜਾ ਲਾ।

ਰੱਖਿਆ ਉਹਨੇ ਚਾਲੀਆ, ਕਰਦਾ ਤਪ ਕਠੋਰ।

ਅੰਦਰ ਓਨਾਂ ਚਿਰ ਨਾ, ਆਵੇ ਕੋਈ ਹੋਰ।

ਕਮਰਕੱਸਾ ਕੱਸ ਕੇ, ਤੁਰਿਆ ਪੰਧ ਅੰਵਾਣ।

ਭੇਸ ਵਟਾ ਕੇ ਆਪਣਾ, ਲੀਤੀ ਬਦਲ ਪਛਾਣ।

ਪੱਗ ਠੋਕਵੀਂ ਬੰਨ੍ਹ ਕੇ, ਦਾੜ੍ਹੀ ਲਈ ਚੜ੍ਹਾ।

ਗਲ ਵਿੱਚ ਕੁੜਤਾ ਰੇਸ਼ਮੀਂ, ਰੇਬ ਪਜਾਮਾ ਪਾ।

ਹੱਥ ਪਕੜ ਲਈ ਓਸ ਨੇ, ਮੀਆਂ ਵਾਲੀ ਡਾਂਗ।

ਵੇਖੋ ਪ੍ਰੀਤਮ ਵਾਸਤੇ, ਧਰਿਆ ਕੈਸਾ ਸਾਂਗ।

ਗੱਡੀ ਫੜ੍ਹ ਅੰਬਾਲਿਓਂ, ਤੁਰਿਆ ਵੱਲ ਬੰਗਾਲ।

ਜਾ ਕਲਕੱਤੇ ਪਹੁੰਚਿਆ, ਹਿੰਮਤ ਬੜੀ ਵਖਾਲ।

ਬਹਿਰੀ ਵਿੱਚ ਜਹਾਜ਼ ਦੇ, ਹੋ ਕੇ ਫਿਰ ਅਸਵਾਰ।

ਪਹੁੰਚਾ ਸ਼ਹਿਰ ਰੰਗੂਨ ਜਾ, ਏਥੋਂ ਇਸ ਪ੍ਰਕਾਰ।

ਉਦੋਂ ਬਰਮਾ ਦੇਸ਼ ਵਿੱਚ, ਜਾਣ ਪੰਜਾਬੀ ਲੋਕ।

ਨੌਕਰੀਆਂ ਦੇ ਵਾਸਤੇ, ਨਾ ਕੋਈ ਸੀ ਰੋਕ।

ਫਿਰਿਆ ਵਿੱਚ ਰੰਗੂਨ ਦੇ, ਕਰਦਾ ਫਿਰਦਾ ਭਾਲ।

ਫਿਰਦਾ ਘੱਟਾ ਫੱਕਦਾ, ਡਾਢੀ ਸ਼ਿੱਦਤ ਨਾਲ।

ਜੋ ਜੋ ਦੱਸਿਆ ਮੇਮ ਨੇ, ਸਾਰਾ ਪਤਾ ਨਿਸ਼ਾਨ।

ਮੇਲ ਮੇਲ ਕੇ ਵੇਖਦਾ, ਡਾਢੇ ਨਾਲ ਧਿਆਨ।

ਆਖਰ ਬੰਗਲਾ ਲੱਭਿਆ, ਐਪਰ ਖਤਰਾ ਹੋਰ।

ਪਹਿਰੇ ਵਾਲੇ ਦੇਣ ਨਾ, ਫਟਕਣ ਚਿੜੀ ਜਨੌਰ।

ਕਈ ਦਿਹਾੜੇ ਇਸ ਤਰ੍ਹਾਂ, ਕੀਤੇ ਉਸ ਬਤੀਤ।

ਐਪਰ ਰੱਖੀ ਓਸ ਨੇ, ਸਤਿਗੁਰ ਤੇ ਪ੍ਰਤੀਤ।

ਇੱਕ ਦਿਹਾੜੇ ਰਾਤ ਨੂੰ, ਲੁਕਦਾ ਛਿਪਦਾ ਜਾ।

ਪਹੁੰਚਾ ਨੇੜੇ ਵਾੜ ਦੇ, ਖੂੰਡਾ ਨਾਲ ਟਿਕਾ।

ਮਾਰੀ ਛਾਲ ਅਛੋਪਲੇ, ਜੰਗਲਾਂ ਚੱਲਿਆ ਲੰਘ।

ਵੇਖੋ ਕਿਵੇਂ ਬਣਾ ਲਿਆ, ਉਸ ਮਿਲਣ ਦਾ ਢੰਗ।

ਵਿਛੜਿਆਂ ਦਾ ਚਿਰਾਂ ਤੋਂ, ਹੋਇਆ ਕਿੰਜ ਮਿਲਾਪ।

ਲੱਥਾ ਕੁਝ ਕੁ ਮਨਾਂ ਤੋਂ, ਬ੍ਰਿਹਾ ਵਾਲਾ ਤਾਪ।

ਐਪਰ ਆ ਕੇ ਗਲੇ ਵਿੱਚ, ਅਟਕ ਗਏ ਨੇ ਬੋਲ।

ਸੈਨਤ ਮਾਰੀ ਗੁਰੂ ਜੀ, ਕਰ ਸਾਰੀ ਪੜਚੋਲ।

ਕਮਰੇ ਅੰਦਰ ਲੈ ਗਏ, ਬੂਹਾ ਦਿੱਤਾ ਮਾਰ।

ਬਾਤਾਂ ਲੱਗੇ ਕਰਨ ਉਹ, ਧੀਮੀ ਸੁਰ ਉਚਾਰ।

ਪਹਿਲਾਂ ਲਾਇਆ ਸਿੱਖ ਨੂੰ, ਘੁੱਟ ਕਲੇਜੇ ਨਾਲ।

ਵਗਿਆ ਕੰਢੇ ਤੋੜ ਕੇ, ਆਇਆ ਵਸਲ ਉਬਾਲ।

ਹੋਵੇ ਡਾਢੀ ਔੜ ਤੋਂ, ਬਾਅਦ ਜਿਵੇਂ ਬਰਸਾਤ।

ਜਾਪੇ ਓਦਾਂ ਸਿੱਖ ਨੂੰ, ਭਿੰਨੀ ਭਿੰਨੀ ਰਾਤ।

ਅੰਦਰ ਤਪਦੇ ਸੀਨਿਆਂ, ਪਈ ਜਰਾ ਕੁ ਠੰਡ।

ਐਪਰ ਅਗਨੀ ਪ੍ਰੇਮ ਦੀ, ਹੋਰ ਹੋਈ ਪ੍ਰਚੰਡ।

ਕੁੱਲ ਥਕੇਵਾਂ ਸਫ਼ਰ ਦਾ, ਗਿਆ ਸਿੱਖ ਦਾ ਲੱਥ।

ਮਨੋ ਭਾਵ ਜੋ ਉਮਡਦੇ, ਸਮਝੋ ਬਾਤ ਅਕੱਥ।

ਨਾ ਜਾਪੇ ਕੋਈ ਕੈਦ ਹੈ, ਨਾ ਜਾਪੇ ਪ੍ਰਦੇਸ਼।

ਪ੍ਰੀਤਮ ਬੈਠਾ ਸਾਹਮਣੇ, ਮੁੱਕੇ ਕੁੱਲ ਕਲੇਸ਼।

ਉਹ ਨਜ਼ਾਰਾ ਵਸਲ ਦਾ, ਹੋਵੇ ਕਿੰਜ ਬਿਆਨ।

ਏਥੇ ਫਿੱਕਾ ਪੈ ਗਿਆ, ਸਾਰਾ ਬ੍ਰਹਮ ਗਿਆਨ।

ਨੈਣ ਪਿਆਸੇ ਦੀਦ ਦੇ, ਭਰ ਭਰ ਪੀਂਦੇ ਜਾਮ।

ਪੰਚਵਟੀ ਵਿੱਚ ਬੈਠਿਆ, ਜਾਪੇ ਉਹੋ ਰਾਮ।



Sri Satguru Jagjit Singh Ji eLibrary NamdhariElibrary@gmail.com

ਚਰਨਾਂ ਦੇ ਵਿੱਚ ਬੈਠਿਆਂ, ਉਹ ਲੱਗੇ ਹਨੁਮੰਤ।

ਦਰਸ਼ਨ ਅੰਮ੍ਰਿਤ ਪੀਂਦਿਆਂ, ਆਏ ਅਨੰਦ ਅਨੰਤ।

ਰਸਨਾ ਅਮੀਓਂ ਡੋਹਲ ਕੇ, ਫਿਰ ਬੋਲੇ ਦਾਤਾਰ।

ਏਦਾਂ ਤੋੜੀ ਸਿੱਖ ਦੀ, ਮਨ ਬਿਰਤੀ ਦੀ ਤਾਰ।

---o---

ਚੀਨੀ ਵਾਲੇ ਆਖਿਆ, ਬੜੇ ਨਿਹੋਰੇ ਨਾਲ।

ਕੀਤੀ ਵੀ ਨਾ ਗੁੰਮ ਗਈ, ਵੱਛੀ ਜਿੰਨੀ ਭਾਲ?

ਆਖਣ ਉਏ ਦਰਬਾਰਿਆ, ਓਦੋਂ ਟਾਹਰਾਂ ਮਾਰ।

ਤੇਰੇ ਉੱਤੋਂ ਆਖਦੇ, ਤਨ ਮਨ ਦਈਏ ਵਾਰ।

ਫਿਰ ਦਰਬਾਰੇ ਦੱਸਿਆ, ਰੋ ਰੋ ਹੰਝੂ ਕੇਰ।

ਤੇਰੇ ਪਿੱਛੋਂ ਬਿੱਲਿਆ, ਢਾਹਿਆ ਕਹਿਰ ਹਨੇਰ।

ਭੈਣੀ ਅੰਦਰ ਗਾਰਦਾਂ, ਦਿੱਤੀਆਂ ਓਸ ਬੈਠਾ।

ਪਹਿਰਾ ਉੱਤੇ ਕੂਕਿਆਂ, ਕਰੜਾ ਦਿੱਤਾ ਲਾ।

ਪਾਣੀ ਹਾਂਡੇ ਪੁੱਟ ਕੇ, ਧਰਤੀ ਕੁਲ ਫਰੋਲ।

ਦਿੱਤੇ ਤੇਰੇ ਲਾਡਲੇ, ਮਿੱਟੀ ਦੇ ਵਿੱਚ ਰੋਲ।

ਹੋਣ ਇਕੱਠੇ ਇੱਕ ਥਾਂ, ਦੇਣ ਨਾ ਪੰਜ ਸਰੀਰ।

ਦਿੱਤਾ ਤੋੜ ਜਿਊਂਦਿਆਂ, ਦੁਨੀਆਂ ਨਾਲੋਂ ਸੀਰ।

ਇੱਕ ਵਿਛੋੜਾ ਤੁਸਾਂ ਦਾ, ਦੂਜਾ ਜ਼ਬਰ ਗੁਬਾਰ।

ਦਾਤਾ ਉੱਤੇ ਕੂਕਿਆਂ, ਪਈ ਦੁਵੱਲੀ ਮਾਰ।

ਸੁਣਕੇ ਹਾਲ ਪੰਜਾਬ ਦਾ, ਸਤਿਗੁਰ ਦੀਨ ਦਿਆਲ।

ਬੋਲੇ ਜਰਾ ਪਸੀਜ ਕੇ, ਹੋਰ ਸੁਣਾਵੋ ਹਾਲ।

ਦਰਬਾਰਾ ਸਿੰਘ ਆਖਦਾ, ਹੋਰ ਸੁਣੋ ਭਗਵਾਨ।

ਇਹ ਦੁੱਖਾਂ ਦੀ ਭਰੀ, ਹੈ ਲੰਮੀ ਦਾਸਤਾਨ।

ਫੇਰ ਫਰੰਗੀ ਰਾਜਿਆਂ, ਉੱਤੇ ਦਿੱਤਾ ਜੋਰ।

ਕੂਕ ਪੁਣਾ ਛੁਡਵਾ ਦਿਓ, ਪੰਥ ਬਣਾਓ ਹੋਰ।

ਰਾਜੇ ਅਤੇ ਰਈਸ ਸਭ, ਜਿੰਨੇ ਝੋਲੀ ਚੁੱਕ।

ਆਖਣ ਵੇਖੋ ਕੂਕਿਓ, ਤੁਸੀਂ ਗਏ ਹੋ ਉੱਕ।

ਕੂਕ ਪੁਣੇ ਨੂੰ ਛੱਡ ਕੇ, ਆਓ ਸਾਡੇ ਨਾਲ।

ਵਿੰਗਾ ਕਰ ਦਏ ਵਾਲ ਵੀ, ਕੀਹਦੀ ਫੇਰ ਮਜਾਲ।

ਦਿੱਤੇ ਕੱਚੇ ਪਿੱਲਿਆਂ, ਲਾਹ ਕਛਹਿਰੇ ਸੁੱਟ।

ਆਖਰ ਗੈਰਤ ਮਾਰ ਕੇ, ਗਏ ਅਜਾਬੋਂ ਛੁੱਟ।

ਤੇਰਾ ਸੱਚਾ ਹੋ ਗਿਆ, ਕੀਤਾ ਬਚਨ ਅਡੋਲ।

ਵੈਰੀ ਹੋਏ ਕੱਖ ਵੀ, ਕੀ ਕੀ ਕਹਾਂ ਫਰੋਲ।

ਜਿਨ੍ਹਾਂ ਅੰਦਰ ਵੱਸਿਆ, ਪਰ ਤੇਰਾ ਉਪਦੇਸ਼।

ਆਖਣ ਹੱਸ ਹੱਸ ਸਿਰਾਂ ਤੇ, ਸਹੀਏ ਜ਼ੁਲਮ ਹਮੇਸ਼।

ਐਪਰ ਛੱਡੀਏ ਜਰਾ ਨਾ, ਇਹ ਸੋਹਣੀ ਮਰਿਆਦ।

ਬਖਸ਼ੀ ਸਾਡੇ ਸਤਿਗੁਰਾਂ, ਚੱਲਦੀ ਆਦਿ ਜੁਗਾਦਿ।

ਹੁੰਦਾ ਉੱਤੇ ਕੂਕਿਆਂ, ਵੇਖਣ ਜ਼ੁਲਮ ਹਨੇਰ।

ਤਾਹਨੇ ਮਿਹਣੇ ਮਾਰਦੇ, ਲੋਕੀਂ ਸ਼ਾਮ ਸਵੇਰ।

ਧਰ ਕੇ ਤੋਪ ਉਡਾਉਣਗੇ, ਮੜ੍ਹੀ ਮਿਲੇ ਨਾ ਗੋਰ।

ਆਖਣ ਯਾਰੋ ਵੇਖ ਲਓ, ਕੂਕੇ ਬਣ ਕੇ ਹੋਰ?

ਐਪਰ ਦਾਤਾ ਫੇਰ ਵੀ, ਸਿਦਕੀ ਸਿੱਖ ਅਮੋਲ।

ਲੱਖਾਂ ਜ਼ੁਲਮ ਸਹਾਰ ਕੇ, ਬੈਠੇ ਰਹੇ ਅਡੋਲ।

ਭਾਵੇਂ ਕੁਝ ਕੁਝ ਟਲ ਗਏ, ਸਾਡੇ ਸਿਰ ਤੋਂ ਦੁੱਖ।

ਐਪਰ ਤੇਰੇ ਦਰਸ ਦੀ, ਬੜੀ ਸਤਾਵੇ ਭੁੱਖ।

ਪੁੱਛੀ ਸਾਰੀ ਦੇਸ਼ ਦੀ, ਖਬਰ ਬਹਾ ਕੇ ਕੋਲ।

ਹਾਲ ਚਾਲ ਸਭ ਜਾਣਿਆ, ਆਖਣ ਲੱਗੇ ਬੋਲ।

ਜਲਦੀ ਪੁੱਟੀ ਜਾਏਗੀ, ਰਾਜਿਆਂ ਵਾਲੀ ਮੂਲ।

ਜਿਨ੍ਹਾਂ ਦਿੱਤਾ ਹੱਦ ਤੋਂ, ਵੱਧ ਪੰਥ ਨੂੰ ਸੂਲ।

ਹੱਛਾ ਹੁਣ ਤੂੰ ਚਲਾ ਜਾਹ, ਵੇਲਾ ਵਕਤ ਵੀਚਾਰ।

ਕੱਲ ਮਿਲਾਂਗੇ ਬਾਹਰ ਹੀ, ਜਾਂਦੇ ਸੈਰ ਬਜ਼ਾਰ।

ਚਾਰ ਵਜੇ ਆ ਸੜਕ ਤੇ, ਬਹਿਣਾ ਨਾਲ ਅਰਾਮ।

ਬਾਕੀ ਗੱਲਾਂ ਓਸ ਥਾਂ, ਕਰੀਏ ਫੇਰ ਤਮਾਮ।



Sri Satguru Jagjit Singh Ji eLibrary NamdhariElibrary@gmail.com

ਬੱਘੀ ਉੱਤੇ ਬੈਠ ਕੇ, ਜਦੋਂ ਜਾਵੀਏ ਸੈਰ।
ਨਾਲ ਨਾਲ ਤੂੰ ਹੋ ਤੁਰੀਂ, ਜਰਾ ਵਧਾ ਕੇ ਪੈਰ।
ਨਜ਼ਰਾਂ ਨਾਲ ਨਾ ਮੇਲ ਕੇ, ਨਜ਼ਰਾਂ ਕਰਨੀ ਬਾਤ।
ਕਦੀ ਕਦਾਈਂ ਪਾਵਣੀ, ਸੋਚ ਸਮਝ ਕੇ ਝਾਤ।
ਮਿਲ ਕੇ ਵਿੱਛੜ ਜਾਣ ਨੂੰ, ਚਿੱਤ ਕਰੇ ਨਾ ਮੂਲ।
ਐਪਰ ਚੋਰੀ ਮਿਲਣ ਦੇ, ਵੱਖਰੇ ਹੋਣ ਅਸੂਲ।
ਹੁਕਮ ਗੁਰਾਂ ਦਾ ਮੰਨ ਕੇ, ਚਲਾ ਗਿਆ ਮਨ ਮਾਰ।
ਜਾ ਟਿਕਾਣੇ ਆਪਣੇ, ਦਿੱਤੀ ਰਾਤ ਗੁਜ਼ਾਰ।
ਸ਼ਿਵ ਮੰਦਰ ਇੱਕ ਬੰਗਲੇ, ਦੇ ਬਿਲਕੁਲ ਨਜ਼ਦੀਕ।
ਹੈ ਫੈਰੀ ਸਟਰੀਟ ਦੇ, ਉੱਤੇ ਜਿਹੜਾ ਠੀਕ।
ਚੜ੍ਹਿਆ ਸੂਰਜ ਦੇਵਤਾ, ਜਾਂ ਨੌਖੰਡੇ ਧਾਰ।
ਸਿੱਖ ਗੁਰੂ ਦੇ ਕਰਨ ਲਈ, ਤੁਰਿਆ ਫੇਰ ਦੀਦਾਰ।
ਖੂਹੀ ਉੱਤੇ ਓਸ ਨੇ, ਬਹਿ ਕੀਤਾ ਇਸ਼ਨਾਨ।
ਫੇਰ ਜੋੜਿਆ ਗੁਰਾਂ ਦੇ, ਚਰਨਾਂ ਨਾਲ ਧਿਆਨ।
ਘੰਟਾ ਪਹਿਲਾਂ ਬੈਠਿਆ, ਆਣ ਚੌਕੜਾ ਮਾਰ।
ਦੱਖਣ ਵਾਲੀ ਸੜਕ ਤੇ, ਜਿੱਧਰ ਸਦਰ ਬਜ਼ਾਰ।
ਉਸਲਵੱਟੇ ਲੈਂਦਿਆਂ, ਮਸਾਂ ਵਜਾਏ ਚਾਰ।
ਜਾਪੇ ਕੀਤੀ ਸਮੇਂ ਨੇ, ਜਿਉਂ ਧੀਮੀ ਰਫਤਾਰ।

ਬੱਘੀ ਆਈ ਕੋਲ ਜਾਂ, ਤਾਂ ਦੋਵੇਂ ਹੱਥ ਜੋੜ।

ਫਤਹਿ ਬੁਲਾਈ ਸਿੱਖ ਨੇ, ਜਿਵੇਂ ਸਮੇਂ ਦੀ ਲੋੜ।

ਬੱਘੀਓਂ ਹੇਠਾਂ ਉੱਤਰੇ, ਸਤਿਗੁਰ ਦੀਨ ਦਿਆਲ।

ਅੱਗੇ ਅੱਗੇ ਤੁਰ ਪਏ ਲੈ, ਕੇ ਉਹਨੂੰ ਨਾਲ।

ਨਾਨੂੰ ਸਿੰਘ ਵੀ ਸਾਥ ਸੀ, ਤੁਰਦੇ ਜਾਵਣ ਤੇਜ਼।

ਪਹਿਰੇ ਉੱਤੇ ਨਾਲ ਸੀ, ਓਸ ਵਕਤ ਅੰਗ੍ਰੇਜ਼।

ਪੈਦਲ ਤੁਰਦੇ ਜਾਂਵਦੇ, ਸਾਰੇ ਨਾਲ ਹੁਲਾਸ।

ਵਿੱਚ ਜੁਬਾਨ ਮਾਤਰੀ, ਕਰਦੇ ਬਚਨ ਬਿਲਾਸ।

ਭਾਵੇਂ ਉਸ ਅੰਗ੍ਰੇਜ਼ ਨੂੰ, ਸਮਝ ਨਾ ਆਵੇ ਬਾਤ।

ਨਜ਼ਰਾਂ ਕਰ ਕੇ ਤਿੱਖੀਆਂ, ਹਿੱਲਦੇ ਵੇਖੇ ਵਾਤ।

ਸੁਣ ਕੇ ਉਹਨੂੰ ਪੈ ਗਿਆ, ਫੇਰ ਅਵੱਲਾ ਸ਼ੱਕ।

ਔਖਾ ਹੋ ਕੇ ਬੋਲਿਆ, ਜਰਾ ਚਾੜ੍ਹਕੇ ਨੱਕ।

ਆਪਸ ਦੇ ਵਿੱਚ ਆਖਦਾ, ਬਾਤੇਂ ਕਰੋ ਨਾ ਮੂਲ।

ਕੈਦੀ ਬੰਦੇ ਵਾਸਤੇ, ਹੁੰਦੇ ਹੋਰ ਅਸੂਲ।

ਭਾਵੇਂ ਕਰਦੇ ਬਚਨ ਸਨ, ਨਜ਼ਰਾਂ ਜਰਾ ਨਾ ਮੇਲ।

ਗੋਰਾ ਬੜਾ ਚਲਾਕ ਸੀ, ਸਮਝ ਗਿਆ ਸਭ ਖੇਲ।

ਸਤਿਗੁਰ ਜੀ ਨੇ ਆਖਿਆ, ਸੁਣ ਕੇ ਫੇਰ ਸਵਾਲ।

ਬੰਦਾ ਮਿਲਿਆ ਦੇਸ਼ ਦਾ, ਪੁੱਛੀਏ ਵੀ ਨਾ ਹਾਲ?

ਜਾਂਦੇ ਏਸੇ ਤਰ੍ਹਾਂ ਹੀ, ਜਦੋਂ ਗੁਰੂ ਜੀ ਸੈਰ।

ਦਰਬਾਰਾ ਸਿੰਘ ਆਣ ਕੇ, ਜਾਏ ਸੜਕ ਤੇ ਠਹਿਰ।

ਫੇਰ ਬਰਾਬਰ ਚੱਲ ਕੇ, ਕਰਦਾ ਬਚਨ ਬਿਲਾਸ।

ਦੇਂਦੇ ਆਪ ਆਦੇਸ਼ ਨੇ, ਜਿਹੜਾ ਜਿਹੜਾ ਖਾਸ।

ਹੁਕਮ ਨਾਮਾ ਲਿਖ ਕੇ, ਦਿੱਤਾ ਆਪ ਹਜ਼ੂਰ।

ਬਚਨ ਅਮੋਲਕ ਓਸ ਵਿੱਚ, ਲਿਖ ਨੀਤੀ ਭਰਪੂਰ।

ਪੈਰਾਂ ਦੇ ਵਿੱਚ ਸੁੱਟ ਕੇ, ਅੱਗੇ ਚੱਲੇ ਲੰਘ।

ਸਿੱਖ ਤਾਈਂ ਸਮਝਾ ਗਏ, ਥੋੜ੍ਹਾ ਜਿੰਨਾ ਖੰਘ।

ਫਿਰ ਦਰਬਾਰਾ ਸਿੰਘ ਸੀ, ਰੁਕਿਆ ਮਲਦਾ ਪੈਰ।

ਹੁਕਮ ਨਾਮਾ ਚੁੱਕ ਕੇ, ਓਸ ਮਨਾਈ ਖੈਰ।

## ਵਾਪਿਸ ਪਰਤਣਾ

ਕਈ ਦਿਹਾੜੇ ਇਸ ਤਰ੍ਹਾਂ, ਕਰਕੇ ਦਰਸ ਦੀਦਾਰ।

ਹੁਕਮ ਨਾਮਾ ਲੈ ਕੇ, ਮੋੜੀ ਪਿਛਾਂਹ ਮੁਹਾਰ।

ਸਤਿਗੁਰ ਜੀ ਨੇ ਵਿਦਾ ਕਰ, ਦਿੱਤੀ ਇਹ ਅਸੀਸ।

ਸਦਾ ਰਹੇਗੀ ਤੁਸਾਂ ਤੇ, ਸਤਿਗੁਰੂ ਦੀ ਬਖ਼ਸ਼ੀਸ਼।

ਰਾਖਾ ਹੋਵੇ ਰਾਹ ਵਿੱਚ, ਤੇਰਾ ਪੁਰਖ ਅਕਾਲ।

ਦੱਸੋ ਭੈਣੀ ਪਹੁੰਚ ਕੇ, ਸਾਰਾ ਹਾਲ ਹਵਾਲ।

ਭੈਣੀ ਸਾਹਿਬ ਅੱਪੜੇ, ਇੱਕ ਮਹੀਨੇ ਬਾਅਦ।

ਹਾਲ ਸੁਣਾਇਆ ਆਣ ਕੇ, ਸੁਣ ਹੋਏ ਸਭ ਸ਼ਾਦ।

ਪਹਿਲਾਂ ਮੱਥਾ ਟੇਕਿਆ, ਗੁਰ ਚਰਨਾਂ ਤੇ ਆਣ।

ਸੰਗਤ ਸਾਰੀ ਨੂੰ ਫਿਰ, ਲੱਗੇ ਬਚਨ ਸੁਣਾਣ।

ਆਖਣ ਲੱਗੇ ਹੁਕਮ ਇਹ, ਦਿੱਤਾ ਗੁਰਾਂ ਵਿਸ਼ੇਸ਼।

ਲੰਗਰ ਦਾ ਪ੍ਰਸ਼ਾਦਾ, ਮੋਟਾ ਹੋਏ ਹਮੇਸ਼।

ਕਰੜਾ ਦਾਲਾ ਰਿੰਨ੍ਹਣਾ, ਕਰ ਕੇ ਖਾਸ ਖਿਆਲ।

ਅੱਗੋਂ ਸਿੰਘਾਂ ਆਖਿਆ, ਇਹ ਸੁਣ ਕੇ ਤਤਕਾਲ।

ਕਈ ਦਿਨਾਂ ਦਾ ਹੁਕਮ ਇਹ, ਦੇ ਦਿੱਤਾ ਮਹਾਰਾਜ।

ਬਾਬੇ ਬੁੱਧ ਸਿੰਘ ਜੀ, ਆਪ ਕਰਾਇਆ ਕਾਜ।

ਸੰਗਤ ਕੋਲੋਂ ਬਚਨ ਸੁਣ, ਮਨ ਹੋਇਆ ਪ੍ਰਸੰਨ।

ਏਕ ਜੋਤ ਦੋਏ ਮੂਰਤੀ, ਜਾਣ ਆਖਿਆ ਧੰਨ।

ਹੁਕਮ ਨਾਮਾ ਵਾਚ ਕੇ, ਆਪ ਸੁਣਾਇਆ ਫੇਰ।

ਸਾਰੀ ਸੰਗਤ ਸਾਹਮਣੇ, ਕੀਤੀ ਜਰਾ ਨਾ ਦੇਰ।

ਇਹ ਦਰਬਾਰਾ ਸਿੰਘ ਨੇ, ਪੜ੍ਹਿਆ ਸ਼ਰਧਾ ਧਾਰ।

ਚੀਨੀ ਵਾਲੇ ਜੋ ਲਿਖੇ, ਇਸ ਦੇ ਵਿੱਚ ਵੀਚਾਰ।



Sri Satguru Jagjit Singh Ji eLibrary NamdhariElibrary@gmail.com

## ਹੁਕਮ ਨਾਮਾ

ਸੰਗਤ ਵਿੱਚ ਖਲੋ ਦਰਬਾਰਾ, ਸਤਿਗੁਰ ਦਾ ਬੋਲੇ ਫੁਰਮਾਨ।

ਆਖਣ ਲੱਗਾ ਸਾਰੀ ਸੰਗਤ, ਸੁਣਿਓਂ ਲਾ ਕੇ ਜਰਾ ਧਿਆਨ।

ਹੱਥੀਂ ਲਿਖ ਪ੍ਰਵਾਨਾ ਦਿੱਤਾ, ਸਤਿਗੁਰੂ ਰਾਮ ਸਿੰਘ ਮ੍ਰਿਗੇਸ਼।

ਇਸ ਦੇ ਅੰਦਰ ਲਿਖ ਕੇ ਘੱਲਿਆ, ਹੈ ਉਹਨਾਂ ਇੱਕ ਹੁਕਮ ਵਿਸ਼ੇਸ਼।

ਸਾਰੀ ਸੰਗਤ ਉਹਨਾਂ ਵੱਲੋਂ, ਪਹਿਲਾਂ ਫਤਹਿ ਕਰੋ ਪ੍ਰਵਾਨ।

ਦਿੱਤੀ ਇਹ ਅਸੀਸ ਸਭਸ ਨੂੰ, ਵੱਸੋ ਰਸੋ ਵਿੱਚ ਜਹਾਨ।

ਸੁਣ ਕੇ ਸਾਰੀ ਸੰਗਤ ਨੇ ਇਹ, ਅੱਗੇ ਸਭ ਨੂੰ ਦੇਣਾ ਦੱਸ।

ਮੇਰੇ ਬਾਝ ਨਾ ਸਮਝੇ ਕੋਈ, ਅਸੀਂ ਨਿਮਾਣੇ ਹਾਂ ਬੇਵੱਸ।

ਕੋਲ ਤੁਹਾਡੇ ਛੱਡ ਗਿਆ ਹਾਂ, ਬੁੱਧ ਸਿੰਘ ਜੋ ਮੇਰਾ ਵੀਰ।

ਮੇਰਾ ਅਕਸ ਓਸ ’ਚੋਂ ਵੇਖੋ, ਉਹਦੀ ਮੇਰੀ ਇੱਕ ਤਸਵੀਰ।

ਹਰੀ ਸਿੰਘ ਅੱਜ ਤੋਂ ਉਹ ਹੋਇਆ, ਸਿੱਖੀ ਹਰੀ ਰੱਖਣ ਦੇ ਯੋਗ।

ਹੁਣ ਉਹਨੂੰ ਸਿਰਕਰਤਾ ਸਮਝੋ, ਮੇਰੇ ਬਾਗ ਪੰਥ ਦੇ ਲੋਗ।

ਮੇਰੇ ਧੱਕੇ ਨੂੰ ਇਹ ਸਮਝੋ ਬਖਸ਼, ਲਵੇਗਾ ਬਖਸ਼ਣ ਹਾਰ।

ਏਹਦਾ ਧੱਕਿਆ ਮੈਂ ਨਾ ਬਖਸ਼ਾਂ, ਕਿਸੇ ਸਮੇਂ ਕਿਸੇ ਪ੍ਰਕਾਰ।

ਮੇਰੇ ਸਮ ਨਾ ਸਮਝਣ ਇਹਨੂੰ, ਉਹ ਉਠਾਵਣ ਭਾਰੇ ਦੁੱਖ।

ਇਹ ਦੇਵੇਗਾ ਠੰਡੀ ਛਾਇਆ, ਬਣ ਕੇ ਵੱਡਾ ਸੰਘਣਾ ਰੁੱਖ।



Sri Satguru Jagjit Singh Ji eLibrary NamdhariElibrary@gmail.com

ਇਸ ਦੀ ਸ਼ਾਂਤ ਮੂਰਤੀ ਤੱਕ ਕੇ, ਇਹ ਨਾ ਸਮਝੋ ਹੈ ਕਮਜ਼ੋਰ।

ਇਹ ਜ਼ਾਲਮ ਦੀ ਜੜ੍ਹ ਕੁਤਰਕੇ, ਉਹਨੂੰ ਸੁੱਟ ਦਵੇ ਵਿੱਚ ਗੋਰ।

ਧੀਰਜ ਦਇਆ ਨਿਮਰਤਾ ਸੰਜਮ, ਸਮਝ ਲਵੋ ਇਸ ਦੇ ਹਥਿਆਰ।

ਏਸੇ ਵਕਤ ਲਈ ਮੈਂ ਇਹਨੂੰ, ਰੱਖਿਆ ਹੈ ਸੀ ਸਾਂਭ ਸਵਾਰ।

ਜੋ ਚਾਹਵੇ ਦਰਸ਼ਨ ਨਿੱਤ ਮੇਰਾ, ਇਸ ਮੂਰਤ ਦੇ ਕਰੋ ਦੀਦਾਰ।

ਇੱਕੋ ਨਜ਼ਰ ਮਿਹਰ ਦੀ ਕਰਕੇ, ਕਰ ਦੇਵੇਗਾ ਬੇੜਾ ਪਾਰ।

ਏਥੇ ਬੈਠ ਕਿਸੇ ਨਹੀਂ ਰਹਿਣਾ, ਇਹ ਸਾਰਾ ਮਿਥਿਆ ਸੰਸਾਰ।

ਭੁੱਲ ਕਦੇ ਤਕਰਾਰ ਨਾ ਕਰਨਾ, ਸਭ ਨੇ ਰਹਿਣਾ ਨਾਲ ਪਿਆਰ।

ਧਾਰੀ ਰੱਖਣਾ ਸੱਚ ਸੁੱਚ ਸੰਜਮ ਰੱਖਣਾ ਹਰ ਦਮ ਸਾਫ਼ ਵਿਹਾਰ।

ਹੁਕਮ ਏਸ ਦਾ ਮੰਨੋ ਸਾਰੇ ਅੱਗੋਂ ਭਲੀ ਕਰੇ ਕਰਤਾਰ।

ਪਾਠ ਕਰੋ ਨਿੱਤ ਭੋਗ ਪਵਾਓ ਗੁਰਬਾਣੀ ਹੈ ਪ੍ਰਾਣ ਅਧਾਰ।

'ਬਾਜਵਿਆ' ਜਿੱਦਾਂ ਸੀ ਚੱਲਦੀ ਓਦਾਂ ਫੇਰ ਚਲਾਓ ਕਾਰ।

---o---

ਹੋਰ ਧਰੋਹਰ ਕਿਸੇ ਦੀ, ਰੱਖੀ ਜਿਹੜੀ ਪਾਸ।

ਸਭ ਨੂੰ ਵਾਪਸ ਕਰ ਦਿਓ, ਕਾਰਜ ਆਵਣ ਰਾਸ।

ਗੁਰਬਾਣੀ ਹੈ ਆਖਦੀ, ਜਾਣ ਲਵੋ ਸਭ ਕੋਇ।

"ਪਰਾਈ ਅਮਾਨ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥"



. Sri Satguru Jagjit Singh Ji eLibrary NamdhariElibrary@gmail.com .

ਚਿੱਠੀ ਸੁਣ ਕੇ ਸਭਸ ਨੂੰ, ਹੋਇਆ ਹਾਲ ਮਾਲੂਮ।
ਵਾਪਸ  ਕੀਤਾ ਜਿਨ੍ਹਾਂ ਦਾ, ਹੈ ਸੀ ਟੱਲਾ ਟੂਮ।
ਐਪਰ ਪੈਸਾ ਕਿਸੇ ਨਾ, ਵਾਪਸ ਕੀਤਾ ਜਾਣ।
ਥਾਓਂ ਥਾਈਂ ਮੁਰਕੇ, ਸਾਰੇ ਵਕਤ ਪਛਾਣ।
ਹੁਕਮ ਗੁਰਾਂ ਦਾ ਜਾਣ ਕੇ, ਓਸੇ ਵਕਤ ਅਲੋਕ।
ਹਰੀ ਸਿੰਘ ਜੀ ਸਤਿਗੁਰੂ, ਆਖਣ ਲੱਗੇ ਲੋਕ।

## ਹੋਰ ਕੂਕਿਆਂ ਦਾ ਰੰਗੂਨ ਜਾਣਾ

ਖ਼ਬਰ ਗੁਰਾਂ ਦੀ ਪਾ ਕੇ, ਹੋਏ ਹੋਰ ਤਿਆਰ।
ਚੱਲੇ ਭੌਰ ਪ੍ਰੇਮ ਦੇ, ਪਰਸਨ ਦਰਸ ਦੀਦਾਰ।
ਭਾਣੇ ਦੇ ਹਰਨਾਮ ਸਿੰਘ, ਮਾਈ ਚੰਦੋ ਨਾਲ।
ਦੋਹਾਂ ਦੇ ਮਨ ਉਪਜਿਆ, ਵੇਖੋ ਨੇਕ ਖਿਆਲ।
ਅਰਜ਼ੀ ਦਿੱਤੀ ਜਾ ਕੇ, ਦੋਹਾਂ ਵਿੱਚ ਲਹੌਰ।
ਦਿਓ ਦਰਸ ਦੀ ਆਗਿਆ, ਆਖਣ ਕਰਕੇ ਗੌਰ।
ਅਰਜ਼ੀ ਉਹ ਸਰਕਾਰ ਨੇ, ਕਰ ਦਿੱਤੀ ਪਰਵਾਨ।
ਦੇ ਮਨਜ਼ੂਰੀ ਤੋਰਿਆ, ਕਰ ਏਦਾਂ ਫੁਰਮਾਨ।
ਆਖਣ ਜਾ ਰੰਗੂਨ ਤੋਂ, ਲੈ ਮਨਜ਼ੂਰੀ ਆਪ।


Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਕਰਕੇ ਲਾਹ ਲਵੋ, ਬ੍ਰਿਹਾ ਵਾਲਾ ਤਾਪ।

ਦੋਵੇਂ ਮੰਜ਼ਲ ਮਾਰ ਕੇ, ਪਹੁੰਚੇ ਵਿੱਚ ਰੰਗੂਨ।

ਪਰ ਗੋਰੀ ਸਰਕਾਰ ਦਾ, ਵੇਖੋ ਉਲਟ ਕਾਨੂੰਨ।

ਏਥੋਂ ਦਿੱਤੀ ਆਗਿਅ,ਾ ਓਥੋਂ ਕੀਤੀ ਰੱਦ।

ਵੇਖੋ ਆਪੇ ਆਪਣੀ, ਦਿੱਤੀ ਬਾਤ ਉਲੱਦ।

ਦੋਵੇਂ ਪਹੁੰਚੇ ਜਾ ਕੇ, ਜਦੋਂ ਕਮਿਸ਼ਨਰ ਪਾਸ।

ਟੋਟੇ ਟੋਟੇ ਹੋ ਗਈ, ਪਿਰ ਮਿਲਨੇ ਕੀ ਆਸ।

ਭੇਟ ਕਰਨ ਲਈ ਲੈ ਕੇ, ਆਏ ਕੁਝ ਸਾਮਾਨ।

ਐਪਰ ਅਰਜ਼ੀ ਗੋਰਿਆਂ, ਕੀਤੀ ਨਾ ਪ੍ਰਵਾਨ।

ਫਿਰ ਵੀ ਫਿਰਦੇ ਤੁਰਦਿਆਂ, ਕੀਤੇ ਦਰਸ ਦੀਦਾਰ।

ਵੇਖ ਤ੍ਰਿਪਤੀ ਆਤਮਾ, ਤਨ ਮਨ ਲੀਤਾ ਠਾਰ।

ਵੇਖੋ ਓਥੋਂ ਮੋੜ ਕੇ, ਜ਼ੁਲਮ ਕਮਾਇਆ ਘੋਰ।

ਵਿੱਚ ਜਹਾਜ਼ ਬੈਠਾ ਕੇ, ਵਾਪਸ ਦਿੱਤੇ ਤੋਰ।

ਐਪਰ ਭੁੱਖੇ ਦੀਦ ਦੇ, ਹੋ ਪ੍ਰਵਾਨੇ ਢੇਰ।

ਤੁਰੇ ਵਹੀਰਾਂ ਘੱਤ ਕੇ, ਵੱਲ ਸ਼ਮਾਂ ਦੇ ਫੇਰ।

ਚੋਰੀ ਛਿਪੇ ਜਾ ਕੇ, ਕਰਦੇ ਦਰਸ ਦੀਦਾਰ।

ਦੇਣ ਆਪਣੀ ਗੁਰਾਂ ਦੀ, ਲੈ ਕੇ ਆਉਂਦੇ ਸਾਰ।

ਹੁਕਮ ਨਾਮੇ ਲੈ ਆਉਣ, ਚੋਰੀ ਛਿਪੇ ਜਾ।

ਪਹਿਰੇਦਾਰਾਂ ਦੀਆਂ ਉਹ, ਅੱਖੀਂ ਘੱਟਾ ਪਾ।

ਹੈਸੀ ਜੋ ਵੀ ਜਾਂਵਦਾ, ਓਥੇ ਕਿਸੇ ਵਿਹਾਰ।

ਸਖਤ ਤਲਾਸ਼ੀ ਉਸ ਦੀ, ਲੈਂਦੀ ਸੀ ਸਰਕਾਰ।

ਏਸ ਵਾਸਤੇ ਫੜੇ ਗਏ, ਕਈ ਗੁਰੂ ਦੇ ਲਾਲ।

ਸਖਤ ਸਜ਼ਾਵਾਂ ਭੋਗ ਕੇ, ਆਏ ਘਾਲਣਾ ਘਾਲ।

## ਸਰਕਾਰ ਨੇ ਸਥਾਨ ਬਦਲ ਦੇਣਾ

ਕੂਕੇ ਪਕੜੇ ਗਏ ਜਾਂ, ਕੁਝ ਕਰਦੇ ਇਹ ਕਾਜ।

ਇਹ ਵੇਖ ਅੰਗ੍ਰੇਜ਼ ਨੂੰ, ਆਈ ਡਾਢੀ ਲਾਜ।

ਕਦੇ ਨਾ ਸੂਰਜ ਡੁੱਬਦਾ, ਆਖੇ ਮੇਰੇ ਰਾਜ।

ਮੈਂ ਰੋਕ ਨਾ ਸੱਕਿਆ, ਛੋਟਾ ਜਿਹਾ ਮੁਹਾਜ।

ਜਾਣੇ ਵਿੱਚ ਰੰਗੂਨ ਦੇ, ਔਖੀ ਲਾਉਣੀ ਰੋਕ।

ਸਮਝ ਨਾ ਆਵੇ ਕਿਸ ਤਰ੍ਹਾਂ, ਮਿਲ ਜਾਂਦੇ ਇਹ ਲੋਕ।

ਨਾ ਪ੍ਰਵਾਹ ਜਾਨ ਦੀ, ਨਾ ਸਜ਼ਾ ਦਾ ਭੈਅ।

ਇਹਨਾਂ ਅੰਦਰ ਵੱਸਦੀ, ਪਤਾ ਨਹੀਂ ਕੀ ਸ਼ੈਅ।

ਐਪਰ ਉਹ ਨਾ ਜਾਣਦਾ, ਇਹ ਪਵਿੱਤਰ ਪਾਕ।

ਸੱਚਾ ਕਰਨ ਆਏ ਨੇ, ਗੁਰਬਾਣੀ ਦਾ ਵਾਕ।

---o---



Sri Satguru Jagjit Singh Ji eLibrary NamdhariElibrary@gmail.com

"ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ॥"

---o---

ਹੁੰਦਾ ਖਾਰਾ ਅਤਿ ਦਾ, ਇਹ ਸਾਗਰ ਦਾ ਨੀਰ।
ਦਰਸ਼ਨ ਪਰਸਨ ਪਹੁੰਚਦਾ, ਗੁਰ ਸਿੱਖ ਲੰਘ ਅਖੀਰ।
ਨਰੈਣ ਸਿੰਘ ਫਲੌਰ ਦਾ, ਬਣ ਕੇ ਅਫਲਾਤੂਨ।
ਫਿਰੇ ਮਸਾਲੇ ਵੇਚਦਾ, ਅੰਦਰ ਸ਼ਹਿਰ ਰੰਗੂਨ।
ਸੱਦਾ ਸਿੰਘ ਸੀ ਪਹੁੰਚਿਆ, ਮੱਥੇ ਤਿਲਕ ਲਗਾ।
ਪਾਂਡੇ ਮਥਰਾ ਦੇ ਦਾ, ਲੀਤਾ ਭੇਸ ਵਟਾ।
ਟੇਵੇ ਲਾਏ ਬੈਠ ਕੇ, ਵੇਖੇ ਹੱਥ ਕਮਾਲ।
ਬਰਮੀ ਲੋਕਾਂ ਵਾਸਤੇ, ਪਾਉਂਦਾ ਫਿਰਦਾ ਫਾਲ।
ਇੰਜ ਤੁਰਦਿਆਂ ਫਿਰਦਿਆਂ, ਕਰਕੇ ਦਰਸ ਦੀਦਾਰ।
ਠੰਡਕ ਪੀ ਕੇ ਚਸ਼ਮਿਓਂ, ਅੰਦਰ ਲੈਂਦੇ ਠਾਰ।
ਨਾਲ ਗੁਰਾਂ ਦੇ ਕਿਸੇ ਦੀ, ਹੋ ਜਾਂਦੀ ਜੇ ਬਾਤ।
ਉਹ ਸਮਝਦਾ ਮਿਲ ਗਈ, ਮੈਨੂੰ ਸਵਰਗ ਸੌਗਾਤ।
ਲਾ ਸੱਕੀ ਨਾ ਰੋਕ ਸੀ, ਸਿੱਖਾਂ ਤੇ ਸਰਕਾਰ।
ਡਰਦੀ ਮਾਰੀ ਬੈਠ ਕੇ, ਲੱਗੀ ਕਰਨ ਵੀਚਾਰ।


Sri Satguru Jagjit Singh Ji eLibrary NamdhariElibrary@gmail.com

ਗੋਰਾ ਸੋਚੀਂ ਪੈ ਗਿਆ, ਜਾਣ ਬੁਰੇ ਹਾਲਾਤ।

ਵੇਖ ਵਖਾਈ ਉਸ ਨੇ, ਆਪਣੀ ਇੰਜ ਔਕਾਤ।

ਟਾਪੂ ਵਿੱਚ ਮਰਗੋਈ ਦੇ, ਕਰ ਦਿੱਤਾ ਤਬਦੀਲ।

ਓਥੇ ਵੀ ਪਰ ਪਹੁੰਚ ਗਏ, ਕੂਕੇ ਜਾਨਾਂ ਹੀਲ।

## ਗੁਰੂ ਜੀ ਦਾ ਮਰਗੋਈ ਪਹੁੰਚਣਾ

ਮਰਗੋਈ ਦੀ ਜੇਲ੍ਹ ਦੇ, ਬਾਹਰ ਵਾਰ ਸੀ ਬਾਗ।

ਬੋਲਣ ਲੱਗੇ ਓਸ ਦੇ, ਬੈਠੇ ਬਨੇਰੇ ਕਾਗ।

ਸ਼ਾਹੀ ਆਣ ਪ੍ਰਾਹੁਣਾ, ਇਸ ਥਾਂ ਕਰੂ ਨਿਵਾਸ।

ਏਸੇ ਖਾਤਰ ਸਾਜਿਆ, ਓਥੇ ਨਵਾਂ ਅਵਾਸ।

ਗੋਰੇ ਨਵਾਂ ਉਸਾਰਿਆ, ਬੰਗਲਾ ਲਾ ਤਰਤੀਬ।

ਜੋ ਸੁਰੱਖਿਆ ਵਾਸਤੇ, ਦੇ ਚੰਗੀ ਤਰਤੀਬ।

ਮੋਟੇ ਫੱਟੇ ਲਾ ਕੇ, ਉੱਚੀ ਕਰ ਕੇ ਵਾੜ।

ਚਿੜੀ ਫਟਕ ਨਾ ਸੱਕਦੀ, ਐਸੀ ਉਹਦੀ ਘਾੜ।

ਹੈ ਮਰਗੋਈ ਆਖਦੇ, ਟਾਪੂ ਸਾਗਰ ਵਿੱਚ।

ਸੋਚਣ ਸੱਕਣ ਪਹੁੰਚ ਨਾ, ਕੂਕੇ ਕਰ ਕੇ ਖਿੱਚ।

ਸਤਿਗੁਰ ਜੀ ਨੂੰ  ਏਸ ਥਾਂ, ਲੈ ਕੇ ਆਏ ਫੇਰ।

ਕਹਿਣ ਛੁਪਾ ਕੇ ਰੱਖਣਾ, ਕਰ ਕੇ ਜ਼ੁਲਮ ਹਨੇਰ।



Sri Satguru Jagjit Singh Ji eLibrary NamdhariElibrary@gmail.com

ਪਹਿਰਾ ਕਰੜਾ ਲਾ ਕੇ, ਆਖਣ ਰੱਖੋ ਗੌਰ।

ਫਟਕ ਨਾ ਸੱਕੇ ਏਸ ਥਾਂ, ਕੋਈ ਚਿੜੀ ਜਨੌਰ।

ਕਾਗਜ਼ ਕੋਰਾ ਕੋਈ ਜੇ, ਨੇੜੇ ਦੇਵੇ ਸੁੱਟ।

ਫੌਰਨ ਫੜ ਕੇ ਓਸ ਦੀ, ਸੰਘੀ ਦੇਵੋ ਘੁੱਟ।

ਜਿਹੜਾ ਏਥੇ ਆਣ ਕੇ, ਸ਼ੱਕੀ ਕਰੇ ਵਿਹਾਰ।

ਵਿੱਚ ਸਮੁੰਦਰ ਡੋਬ ਕੇ, ਦੇਵੋ ਉਸਨੂੰ ਮਾਰ।

ਵੇਖੋ ਬੰਗਲੇ ਵੱਲ ਜੇ, ਪਾਉਂਦਾ ਕੋਈ ਝਾਤ।

ਤਾੜ ਹਨੇਰੀ ਕੋਠੜੀ, ਦਿਨੇ ਬਣਾਵੋ ਰਾਤ।

ਪਰ ਗੋਰੇ ਨਾ ਜਾਣਦੇ, ਇਹ ਪੰਜਾਬੀ ਲੋਕ।

ਵੱਖਰੀ ਮਿੱਟੀ ਦੇ ਬਣੇ, ਪਾਵੇ ਕਿਹੜਾ ਰੋਕ।

ਇਹਨਾਂ ਦੀ ਤਾਂ ਮੁੱਢ ਤੋਂ, ਏਹੋ ਹੀ ਹੈ ਬਾਣ।

ਸੀਸ ਤਲੀ ਤੇ ਰੱਖ ਕੇ, ਗਲੀ ਯਾਰ ਦੀ ਜਾਣ।

ਅੱਗੇ ਖਤਰਾ ਵੇਖ ਕੇ, ਮੁੜ ਜਾਂਦੇ ਨੇ ਭੌਣ।

ਪਰ ਦੱਸੋ ਪਰਵਾਨਿਆਂ, ਰੋਕਾਂ ਪਾਵੇ ਕੌਣ।

ਨਾਲ ਤੂਫਾਨਾਂ ਜੂਝਣਾ, ਇਹਨਾਂ ਦਾ ਹੈ ਚਾਅ।

ਸਿਰ ਤੇ ਕੱਫ਼ਣ ਬੰਨ੍ਹ ਕੇ, ਲੰਘ ਜਾਣ ਦਰਿਆ।

ਦ੍ਰਿੜ ਇਰਾਦੇ ਇਹਨਾਂ ਦੇ, ਲਵੇ ਕੌਣ ਹਟਕਾ।

ਸੱਕੇ ਇਹਨਾਂ ਨੂੰ ਨਾ, ਅਟਕ ਜਿਹੇ ਅਟਕਾ।

ਸੁੱਤੇ ਸ਼ੇਰ ਲਤਾੜਦੇ, ਬੇ-ਡਰ ਬੇਲੇ ਭੌਣ।

ਛਾਂ ਤਲਵਾਰਾਂ ਦੀ ਵਿੱਚ, ਇਹ ਗਿੱਝੇ ਨੇ ਸੌਣ।

ਚੜ੍ਹਕੇ ਉੱਤੇ ਚਰਖੜੀ, ਆਖਣ ਆਏ ਅਨੰਦ।

ਸਿਰ ਤੇ ਕੱਫ਼ਣ ਬੰਨ੍ਹ ਕੇ, ਗਾਵਣ ਮਾਰੂ ਛੰਦ।

ਪੁੱਤਰ ਨੇ ਦਸਮੇਸ਼ ਦੇ, ਇਹ ਯੋਧੇ ਰਣਧੀਰ।

ਬਿਧੀ ਬਣਾਉਣੀ ਜਾਣਦੇ, ਬਿਧੀ ਚੰਦ ਦੇ ਵੀਰ।

ਨਿਡਰ, ਅਣਖੀ, ਸੂਰਮੇ, ਨੇ ਯੋਧੇ ਬਲਵਾਨ।

ਜਾਨ ਹੀਲ ਕੇ ਜਾਣਦੇ, ਉੱਚੀ ਰੱਖਣੀ ਸ਼ਾਨ।

ਬਹਿ ਬਹਿ ਇਹ ਨਾ ਝੂਰਦੇ, ਲੱਭ ਲੈਂਦੇ ਨੇ ਰਾਹ।

ਲੱਗੀਆਂ ਤੋੜ ਨਿਭਾਉਣ ਦਾ, ਇਹਨਾਂ ਨੂੰ ਹੈ ਚਾਅ।

ਫੜ੍ਹਾਂ ਨਾ ਮਾਰਨ ਫੋਕੀਆਂ, ਕਰਕੇ ਕਾਜ ਵਿਖਾਉਣ।

ਕੌਲ ਪਾਲਣੇ ਜਾਣਦੇ, ਲਾ ਕੇ ਤੋੜ ਨਿਭਾਉਣ।

ਸ਼ਾਹਦੀ ਏਸੇ ਗੱਲ ਦੀ, ਭਰਨ ਗੁਰੂ ਤੇ ਪੀਰ।

ਲੰਘਣ ਬਲਦੀ ਅੱਗ 'ਚੋਂ, ਸਾਗਰ ਜਾਵਣ ਚੀਰ।

"ਨਾਗਾਂ ਵਾੜ ਸਮੁੰਦ ਘਰ ਕੇਹਰ ਖੜੇ ਬੁਕੰਨਿ॥

ਜੇ ਜਮ ਹੋਇ ਪਾਹਰੂ ਪ੍ਰੇਮੀ ਜਾਇ ਮਿਲੰਨਿ॥"

"ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥

ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥

ਭਿਜਉ ਸਿਜਉ ਕੰਬਲੀ ਅਲਹ ਵਰਸਾਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥"

---o---

ਡਾਢੀ ਸ਼ਿੱਦਤ ਨਾਲ ਫਿਰ, ਬੰਗਲਾ ਕਰ ਤਿਆਰ।
ਲਿਆ ਬੈਠਾਏ ਸਤਿਗੁਰੂ, ਫਿਰ ਉਹਦੇ ਵਿਚਕਾਰ।
ਲੱਭ ਲਿਆ ਫਿਰ ਕੂਕਿਆਂ, ਓਥੋਂ ਦਾ ਵੀ ਰਾਹ।
ਜਾਵਣ ਸਾਗਰ ਚੀਰਦੇ, ਹੋ ਕੇ ਬੇ-ਪ੍ਰਵਾਹ।
ਓਸ ਬੰਗਲੇ ਪਾਸ ਇੱਕ, ਸਾਧੂ ਕਰੇ ਨਿਵਾਸ।
ਉਹ ਵੈਰਾਗੀ ਪੰਥ ਦਾ, ਤੇ ਸਤਿਗੁਰ ਦਾ ਦਾਸ।
ਨਾਮਧਾਰੀਏ ਜਾਂਵਦੇ, ਉਹਦੇ ਡੇਰੇ ਠਹਿਰ।
ਮਿੱਤਰਤਾਈ ਗੰਢ ਕੇ, ਤਰਨ ਅਵੱਲਾ ਬਹਿਰ।
ਉਹਦੇ ਅੰਦਰ ਜਾਗਿਆ, ਸਤਿਗੁਰ ਲਈ ਸਨੇਹ।
ਨਾਲ ਕੂਕਿਆਂ ਓਸਨੇ, ਬੜਾ ਵਧਾਇਆ ਨੇਹ।
ਭੈਣੀ ਸਾਹਿਬੋਂ ਚਿੱਠੀਆਂ, ਲੈ ਕੇ ਜਾਂਦੇ ਸਿੱਖ।
ਹਾਲ ਹਵਾਲਾ ਓਸ ਦੇ, ਉੱਤੇ ਦੇਂਦੇ ਲਿਖ।
ਸਾਧੂ ਨੂੰ ਉਹ ਜਾ ਕੇ, ਡੇਰੇ ਦੇਣ ਫੜਾ।
ਦੇਂਦਾ ਸੀ ਉਹ ਚਿੱਠੀਆਂ, ਬੰਗਲੇ ਵੱਲ ਵਗਾਹ।

ਰੋੜਾਂ ਵਿੱਚ ਵਲ੍ਹੇਟਦਾ, ਲੈ ਕੇ ਕੋਈ ਲੀਰ।

ਵੱਲ ਚਲਾਵੇ ਬੰਗਲੇ, ਜਿਵੇਂ ਕਮਾਨੋਂ ਤੀਰ।

ਪਹਿਰੇਦਾਰਾਂ ਦੀਆਂ, ਉਹ ਅੱਖੀਂ ਘੱਟਾ ਪਾ।

ਚਿੱਠੀਆਂ ਸਿੱਖਾਂ ਵਾਲੀਆਂ, ਦੇਂਦਾ ਇੰਜ ਪੁਚਾ।

ਸਤਿਗੁਰ ਜੀ ਫਿਰ ਚਿੱਠੀਆਂ, ਪੜ੍ਹ ਕੇ ਨਾਲ ਵੀਚਾਰ।

ਚਿੱਠੀ ਵਾਪਸ ਭੇਜਦੇ, ਉਸੇ ਹੀ ਪ੍ਰਕਾਰ।

ਉਹਦੇ ਕੋਲੋਂ ਜਾ ਕੇ, ਫਿਰ ਲੈ ਲੈਂਦੇ ਸਿੱਖ।

ਰੱਖੇ ਬੜਾ ਖਿਆਲ ਵੀ, ਲਵੇ ਨਾ ਕੋਈ ਪਿੱਖ।

ਚਿੱਠੀ ਲਿਖਦੇ ਸਮੇਂ ਉਹ, ਰੱਖਣ ਗੁੱਝਾ ਭੇਤ।

ਨਾਮ ਵਗੈਰਾ ਬਦਲ ਕੇ, ਦੇ ਭਾਸ਼ਾ ਸੰਕੇਤ।

ਲਿਖਤੁਮ ਲਿਖਣ ਦਿਆਲ ਸਿੰਘ, ਚਿੱਠੀ ਅੰਦਰ ਨਾਮ।

ਮਿਲੇ ਭਰਾਤਾ ਰਹੀ ਸਿੰਘ, ਸੰਗਤ ਹੋਰ ਤਮਾਮ।

ਸਤਿਗੁਰ ਹਰੀ ਸਿੰਘ ਦਾ, ਵਿੱਚ ਰਿਕਾਰਡ ਖਾਸ।

ਬੁੱਧ ਸਿੰਘ ਹੀ ਨਾਮ ਸੀ, ਅੰਗ੍ਰੇਜ਼ਾਂ ਦੇ ਪਾਸ।

ਰੂਸ ਲਈ ਸਨ ਵਰਤਦੇ, ਵੇਖੋ ਸਿੰਘ ਸਰੂਪ।

ਅੱਖੀਂ ਘੱਟਾ ਪਾਉਣ ਲਈ, ਕਰ ਤਹਿਰੀਰ ਅਨੂਪ।



. Sri Satguru Jagjit Singh Ji eLibrary NamdhariElibrary@gmail.com .

## ਮੀਹਾਂ ਸਿੰਘ ਦਾ ਮਰਗੋਈ ਜਾਣਾ

ਮੀਹਾਂ ਸਿੰਘ ਸਰਹਾਲੀਓਂ, ਸੀ ਮਾਝੇ ਦਾ ਜੱਟ।

ਵਿੱਚ ਮਰਗੋਈ ਪਹੁੰਚਿਆ, ਲਾਇਆ ਉਹਨੇ ਝੱਟ।

ਸੰਤ ਸਿੰਘ* ਨੂੰ ਨਾਲ ਲੈ, ਪਹੁੰਚਾ ਆਣ ਰੰਗੂਨ।

ਐਪਰ ਅੰਦਰ ਬੰਗਲੇ, ਓਸ ਵੇਖਿਆ ਸੂਨ।

ਵੇਖ ਪੰਜਾਬੀ ਉਸ ਨੇ, ਪੁੱਛਿਆ ਫੇਰ ਸਵਾਲ।

ਕੀ ਤੁਸੀਂ ਹੋ ਜਾਣਦੇ, ਸਤਿਗੁਰ ਜੀ ਦਾ ਹਾਲ?

ਇੱਕ ਸਿਪਾਹੀ ਓਸ ਥਾਂ, ਸੀ ਪਹਿਰੇ ਤੇ ਠੀਕ।

ਪਾਸੇ ਖੜ੍ਹ ਕੇ ਪੁੱਛਿਆ, ਕਰ ਕੇ ਸਵਰ ਬਰੀਕ।

ਉਸ ਕਿਹਾ ਕਿ ਗਿਆ, ਸੀ ਜੋ ਸਿਪਾਹੀ ਨਾਲ।

ਵਾਪਸ ਆ ਕੇ ਦੱਸਿਆ, ਉਹਨੇ ਮੈਨੂੰ ਹਾਲ।

ਟਾਪੂ ਸਾਗਰ ਵਿੱਚ ਜੋ, ਮਰਗੋਈ ਹੈ ਨਾਮ।

ਓਥੇ ਬੰਗਲੇ ਵਿੱਚ ਹੈ, ਕੈਦ ਤੁਹਾਡਾ ਰਾਮ।

ਏਥੋਂ ਲੈ ਕੇ ਖਬਰ ਇਹ, ਪਹੁੰਚੇ ਮੌਲਮੀਨ।

ਸੂਬੇ ਓਥੇ ਕੈਦ ਸਨ, ਤਿੰਨੇ ਨਾਲ ਯਕੀਨ।

ਲੱਖਾ ਸਿੰਘ, ਬ੍ਰਹਮਾ ਸਿੰਘ, ਸੂਬਾ ਸਿੰਘ ਜਵਾਹਰ।

ਦਰਸ਼ਨ ਕੀਤੇ ਬੈਠ ਕੇ, ਪੁੱਛਿਆ ਹਾਲ ਵੀਚਾਰ।

ਉਹਨਾਂ ਅੱਗੋਂ ਆਖਿਆ, ਗਿਆ ਮੌਲਵੀ ਦੱਸ।



. Sri Satguru Jagjit Singh Ji eLibrary NamdhariElibrary@gmail.com .

ਨੂਰ ਨਜ਼ਾਰਾ ਵੇਖ ਕੇ, ਕਰਦਾ ਆਇਆ ਜੱਸ।

ਜਾਂਦੇ ਵਿੱਚ ਜਹਾਜ਼ ਦੇ, ਵੇਖੇ ਨੇ ਮੈਂ ਆਪ।

ਆਖੇ ਰਾਜਾ ਰਾਮ ਸਿੰਘ, ਜਿਸ ਦਾ ਵੱਡ ਪ੍ਰਤਾਪ।

ਜਾਂਦਾ ਪਿਆ ਜਹਾਜ਼ ਸੀ, ਉਹ ਮਰਗੋਈ ਵੱਲ।

ਓਥੇ ਹੈ ਸਰਕਾਰ ਨੇ, ਜਾਪੇ ਦਿੱਤਾ ਘੱਲ।

ਚੜ੍ਹਕੇ ਸਿੰਘ ਜਹਾਜ਼ ਤੇ, ਗਏ ਟਿਕਾਣੇ ਪੁੱਜ।

ਵੇਖ ਫਰੰਗੀ ਗਿਆ ਸੀ, ਵਾਂਗ ਦਾਣਿਆਂ ਭੁੱਜ।

ਜਦ ਦਾ ਰਾਜਾ ਰਾਮ ਸਿੰਘ, ਆਇਆ ਏਥੇ ਚੱਲ।

ਕੋਈ ਪੰਜਾਬੀ ਅੱਪੜੇ, ਵਾਪਸ ਦਈਏ ਘੱਲ।

ਕੀ ਤੁਸੀਂ ਹੋ ਜਾਣਦੇ, ਰਾਮ ਸਿੰਘ  ਹੈ ਕੌਣ?

ਮੀਹਾਂ ਸਿੰਘ ਨੇ ਨਾਂਹ ਵਿੱਚ, ਫੇਰ ਹਿਲਾਈ ਧੌਣ।

ਮੂਲ ਨਾ ਕਰਨੀ ਓਸ ਦੇ, ਨਾਲ ਕੋਈ ਵੀ ਬਾਤ।

ਨਹੀਂ ਤਾਂ ਉਸਦੇ ਨਾਲ ਹੀ, ਦਈਏ ਕੈਦ ਸੌਗਾਤ।

ਮੀਹਾਂ ਸਿੰਘ ਨੇ ਜਾ ਕੇ, ਚੱਕਰ ਲਾਏ ਚਾਰ।

ਐਪਰ ਹੋਇਆ ਗੁਰਾਂ ਦਾ, ਉਹਨੂੰ ਨਹੀਂ ਦੀਦਾਰ।

ਵਾਪਸ ਡੇਰੇ ਆਣ ਕੇ, ਕਰਦੇ ਬੈਠ ਸਲਾਹ।

ਵਾਪਸ ਵਿੱਚ ਜਹਾਜ਼ ਦੇ, ਤੜਕੇ ਦੇਣ ਬਿਠਾ।

ਆਏ ਦੂਰੋਂ ਖਰਚ ਕਰ, ਸਫ਼ਰ ਥਕੇਵੇਂ ਚੂਰ।

ਨਿਹਫਲ ਹੋਵੇ ਅਸਾਂ ਦਾ, ਆਉਣਾ ਏਨੀ ਦੂਰ।

ਕਰਕੇ ਜਿਗਰਾ ਪਹੁੰਚਿਆ, ਫੇਰ ਬੰਗਲੇ ਕੋਲ।

ਆਲ ਦੁਆਲਾ ਘੋਖਿਆ, ਕਰ ਪਰਖ ਪੜਚੋਲ।

ਸੋਚੀਂ ਪੈ ਗਿਆ ਵੇਖ ਕੇ, ਹੋਵਣ ਕਿਵੇਂ ਦੀਦਾਰ।

ਕਿੱਦਾਂ ਲੰਘਾਂ ਜੰਗਲਾ, ਉੱਚਾ ਕਰੇ ਵੀਚਾਰ।

ਲੰਮੀ ਸੋਚ ਵਿਚਾਰ ਕੇ, ਲੱਭ ਲਿਆਇਆ ਡਾਂਗ।

ਮਾਰ ਛੜੱਪਾ ਟੱਪਿਆ, ਉਹ ਨਟਾਂ ਦੇ ਵਾਂਗ।

ਪੰਜ ਹੱਥ ਦਾ ਜੰਗਲਾ, ਇੰਜ ਗਿਆ ਉਹ ਟੱਪ।

ਜਿਵੇਂ ਛੜੱਪਾ ਮਾਰਦਾ, ਕੋਈ ਖੜੱਪਾ ਸੱਪ।

ਕੀਤਾ ਅੰਦਰ ਜਾ ਕੇ, ਮਾਹੀ ਦਾ ਦੀਦਾਰ।

ਤਪਦੀ ਹੋਈ ਆਤਮਾ, ਹੋਈ ਠੰਡੀ ਠਾਰ।

ਸਤਿਗੁਰ ਜੀ ਨੇ ਆਖਿਆ, ਲਾ ਕੇ ਛਾਤੀ ਨਾਲ।

ਮੀਹਾਂ ਸਿੰਘਾ ਧੰਨ ਤੂੰ, ਤੇਰਾ ਕਸਬ ਕਮਾਲ।

ਦਰਸ਼ਨ ਕਰ ਕੇ ਹੋ ਗਿਆ, ਨਦਰੀ ਨਦਰ ਨਿਹਾਲ।

ਐਪਰ ਨਾਨੂੰ ਸਿੰਘ ਨੇ, ਕੀਤੇ ਖੜ੍ਹੇ ਸੁਆਲ।

ਦਿੱਤਾ ਕੱਢ ਰੰਗੂਨ 'ਚੋਂ, ਏਥੇ ਆਏ ਚੱਲ।

ਹੁਣ ਚਾਹੁੰਦੇ ਹੋ ਹੋਰ ਵੀ, ਅੱਗੇ ਦੇਵਣ ਘੱਲ?

ਐਪਰ ਸਤਿਗੁਰ ਜੀ ਨੇ, ਕਿਹਾ ਕਰਾ ਕੇ ਸ਼ਾਂਤ।



Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਭੋਜਨ ਕਰ ਲਵੋ, ਬਹੀਏ ਫੇਰ ਇਕਾਂਤ।

ਸਤਿਗੁਰ ਦਾ ਸੰਗ ਮਾਣਿਆ, ਉਹਨੇ ਸਾਰੀ ਰਾਤ।

ਰਾਤ ਲੰਘਾਈ ਪਲਕ ਜਿਉਂ, ਆਣ ਹੋਈ ਪ੍ਰਭਾਤ।

ਮੀਹਾਂ ਸਿੰਘ ਨੇ ਆਖਿਆ, ਰੱਜ ਨਾ ਹੋਈ ਬਾਤ।

ਛੇਤੀ ਕਾਹਤੋਂ ਮੁੱਕ ਗਈ, ਰੱਬਾ ਤੇਰੀ ਰਾਤ?

ਕਰਦਾ ਕ੍ਰਿਸ਼ਨ ਮੁਰਾਰ ਵਾਂਗ, ਛੇ ਮਾਸ ਦੇ ਤੀਕ।

ਮੈਂ ਵੀ ਵਾਂਗਰ ਗੋਪੀਆਂ, ਰਾਸ ਰਚਾਉਂਦਾ ਠੀਕ।

ਕਰ ਕਰ ਦਰਸ਼ਨ ਰੱਜਦਾ, ਕਰਦਾ ਬਚਨ ਅਨੇਕ।

ਸਤਿਗੁਰ ਜੀ ਤੋਂ ਸਿੱਖਦਾ, ਚੰਗਾ ਗਿਆਨ ਬਿਬੇਕ।

ਇੱਕ ਮਕਾਨ ਸਾਹਮਣੇ, ਉਸ ਤੋਂ ਝਾਤੀ ਮਾਰ।

ਦਿਸ ਜਾਂਦੇ ਸਨ ਬੰਗਲੇ, ਅੰਦਰ ਕਰਦੇ ਕਾਰ।

ਓਥੇ ਵੱਸੇ ਆਦਮੀ, ਉਲਟੀ ਰੱਖੇ ਸੋਚ।

ਹੈ ਸੀ ਉਹ ਅੰਗ੍ਰੇਜ਼ ਦਾ, ਕੁੱਤਾ ਟੁੱਕੜ ਬੋਚ।

ਉਹਨੂੰ ਵੀ ਅੰਗ੍ਰੇਜ਼ ਨੇ, ਲਾਇਆ ਪਹਿਰੇਦਾਰ।

ਚੰਦ ਟਕੇ ਦੇ ਵਾਸਤੇ ਕਰਦਾ, ਉਲਟੀ ਕਾਰ।

ਦਿੱਤਾ ਲੂਤੀਖੋਰ ਨੇ, ਹੌਲਦਾਰ ਨੂੰ ਦੱਸ।

ਅੰਦਰ ਬੰਦਾ ਫਾਲਤੂ, ਫੜ੍ਹ ਲੌ ਜਾਏ ਨਾ ਨੱਸ।

ਬਿੱਲਾ ਸੁਣਦੇ ਸਾਰ ਹੀ, ਅੰਦਰ ਪਹੁੰਚਾ ਜਾ।



. Sri Satguru Jagjit Singh Ji eLibrary NamdhariElibrary@gmail.com .

ਫੜ੍ਹਕੇ ਮੀਹਾਂ  ਸਿੰਘ ਨੂੰ, ਬਾਹੋਂ ਲਿਆ ਉਠਾ।

ਤੁਰੇ ਫਰੰਗੀ ਲੈ ਕੇ, ਕੀਤੀ ਪੁੱਛ ਪੜਤਾਲ।

ਪੱਤਰ ਦਿਓ ਲਿਆਏ ਜੋ, ਆਖਣ ਲੈ ਕੇ ਨਾਲ।

ਪੱਤਰ ਰੂਸੀ ਜਾਰ ਦਾ, ਲੈ ਕੇ ਆਇਆ ਨਾਲ।

ਐਪਰ ਸਤਿਗੁਰ ਜੀ ਨੂੰ, ਦਿੱਤਾ ਰਾਤ ਸੰਭਾਲ।

ਅੱਗੋਂ ਉਹਨੇ ਆਖਿਆ, ਪੱਤਰ ਦੀ ਕੀ ਲੋੜ।

ਚਿੱਠੀ ਸਾਡੇ ਤਿੰਨ ਹੱਥ, ਆਣ ਪਹੁੰਚਿਆ ਤੋੜ।

ਫੇਰ ਫਰੰਗੀ ਪੁੱਛਿਆ, ਕਿਉਂ ਕੀਤਾ ਇਹ ਕਾਜ।

ਤੇਰੇ ਉੱਤੇ ਅਸੀਂ ਹਾਂ, ਹੋਏ ਸਖਤ ਨਰਾਜ਼।

ਸਖਤ ਸਜ਼ਾਵਾਂ ਦੇਵੀਏ, ਜੇਲ੍ਹਾਂ ਅੰਦਰ ਸੁੱਟ।

ਸੜਕ ਕਿਨਾਰੇ ਬੈਠ ਕੇ, ਕਹੀਏ ਰੋੜੀ ਕੁੱਟ।

ਮੀਹਾਂ ਸਿੰਘ ਨੇ ਆਖਿਆ, ਦੱਸੀਂ ਨਾਲ ਵੀਚਾਰ।

ਮੇਰੇ ਥਾਂ ਤੇ ਹੋਏ ਜੇ, ਇਹ ਤੇਰਾ ਕਿਰਦਾਰ।

ਹੋਏ ਪੈਗੰਬਰ ਤੁਸਾਂ ਦਾ, ਜਾਂ ਫਿਰ ਤੇਰਾ ਬਾਪ।

ਕੀ ਤੂੰ ਦਰਸ਼ਨ ਕਰਨ ਨੂੰ, ਨਾ ਜਾਵੇਂਗਾ ਆਪ?

ਦਿੱਤਾ ਛੱਡ ਕਮਿਸ਼ਨਰ, ਸੁਣ ਉਹਦੇ ਅਲਫਾਜ਼।

ਆਇਆ ਪਰਤ ਪੰਜਾਬ ਨੂੰ, ਚੜ੍ਹਕੇ ਵਿੱਚ ਜਹਾਜ਼।

## ਕਾਂਡ - ੨੨

## ਨਾਨੂੰ ਸਿੰਘ ਦਾ ਵਾਪਸ ਆਉਣਾ

ਨਾਨੂੰ ਸਿੰਘ ਨੂੰ ਆਖਦੇ, ਤੁਰ ਜਾ ਪਰਤ ਪੰਜਾਬ।

ਛੁੱਟੀ ਪਰ ਅੰਗ੍ਰੇਜ਼ ਨਾ, ਦੇਵੇ ਕਿਸੇ ਹਿਸਾਬ।

ਸਤਿਗੁਰ ਜੀ ਨੇ ਰਚ ਲਿਆ, ਫੇਰ ਅਨੋਖਾ ਸਾਂਗ।

ਨਾਨੂੰ ਸਿੰਘ ਨੂੰ ਕੁੱਟਦੇ, ਲੈ ਕੇ ਭਾਰੀ ਡਾਂਗ।

ਚੀਕ ਚਿਹਾੜਾ ਮੱਚਦਾ, ਸੁਣ ਕੇ ਡਾਢਾ ਸ਼ੋਰ।

ਪਹਿਰੇਦਾਰ ਵੇਖਦੇ, ਆਇਆ ਕੈਸਾ ਲੋਰ।

ਗੁੱਸੇ ਦੇ ਵਿੱਚ ਆਣ ਕੇ, ਕਰਦੇ ਭੰਨ ਤਰੋੜ।

ਜੋ ਕੁਝ ਆਵੇ ਸਾਹਮਣੇ, ਦੇਵਣ ਪਕੜ ਮਰੋੜ।

ਭੰਨ ਤੋੜ ਅਸਬਾਬ ਨੂੰ, ਕਰਦੇ ਅਗਨੀ ਭੇਟ।

ਜੋ ਆਵੇ ਸੋ ਮਾਰਦੇ, ਭਾਵੇਂ ਲੱਗੇ ਫੇਟ।

ਡਰਦਾ ਨਾਨੂੰ ਸਿੰਘ ਵੀ, ਪਿਆ ਲਗਾਵੇ ਦੌੜ।

ਭੱਜੇ ਚੀਕਾਂ ਮਾਰਦਾ, ਕਹੀ ਚੜ੍ਹਾਵਣ ਸੌੜ।

ਇਹ ਵੇਖ ਅੰਗ੍ਰੇਜ਼ ਸੀ, ਆਖਣ ਲੱਗਾ ਬੋਲ।

ਨਾਨੂੰ ਸਿੰਘ ਨੂੰ ਪੁੱਛਦਾ, ਆ ਕੇ ਉਹਦੇ ਕੋਲ।

ਨਾਨੂੰ ਸਿੰਘ ਤੂੰ ਚਲਾ ਜਾਹ, ਜਲਦੀ ਆਪਣੇ ਦੇਸ਼।

ਕਰਦੇ ਰਾਜਾ ਰਾਮ ਸਿੰਘ, ਤੇਰੇ ਨਾਲ ਕਲੇਸ਼।

ਮਾਰ ਕੁਟਾਈ ਇਹ ਸੀ, ਕੇਵਲ ਰਚਿਆ ਸਾਂਗ।

ਕੰਧਾਂ ਦੇ ਵਿੱਚ ਵੱਜ ਕੇ, ਖੜਕਾ ਕਰਦੀ ਡਾਂਗ।

ਨਾਨੂੰ ਸਿੰਘ ਨੂੰ ਚੋਟ ਨਾ, ਲੱਗਣ ਦੇਂਦੇ ਮੂਲ।

ਐਪਰ ਵੇਖਣ ਵਾਲੜੇ, ਦੇਂਦੇ ਜਾਪਣ ਸ਼ੂਲ।

ਨਾਨੂੰ ਸਿੰਘ ਨੇ ਆਖਿਆ, ਚਾਹਵੋ ਜਿਵੇਂ ਜਨਾਬ।

ਭੇਜ ਦਿਓ ਜੇ ਭੇਜਣਾ, ਮੈਨੂੰ ਦੇਸ ਪੰਜਾਬ।

ਕਿਹਾ ਫਰੰਗੀ ਠੀਕ ਹੈ, ਐਪਰ ਰੱਖਣਾ ਯਾਦ।

ਵਿੱਚ ਗਰਾਂ ਆਪਣੇ, ਰਹਿਣਾ ਸਦਾ ਅਬਾਦ।

ਨਾ ਭੈਣੀ ਨੂੰ ਜਾਵਣਾ, ਨਾ ਕੂਕਾ ਕੋਈ ਆਣ।

ਤੈਥੋਂ ਪੁੱਛੇ ਵਾਰਤਾ, ਕੱਢੇ ਪਰਖ ਪਛਾਣ।

ਨੇੜੇ ਕੂਕੇ ਕਿਸੇ ਦੇ, ਜਾਣਾ ਮੂਲ ਨਾ ਚੱਲ।

ਪੱਲੇ ਬੰਨ੍ਹੋ ਘੁੱਟ ਕੇ, ਇਹ ਅਸਾਡੀ ਗੱਲ।

ਪੱਕੀ ਕਰ ਤਾਕੀਦ ਇਹ, ਦਿੱਤਾ ਚਾੜ੍ਹ ਜਹਾਜ਼।

ਅੱਠ ਮਹੀਨੇ ਨੌਂ ਸਾਲ, ਰਹਿ ਕੇ ਅੰਦਰ ਕੈਦ।

ਨਾਨੂੰ ਸਿੰਘ ਸੀ ਪਰਤਿਆ, ਵਾਪਸ ਨਾਲ ਉਮੈਦ।*

ਪੱਕੀ ਕਰ ਤਾਕੀਦ ਇਹ, ਦਿੱਤਾ ਚਾੜ੍ਹ ਜਹਾਜ।

ਆਖਣ ਰੱਖਣਾ ਗੁਪਤ ਹੈ, ਮਰਗੋਈ ਦਾ ਰਾਜ।

ਫਿਰ ਵੀ ਜਾ ਸੰਤੋਖ ਸਿੰਘ, ਭਾਈ ਬਾਹੋਵਾਲ।
ਲਿਖ ਲਿਆਇਆ ਪੁੱਛ ਕੇ, ਸਭ ਸਤਿਗੁਰ ਦਾ ਹਾਲ।
ਇੱਕ ਦਿਹਾੜੇ ਉਹ ਵੀ, ਚੋਰੀ ਛਿਪੇ ਆਣ।
ਸਤਿਗੁਰ ਹਰੀ ਸਿੰਘ ਨੂੰ, ਮਿਲਿਆ ਵਕਤ ਪਛਾਣ।
ਅੰਦਰ ਬੈਠ ਨਿਵੇਕਲੇ, ਕੀਤੇ ਬਚਨ ਬਿਲਾਸ।
ਦੱਸੀ ਸਾਰੀ ਵਾਰਤਾ, ਜਿਹੜੀ ਜਿਹੜੀ ਖਾਸ।
ਹਰੀ ਸਿੰਘ ਸਤਿਗੁਰੂ ਜੀ, ਕੀਤਾ ਬਹੁਤ ਸਨਮਾਨ।
ਤੋਹਫੇ ਭੇਜੇ ਕੀਮਤੀ, ਸੇਵਕ ਸਮਝ ਮਹਾਨ।
ਉਦੋਂ ਭੈਣੀ ਸਾਹਿਬ ਤੇ, ਸੀ ਸਖਤਾਈ ਢੇਰ।
ਕੂਕੇ ਆਉਣ ਜਾਣ ਤੇ, ਪਾਬੰਦੀ ਹਰ ਵੇਰ।
ਕੁਝ ਗਿਣਤੀ ਦੇ ਸਿੱਖ ਹੀ, ਨਾਵਾਂ ਦਰਜ ਕਰਾ।
ਅੰਦਰ ਜਾ ਗੁਰਧਾਮ ਦੇ, ਦਰਸ਼ਨ ਸਕਦੇ ਪਾ।
ਫਿਰ ਵੀ ਦਰਸ਼ਨ ਪਰਸਦੇ, ਦੀਦ ਪਿਆਸੇ ਆਣ।
ਟਿੱਬਿਆਂ ਉੱਤੇ ਲੇਟ ਕੇ, ਰਾਤਾਂ ਪਏ ਬੀਤਾਣ।
ਚੋਰੀ ਜਾ ਗੁਰ ਹਰੀ ਸਿੰਘ, ਦੇਂਦੇ ਦਰਸ ਦੀਦਾਰ।
ਨਾਲੇ ਸਿੱਖਾਂ ਵਾਲੜੀ, ਪੁੱਛਣ ਸਾਰੀ ਸਾਰ।
ਲੰਗਰ ਪਾਣੀ ਭੇਜਦੇ, ਸਦਾ ਭੁਲੇਖਾ ਪਾ।
ਅੱਖ ਬਚਾ ਕੇ ਸਿੱਖ ਸਨ, ਫੇਰ ਛਕਾਉਂਦੇ ਜਾ।



Sri Satguru Jagjit Singh Ji eLibrary NamdhariElibrary@gmail.com

ਐਪਰ ਪਹਿਰੇ ਵਾਲੜੇ, ਰੱਖਣ ਬੜਾ ਧਿਆਨ।

ਕਰਦੇ ਰਹਿਣ ਜਸੂਸੀਆਂ, ਲੈਂਦੇ ਪਕੜ ਸਮਾਨ।

ਲੰਗਰ ਜਾਂਦਾ ਲੈ ਕੇ, ਕੂਕਾ ਲੈਣ ਪਛਾਣ।

ਖੋਹ ਲੈਂਦੇ ਪ੍ਰਸ਼ਾਦ ਨੇ, ਨਾਲੇ ਕਰਨ ਹੈਰਾਨ।

ਐਸੇ ਬੁਰੇ ਹਾਲਤ ਵਿੱਚ, ਕਾਂਡ ਵਰਤਿਆ ਹੋਰ।

ਜੋ ਜ਼ਾਲਮ ਸਰਕਾਰ ਨੂੰ, ਜੜ੍ਹੋਂ ਗਿਆ ਝੰਜੋਰ।

* ਨਾਨੂੰ ਸਿੰਘ ਨੌਂ ਸਾਲ ਅੱਠ ਮਹੀਨੇ ਕੈਦ ਰਹਿ ਕੇ ਸਤੰਬਰ ੧੮੮੧ ਵਿੱਚ ਵਾਪਸ ਆਇਆ।

## ਕਾਂਡ - ੨੩

## ਅੜਬੰਗੀ ਦਾ ਭੈਣੀ ਸਾਹਿਬ ਆਉਣਾ

ਆਇਆ ਸੀ ਭਗਵਾਨ ਸਿੰਘ, ਇੱਕ ਦਿਹਾੜੇ ਚੱਲ।

ਕਰਨੇ ਦਰਸ਼ਨ ਗੁਰਾਂ ਦੇ, ਬੈਠਾ ਜੂਹਾਂ ਮੱਲ।

ਐਪਰ ਗੇਂਦਾ ਹੌਲਦਾਰ, ਬੜਾ ਲਾਲਚੀ ਸੂਰ।

ਡਾਢਾ ਕਰਦਾ ਤੰਗ ਸੀ, ਕੂਕੇ ਬੇਕਸੂਰ।

ਅੜਬੰਗੀ ਨੂੰ ਵੇਖ ਕੇ, ਮੂੰਹੋਂ ਟਪਕੀ ਲਾਰ।

ਪਕੜ ਲਵਾਂ ਜੇ ਏਸ ਨੂੰ, ਹੋਵਾਂ ਮਾਲਾਮਾਲ।

ਇਹ ਭਗੌੜਾ ਚਿਰਾਂ ਦਾ, ਵਿੱਚ ਦਫ਼ਤਰ ਸਰਕਾਰ।

ਵੱਡਾ ਲਵਾਂ ਇਨਾਮ ਜੇ, ਦਿਆਂ ਏਸ ਨੂੰ ਮਾਰ।

ਜਾਂ ਫਿਰ ਜਿੰਦਾ ਪਕੜ ਕੇ, ਜਾ ਕਰਾਵਾਂ ਪੇਸ਼।

ਮਿਲੇ ਤਰੱਕੀ ਅਸਾਂ ਨੂੰ, ਹੋਵੇ ਮਾਣ ਵਿਸ਼ੇਸ਼।

ਸ਼ਕਤੀ ਮੇਰੇ ਵਿੱਚ ਹੈ, ਸਮਝੇ ਬੇ-ਸ਼ੁਮਾਰ।

ਉੱਤੇ ਤਾਕਤ ਆਪਣੀ, ਉਹਨੂੰ ਸੀ ਹੰਕਾਰ।

ਸਿੱਖ ਆਉਣ ਦੋ ਸਾਹਮਣੇ, ਦਿਆਂ ਭਿੜਾ ਕੇ ਮਾਰ।

ਕੁੱਤਾ ਬਿੱਲੇ ਬੰਨ੍ਹਿਆ, ਭੌਂਕੇ ਵੇਖ ਲਾਚਾਰ।

ਬੱਕਰੇ ਕੁੱਕੜ ਮਾਰ ਕੇ, ਖਾਣੇ ਡੇਰੇ ਕੋਲ।

ਐਪਰ ਸਿੱਖਾਂ ਨੂੰ ਉਹ, ਬੋਲੇ ਬੋਲ ਕਬੋਲ।

ਲੰਗਰ ਹੱਥੋਂ ਖੋਹ ਕੇ, ਵਾਪਸ ਦੇਵੇ ਮੋੜ।

ਕਰਦਾ ਜੱਗੋਂ ਤੇਹਰਵੀਂ, ਪਾਪੀ ਬੜਾ ਅਮੋੜ।

ਮੁਖਬਰ ਦਿੱਤੀ ਖਬਰ ਆ, ਗੇਂਦੇ ਨੂੰ ਤਤਕਾਲ।

ਆਇਆ ਹੈ ਭਗਵਾਨ ਸਿੰਘ, ਜਿਸ ਦੀ ਡਾਢੀ ਭਾਲ।

ਹੈ ਰੁਪਈਆ ਪੰਜ ਸੌ, ਉਹਦੇ ਸਿਰ ਇਨਾਮ।

ਪਕੜ ਲਵੋ ਜੇ ਉਸ ਨੂੰ, ਹੋਣ ਤੁਹਾਡੇ ਦਾਮ।

ਸੁਣ ਕੇ ਗੇਂਦਾ ਤੁਰ ਪਿਆ, ਕਰਦਾ ਕਰਦਾ ਖੋਜ।

ਜਿੱਧਰ ਸਤਿਗੁਰ ਹਰੀ ਸਿੰਘ, ਚਲੇ ਗਏ ਉਸ ਰੋਜ।

ਦਰਸ਼ਨ ਕਰ ਭਗਵਾਨ ਸਿੰਘ, ਪੁੱਛਿਆ ਸਾਰਾ ਹਾਲ।

ਗੇਂਦਾ ਆਉਂਦਾ ਵੇਖ ਕੇ, ਫੇਰ ਕਿਹਾ ਤਤਕਾਲ।

ਤੁਰਿਆ ਆਉਂਦਾ ਤੁਰਕ ਹੈ, ਕਰਦਾ ਨਹੀਂ ਲਿਹਾਜ।

ਹੁਣ ਅੱਗੋਂ ਮੈਂ ਕਰਾਂ ਕੀ, ਦੱਸੋ ਹੇ ਮਹਰਾਜ।

ਗੁਰੂ ਹਰੀ ਸਿੰਘ ਆਖਦੇ, ਜੋ ਜੀ ਆਵੇ ਕਰ।

ਆਖੇ ਮੱਥਾ ਟੇਕ ਕੇ, ਤੁਸੀਂ ਤਾਂ ਪਹੁੰਚੋ ਘਰ।

ਕਦਮ ਵਧਾਏ ਤੇਜ ਹੋ, ਉਹਨੇ ਚੜ੍ਹਦੇ ਵੱਲ।

ਐਪਰ ਗੇਂਦਾ ਫੇਰ ਵੀ, ਆਇਆ ਪਿੱਛੇ ਚੱਲ।

ਏਨੇ ਚਿਰ ਨੂੰ ਆ ਗਈ, ਹੋਰ ਪਿੰਡ ਦੀ ਜੂਹ।

ਗੇਂਦਾ ਜਾਣੇ ਹੁਣ ਮੈਂ, ਇਹਨੂੰ ਲੈਣਾ ਛੂਹ।

ਕਿਉਂਕਿ ਹੁਣ ਭਗਵਾਨ ਸਿੰਘ, ਮਲਦਾ ਜਾਵੇ ਪੈਰ।

ਆਖੇ ਮੁੜ ਜਾ ਕਮਲਿਆ, ਬੁਰਾ ਵਧਾਉਣਾ ਵੈਰ।

ਦੋ ਰੁਪਈਏ ਲੈ ਲੈ, ਲੋਈ ਲੈ ਲੈ ਨਾਲ।

ਗੜਵਾ ਭਰਿਆ ਪਿੰਨੀਆਂ, ਲੈ ਕੇ ਛੱਡ ਖਿਆਲ।

ਐਪਰ ਉਹਨੂੰ ਵੇਖ ਲਉ, ਖਿੱਚੀ ਜਾਵੇ ਮੌਤ।

ਲਾਲਚ ਪਿਆ ਇਨਾਮ ਦਾ, ਕੈਸੀ ਬਣੀ ਬਣੌਤ।

ਨੱਸ ਨੱਸ ਪਿੱਛੇ ਹੰਭਿਆ, ਪਕੜ ਨਾ ਸੱਕਿਆ ਜਾ।

ਅੜਬੰਗੀ ਨੂੰ ਆਖਦਾ, ਫੇਰ ਸੁਗੰਧਾਂ ਪਾ।

ਜਾਏਂ ਅਗੇਰੇ ਸਿਖੜਿਆ, ਖਾਵੇਂ ਗਊ ਹਲਾਲ।

ਹੱਥ ਵਖਾ ਖਾਂ ਆਣ ਕੇ, ਜੇ ਮਾਈ ਦਾ ਲਾਲ।

ਫੇਰ ਕਿਹਾ ਅੜਬੰਗ ਸਿੰਘ, ਤੂੰ ਵੀ ਖਾਵੇਂ ਸੂਰ।

ਪਿੱਛੇ ਜੇਕਰ ਹੁਣ ਮੁੜੇਂ, ਇਹ ਵੀ ਨਾ ਦਸਤੂਰ।

### ਅੜਬੰਗੀ ਤੇ ਗੇਂਦੇ ਦੀ ਲੜਾਈ

ਕੱਸ ਖਲੋਤੇ ਡਾਂਗਾਂ ਦੋਵੇਂ ਸੂਰਮੇ।

ਇੱਕ ਦੂਜੇ ਦੇ ਸਮਝਣ ਕਰਨੇ ਚੂਰਮੇ।



Sri Satguru Jagjit Singh Ji eLibrary NamdhariElibrary@gmail.com

ਬਦਲ ਪੈਂਤੜੇ ਕਰਦੇ ਵਾਰ ਉਲਾਰ ਕੇ।

ਡੱਕ ਲੈਂਦੇ ਨੇ ਪਿੱਛੋਂ ਡਾਂਗ ਸਵਾਰ ਕੇ।

ਗੇਂਦਾ ਦੁੰਬੇ ਖਾ ਖਾ ਹੈ ਸੀ ਫਿੱਟਿਆ।

ਵੱਡਾ ਉਹ ਹੰਕਾਰੀ ਭਾਈਆਂ ਪਿੱਟਿਆ।

ਸਮਝ ਰਿਹਾ ਅੜਬੰਗੀ ਕਿੱਧਰ ਜਾਏਗਾ।

ਹਾਰ ਟੁੱਟ ਕੇ ਮੇਰੇ ਕਾਬੂ ਆਏਗਾ।

ਭਾਰ ਵਧਾਵੇ ਖੱਬਾ ਪੈਰ ਦਬਾਇਕੇ।

ਡਾਂਗ ਚਲਾਵੇ ਸੱਜਾ ਫੇਰ ਉਠਾਇਕੇ।

ਜਿੱਦਾਂ ਧੋਬੀ ਪਟੜੇ ਪਾਟ ਉਲਾਰਦਾ।

ਜੋਰ ਲਗਾ ਕੇ ਮੁੱਖੋਂ ਹੂੰਹ ਪੁਕਾਰਦਾ।

ਅੜਬੰਗੀ ਗਤਕਈ ਵਾਰ ਰਿਹਾ ਰੋਕਦਾ।

ਵਕਤ ਪਛਾਣੇ ਅਜੇ ਡਾਂਗ ਨਾ ਠੋਕਦਾ।

ਐਪਰ ਗੇਂਦਾ ਸਮਝੇ ਹੁਣ ਇਹ ਹਾਰਿਆ।

ਛੇਤੀ ਹੀ ਹੁਣ ਮੈਥੋਂ ਜਾਵੇ ਮਾਰਿਆ।

ਸਾਰਾ ਜੋਰ ਲਗਾ ਕੇ ਡਾਂਗ ਚਲਾਂਵਦਾ।

ਸੰਭਲੀਂ ਸਿੱਖਾਂ ਮੂੰਹੋਂ ਲਫਜ਼ ਅਲਾਂਵਦਾ।

ਡਾਂਗ ਚਲਾਈ ਇੱਕ ਜਦੋਂ ਦਾਅ ਫਬਿਆ।

ਕਿੱਧਰ ਜਾਵੇਂ ਆਖੇ ਸਿੱਖਾ ਕੱਬਿਆ।



Sri Satguru Jagjit Singh Ji eLibrary NamdhariElibrary@gmail.com

ਆਣ ਸ਼ੂਕਦੀ ਲੱਗੀ ਹੇਠਾਂ ਅੱਖ ਦੇ।

ਗੇਂਦਾ ਆਖੇ ਹੁਣ ਤੂੰ ਸੋਟਾ ਰੱਖ ਦੇ।

ਐਪਰ ਲੱਗੇ ਬਾਣ ਜਦੋਂ ਰੋਹ ਜਾਗਦਾ।

ਸੱਟ ਪਈ ਤੋਂ ਸ਼ੂਕੇ ਬੱਚਾ ਨਾਗ ਦਾ।

ਜਿੱਦਾ ਜ਼ਖਮੀ ਸ਼ੇਰ ਝਪੱਟਾ ਮਾਰਦਾ।

ਪੁਰਜੇ ਪੁਰਜੇ ਕਰ ਸਯਾਦ ਖਿਲਾਰਦਾ।

ਬਦਲ ਪੈਂਤੜਾ ਖੂੰਡਾ ਹੱਥ ਸਵਾਰਿਆ।

ਖੂੰਡੇ ਵਲੋਂ ਫੇਰ ਘੁਮਾ ਕੇ ਮਾਰਿਆ।

ਵਾਂਗ ਹਨੇਰੀ ਆਇਆ ਏਦਾਂ ਸ਼ੂਕਦਾ।

ਜਿਵੇਂ ਰੇਲ ਦਾ ਇੰਜਣ ਲੰਘੇ ਕੂਕਦਾ।

ਅਹਿਰਣ ਉੱਤੇ ਜਿਵੇਂ ਵਦਾਨ ਵੱਜਦਾ।

ਹੋਇਆ ਖੜਕਾ ਜਿੱਦਾਂ ਬੱਦਲ ਗੱਜਦਾ।

ਗੇਂਦੇ ਦੇ ਉਹ ਲੱਗਾ ਉੱਤੇ ਪੁੜਪੁੜੀ।

ਡਿੱਗਿਆ ਚੱਕਰ ਖਾ ਕੇ ਲੈ ਕੇ ਧੁੜਧੁੜੀ।

ਹੱਥੋਂ ਛੁੱਟੀ ਡਾਂਗ ਧਰਤ ਤੇ ਲੇਟਿਆ।

ਨਾਲ ਵਾਰ ਉਹ ਇੱਕੋ ਗਿਆ ਵਲ੍ਹੇਟਿਆ।

ਨੱਕੋਂ ਠੂੰਹੇ ਡੇਗੇ ਜੋ ਹੰਕਾਰਿਆ।

ਗਿਆ ਭੋ ਦੇ ਭਾਅ ਅਜਾਈਂ ਮਾਰਿਆ।

ਹੈ ਸੀ ਜੂਹ ਪਰਾਈ ਸੱਕਿਆ ਤੁੱਲ ਨਾ।

ਪਿਆ ਓਸਦਾ ਕੌਡੀ ਜਿੰਨਾ ਮੁੱਲ ਨਾ।

ਅੜਬੰਗੀ ਭਗਵਾਨ ਬਲਾਵਾਂ ਟਾਰਦਾ।

'ਬਾਜਵਿਆ' ਔਹ ਜਾਵੇ ਛਾਲਾਂ ਮਾਰਦਾ।

---o---

ਬੜਾ ਯੋਧਾ ਸੂਰਬੀਰ ਬਲੀ ਭਗਵਾਨ ਸਿੰਘ,

ਏਸ ਲਈ ਨਾਮ ਇਹਦਾ ਪਿਆ ਅੜਬੰਗੀ ਸੀ।

ਬੁੱਚੜਾਂ ਦੇ ਤਿੰਨਾਂ ਸਾਕਿਆਂ ਦੇ ਵਿੱਚ ਨਾਲ ਸੀ ਇਹ,

ਵਾਹੇ ਤਲਵਾਰ ਬੜੀ ਐਸਾ ਯੋਧਾ ਜੰਗੀ ਸੀ।

ਪਰ ਹੱਥੇ ਚੜ੍ਹਿਆ ਨਾ ਕਦੇ ਉਹ ਪੁਲੀਸ ਵਾਲੇ,

ਰੂ-ਪੋਸ਼ ਹੋ ਜਾਂਦਾ ਕਹਿਣ ਬੜਾ ਢੰਗੀ ਸੀ।

ਫੇਰ ਵੀ ਵਿਦੇਸ਼ ਕਰ ਗੁਰਾਂ ਦਾ ਦੀਦਾਰ ਆਇਆ,

ਆਸ਼ਕ ਅਜ਼ਾਦੀ ਦਾ ਤੇ ਸੱਚਿਆਂ ਦਾ ਸੰਗੀ ਸੀ।

ਪੰਥ ਉੱਤੇ ਹੁੰਦੀ ਨਾ ਜ਼ਿਆਦਤੀ ਸਹਾਰੇ ਕਦੇ,

ਤਨ ਮਨ ਧਨ ਓਸ ਗੁਰੂ ਉੱਤੋਂ ਵਾਰਿਆ।

ਜਦੋਂ ਜਦੋਂ ਜ਼ਾਲਮਾਂ ਨੇ ਜ਼ੁਲਮਾਂ ਦੀ ਹੱਦ ਕੀਤੀ,

ਓਦੋਂ ਖ਼ੂਬ ਦੋਸ਼ੀਆਂ ਨੂੰ ਓਸ ਨੇ ਸਵਾਰਿਆ।

ਭੈਣੀ ਦੇ ਦੁਆਲੇ ਭਾਉਂਦਾ ਰੱਖਦਾ ਖ਼ਿਆਲ ਪੂਰਾ,

ਕੂੜਾ ਗੁਰ ਧਾਮ ਅੱਗੋਂ ਓਸ ਨੇ ਬੁਹਾਰਿਆ।

ਕਰਦਾ ਸਫਾਈ ਦੀ ਲੜਾਈ ਢਾਈ ਫੱਟ ਵਾਲੀ,

ਗੇਂਦਾ ਕੈਸੇ 'ਬਾਜਵਾ' ਤਰੀਕੇ ਨਾਲ ਮਾਰਿਆ।

---o---

ਗੇਂਦਾ ਪਾਪੀ ਮਰ ਗਿਆ, ਲੱਤਾਂ ਪਿਆ ਪਸਾਰ।

ਹਰਕਤ ਅੰਦਰ ਆ ਗਈ, ਝੱਟ ਫੇਰ ਸਰਕਾਰ।

ਚੂਲਾਂ ਫਾਨੇ ਘੜ ਘੜ, ਲੱਗੇ ਮੁਖਬਰ ਲਾਉਣ।

ਮਿਰਚ ਮਸਾਲੇ ਲਾ ਕੇ, ਅੱਗੇ ਗੱਲ ਪਚਾਉਣ।

ਆਖਣ ਲੱਗੇ ਕੂਕਿਆਂ, ਪਲਟਣ ਦਿੱਤੀ ਮਾਰ।

ਚੜ੍ਹਿਆ ਗੋਰਾ ਲੈ ਕੇ, ਫੌਜੀ ਬੇ-ਸ਼ੁਮਾਰ।

ਛਾਉਣੀ ਲੱਥੀ ਆਣ ਕੇ, ਤੋਪਾਂ ਲੈ ਕੇ ਨਾਲ।

ਐਪਰ ਮੌਕਾ ਵੇਖ ਕੇ, ਉੱਠੇ ਕਈ ਸਵਾਲ।

ਕਤਲ ਪਿੰਡ ਦੀ ਜੂਹ ਤੋਂ, ਹੋਇਆ ਹੈਸੀ ਬਾਹਰ।

ਹੱਥ ਝਾੜ  ਕੇ ਤੁਰ ਗਏ, ਦੋਸ਼ੀ ਝੱਖਾਂ ਮਾਰ।

ਸਣੇ ਸਤਿਗੁਰੂ ਸਿੱਖ, ਸਭ ਏਧਰ ਥਾਣੇਦਾਰ।

ਵਿੱਚ ਤਬੇਲੇ ਵਾੜ ਕੇ, ਜਿੰਦਾ ਬੈਠਾ ਮਾਰ।

ਕੀਤੀ ਤਹਿਕੀਕਾਤ ਜਾਂ, ਮਗਰੋਂ ਆਈ ਹੋਸ਼।

ਮੱਥੇ ਤੇ ਹੱਥ ਮਾਰਦਾ, ਕਿੱਦਾਂ ਥੱਪਾਂ ਦੋਸ਼।



. Sri Satguru Jagjit Singh Ji eLibrary NamdhariElibrary@gmail.com .

# ਕਾਂਡ - ੨੪

## ਸਤਿਗੁਰੂ ਜੀ ਦਾ ਗੁਪਤ ਵਾਸ

ਨਾਨੂੰ ਸਿੰਘ ਜਾਂ ਆ ਗਿਆ, ਵਾਪਸ ਮੁੜ ਸਵਦੇਸ਼।
ਰਹੇ ਇਕੱਲੇ ਗੁਰੂ ਜੀ, ਵਿੱਚ ਓਸ ਪ੍ਰਦੇਸ਼।
ਨਾਨੂੰ ਸਿੰਘ ਦੇ ਆਉਣ ਤੋਂ, ਬਾਅਦ ਚਾਰ ਕੁ ਸਾਲ।
ਕੌਤਕ ਸਤਿਗੁਰੂ ਜੀ ਨੇ, ਕੀਤਾ ਬਹੁਤ ਕਮਾਲ।
ਇੱਕ ਦਿਹਾੜੇ ਬੰਗਲੇ, ਵਿੱਚੋਂ ਨਿਕਲ ਅਡੋਲ।
ਗਏ ਵਾਸ ਅਗਿਆਤ ਵਿੱਚ, ਸੱਕਿਆ ਨਾ ਕੋਈ ਟੋਲ।
ਕਰਮਚਾਰੀ ਜੇਲ੍ਹ ਦੇ, ਕਰ ਕਰ ਥੱਕੇ ਭਾਲ।
ਐਪਰ ਉਹਨਾਂ ਦੀ ਸੀ, ਬ੍ਰਿਥਾ ਹੋਈ ਘਾਲ।
ਡਰਦੇ ਉਹ ਸਰਕਾਰ ਤੋਂ, ਲੱਗੇ ਕਰਨ ਵੀਚਾਰ।
ਖੁੱਲ੍ਹ ਗਿਆ ਜੇ ਭੇਦ ਇਹ, ਹੋਈਏ ਮਤੇ ਖਵਾਰ।
ਸੰਨ ਸਤਵੰਜਾ ਦਾ ਇੱਕ, ਕੈਦੀ ਹੈ ਸੀ ਹੋਰ।
ਰਾਮ ਸਿੰਘ ਹੀ ਨਾਮ ਸੀ, ਉਸ ਤੇ ਚੜ੍ਹਿਆ ਜੋਰ।
ਰਾਤੋ ਰਾਤ ਮਾਰਕੇ, ਸਿਵਲ ਸਰਜਨ ਮੰਗਵਾ।
ਝੂਠਾ ਪੋਸਟ ਮਾਰਟਮ, ਸੀ ਦਿੱਤਾ ਕਰਵਾ।
ਆਖਣ ਰਾਜਾ ਰਾਮ ਸਿੰਘ, ਗਏ ਸਵਰਗ ਸਿਧਾਰ।



Sri Satguru Jagjit Singh Ji eLibrary NamdhariElibrary@gmail.com

ਉਹਦਾ ਵਿੱਚ ਤਨਾਸਰਮ, ਕਰ ਦਿੱਤਾ ਸਸਕਾਰ।

ਅਠਾਰਾਂ ਸੌ ਪਚਾਸੀਆ, ਸੰਨ ਨਵੰਬਰ ਮਾਸ।

ਲਿਖਿਆ ਹੋਇਆ ਡਾਇਰੀਆ, ਘੜੇ ਝੂਠ ਬਕਵਾਸ।

ਕਹਿੰਦੇ ਰਾਜਾ ਰਾਮ ਸਿੰਘ, ਵਕਤ ਸ਼ਾਮ ਦੇ ਠੀਕ।

ਛੱਡ ਗਏ ਸੰਸਾਰ ਨੂੰ, ਛੱਡੋ ਤੁਸੀਂ ਉਡੀਕ।

ਭੈਣੀ ਸਾਹਿਬ ਆਖ ਇਹ, ਬਸਤਰ ਦਿੱਤੇ ਭੇਜ।

ਘੜੀ ਕਹਾਣੀ ਝੂਠ ਦੀ, ਚਾਲਬਾਜ ਅੰਗ੍ਰੇਜ਼।

ਬਸਤਰ ਵੇਂਹਦੇ ਆਖਿਆ, ਗੁਰੂ ਹਰੀ ਸਿੰਘ ਆਪ।

ਚੀਨੀ ਵਾਲੇ ਦੇ  ਨਹੀਂ, ਇਹ ਹੈ ਛੋਟਾ ਨਾਪ।

ਮੈਥੋਂ ਲੰਬੇ ਕੱਦ ਦੇ ਹੈ, ਸਨ ਦੀਨ ਦਿਆਲ।

ਉੱਚੇ ਵਾਂਗਰ ਸਰੂ ਦੇ, ਦੇਵਾਂ ਸੱਚ ਮਿਸਾਲ।

ਇਹ ਬਸਤਰ ਤਾਂ ਆਖਦੇ, ਮੇਰੇ ਨਾ ਅਨੁਕੂਲ।

ਏਨੇ ਭੀੜੇ ਹਨ ਕਿ, ਪਹਿਰ ਨਾ ਸੱਕਾਂ ਮੂਲ।

ਗੁਟਕਾ ਗੜਵਾ ਲਿਆ ਦਿਓ, ਜੇਕਰ ਆਖੋ ਸੱਚ।

ਨਹੀਂ ਤੇ ਬਿਲਕੁਲ ਜਾਣੀਏ, ਬਾਤ ਤੁਹਾਡੀ ਕੱਚ।

ਐਪਰ ਵਸਤਾਂ ਇਹ ਨਾ, ਦੇ ਸੱਕਿਆ ਅੰਗ੍ਰੇਜ਼।

ਲੁਕੇ ਨਾ ਓਹਲੇ ਛਾਨਣੀ, ਜਿਉਂ ਸੂਰਜ ਦਾ ਤੇਜ਼।

ਲੁਕਿਆ ਰਹਿੰਦਾ ਸੱਚ ਨਾ, ਕਰੀਏ ਯਤਨ ਹਜ਼ਾਰ।

ਝੂਠੇ ਬੰਦੇ ਦਾ ਪਰ, ਬਦਲੇ ਨਹੀਂ ਵਿਹਾਰ।

ਲੀੜੇ ਲੱਤੇ ਫਾਲਤੂ ਚੱਲੇ, ਸਤਿਗੁਰ ਸਾੜ।

ਤਾ ਕਿ ਰਾਈ ਦਾ ਵੀ, ਨਾ ਬਣ ਜਾਏ ਪਹਾੜ।

ਝੂਠ ਤੂਫਾਨ ਜੋੜ ਕੇ, ਗਾਂਢੇ ਤੋਪੇ ਲਾ।

ਪਰ ਮੌਕੇ ਦਿਆਂ ਹਾਕਮਾਂ, ਲੀਤੀ ਜਾਨ ਛੁਡਾ।

---o---

ਸੰਨ ਅਠੱਤੀ ਈਸਵੀ, ਤੇ ਉਨੀ ਸੌ ਨਾਲ।

ਸ੍ਰੀ ਗੁਰੂ ਪ੍ਰਤਾਪ ਸਿੰਘ, ਕੀਤੀ ਜਾ ਪੜਤਾਲ।

ਆਏ ਸਿਆਮੋਂ ਪਰਤਦੇ, ਮਰਗੋਈ ਨਜਦੀਕ।

ਰੁਕਿਆ ਆਣ ਜਹਾਜ਼ ਸੀ, ਬੰਦਰਗਾਹ ਤੇ ਠੀਕ।

ਓਥੋਂ ਦੇ ਵਸਨੀਕ ਸੱਦ, ਪੁੱਛਿਆ ਕਰ ਪੜਚੋਲ।

ਹਾਲ ਸਤਿਗੁਰੂ ਜੀ ਦਾ, ਆਖਣ ਦੱਸੋ ਖੋਹਲ।

ਭਾਈ ਵਸਾਵਾ ਸਿੰਘ ਸੀ, ਇੱਕ ਗਵਾਲਾ ਜਾਣ।

ਉਹਨੇ ਦੱਸੀ ਵਾਰਤਾ, ਸੱਚੋ ਸੱਚ ਪਛਾਣ।

ਓਸ ਕਿਹਾ ਵੀਹ ਬਰਸ ਤੋਂ, ਕਰਦਾ ਹਾਂ ਇਹ ਕਾਰ।

ਕਾਰੋਬਾਰ ਦੁੱਧ ਦਾ, ਮਰਗੋਈ ਵਿਚਕਾਰ।

ਏਥੇ ਪੂੰਗੀ* ਸਾਧ ਇੱਕ, ਵੱਸਦਾ ਹੈ ਨਜ਼ਦੀਕ।



Sri Satguru Jagjit Singh Ji eLibrary NamdhariElibrary@gmail.com

ਸੌ ਸਾਲ ਦੀ ਆਖਦੇ, ਆਯੂ ਉਹਦੀ ਠੀਕ।

ਉਹਨੇ ਦੱਸਿਆ ਆਪ ਸੀ, ਹੇਠਾਂ ਦਿੱਤਾ ਹਾਲ।

ਅੱਜ ਅਚਾਨਕ ਕਿਤੇ ਉਹ, ਚਲਾ ਗਿਆ ਤਤਕਾਲ।

ਨਾਲ ਤੁਹਾਡੇ ਨਹੀਂ ਤੇ, ਕਰਵਾਉਂਦਾ ਮੈਂ ਬਾਤ।

ਦੱਸਦਾ ਮੂੰਹੋਂ ਆਪਣੇ, ਸਾਰੇ ਖੋਹਲ ਹਾਲਾਤ।

ਕਹਿੰਦਾ ਸੀ ਉਹ ਗੁਰੂ ਜੀ, ਹੈ ਸਨ ਪੁਰਖ ਸੁਜਾਨ।

ਮਸਤਕ ਉੱਤੇ ਨੂਰ ਸੀ, ਉੱਚੀ ਸੁੱਚੀ ਸ਼ਾਨ।

ਦਰਸ਼ਨ ਕਰਕੇ ਦਿਲਾਂ ਨੂੰ, ਆਉਂਦੀ ਸ਼ਾਂਤ ਜ਼ਰੂਰ।

ਚਿਹਰੇ ਤੇ ਸੀ ਚਮਕਦੇ, ਸੂਰਜ ਜੈਸਾ ਨੂਰ।

ਬੁੱਧੀ ਵਿੱਚ ਪ੍ਰਬੁਧ ਸਨ, ਸ਼ਕਤੀ ਵਿੱਚ ਪ੍ਰਬੀਨ।

ਭਗਤੀ ਅੰਦਰ ਪ੍ਰਭੂ ਦੀ, ਰਹਿਣ ਹਮੇਸ਼ਾਂ ਲੀਨ।

ਇੱਕ ਦਿਹਾੜੇ ਚੁੱਪ ਚਾਪ, ਬੰਗਲਾ ਛੱਡ ਅਡੋਲ।

ਗੁਪਤਵਾਸ ਵਿੱਚ ਤੁਰ ਗਏ, ਕੋਈ ਨਾ ਸੱਕਿਆ ਟੋਲ।

ਜਦੋਂ ਵੇਖਿਆ ਪਾਹਰੂਆਂ, ਖਾਲੀ ਇਹ ਅਸਥਾਨ।

ਗਈ ਖਾਨਿਓਂ ਉਹਨਾਂ ਦੀ, ਆਈ ਸਿਕੰਜੇ ਜਾਨ।

ਆਪਾ ਫਿਰ ਬਚਾਉਣ ਲਈ,  ਘੜੀ ਕਹਾਣੀ ਕੂੜ।

ਜੇਲ੍ਹ ਦਿਆਂ ਪ੍ਰਬੰਧਕਾਂ, ਇੰਜ ਉਡਾ ਕੇ ਧੂੜ।

ਓਸ 'ਚ ਟੱਟੂ ਦੱਬ ਕੇ, ਲੀਤੀ ਜਾਨ ਛੁਡਾ।



Sri Satguru Jagjit Singh Ji eLibrary NamdhariElibrary@gmail.com

ਆਖਣ ਰਾਜਾ ਰਾਮ ਸਿੰਘ, ਗਏ ਵਫਾਤ ਪਾ।

---o---

ਹੈ ਸੀ ਡਸਕੇ ਸ਼ਹਿਰ ਦਾ, ਆਲਮ ਸਿੰਘ ਜੁਆਨ।

ਐਸ. ਡੀ. ਓ. ਪੰਜਾਬ ਦਾ, ਦਿੱਤਾ ਓਸ ਬਿਆਨ।

ਸੰਨ ਅਠਾਰਾਂ ਸੌ ਤੇ, ਨੱਬੇ ਦੇ ਵਿਚਕਾਰ।

ਸਤਿਗੁਰ ਜੀ ਦੇ ਮੌਲਮੀਨ, ਕੀਤੇ ਕਹੇ ਦੀਦਾਰ।

ਉਹਨਾਂ ਵੱਡੇ ਬਣਨ ਦਾ, ਵਰ ਬਖਸ਼ਿਆ ਆਪ।

ਅੱਖੀਂ ਸੀ ਮੈਂ ਵੇਖਿਆ, ਉਹਨਾਂ ਦਾ ਪ੍ਰਤਾਪ।

ਉਹਨਾਂ ਸੀ ਸਰਕਾਰ ਨੂੰ, ਚੈਲਿੰਜ ਕੀਤਾ ਬੋਲ।

ਮੇਰੇ ਏਸ ਬਿਆਨ ਦੀ, ਕਰ ਵੇਖੋ ਪੜਚੋਲ।

ਐਪਰ ਚੁੱਪੀ ਸਾਧ ਕੇ, ਬੈਠ ਗਈ ਸਰਕਾਰ।

ਦੇ ਸੱਕੀ ਨਾ ਏਸ ਦਾ, ਕਦੇ ਜਵਾਬ ਸਵਾਰ।

---o---

ਆਇਆ ਜਾਮਾ ਬਾਹਰਵਾਂ, ਸਭਹਨ ਕੇ ਸਿਰਮੌਰ।

ਲਿਖਿਆ ਗੁਰ ਇਤਿਹਾਸ ਮੈਂ, ਪੜ੍ਹਨਾ ਕਰ ਕੇ ਗੌਰ।

ਵੱਡਾ ਉਹਦਾ ਜੱਸ ਹੈ, ਮੈਂ ਬੁੱਧੀ ਅਨਜਾਣ।



Sri Satguru Jagjit Singh Ji eLibrary NamdhariElibrary@gmail.com

ਅੰਬਰੋਂ ਉੱਚੀ ਕੀਤੀ, ਸਰਬ ਗੁਣਾਂ ਦੀ ਖਾਣ।

ਦੇਸ਼ ਕੌਮ ਦੇ ਵਾਸਤੇ, ਸਹੇ ਸਿਰਾਂ ਤੇ ਦੁੱਖ।

ਉਹਨੂੰ ਹੋਈ ਸੁਲਖਣੀ, ਜੰਮਣ ਵਾਲੀ ਕੁੱਖ।

ਕੁੰਦਨ ਕੀਤੀ ਤਨਾਂ ਤੋਂ, ਮਨ ਦੇ ਜਾਲੇ ਲਾਹ।

ਭਟਕੇ ਹੋਏ ਸਮਾਜ ਨੂੰ, ਨਵਾਂ ਵਖਾਇਆ ਰਾਹ।

ਸਾਰੇ ਕੋਹੜ ਕੁਰੀਤੀਆਂ, ਵਾਲੇ ਦਿੱਤੇ ਕੱਟ।

ਭੈੜੇ ਰਸਮ ਰਿਵਾਜ ਦੀ, ਸਿਰੋਂ ਲੁਹਾਈ ਛੱਟ।

ਦਿੱਤੀ ਐਸੀ ਰੋਸ਼ਨੀ, ਮਨ ਹੋਏ ਪ੍ਰਕਾਸ਼।

"ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥"

ਦੱਸੀ ਜਾਚ ਜਿਉਣ ਦੀ, ਅਣਖ ਆਬਰੂ ਨਾਲ।

ਸੱਚਾ ਧਰਮ ਨਿਤਾਰਿਆ, ਕੂੜਾ ਕੂੜ ਖੰਗਾਲ।

ਸਭ ਐਬਾਂ ਦਾ ਟੋਕਰਾ, ਦਿੱਤਾ ਸਿਰੋਂ ਉਤਾਰ।

ਲੋਕ ਰਸਾਤਲ ਗਰਕਦੇ, ਲੀਤੇ ਆਪ ਉਭਾਰ।

ਨਾਦ ਅਜ਼ਾਦੀ ਫੂਕਿਆ, ਕੀਤੀ ਹੋਸ਼ ਦਵਾ।

ਸੁੱਤੀ ਗੈਰਤ ਦਿਲਾਂ 'ਚੋਂ, ਦਿੱਤੀ ਟੁੰਬ ਜਗਾ।

ਜੀਣ ਗ਼ੁਲਾਮੀ ਜਿਹਾ ਨਾ, ਦੱਸਿਆ ਮੰਦਾ ਹੋਰ।

ਲਾ ਅਕਲ ਨੂੰ ਜਿੰਦਰੇ, ਮਨ ਕਰਦਾ ਕਮਜ਼ੋਰ।

ਸੁੱਟੇ ਗੈਰਤ ਮਾਰ ਕੇ, ਰੋਕੇ ਮਨੋ ਵਿਕਾਸ।



Sri Satguru Jagjit Singh Ji eLibrary NamdhariElibrary@gmail.com

ਜ਼ੁਲਮ ਸਹਾਰਨ ਸਿਰਾਂ ਤੇ, ਭੁੱਲਣ ਧਰਤ ਅਕਾਸ਼।

ਦੱਸੀ ਜਾਚ ਜਿਉਣ ਦੀ, ਰੱਖ ਤਲੀ ਤੇ ਸੀਸ।

ਕਲਗੀ ਵਾਲੇ ਪਾਤਸ਼ਾਹ, ਜੋ ਬਖਸ਼ੀ ਬਖਸ਼ੀਸ਼।

ਸਾਮਰਾਜ ਦਾ ਮਹਿਲ ਸੀ, ਵੱਡਾ ਵਾਂਗ ਪਹਾੜ।

ਦਿੱਤੀ ਉਹਦੀ ਨੀਂਹ ’ਚੋਂ, ਉਹਨਾਂ ਇੱਟ ਉਖਾੜ।

ਕੰਬੀਆਂ ਕੰਧਾਂ ਉਹਦੀਆਂ, ਕੰਬਿਆ ਇੰਗਲਿਸਤਾਨ।

ਕੂੜ ਕੁਸੱਤ ਕੰਬਿਆ, ਕੰਬਿਆ ਗਰਬ ਗੁਮਾਨ।

ਬਣ ਮਸੀਹਾ ਓਸ ਨੇ, ਕੱਟੇ ਕਰਮ ਕਲੇਸ਼।

ਐਬੀ ਮੂਰਖ ਘਾਤਕੀ, ਆਣ ਬਣੇ ਦਰਵੇਸ਼।

ਜਿਉਂ ਜਿਉਂ ਲਿਖਦਾ ਬਾਬ, ਮੈਂ ਝੁਕਦਾ ਜਾਵੇ ਸੀਸ।

ਸ਼ਰਧਾ ਸਾਗਰ ਉਮਡਿਆ, ਧੰਨ ਕਹਾਂ ਜਗਦੀਸ਼।

ਧੰਨ ਸਤਿਗੁਰੂ ਰਾਮ ਸਿੰਘ, ਧੰਨ ਤੇਰਾ ਕਿਰਦਾਰ।

ਧੰਨ ਧੰਨ ਤੇਰੇ ਸਿੱਖ ਜੋ, ਤੁਰ ਗਏ ਆਪਾ ਵਾਰ।

ਦੇਸ਼ ਧਰਮ ਤੋਂ ਹੋ ਗਏ, ਹੱਸ ਹੱਸ ਕੇ ਕੁਰਬਾਨ।

ਸਦਾ ਜਿਉਂਦੇ ਰਹਿਣਗੇ, ਸੂਰੇ ਮਰਦ ਮਹਾਨ।

ਕਲਜੁਗ ਦੇ ਵਿੱਚ ਲਾ ਕੇ, ਸਤਜੁਗ ਦੱਸਿਆ ਆਪ।

ਤਾਹੀਓਂ ਤੈਨੂੰ ਆਖਦੇ, ਸਭੀ ਬਾਹਰਵਾਂ ਬਾਪ।



. Sri Satguru Jagjit Singh Ji eLibrary NamdhariElibrary@gmail.com .

## ਪੁਸਤਕਾਂ ਦਾ ਸਾਰ

### ਮਸੀਹਾ

ਚੜ੍ਹੀ ਸੀ ਅਸਮਾਨ ਗੁੱਡੀ ਗੋਰਿਆਂ ਦੇ ਰਾਜ ਦੀ।

ਚਰਚਾ ਸੀ ਹਰ ਜ਼ੁਬਾਨ ਤੇ ਵਿਕਟੋਰੀਆ ਦੇ ਤਾਜ ਦੀ।

ਹਿੰਮਤ ਨਾ ਪੇਚਾ ਪਾਉਣ ਦੀ ਪੈਂਦੀ ਕਿਸੇ ਵੀ ਹੋਰ ਦੀ।

ਮਾਂਝਾ ਸੀ ਲੱਗਾ ਕੱਚ ਦਾ ਬਰਤਾਨੀਆਂ ਦੀ ਡੋਰ ਨੂੰ।

ਉਹ ਦੌਰ ਸੀ ਕਿ ਸ਼ਾਇਰ ਵੀ ਜ਼ਾਲਮ ਦੀ ਮਹਿਮਾ ਗਾ ਗਏ।

ਚੰਦ ਟੁਕੜਿਆਂ ਲਈ ਕਾਲਖਾਂ ਇਤਿਹਾਸ ਮੱਥੇ ਲਾ ਗਏ।

ਦੁਸ਼ਮਣ ਬਣਾਏ ਵੀਰ ਜਾਂ ਗ਼ੈਰਾਂ ਨੇ ਵੀਰਾਂ ਵਾਸਤੇ।

ਵੈਰੀ ਦੀ ਉਂਗਲੀ ਚੜ੍ਹ ਗਏ ਨੱਚਦੇ ਜਗੀਰਾਂ ਵਾਸਤੇ।

ਗ਼ੈਰਾਂ ਦੇ ਹੱਥੀਂ ਦਿੱਤੀਆਂ ਫੜ ਚਾਬੀਆਂ ਜਾਂ ਆਪ ਸੀ।

ਓਸੇ ਸਮੇਂ ਤੋਂ ਕੌਮ ਦੇ ਸਿਰ ਵਰਤਿਆ ਸੰਤਾਪ ਸੀ।

ਇਸ ਬਾਗ ਦੇ ਇੱਕ ਰੁੱਖ ਤੋਂ ਆਰੀ ਨੂੰ ਦਸਤਾ ਪੈ ਗਿਆ।

ਇਸ ਬਾਗ ਦਾ ਫਿਰ ਵੇਂਹਦਿਆਂ ਮਿੰਟਾਂ ’ਚ ਸੱਥਰ ਲਹਿ ਗਿਆ।

ਅਬਲਾ ਹਜ਼ਾਰਾਂ ਰੋਂਦੀਆਂ ਲਹਿੰਦੇ ਰੋਜ਼ਾਨਾ ਚੀਰ ਸਨ।

ਅੰਦਰ ਹਵਾਵਾਂ ਜ਼ਹਿਰ ਸੀ ਨਦੀਆਂ ਦੇ ਗੰਧਲੇ ਨੀਰ ਸਨ।

ਸੀ ਸਬਰ ਦਾ ਸਾਹ ਘੁੱਟਿਆ ਉਸ ਜ਼ਾਬਰਾਂ ਦੇ ਰਾਜ ਨੇ।

ਤੇ ਫੜ ਲਈ ਸੋਨੇ ਚਿੜੀ  ਬਰਤਾਨੀਆਂ ਦੇ ਬਾਜ ਨੇ।

ਹਉਕਾ ਵੀ ਭਰਨਾ ਜ਼ੁਰਮ ਸੀ ਰੋਂਦਾ ਵਰਾਉਣਾ ਜ਼ੁਰਮ ਸੀ।

ਫਰਿਆਦ ਕਰਨਾ ਜ਼ੁਰਮ ਸੀ ਉਂਗਲ ਉਠਾਉਣਾ ਜ਼ੁਰਮ ਸੀ।

ਹੱਥੀਂ ਲਗਾ ਕੇ ਰੁੱਖ ਛਾਵੇਂ ਆਪ ਬਹਿਣਾ ਜ਼ੁਰਮ ਸੀ।

ਦੇਸ਼ ਸਾਡੇ ਨੂੰ ਅਸਾਡਾ ਦੇਸ਼ ਕਹਿਣਾ ਜ਼ੁਰਮ ਸੀ।

ਕਿਰਤੀਆਂ ਦੇ ਜੀਣ ਦਾ ਬਿਲਕੁਲ ਰਿਹਾ ਨਾ ਹੱਜ ਸੀ।

ਏਥੇ ਗਦਾਰਾਂ ਦਾ ਰਿਹਾ ਡੰਕਾ ਚੁਫੇਰੇ ਵੱਜ ਸੀ।

ਪੈਂਦੀਆਂ ਸਨ ਸਹਿਣੀਆਂ ਕਿਰਸਾਨ ਤਾਈਂ ਘੁਰਦੀਆਂ।

ਤੇ ਮਾਮਲੇ ਦੇ ਵਾਸਤੇ ਨਿੱਤ ਹੁੰਦੀਆਂ ਸਨ ਕੁਰਕੀਆਂ।

ਅਗਿਆਨ ਦਾ ਪ੍ਰਸਾਰ ਸੀ ਸੋਚਾਂ  ਜਿੰਦੇ ਲਾ ਰਿਹਾ।

ਸੀ ਚਾਨਣੇ ਨੂੰ ਛੱਡ ਹਰ ਕੋਈ ਨ੍ਹੇਰਿਆਂ ਵੱਲ ਜਾ ਰਿਹਾ।

ਰੀਤੀ ਰਵਾਜਾਂ ਭੈੜਿਆਂ ਨੂੰ, ਲੋਕਾਂ ਐਸਾ ਪਕੜਿਆ।

ਸਮਾਜ ਦਾ ਹਰ ਅੰਗ ਸੀ, ਇਸ ਗੰਠੀਏ ਨੇ ਜਕੜਿਆ।

ਜੰਮਦੀਆਂ ਧੀਆਂ ਨੂੰ ਮਾਰਨ, ਗੱਲ ਹੋਈ ਆਮ ਸੀ।

ਬਦਨਾਮੀਆਂ ਦਾ ਖ਼ੌਫ਼ ਕਾਹਦਾ, ਹਰ ਕੋਈ ਬਦਨਾਮ ਸੀ।

ਮੜ੍ਹੀਆਂ ਮਸਾਣਾਂ ਪੂਜਦੀ, ਫਿਰਦੀ ਲੋਕਾਈ ਭਟਕਦੀ।

ਸਰਵਰ ਸਖੀ ਧਰੋਂਕਲੇ, ਜਾ ਬੱਕਰੇ ਸੀ ਝਟਕਦੀ।

ਜਿਸ ਖਾਲਸੇ ਦੇ ਰਾਜ ਅੰਦਰ, ਚਿੜੀ ਨਹੀਂ ਸੀ ਫਟਕਦੀ।

ਉਸ ਖਾਲਸੇ ਦੀ ਧੌਣ ਤੇ, ਤਲਵਾਰ ਵੇਖੀ ਲਟਕਦੀ।

ਇਸ ਦੌਰ ਅੰਦਰ ਖਾਲਸਾ ਸੀ ਰਹਿਤ ਸਾਰੀ ਭੁੱਲ ਗਿਆ।

ਵੇਖ ਚਮਕਾਂ ਝੂਠੀਆਂ ਮੁਲੰਮਿਆਂ ਸੰਗ ਤੁੱਲ ਗਿਆ।

ਵਿਕ ਗਏ ਰਾਜੇ ਵੀ ਰਾਜਦਾਰੀਆਂ ਦੇ ਵਾਸਤੇ।

ਵਿਕ ਗਏ ਸਰਦਾਰ ਸਨ ਸਰਦਾਰੀਆਂ ਦੇ ਵਾਸਤੇ।

ਹਿੰਦੀਆਂ ਦੇ ਜਿਹਨ ਤੇ ਜਿੱਲਤ ਦਾ ਚਿੱਕੜ ਚੜ੍ਹ ਗਿਆ।

ਲਾਇਆ ਸੀ ਜੋ ਦਸਮੇਸ਼ ਨੇ ਗੈਰਤ ਦਾ ਬੂਟਾ ਸੜ ਗਿਆ।

ਸਿਤਮਗਰ ਦੇ ਨਾਲ ਰਲ ਹੋ ਗਏ ਮਦਾਰੀ ਸਿਮਤਗਰ।

ਲੋਕੀਂ ਤਮਾਸ਼ਾ ਹੋ ਗਏ ਇਹ ਖੇਡ ਹੋਈ ਹਰ ਨਗਰ।

ਭੇਜ ਦੇ ਛੇਤੀ ਮਸੀਹਾ ਆ ਰਹੀ ਆਵਾਜ਼ ਸੀ।

ਮਖਲੂਕ ਦੇ ਹਰ ਮੁੱਖ ਵਿੱਚੋਂ ਨਿਕਲਦੀ ਆਵਾਜ਼ ਸੀ।

ਇੱਕ ਭਾਨ ਸੀ ਫਿਰ ਚਮਕਿਆ ਗੂਹੜੇ ਹਨੇਰੇ ਚੀਰਦਾ।

ਰਾਖਾ ਉਹ ਆਪ ਬਣ ਗਿਆ ਅਬਲਾ ਦੇ ਲਹਿੰਦੇ ਚੀਰ ਦਾ।

ਪਲਟਿਆ ਵਰਕਾ ਜਾਂ ਉਹਨੇ ਦੇਸ਼ ਦੀ ਤਕਦੀਰ ਦਾ।

ਫਿਰ ਹਿੰਦ ਦੇ ਜ਼ਖਮਾਂ ਤੇ ਕੀਤਾ ਕੰਮ ਉਸ ਅਕਸੀਰ ਦਾ।

ਗੈਰਤ ਦੀ ਫੂਕ ਮਾਰ ਕੇ ਉਸ ਨਾਦ ਐਸਾ ਫੂਕਿਆ।

ਹਰ ਰੂਹ 'ਚੋਂ ਜਾਗੀ ਬੀਰਤਾ ਹਰ ਦਿਲ ਅਜ਼ਾਦੀ ਕੂਕਿਆ।

ਅੰਗ੍ਰੇਜ਼ ਦੇ ਉਸ ਰਾਜ ਵਿੱਚ ਸਵਰਾਜ ਪੈਦਾ ਕਰ ਲਿਆ।

ਉੱਠ ਕੇ ਲੋਕਾਈ ਆ ਰਲੀ ਮੁਹਾਜ ਪੈਦਾ ਕਰ ਲਿਆ।

ਸਿੰਧੂ ਗ਼ੁਲਾਮੀ ਤਰਨ ਲਈ ਜਹਾਜ਼ ਪੈਦਾ ਕਰ ਲਿਆ।

ਕੜੀਆਂ ਨੂੰ ਤੋੜਨ ਵਾਸਤੇ ਹਰ ਸਾਜ  ਪੈਦਾ ਕਰ ਲਿਆ।

ਕੀਤਾ ਵਿਦੇਸ਼ੀ ਵਸਤ ਦਾ ਸੰਪੂਰਨ ਬਾਈਕਾਟ ਸੀ।

ਔਹ ਏਸ ਦੇ ਕਾਸਸਦ ਲਈ ਕੁੱਕੜ ਉਡਾਰੀ ਵਾਟ ਸੀ।

ਝੂਣਿਆ ਬਰਤਨੀਆਂ ਦਾ ਤਖਤ ਉਹਦੇ ਤੇਜ ਨੇ।

ਡਸਿਪਲਨ ਜਾਂ ਕੂਕਿਆਂ ਦਾ ਵੇਖਿਆ ਅੰਗ੍ਰੇਜ਼ ਨੇ।

ਬੀੜੀਆਂ ਤੋਪਾਂ ਤੇ ਜਿੱਥੇ ਫਾਂਸੀਆਂ ਸਨ ਟੰਗੀਆਂ।

ਸੂਰਿਆਂ ਦੀਆਂ ਪਲਟਨਾ ਹੱਸ ਓਸ ਰਾਹੋਂ ਲੰਘੀਆਂ।

ਜੋ ਬਗਾਵਤ ਦੀ ਚਿੰਗਾਰੀ ਉੱਠੀ ਭੈਣੀ ਸਾਹਿਬ ’ਚੋਂ।

ਸੁੱਤੇ ਹੋਏ ਭਾਰਤ ਵਰਸ਼ ਨੂੰ ਉਸ ਨੇ ਜਗਾਇਆ ਖਾਬ ’ਚੋਂ।

ਨੇਤਾ ਸੁਭਾਸ਼ ਤੇ ਸਰਾਭੇ ਭਗਤ ਸਿੰਘ ਸਰਦਾਰ ਨੇ।

ਓਸ ਦੇ ਰਸਤੇ ਨੂੰ ਫੜਿਆ ਗਾਂਧੀ ਅਤੇ ਜਵਾਹਰ ਨੇ।

ਭਾਂਬੜ ਬਣ ਕੇ ਭੜਕ ਪਈ ਉਹ ਦੇਸ਼ ਦੀ ਹਰ ਨੁੱਕਰੇ।

ਬਰਤਾਨੀਆਂ ਦੀ ਅੱਖ ਵਿੱਚ ਰੜਕੀ ਉਹ ਹੋ ਕੇ ਕੁੱਕਰੇ।

ਗ਼ੁਲਾਮੀਆਂ ਦੇ ਲਾਟ ਉਹ ਗੂਹੜੇ ਹਨੇਰੇ ਚੀਰ ਗਈ।

ਕੂਕ ਉਹਦੀ ਦੇਸ਼ ਵਾਲੀ ਪਲਟ ਕੇ ਤਕਦੀਰ ਗਈ।



Sri Satguru Jagjit Singh Ji eLibrary NamdhariElibrary@gmail.com

ਆਪਣੇ ਲਈ ਵਕਤ ਨੇ ਰਾਹਬਰ ਹਮੇਸ਼ਾਂ ਥਾਪਿਆ।

ਪਰ ਵੱਧ ਤੈਥੋਂ ਸਤਿਗੁਰੂ ਮੈਨੂੰ ਨਾ ਕੋਈ ਜਾਪਿਆ।

ਵਕਤ ਦੇ ਹਰ ਮੋੜ ਤੇ ਤੈਨੂੰ ਮਸੀਹਾ ਕਹਿਣਗੇ।

ਤੇਰੇ ਅਹਿਸਾਨ 'ਬਾਜਵਾ' ਸਿਰ ਤੇ ਹਮੇਸ਼ਾਂ ਰਹਿਣਗੇ।



. Sri Satguru Jagjit Singh Ji eLibrary NamdhariElibrary@gmail.com .

## ਧੰਨਵਾਦ

ਚੀਨੀ ਵਾਲੇ ਪਾਤਸ਼ਾਹ, ਜਿਸ ਦਾ ਵੱਡ ਪ੍ਰਤਾਪ।

ਕ੍ਰਿਪਾ ਕੀਤੀ ਦਾਸ ਤੇ, ਉੱਤਰੇ ਸਭ ਸੰਤਾਪ।

ਸਤਿਗੁਰ ਉਦੇ ਸਿੰਘ ਜੀ, ਆਪ ਗ੍ਰੀਬ ਨਿਵਾਜ।

ਕਰਕੇ ਬਖਸ਼ਸ਼ ਆਪ ਜਿਸ, ਕਰਵਾਇਆ ਇਹ ਕਾਜ।

ਜਿਨ੍ਹਾਂ ਕਿਰਪਾ ਮਿਹਰ ਕਰ, ਸਿਰ ਤੇ ਛਟੀ ਟਿਕਾ।

ਗੁੰਗੇ ਕੋਲੋਂ ਸਮਝਿਓ, ਗੀਤਾ ਲਈ ਪੜ੍ਹਾ।

ਮੇਰੀ ਕਲਮ ਛੁਟੇਰੜੀ, ਉਹਦਾ ਵੱਡਾ ਜੱਸ।

ਇਹਦੀ ਰਹਿਮਤ ਦੇ ਬਿਨਾ, ਮੇਰੇ ਨਹੀਂ ਸੀ ਵੱਸ।

ਇੱਕ ਮਈ ਦਾ ਦਿਵਸ ਸੀ, ਪੰਦਰਾਂ ਦੋ ਹਜ਼ਾਰ।

ਜਦ ਮੈਂ ਕਾਜ ਆਰੰਭਿਆ, ਸੰਨ ਈਸਾ ਅਨੁਸਾਰ।

ਦਿਨ ਸੀ ਸ਼ੁੱਕਰਵਾਰ ਦਾ, ਜਾਂ ਅਰਦਾਸਾ ਸੋਧ।

ਕਾਵਿ ਬਹਿਰ ਵਿੱਚ ਠਿੱਲ੍ਹਿਆ, ਮੈਂ ਅਨਜਾਣ ਅਬੋਧ।

ਲਹਿਰਾਂ ਘੁੰਮਣ ਘੇਰੀਆਂ, ਜਿਸ ਦੇ ਵਿੱਚ ਹਜ਼ਾਰ।

ਮੇਰੀ ਕੀ ਔਕਾਤ ਸੀ ਹੋ, ਜਾਂਦਾ ਮੈਂ ਪਾਰ।

ਇਹ ਸਤਿਗੁਰ ਦੀ ਮਿਹਰ ਹੈ, ਜਾਂ ਸੱਜਣਾ ਦਾ ਹੱਥ।

ਹੱਲਾਸ਼ੇਰੀਆਂ ਦੇ ਕੇ, ਕੀਤਾ ਜਿਨ ਸਮਰਥ।

ਭੁੱਲਾਂ ਹੋਣ ਅਨੇਕ ਹੀ, ਸਤਿਗੁਰ ਬਖਸ਼ਣਹਾਰ।

ਹੈ ਸਤਿਗੁਰ ਦੀ  ਕੀਰਤੀ, ਜਾਣੋ ਅਪਰੰਪਾਰ।

ਕਲਮ ਕਰੋ ਕੁੱਲ ਬਨਸਪਤ, ਸੱਤ ਸਾਗਰ ਦੀ ਮੱਸ।

ਤਾਂ ਵੀ ਲਿਖਿਆ ਜਾਏ ਨਾ, ਵੱਡਾ ਉਹਦਾ ਜੱਸ।

ਮੋਤੀ ਗੁਰ ਇਤਿਹਾਸ ਦੇ, ਟੋਲੇ ਕਰ ਪੜਚੋਲ।

ਮੈਂ ਇਹ ਹਾਰ ਸਵਾਰਿਆ, ਬਿਨ ਮਿਨਤੀ ਬਿਨ ਤੋਲ।

ਕਵਿਤਾ ਵਾਲੀ ਸਾਰ ਕੀ, ਮੈਂ ਲੇਖਕ ਅਨਜਾਣ।

ਟੁੱਟੇ ਭੱਜੇ ਲਫ਼ਜ਼ ਇਹ, ਕਰ ਲੈਣੇ ਪ੍ਰਵਾਣ।

ਪਰ ਸਤਿਗੁਰ ਦੀ ਕੀਰਤੀ, ਇਸ ਅੰਦਰ ਅਨਮੋਲ।

ਰਸ ਅਗੰਮੀ ਆਏਗਾ, ਵੇਖੋ ਜਦੋਂ ਫਰੋਲ।

ਜਸਵਿੰਦਰ (ਸਿੰਘ) ਹਿਸਟੋਰੀਅਨ, ਦੇ ਚੰਗਾ ਉਤਸ਼ਾਹ।

ਕਾਰਜ ਲਾਇਆ ਪੰਥ ਦੇ, ਨਾਲ ਸੁਝਾਇਆ ਰਾਹ।

ਵਿਰਕ ਸਵਰਨ ਸਿੰਘ ਜੀ, ਚੱਪੂ ਦਏ ਸਵਾਰ।

ਏਸੇ ਕਰਕੇ ਕਰ ਗਿਆ, ਲਹਿਰਾਂ ਛੱਲਾਂ ਪਾਰ।

ਸੰਤ ਨਿਸ਼ਾਨ ਸਿੰਘ ਜੀ, ਦੇ ਦਿਸ਼ਾ ਨਿਰਦੇਸ਼।

ਰਾਹ ਨੁਮਾਈ ਦਾਸ ਦੀ, ਕਰਦੇ ਰਹੇ ਹਮੇਸ਼।

ਨਾਮਧਾਰੀ ਸਾਹਿਤ ਸਭਾ, ਦਾ ਦੇਵਾਂ ਕੀ ਦੇਣ।

ਰੱਖ ਦਿੱਤਾ ਲਿਸ਼ਕਾ ਕੇ, ਮੈਂ ਇੱਕ ਕਿਣਕਾ ਰੇਣ।



Sri Satguru Jagjit Singh Ji eLibrary NamdhariElibrary@gmail.com

ਮਾਸਟਰ ਅਮਰੀਕ ਸਿੰਘ, ਜੀ ਮੇਰੇ ਉਸਤਾਦ।

ਸਦਾ ਮਨੋਬਲ ਬਖਸ਼ਦੇ, ਦੇ ਅਸ਼ੀਰਵਾਦ।

ਸੇਵਕ ਸੱਚੇ ਸਾਹ ਕੇ, ਤਾਰਾ ਸਿੰਘ ਅਨਜਾਣ।

ਵਕਤ ਵਕਤ ਸਿਰ ਫੋਨ ਤੇ, ਦੱਸੀ ਊਚ ਨਿਵਾਣ।

ਗਿਣਤੀ ਤੋਂ ਨੇ ਬਾਹਰੇ, ਮਿੱਤਰ ਸੱਜਣ ਹੋਰ।

ਜਿਨ੍ਹਾਂ ਦੇ ਉਤਸ਼ਾਹ ਨੇ, ਤਿੱਖੀ ਕੀਤੀ ਤੋਰ।

ਕਰਦਾ ਹਾਂ  ਮੈਂ ਸਭਸ ਦਾ, ਤਹਿਦਿਲੋਂ ਧੰਨਵਾਦ।

ਰਹੇ ਤੁਹਾਡੀ ਇੰਜ ਹੀ, ਦੁਨੀਆਂ ਸ਼ਾਦ ਅਬਾਦ।

ਅੱਜ ਪੰਦਰਾਂ ਜਨਵਰੀ, ਉਹੋ ਸ਼ੁੱਕਰਵਾਰ।

ਸੋਲ੍ਹਾਂ ਦੋ ਹਜ਼ਾਰ ਨੂੰ, ਹੋਇਆ ਭਵਜਲ ਪਾਰ।

ਜੋ ਪੜ੍ਹੇਗਾ ਏਸ ਨੂੰ, ਇੱਕ ਮਨ ਹੋ ਇੱਕ ਚੀਤ।

ਹੋਵੇ ਸੁਖੀ ਸੁਹੇਲੜਾ, ਕਰ ਵੇਖੋ ਪ੍ਰਤੀਤ।

ਚੱਲੇਗਾ ਜੋ ਓਸ ਦੇ, ਬਚਨਾਂ ਦੇ ਅਨੁਸਾਰ।

ਜੀਵਨ ਅੰਦਰ ‘ਬਾਜਵਾ’, ਕਦੇ ਨਾ ਆਵੇ ਹਾਰ।



. Sri Satguru Jagjit Singh Ji eLibrary NamdhariElibrary@gmail.com .

## ਸਹਾਇਕ ਪੁਸਤਕਾਂ-

'ਸਤਿਗੁਰੂ ਬਿਲਾਸ' ਸੰਤੋਖ ਸਿੰਘ ਬਾਹੋਵਾਲ,
'ਜੁੱਗ ਪਲਟਾਊ ਸਤਿਗੁਰੂ' ਹੈ ਜੋ ਆਲਮ* ਸਵਾਰਿਆ।
ਨਾਹਰ ਸਿੰਘ ਲਿਖਿਆ ਜੋ 'ਨਾਮਧਾਰੀ ਇਤਿਹਾਸ',
'ਪੰਥ ਪ੍ਰਕਾਸ਼' ਕਾਹਲਾ ਸਿੰਘ ਦਾ ਵੀਚਾਰਿਆ।
ਤਾਰਾ ਸਿੰਘ ਅਨਜਾਣ ਲਿਖਿਆ ਜੋ ਖੋਜ ਕਰ,
'ਸਭਹਨ ਕੇ ਸਿਰਮੌਰ' ਹੈ ਉਚਾਰਿਆ।
'ਸੰਤ ਖਾਲਸਾ' ਹਰਨਾਮ ਸਿੰਘ ਬਗਲੀ ਦਾ,
ਸ਼ਰਧਾ ਸਚਾਈ ਵਾਲਾ ਮਹਿਲ ਹੈ ਉਸਾਰਿਆ।
ਕਰਾਂ ਕੀ ਸਿਫਤ ਇੰਦਰ ਸਿੰਘ ਚਕਰਵਰਤੀ ਦੀ,
ਜੱਸ 'ਮਾਲਵਿੰਦਰ' ਦਾ ਕਥਨੇ ਤੋਂ ਬਾਹਰ ਆ।
ਨੇਤਰ ਜੋਤੀ ਤੋਂ ਬਿਨਾ ਕਾਰਜ ਮਹਾਨ ਕੀਤਾ,
ਕਸੇਲ ਕ੍ਰਿਪਾਲ ਸਿੰਘ ਤਾਈਂ ਨਿਮਸਕਾਰ ਆ।
ਕੀਮਤੀ ਗ੍ਰੰਥ ਅਤੇ ਵੱਡੇ ਬਹੁ ਅਕਾਰ ਵਿੱਚ,
'ਤਵਾਰੀਖ ਸੰਤ ਖਾਲਸਾ' ਹੈ ਪ੍ਰਸਾਰਿਆ।
'ਕਿਲਿਆ (ਦੇ) ਵਿੱਚ ਕੈਦ ਦੇਸ਼ (ਦੇ) ਭਗਤ ਕੂਕੇ',
ਸਿੰਘ ਜਸਵਿੰਦਰ ਨੇ ਮਾਅਰਕਾ ਹੈ ਮਾਰਿਆ।



Sri Satguru Jagjit Singh Ji eLibrary NamdhariElibrary@gmail.com

‘ਸਤਿਜੁਗ’ ਅਤੇ ‘ਵਰਿਆਮ’ ਦਿਆਂ ਅੰਕਾਂ ’ਚੋਂ,
ਲੈ ਲੈ ਕੇ ਰੰਗ ਇਹਦਾ ਹੁਲੀਆ ਸਵਾਰਿਆ।
ਪਾਵਨ ਪਵਿਤ ਗੁਰਬਾਣੀ ਦੇ ਅਮੋਲ ਹੀਰੇ,
ਨਗਾਂ ਵਾਂਗ ਜੜ ਕੇ ਮੈਂ ਏਸ ਨੂੰ ਸ਼ਿੰਗਾਰਿਆ।
ਗਿਆਨੀ ਗਿਆਨ ਸਿੰਘ ਜੀ ਦੇ ਪੜ੍ਹੇ ਮੈਂ ਕਬਿੱਤ ਸੋਹਣੇ,
ਜਿਨ੍ਹਾਂ ਵਿੱਚ ਸਾਰੇ ਇਤਿਹਾਸ ਵਾਲਾ ਸਾਰ ਆ।
ਸੰਤ ਹਰਪਾਲ ਸਿੰਘ ਜੀ ਦੇ ਪੈਂਫਲਿਟ,
ਲਿਖੇ ਸੰਖੇਪ ਪੜ੍ਹ ਕੀਤਾ ਵਿਸਥਾਰ ਆ।
‘ਬਾਜਵਾ’ ਅਧਾਰ ਕਰ ਕਾਜ ਜੋ ਕਿਤਾਬਾਂ ਕੀਤਾ,
ਹੋਇਆ ਉਹਨਾਂ ਲੇਖਕਾਂ ਦਾ ਸ਼ੁਕਰਗੁਜ਼ਾਰ ਆ।
* ਸੰਤ ਨਿਧਾਨ ਸਿੰਘ ਆਲਮ

---o---



. Sri Satguru Jagjit Singh Ji eLibrary NamdhariElibrary@gmail.com .

. Sri Satguru Jagjit Singh Ji eLibrary NamdhariElibrary@gmail.com .